

ਹਿਊ ਜੇ. ਐਮ.
ਜੋਨਸਟਨ

# ਕਾਮਾਗਾਟਾ-ਮਾਰੂ ਦੀ ਇਤਿਹਾਸਕ ਯਾਤਰਾ

## ਕੈਨੇਡਾ ਦੇ ਨਸਲੀ ਵਿਤਕਰੇ ਦੇ ਵਿਰੁੱਧ ਅਤੇ ਅਜ਼ਾਦੀ ਲਈ



# ਕਾਮਾਗਾਟਾ-ਮਾਰੂ ਦੀ ਇਤਿਹਾਸਕ ਯਾਤਰਾ

ਕੇਨੈਡਾ ਦੇ ਨਸਲੀ ਵਿਤਕਰੇ ਦੇ ਵਿਰੁੱਧ ਅਤੇ ਅਜ਼ਾਦੀ ਲਈ

2

# ਕਾਮਾਗਾਟਾ-ਮਾਰੂ ਦੀ ਇਤਿਹਾਸਕ ਯਾਤਰਾ

ਕੇਨੈਡਾ ਦੇ ਨਸਲੀ ਵਿਤਕਰੇ ਦੇ ਵਿਰੁੱਧ ਅਤੇ ਅਜ਼ਾਦੀ ਲਈ


ਲੇਖਕ

**ਹਿਊ. ਜੇ. ਐਮ. ਜੌਨਸਟਨ**

ਸੰਪਾਦਕ

**ਪ੍ਰੋ. ਜਗਮੋਹਨ ਸਿੰਘ**

**ਨਰਭਿੰਦਰ**

ਅਨੁਵਾਦਕ

**ਪ੍ਰੋ. ਅਜੈਬ ਸਿੰਘ ਟਿਵਾਣਾ**

**ਹਰਚਰਨ ਸਿੰਘ ਚਹਿਲ**

# *Kamagata Maru di Ithasik Yatra*

***Caneda de Nasly Vitkare Visudh Ate Azadi Lai***


***by***

**Hugh J M Johnston ©**

***Edited by***

Prof Jagmohan Singh & Narbhinder
2409 krishna Nagar
Ludhiana 141001
M: 9814001836, 93544-30211
jagmohan08@gmail.com

***Translated by***

Harcharan Singh Chahal & Ajaib Singh Tiwana



**ISBN : 978-93-82413-01-1**

**Rs. 300/-, $15 (PB)**
**Rs. 400/- ,$20 (HB)**
**Edition : 2016**

***Published by***

1-2 Desh Bhagat
Yadgar Building, Jalandhar
98140-87063

Pro-People Arts Project Media Group
**SAROKARAN DI AWAZ**
**29 MAPLE VIEW AVE, BRAMPTON,**
**L6R 1M2 ONTARIO, CANADA**
**416-902-9372, 416-817-7142, 403-455-4220**
**E-mail: ppapmg@gmail.com**
**www.ppapmg.com**

**SHAHID BHAGAT SINGH**
**CENTENARY FOUNDATION**
**H.Q.: Khatkar Kalan**
**(Shahid Bhagat Singh Nagar)**
**Camp Office : Bibi Amar Kaur Labrary.**
**2409 Krishna Nagar, Ludhiana**
**Email : afdr14081@gmail.com, 9814001836**

**Contact for books**

**Shaheed Bhagat Singh Book Centre**

Punjabi Bhawan, Ludhiana-141001

Ph : 97819-43772, 94176-42785



*All Rights are reserved. No part of this publication may be reproduced, stored in a retrieval system or transmitted in any form or by any means-mechanical, photocopying, recording or otherwise without prior written permission of the author and the publisher.*

## ਸਮਰਪਿਤ

ਕਰਤਾਰ ਸਿੰਘ ਮੇਹਲੀ (1844-1977) ਦੀ
ਯਾਦ ਨੂੰ,
ਕਾਮਾਗਾਟਾ ਮਾਰੂ ਦਾ ਇਕ ਮੁਸਾਫਰ
ਜਿਸ ਦਾ ਪਰਵਾਰ ਪਹਿਲੀ ਕੋਸ਼ਿਸ਼ ਦੇ 60 ਸਾਲ ਬਾਅਦ
ਕਨੈਡਾ ਦੀ ਧਰਤੀ ਤੇ
ਉਤਰੀਆ

*-ਹਿਊ. ਜੇ. ਐਮ. ਜੌਨਸਟਨ*

# ਤਤਕਰਾ


| | |
|---|---|
| **ਕੁਝ ਸੰਪਾਦਕੀ ਸ਼ਬਦ** | 7 |
| **ਭੂਮਿਕਾ** | 12 |
| **ਜਾਣ-ਪਹਿਚਾਨ** | 15 |
| **ਅਧਿਆਏ: 1** | |
| ਬੇਦਖਲੀ: ਇੱਕ ਲੁਕਵੀਂ ਨੀਤੀ | 24 |
| **ਅਧਿਆਏ: 2** | |
| ਸਿੱਖਿਆ: ਇੱਕ ਸਿਆਸੀ ਚੇਤਨਤਾ | 38 |
| **ਅਧਿਆਏ: 3** | |
| ਹੱਲਾਂਸ਼ੇਰੀ : ਕਾਨੂੰਨ ਨਾਲ ਕਾਮਯਾਬ ਦਸਤ-ਪੰਜਾ | 61 |
| **ਅਧਿਆਏ: 4** | |
| ਰਵਾਨਗੀ: ਹਾਂਗਕਾਂਗ ਤੋਂ ਇਕ ਪੰਜਾਬੀ ਇਮੀਗਰੇਂਟ ਜਹਾਜ਼ | 83 |
| **ਅਧਿਆਏ: 5** | |
| ਪਹੁੰਚਣਾ: ਕਨੇਡਾ ਦੇ ਮੁੱਖ ਦੁਆਰ 'ਤੇ ਰੋਕੇ ਜਾਣਾ | 105 |
| **ਅਧਿਆਏ: 6** | |
| ਦੇਰੀ: ਅਧਿਕਾਰੀਆਂ ਦੀ ਢੁੱਚਰਬਾਜ਼ੀ | 125 |
| **ਅਧਿਆਏ: 7** | |
| ਅਪੀਲ ਵਾਲੀ ਅਦਾਲਤ: ਕਨੇਡਾ ਦੀ ਨੀਤੀ ਦਰੁੱਸਤ ਕਰਾਰ | 142 |
| **ਅਧਿਆਏ: 8** | |
| ਬਲ ਪ੍ਰਯੋਗ : ਪੁਲਿਸ ਨੂੰ ਭਾਜੜਾਂ | 160 |
| **ਅਧਿਆਏ: 9** | |
| ਭੈ ਭੀਤ ਕਰਨਾ: ਜਲ ਸੈਨਾ ਦੇ ਇੱਕ ਗਸ਼ਤੀ ਜਹਾਜ਼ ਦਾ ਸਾਹਮਣਾ | 186 |
| **ਅਧਿਆਏ: 10** | |
| ਵਾਪਸੀ: ਇੱਕ ਦੁਖਾਂਤਿਕ ਘਰ ਵਾਪਸੀ | 210 |
| **ਅਧਿਆਏ: 11** | |
| ਗਿਰਫ਼ਤਾਰੀਆਂ ਅਤੇ ਨਜ਼ਰਬੰਦੀ : ਬਜ ਬਜ ਗੋਲੀ ਬਾਰੀ ਤੋਂ ਪਿਛੋਂ | 234 |
| **ਅਧਿਆਏ: 12** | |
| ਆਤਮ ਸਮਰਪਣ: ਭਾਰਤ ਵਿੱਚ ਕੌਮੀ ਧਿਆਨ ਖਿੱਚਣਾ | 255 |
| **ਅਧਿਆਏ: 13** | |
| ਹੱਤਿਆ: ਇੱਕ ਅੰਤ — ਇੱਕ ਸ਼ੁਰੂਆਤ | 273 |
| **ਅਧਿਆਏ: 14** | |
| ਕਾਮਾਗਾਟਾ ਮਾਰੂ ਤੋਂ ਪਿਛੋਂ ਦੀ ਕਹਾਣੀ | 299 |

# ਕੁਝ ਸੰਪਾਦਕੀ ਸ਼ਬਦ

ਕਾਮਾਗਾਟਾਮਾਰੂ ਕਾਂਡ ਭਾਰਤ ਦੀ ਆਜ਼ਾਦੀ ਦੀ ਲੜਾਈ ਦਾ ਇੱਕ ਬਹੁਤ ਮਹੱਤਵਪੂਰਣ ਪੰਨਾ ਹੈ। ਜਿਥੇ ਇਕ ਪਾਸੇ ਇਸ ਨੇ 1858 ਦੇ ਮਲਕਾ ਵਿਕਟੋਰੀਆ ਦੇ ਇਸ ਐਲਾਨ ਕਿ, 'ਭਾਰਤੀ ਬਰਤਾਨਵੀ ਸਲਤਨਤ ਦੇ ਬਰਾਬਰ ਹੱਕਾਂ ਵਾਲੇ ਨਾਗਰਿਕ ਹਨ, ਨੂੰ ਬੇ-ਪਰਦ ਕੀਤਾ ਅਤੇ ਦੂਜੇ ਪਾਸੇ ਕਨੇਡਾ ਦੀ ਗੋਰੀ ਹਕੂਮਤ ਵਲੋਂ ਨਸਲਵਾਦੀ (ਰੰਗਭੇਦ) ਵਿਤਕਰੇ ਦੀ ਨੀਤੀ ਨੂੰ ਦੁਨੀਆਂ ਸਾਹਮਣੇ ਨੰਗਾ ਕੀਤਾ। ਇਹ ਸੰਘਰਸ਼ ਜੀਉਣ ਤੋਂ ਰੋਜ਼ਗਾਰ ਦੇ ਹੱਕ ਦਾ ਹੀ ਨਹੀਂ ਸਗੋਂ ਹਰ ਕਿਸਮ ਦੇ ਨਸਲੀ, ਵਿਤਕਰੇ, ਬਸਤੀਵਾਦੀ ਦਾਬੇ ਅਤੇ ਗੁਲਾਮੀ ਵਿਰੁੱਧ ਇੱਕ ਵਿਦਰੋਹ ਦਾ ਪ੍ਰਤੀਕ ਬਣਿਆ। ਇਸ ਤਜਰਬੇ ਨੇ ਭਾਰਤ ਦੀ ਆਜ਼ਾਦੀ ਦੀ ਲੜਾਈ ਨੂੰ ਇਕ ਨਵੀਂ ਦਿਸ਼ਾ ਤੇ ਮੁਕਾਮ ਦਿਤਾ। ਗਦਰ ਪਾਰਟੀ ਦੇ ਸੰਕਲਪ ਨੂੰ ਪਰੋੜ੍ਹਤਾ ਮਿਲੀ ਕਿ, ਬ੍ਰਿਟਿਸ਼ ਸਾਮਰਾਜੀ ਪ੍ਰਬੰਧ ਦੇ ਖਾਤਮੇ ਨਾਲ ਹੀ ਗੁਲਾਮੀ ਤੋਂ ਮੁਕਤੀ ਮਿਲ ਸਕਦੀ ਹੈ ਅਤੇ ਬਰਾਬਰੀ ਤੇ ਭਾਈਚਾਰੇ ਵਾਲਾ ਸਮਾਜ ਸਿਰਜਿਆ ਜਾ ਸਕਦਾ ਹੈ। ਇਸ ਲਈ ਸਿਰਲੱਥ ਕਾਫਲਿਆਂ ਦੇ ਕਈ ਨਵੇਂ ਪੂਰ ਤਿਆਰ ਹੋ ਗਏ। ਤੇ ਸਾਰੀ ਕਮਾਈ ਗਦਰ ਪਾਰਟੀ ਨੂੰ ਸੌਂਪ ਕੇ ਦੇਸ਼ ਨੂੰ ਆਜ਼ਾਦ ਕਰਾਉਣ ਦਾ ਹੋਕਾ ਦਿੰਦੇ ਦੇਸ਼ ਪਰਤੇ ਅਤੇ ਦੇਸ਼ ਵਿਚੋਂ ਅੰਗਰੇਜ਼ ਰਾਜ ਦਾ ਖਾਤਮਾ ਕਰਨ ਲਈ ਸਿਰਧੱੜ ਦੀ ਬਾਜ਼ੀ ਲਗਾ ਦਿਤੀ।

ਕਾਮਾਗਾਟਾਮਾਰੂ ਦੀ ਜ਼ੁਲਮੀ ਕਥਾ ਨੂੰ ਅੰਗਰੇਜ਼ਾਂ ਨੇ ਪੂਰੇ ਜ਼ੋਰ ਨਾਲ ਦਬਾਉਣ ਦੀਆ ਚਾਲਾਂ ਚਲੀਆਂ। ਬਾਬਾ ਗੁਰਦਿੱਤ ਸਿੰਘ ਹੋਰਾਂ ਨੇ 'ਜ਼ੁਲਮੀ ਕਥਾ' ਨਾਂ ਦੀ ਕਿਤਾਬ ਲਿਖ ਕੇ ਇਸ ਦੇ ਬਿਰਤਾਂਤ ਨੂੰ ਬਾਖੂਬੀ ਜਨਤਾ ਦੇ ਸਾਹਮਣੇ ਲਿਆਂਦਾ। ਪਿੱਛੋਂ ਇਸ ਦਰਦਨਾਕ ਕਾਂਡ ਸਬੰਧੀ ਕਈ ਇਤਿਹਾਸਕਾਰਾਂ ਦੀਆਂ ਪੁਸਤਕਾਂ ਆਈਆਂ ਅਤੇ ਕਈ ਪੱਖਾਂ ਤੋਂ ਖੋਜ ਵੀ ਹੋਈ।

ਹੱਥਲੀ ਪੁਸਤਕ- ਕਾਮਾਗਾਟਾਮਾਰੂ ਦੀ ਇਤਿਹਾਸਕ ਯਾਤਰਾ- ਨਸਲੀ ਵਿਤਕਰੇ ਨੂੰ ਇੱਕ ਚੁਣੌਤੀ- ਕਨੇਡੀਅਨ ਇਤਿਹਾਸਕਾਰ ਅਤੇ ਪ੍ਰੋਫੈਸਰ ਸ਼੍ਰੀ ਹਿਊ ਜੇ ਐਮ ਜੌਹਨਸਟ ਨੇ ਲਿਖੀ ਹੈ। ਉਨ੍ਹਾਂ ਨੇ 35 ਸਾਲ ਦੀ ਮਿਹਨਤ ਨਾਲ ਕਨੇਡੀਅਨ, ਬਰਿਟਿਸ਼ ਅਤੇ ਭਾਰਤੀ ਲੇਖਾਗਾਰਾਂ ਵਿਚ ਪਏ ਦਸਤਾਵੇਜ਼ਾ ਦੀ ਛਾਣ-ਬੀਣ ਕਰਕੇ ਇਸ ਮਹੱਤਵਪੂਰਨ ਖੋਜ ਕਾਰਜ ਨੂੰ ਮੁਕੰਮਲ ਕੀਤਾ ਅਤੇ ਕਈ ਅਹਿਮ ਪੱਖਾਂ ਨੂੰ ਉਜਾਗਰ ਕੀਤਾ ਹੈ। ਇਹ ਇਕ ਸੰਤੁਲਤ ਤੇ ਬਾਹਰਮੁੱਖੀ ਦਸਤਾਵੇਜ਼ ਹੋਣ ਕਰਕੇ ਇਤਿਹਾਸਕ ਸੱਚਾਈ ਨੂੰ ਸਥਾਪਤ ਕਰਨ ਵਿਚ ਕਾਮਯਾਬ ਹੋਈ ਹੈ ਕਿ ਉਸ ਵਕਤ

ਕਨੇਡੀਅਨ ਇਮੀਗਰੇਸ਼ਨ ਕਾਨੂੰਨ ਨਸਲੀ ਵਿਤਕਰੇ ਭਰਪੂਰ ਸਨ। ਉਸ ਵਕਤ ਵੀ ਕਨੇਡੀਅਨ ਗੋਰੇ ਭਾਈਚਾਰੇ ਦੇ ਇਕ ਛੋਟੇ ਹਿੱਸੇ ਨੇ, ਜੋ ਮਨੁੱਖੀ ਬਰਾਬਰੀ ਤੇ ਵਿਸ਼ਵ ਭਾਈਚਾਰੇ ਵਿਚ ਯਕੀਨ ਰਖਦੇ ਸਨ, ਜਿਹੜਾ ਹਰ ਪੱਖ ਤੋਂ ਹਿਮਾਇਤ ਵਿਚ ਨਿਤਰਿਆ। ਇਹ ਸੋਸ਼ਲਿਸਟ ਵਿਚਾਰਾਂ ਦੇ ਧਾਰਨੀ ਸਨ।

ਅੱਜ ਦੇ ਵਿਸ਼ਵੀਕਰਨ ਦੇ ਦੌਰ ਵਿਚ ਇਹ ਆਮ ਵਰਤਾਰਾ ਹੈ ਕਿ ਵਪਾਰ ਦੇ ਹੱਕਾਂ ਲਈ ਖੁੱਲ ਵਾਸਤੇ ਹਰ ਹਰਬਾ ਵਰਤਿਆ ਜਾ ਰਿਹਾ ਹੈ ਪਰ ਕਿਰਤ ਲਈ ਪਾਬੰਦੀਆਂ ਸੌ ਸਾਲ ਪਹਿਲਾਂ ਵਾਂਗ ਹੀ ਹਨ, ਨਵੇਂ ਬਹਾਨੀਆਂ ਤੇ ਨਵੇਂ ਰੂਪਾਂ ਵਿਚ।

ਇੱਕ ਸਦੀ ਪਹਿਲਾਂ ਵਾਪਰੇ ਇਸ ਦਰਦਨਾਕ ਤੇ ਸ਼ਰਮਨਾਕ ਕਾਂਡ ਉਤੇ ਕਨੇਡਾ ਦੇ ਪ੍ਰਧਾਨ ਮੰਤਰੀ ਨੇ ਪਹਿਲਾਂ 2008 ਵਿੱਚ ਜਨਤਕ ਅਫਸੋਸ ਜ਼ਾਹਰ ਕੀਤਾ ਅਤੇ ਕਈ ਯਾਦਗਾਰਾਂ ਸਥਾਪਤ ਕੀਤੀਆਂ। ਪਰ ਹੁਣ ਕਨੇਡਾ ਦੀ ਪਾਰਲੀਮੈਂਟ ਨੇ ਇੱਕ ਮਤੇ ਰਾਹੀਂ ਇਸ ਵਿਤਕਰੇ ਭਰਪੂਰ ਵਿਉਹਾਰ ਦੇ ਸੱਚ ਨੂੰ ਕਬੂਲਿਆ ਹੈ ਜੋ ਇਕ ਚੰਗੀ ਪਿਰਤ ਹੈ।

ਇਤਹਾਸ ਸਾਡੇ ਤੋਂ ਵੀ ਮੰਗ ਕਰਦਾ ਹੈ ਕਿ ਅਸੀਂ ਵੀ ਆਪਨੇ ਬੀਤੇ ਤੇ ਨਜ਼ਰ ਸਾਨੀ ਕਰੀਏ ਤੇ ਦੇਸ਼ਭਗਤਾਂ 'ਤੇ ਦਿੱਤੇ ਫਤਵਿਆਂ ਨੂੰ ਵਾਪਸ ਲੈ ਕਿ ਸੱਚਾਈ ਨੂੰ ਸਥਾਪਤ ਕਰੀਏ। ਮਿਸਾਲ ਲਈ :-

'6 ਅਕਤੂਬਰ 1914 ਦੀ ਅੰਗਰੇਜ਼ ਸਰਕਾਰ ਦੀ ਕਾਮਾਗਾਟਾ ਮਾਰੂ ਦੀ ਵਾਪਸੀ। ਸਿਰਲੇਖ ਵਾਲੀ ਰੀਪੋਰਟ ਮੁਤਾਬਕ–

"ਅੰਮ੍ਰਿਤਸਰ ਹਰਮੰਦਰ ਸਾਹਿਬ ਵਿਖੇ ਸਰਦਾਰ ਬਹਾਦਰ ਅਰੂਰ ਸਿੰਘ (ਸਰਬਰਾਹਾ ਅਕਾਲ ਤੱਖਤ) ਦੀ ਪਰਧਾਨਗੀ ਹੇਠ ਇਕ ਭਰਵਾਂ ਇਕੱਠ ਹੋਇਆ ਜਿਸ ਵਿਚ ਉਹਨਾਂ ਨੇ ਬਜ ਬਜ ਦੇ ਫਸਾਦੀਆਂ ਨਾਲੋਂ ਅਪਨੇ ਆਪ ਨੂੰ ਨਖੇੜਦਿਆਂ, ਸਰਕਾਰ ਪ੍ਰਤੀ ਆਪਨੀ ਟਕਸਾਲੀ ਵਫਾਦਾਰੀ ਦਾ ਭਰੋਸਾ ਦ੍ਰਿੜਾਇਆ ਗਿਆ ਹੈ।"

ਅਕਾਲ ਤੱਖਤ ਦੇ ਮੱਤੇ ਮੁਤਾਬਕ —

'ਕਾਮਾਗਾਟਾ ਮਾਰੂ ਦੇ ਫਸਾਦੀ ਤਾਂ ਸਿੱਖ ਹੀ ਨਹੀਂ ਹਨ।'

ਜੇ ਕਨੇਡਾ ਆਪਣੀ ਉਸ ਸਮੇਂ ਦੀ ਨਸਲਪ੍ਰਸਤ ਸਰਕਾਰ ਦੇ ਅਣਮਨੁੱਖੀ ਰਵੱਈਏ ਉੱਤੇ 100 ਸਾਲ ਪਿੱਛੋਂ ਅਫਸੋਸ ਜ਼ਾਹਰ ਕਰ ਸਕਦੀ ਹੈ ਅਤੇ ਇਤਹਾਸਕ ਭੁੱਲ ਸੁਧਾਰ ਦੀ ਹੈ ਤਾਂ ਪੰਜਾਬ ਦੀਆਂ ਸੰਸਥਾਵਾਂ ਲਈ ਵੀ ਇਹ ਲਾਜ਼ਮੀ ਹੈ ਕਿ ਉਹ ਆਪਣਿਆਂ ਵਿਰੁੱਧ ਹੀ ਕੀਤੀਆਂ ਅਜੇਹੀਆਂ ਭੁੱਲਾਂ ਨੂੰ ਬਖਸ਼ਾਉਣ ਦੀ ਹਿੰਮਤ ਵਿਖਾਉਣ ਤਾਂ ਕਿ ਆਉਣ ਵਾਲੀਆ ਨਸਲਾਂ ਲਈ ਸੱਚਾਈ ਦੀ ਸਨਦ ਰਹਿ ਸਕੇ।

ਜਦੋਂ ਅਸੀਂ ਇਸ ਕਿਤਾਬ ਦੇ ਅਨੁਵਾਦ ਨੂੰ ਛਾਪਣ ਦੀ ਮਨਜ਼ੂਰੀ ਲਈ ਹਿਊ ਜੌਹਨਸਟਨ ਨਾਲ ਸੰਪਰਕ ਕੀਤਾ ਤਾਂ ਉਹਨਾਂ ਨੇ ਬੜੀ ਖੁਸ਼ੀ ਨਾਲ ਇਜ਼ਾਜ਼ਤ ਹੀ



*ਸ਼ਹੀਦ ਬਲਵੰਤ ਸਿੰਘ ਖੁਰਦ ਪੁਰ ਆਪਣੀ ਬੇਟੀ ਨਿਰੰਜਨ ਕੌਰ, ਬੇਟੀ ਉਧਮ ਕੌਰ, ਪਤਨੀ ਕਰਤਾਰ ਕੌਰ ਤੇ ਬੇਟਾ ਹਰਦਿਆਲ ਸਿੰਘ ਨਾਲ। ਜਦ ਆਪਣੀ ਪਤਨੀ ਤੇ ਬੇਟੀਆਂ ਨਾਲ 21 ਜਨਵਰੀ 1912 ਨੂੰ 9 ਮਹੀਨੇ ਦੀ ਖੱਜਲ ਖੁਆਰੀ ਬਾਅਦ ਵੈਨਕੂਵਰ ਪੁੱਜੇ ਤਾਂ ਇਹਨਾਂ ਦੀ ਪਤਨੀ ਤੇ ਬੇਟੀਆਂ ਨੂੰ ਅਤੇ ਭਾਈ ਭਾਗ ਸਿੰਘ ਦੇ ਪਰਵਾਰ ਨੂੰ ਕੈਦ ਕਰ ਲਿਆ ਗਿਆ ਸੀ। ਪਰ ਕਾਫੀ ਜਦੋ ਜਹਿਦ ਬਾਅਦ ਉਹਨਾਂ ਨੂੰ ਜ਼ਮਾਨਤ ਤੇ ਰਿਹਾ ਕੀਤਾ ਗਿਆ। 28 ਅਗਸਤ 1912 ਨੂੰ ਗੁਰਦਵਾਰੇ ਵਿਚ ਇਸ ਬੇਟੇ ਦਾ ਜਨਮ ਹੋਇਆ। ਉਹ ਪਹਿਲਾ ਭਾਰਤੀ ਹੈ ਜੋ ਕਨੇਡਾ ਦੀ ਧਰਤੀ ਤੇ ਪੈਦਾ ਹੋਇਆ। ਇਹ ਸਮਾਂ ਸੀ। ਜਦ 1911 ਵਿਚ 11932 ਚੀਨੀ ਜਿਨ੍ਹਾਂ ਵਿਚ 1937 ਔਰਤਾਂ ਸਨ ਨੂੰ ਕਨੇਡਾ ਇਮੀਗਰੈਸ਼ਨ ਦਿਤਾ ਗਿਆ ਸੀ। ਅਤੇ 2986 ਜਪਾਨੀਆਂ ਨੂੰ ਕਨੇਡਾ ਵੜਨ ਦੀ ਇਜ਼ਾਜਤ ਦਿਤੀ ਗਈ ਸੀ।*
*ਭਾਈ ਬਲਵੰਤ ਸਿੰਘ ਖੁਰਦਪੁਰ ਜੀ ਨੂੰ ਗਦਰ ਪਾਰਟੀ 'ਤੇ ਚੱਲੇ ਮੁਕੱਦਮੇ ਵਿਚ ਲਾਹੌਰ 29 ਮਾਰਚ 1917 ਨੂੰ ਫਾਂਸੀ। ਦਿਤੀ ਗਈ। ਉਹਨਾਂ ਦੀ ਸ਼ਹਾਦਤ ਦੀ ਸ਼ਤਾਬਦੀ ਨੂੰ ਸਲਾਮ(ਸੰਪਾਦਕ)*



ਭਾਈ ਭਾਗ ਸਿੰਘ ਜੀ ਜੋ ਕਿ ਭਾਰਤੀ ਭਾਈਚਾਰੇ ਦੇ ਮੋਹਰੀਆਂ ਵਿਚੋਂ ਸਨ, ਨੇ ਭਾਈ ਬਲਵੰਤ ਸਿੰਘ ਖੁਰਦਪੁਰ ਨਾਲ ਰਲ ਕੇ ਪਰਵਾਰਾਂ ਦੇ ਇੱਕਠੇ ਰਹਿਣ ਦੇ ਹੱਕ ਲਈ ਆਪਣੇ ਪਰਿਵਾਰਾਂ ਨੂੰ ਕਨੇਡਾ ਲਿਆਉਣ ਲਈ 1909 ਵਿਚ ਭਾਰਤ ਆਏ ਤੇ 1911 ਵਿਚ ਲੰਬੀ ਖੱਜਲ ਖੁਆਰੀ ਬਾਅਦ ਜਦ 21 ਜਨਵਰੀ 1912 ਨੂੰ ਵੇਨਕੂਵਰ ਪੁੰਹਚੇ ਤਾਂ ਦੋਨੋ ਪਰਵਾਰਾਂ ਨੂੰ ਬੱਚਿਆਂ ਸਮੇਤ ਕੈਦ ਕਰ ਲਿਆ ਗਿਆ। ਯਾਦ ਰਹੇ ਕਿ ਉਹਨਾਂ ਦੇ ਬੇਟੇ ਜੋਗਿੰਦਰ ਦਾ ਜਨਮ ਨਵੰਬਰ 1911 ਨੂੰ ਹਾਂਗਕਾਂਗ ਵਿਚ ਹੋਇਆ ਸੀ।

ਉਹਨਾਂ ਦੀ ਪਤਨੀ ਹਰਨਾਮ ਕੌਰ ਨੇ 21 ਜਨਵਰੀ 1914 ਨੂੰ ਧੀ ਨੂੰ ਜਨਮ ਦਿੱਤਾ ਪਰ ਜਣੇਪੇ ਦੀਆ ਗੁੰਝਲਾਂ ਕਰਕੇ 9 ਦਿਨਾਂ ਦੀ ਬੱਚੀ ਛਡ ਕੇ ਸੁਰਗਵਾਸ ਹੋ ਗਏ। ਇਨੇ ਵੱਡੇ ਨਿੱਜੀ ਨੁਕਸਾਨ ਦੇ ਬਾਵਜੂਦ ਦੋ ਛੋਟੇ ਬੱਚਿਆਂ ਨਾਲ ਵੀ ਪੂਰੇ ਮਨੁੱਖੀ ਸਿਦਕ ਨਾਲ ਕਾਮਾਗਾਟਾ ਦੀ ਲੜਾਈ ਵਿਚ ਮੋਹਰੀ ਰੋਲ ਨਿਭਾਈਆ। ਪਰ ਇਮੀਗਰੇਸ਼ਨ ਅਫਸਰਾਂ ਦੇ ਟੱਟੂ ਬੇਲਾ ਸਿੰਘ ਨੇ ਗੁਰਦਵਾਰੇ ਵਿਚ 5 ਸਤੰਬਰ 1914 ਨੂੰ ਸ਼ਹੀਦ ਕਰ ਦਿਤਾ। ਉਨਾਂ ਨੂੰ ਸਲਾਮ। (ਸੰਪਾਦਕ)

ਕਰੇਟਨ (Donald Creighton), ਏ.ਆਰ.ਐਮ.ਲੋਅਰ (A.R.M Lower), ਜੇ.ਬੀ.ਬ੍ਰੈਬਨਰ (J.B.Brebner), ਏੱਚ.ਏ.ਇਨਿਸ (H.A. Innis) ਅਤੇ ਡਬਲਿਊ.ਐਲ.ਮਾੱਰਟਨ (W.L.Morton) ਦੇ ਲਿਖੇ ਇਤਿਹਾਸਾਂ ਵਿੱਚ ਕਾਮਾਗਾਟਾ ਮਾਰੂ ਲਈ ਇੱਕ ਵੀ ਸਤਰ ਲਿਖੀ ਜਾਂ ਤਤਕਰੇ ਵਿਚ ਦਰਜ ਨਹੀਂ ਕੀਤੀ ਗਈ ਹੈ। ਫਿਰ ਵੀ ਜ਼ਰਾ ਕੁ ਕਲਪਨਾ ਨਾਲ, ਕੋਈ ਇਹ ਦੇਖ ਸਕਦਾ ਹੈ, ਕਿ ਸਮੁੱਚੇ ਭਾਰਤੀ ਉੱਪਮਹਾਂਦੀਪ ਦੇ ਲੋਕਾਂ ਦੀ ਬੇਦਖਲੀ, ਕਨੇਡਾ ਬਾਰੇ ਇੱਕ ਵੱਡਾ ਪ੍ਰੀਭਾਸ਼ਿਤ ਕਰਣ ਵਾਲਾ ਤੱਥ ਹੈ। ਅੱਜ ਇਹ ਦੇਸ਼ ਬਿਲਕੁਲ ਭਿੰਨ ਹੁੰਦਾ ਜੇਕਰ ਕਾਮਾਗਾਟਾ ਮਾਰੂ ਦੇ ਯਾਤਰੀਆਂ ਨੇ ਆਪਣਾ ਨੁਕਤਾ ਸਫਲਤਾ ਪੂਰਵਕ ਸਪੱਸ਼ਟ ਕੀਤਾ ਹੁੰਦਾ ਅਤੇ ਉਨ੍ਹਾਂ ਨੂੰ ਜਹਾਜ਼ ਤੋਂ ਉੱਤਰਨ ਦੀ ਅਗਿਆ ਮਿਲੀ ਹੁੰਦੀ

ਇਸ ਗੱਲ ਨਾਲ ਬੜਾ ਵੱਡਾ ਫਰਕ ਪੈਂਦਾ ਹੈ ਕਿ ਕਨੇਡਾ ਹੁਣ ਆਪਣੀ ਇੱਕ ਬਹੁ-ਸਭਿਆਚਾਰੀ ਮੁਲਕ ਦੇ ਤੌਰ ਤੇ ਮਸ਼ਹੂਰੀ ਕਰਦਾ ਹੈ ਬਜਾਏ ਇੱਕ ਯੂਰਪੀਅਨ ਅਤੇ ਬਰਤਾਨਵੀ ਦੇਸ਼ ਦੇ, ਜਿਹੜਾ ਕਿ ਇੱਕ ਸਦੀ ਪਹਿਲਾਂ ਇਸ ਦਾ ਆਮ ਤੌਰ ਤੇ ਪ੍ਰਵਾਨਿਤ ਚਰਿੱਤਰ-ਚਿਤਰਨ ਸੀ। ਜਿਥੇ ਬਹੁ-ਸੱਭਿਆਚਾਰਵਾਦ ਕਨੇਡੀਅਨਾਂ ਨੂੰ ਇੱਕ ਸੰਮਿਲਿਤ ਆਦਰਸ਼ ਪ੍ਰਦਾਨ ਕਰਦਾ ਹੈ ਉਥੇ ਹੀ ਇਸਤੇ ਪੂਰਾ ਉਤਰਨ ਦੀ ਕੋਸ਼ਿਸ਼ ਕਰਨ ਦੀ ਚੁਣੌਤੀ ਵੀ, ਪਹਿਲੀਆਂ ਪੀੜ੍ਹੀਆਂ ਪਾਸ ਇਹ ਸੱਦਾ ਦੇਣ ਵਾਲਾ ਕੌਮੀ ਆਦਰਸ਼ ਨਹੀਂ ਸੀ। ਪਰੰਤੂ ਹੁਣ ਅਤੇ ਉਸ ਸਮੇਂ ਵਿਚਕਾਰ ਤੁਲਨਾ ਨਿਰਪੇਖ ਹੋਣ ਤੋਂ ਪਰੇ ਦੀ ਗੱਲ ਹੈ। ਵਿਅਕਤੀਗਤ ਅਜ਼ਾਦੀਆਂ, ਮਨੁੱਖੀ ਕਦਰਾਂ ਕੀਮਤਾਂ, ਮਨੁੱਖੀ ਅਧਿਕਾਰ, ਕੌਮੀ ਪਹਿਚਾਣ, ਜਾਤੀ, ਅਤੇ ਨਸਲ (ethnicity) ਦੇ ਸੁਆਲਾਂ 'ਤੇ ਇੱਕ ਸਦੀ ਪਹਿਲਾਂ ਦੇ ਕਨੇਡੀਅਨਾਂ ਨੂੰ ਉਹੀ ਵਿਚਾਰ ਉਪਲਬਦ ਸਨ ਜੋ ਅੱਜ ਦੇ ਕਨੇਡੀਅਨਾਂ ਨੂੰ ਹਨ ਅਤੇ ਅੱਜ ਵਾਂਗ, ਉਹ ਪਹਿਲਾਂ ਵਾਲੇ ਕਨੇਡੀਅਨ ਵੀ ਪ੍ਰੇਰਨਾ ਦੇ ਉਨ੍ਹਾਂ ਹੀ ਸਰੋਤਾਂ ਨੂੰ ਜਿਵੇਂ ਕਿ -ਧਰਮ, ਰਾਜਨੀਤਕ ਸਿਧਾਂਤ, ਸਵੈ-ਹਿਤ, ਜਾਂ ਵਿਗਿਆਨ-ਨੂੰ ਵਰਤ ਕੇ ਆਪਣੇ ਆਪ ਵਾਸਤੇ ਵਿਰੋਧੀ ਨਤੀਜੇ ਕੱਢ ਸਕਦੇ ਸਨ। ਫਰਕ ਉਦੋਂ ਅਤੇ ਹੁਣ ਵਿਚ ਸਰਬ ਸਹਿਮਤੀ ਦਾ ਹੁੰਦਾ ਹੈ। ਹੁਣ ਕਨੇਡੀਅਨ ਸਰਬਸੰਮਤੀ ਵਖਰੇਵੇਂ ਨੂੰ ਸ਼ਾਮਿਲ ਕਰਨ ਲਈ ਬੀਤੇ ਸਮੇਂ ਨਾਲੋਂ ਵਧੇਰੇ ਖੁੱਲ੍ਹੀ ਹੈ। ਜਦੋਂ ਇਹ ਗੱਲ ਨਸਲੀ ਗੁਣਾਂ 'ਤੇ ਆਉਂਦੀ ਹੈ ਤਾਂ ਇਹ ਵਧੇਰੇ ਖੁੱਲ੍ਹਾਪਣ ਸੁਧਰੀ ਹੋਈ ਇਮੀਗਰੇਸ਼ਨ ਨੀਤੀ ਦਾ ਹਾਂ ਪੱਖੀ ਨਤੀਜਾ ਹੈ, ਜਿਸ ਨੇ ਦੁਨੀਆਂ ਦੇ ਸਾਰੇ ਭਾਗਾਂ ਤੋਂ ਲੋਕਾਂ ਨੂੰ ਦੇਸ਼ ਵਿੱਚ ਆਉਣ ਦੀ ਅਗਿਆ ਦਿੱਤੀ

ਕਾਮਾਗਾਟਾ ਮਾਰੂ ਮਾਮਲੇ ਦਾ ਪੂਰਾ ਇਤਿਹਾਸ, ਇਸ ਦੀ ਸ਼ੁਰੂਆਤ ਤੋਂ ਲੈ ਕੇ ਇਸ ਦੇ ਲੰਬੇ ਸਮੇਂ ਦੇ ਨਤੀਜਿਆਂ ਤੱਕ, ਬਹੁਤ ਵਿਸ਼ਾਲ ਰੂਪ ਵਿੱਚ ਲਿਖੀ ਗਈ ਇੱਕ ਇਮੀਗਰੇਟਾਂ ਦੀ ਕਹਾਣੀ ਹੈ। ਇਹ ਇਕ ਅਜਿਹੀ ਕਹਾਣੀ ਜਿਸ ਵਿਚ ਸਾਰੇ ਤੱਤ ਹਨ ਜੋ ਬੇਹੱਦ ਪ੍ਰਸ਼ੰਸਾਯੋਗ ਹਨ ਅਤੇ ਸਭ ਤੋਂ ਘੱਟ ਲੋੜੀਂਦੇ ਦੂਸਰੀ ਹੱਦ

## ਭੂਮਿਕਾ

ਕਾਮਾਗਾਟਾ ਮਾਰੂ ਦੀ ਆ ਰਹੀ ਸਤਾਬਦੀਂ ਵਰ੍ਹੇ ਗੰਢ ਉਸ ਕਿਤਾਬ ਦੀ ਵਿਸਥਾਰਤ ਸੁਧਾਈ ਲਈ ਇੱਕ ਪ੍ਰੇਰਕ ਬਣੀ ਹੈ, ਜਿਹੜੀ ਮੈਂ 35 ਸਾਲ ਪਹਿਲਾਂ ਪ੍ਰਕਾਸ਼ਿਤ ਕੀਤੀ ਸੀ। ਦਹਾਕਿਆਂ ਤੋਂ, ਤਾਜ਼ਾ ਸਮੱਗਰੀ-ਪ੍ਰਕਾਸ਼ਿਤ ਅਤੇ ਅਣ-ਪ੍ਰਕਾਸ਼ਿਤ-ਮੇਰੇ ਸਾਹਮਣੇ ਆਈ ਹੈ। ਛੋਟੇ-ਛੋਟੇ ਨੁਕਤਿਆਂ ਨੂੰ ਲੱਭਣ ਲਈ, ਜਿਹੜੇ ਕਦੀ ਕਦੀ ਅਰਥਭਰਪੂਰ ਫਰਕ ਪਾ ਦਿੰਦੇ ਹਨ , ਇੰਟਰਨੈਟ ਸਮੇਂ ਦੀ ਵੱਡੀ ਬੱਚਤ ਕਰਤਾ ਬਣ ਗਈ ਹੈ। 1975 ਵਿੱਚ ਅਪਣੀ ਖੋਜ ਸ਼ੁਰੂ ਕਰਨ ਤੋਂ ਲੈਕੇ ਹੁਣ ਤਕ ਕਾਫੀ ਕੁੱਝ ਵਾਪਰ ਚੁੱਕਾ ਹੈ। ਸੂਖਮ ਤੌਰ ਤੇ ਜਾਂ ਸ਼ਾਇਦ ਇੰਨੇ ਸੂਖਮ ਤੌਰ ਤੇ ਨਹੀਂ, ਘਟਨਾਵਾਂ ਦੇ ਵਹਿਣ ਨੇ ਇਸ ਇਤਿਹਾਸ ਦੇ ਦਸਤਾਵੇਜ਼ੀ ਪ੍ਰਮਾਣ ਬਾਰੇ ਮੇਰੀ ਆਪਣੀ ਸਮਝ ਨੂੰ ਪ੍ਰਭਾਵਿਤ ਕੀਤਾ ਹੈ। ਕਨੇਡਾ ਬਹੁਤ ਵੱਖਰਾ ਬਣ ਚੁੱਕਾ ਹੈ। ਹਿੰਦ-ਕਨੇਡੀਅਨ ਵਧੇਰੇ ਦ੍ਰਿਸ਼ਮਾਨ ਹਨ ਅਤੇ ਦੂਸਰੇ ਕਨੇਡੀਅਨਾਂ ਨਾਲੋਂ ਬਿਹਤਰ ਜਾਣੇ ਪਛਾਣੇ ਅਤੇ ਸ਼ਲਾਘਾ ਦੇ ਪਾਤਰ ਹਨ ਅਤੇ ਮੇਰੇ ਪਾਸ ਵਿਅਕਤੀਗਤ ਹਿੰਦ-ਕਨੇਡੀਅਨਾਂ ਨਾਲ ਵਕਤ ਬਿਤਾਉਣ, ਘੁੱਲਣ ਮਿਲਣ, ਅਤੇ ਉਨ੍ਹਾਂ ਦੇ ਬਹੁਤ ਨੇੜੇ ਹੋਣ ਦੇ ਅਨੋਖੇ ਮੌਕੇ ਆਏ ਹਨ, ਵਿਸ਼ੇਸ਼ ਤੌਰ ਤੇ ਕਨੇਡਾ ਅਤੇ ਭਾਰਤ ਦੋਵਾਂ ਵਿੱਚ ਪੰਜਾਬੀ ਸਿੱਖਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਇਸ ਸਭ ਕੁੱਝ ਨੇ ਇਸ ਸੁਧਾਈ ਨੂੰ ਪ੍ਰਭਾਵਿਤ ਕੀਤਾ ਹੈ। ਅਤੀਤ ਇੱਕ ਅਜਿਹੀ ਚੀਜ਼ ਹੈ ਜਿਸ ਨੂੰ ਅਸੀਂ ਮੁੜ ਆਪਣੀ ਗਰਿਫ਼ਤ 'ਚ ਲੈਣ ਦਾ ਯਤਨ ਕਰਦੇ ਹਾਂ, ਪਰੰਤੂ ਇਸਦੀ ਸਮਝ ਹਮੇਸ਼ਾਂ ਵਿਕਸਤ ਹੁੰਦੀ ਰਹਿੰਦੀ ਹੈ।

ਕਾਮਾਗਾਟਾ ਮਾਰੂ ਤੇ ਇਸ ਨਾਲ ਜੁੜੀਆਂ ਹੋਰ ਘਟਨਾਵਾਂ ਨੂੰ ਠੀਕ 1970 ਵਿਆਂ ਤੋਂ ਅੱਗੇ ਤੱਕ ਕਨੇਡੀਅਨ ਇਤਿਹਾਸ ਦੀ ਮੁੱਖ ਧਾਰਾ ਵਿੱਚ ਪ੍ਰਵਾਨ ਨਹੀਂ ਕੀਤਾ ਗਿਆ ਸੀ। ਹੁਣ ਵੀ ਉਨ੍ਹਾਂ ਨੂੰ ਬ੍ਰਿਟਿਸ਼ ਕੋਲੰਬੀਆ ਤੋ ਬਾਹਰ ਹੈਰਾਨੀਜਨਕ ਢੰਗ ਨਾਲ ਮਾਮੂਲੀ ਤਵੱਜੋ ਦਿਤੀ ਜਾਂਦੀ ਹੈ। ਤੀਹ ਜਾਂ ਚਾਲੀ ਸਾਲ ਪਹਿਲਾਂ, ਬਹੁਤੇ ਕਨੇਡੀਅਨ ਇਸ ਗੱਲ ਤੋਂ ਜਾਣੂ ਨਹੀਂ ਸਨ ਕਿ ਨੀਤੀ ਦੇ ਮਸਲੇ ਦੇ ਤੌਰ ਤੇ ਏਸ਼ੀਅਨ ਮੂਲ ਦੀ ਜਨਸੰਖਿਆ ਨੂੰ ਬਹੁਤ ਘੱਟ ਗਿਣਤੀ ਵਿੱਚ ਰੱਖਿਆ ਗਿਆ ਹੈ, ਅਤੇ ਕਿਉਂਕਿ ਏਸ਼ੀਅਨਾਂ ਦੀ ਗਿਣਤੀ ਇੰਨੀ ਘੱਟ ਸੀ। ਇਸ ਲਈ ਉਨ੍ਹਾਂ ਨੂੰ ਕੌਮੀ ਹਿਸਾਬ ਕਿਤਾਬ 'ਚੋਂ ਅਸਾਨੀ ਨਾਲ ਛੱਡ ਦਿੱਤਾ ਜਾਂਦਾ ਸੀ ਇਸ ਦਾ ਮਤਲਬ ਹੈ ਕਿ ਬਹੁਤ ਸਤਿਕਾਰਿਤ ਕਨੇਡੀਅਨ ਇਤਿਹਾਸਕਾਰਾਂ ਦੀ ਪੀੜ੍ਹੀ ਜਿਵੇਂ ਕਿ ਡੋਨਲਡ

ਜਾਣ-ਪਹਿਚਾਣ

## ਦੱਖਣੀ-ਏਸ਼ਿਆਈ ਇਮੀਗਰੇਸ਼ਨ ਅਤੇ ਸਾਮਰਾਜ

ਬਰਤਾਨਵੀ ਸਾਮਰਾਜ ਦੇ ਅਧੀਨ ਆਉਂਦੇ ਦੇਸ਼ਾਂ ਵਿੱਚ ਪਰਜਾ ਨੂੰ, ਸਾਮਰਾਜ ਵਿਚ ਕਿਤੇ ਵੀ ਜਾਣ-ਆਉਣ, ਰਹਿਣ ਅਤੇ ਕੰਮ ਕਰਨ ਦੀ ਆਜ਼ਾਦੀ ਦਾ ਅਧਿਕਾਰ ਸੀ। ਜਿਸ ਦਾ ਹੱਕ ਪੰਜਾਬੀ ਸਿੱਖਾਂ ਅਤੇ ਭਾਰਤ ਦੇ ਦੂਸਰੇ ਇਮੀਗਰੈਂਟਾਂ ਨੇ ਪਹਿਲੀ ਵਾਰ ਕਨੇਡਾ ਆਉਣ ਸਮੇਂ ਜਤਾਇਆ ਸੀ। ਉਨਾਂ ਨੇ ਇਹ ਹੱਕ ਆਪਣੇ ਬਰਤਾਨਵੀ ਪਰਜਾ ਹੋਣ ਵਜੋਂ ਜਤਾਇਆ ਸੀ ਅਤੇ ਭਾਰਤ ਨੂੰ ਆਜ਼ਾਦੀ ਮਿਲਣ ਦੇ ਸਮੇਂ ਤੱਕ-ਜਿਸ ਤੋਂ ਬਾਅਦ ਉਨਾਂ ਦੀ ਆਵਾਜ਼ ਜ਼ਿਆਦਾ ਧਿਆਨ ਨਾਲ ਸੁਣੀ ਜਾਣ ਲੱਗੀ-ਇਹ ਇਮੀਗਰੈਸ਼ਨ ਲੋਕ ਬਿਨਾਂ ਕਿਸੇ ਸਫ਼ਲਤਾ ਦੇ ਆਪਣਾ ਇਹ ਹੱਕ ਜਤਾਉਂਦੇ ਰਹੇ। ਇਸ ਹੱਕ ਦੇ ਦਾਹਵੇਦਾਰ, ਆਪਣੀ ਦਲੀਲ ਦੀ ਪਰੋੜਤਾ ਵਜੋਂ, ਮਹਾਰਾਣੀ ਵਿਕਟੋਰੀਆ ਵਲੋਂ 1858 ਵਿੱਚ ਜਾਰੀ ਕੀਤੀ ਉਸਦੀ "ਭਾਰਤ ਸਬੰਧੀ ਘੋਸ਼ਣਾ" ਦਾ ਹਵਾਲਾ ਦਿੰਦੇ ਸਨ। 1912 ਵਿਚ ਕਨੇਡਾ ਦੇ ਰਾਜ, ਵਿਕਟੋਰੀਆ ਤੋਂ ਛਪਦਾ ਇੱਕ ਮੈਗਜ਼ੀਨ-'ਦ ਆਰੀਅਨ' ਆਪਣੇ ਹਰ ਅੰਕ ਦੇ ਮੁੱਖ ਸਿਰਲੇਖ ਹੇਠਾਂ ਮਹਾਰਾਣੀ ਵਿਕਟੋਰੀਆ ਦੀ ਘੋਸ਼ਣਾ ਦੀ ਇਹ ਲਾਈਨ ਜ਼ਰੂਰ ਛਾਪਦਾ ਸੀ। "ਅਸੀਂ ਭਾਰਤੀ ਇਲਾਕਿਆਂ ਦੇ ਵਾਸੀਆਂ ਪ੍ਰਤੀ ਵੀ, ਆਪਣੇ ਉਹਨਾਂ ਸਾਰੇ ਫ਼ਰਜ਼ਾਂ ਦੇ ਇੱਕਰਾਰਨਾਮਿਆਂ ਉਤੇ ਉਸੇ ਤਰ੍ਹਾਂ ਪਾਬੰਦ ਹਾਂ, ਜਿਸ ਤਰ੍ਹਾਂ ਅਸੀਂ ਆਪਣੀ ਦੂਸਰੀ ਸਾਰੀ ਪਰਜਾ ਲਈ ਹਾਂ।"

'ਦ ਆਰੀਅਨ' ਮੈਗਜ਼ੀਨ ਦਾ ਪੰਜਾਬੀ ਸਿੱਖ ਸੰਪਾਦਕ, ਇਸ ਵਾਕ ਦੀ ਵਿਆਖਿਆ ਪੂਰੇ ਬਰਤਾਨਵੀ ਸਾਮਰਾਜ ਦੀ ਪਰਜਾ ਦੇ ਇੱਕ ਬਰਾਬਰ ਹੋਣ ਦੇ ਅਰਥਾਂ ਵਿੱਚ ਕਰਦਾ ਸੀ। ਅਸਲ ਵਿਚ ਮਹਾਰਾਣੀ ਦੀ ਵਚਨਬੱਧਤਾ ਬਿਲਕੁਲ ਥੋਥੀ ਸੀ। ਉਸਦਾ ਸਾਮਰਾਜ ਉਸਦੇ ਅਧਿਕਾਰ-ਖੇਤਰਾਂ ਦੇ ਟੁਕੜਿਆਂ ਦੀ ਗੰਢ-ਤੁੱਪ ਹੀ ਸੀ। ਜਿਨ੍ਹਾਂ ਉੱਪਰ ਉਸਦੀ ਬਰਤਾਨੀਆ ਵਿਚਲੀ ਸਰਕਾਰ ਦਾ ਕੰਟਰੋਲ ਬਹੁਤ ਵੱਖ-ਵੱਖ ਪੱਧਰਾਂ ਦਾ ਸੀ। ਸਾਮਰਾਜ ਦੀ ਸਾਰੀ ਪਰਜਾ ਲਈ ਕੋਈ ਏਕੀਕ੍ਰਿਤ ਨਿਆਂ ਪ੍ਰਣਾਲੀ ਨਹੀਂ ਸੀ। ਬਰਤਾਨਵੀ ਸਾਮਰਾਜ ਦਾ ਸਮ ਕਾਲੀਨ ਇਤਿਹਾਸਕਾਰ ਜਨ ਮਾੱਰਿਸ (Jan Morris) ਲਿਖਦਾ ਹੈ, "ਕਾਨੂੰਨੀ ਤੌਰ 'ਤੇ ਬਰਤਾਨਵੀ ਸਾਮਰਾਜ ਨਾਮ ਦੀ ਕੋਈ ਚੀਜ਼ ਨਹੀਂ ਸੀ। ਇਸ ਸ਼ਬਦ ਦਾ ਕੋਈ ਸੰਵਿਧਾਨਿਕ ਮਤਲਬ ਨਹੀਂ ਸੀ।" ਪੂਰੇ ਬਰਤਾਨਵੀ ਸਾਮਰਾਜ ਵਿਚ ਸਾਰੀ ਪਰਜਾ ਲਈ ਬਰਾਬਰ ਦੇ ਅਧਿਕਾਰਾਂ

(extremes) ਦੇ ਇਹ ਇਮੀਗਰੇਂਟਾਂ ਦੀ ਕਨੇਡਾ ਅਤੇ ਉੱਤਰੀ ਅਮਰੀਕਾ ਪਹੁੰਚਣ ਦੀ ਮਾਰੂਕੇ ਦੀ ਇੱਛਾ, ਅਤੇ ਉਨ੍ਹਾਂ ਦੀ ਸਾਧਨ ਸੰਪੰਨਤਾ, ਦ੍ਰਿੜਤਾ, ਇੱਥੇ ਪਹੁੰਚਣ ਅਤੇ ਠਹਿਰਨ ਦੇ ਹਠ ਬਾਰੇ ਹੈ। ਇਹ ਉਸ ਉਤਸ਼ਾਹਹੀਣਤਾ ਅਤੇ ਦੁਸ਼ਮਣੀ ਬਾਰੇ ਵੀ ਹੈ ਜਿਸ ਦਾ ਉਨ੍ਹਾਂ ਨੂੰ ਕਈ ਕਨੇਡੀਅਨਾਂ ਵੱਲੋਂ ਸਾਹਮਣਾ ਕਰਨਾ ਪਿਆ ਅਤੇ ਇਹ ਉਸ ਸਤਿਕਾਰ, ਦੋਸਤੀ ਅਤੇ ਮਦਦ ਬਾਰੇ ਹੈ ਜੋ ਉਨ੍ਹਾਂ ਨੇ ਕੁਝ ਉਘੇ ਕਨੇਡੀਅਨਾਂ ਤੋਂ ਪ੍ਰਾਪਤ ਕੀਤੀ। ਉਨ੍ਹਾਂ ਵਿੱਚੋਂ ਕੁੱਝ ਵੱਲੋਂ ਪ੍ਰਾਪਤ ਕੀਤੀ ਸਿਰਕੱਢਵੀਂ ਸਫਲਤਾ ਅਲੋਚਨਾਤਮਕ ਤੌਰ ਤੇ ਮਹੱਤਵਪੂਰਨ ਸੀ। – ਉਹ ਜਿਨ੍ਹਾਂ ਨੇ ਕਾਮਾਗਾਟਾ ਮਾਰੂ ਦੇ ਆਉਣ ਤੋਂ ਸਾਲਾਂ ਪਹਿਲਾਂ ਕਨੇਡਾ ਵਿੱਚ ਪ੍ਰਵੇਸ਼ ਕੀਤਾ ਸੀ। ਤੇ ਕਮਾਲ ਦੀ ਕਾਮਯਾਬੀ ਪਰਾਪਤ ਕਰਨਾ ਇਕ ਅਤੀਅੰਤ ਮਹੱਤਵਪੂਰਨ ਗੱਲ ਸੀ। ਉਨ੍ਹਾਂ ਨੇ ਇਸ ਦੇ ਆਗਮਨ ਨੂੰ ਦੇਖਿਆ, ਅਤੇ ਇਸ ਦੇ ਜਾਣ ਤੇ ਪ੍ਰੇਸ਼ਾਨ ਵੀ ਹੋਏ, ਅਤੇ ਜਿਹੜੇ, ਫਿਰ ਵੀ, ਵੱਡੀ ਨਿੱਜੀ ਸਫਲਤਾ ਹਾਸਲ ਕਰਦੇ ਗਏ ਇਹ ਵਿਅਕਤੀ ਮੌਕਿਆਂ ਦੀ ਤਲਾਸ਼ ਵਿੱਚ ਧਰਤੀ ਦੇ ਆਰ ਪਾਰ ਐਨੀ ਦੂਰ ਆਪਣੇ ਖਰਚੇ 'ਤੇ ਸਮੁੰਦਰੀ ਯਾਤਰਾ ਕਰਨ ਵਾਲੇ ਸਾਹਸੀ ਸਨ। ਉਹ ਜੋ ਕੁੱਝ ਮਿਲਿਆ ਉਸ ਦਾ ਵੱਧ ਤੋਂ ਵੱਧ ਲਾਹਾ ਲੈਣ ਵਿੱਚ ਸਾਧਨ ਸੰਪੰਨ ਸਨ ਅਤੇ ਦੂਸਰੇ ਦੇਸ਼ਾਂ ਦੇ ਇਮੀਗਰੈਸ਼ਨਾਂ ਦੀ ਵਿਸ਼ਾਲ ਬਹੁਗਿਣਤੀ ਵਾਂਗ, ਉਹ ਕਦੇ ਵੀ ਆਪਣੀ ਮਾਤਰਭੂਮੀ ਨੂੰ ਨਾ ਭੁੱਲੇ। ਭਾਵੇਂ ਉਹ ਸਾਲਾਂ ਬੱਧੀ ਦੇਸ਼ ਤੋਂ ਦੂਰ ਰਹੇ। ਉਨ੍ਹਾਂ ਦਾ ਰਾਜਨੀਤਕ ਜੀਵਨ ਆਰੰਭਿਕ ਸਾਲਾਂ ਵਿੱਚ ਇਸ ਗੱਲ ਦੁਆਲੇ ਕੇਂਦਰਿਤ ਰਿਹਾ ਕਿ ਉਨ੍ਹਾਂ ਦੇ ਜੱਦੀ ਦੇਸ਼ ਵਿੱਚ ਕੀ ਵਾਪਰ ਰਿਹਾ ਹੈ। ਕਈਆਂ ਨੇ ਨਿਸ਼ਚਿਤ ਤੌਰ ਤੇ ਕਨੇਡਾ ਦੇ ਰਾਜਨੀਤਿਕ ਜੀਵਨ ਵਿੱਚ ਥਾਂ ਬਣਾਉਣੀ ਚਾਹੀ, ਪਰੰਤੂ ਉਨ੍ਹਾਂ ਸਾਰਿਆਂ ਨੂੰ ਪੂਰੀ ਨਾਗਰਿਕਤਾ ਤੋਂ ਇਨਕਾਰ ਕੀਤਾ ਗਿਆ ਜਦੋਂ ਤੱਕ ਕਿ ਉਹ ਬੁੱਢੇ ਨਾ ਹੋ ਗਏ। ਫਿਰ ਵੀ ਉਹ ਇਸ ਦੇਸ਼ ਵਿੱਚ ਆਪਣੇ ਲਈ ਸਥਾਨ ਜਿੱਤਣ ਵਾਸਤੇ ਅਸਾਧਾਰਨ ਰੂਪ ਵਿੱਚ ਹਠੀ ਸਨ, ਅਤੇ ਉਹ ਆਪਣੇ ਉਨ੍ਹਾਂ ਹਮਵਤਨਾਂ ਲਈ ਪ੍ਰੇਰਨਾ ਅਤੇ ਇੱਕ ਕਿਸਮ ਦੀ ਮਦਦ ਸਨ ਜਿਹੜੇ ਉਨ੍ਹਾਂ ਦੇ ਰਸਤੇ ਤੇ ਚੱਲੇ। ਉਨ੍ਹਾਂ ਦੀ ਅਮੀਰ ਵਿਰਾਸਤ ਹੈ ਕਿ ਅੱਜ ਕਨੇਡਾ ਦੇਸ਼ ਵਿੱਚ ਹਿੰਦ-ਕਨੇਡੀਅਨਾਂ ਦੀ ਇਕ ਚੋਖੀ ਹਾਜ਼ਰੀ ਹੈ।

ਵਿਚ ਵੀ ਇਹ ਦਾਅਵਾ ਸੁਣਨ ਲਈ ਮਿਲਦਾ ਸੀ। ਕਿ "ਇਹ ਗੋਰੇ ਲੋਕਾਂ ਦਾ ਦੇਸ਼ ਹੈ" -ਇੱਕ ਅਜਿਹਾ ਦਾਅਵਾ ਜਿਸ ਅਨੁਸਾਰ ਬਰਤਾਨਵੀ ਭਾਈਚਾਰੇ ਦੇ ਹਿੱਤ ਬਾਕੀ ਸਭ ਗਰੁੱਪਾਂ-ਚਾਹੇ ਉਹ ਸਥਾਨਕ ਵਾਸੀ ਹੋਣ ਜਾਂ ਇਮੀਗਰੇਂਟ- ਤੋਂ ਉੱਪਰ ਗਿਣੇ ਜਾਂਦੇ ਸਨ। ਇੱਕ ਸਾਮਰਾਜਵਾਦੀ ਵਿਅਕਤੀ ਹੁੰਦਿਆਂ ਹੋਇਆਂ, ਸਗੋਂ ਕਹਿਣਾ ਚਾਹੀਦਾ ਹੈ ਕਿ 'ਖ਼ਾਸਕਰ' ਇੱਕ ਸਾਮਰਾਜਵਾਦੀ ਵਿਅਕਤੀ ਦੇ ਤੌਰ 'ਤੇ, ਵਿੰਸਟਨ ਚਰਚਿਲ ਨੂੰ ਇਹ ਸਥਿਤੀ ਗਲਤ ਲੱਗੀ ਅਤੇ ਗਲਤ ਲਗਣ ਦੀ ਖ਼ਾਸ ਵਜ੍ਹਾ ਸੀ। ਕਿ ਇਸ ਨਾਲ ਸਾਮਰਾਜ ਵਿਚ ਭਾਰਤੀਆਂ ਦੀ ਸਥਿਤੀ ਪ੍ਰਭਾਵਤ ਹੁੰਦੀ ਸੀ। ਇੱਕ ਨੌਜਵਾਨ ਯਾਤਰੀ ਦੇ ਤੌਰ 'ਤੇ ਚਰਚਿਲ ਨੇ 1908 ਵਿਚ ਇਸ ਮਸਲੇ ਬਾਰੇ ਇਸ ਤਰਾਂ ਲਿਖਿਆ:-

"ਇੱਕ ਵਿਅਕਤੀ ਦੇ ਕਿਸੇ ਦੂਸਰੇ ਵਿਅਕਤੀ ਨਾਲ ਇਮਾਨਦਾਰ ਵਿਵਹਾਰ ਪ੍ਰਤੀ ਰੱਤੀ ਭਰ ਵੀ ਸਤਿਕਾਰ ਰੱਖਣ ਵਾਲ਼ੀ ਕਿਸੇ ਸਰਕਾਰ ਲਈ ਕੀ ਇਹ ਵਾਜਬ ਹੈ ਕਿ ਉਹ ਜਾਣਬੁਝ ਕੇ ਐਸੀ ਨੀਤੀ ਅਪਣਾਏ, ਜਿਸ ਅਧੀਨ ਉਹ ਭਾਰਤ ਦੇ ਕਿਸੇ ਵਾਸੀ ਨੂੰ ਉਹਨਾਂ ਇਲਾਕਿਆਂ 'ਚੋਂ ਬਾਹਰ ਧੱਕ ਦੇਵੇ, ਜਿੱਥੇ ਉਸਨੇ ਵਿਸ਼ਵਾਸ ਦੀ ਹਰ ਪ੍ਰਕਾਰ ਦੀ ਸੁਰੱਖਿਆ ਅਧੀਨ ਆਪਣੇ ਆਪ ਨੂੰ ਸਥਾਪਤ ਕਰ ਲਿਆ ਹੈ? ਸਭ ਤੋਂ ਅਹਿਮ ਗੱਲ ਜੋ ਅਸੀਂ ਇਹ ਪੁੱਛਣਾ ਚਾਹੁੰਦੇ ਹਾਂ ਕਿ ਕੀ ਇਸ ਪਰਕਾਰ ਦੀ ਨੀਤੀ ਉਸ ਸਰਕਾਰ ਲਈ ਵਾਜ਼ਬ ਹੈ, ਜਿਸ ਦਾ ਹੁਕਮ ਸਾਡੇ ਭਾਰਤੀ ਸਲਤਨਤ ਦੇ ਤੀਹ ਕਰੋੜ ਲੋਕਾਂ ਉੱਪਰ ਚਲਦਾ ਹੋਵੇ?"

ਭਾਰਤੀ ਲੋਕ, ਵਿਸ਼ਵ-ਵਿਆਪੀ ਬਰਤਾਨਵੀ ਸਾਮਰਾਜ ਦਾ, ਅਹਿਮ ਅੰਗ ਸਨ ਅਤੇ ਪੜ੍ਹੇ-ਲਿਖੇ ਭਾਰਤੀ ਇਹ ਗੱਲ ਸਮਝਦੇ ਸਨ ਕਿ ਦੁਨੀਆਂ ਵਿਚ ਬਰਤਾਨੀਆ ਦੀ ਇੱਕ ਵੱਡੀ ਤਾਕਤ ਵਜੋਂ ਸਥਾਪਤ ਹੈਸੀਅਤ ਦਾ ਅਹਿਮ ਕਾਰਨ, ਉਸਦਾ ਭਾਰਤ ਉੱਪਰ ਕਾਬਜ਼ ਹੋਣਾ ਸੀ। ਸਭ ਤੋਂ ਅਹਿਮ ਗੱਲ, ਭਾਰਤੀ ਲੋਕ ਪਹਿਲਾਂ ਹੀ ਪੂਰੇ ਸਾਮਰਾਜ ਵਿਚ ਵੱਖ-ਵੱਖ ਹੈਸੀਅਤਾਂ ਵਿਚ ਰੁਜ਼ਗਾਰ-ਯਾਫ਼ਤਾ ਸਨ ਅਤੇ ਕਈ ਬਸਤੀਆਂ ਵਿਚ ਕਈ ਦਹਾਕਿਆਂ ਤੋਂ ਰਹਿ ਰਹੇ ਸਨ। ਉਹ ਕੈਰੀਬੀਅਨ ਟਾਪੂਆਂ, ਮੌਰੀਸੀਅਸ, ਫਿਜ਼ੀ, ਸੰਘੀ-ਮਲਾਇ-ਸੂਬੇ, ਸਿੰਘਾਪੁਰ, ਹਾਂਗਕਾਂਗ ਤੇ ਦੂਸਰੀਆਂ ਏਸ਼ੀਆਈ ਚੌਕੀਆਂ, ਦੱਖਣੀ ਤੇ ਪੂਰਬੀ ਅਫ਼ਰੀਕਾ ਅਤੇ ਥੋੜ੍ਹੀ ਗਿਣਤੀ ਵਿਚ ਆਸਟਰੇਲੀਆ, ਨਿਊਜ਼ੀਲੈਂਡ ਤੇ ਕਨੇਡਾ ਵਿਚ ਵੀ ਰਹਿ ਰਹੇ ਸਨ। ਭਾਰਤ ਤੋਂ ਬਾਹਰ ਉਹਨਾਂ ਦੀ ਬਾਕੀ ਸਾਮਰਾਜੀ ਦੇਸ਼ਾਂ ਵਿਚ ਆਬਾਦੀ ਦੱਸ ਲੱਖ ਦੇ ਨੇੜੇ ਸੀ। ਇਹ ਇਮੀਗਰੇਂਟ ਭਾਰਤੀ ਉਪ-ਮਹਾਂਦੀਪ ਦੇ ਉਤਰੀ ਤੇ ਦੱਖਣੀ ਹਿੱਸਿਆਂ, ਆਮ ਤੌਰ 'ਤੇ ਦੇਸ਼ ਦੀਆਂ ਪ੍ਰਮੁੱਖ ਬੰਦਰਗਾਹਾਂ ਮੁੰਬਈ, ਚੈਨਈ ਤੇ ਕੱਲਕਤਾ ਤੋਂ ਰਵਾਨਾ ਹੋ ਕੇ, ਆਸਾਨ-ਪਹੁੰਚ ਵਾਲੇ ਇਲਾਕਿਆਂ ਵਿਚ ਇਮੀਗਰੇਸ਼ਨ ਕਰਕੇ ਗਏ ਸਨ। ਭਾਰਤ ਦੇ ਉਹ ਕਈ ਭਾਈਚਾਰੇ, ਜੋ ਇਮੀਗਰੇਂਟਾਂ ਵਜੋਂ ਦੇਸ਼ 'ਚੋਂ ਬਾਹਰ ਗਏ, ਪੰਜਾਬੀ ਸਿੱਖ ਉਹਨਾਂ 'ਚੋਂ ਪ੍ਰਮੁੱਖ ਸਨ। ਪਰ ਸਿੱਖ ਇਮੀਗਰੇਂਟਾਂ

ਦੀ ਮੰਗ ਕਰਦੇ ਲੋਕਾਂ ਦੇ ਰਾਹ ਵਿਚ ਇਹ ਅਪ੍ਰਵਾਨਿਤ ਹਕੀਕਤ ਬਹੁਤ ਵੱਡਾ ਰੋੜ੍ਹਾ ਸੀ

1858 ਦੀ ਘੋਸ਼ਣਾ ਦੇ ਜਾਰੀ ਹੋਣ ਤੱਕ ਕਨੇਡਾ -ਭਾਵੇਂ ਅਜੇ ਮਹਾਂਸੰਘ ਨਹੀਂ ਸੀ, ਜੋ ਬਾਅਦ 'ਚ 1867 ਵਿਚ ਬਣਿਆ। ਇੱਕ ਖ਼ੁਦ-ਮੁਖਤਿਆਰ ਲੋਕਤੰਤਰ ਸੀ, ਜੋ ਆਪਣੇ ਸਾਰੇ ਅੰਦਰੂਨੀ ਮਸਲਿਆਂ ਸਬੰਧੀ ਕਾਨੂੰਨ ਖ਼ੁਦ ਬਣਾਉਂਦਾ ਸੀ। ਉਸ ਦੇ ਮੁਕਾਬਲੇ, ਭਾਰਤ ਪਿਛਲੀਆਂ ਤਿੰਨ ਸਦੀਆਂ ਦੌਰਾਨ ਲੰਡਨ ਤੋਂ ਨਿਰਦੇਸ਼ਤ ਹੁੰਦੀ ਸਰਕਾਰ ਦੇ ਹੁਕਮਾਂ ਅਧੀਨ ਆ ਚੁੱਕਾ ਸੀ ਅਤੇ ਕਨੇਡਾ ਤੇ ਭਾਰਤ ਤੋਂ ਇਲਾਵਾ ਬਰਤਾਨੀਆ ਦੀਆਂ ਦੂਜੀਆਂ ਸੰਸਾਰ ਪੱਧਰੀਆਂ ਮਿਲਖਾਂ - ਬਸਤੀਆਂ, ਰੱਖਿਆ-ਅਧੀਨ ਇਲਾਕੇ ਤੇ ਸਰਹੱਦੀ-ਚੌਂਕੀਆਂ (outposts) ਆਦਿ- ਵਿਚ ਰਾਜ-ਪ੍ਰਬੰਧ ਦੇ ਰੂਪ ਵੱਖਰੇ-ਵੱਖਰੇ ਸਨ। ਜਿੰਨ੍ਹਾਂ ਵਿਚ ਸਥਾਨਕ ਸਵੈ-ਸ਼ਾਸਨ, ਮਹਾਰਾਣੀ ਦਾ ਸਿੱਧਾ ਰਾਜ, ਕਿਸੇ ਅਧਿਕ੍ਰਿਤ ਕੰਪਨੀ ਦਾ ਰਾਜ ਅਤੇ ਇੱਥੋਂ ਤੱਕ ਕਿ ਦੱਖਣੀ ਅੰਧ-ਮਹਾਂਸਾਗਰ ਦੇ ਟਾਪੂ 'ਟਰਿਸਟਨ-ਡੀ-ਕੁਨਹਾ' (Tristan De Cunah) ਵਿਚ ਇੱਕ ਮਿਸ਼ਨਰੀ ਸੰਸਥਾ ਦਾ ਰਾਜ ਵੀ ਸ਼ਾਮਲ ਸੀ। ਸਾਮਰਾਜ ਦੇ ਕਈ ਹਿੱਸਿਆਂ ਵਿਚ ਵੱਖ-ਵੱਖ ਤਰ੍ਹਾਂ ਦੇ ਕਾਨੂੰਨ ਪ੍ਰਚਲਿਤ ਸਨ ਅਤੇ ਇੱਕ ਸਾਂਝੀ ਨਾਗਰਿਕਤਾ ਦੇ ਆਦਰਸ਼ ਦੀ ਕੋਈ ਕਾਨੂੰਨੀ ਮਾਨਤਾ (legal teeth) ਨਹੀਂ ਸੀ। ਇਸ ਦੀ ਬਜਾਏ ਬਰਤਾਨਵੀ ਨਾਗਰਿਕਤਾ ਦੀ ਅਹਿਮੀਅਤ ਖ਼ੂਨੀ-ਰਿਸ਼ਤਿਆਂ, ਭਾਸ਼ਾ ਅਤੇ ਸਭਿਆਚਾਰ ਦੇ ਉਹਨਾਂ ਸਬੰਧਾਂ ਉੱਪਰ ਆਧਰਿਤ ਸੀ। ਜੋ ਇੰਗਲੈਂਡ ਅਤੇ ਗੋਰੀਆਂ ਰਿਆਸਤਾਂ ਦੇ ਗੋਰੇ ਲੋਕਾਂ ਨੂੰ ਆਪਸ ਵਿਚ ਜੋੜਦੇ ਸਨ, ਪਰ ਸਾਮਰਾਜ ਦੀ ਬਾਕੀ ਬਹੁਤ ਸਾਰੀ ਪਰਜਾ ਨੂੰ ਇਸ ਵਿਚ ਸ਼ਾਮਲ ਨਹੀਂ ਕਰਦੇ ਸਨ।

ਇਹ ਇੱਕ ਬੁਨਿਆਦੀ ਹਕੀਕਤ ਸੀ। ਜਿਸ ਨੂੰ ਸਰਕਾਰੀ ਫ਼ੁਰਮਾਨ ਲੁਕਾਉਣਾ ਚਾਹੁੰਦੇ ਸਨ, ਪਰ ਜਿਸ ਨੂੰ ਤਕਰੀਬਨ ਹਰ ਕੋਈ ਸਮਝਦਾ ਸੀ ਅਤੇ ਇਹ ਸਾਮਰਾਜ ਦੇ ਵੱਡੇ ਹਮਾਇਤੀਆਂ ਤੇ ਲਾਭਪਾਤਰੀਆਂ ਲਈ ਬਹੁਤ ਪ੍ਰੇਸ਼ਾਨ ਕਰਨ ਵਾਲੀ ਸਥਿਤੀ ਸੀ। ਇੱਕ ਨੌਜਵਾਨ ਪੱਤਰਕਾਰ ਅਤੇ ਯਾਤਰੀ ਵਜੋਂ ਦੁਨੀਆਂ ਘੁੰਮਦੇ ਵਕਤ, ਵਿੰਸਟਨ ਚਰਚਿਲ (Winston Churchil) ਨੇ ਆਪਣੇ ਬਰਤਾਨਵੀ ਪਾਠਕਾਂ ਨੂੰ, ਬਰਤਾਨੀਆ ਦੇ ਕਬਜ਼ੇ ਹੇਠਲੇ ਪੂਰਬੀ ਅਫ਼ਰੀਕੀ ਖਿੱਤੇ ਵਿਚ, ਗੋਰੇ ਬਾਸ਼ਿੰਦਿਆਂ ਨੂੰ, ਭਾਰਤੀ ਇਮੀਗਰੇਸ਼ਨ ਮਸਲੇ ਕਾਰਨ ਕਿਉਂ ਪ੍ਰੇਸ਼ਾਨੀ ਹੋ ਰਹੀ ਸੀ, ਇਸ ਬਾਰੇ ਸਮਝਾਉਣ ਦੀ ਕੋਸ਼ਿਸ਼ ਕੀਤੀ ਸੀ। ਉਸ ਨੇ ਕਿਹਾ ਸੀ। ਕਿ ਇਸ ਦੇ ਦੋ ਕਾਰਨ ਹਨ-"ਰੰਗ ਦਾ ਸਵਾਲ" ਅਤੇ 'ਭਾਰਤੀਆਂ ਤੋਂ ਹੋਣ ਵਾਲੇ ਮੁਕਾਬਲੇ ਦਾ ਡਰ।' ਉਸ ਨੇ ਮੁਕਾਬਲੇ ਦੇ ਕਈ ਰੂਪਾਂ ਦਾ ਵਰਨਣ ਕੀਤਾ ਸੀ- ਸਿਰਫ਼ ਮਜ਼ਦੂਰਾਂ ਦੇ ਤੌਰ 'ਤੇ ਹੀ ਨਹੀਂ, ਸਗੋਂ ਪੇਸ਼ੇਵਰਾਂ, ਜ਼ਮੀਨ-ਮਾਲਕਾਂ, ਵਪਾਰੀਆਂ, ਕਾਰੋਬਾਰੀਆਂ, ਕਿਸਾਨਾਂ, ਬੈਂਕਰਾਂ, ਫੋਰਮੈਨਾਂ, ਠੇਕੇਦਾਰਾਂ, ਉਸਾਰੀਕਾਰਾਂ, ਇੰਜਨੀਅਰਾਂ, ਲੇਖਾਕਾਰਾਂ ਤੇ ਕਲਰਕਾਂ ਦੇ ਤੌਰ 'ਤੇ ਮੁਕਾਬਲਾ ਹੁੰਦਾ ਸੀ। ਕਨੇਡਾ ਵਾਂਗ ਪੂਰਬੀ ਅਫ਼ਰੀਕਾ

ਤੋਂ ਪ੍ਰੇਰਿਤ "ਆਸਟ੍ਰੇਲੀਅਨ ਇਮੀਗਰੇਸ਼ਨ ਬੰਦਸ਼ ਕਾਨੂੰਨ", ਜਿਸਨੂੰ ਹੋਰ ਵੀ ਜ਼ਿਆਦਾ ਸਖ਼ਤ ਬਣਾ ਦਿੱਤਾ ਗਿਆ ਕਿਉਂਕਿ ਇਹ ਕਾਨੂੰਨ ਸਰਕਾਰ ਦੀ ਮਰਜ਼ੀ ਦੀ ਕਿਸੇ ਯੂਰਪੀਅਨ ਭਾਸ਼ਾ- ਆਇਰਸ਼ ਤੋਂ ਲੈ ਕੇ ਹੰਗੇਰੀਅਨ ਤੱਕ- ਵਿਚ ਇਮੀਗਰੇਂਟ ਦਾ 50 ਸ਼ਬਦਾਂ ਦੀ ਇਬਾਰਤ ਦਾ ਇਮਤਿਹਾਨ ਲੈਣ ਦਾ ਅਧਿਕਾਰ ਦਿੰਦਾ ਸੀ। ਇਸ ਤਰੀਕੇ ਨਾਲ ਆਸਟ੍ਰੇਲੀਆ ਨੇ ਅਗਲੇ ਸੱਤਰ ਸਾਲਾਂ ਲਈ ਭਾਰਤੀਆਂ ਸਮੇਤ ਪੂਰੇ ਏਸ਼ੀਆਈ ਲੋਕਾਂ ਦੇ ਇਮੀਗਰੇਸ਼ਨ ਉੱਪਰ ਰੋਕ ਲਗਾ ਦਿੱਤੀ। ਦੱਖਣੀ ਅਫਰੀਕਾ ਦੀਆਂ ਬਸਤੀਆਂ ਨੇ ਵੀ ਇਸ ਮੰਤਵ ਲਈ ਇਹੀ ਤਰੀਕਾ ਅਪਣਾਇਆ 1902 ਵਿਚ ਕੇਪ ਬਸਤੀ ਨੇ ਤੇ1907 ਵਿਚ ਟਰਾਂਸਵਾਲ ਬਸਤੀ ਨੇ 'ਨਟਾਲ ਐਕਟ' ਲਾਗੂ ਕਰ ਦਿੱਤਾ ਅਤੇ 1913 ਵਿਚ ਨਿਊ ਯੂਨੀਅਨ ਆਫ ਸਾਊਥ ਅਫਰੀਕਾ ਨੇ ਭਾਰਤੀ ਤੇ ਦੂਸਰੇ ਏਸ਼ੀਆਈ ਇਮੀਗਰੇਂਟਾਂ ਦਾ ਇਮੀਗਰੇਸ਼ਨ ਬੰਦ ਕਰਨ ਲਈ 'ਨਟਾਲ ਐਕਟ' ਦਾ ਇੱਕ ਨਵਾਂ ਸਰੂਪ ਲਾਗੂ ਕਰ ਦਿੱਤਾ।

ਕਨੇਡੀਅਨ ਭਲੀ-ਭਾਂਤ ਜਾਣਦੇ ਸਨ ਕਿ ਸਾਮਰਾਜ ਦੇ ਦੂਸਰੇ ਇਲਾਕਿਆਂ ਵਿਚ ਕੀ ਵਾਪਰ ਰਿਹਾ ਹੈ ਅਤੇ ਸੰਨ 1900 ਵਿਚ ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ, ਚੀਨੀ ਤੇ ਜਪਾਨੀ ਇਮੀਗਰੇਸ਼ਨ ਨੂੰ ਧਿਆਨ ਵਿਚ ਰੱਖ ਕੇ ਇੱਕ ਨਵੇਂ ਸਰੂਪ ਦਾ 'ਨਟਾਲ ਐਕਟ' ਪਾਸ ਕਰ ਦਿੱਤਾ। (ਉਸ ਵਕਤ ਤੱਕ ਭਾਰਤ ਤੋਂ ਕਨੇਡਾ ਲਈ ਕੋਈ ਗਿਣਨਯੋਗ ਇਮੀਗਰੇਸ਼ਨ ਨਹੀਂ ਸੀ ਹੋ ਰਿਹਾ। ਭਾਵੇਂ ਕਿ ਉਸ ਤੋਂ ਜਲਦੀ ਬਾਅਦ ਹੀ ਇਮੀਗਰੇਸ਼ਨ ਵਿਚ ਤੇਜ਼ੀ ਆ ਗਈ। ਇਸ ਕਾਨੂੰਨ ਦੀ ਵਾਜਬੀਅਤ ਲਈ ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ 'ਬ੍ਰਿਟਿਸ਼ ਨੌਰਥ ਅਮਰੀਕਾ ਐਕਟ' ਦੀ ਧਾਰਾ 95 ਦਾ ਸਹਾਰਾ ਲਿਆ ਜਿਸ ਅਨੁਸਾਰ ਇਮੀਗਰੇਸ਼ਨ ਦਾ ਮੁੱਦਾ ਸੰਘੀ ਸਰਕਾਰ ਤੇ ਸੂਬਿਆਂ ਵਿਚਕਾਰ ਸਾਂਝਾ ਮੁੱਦਾ ਸੀ। ਭਾਵੇਂ ਕਿ ਇਸ ਵਿਚ ਸੰਘੀ ਕਾਨੂੰਨਾਂ ਦੀ ਪਰਮੁੱਖਤਾ ਸੀ। ਕੁੱਝ ਮਹੀਨਿਆਂ ਬਾਅਦ ਹੀ ਸੰਘੀ ਸਰਕਾਰ ਨੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਨਟਾਲ ਐਕਟ ਨੂੰ ਸੰਘੀ ਕਾਨੂੰਨਾਂ ਦੀ ਉਲੰਘਣਾ ਕਰਾਰ ਦਿੱਤਾ। ਪੰਦਰਾਂ ਸਾਲ ਪਹਿਲਾਂ, ਸੰਨ 1885 ਵਿਚ ਵੀ ਸੰਘੀ ਸਰਕਾਰ ਨੇ ਅਜਿਹਾ ਹੀ ਕਦਮ ਚੁੱਕਿਆ ਸੀ। ਜਦੋਂ ਬ੍ਰਿਟਿਸ਼ ਕੋਲੰਬੀਆ ਸਰਕਾਰ ਨੇ ਚੀਨੀਆਂ ਦੇ ਇਮੀਗਰੇਸ਼ਨ ਨੂੰ ਰੋਕਣ ਲਈ ਕਾਨੂੰਨ ਬਣਾਉਣ ਦੀ ਕੋਸ਼ਿਸ਼ ਕੀਤੀ ਸੀ। 1885 ਤੇ 1900 ਵਿਚ ਦੋਨੋਂ ਵਾਰੀ ਸੂਬਾਈ ਸਰਕਾਰ ਨੂੰ ਪਤਾ ਸੀ, ਕਿ ਉਨਾਂ ਦੇ ਕਾਨੂੰਨ ਨੂੰ ਸੰਘੀ ਸਰਕਾਰ ਤੋਂ ਮਨਜ਼ੂਰੀ ਨਹੀਂ ਮਿਲੇਗੀ ਪਰ ਉਸ ਦਾ ਮੰਤਵ ਜਨਤਕ ਵਿਵਾਦ ਨੂੰ ਜਾਰੀ ਰੱਖ ਕੇ ਸੰਘੀ ਸਰਕਾਰ ਉੱਪਰ ਦਬਾਅ ਪਾਉਣ ਦਾ ਸੀ। ਸੂਬਾਈ ਸਰਕਾਰ ਇਹ ਸੁਨਿਸ਼ਚਿਤ ਕਰਨਾ ਚਾਹੁੰਦੀ ਸੀ, ਕਿ ਓਟਾਵਾ ਸਰਕਾਰ, ਪੱਛਮੀ ਕੰਢੇ ਉੱਪਰ ਹੋ ਰਹੇ ਏਸ਼ੀਅਨ ਇਮੀਗਰੇਸ਼ਨ ਜੋ ਕਿ ਇਕ ਭਖਦਾ ਸਿਆਸੀ ਮਸਲਾ ਹੈ, ਦੀ ਗੰਭੀਰਤਾ ਨੂੰ ਸਮਝੇ।

1885 ਵਿਚ ਸੂਬਾਈ ਸਰਕਾਰ ਦੇ ਇਹਨਾਂ ਦਾਅ-ਪੇਚਾਂ ਦੇ ਇੱਛਿਤ ਨਤੀਜੇ ਨਿਕਲੇ ਸੂਬਾਈ ਸਰਕਾਰ ਦੇ ਇਹਨਾਂ ਯਤਨਾਂ ਸਦਕਾ ਜੌਹਨ.ਏ.ਮਕਡੋਨਲਡ

ਆਜ਼ਾਦ ਤੌਰ 'ਤੇ ਆਪਣੇ ਆਪ ਜਾਣ, ਯਾਤਰਾ ਉੱਪਰ ਖ਼ੁਦ ਖਰਚ ਕਰਨ, ਕਿਸੇ ਮਜ਼ਦੂਰ-ਠੇਕੇਦਾਰ ਦੀ ਸਹਾਇਤਾ ਤੋਂ ਬਗੈਰ ਅਤੇ ਦੂਜੇ ਮੁਲਕ ਪਹੁੰਚਣ ਉੱਪਰੰਤ ਆਪਣੀ ਮਰਜ਼ੀ ਮੁਤਾਬਕ ਕਿਸੇ ਵੀ ਇਲਾਕੇ ਵਿਚ ਵਸਣ ਦਾ ਅਧਿਕਾਰ ਰੱਖਣ ਕਾਰਨ, ਦੂਸਰੇ ਇਮੀਗਰੇਂਟ ਸਮੂਹਾਂ ਤੋਂ ਵਿਲੱਖਣ ਸਨ। ਉਹ ਆਪਣੇ ਖਰਚੇ 'ਤੇ ਇਸ ਲਈ ਇਮੀਗਰੇਸ਼ਨ ਕਰ ਸਕਦੇ ਸਨ, ਕਿਉਂਕਿ -ਜੇਕਰ ਭਾਰਤੀ ਸ਼ਬਦਾਂ ਚ ਕਹੀਏ- ਉਹ ਮੁਕਾਬਲਤਨ ਖਾਂਦੇ-ਪੀਂਦੇ ਕਿਸਾਨ ਪਰਿਵਾਰਾਂ ਨਾਲ ਸਬੰਧਿਤ ਸਨ। ਇਸ ਦੇ ਮੁਕਾਬਲੇ ਠੇਕੇ ਉੱਪਰ ਨਿਸ਼ਚਿਤ ਸਮੇਂ ਲਈ ਸਸਤੇ ਕੁੱਲੀ ਮਜ਼ਦੂਰ ਦੇ ਤੌਰ 'ਤੇ ਇਮੀਗਰੇਸ਼ਨ ਕਰਨ ਵਾਲੇ ਇਮੀਗਰੇਂਟਾਂ, ਗਰੀਬ ਪੇਂਡੂ ਭਾਈਚਾਰਿਆਂ ਨਾਲ ਸਬੰਧਿਤ ਸਨ ਅਤੇ ਕੁੱਲੀ-ਮਜ਼ਦੂਰੀ ਹੀ ਭਾਰਤੀ ਇਮੀਗਰਸ਼ਨ ਦੀ ਮੁੱਖ ਪਹਿਚਾਣ ਸੀ। ਇਹ ਸਿੱਖ ਭਾਈਚਾਰਿਆਂ ਜਿਹੇ ਬੰਧਨ-ਮੁਕਤ ਅਤੇ ਆਜ਼ਾਦ ਇਮੀਗਰੇਂਟਾਂ ਹੀ ਸਨ, ਜਿੰਨਾਂ ਦੇ ਇਮੀਗਰੇਸ਼ਨ ਕਾਰਨ, ਬਰਤਾਨਵੀ ਬਸਤੀਆਂ ਦੇ ਗੋਰੇ ਆਬਾਦਕਾਰ ਜ਼ਿਆਦਾ ਚਿੰਤਿਤ ਸਨ।

ਜਿਸ ਸਮੇਂ ਚਰਚਿਲ ਨੇ ਪੂਰਬੀ ਅਫ਼ਰੀਕਾ ਬਾਰੇ ਲਿਖਿਆ ਸੀ। ਉਸ ਸਮੇਂ ਬਰਤਾਨਵੀ ਬਸਤੀਵਾਦੀ ਸਰਕਾਰ ਬਿਲਕੁੱਲ ਉਹੀ ਕੁਝ ਕਰ ਰਹੀ ਸੀ। ਜਿਸ ਦੇ ਵਿਰੁੱਧ ਉਸ ਨੇ ਲਿਖਿਆ ਸੀ। ਬਰਤਾਨਵੀ ਕਬਜ਼ੇ ਹੇਠਲੇ ਦੱਖਣੀ ਅਫ਼ਰੀਕਾ ਦੀ ਨਟਾਲ ਨਾਮ ਦੀ ਬਸਤੀ ਨੇ 1897 ਵਿਚ ਆਜ਼ਾਦ ਅਤੇ ਸਵਾਧੀਨ ਇਮੀਗਰੇਟਾਂ ਦੇ ਦਾਖ਼ਲੇ ਉੱਪਰ ਰੋਕ ਸਬੰਧੀ ਕਾਨੂੰਨ ਪਾਸ ਕਰ ਦਿੱਤਾ ਸੀ। ਇਹ ਕਾਨੂੰਨ ਢੁੱਚਰਬਾਜ਼ੀ ਵਾਲੀਆਂ ਮੱਦਾਂ ਕਾਰਨ ਬਦਨਾਮ ਹੋ ਗਿਆ। ਇਮੀਗਰੇਟਾਂ ਨੂੰ ਰੋਕਣ ਲਈ, ਲਿਖਤੀ ਫਾਰਮ ਨੂੰ ਕਿਸੇ ਯੂਰਪੀਅਨ ਭਾਸ਼ਾ ਵਿਚ ਭਰਨ ਦੀ ਇਮੀਗਰੇਂਟਾਂ ਦੀ ਯੋਗਤਾ ਨੂੰ ਇੱਕ ਵਿਉਂਤ ਦੇ ਤੌਰ 'ਤੇ ਵਰਤਿਆ ਗਿਆ। ਇਸ ਵਿਚ ਕਿਸੇ ਅਣਚਾਹੇ ਨਸਲੀ ਜਾਂ ਕੌਮੀ ਗਰੁੱਪ ਦਾ ਨਾਮ ਨਹੀਂ ਲਿਆ ਗਿਆ ਸੀ। ਪਰ ਭਾਸ਼ਾ ਪ੍ਰੀਖਿਆ ਨੂੰ ਭਾਰਤ ਦੇ ਇਮੀਗਰੇਟਾਂ ਉੱਪਰ ਰੋਕ ਲਾਉਣ ਦਾ ਵਸੀਲਾ ਬਣਾਇਆ। ਲੰਡਨ ਵਿਚਲੇ ਸਾਮਰਾਜੀ ਅਫ਼ਸਰਾਂ ਨੇ ਇਸ ਨਿਯਮ 'ਤੇ ਕੋਈ ਇਤਰਾਜ਼ ਨਹੀਂ ਉਠਾਇਆ। ਭਾਵੇਂ ਕਿ ਇਸ ਕਾਨੂੰਨ ਦੇ ਅਸਲੀ ਮੰਤਵ ਨੂੰ ਪਾਰਦਰਸ਼ੀ ਢੰਗ ਨਾਲ ਲ਼ਿਖਣ 'ਤੇ ਉਹਨਾਂ ਨੂੰ ਇਸ ਦਾ ਵਿਰੋਧ ਕਰਨਾ ਪੈਣਾ ਸੀ। ਉਹਨਾਂ ਨੇ ਬੰਦਸ਼ ਲਾਉਣ ਦੇ ਇਸ ਤਰੀਕੇ ਨੂੰ ਪਸੰਦ ਕੀਤਾ। ਕਿਉਂਕਿ ਇਹ ਤਰੀਕਾ ਉਨ੍ਹਾਂ ਨੂੰ ਸੁਖਾਲੇ ਸ਼ਬਦਾਂ ਵਿਚ ਇਹ ਕਹਿਣ ਦੀ ਖੁੱਲ੍ਹ ਦਿੰਦਾ ਸੀ, ਕਿ ਸਾਮਰਾਜ ਵਿਚ ਇਮਗਿਰੇਸ਼ਨ ਕਰਨ ਲਈ ਕਿਸੇ ਤਰ੍ਹਾਂ ਦਾਂ ਨਸਲੀ ਵਿਤਕਰਾ ਲਾਗੂ ਨਹੀਂ ਸੀ।

ਛੇਤੀ ਹੀ ਤਿੰਨ ਆਸਟ੍ਰੇਲੀਅਨ ਬਸਤੀਆਂ (ਪੱਛਮੀ ਆਸਟ੍ਰੇਲੀਆ, ਨਿਊ ਸਾਊਥ ਵੇਲਜ਼ ਤੇ ਤਸਮਾਨੀਆ) ਅਤੇ ਨਿਊਜ਼ੀਲੈਂਡ ਨੇ ਇਸੇ ਪ੍ਰਕਾਰ ਦਾ ਕਾਨੂੰਨ ਲਾਗੂ ਕਰ ਦਿੱਤਾ। 1901ਵਿਚ ਆਸਟ੍ਰੇਲੀਅਨ ਬਸਤੀਆਂ ਦੇ ਇੱਕਠੇ ਹੋਣ ਬਾਅਦ, ਸੰਘੀ ਪਾਰਲੀਮੈਂਟ ਨੇ ਜੋ ਪਹਿਲਾਂ ਕਾਨੂੰਨ ਪਾਸ ਕੀਤਾ ਉਹ ਸੀ। 'ਨਟਾਲ ਐਕਟ'

ਨਹੀਂ ਕਰ ਰਹੀ ਸੀ। ਸਿਧਾਂਤਕ ਤੌਰ 'ਤੇ ਬ੍ਰਿਟਿਸ਼ ਬਸਤੀਆਂ ਦੇ ਬਸ਼ਿੰਦਿਆਂ ਅਤੇ ਯੂ.ਕੇ ਦੇ ਨਾਗਰਿਕਾਂ, ਸਭ ਕੋਲ ਬ੍ਰਿਟਿਸ਼ ਨਾਗਰਿਕਤਾ ਸੀ। ਪਰ ਅਮਲੀ ਤੌਰ 'ਤੇ ਬਸਤੀਆਂ ਦੇ ਕਾਲੇ-ਭੂਰੇ ਲੋਕਾਂ ਕੋਲ, ਆਪਣੇ ਨਾਲ ਹੁੰਦੇ ਵਿਤਕਰੇਪੂਰਨ ਵਿਵਹਾਰ ਵਿਰੁੱਧ ਨਾਂ-ਮਾਤਰ ਸੁਰੱਖਿਆ ਸੀ। ਜਦੋਂ ਦੱਖਣੀ ਅਫ਼ਰੀਕਾ, ਪੂਰਬੀ ਅਫ਼ਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ ਅਤੇ ਕਨੇਡਾ ਵਿਚ ਏਸ਼ੀਅਨਾਂ ਦੇ ਇਮੀਗਰੇਸ਼ਨ ਦਾ ਮਸਲਾ ਉੱਭਰ ਕੇ ਸਾਹਮਣੇ ਆਇਆ ਤਾਂ ਬ੍ਰਿਟਿਸ਼ ਸਰਕਾਰ ਨੇ ਇਸ ਵਿਚ ਦਖ਼ਲ ਨਾਂ ਦੇਣ ਦਾ ਫ਼ੈਸਲਾ ਕੀਤਾ।

ਲੌਰੀਅਰ ਲਈ, ਬ੍ਰਿਟਿਸ਼ ਸਰਕਾਰ ਦੀਆਂ ਤਰਜ਼ੀਹਾਂ ਨਾਲੋਂ ਆਪਣੇ ਕਨੇਡਾ ਵਿਚਲੇ ਵੋਟਰਾਂ ਦੀ ਆਵਾਜ਼ ਦੀ ਜ਼ਿਆਦਾ ਅਹਿਮੀਅਤ ਸੀ। ਇੱਕ ਚੁਣੇ ਹੋਏ ਸਿਆਸੀ ਨੇਤਾ ਵਾਂਗ ਉਸ ਨੇ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਦੀ ਗੱਲ ਸੁਣੀ ਭਾਵੇਂ ਕਿ ਇਹ ਸੂਬਾ ਸਾਇਜ਼ ਵਿਚ ਛੋਟਾ ਅਤੇ ਸਮੁੰਦਰ ਕੰਢੇ ਉੱਪਰ ਸਥਿਤ ਸੀ। ਬ੍ਰਿਟਿਸ਼ ਕੋਲੰਬੀਆ ਵਿਚਲਾ ਇਹ ਮੁੱਖ ਵੋਟ-ਬੈਂਕ ਕੌਮੀ ਚੋਣਾਂ ਵਿਚ ਬਹੁਤ ਵੱਡਾ ਫ਼ਰਕ ਪਾ ਸਕਦਾ ਸੀ ਅਤੇ ਲੌਰੀਅਰ ਇਹਨਾਂ ਵੋਟਾਂ ਦੀ ਅਹਿਮੀਅਤ ਨੂੰ ਸਮਝਦਾ ਸੀ। ਕਨੇਡਾ ਸਰਕਾਰ ਨੇ ਮਾਰਚ 1908 ਵਿਚ ਭਾਰਤੀ ਆਵਾਸ ਨੂੰ ਅਸਰਦਾਰ ਢੰਗ ਨਾਲ ਰੋਕਣ ਦੇ ਸਾਰੇ ਤਰੀਕੇ ਅਪਣਾ ਲਏ ਸਨ ਅਤੇ ਬ੍ਰਿਟਿਸ਼ ਸਰਕਾਰ ਨੇ ਬਗੈਰ ਕਿਸੇ ਇਤਰਾਜ਼ ਦੇ ਇਸ ਹਾਲਾਤ ਨੂੰ ਸਵੀਕਾਰ ਕਰ ਲਿਆ ਸੀ। ਉਹਨਾਂ ਨੇ ਭਾਰਤ ਸਰਕਾਰ ਨੂੰ ਮਸ਼ਵਰਾ ਦਿੱਤਾ ਕਿ ਇਸ ਮਸਲੇ ਦਾ ਹੋਰ ਕੋਈ ਹੱਲ ਨਹੀਂ ਸੀ ਅਤੇ ਕਨੇਡਾ ਜਿਹੀ ਸਵੈ-ਸ਼ਾਸਤ ਬਸਤੀ ਨੂੰ ਇਮੀਗਰੇਸ਼ਨ ਸਬੰਧੀ ਆਪਣੇ ਕਾਨੂੰਨ ਬਣਾਉਣ ਦੀ ਕਾਨੂੰਨੀ ਆਜ਼ਾਦੀ ਹਾਸਲ ਸੀ। ਇਸ ਤਰਾਂ ਸਰਕਾਰੀ ਪੱਧਰ 'ਤੇ ਮਸਲਾ ਦਬ ਗਿਆ। ਪਰ ਪਰਦੇ ਪਿੱਛੇ ਬ੍ਰਿਟਿਸ਼ ਸਰਕਾਰ ਨੇ ਕਨੇਡਾ ਅਤੇ ਦੂਸਰੀਆਂ ਸਵੈ-ਸ਼ਾਸਤ ਬਸਤੀਆਂ ਨੂੰ, ਬ੍ਰਿਟਿਸ਼ ਪਰਜਾ ਵਿਰੁੱਧ ਵਿਤਕਰੇਪੂਰਨ ਕਦਮ ਚੁੱਕਦੇ ਸਮੇਂ ਇਸ ਤਰ੍ਹਾਂ ਦੇ ਖੁੱਲ੍ਹਮ-ਖੁਲ੍ਹੇ ਕਾਨੂੰਨ ਬਣਾਉਣ ਤੋਂ ਬਚਣ ਦੀ ਸਲਾਹ ਦਿੱਤੀ। ਪਰ ਇਹ ਫ਼ੈਸਲਾ ਇਹਨਾਂ ਬਸਤੀਆਂ ਨੇ ਕਰਨਾ ਸੀ। ਕਿ ਉਹ ਕਿਸੇ ਇਮੀਗਰੇਂਟ ਨੂੰ ਆਪਣੇ ਮੁਲਕ ਵਿਚ ਦਾਖਲੇ ਦੀ ਆਗਿਆ ਦੇਣ ਜਾਂ ਨਾਂ ਦੇਣ।

ਵੀਹਵੀਂ ਸਦੀ ਦੇ ਸ਼ੁਰੂ ਵਿਚ ਕਨੇਡਾ ਵਿਚ ਇਮੀਗਰੇਸ਼ਨ ਕਰਕੇ ਗਏ ਪੰਜਾਬੀ ਸਿੱਖਾਂ ਅਤੇ ਦੂਸਰੇ ਏਸ਼ੀਅਨਾਂ ਲਈ ਉਸ ਵਕਤ ਦੇ ਹਾਲਾਤ ਕੁੱਝ ਉਪਰ ਦਸੇ ਵਾਂਗ ਸਨ। ਇਹ ਸਮੱਸਿਆ ਪੈਦਾ ਹੋਣ ਤੋਂ ਪਹਿਲਾਂ, ਥੋੜ੍ਹੇ ਜਿਹੇ ਲੋਕ ਉਸ ਮੁਲਕ ਵਿਚ ਜਾ ਕੇ ਵੱਸ ਚੁਕੇ ਸਨ, ਪਰ ਉਨਾਂ ਦੇ ਰਿਸ਼ਤੇਦਾਰ, ਪੇਂਡੂ ਜਾਣਕਾਰ ਤੇ ਦੂਸਰੇ ਸਾਥੀ ਅਜਿਹਾ ਨਾ ਕਰ ਸਕੇ। ਮੌਜੂਦਾ ਹਾਲਾਤ ਦਾ ਮੁਲੰਕਣ ਕਰਕੇ ਉਹ ਇਸ ਨਤੀਜੇ 'ਤੇ ਪਹੁੰਚੇ ਕਿ ਉਹਨਾਂ ਦੀ ਚਮੜੀ ਦਾ ਰੰਗ ਹੀ ਇਸ ਹਾਲਾਤ ਦਾ ਕਾਰਨ ਸੀ ਅਤੇ ਇਹ ਸੱਚ ਵੀ ਸੀ। ਪਰ ਪੂਰਾ ਸੱਚ ਨਹੀਂ। ਕਨੇਡਾ ਵਿਚ ਕਿਸੇ ਵੀ ਨਸਲ ਜਾਂ ਕੌਮੀਅਤ ਦੇ ਇਮੀਗਰੇਂਟਾਂ ਪ੍ਰਤੀ ਵਿਆਪਕ ਵਿਰੋਧ ਸੀ ਅਤੇ ਇਹ ਵਿਰੋਧ ਜ਼ਿਆਦਾ

(John A. Macdonald) ਦੀ ਸੰਘੀ ਸਰਕਾਰ ਨੂੰ ਚੀਨੀ ਇਮੀਗਰੇਂਟਾਂ ਉੱਪਰ 50 ਡਾਲਰ ਪ੍ਰਤੀ ਵਿਅਕਤੀ ਟੈਕਸ ਲਾਉਣ ਵਾਲਾ ਇਮੀਗਰੇਸ਼ਨ ਕਾਨੂੰਨ ਬਣਾਉਣਾ ਪਿਆ ਅਤੇ ਡੇਢ ਦਹਾਕੇ ਬਾਅਦ ਜਦੋਂ ਇਹ ਰਕਮ ਪ੍ਰਭਾਵਕਾਰੀ ਸੀਮਾ ਤੋਂ ਬਹੁਤ ਘੱਟ ਮਹਿਸੂਸ ਹੋਣ ਲੱਗੀ ਤਾਂ ਸੂਬਾਈ ਸਰਕਾਰ ਨੇ ਸਫ਼ਲ ਸੰਘਰਸ਼ ਕਰਕੇ ਸਰ ਵਿਲਫਰਿਡ ਲੌਰੀਅਰ (Sir Wilferd Laurier) ਦੀ ਲਿਬਰਲ ਸੰਘੀ ਸਰਕਾਰ ਤੋਂ ਇਸ ਟੈਕਸ ਦੀ ਰਕਮ ਵਧਾ ਕੇ ਪਹਿਲਾਂ ਸੰਨ 1900 ਵਿਚ 100 ਡਾਲਰ ਤੇ ਫੇਰ ਸੰਨ 1903 ਵਿਚ 500 ਡਾਲਰ ਕਰਵਾ ਲਈ। ਚੀਨੀ ਸ਼ਾਹੀ ਸਰਕਾਰ ਨੇ ਚੀਨੀ ਇਮੀਗਰੇਂਟਾਂ ਨਾਲ-ਚੀਨੀ ਸਫ਼ੀਰਾਂ ਦੇ ਕਹਿਣ ਮੁਤਾਬਕ- ਖੁਲ੍ਹੇ ਤੌਰ 'ਤੇ ਹੋ ਰਹੇ ਇਸ ਵਿਤਕਰੇ ਪੂਰਨ ਕਾਨੂੰਨ ਨੂੰ ਨਾ-ਪਸੰਦ ਕੀਤਾ ਸੀ। ਪਰ ਅੰਤਰ-ਰਾਸ਼ਟਰੀ ਅਖਾੜੇ ਵਿਚ, ਅੱਜ ਦੇ ਮੁਕਾਬਲੇ ਉਸ ਸਮੇਂ ਦੇ ਚੀਨ ਦੀ ਕਮਜ਼ੋਰ ਸਥਿਤੀ ਕਾਰਨ, ਚੀਨੀ ਸਰਕਾਰ, ਲੌਰੀਅਰ ਸਰਕਾਰ ਤੋਂ ਕੋਈ ਤਸੱਲੀਬਖਸ਼ ਜਵਾਬ ਹਾਸਲ ਨਾ ਕਰ ਸਕੀ। ਅੰਤਰ-ਰਾਸ਼ਟਰੀ ਰੁਤਬੇ ਨੇ ਵੱਡਾ ਫ਼ਰਕ ਪਾਇਆ ਅਤੇ ਲੌਰੀਅਰ ਸਰਕਾਰ ਭਾਰਤੀ ਤੇ ਜਾਪਾਨੀ ਇਮੀਗਰੇਂਟਾਂ ਉੱਪਰ ਸਿੱਧੀਆਂ ਪਾਬੰਦੀਆਂ ਲਾਉਣ ਤੋਂ ਝਿਜਕਦੀ ਰਹੀ। ਜਪਾਨ ਇੱਕ ਤਾਕਤਵਰ ਫ਼ੌਜੀ ਸ਼ਕਤੀ ਸੀ ਅਤੇ ਬ੍ਰਿਟਿਸ਼ ਸਰਕਾਰ ਨਾਲ ਸੰਧੀ ਕੀਤੀ ਹੋਈ ਸੀ। ਜਦ ਕਿ ਭਾਰਤ ਬ੍ਰਿਟਿਸ਼ ਸਾਮਰਾਜ ਦਾ ਇੱਕ ਵੱਡਾ ਹਿੱਸਾ ਸੀ। ਲੌਰੀਅਰ ਸਰਕਾਰ ਵੱਲੋਂ ਬ੍ਰਿਟਿਸ਼ ਕੋਲੰਬੀਆ ਦੇ 'ਨਟਾਲ ਕਾਨੂੰਨਾਂ' ਨੂੰ ਠੁਕਰਾਉਣ ਦਾ ਕਾਰਨ, ਇਮੀਗਰੇਸ਼ਨ ਦੇ ਮੁੱਦੇ ਉੱਪਰ ਸੰਘੀ ਸਰਕਾਰ ਦੀ ਪ੍ਰਮੁੱਖਤਾ ਤੋਂ ਇਲਾਵਾ ਉੱਪਰੋਕਤ ਤੱਥਾਂ ਦੀ ਵੀ ਅਹਿਮ ਭੂਮਿਕਾ ਸੀ। ਆਖਰ ਹਾਲਾਤ ਸੰਨ 1908 ਦੇ ਆਉਣ ਤੱਕ ਬਦਲ ਗਏ। ਜਦ ਅਦਾਲਤਾਂ ਨੇ ਸੂਬਾਈ ਨਟਾਲ ਕਾਨੂੰਨਾਂ ਦੇ ਬਾਅਦ ਦੇ ਸਭ ਸਰੂਪ ਵੀ ਨਾਂ-ਮਨਜ਼ੂਰ ਕਰ ਦਿੱਤੇ ਅਤੇ ਸੰਘੀ ਸਰਕਾਰ ਨੇ ਇਹ ਫ਼ੈਸਲਾ ਸਵੀਕਾਰ ਕਰ ਲਿਆ ਵੈਨਕੂਵਰ ਵਿਚ ਹੋਏ ਏਸ਼ੀਅਨਾਂ-ਵਿਰੁੱਧ ਦੰਗਿਆਂ ਕਾਰਨ, ਉਸ ਸਮੇਂ ਤੱਕ ਸੰਘੀ ਸਰਕਾਰ ਨੇ ਆਪਣੀ ਆਵਾਸ ਨੀਤੀ ਦਾ ਪੁਨਰ-ਮੁਲੰਕਣ ਕਰ ਲਿਆ ਸੀ ਅਤੇ ਭਾਰਤ, ਚੀਨ ਤੇ ਜਪਾਨ ਸਮੇਤ ਸਾਰੇ ਏਸ਼ੀਅਨਾਂ ਦੇ ਆਵਾਸ ਉੱਪਰ ਰੋਕ ਲਾਉਣ ਦਾ ਫ਼ੈਸਲਾ ਕਰ ਲਿਆ ਸੀ।

ਲੌਰੀਅਰ ਸਰਕਾਰ ਦੀ ਇਮੀਗਰੇਸ਼ਨ ਨੀਤੀ ਵਿਚ, ਇਹ, ਇੱਕ ਉੱਘੜਵਾਂ ਪਿੱਛਲ ਮੋੜਾ ਸੀ। ਕਿਉਂਕਿ ਸਤੰਬਰ 1906 ਤੱਕ ਉਹ ਕਹਿੰਦਾ ਰਿਹਾ ਸੀ, ਕਿ ਕਿਸੇ ਵੀ ਨਸਲ ਜਾਂ ਕਿਸਮ ਦੇ ਬ੍ਰਿਟਿਸ਼ ਨਾਗਰਿਕ ਦੇ, ਕਨੇਡਾ ਵਿਚ ਦਾਖਲੇ ਨੂੰ ਰੋਕਣ ਦੇ, ਉਸ ਕੋਲ ਕੋਈ ਅਖਤਿਆਰ ਨਹੀਂ ਸਨ। ਉਹ ਇੱਕ ਟਕਸਾਲੀ ਉਦਾਰਵਾਦੀ ਸੀ, ਜੋ ਵਿਅਕਤੀਗਤ ਆਜ਼ਾਦੀਆਂ ਅਤੇ ਲੋਕਾਂ ਦੇ ਆਜ਼ਾਦ ਤੌਰ 'ਤੇ ਕਿਤੇ ਵੀ ਆਉਣ-ਜਾਣ ਦੀ ਆਜ਼ਾਦੀ ਵਿਚ ਘਟੋ ਘੱਟ ਇਕ ਉੱਚ ਵਿਚਾਰ ਦੇ ਤੌਰ ਤੇ, ਵਿਸ਼ਵਾਸ ਰੱਖਦਾ ਸੀ। ਪਰ ਬ੍ਰਿਟਿਸ਼ ਸਰਕਾਰ ਖੁਦ ਆਪਣੇ ਨਾਗਰਿਕਾਂ ਦੀ, ਪੂਰੇ ਬ੍ਰਿਟਿਸ਼ ਸਾਮਰਾਜ ਵਿਚ ਇੱਕ ਸਮਾਨ ਸਾਂਝੇ ਅਧਿਕਾਰਾਂ ਦੀ ਰੱਖਿਆ

ਚੰਗੀ ਨਾ ਲੱਗੀ ਕਿ ਇਹ ਇਮੀਗਰੇਂਟ ਲੋਕ ਬ੍ਰਿਟਿਸ਼ ਸਾਮਰਾਜ ਦੀ ਨੁਕਤਾਚੀਨੀ ਕਰਦੇ ਸਨ। ਇੰਮੀਗਰੇਸ਼ਨ ਦਾ ਮਸਲਾ ਹੀ ਆਪਣੇ-ਆਪ ਵਿਚ ਟਕਰਾਅ ਪੈਦਾ ਕਰਨ ਵਾਲਾ ਮਸਲਾ ਸੀ। ਪ੍ਰੰਤੂ ਸਾਮਰਾਜੀ ਮੁੱਦੇ ਨੇ ਇਸਨੂੰ ਹੋਰ ਵੀ ਤਿੱਖਾ ਕਰ ਦਿੱਤਾ। ਕਾਮਾਗਾਟਾਮਾਰੂ ਦੇ ਸਫ਼ਰ ਦਾ ਨਤੀਜਾ ਬਹੁਤ ਤਬਾਹਕੁੰਨ ਸੀ ਅਤੇ ਮੁਸਾਫ਼ਰਾਂ ਲਈ ਵੱਡਾ ਦੁਖਾਂਤ, ਪਰ ਇਤਿਹਾਸ ਵਿਚ ਇਹ ਅੱਜ ਤੱਕ ਦੀ, ਕਿਸੇ ਕਮਜ਼ੋਰ ਇਮੀਗਰੇਂਟ ਸਮੂਹ ਵੱਲੋਂ ਕਨੇਡਾ ਦੀ ਇਮੀਗਰੇਸ਼ਨ ਨੀਤੀ ਦੇ ਖ਼ਿਲਾਫ਼ ਦਿੱਤੀ ਜਾਣ ਵਾਲ਼ੀ ਸਭ ਤੋਂ ਵੱਡੀ ਡਰਾਮਾਈ ਚੁਣੌਤੀ ਹੈ। ਅਤੇ ਇਹ ਕੋਈ ਇੱਕੱਲੀ-ਕਹਿਰੀ ਕਾਰਵਾਈ ਨਹੀਂ ਸੀ। ਕਨੇਡਾ ਵਿਚਲੇ ਛੋਟੇ ਜਿਹੇ ਇਸ ਭਾਰਤੀ ਫ਼ਿਰਕੇ ਨੇ ਇਹ ਲੜਾਈ ਅਸਰਦਾਰ ਕਾਰਵਾਈਆਂ, ਦਰਖ਼ਾਸਤੀ ਮੁਹਿੰਮਾਂ ਅਤੇ ਕਾਨੂੰਨੀ ਚੁਣੌਤੀਆਂ ਆਦਿ ਤਰੀਕਿਆਂ ਸਹਾਰੇ ਪੂਰੇ ਪੰਜਾਹ ਸਾਲ ਜਾਰੀ ਰੱਖੀ ਜਦ ਤਕ ਉਨ੍ਹਾਂ ਨੇ ਹਰ ਪੱਧਰ'ਤੇ ਛੋਟੀਆਂ-ਛੋਟੀਆਂ ਜਿੱਤਾਂ ਜਿੱਤਦੇ ਹੋਏ, ਪੂਰੀ ਤਰ੍ਹਾਂ ਕਨੇਡੀਆਈ ਸਮਾਜ ਵਿਚ ਆਪਣਾ ਯੋਗ ਸਥਾਨ ਹਾਸਲ ਨਹੀਂ ਕਰ ਲਿਆ।



*ਵੈਨਕੂਵਰ 'ਚ ਜੰਗਲਾਂ ਦੀ ਸਫ਼ਾਈ ਕਰਦੇ ਸਿੱਖ (1910)*

ਜ਼ੋਰ ਨਾਲ ਗੋਰੇ ਮਜ਼ਦੂਰਾਂ ਤੇ ਉਨ੍ਹਾਂ ਦੇ ਪ੍ਰਤੀਨਿਧਾਂ ਵੱਲੋਂ ਕੀਤਾ ਜਾਂਦਾ ਸੀ। ਇਹ ਉਹ ਦਹਾਕਾ ਸੀ। ਜਦ ਕਨੇਡਾ ਨੇ ਆਪਣੇ ਇਤਿਹਾਸ ਦੇ ਸਭ ਤੋਂ ਵੱਡੇ ਇਮੀਗਰੇਸ਼ਨ ਦਾ ਅਨੁਭਵ ਕੀਤਾ ਅਤੇ ਮੁਲਕ ਨੂੰ ਇਸ ਭਾਰੇ ਇਮੀਗਰੇਸ਼ਨ ਦੇ ਹੋਣ ਵਾਲੇ ਫ਼ਾਇਦੇ ਦੇ ਬਾਵਜੂਦ ਇਸ ਦਾ ਬਹੁਤ ਸਖ਼ਤ ਨਾਂ-ਪੱਖੀ ਪ੍ਰਤੀਕਰਮ ਹੋਇਆ। ਪਰ ਪੰਜਾਬੀਆਂ ਨੇ ਇਸ ਘਟਨਾਕ੍ਰਮ ਨੂੰ ਆਮ ਅੰਦਾਜ਼ ਵਿਚ ਨਹੀਂ ਲਿਆ। ਉਹਨਾਂ ਦੇ ਅਨੁਭਵ ਵੱਖਰੀ ਕਿਸਮ ਦੇ ਸਨ। ਉਹ ਇਸ ਮੁਲਕ ਵਿਚ ਆਏ, ਕੰਮ ਲੱਭਿਆ ਅਤੇ ਮਹਿਸੂਸ ਕੀਤਾ ਕਿ ਬਹੁਤੇ ਲੋਕ ਉਹਨਾਂ ਨੂੰ ਪਸੰਦ ਨਹੀਂ ਕਰਦੇ। ਇਹ ਉਹਨਾਂ ਦਾ ਮੂਲ ਅਨੁਭਵ ਸੀ।

ਇੱਕ ਫ਼ਿਰਕੇ ਦੇ ਤੌਰ 'ਤੇ ਕਨੇਡਾ ਵਿਚਲੇ ਪੰਜਾਬੀ ਸਿੱਖਾਂ ਨੇ ਆਪਣੇ ਨਾਲ ਦੇਸ਼ ਅਤੇ ਵਿਦੇਸ਼ ਵਿਚ ਹੁੰਦੇ ਦੂਜੇ ਦਰਜੇ ਦੇ ਸ਼ਹਿਰੀਆਂ ਵਾਲੇ ਸਲੂਕ ਨੂੰ ਕਦੀ ਵੀ ਪ੍ਰਵਾਨ ਨਹੀਂ ਸੀ ਕੀਤਾ ਅਤੇ ਉਹਨਾਂ ਨੇ ਹਾਲਾਤ ਦੀ ਤਬਦੀਲੀ ਲਈ ਸੰਘਰਸ਼ ਕਰਨਾ ਕਦੀ ਵੀ ਬੰਦ ਨਾ ਕੀਤਾ। ਭਾਰਤ ਵਿਚ ਬ੍ਰਿਟਿਸ਼ ਰਾਜ ਜਿਸ ਨੇ ਉਹਨਾਂ ਦੀ ਸੁਰੱਖਿਆ ਲਈ ਕੁੱਝ ਨਹੀਂ ਸੀ ਕੀਤਾ, ਦੇ ਖ਼ਾਤਮੇ ਅਤੇ ਦੇਸ਼ ਦੀ ਆਜ਼ਾਦੀ ਦੇ ਉਹ ਪੱਕੇ ਮੁੱਦਈ ਸਨ ਅਤੇ ਇਸ ਦੀ ਪ੍ਰਾਪਤੀ ਲਈ ਅੱਗੇ ਹੋ ਕੇ ਲੜ੍ਹਨ ਵਾਲੇ ਖਾੜਕੂ ਕਾਰਕੁੰਨ ਸਨ। ਉਹਨਾਂ ਵਿਚੋਂ ਕੁਝ ਹਥਿਆਰਬੰਦ ਘੋਲ ਨੂੰ ਹੀ ਇੱਕੋ-ਇੱਕ ਰਾਹ ਸਮਝਦੇ ਸਨ ਅਤੇ ਕੁਝ ਇਸ ਗੱਲ ਨਾਲ ਸਹਿਮਤ ਨਹੀਂ ਸਨ ਜਿਸ ਕਾਰਨ ਉਨ੍ਹਾਂ ਵਿਚਕਾਰ ਜ਼ਬਰਦਸਤ ਖਿੱਚੋਤਾਣ (tension) ਬਣੀ ਰਹਿੰਦੀ ਸੀ। ਉਹਨਾਂ ਨੇ ਪੂਰੇ ਨਾਗਰਿਕ ਅਧਿਕਾਰਾਂ, ਦਾਖ਼ਲੇ ਦੀ ਪੂਰੀ ਆਜ਼ਾਦੀ ਆਦਿ ਤਬਦੀਲੀਆਂ ਲਈ ਕਨੇਡਾ ਵਿਚ ਵੀ ਸੰਘਰਸ਼ ਕੀਤਾ। ਉਨ੍ਹਾਂ ਮਹਿਸੂਸ ਕੀਤਾ ਕਿ ਭਾਰਤ ਦੀ ਆਜ਼ਾਦੀ ਅਤੇ ਕਨੇਡਾ ਵਿਚ ਇੱਛਿਤ ਸਨਮਾਨਜਨਕ ਵਿਵਹਾਰ, ਇੱਕ ਹੀ ਸਿੱਕੇ ਦੇ ਦੋ ਪਾਸੇ ਹਨ। ਅਜਿਹੇ ਵਿਚਾਰ ਐਂਗਲੋ-ਕਨੇਡੀਅਨ ਵਸੋਂ ਦੀ ਵੱਡੀ ਗਿਣਤੀ ਦੀ ਸਮਝ ਤੋਂ ਬਾਹਰ ਦੀ ਗੱਲ ਸੀ। ਜੋ ਅਜੇ ਵੀ ਸੁਭਾਵਿਕ ਤੌਰ 'ਤੇ ਬ੍ਰਿਟਿਸ਼ ਸਾਮਰਾਜ ਅਤੇ ਕਨੇਡਾ ਵਿਚਲ਼ੀ ਆਪਣੀ ਵਿਸ਼ੇਸ਼ ਅਧਿਕਾਰ-ਪ੍ਰਾਪਤ ਹੈਸੀਅਤ ਦੀ ਸੁਰੱਖਿਆ ਦੀ ਵਕਾਲਤ ਕਰਦੇ ਸਨ।

ਕਾਮਾਗਾਟਾਮਾਰੂ ਜਹਾਜ਼ ਦਾ ਸਮੁੰਦਰੀ ਸਫ਼ਰ ਇਮੀਗਰੇਸ਼ਨ ਤੇ ਰੋਕਾਂ ਵਿਰੁੱਧ ਸਿੱਧੀ ਚੁਣੌਤੀ ਸੀ-ਇੱਕ ਅਜਿਹੀ ਚੁਣੌਤੀ ਜੋ ਬ੍ਰਿਟਿਸ਼ ਸਾਮਰਾਜ ਦੇ ਮੁੱਦੇ ਕਾਰਨ ਗੁੰਝਲਦਾਰ ਬਣ ਗਈ ਸੀ। ਜਹਾਜ਼ ਵਿਚ ਸਫ਼ਰ ਕਰ ਰਹੇ ਨੇਤਾ ਅਤੇ ਉਹਨਾਂ ਦੇ ਤੱਟ ਉੱਪਰਲੇ ਸਾਥੀਆਂ ਨੇ ਜਿੱਥੇ ਇੱਕ ਪਾਸੇ ਕਨੇਡਾ ਨੂੰ ਭਾਰਤੀਆਂ ਲਈ ਖੋਲ੍ਹਣ ਦੀ ਪੱਕੀ ਧਾਰੀ ਹੋਈ ਸੀ, ਉਥੇ ਦੂਸਰੇ ਪਾਸੇ ਉਹ ਭਾਰਤ ਵਿਚਲੇ ਅੰਗਰੇਜ਼ੀ ਰਾਜ ਦੀ ਵੀ ਖੁੱਲ੍ਹ ਕੇ ਨੁਕਤਾਚੀਨੀ ਕਰਦੇ ਸਨ ਅਤੇ ਵਕਤ ਵੀ ਉਨ੍ਹਾਂ ਦਾ ਸਾਥ ਦੇ ਰਿਹਾ ਸੀ। ਦੋਨੋਂ ਨੁਕਤਿਆਂ ਉੱਪਰ ਹੀ ਉਹ ਸਹੀ ਤੇ ਨਿਆਂਪੂਰਨ ਸਾਬਤ ਹੋਏ। ਪਰ ਕਨੇਡੀਅਨ ਲੋਕਾਂ ਨੂੰ, ਜੋ ਬ੍ਰਿਟਿਸ਼ ਸਾਮਰਾਜ ਵਿਚ ਭਰੋਸਾ ਰੱਖਦੇ ਸਨ, ਇਹ ਗੱਲ

ਮਸਲਾ ਸੀ। ਜੋ ਇਮੀਗਰੇਸ਼ਨ ਕਰਕੇ ਆਏ ਸਨ ਜਾਂ ਪਿੱਛੇ ਰੁਕ ਗਏ ਸਨ। ਸਭ ਦੇ ਮਨ ਵਿਚ ਆਪਣਾ ਘਰ ਹੀ ਸਭ ਤੋਂ ਵਧੀਆ, ਸਭ ਤੋਂ ਢੁੱਕਵੀਂ, ਸੁਰੱਖਿਅਤ, ਮਦਦਗਾਰ ਅਤੇ ਪਰਿਵਾਰ ਦੇ ਰਹਿਣ ਲਈ ਸਭ ਤੋਂ ਸਸਤੀ ਜਗ੍ਹਾ ਸੀ। ਤਕਰੀਬਨ ਬਿਨਾਂ ਕਿਸੇ ਛੋਟ ਦੇ, ਸਿਰਫ਼ ਨੌਜਵਾਨ ਇਮੀਗਰੇਂਟ ਹੀ ਬ੍ਰਿਟਿਸ਼ ਕੋਲੰਬੀਆ ਜਿਹੀ ਜਗ੍ਹਾ ਉੱਪਰ ਮਿਲਣ ਵਾਲੇ ਮੁਸ਼ਕਿਲ ਕੰਮ ਕਰ ਸਕਦੇ ਸਨ। ਇਹਨਾਂ 'ਚੋਂ ਬਹੁਤੇ ਨੌਜਵਾਨ ਉੱਤਰੀ ਭਾਰਤ ਦੇ ਪੰਜਾਬੀ ਸਿੱਖ ਸਨ। ਥੋੜੀ ਗਿਣਤੀ ਵਿਚ ਮੁਸਲਿਮ ਤੇ ਹਿੰਦੂ ਨੌਜਵਾਨ ਵੀ ਸਨ। ਉਹਨਾਂ ਹੀ ਜ਼ਿਲ੍ਹਿਆਂ ਦੇ ਧਾਰਮਿਕ ਤੌਰ 'ਤੇ ਉਹ ਤਿੰਨ ਵੱਖਰੇ ਸਮੂਹ ਸਨ। ਪਰ ਇਹਨਾਂ ਸਭ ਦੀ ਪੰਜਾਬੀ ਬੋਲੀ ਤੇ ਪੰਜਾਬੀ ਸਭਿਆਚਾਰ ਹੋਣ ਕਰਕੇ ਆਪਸ ਵਿਚ ਕਾਫੀ ਕੁਝ ਸਾਂਝਾ ਸੀ। ਉਹ ਸਾਰੇ ਪੇਂਡੂ ਪੰਜਾਬ 'ਚੋਂ ਸਨ ਅਤੇ ਇਹਨਾਂ 'ਚੋਂ ਕਈਆਂ ਨੇ ਵੈਨਕੂਵਰ ਪਹੁੰਚਣ ਲਈ ਲੋੜੀਂਦੀ ਕਿਰਾਏ ਦੀ ਰਕਮ ਜੋ 50 ਤੋਂ 65 ਡਾਲਰ ਸੀ, ਦਾ ਇੰਤਜ਼ਾਮ ਕਰਨ ਲਈ ਆਪਣੇ ਸਾਂਝੇ ਪਰਿਵਾਰਾਂ ਦੀ ਜ਼ਮੀਨ, 10 ਤੋਂ 12 ਪ੍ਰਤੀਸ਼ਤ ਵਿਆਜ਼ ਉੱਪਰ ਗਹਿਣੇ ਕੀਤੀ ਸੀ। ਉਹ ਇਸ ਕਰਜ਼ੇ ਨੂੰ ਵਾਜਬ ਠਹਿਰਾਉਂਦੇ ਸਨ, ਕਿਉਂਕਿ ਉਨ੍ਹਾਂ ਨੂੰ ਭਾਰਤ ਵਿਚ ਮਿਲਣ ਵਾਲੇ ਕਿਸੇ ਕੰਮ ਨਾਲੋਂ ਇੱਥੇ 10 ਤੋਂ 15 ਗੁਣਾਂ ਵੱਧ ਮਜ਼ਦੂਰੀ ਮਿਲਣ ਦੀ ਉਮੀਦ ਸੀ ਅਤੇ ਇਹ ਅਸਲ ਵਿਚ ਮਿਲਦੀ ਵੀ ਸੀ। ਇਹਨਾਂ 'ਚੋਂ ਬਹੁਤੇ ਆਪਣੇ ਵੱਡਿਆਂ ਤੋਂ ਆਗਿਆ ਲੈ ਕੇ ਆਏ ਸਨ, ਜੋ ਵਿਦੇਸ਼ ਦੀ ਕਮਾਈ ਨਾਲ ਸਾਰੇ ਪਰਿਵਾਰ ਦੀ ਸੰਭਾਵਿਤ ਭਲਾਈ ਦੀ ਆਸ ਰੱਖਦੇ ਸਨ। ਉਹ ਵਿਸ਼ੇਸ਼ ਤੌਰ 'ਤੇ ਪਿੱਛੇ ਰਹਿ ਗਏ। ਪਰਿਵਾਰਕ ਮੈਂਬਰਾਂ ਪ੍ਰਤੀ ਮਜ਼ਬੂਤ ਪ੍ਰਤੀਬੱਧਤਾ ਦੇ ਅਹਿਸਾਸ ਨਾਲ ਵਿਦੇਸ਼ ਆਉਂਦੇ ਸਨ।

ਵੈਨਕੂਵਰ ਤੇ ਵਿਕਟੋਰੀਆ ਦੇ ਨਜ਼ਦੀਕ ਇਮਾਰਤੀ ਲੱਕੜੀ ਵਾਲੇ ਅਹਾਤਿਆਂ (lumber yards) ਜਾਂ ਆਰਾ-ਮਿੱਲਾਂ ਵਿਚ ਕੰਮ ਕਰਕੇ ਉਹ 1.25, 1.50 ਜਾਂ 2.0 ਡਾਲਰ ਪ੍ਰਤੀ ਦਿਨ ਤੱਕ ਕਮਾ ਲੈਂਦੇ ਸਨ। ਇੱਕ ਕਮਰੇ ਵਿਚ 3-4 ਜਣੇ ਰਹਿ ਕੇ, ਲੰਡੇ ਡੰਗ ਖਾਣਾ ਖਾ ਕੇ ਅਤੇ ਪੂਰਾ ਕੰਜੂਸੀ ਵਾਲਾ ਜੀਵਨ ਜਿਉਂ ਕੇ ਉਹ ਆਪਣੀ ਕਮਾਈ ਦਾ ਬਹੁਤਾ ਹਿੱਸਾ ਬਚਾ ਲੈਂਦੇ ਸਨ। ਜੋ ਉਹ ਬਚਾਉਂਦੇ ਸਨ, ਉਸਨੂੰ ਬੈਂਕ ਵਿਚ ਜਮ੍ਹਾਂ ਕਰਾਉਣ ਦੀ ਬਜਾਏ ਉਸ ਰਕਮ ਨਾਲ ਜ਼ਮੀਨ ਖ਼ਰੀਦ ਲੈਂਦੇ ਸਨ ਅਤੇ ਇਸ ਤਰ੍ਹਾਂ ਕਈ ਇਮੀਗਰੇਂਟਾਂ ਨੇ ਇੱਕ ਦਹਾਕੇ ਵਿਚ 3000, 4000 ਜਾਂ 5000 ਡਾਲਰ ਤੱਕ ਇਕੱਠੇ ਕਰ ਲਏ ਸਨ। ਉਸ ਸਮੇਂ ਦੇ ਇਹ ਡਾਲਰ ਅੱਜ ਨਾਲੋਂ ਵੀਹ ਗੁਣਾ ਤੋਂ ਵੀ ਵੱਧ ਖ਼ਰੀਦ ਸ਼ਕਤੀ ਰੱਖਦੇ ਸਨ। ਉਨ੍ਹਾਂ 'ਚੋਂ ਬਹੁਤਿਆਂ ਦਾ ਅੰਤਮ ਟੀਚਾ ਵਾਪਸ ਪੰਜਾਬ ਆਪਣੇ ਪਿੰਡ ਮੁੜਨ ਦਾ ਸੀ। ਜਿੱਥੇ 200 ਡਾਲਰ ਵੀ ਭਾਰਤੀ ਕਰੰਸੀ ਵਿਚ ਤਬਦੀਲ ਹੋ ਕੇ ਇੱਕ ਵੱਡਾ ਖ਼ਜ਼ਾਨਾ ਬਣ ਜਾਣਾ ਸੀ। ਪਰ ਇਹਨਾਂ ਇਮੀਗਰੇਂਟਾਂ ਦਾ ਇੱਕ ਛੋਟਾ ਹਿੱਸਾ ਇਥੇ ਬ੍ਰਿਟਿਸ਼ ਕੋਲੰਬੀਆ ਵਿਚ ਹੀ ਟਿਕ ਗਿਆ ਸੀ। ਜੋ ਸਿਰਫ਼ ਆਪਣੇ ਪਰਿਵਾਰਾਂ ਨੂੰ ਮਿਲਣ ਲਈ ਹੀ

ਅਧਿਆਏ: 1

# ਬੇਦਖਲੀ : ਇੱਕ ਲੁਕਵੀਂ ਨੀਤੀ

ਵੀਹਵੀਂ ਸਦੀ ਦੇ ਸ਼ੁਰੂ ਦੇ ਸਾਲਾਂ ਵਿਚ ਬ੍ਰਿਟਿਸ਼ ਕੋਲੰਬੀਆ ਵਿਚਲੇ ਪੰਜਾਬੀ ਇਮੀਗਰੇਂਟ, ਆਪਣੀ ਨਿਗੂਣੀ ਗਿਣਤੀ ਦੀ ਨਿਸਬਤ, ਚਰਚਾ ਵਿਚ ਜ਼ਿਆਦਾ ਰਹੇ ਅਤੇ ਗਹਿਰੀ ਜਨਤਕ ਉਤਸੁਕਤਾ ਪੈਦਾ ਕਰਦੇ ਰਹੇ। ਸਥਾਨਕ ਅਖ਼ਬਾਰਾਂ ਨੇ ਉਨ੍ਹਾਂ ਬਾਰੇ ਬਹੁਤ ਮਸਾਲੇਦਾਰ, ਉਤੇਜਕ ਅਤੇ ਅਕਸਰ ਨਿੰਦਕ ਖਬਰਾਂ ਆਪਣੇ ਪਹਿਲੇ ਪੰਨਿਆਂ ਉੱਪਰ ਪ੍ਰਕਾਸ਼ਿਤ ਕੀਤੀਆਂ। ਉਨ੍ਹਾਂ ਦੀ ਮੌਜੂਦਗੀ ਉੱਪਰ ਸਥਾਨਕ ਸਿਆਸੀ ਅਤੇ ਮਜ਼ਦੂਰ ਆਗੂਆਂ ਨੂੰ ਸਖ਼ਤ ਇਤਰਾਜ਼ ਹੁੰਦਾ ਸੀ ਅਤੇ ਕਈ ਪੁਰਾਣੇ ਸਰਕਾਰੀ ਯਾਦ-ਪੱਤਰਾਂ, ਸੂਚਨਾਵਾਂ, ਟੈਲੀਗ੍ਰਾਮਾਂ ਤੇ ਚਿੱਠੀਆਂ ਨੂੰ ਵਾਚਣ 'ਤੇ, ਹੈਰਾਨੀ ਦੇ ਨਾਲ ਇਹ ਵੀ ਮਹਿਸੂਸ ਹੁੰਦਾ ਹੈ, ਕਿ ਇਹ ਇਮੀਗਰੇਂਟ ਸਮੂਹ ਉਸ ਸਮੇਂ ਦੇ ਉੱਚ ਸਰਕਾਰੀ ਅਫ਼ਸਰਾਂ ਦਾ ਸਭ ਤੋਂ ਅਹਿਮ ਸਰੋਕਾਰ ਸੀ। ਹੋਰ ਬਹੁਤ ਸਾਰੇ ਇਮੀਗਰੇਂਟ ਸਮੂਹਾਂ ਨੇ ਆਪਣੇ-ਆਪ ਨੂੰ ਕਨੇਡਾ ਵਿਚ ਵੱਖ-ਵੱਖ ਪੱਧਰਾਂ ਤੱਕ ਸਥਾਪਤ ਕੀਤਾ ਪਰ ਉਹਨਾਂ ਸਮੂਹਾਂ ਦੀ ਗਿਣਤੀ ਕਾਫ਼ੀ ਵੱਡੀ ਹੋ ਜਾਣ ਤੱਕ ਕੌਮੀ ਧਿਆਨ ਉਨ੍ਹਾਂ ਵੱਲ ਨਹੀਂ ਗਿਆ। ਪਰ ਇਸ ਪੰਜਾਬੀ ਸਮੂਹ ਬਾਰੇ ਇਹ ਗੱਲ ਨਹੀਂ ਸੀ।

ਪੂਰਬੀ ਕਨੇਡਾ, ਅਮਰੀਕਾ, ਇੰਗਲੈਂਡ, ਯੂਰਪੀ ਮਹਾਂਦੀਪ ਅਤੇ ਏਸ਼ੀਆ ਵਰਗੀਆਂ ਕਈ ਥਾਵਾਂ ਤੋਂ ਆਉਣ ਵਾਲੇ ਇਮੀਗਰੇਂਟਾਂ ਦੇ ਬੇਮਿਸਾਲ ਪ੍ਰਵਾਹ ਦਾ ਉਹ ਇੱਕ ਛੋਟਾ ਜਿਹਾ ਹਿੱਸਾ ਸਨ, ਜੋ ਖੁਸ਼ਹਾਲੀ ਸਮੇਂ ਬ੍ਰਿਟਿਸ਼ ਕੋਲੰਬੀਆ ਵਿਚ ਦਾਖਲ ਹੋਇਆ। ਸ਼ੁਰੂ ਵਿਚ ਉਹ ਆਸਾਨੀ ਨਾਲ ਦਾਖ਼ਲ ਹੋ ਗਏ। ਪਰ ਇਹ ਸਿਲਸਿਲਾ ਕੁਝ ਸਾਲ ਹੀ ਚੱਲਿਆ ਅਤੇ ਫਿਰ ਕਨੇਡੀਅਨ ਸਰਕਾਰ ਨੇ ਭਾਰਤੀ ਇਮੀਗਰੇਂਟਾਂ ਉੱਪਰ ਰੋਕ ਲਗਾ ਦਿੱਤੀ। ਇਹ ਪਹਿਲਾ ਤੋਂ ਦੇਸ਼ ਅੰਦਰ ਰਹਿ ਰਹੇ ਭਾਰਤੀ ਇਮੀਗਰੇਂਟਾਂ ਦੇ ਸਿਆਸੀਕਰਨ ਲਈ ਅਹਿਮ ਮੌਕਾ ਸੀ। ਜਿੰਨਾਂ ਨੇ ਤੁਰੰਤ ਮੁਲੰਕਣ ਕਰਨਾ ਸ਼ੁਰੂ ਕਰ ਦਿੱਤਾ ਕਿ ਆਖ਼ਰ ਕੀ ਹੋਇਆ ਸੀ ਅਤੇ ਉਹ ਇਸ ਬਾਰੇ ਕੀ ਕਰ ਸਕਦੇ ਸਨ।

ਇਹ ਨੌਜਵਾਨ ਜੋ ਘਰੋ ਨਿਕਲ ਕੇ ਆਏ ਸਨ, ਇੱਕ ਅਜਿਹਾ ਤਬਕਾ ਸਨ ਜਿੰਨਾਂ ਦੇ ਮਾਪੇ, ਵਡੇਰੇ ਬਜ਼ੁਰਗ, ਛੋਟੇ ਭੈਣ-ਭਰਾ, ਪਤਨੀਆਂ ਤੇ ਬੱਚੇ ਪਿੱਛੇ ਭਾਰਤ ਵਿਚ ਰਹਿ ਰਹੇ ਸਨ। ਔਰਤਾਂ, ਬੱਚਿਆਂ ਤੇ ਬਜ਼ੁਰਗਾਂ ਨੂੰ ਪਿੱਛੇ ਘਰ ਛੱਡ ਆਉਣਾ, ਆਰਥਿਕਤਾ ਤੇ ਸਭਿਆਚਾਰਕ ਤਰਜ਼ੀਹਾਂ ਨਾਲ ਜੁੜਿਆ ਹੋਇਆ

ਪੱਗਾਂ ਵਾਲੇ ਅਤੇ ਹੱਲਕੇ ਸੂਤੀ ਯੂਰਪੀ ਤਰਜ਼ ਦੀ ਪੋਸ਼ਾਕ ਵਿਚ ਪਹੁੰਚੇ ਪੰਜ ਸਿੱਖਾਂ ਦਾ ਅਦਭੁੱਤ ਦ੍ਰਿਸ਼, ਇੱਕ ਖ਼ਬਰਯੋਗ ਘਟਨਾ ਹੋ ਨਿਬੜੀ। ਮਈ ਮਹੀਨੇ ਵਿਚ ਜ਼ਹਾਜ਼ 'ਐਮਪਰੈੱਸ ਆੱਫ ਜਪਾਨ' ਰਾਹੀਂ 10 ਜਣੇ ਹੋਰ ਪਹੁੰਚੇ ਅਤੇ ਅਗਲੇ ਹਰ ਮਹੀਨੇ 2–3 ਹੋਰ ਸਿੱਖ ਇਮੀਗਰੇਂਟ ਪਹੁੰਚਦੇ ਰਹੇ। ਇਹ ਉਹਨਾਂ ਲਈ ਨਵਾਂ ਮੁਲਕ ਸੀ, ਇਹਨਾਂ ਸਿੱਖਾਂ 'ਚੋਂ ਬਹੁਤੇ ਅੰਗਰੇਜ਼ੀ ਪੜ੍ਹ, ਲਿਖ ਜਾਂ ਬੋਲ ਵੀ ਨਹੀਂ ਸਕਦੇ ਸਨ। ਪਰ ਉਨ੍ਹਾਂ ਵਿਚ ਕੁਝ ਪੜ੍ਹੇ-ਲਿਖੇ ਲੋਕ ਸਨ ਅਤੇ ਬਾਕੀ ਦੇ ਮਾਮੂਲੀ ਪੜ੍ਹਾਈ ਵਾਲੇ ਸਿੱਖ ਇਮੀਗਰੇਂਟ, ਬ੍ਰਿਟਿਸ਼-ਭਾਰਤੀ ਫੌਜ ਵਿਚ ਜਾਂ ਦੂਜੇ ਬਾਹਰਲੇ ਦੇਸ਼ਾਂ ਵਿਚ ਕੀਤੇ ਕੰਮ ਦੇ ਪਿਛਲੇ ਤਜ਼ਰਬੇ ਕਾਰਨ, ਗੁਜ਼ਾਰੇ-ਯੋਗ ਕਾਬਲੀਅਤ ਦੇ ਮਾਲਕ ਸਨ। ਬ੍ਰਿਟਿਸ਼ ਕੋਲੰਬੀਆ ਵਿਚ ਕੰਮ ਲੱਭਣ ਵਿਚ, ਇਹਨਾਂ ਸਿੱਖ ਇਮੀਗਰੇਂਟਾਂ ਨੂੰ ਸਮਾਂ ਲੱਗਿਆ ਪਰ ਆਖਿਰ ਕੰਮ ਮਿਲ ਗਿਆ। ਕੁਝ ਨੂੰ ਸਮਿੰਟ ਫੈਕਟਰੀਆਂ ਜਾਂ ਆਰਿਆਂ ਉੱਪਰ ਕੰਮ ਮਿਲ ਗਿਆ ਅਤੇ ਕੁਝ ਨੂੰ ਠੇਕੇਦਾਰਾਂ ਨੇ ਸੜਕਾਂ ਬਣਾਉਣ, ਲਕੜੀ ਕੱਟਣ ਜਾਂ ਜ਼ਮੀਨ ਸਾਫ਼ ਕਰਨ ਦੇ ਕੰਮ ਲਈ ਰੱਖ ਲਿਆ ਅਤੇ ਕੁਝ ਮਹੀਨਿਆਂ ਬਾਅਦ ਹੀ ਉਹਨਾਂ ਨੇ ਆਪਣੇ ਘਰੀਂ 15–20 ਜਾਂ 50 ਡਾਲਰ ਦੇ ਪੋਸਟਲ-ਆਰਡਰ ਭੇਜਣੇ ਸ਼ੁਰੂ ਕਰ ਦਿੱਤੇ ਇਹ ਸਾਂਝੇ ਕੇਂਦਰ-ਬਿੰਦੂ ਵਾਲੇ ਇੱਕ ਭਾਈਚਾਰੇ ਦੇ ਹੋਂਦ ਵਿਚ ਆਉਣ ਦੀ ਸ਼ੁਰੂਆਤ ਸੀ। ਜੋ ਇਸ ਮੁਲਕ ਵਿਚ ਟਿਕਣ ਲਈ ਪਹੁੰਚ ਚੁੱਕਾ ਸੀ।

ਇਸ ਭਾਈਚਾਰੇ ਦੀਆਂ ਜੜ੍ਹਾਂ ਪੇਂਡੂ ਸਮਾਜ ਵਿਚ ਸਨ। ਪਰ ਇਸ ਕੋਲ ਸਮੂਹਕ ਤੌਰ 'ਤੇ ਇੱਕ ਵਿਸ਼ਾਲ ਦੁਨੀਆਂ ਦਾ ਤਜ਼ਰਬਾ ਤੇ ਗਿਆਨ ਸੀ। ਜਿਸ ਵੀ ਸ਼ਖ਼ਸ ਨੇ ਉਹਨਾਂ ਨੂੰ ਸਿਰਫ਼ ਸਾਧਾਰਨ ਕਿਸਾਨ ਸਮਝਿਆ, ਉਸ ਨੇ ਗਲਤੀ ਕੀਤੀ। ਉਹਨਾਂ 'ਚੋਂ ਬਹੁਤੇ ਇੱਕ ਕਿਸਾਨ ਜਾਤੀ, ਜੱਟ, ਤਬਕੇ 'ਚੋਂ ਸਨ ਜਿੰਨ੍ਹਾਂ ਕੋਲ ਸ਼ਾਨਾਂਮੱਤਾ ਫੌਜੀ ਇਤਿਹਾਸ ਸੀ। ਉਹ ਆਪਣੇ ਪਿੰਡਾਂ ਦੇ ਜ਼ਮੀਨ-ਮਾਲਕ ਪਰਿਵਾਰਾਂ 'ਚੋਂ ਸਨ ਅਤੇ ਪੇਂਡੂ ਸਮਾਜ ਦੇ ਉੱਚ ਤਬਕੇ ਨਾਲ ਸਬੰਧਿਤ ਸਨ। ਮਲਾਇਆ ਤੇ ਹਾਂਗਕਾਂਗ ਵਿਚ ਲੰਮੇ ਸਮੇਂ ਤੋਂ ਸਥਾਨਕ ਚੀਨੀਆਂ ਦੇ ਮੁਕਾਬਲੇ ਸਿੱਖਾਂ ਨੂੰ ਪੁਲਿਸ ਮੁਲਾਜ਼ਮ, ਚੌਕੀਦਾਰ ਤੇ ਸੁਰੱਖਿਆ ਕਰਮੀਆਂ ਦੇ ਤੌਰ 'ਤੇ ਰੁਜ਼ਗਾਰ ਦੇਣ ਨੂੰ ਤਰਜ਼ੀਹ ਦਿੱਤੀ ਜਾਂਦੀ ਸੀ। ਇਹਨਾਂ ਬਸਤੀਆਂ 'ਚੋਂ ਉਹ ਥਾਈਲੈਂਡ, ਸੁਮਾਟਰਾ, ਸ਼ਿਘਾਈ ਅਤੇ ਮਨੀਲਾ ਇਮੀਗਰੇਸ਼ਨ ਕਰ ਗਏ ਅਤੇ ਦੱਖਣ-ਪੂਰਬੀ ਏਸ਼ੀਆ ਤੋਂ ਅਗੇ ਕਈ ਆਸਟ੍ਰੇਲੀਆ ਤੇ ਨਿਊਜੀਲੈਂਡ ਵੀ ਚਲੇ ਗਏ ਪੂਰਬੀ ਅਫ਼ਰੀਕਾ ਤੇ ਫਿਜੀ ਵਿਚ ਸਿੱਖ ਪਹਿਲਾਂ ਤੋਂ ਹੀ ਸਨ ਅਤੇ ਜਦ ਤੱਕ ਉਨ੍ਹਾਂ ਉੱਤਰੀ ਅਮਰੀਕਾ ਵਿਚ ਪਹੁੰਚਣਾ ਸ਼ੁਰੂ ਕੀਤਾ, ਉਨ੍ਹਾਂ 'ਚੋਂ ਕਈਆਂ ਦੇ ਦੋਸਤ, ਜਾਣਕਾਰ ਤੇ ਪਰਿਵਾਰ ਪਹਿਲਾਂ ਹੀ ਪੂਰੀ ਦੁਨੀਆਂ ਵਿਚ ਮੌਜੂਦ ਸਨ।

ਬ੍ਰਿਟਿਸ਼ ਕੋਲੰਬੀਆ ਵਿਚਲੇ ਸਭ ਤੋਂ ਪਹਿਲਾਂ ਆਉਣ ਵਾਲੇ ਤੇ ਮੋਢੀ ਸਿੱਖਾਂ 'ਚੋਂ ਕੁਝ ਪਹਿਲਾਂ ਹੀ ਆਪਣੇ ਘਰਾਂ ਤੋਂ ਬਹੁਤ ਦੂਰ, ਆਸਟ੍ਰੇਲੀਆ ਤੱਕ ਹੋ ਆਏ



*1 : 12 ਸਤੰਬਰ 1907 ਵੈਨਕੂਵਰ ਸੀ। ਪੀ. ਆਰ. ਪਾਇਰ ਤੇ 900 ਭਾਰਤੀਆਂ ਦੇ ਉਤਰਣ ਦਾ ਨਜ਼ਾਰਾ, ਘੋੜਾ ਬੱਗੀਆਂ ਤਿਆਰ ਹਨ ਤਾਂ ਕਿ ਸ਼ਹਿਰੋਂ ਬਾਹਰ ਕੰਮ ਤੇ ਲਿਜਾਇਆ ਜਾਵੇ*

ਭਾਰਤ ਗੇੜਾ ਮਾਰਦਾ ਸੀ। ਕਨੇਡਾ ਵਿਚ ਟਿਕੇ ਰਹਿਣ ਦੇ ਫ਼ੈਸਲੇ ਨੇ ਉਹਨਾਂ ਦੀ ਜ਼ਿੰਦਗੀ ਵਿਚ ਇੱਕ ਖਾਲੀਪਣ ਲੈ ਆਂਦਾ ਸੀ। ਕਿਉਂਕਿ ਉਹਨਾਂ 'ਚੋਂ ਬਹੁਤੇ ਅਣਵਿਆਹੇ ਸਨ ਅਤੇ ਕਈ ਆਪਣੀਆਂ ਪਤਨੀਆਂ ਨੂੰ ਪਿੱਛੇ ਪੰਜਾਬ ਛੱਡ ਆਏ ਸਨ। ਪਰ ਉਹਨਾਂ ਨੇ ਇਸ ਤਰ੍ਹਾਂ ਦਾ ਜਿਊਣ ਦਾ ਰਾਹ ਚੁਣ ਲਿਆ ਸੀ।

ਕਨੇਡੀਅਨ ਪੈਸੇਫਿਕ ਰੇਲਵੇ (ਸੀ.ਪੀ.ਆਰ) ਦੇ ਹਾਂਗਕਾਂਗ ਵਿਚਲੇ ਏਜੰਟਾਂ ਦੇ ਪ੍ਰਭਾਵ ਅਧੀਨ ਇਹਨਾਂ ਸਿੱਖਾਂ ਦਾ ਪਹਿਲਾਂ ਟੋਲਾ 1903-04 ਦੀ ਸਰਦੀ ਰੁੱਤੇ ਕਨੇਡਾ ਪਹੁੰਚਿਆ ਸੀ। ਇਹ ਉਸ ਸਮੇਂ ਦੇ ਹਾਲਾਤ ਦਾ ਤਕਾਜ਼ਾ ਸੀ। ਕਿ ਸੀ.ਪੀ.ਆਰ ਪੈਸੇਫਿਕ-ਪਾਰ ਸਰਵਿਸ ਦੇ ਮੈਨੇਜਰ ਨੇ ਉਨ੍ਹਾਂ ਦੀ ਕੰਪਨੀ ਵੱਲੋਂ ਇਮੀਗਰੇਸ਼ਨ ਨੂੰ ਉਤਸ਼ਾਹਤ ਕਰਨ ਦੇ ਯਤਨਾਂ ਦਾ ਜ਼ੋਰਦਾਰ ਤਰੀਕੇ ਨਾਲ ਖੰਡਨ ਕੀਤਾ ਸੀ। ਉਸਨੇ ਖੁਦ ਨੂੰ ਜਨਤਕ ਪੜਚੋਲ ਤੇ ਸਖ਼ਤ ਸਵਾਲਾਂ ਦਾ ਸਾਹਮਣਾ ਕਰਨ ਤੋਂ ਬਚਣ ਲਈ ਇਸ ਤਰ੍ਹਾਂ ਕੀਤਾ ਸੀ। ਉਸ ਦਾ ਗੁੰਮਰਾਹ ਕਰੂ ਬਿਆਨ ਸੀ। ਕਿ ਸਿੱਖ ਰੈਜ਼ਮੈਂਟ ਵੱਲੋਂ 1897 ਵਿਚ ਰੇਲ ਰਾਹੀਂ ਕਨੇਡਾ ਵਿਚ ਦਾਖ਼ਲ ਹੋਣ ਨਾਲ ਇਮੀਗਰੇਸ਼ਨ ਦੀ ਸ਼ੁਰੂਆਤ ਹੋਈ ਉਸ ਸਮੇਂ ਉਸ ਦਾ ਇਹ ਦਾਅਵਾ ਮਨਜ਼ੂਰ ਨਾ ਕੀਤਾ ਗਿਆ ਭਾਵੇਂ ਕਿ ਅਖਬਾਰਾਂ ਵਿਚ ਆ ਜਾਣ ਕਾਰਨ ਇਹ ਗੱਲ ਉਸ ਤੋਂ ਬਾਅਦ ਕਈ ਵਾਰ ਦੁਹਰਾਈ ਗਈ। ਪਰ ਸੱਚਾਈ ਇਹ ਸੀ, ਕਿ ਸੀ.ਪੀ.ਆਰ. ਦੇ ਏਜੰਟ, ਚੀਨੀ ਇਮੀਗਰੇਂਟਾਂ ਉੱਪਰ ਕਨੇਡੀਅਨ ਸਰਕਾਰ ਵੱਲੋਂ ਟੈਕਸ ਵਧਾਏ ਜਾਣ ਕਾਰਨ ਸਮੁੰਦਰੀ ਮੁਸਾਫ਼ਰਾਂ ਦੀ ਗਿਣਤੀ ਵਿਚ ਆਈ ਕਮੀ ਨੂੰ ਪੂਰਾ ਕਰਨਾ ਚਾਹੁੰਦੇ ਸਨ। ਇਸ ਢੰਗ ਨਾਲ ਸ਼ੁਰੂ ਹੋਇਆ ਸਿੱਖਾਂ ਦਾ ਇਮੀਗਰੇਸ਼ਨ।

ਕਈ ਸਿੱਖ ਇਮੀਗਰੇਂਟ ਪਹਿਲਾਂ ਵੀ ਆਏ ਹੋਣਗੇ ਪਰ ਮਾਰਚ 1904 ਵਿਚ ਸੀ.ਪੀ.ਆਰ ਕੰਪਨੀ ਦੇ ਜ਼ਹਾਜ 'ਐਮਪਰੈੱਸ ਆੱਫ ਇੰਡੀਆ' ਰਾਹੀਂ ਦਾਹੜੀਆਂ ਤੇ

ਦੀ ਪੱਤਝੜ ਰੁੱਤੇ ਵੈਨਕੂਵਰ ਦੇ ਮੇਅਰ ਨੇ ਸੰਘੀ ਸਰਕਾਰ ਦੇ ਸਮੁੰਦਰ ਕੰਢੇ ਵਾਲੇ ਇਮੀਗਰੇਸ਼ਨ ਦਫ਼ਤਰ ਦੁਆਲੇ ਪੁਲਿਸ ਤਾਇਨਾਤ ਕਰ ਦਿੱਤੀ। ਉਹ ਆਪਣੇ ਸਿਆਸੀ ਵੋਟ ਬੈਂਕ ਨੂੰ ਖੁਸ਼ ਕਰਨ ਲਈ ਅਜਿਹਾ ਕਰ ਰਿਹਾ ਸੀ। ਉਹ ਦਿਖਾਉਣਾ ਚਾਹੁੰਦਾ ਸੀ ਕਿ ਜਦ ਤੱਕ ਅੰਦਰੂਨੀ ਇਲਾਕਿਆਂ ਵਿਚ ਰੁਜ਼ਗਾਰ ਉਪਲਬਧ ਹੈ, ਨਵੇਂ ਆਉਣ ਵਾਲੇ ਸਿੱਖ ਇਮੀਗਰੇਂਟ ਸ਼ਹਿਰ ਵਿਚ ਪ੍ਰਵੇਸ਼ ਨਹੀਂ ਕਰਨਗੇ। ਜਿਵੇਂ ਹੀ ਪੇਂਡੂ ਇਲਾਕੇ ਵਿਚ ਉਨ੍ਹਾਂ ਲਈ ਰੁਜ਼ਗਾਰ ਦਾ ਪ੍ਰਬੰਧ ਹੋ ਜਾਂਦਾ ਸੀ, ਉਨ੍ਹਾਂ ਨੂੰ ਸਿੱਧੇ ਉਸ ਜਗ੍ਹਾ 'ਤੇ ਲਿਜਾਇਆ ਜਾਂਦਾ ਸੀ। ਪਰ ਉਨ੍ਹਾਂ 'ਚੋਂ ਕਈ ਘੁੰਮਦੇ ਫ਼ਿਰਦੇ, ਫਿਰ ਵੈਨਕੂਵਰ ਸ਼ਹਿਰ ਵਿਚ ਆ ਜਾਂਦੇ ਸਨ। ਨਵੰਬਰ ਦੇ ਅਖੀਰ ਵਿਚ ਕੁਝ ਸ਼ਹਿਰੀਆਂ ਦੀ ਸ਼ਿਕਾਇਤ 'ਤੇ ਦੱਖਣੀ ਵੈਨਕੂਵਰ ਦੇ ਮਿਉਂਸਪਲ ਅਧਿਕਾਰੀਆਂ ਨੇ ਝੁੱਗੀਆਂ ਵਿਚ ਰਹਿਣ ਵਾਲੇ ਕੁਝ ਸਿੱਖਾਂ ਉੱਪਰ ਛਾਪਾ ਮਾਰਿਆ ਅਤੇ ਉਹਨਾਂ ਨੂੰ ਸਰਦੀ ਦੀ ਰੁੱਤ ਵਿਚ, ਸੜਕ ਉੱਪਰ ਬਾਹਰ ਕੱਢ ਦਿੱਤਾ। ਕੁਝ ਦਿਨਾਂ ਬਾਅਦ ਵੈਨਕੂਵਰ ਦੇ ਮੇਅਰ ਨੇ ਪੂਰੇ ਸ਼ਹਿਰ ਵਿਚ ਟੁੱਟੀਆਂ-ਫੁੱਟੀਆਂ ਇਮਾਰਤਾਂ ਵਿਚ ਤੁੰਨੇ ਪਏ ਭਾਰਤੀਆਂ ਨੂੰ ਫੜ ਕੇ 'ਐਬਰਨ' (Eburne) ਇਲਾਕੇ ਵਿਚ ਭੇਜਣਾ ਸ਼ੁਰੂ ਕਰ ਦਿੱਤਾ। ਜੋ ਉਹਨਾਂ ਦੇ ਕਹਿਣ ਮੁਤਾਬਕ ਵੈਨਕੂਵਰ ਸ਼ਹਿਰ ਦੀ ਹੱਦ ਤੋਂ ਬਾਹਰ ਪੈਂਦਾ ਸੀ। ਉਥੇ ਉਨ੍ਹਾਂ ਨੂੰ ਤਿੰਨ ਡਾਲਰ ਪ੍ਰਤੀ ਮਹੀਨੇ ਦੇ ਆਪਣੇ ਖ਼ਰਚੇ 'ਤੇ, ਪਾਣੀ ਦਾ ਕੋਈ ਇੰਤਜ਼ਾਮ ਕੀਤੇ ਬਗੈਰ ਅਤੇ ਸਟੋਵਾਂ ਤੇ ਬਿਜਲੀ ਦਾ ਮਾੜਾ-ਮੋਟਾ ਪ੍ਰਬੰਧ ਕਰਕੇ, ਇੱਕ ਬੰਦ ਪਈ ਫੈਕਟਰੀ ਵਿਚ ਠਹਿਰਾਅ ਦਿੱਤਾ। ਕਿਸੇ ਵੀ ਪੱਧਰ ਦੀ ਸਰਕਾਰ ਅਤੇ ਇਥੋਂ ਤੱਕ ਕਿ ਕਿਸੇ ਵੀ ਦਾਨੀ ਸੰਸਥਾ ਨੇ ਉਨ੍ਹਾਂ ਦੀ ਠਹਿਰ ਸਬੰਧੀ ਕੋਈ ਸੰਵੇਦਨਾ ਨਾ ਦਿਖਾਈ। ਸਗੋਂ ਜਦ ਉਹ ਵੈਨਕੂਵਰ ਦੀਆਂ ਸੜਕਾਂ 'ਤੇ ਘੁੰਮਣ ਜਾਂ ਪਾਰਕਾਂ ਵਿਚ ਠਹਿਰਨ ਦੀ ਕੋਸ਼ਿਸ਼ ਕਰਦੇ ਤਾਂ ਪੁਲਿਸ ਉਨ੍ਹਾਂ ਨੂੰ ਉਥੇ ਵੀ ਪ੍ਰੇਸ਼ਾਨ ਕਰਦੀ।

ਇਹ ਮੰਨਣਾ ਪਵੇਗਾ ਕਿ ਇਨ੍ਹਾਂ ਇਮੀਗਰੇਂਟਾਂ ਕੋਲ ਆਪਣੇ ਆਪ ਦੀ ਦੇਖ-ਭਾਲ ਕਰਨ ਲਈ ਦ੍ਰਿੜ ਇਰਾਦਾ, ਵਸੀਲੇ, ਸੂਝ-ਬੂਝ ਅਤੇ ਖੁਦ-ਨਿਰਧਾਰਿਤ ਦਿਸ਼ਾ ਸ਼ਕਤੀ ਸੀ। ਉਨ੍ਹਾਂ ਨੇ ਜਿਸ ਹੌਸਲੇ ਨਾਲ ਕਠੋਰ ਮੁਸੀਬਤਾਂ ਦਾ ਟਾਕਰਾ ਕੀਤਾ, ਵੈਨਕੂਵਰ ਵਾਸੀ ਉਸ ਦੀ ਕਿਆਸ ਵੀ ਨਹੀਂ ਕਰ ਸਕਦੇ ਸਨ ਅਤੇ ਆਪਣੇ-ਆਪ ਨੂੰ ਜਥੇਬੰਦ ਕਰਕੇ ਅਤੇ ਆਪਣੇ ਵਸੀਲਿਆਂ ਨੂੰ ਇੱਕੱਠਾ ਕਰਕੇ, ਉਹਨਾਂ ਨੇ ਸ਼ੁਰੂ ਦੇ ਕੁਝ ਮੁਸ਼ਕਿਲ ਮਹੀਨੇ, ਜਿਵੇਂ ਕਿਵੇਂ ਬਤੀਤ ਕੀਤੇ। ਉਨ੍ਹਾਂ ਨੂੰ ਬ੍ਰਿਟਿਸ਼-ਭਾਰਤ ਦੇ ਕੁਝ ਬਜ਼ੁਰਗ ਤੇ ਉਚ-ਸ਼੍ਰੇਣੀ ਦੇ ਨਾਗਰਿਕਾਂ (ਜੋ ਰਿਟਾਇਰ ਹੋ ਕੇ ਵੈਨਕੂਵਰ ਵਿਚ ਰਹਿ ਰਹੇ ਸਨ) ਤੋਂ ਕੁਝ ਮਦਦ ਮਿਲੀ ਜੋ ਉਨ੍ਹਾਂ ਦੇ ਹਾਲਾਤਾਂ ਨਾਲ ਸਰੋਕਾਰ ਰੱਖਦੇ ਸਨ ਅਤੇ ਉਹ ਬ੍ਰਿਟਿਸ਼ ਕੋਲੰਬੀਆ ਸੂਬੇ ਤੋਂ ਬਾਹਰ ਵੀ ਆਪਣਾ ਚੰਗਾ ਭਵਿੱਖ ਦੇਖਦੇ ਸਨ। 1906 ਦੇ ਪਿੱਛਲੇ ਅੱਧ ਵਿਚ 2000 ਭਾਰਤੀ ਪਹੁੰਚੇ; ਦਸੰਬਰ ਦੇ ਅੰਤ ਤੱਕ ਤਕਰੀਬਨ 300 ਨੂੰ ਛੱਡ ਕੇ ਜੋ ਸੀਏਟਲ ਜਾਂ ਸਨਫਰਾਂਸਿਸਕੋ

ਸਨ। ਉਹਨਾਂ ਨੂੰ ਕਈ ਮੁਲਕਾਂ ਦੇ ਹਾਲਾਤਾਂ ਬਾਰੇ ਗਿਆਨ ਸੀ। ਜੋ ਉਹ ਤਾਰਾਂ, ਚਿੱਠੀਆਂ ਤੇ ਨਿੱਜੀ ਮੁਲਾਕਾਤਾਂ ਰਾਹੀਂ ਆਪਣੇ ਦੋਸਤਾਂ ਅਤੇ ਰਿਸ਼ਤੇਦਾਰਾਂ ਨਾਲ ਸਾਂਝਾ ਕਰਦੇ ਰਹਿੰਦੇ ਸਨ। ਇੱਕ ਵਾਰ ਜਦ ਉਹਨਾਂ 'ਚੋਂ ਕੁਝ ਨੂੰ ਬ੍ਰਿਟਿਸ਼ ਕੋਲੰਬੀਆ ਵਿਚ ਰੁਜ਼ਗਾਰ ਮਿਲ ਗਿਆ ਤਾਂ ਦੂਸਰੇ ਉਹਨਾਂ ਦੇ ਪਿੱਛੇ-ਪਿੱਛੇ ਆ ਗਏ ਅਸਲ ਵਿਚ ਸਿੱਖ ਇਮੀਗਰੇਂਟਾਂ ਨੂੰ ਕਨੇਡਾ ਵਿਚ ਆਪਣੀ ਗਿਣਤੀ 'ਮਹੱਤਵਪੂਰਨ' ਪੈਮਾਨੇ ਦੇ ਪੱਧਰ ਤੱਕ ਪਹੁੰਚਾਉਣ ਲਈ ਸਿਰਫ਼ ਢਾਈ ਸਾਲ ਦਾ ਸਮਾਂ ਲੱਗਿਆ 1906 ਦੀ ਪਤਝੜ ਰੁੱਤ ਦੇ ਆਉਣ ਤੱਕ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਦੀਆਂ ਨਜ਼ਰਾਂ ਵਿਚ ਸਿੱਖ ਇਮੀਗਰੇਸ਼ਨ ਇੱਕ 'ਹਮਲੇ' ਦਾ ਰੂਪ ਧਾਰਨ ਕਰ ਚੁੱਕਾ ਸੀ। ਅਗਸਤ ਤੋਂ ਦਸੰਬਰ ਤੱਕ ਤਕਰੀਬਨ ਹਰ ਸੀ.ਪੀ.ਆਰ. ਮੁਸਾਫ਼ਰ ਜ਼ਹਾਜ ਰਾਹੀਂ ਸੈਂਕੜਿਆਂ ਦੀ ਗਿਣਤੀ ਵਿਚ ਸਿੱਖ ਤੇ ਦੂਸਰੇ ਪੰਜਾਬੀ ਇਮੀਗਰੇਂਟ ਕਨੇਡਾ ਦਾਖਲ ਹੋਏ-ਮਿਸਾਲ ਵੱਜੋਂ ਮੱਧ ਨਵੰਬਰ ਵਿਚ 'ਐਸ.ਐਸ.ਟਾਰਟਾਰ' ਰਾਹੀਂ 696 ਇਮੀਗਰੇਂਟ ਆਏ ਅਤੇ ਕਠਿਨ ਦਾਖਲਾ ਹਾਲਤਾਂ ਦੇ ਬਾਵਜੂਦ ਉਹਨਾਂ ਦਾ ਆਉਣਾ ਜਾਰੀ ਰਿਹਾ। ਇਸ ਟਰੈਫਿਕ ਵਿਚ ਵਾਧੇ ਦਾ ਅਨੁਮਾਨ ਲਾਉਂਦਿਆਂ ਸੀ.ਪੀ.ਆਰ. ਕੰਪਨੀ ਨੇ ਪਹਿਲਾਂ ਹੀ ਆਪਣਾ ਵੱਡਾ ਜ਼ਹਾਜ 'ਐਸ.ਐਸ.ਮੌਂਟਈਗਲ' ਐਂਧ ਮਹਾਂਸਾਗਰ ਦੀ ਸਰਵਿਸ ਤੋਂ ਹਟਾ ਕੇ ਪ੍ਰਸ਼ਾਤ ਮਹਾਂਸਾਗਰ ਦੀ ਸਰਵਿਸ ਉੱਪਰ ਲਗਾ ਦਿੱਤਾ ਸੀ।

ਬ੍ਰਿਟਿਸ਼ ਕੋਲੰਬੀਆ ਵਿਚ ਸਿੱਖ, ਦੋ ਸ਼੍ਰੇਣੀਆਂ ਵਿਚ ਆਉਂਦੇ ਸਨ, ਚਹੇਤੇ ਤੇ ਸਨਮਾਨਯੋਗ ਜਾਂ ਅਣਚਾਹੇ ਤੇ ਤਿਰਸਕਾਰਯੋਗ। ਪਰ ਇਹ ਦੇਖਣ ਵਾਲੇ ਦੇ ਨਜ਼ਰੀਏ 'ਤੇ ਨਿਰਭਰ ਕਰਦਾ ਸੀ। ਲੱਕੜੀ ਕੰਪਨੀਆਂ ਤੇ ਰੇਲਵੇ ਠੇਕੇਦਾਰ ਉਨ੍ਹਾਂ ਨੂੰ ਚਾਹੁੰਦੇ ਸਨ, ਉਕਾਨਾਗਨ (Okanagan) ਇਲਾਕੇ ਦੇ ਫ਼ਲ ਉਤਪਾਦਕ ਉਨ੍ਹਾਂ ਨੂੰ ਚਾਹੁੰਦੇ ਸਨ। ਪਰ ਸਥਾਨਕ ਰਾਜਸੀ ਨੇਤਾ, ਮਜ਼ਦੂਰ ਯੂਨੀਅਨਾਂ ਦੇ ਪਿੱਛੇ ਲੱਗਣ ਕਾਰਨ ਉਹਨਾਂ ਦੇ ਵਿਰੁੱਧ ਸਨ ਅਤੇ ਅਖ਼ਬਾਰਾਂ ਜੋ ਕੁਝ ਉਨ੍ਹਾਂ ਬਾਰੇ ਆਏ ਦਿਨ ਲਿਖਦੀਆਂ ਰਹਿੰਦੀਆਂ ਸਨ, ਉਸਨੂੰ ਸਿਰਫ਼ ਤੱਥਹੀਣ, ਦੁਖਦਾਈ ਤੇ ਵਧਾ-ਚੜ੍ਹਾ ਕੇ ਲਿਖਿਆ ਹੀ ਕਿਹਾ ਜਾ ਸਕਦਾ ਹੈ। ਮਿਸਾਲ ਵੱਜੋਂ ਇੱਕ ਕੱਚ-ਘਰੜ, ਵਿਅੰਗ ਪੂਰਨ ਤੇ ਚੁਭਵੀਂ ਇਹ ਸੁਰਖੀ ਇੱਕ ਅਖ਼ਬਾਰ ਦੇ ਪਹਿਲੇ ਸਫ਼ੇ ਦਾ ਸ਼ਿੰਗਾਰ ਸੀ:- "ਹਿੰਦੂ ਆਪਣੇ ਮੁਰਦਿਆਂ ਨੂੰ ਮੱਖਣ ਨਾਲ ਢੱਕਦੇ ਹਨ।" ਉਸ ਸਮੇਂ ਦੇ ਬ੍ਰਿਟਿਸ਼ ਕੋਲੰਬੀਆ ਦੇ ਅਖਬਾਰਾਂ ਨੂੰ ਵਾਚਣ 'ਤੇ ਅਜਿਹੇ ਬਹੁਤ ਸਾਰੇ ਲੇਖ ਲੱਭ ਪੈਣਗੇ।

ਇਸ ਪ੍ਰਕਾਰ ਦੀ ਪੱਤਰਕਾਰਤਾ ਭਾਰਤ ਅਤੇ ਭਾਰਤੀਆਂ ਬਾਰੇ ਨਾਂ-ਪੱਖੀ ਵਿਚਾਰ ਅਤੇ ਅਗਿਆਨਤਾ ਫੈਲਾਉਂਦੀ ਸੀ। ਜੋ ਬਦਕਿਸਮਤੀ ਨਾਲ ਉਸ ਸਮੇਂ ਦੇ ਕਨੇਡਾ ਦੀ ਬਹੁ-ਗਿਣਤੀ ਦਾ ਪ੍ਰਮੁੱਖ ਲੱਛਣ ਸੀ। ਇਸੇ ਸੰਦਰਭ ਵਿਚ ਹੀ ਅਸੀਂ ਸਥਾਨਕ ਰਾਜਸੀ ਆਗੂਆਂ ਦੇ ਵਿਹਾਰ ਦੀ ਵਿਆਖਿਆ ਕਰ ਸਕਦੇ ਹਾਂ। 1906

ਇਹੀ ਸਟੈਂਡ ਸੀ। ਪਰ ਜਦੋਂ ਵੈਨਕੂਵਰ ਵਿਚ ਹਾਲਾਤ ਕੰਟਰੋਲ ਤੋਂ ਬਾਹਰ ਹੋਣ ਲੱਗੇ ਤਾਂ ਉਸਨੂੰ ਇੱਕ ਦਮ ਆਪਣਾ ਸਟੈਂਡ ਬਦਲਣਾ ਪਿਆ।

ਵੈਨਕੂਵਰ ਵਿਚ ਏਸ਼ੀਅਨ ਆਵਾਸ ਦੇ ਵਿਰੋਧ ਵਿਚ ਹੋਈ ਚਾਰ ਘੰਟਿਆਂ ਦੀ ਜਨ-ਸਮੂਹਿਕ ਹਿੰਸਾ ਨੇ ਉਸਦਾ ਮਨ ਬਦਲ ਦਿੱਤਾ। ਇਹ ਘਟਨਾ 1907 ਦੀਆਂ ਗਰਮੀਆਂ ਦੇ ਅਖ਼ੀਰ ਵਿਚ ਵਾਪਰੀ ਜਦ ਏਸ਼ੀਅਨਾਂ ਦਾ ਇਮੀਗਰੇਸ਼ਨ ਬਹੁਤ ਵਧ ਰਿਹਾ ਸੀ ਅਤੇ ਆਰਥਿਕਤਾ ਵਕਤੀ ਖੜੋਤ ਦੀ ਹਾਲਤ ਵਿਚ ਸੀ। ਵੈਨਕੂਵਰ ਵਪਾਰ ਤੇ ਕ੍ਰਿਤ ਕੌਂਸਲ ਨੇ 'ਏਸ਼ੀਆਈ ਵਿਤਕਰਾ ਲੀਗ' (Asiatic Exclusion League) ਨਾਂ ਦੀ ਇੱਕ ਜਥੇਬੰਦੀ ਬਣਾ ਲਈ, ਜੋ ਕੈਲੀਫੋਰਨੀਆ ਵਿਚ ਪਹਿਲਾਂ ਤੋਂ ਬਣੀ ਹੋਈ ਇਸੇ ਤਰਾਂ ਦੀ ਜਥੇਬੰਦੀ ਨਾਲ ਸਬੰਧਿਤ ਸੀ। ਇਸ ਦਾ ਪ੍ਰਧਾਨ ਠੇਕਾ ਕ੍ਰਮਚਾਰੀ ਯੂਨੀਅਨ ਦਾ ਇੱਕ ਮੈਂਬਰ ਸੀ। ਪਰ ਲੀਗ ਨੂੰ ਉਘੇ ਪੇਸ਼ਾਵਰਾਂ, ਰਾਜਸੀ ਨੇਤਾਵਾਂ ਤੇ ਯੂਨੀਅਨ ਆਗੂਆਂ ਦੀ ਹਮਾਇਤ ਵੀ ਹਾਸਲ ਸੀ। ਇਸ ਲੀਗ ਨੂੰ ਬਹੁਗਿਣਤੀ ਗੋਰੀ ਆਬਾਦੀ ਦੇ ਵਿਆਪਕ ਸਮਾਜਿਕ ਵਰਗਾਂ ਦੀ ਹਮਦਰਦੀ ਹਾਸਲ ਸੀ। ਲੀਗ ਵੱਲੋਂ ਸਤੰਬਰ ਵਿਚ ਆਯੋਜਿਤ ਕੀਤੀ ਗਈ ਇੱਕ ਪਰੇਡ, ਦੰਗਿਆਂ ਵਿਚ ਤਬਦੀਲ ਹੋ ਗਈ। ਜਿਸ ਵਿਚ ਗੋਰਿਆਂ ਨੇ ਚੀਨੀ ਤੇ ਜਾਪਾਨੀ ਇਲਾਕਿਆਂ ਉੱਪਰ ਹਮਲੇ ਕੀਤੇ ਤੇ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ। ਉਸ ਸਮੇਂ ਤੱਕ ਪਹਿਚਾਣਯੋਗ ਕੋਈ ਵੱਖਰਾ ਸਿੱਖ ਇਲਾਕਾ ਨਹੀਂ ਸੀ। ਪਰ ਦੰਗਾਕਾਰੀ, ਏਸ਼ੀਅਨ ਇਮੀਗਰੇਂਟਾਂ ਨਾਲ ਭਰਿਆ ਇੱਕ ਹੋਰ ਜ਼ਹਾਜ 'ਐਸ.ਐਸ.ਮੋਂਟਈਗਲ' (S S Monteagal) ਜਿਸ ਵਿਚ 900 ਭਾਰਤੀ ਸਵਾਰ ਸਨ, ਦੇ ਜਲਦੀ ਹੀ ਪਹੁੰਚ ਜਾਣ ਦੀ ਖ਼ਬਰ ਕਾਰਨ ਗੁੱਸੇ ਵਿਚ ਸਨ। ਲੌਰੀਅਰ (Laurier) ਨਿਵੇਸ਼ ਲਈ ਇੱਕ ਸੁਰੱਖਿਅਤ ਤੇ ਨਿਆਂਪੂਰਨ ਇਲਾਕੇ ਦੇ ਤੌਰ 'ਤੇ ਬਣੇ ਹੋਏ ਬ੍ਰਿਟਿਸ਼ ਕੋਲੰਬੀਆ ਦੇ ਵਕਾਰ ਨੂੰ ਸੱਟ ਵੱਜਣ ਦੇ ਖਦਸ਼ੇ, ਅਤੇ ਸੂਬੇ ਦੀ ਸ਼ਾਂਤੀ ਤੇ ਭਲਾਈ ਨੂੰ ਲੈ ਕੇ ਫ਼ਿਕਰਮੰਦ ਸੀ ਅਤੇ ਹਾਲਾਤ ਨੂੰ ਸਮਝਦਿਆਂ ਉਸ ਨੇ ਏਸ਼ੀਆ ਤੋਂ ਆਉਣ ਵਾਲੇ ਇਮੀਗਰੇਂਟਾਂ ਉੱਪਰ ਰੋਕ ਲਾਉਣ ਦਾ ਫ਼ੈਸਲਾ ਕਰ ਲਿਆ।

ਇਸ ਬੰਦਸ਼ ਦੇ ਸਿੱਟੇ ਕਰਕੇ, ਜਾਪਾਨ ਜਾਂ ਚੀਨ ਤੋਂ ਹੋਣ ਵਾਲੇ ਇਮੀਗਰੇਸ਼ਨ ਦੇ ਮੁਕਾਬਲੇ, ਭਾਰਤ ਤੋਂ ਹੋਣ ਵਾਲੇ ਇਮੀਗਰੇਸ਼ਨ ਲਈ, ਰਸਤਾ ਬਿਲਕੁਲ ਹੀ ਬੰਦ ਹੋਣ ਵਾਲਾ ਸੀ। ਇਹ ਫ਼ੈਸਲਾ ਕਿਸੇ ਦੂਸਰੇ ਰੂਪ ਵਿਚ ਵੀ ਹੋ ਸਕਦਾ ਸੀ। ਉਨ੍ਹਾਂ ਸਾਰਿਆਂ ਨਾਲ ਇੱਕੋ ਤਰ੍ਹਾਂ ਦਾ ਵਿਹਾਰ ਕੀਤਾ ਜਾ ਸਕਦਾ ਸੀ। ਸ਼ੁਰੂ ਵਿਚ ਲੌਰੀਅਰ ਜਾਪਾਨੀ, ਚੀਨੀ ਤੇ ਭਾਰਤੀ ਸਰਕਾਰਾਂ ਨੂੰ ਇੱਕੋ ਤਰ੍ਹਾਂ ਦੀ ਗੱਲ ਕਹਿੰਦਾ ਸੀ। ਉਸਨੇ ਇਹਨਾਂ ਸਭ ਮੁਲਕਾਂ ਨੂੰ ਕਨੇਡਾ ਲਈ ਇਮੀਗਰੇਂਟਾਂ ਦੀ -ਗਿਣਤੀ ਹਰ ਸਾਲ ਸਿਰਫ਼ ਕੁਝ ਕੁ ਸੌ ਮਜ਼ਦੂਰਾਂ ਤੱਕ ਸੀਮਿਤ ਕਰਨ ਲਈ ਕਿਹਾ। ਇਹਨਾਂ ਸਰਕਾਰਾਂ ਲਈ ਕਨੇਡੀਅਨ ਪ੍ਰਸਤਾਵ ਦਾ ਭਾਵ ਇਹ ਸੀ। ਜੇਕਰ ਉਹਨਾਂ ਨੇ ਇਮੀਗਰੇਂਟਾਂ ਦੀ ਗਿਣਤੀ ਨੂੰ ਆਪਣੇ ਪੱਧਰ 'ਤੇ ਹੀ ਸੀਮਿਤ ਕਰ ਲਿਆ ਤਾਂ

ਜਾਣ ਲਈ ਜ਼ਹਾਜ ਚੜ੍ਹੇ ਸਨ, ਸਿਵਾਏ 50-60 ਦੇ, ਬਾਕੀ ਸਭ ਨੂੰ ਬ੍ਰਿਟਿਸ਼ ਕੋਲੰਬੀਆ ਵਿਚ ਹੀ ਰੁਜ਼ਗਾਰ ਮਿਲਿਆ ਅਤੇ ਬਹੁਤਿਆਂ ਨੂੰ ਆਰਾ ਮਿਲਾਂ ਵਿਚ ਕੰਮ ਮਿਲਿਆ। ਸਰਕਾਰ ਇਹਨਾਂ 'ਚੋਂ ਕਿਸੇ ਨੂੰ ਵੀ ਅਵਾਰਾਗਰਦੀ ਦੇ ਦੋਸ਼ ਹੇਠ ਗ੍ਰਿਫਤਾਰ ਕਰਕੇ ਆਸਾਨੀ ਨਾਲ ਵਾਪਸ ਭੇਜ ਸਕਦੀ ਸੀ। ਪਰ ਅਜਿਹੇ ਕੇਸ ਬਹੁਤ ਘੱਟ ਹੋਏ। ਕੰਮ ਤੋਂ ਵਿਹਲੇ ਹੋਇਆਂ ਨੂੰ ਉਨ੍ਹਾਂ ਦੇ ਸਾਥੀ ਸੰਭਾਲਦੇ ਸਨ ਅਤੇ ਵੈਨਕੂਵਰ ਸ਼ਹਿਰੀ ਕੌਂਸਿਲ ਦੀਆਂ ਸਖ਼ਤ ਸ਼ਰਤਾਂ ਦੇ ਬਾਵਜੂਦ, ਕਿਸੇ ਉੱਪਰ ਕੋਈ ਸਰਕਾਰੀ ਦੋਸ਼ ਨਾ ਲੱਗਿਆ। ਉਨ੍ਹਾਂ ਨੇ ਆਪਣੇ ਢੰਗ ਨਾਲ ਆਪਣੇ-ਆਪ ਨੂੰ ਬ੍ਰਿਟਿਸ਼ ਕੋਲੰਬੀਆ ਦੇ ਹਾਲਤਾਂ ਮੁਤਾਬਕ ਢਾਲ ਲਿਆ ਸੀ। ਭਾਵੇਂ ਕਿ ਕਿਸੇ ਨੇ ਵੀ ਉਨ੍ਹਾਂ ਦੀ ਇਸ ਸਲਾਹੀਅੱਤ ਦੀ ਉਸਤੱਤ ਨਾ ਕੀਤੀ। ਮੀਡੀਆ ਤੇ ਜਨਤਾ ਉਨ੍ਹਾਂ ਵਿਰੁੱਧ ਘਟੀਆ ਤੋਂ ਘਟੀਆ ਗੱਲ ਸੁਣ ਕੇ ਵੀ, ਵਿਸ਼ਵਾਸ ਕਰਨ ਲਈ ਤਿਆਰ ਰਹਿੰਦੀ ਸੀ।

ਭਾਵੇਂ ਕਿ ਸਿੱਖ ਇਮੀਗਰੇਂਟਾਂ ਦਾ ਇੱਕ ਬਹੁਤ ਛੋਟਾ ਸਮੂਹ ਸੀ ਅਤੇ ਬ੍ਰਿਟਿਸ਼ ਕੋਲੰਬੀਆ ਲਈ ਬਿਲਕੁੱਲ ਨਵੇਂ ਸਨ, ਪਰ ਉਨ੍ਹਾਂ ਦੀ ਮੌਜੂਦਗੀ ਨੇ ਸੂਬੇ ਵਿਚ ਵੱਡੇ ਰੁਜ਼ਗਾਰ-ਦਾਤਾਵਾਂ ਅਤੇ ਕਿਰਤੀ ਲੋਕਾਂ ਵਿਚਕਾਰ ਏਸ਼ੀਅਨ ਇਮੀਗਰੇਂਟਾਂ ਦੇ ਮਸਲੇ ਨੂੰ ਲੈਕੇ ਲੰਮੇ ਸਮੇਂ ਤੋਂ ਚਲੀ ਆ ਰਹੀ ਕਸ਼ਮਕਸ਼ ਨੂੰ ਹੋਰ ਤਿੱਖਾ ਕਰ ਦਿੱਤਾ ਸੀ। ਇਹ ਮਸਲਾ ਉਦੋਂ ਤੋਂ ਚੱਲਿਆ ਆ ਰਿਹਾ ਸੀ, ਜਦ ਅਠਾਰਾਂ ਸੌ ਸੱਤਰਵਿਆਂ ਤੇ ਅੱਸੀਵਿਆਂ ਵਿਚ ਸੀ.ਪੀ.ਆਰ ਕੰਪਨੀ ਨੇ ਚੀਨੀ ਕੁੱਲੀਆਂ ਨੂੰ ਲੈ ਆਂਦਾ ਸੀ। ਓਟਾਵਾ ਸਰਕਾਰ ਨੇ ਇਸ ਦਾ ਜਵਾਬ ਚੀਨੀ ਇਮੀਗਰੇਂਟਾਂ ਉੱਪਰ ਟੈਕਸ ਲਾ ਕੇ ਦਿੱਤਾ, ਪਰ ਇਸ ਕਾਰਨ ਚੀਨੀ ਇਮੀਗਰੇਸ਼ਨ ਰੁਕਿਆ ਨਹੀਂ। ਕਿਉਂਕਿ ਉਹ ਇਹ ਟੈਕਸ ਅਦਾ ਕਰ ਸਕਦੇ ਸਨ ਜਾਂ ਪਿੱਛੋਂ ਕੀਤੇ ਜਾਣ ਵਾਲੇ ਕੰਮ ਦੇ ਇਵਜ਼ ਵਿਚ ਅਗਾਊਂ ਉਜ਼ਰਤਾਂ ਲੈ ਕੇ ਅਦਾ ਕਰਵਾ ਦਿੰਦੇ ਸਨ। ਇਸ ਦੌਰਾਨ ਜਾਪਾਨੀ ਪ੍ਰਵਾਸੀ ਆਉਣੇ ਸ਼ੁਰੂ ਹੋ ਗਏ ਅਤੇ ਫਿਰ ਸਿੱਖ ਸੂਬੇ ਵਿਚਲੇ ਏਸ਼ੀਅਨ-ਵਿਰੋਧੀ ਰਾਜਸੀ ਨੇਤਾ ਅਤੇ ਮਜ਼ਦੂਰ ਆਗੂ, ਪਹਿੱਲੇ ਸਿੱਖ ਟੋਲੇ ਦੇ ਪਹੁੰਚਣ 'ਤੇ ਵਿਰੋਧ ਕਰਨ ਲਈ ਤਿਆਰ-ਬਰ-ਤਿਆਰ ਬੈਠੇ ਸਨ। ਸਮੁੰਦਰੀ ਕੰਢੇ ਉੱਪਰ ਰਹਿੰਦੀ ਬਹੁਗਿਣਤੀ ਗੋਰੀ ਜਨਤਾ ਦੇ ਹੱਕ ਵਿਚ ਬੋਲਦਿਆਂ ਇਹਨਾਂ ਰਾਜਸੀ ਨੇਤਾਵਾਂ ਨੇ ਬਹੁਤ ਨਿਰਾਸ਼ਤਾ ਪ੍ਰਗਟਾਈ। ਜਦ ਕਿ ਦੂਰ ਓਟਾਵਾ(Otawa) ਵਿਚ ਬੈਠੀ ਸੰਘੀ ਸਰਕਾਰ ਨੇ ਇਸ ਮਸਲੇ ਸਬੰਧੀ ਕੋਈ ਠੋਸ ਕਦਮ ਨਾ ਉਠਾਇਆ ਕਿਊਬਿਕ (Quebic) ਤੇ ਫਰੈਂਚ-ਕਨੇਡਾ ਸੂਬਿਆਂ ਅੰਦਰ ਡੂੰਘੀਆਂ ਜੜ੍ਹਾਂ ਰੱਖਣ ਵਾਲੇ ਪ੍ਰਧਾਨ ਮੰਤਰੀ ਸਰ ਵਿਲਫਰਿਡ ਲੌਰੀਅਰ (Sir Wilfred Laurier) ਦਾ ਇਹ ਸੁਝਾਅ ਕਿ ਇੱਕ ਬ੍ਰਿਟਿਸ਼ ਮੁਲਕ ਹੋਣ ਦੇ ਨਾਤੇ, ਕਨੇਡਾ ਕਿਸੇ ਵੀ ਕਿਸਮ ਜਾਂ ਨਸਲ ਦੀ ਬ੍ਰਿਟਿਸ਼ ਪਰਜਾ ਨੂੰ ਦਾਖਲ ਹੋਣੋਂ ਨਹੀਂ ਰੋਕ ਸਕਦਾ, ਬ੍ਰਿਟਿਸ਼ ਕੋਲੰਬੀਆ ਦੇ ਬਹੁਤ ਥੋੜ੍ਹੇ ਲੋਕਾਂ ਨੂੰ ਚੰਗਾ ਲੱਗਿਆ। 2 ਸਤੰਬਰ 1906 ਤੱਕ ਵੀ ਉਸਦਾ

ਸੁਰੱਖਿਆ। ਅਸਲ ਵਿਚ ਬ੍ਰਿਟਿਸ਼ ਸਾਮਰਾਜ ਦੇ ਅਫ਼ਸਰ ਭਾਰਤੀ ਲੋਕਾਂ ਦੇ ਵਿਦੇਸ਼ੀ ਭਾਈਚਾਰਿਆਂ ਨੂੰ ਮੁਸੀਬਤ ਦੀ ਜੜ੍ਹ ਸਮਝਦੇ ਸਨ। ਕਿਉਂਕਿ ਉਹਨਾਂ ਨੂੰ ਇਹ ਬ੍ਰਿਟਿਸ਼ ਵਿਰੋਧੀ ਸਰਗਰਮੀਆਂ ਅਤੇ ਪ੍ਰਚਾਰ ਦੇ ਅੱਡੇ ਲੱਗਦੇ ਸਨ। ਪਰ ਉਹ ਖੁਦ ਇਹ ਇਮੀਗਰੇਸ਼ਨ ਰੋਕਣ ਲਈ ਬਿਲਕੁਲ ਤਿਆਰ ਨਹੀਂ ਸਨ। ਕਿਉਂਕਿ ਉਹਨਾਂ ਨੂੰ ਭਾਰਤੀ ਜਨਤਾ ਅੱਗੇ ਇਸਦਾ ਜਵਾਬ ਦੇਣਾ ਪੈਣਾ ਸੀ। ਉਹ ਚਾਹੁੰਦੇ ਸਨ ਕਿ ਕਨੇਡੀਅਨ ਸਰਕਾਰ ਇਸ ਮਸਲੇ ਨੂੰ ਅਜਿਹੇ ਲੁਕਵੇਂ ਢੰਗ ਨਾਲ ਨਿਪਟਾਏ, ਜਿਸ ਨਾਲ ਭਾਰਤੀਆਂ ਨਾਲ ਹੁੰਦਾ ਵਿਤਕਰਾ ਛੁਪਿਆ ਰਹੇ। ਇਸ ਤਰ੍ਹਾਂ ਉਨ੍ਹਾਂ ਨੇ ਭਾਰਤ ਵਿਚ ਬ੍ਰਿਟਿਸ਼ ਸਰਕਾਰ ਦੇ ਹਿੱਤਾਂ ਦੀ ਰਾਖੀ ਲਈ ਲ਼ੋਰੀਅਰ ਸਰਕਾਰ ਉੱਪਰ ਟੇਕ ਰੱਖੀ ਹੋਈ ਸੀ ਅਤੇ ਲੋਰੀਅਰ ਉਨ੍ਹਾਂ ਦੀ ਮਰਜ਼ੀ ਮੁਤਾਬਕ ਚੱਲਣ ਨੂੰ ਤਿਆਰ ਵੀ ਸੀ। ਨਹੀਂ ਤਾਂ ਉਹ ਤੇ ਉਸ ਦੇ ਅਫ਼ਸਰ ਭਾਰਤੀ ਜਾਂ ਹਿੰਦੂ ਇਮੀਗਰੇਂਟਾਂ ਉੱਪਰ ਸਿੱਧਮ-ਸਿੱਧਾ ਅਸਰ ਕਰਨ ਵਾਲੇ ਨਿਯਮ ਬਣਾਉਣ ਲੱਗਿਆਂ ਕੋਈ ਸੰਕੋਚ ਨਾ ਕਰਦੇ- ਹਿੰਦੂ ਸ਼ਬਦ ਕਨੇਡਾ ਵਿਚ ਬਿਨਾਂ ਕਿਸੇ ਧਾਰਮਿਕ ਵੱਖਰੇਂਵੇਂ ਦੇ ਭਾਰਤ ਤੋਂ ਆਉਣ ਵਾਲੇ ਸਾਰੇ ਭਾਰਤੀਆਂ ਲਈ ਸਾਂਝੇ ਤੌਰ 'ਤੇ ਵਰਤਿਆ ਜਾਂਦਾ ਸੀ।

1908 ਦੀ ਬਸੰਤ ਰੁੱਤ ਦੇ ਅਖੀਰ ਵਿਚ ਲੌਰੀਅਰ ਸਰਕਾਰ ਨੇ ਦੋ ਕਾਰਜਕਾਰੀ ਫ਼ੁਰਮਾਨ (ਕੌਂਸਲ ਵਿਚ ਤਕਨੀਕੀ ਤੌਰ 'ਤੇ ਆਰਡਰ ਕਹੇ ਜਾਂਦੇ ਸਨ) ਜਾਰੀ ਕਰਕੇ ਭਾਰਤੀ ਇਮੀਗਰੇਸ਼ਨ ਨੂੰ ਬੰਦ ਕਰ ਦਿੱਤਾ। ਇੱਕ ਆਰਡਰ ਰਾਹੀਂ ਇਮੀਗਰੇਸ਼ਨ ਅਫ਼ਸਰਾਂ ਨੂੰ ਅਧਿਕਾਰ ਮਿਲ ਗਿਆ ਕਿ ਉਹ ਪਹੁੰਚਣ ਸਮੇਂ 200 ਡਾਲਰ ਤੋਂ ਘੱਟ ਰੱਖਣ ਵਾਲੇ ਭਾਰਤੀ ਇਮੀਗਰੇਂਟਾਂ ਨੂੰ ਵਾਪਸ ਭੇਜ ਸਕਦੇ ਸਨ। ਦੂਸਰੇ ਆਰਡਰ ਮੁਤਾਬਕ ਭਾਰਤੀ ਇਮੀਗਰੇਂਟ ਜੋ ਭਾਰਤ ਤੋਂ ਸਿੱਧੇ ਲਗਾਤਾਰ ਸਫ਼ਰ ਕਰਕੇ ਨਾ ਆਏ ਹੋਣ, ਇਮੀਗਰੇਸ਼ਨ ਅਫ਼ਸਰ ਉਨ੍ਹਾਂ ਨੂੰ ਵਾਪਸ ਭੇਜ ਸਕਦੇ ਸਨ। ਇਸ ਆਰਡਰ ਮੁਤਾਬਕ ਕੱਲਕੱਤਾ ਤੋਂ ਹਾਂਗਕਾਂਗ ਤੇ ਹਾਂਗਕਾਂਗ ਤੋਂ ਵੈਨਕੂਵਰ ਦੀ ਰੂਟ ਯਾਤਰਾ ਦੀ ਆਗਿਆ ਸੀ। ਪਰ ਇਹ ਇੱਕੋ ਟਿਕਟ ਉੱਪਰ ਹੋਣੀ ਚਾਹੀਦੀ ਸੀ। ਅਤੇ ਇਸੇ ਸ਼ਰਤ ਵਿਚ ਹੀ ਅਸਲੀ ਘੁੰਡੀ ਸੀ। ਲਗਾਤਾਰ ਯਾਤਰਾ ਵਾਲੀ ਸ਼ਰਤ ਨੂੰ ਪ੍ਰਭਾਵੀ ਬਣਾਉਣ ਲਈ ਕਨੇਡਾ ਸਰਕਾਰ ਨੇ ਜ਼ਹਾਜੀ ਕੰਪਨੀਆਂ ਉੱਪਰ ਦਬਾਅ ਪਾਇਆ ਕਿ ਉਹ ਆਪਣੀਆਂ ਕਨੇਡਾ-ਭਾਰਤ ਸੇਵਾਵਾਂ ਬੰਦ ਕਰ ਦੇਣ ਤੇ ਭਾਰਤੀਆਂ ਨੂੰ ਭਾਰਤੀ ਬੰਦਰਗਾਹਾਂ ਤੋਂ ਸਿੱਧੀਆਂ ਟਿਕਟਾਂ ਨਾ ਵੇਚਣ ਪਰ ਭਾਰਤ ਵਿਚਲੇ ਯੂਰਪੀਅਨ ਨਾਗਰਿਕ 'ਥੌਮਸ ਕੁਕ ਐਂਡ ਸਨਜ਼' ਜਿਹੇ ਏਜੰਟਾਂ ਤੋਂ ਕਲਕੱਤਾ ਤੋਂ ਵੈਨਕੂਵਰ ਦੇ ਪਾਸ ਖਰੀਦ ਸਕਦੇ ਸਨ ਅਤੇ ਉਹਨਾਂ ਨੇ ਅਜਿਹਾ ਕਰਨਾ ਜਾਰੀ ਰੱਖਿਆ।

ਦੋ ਸੌ ਡਾਲਰ ਵਾਲਾ ਆਰਡਰ ਇੱਕ ਬਹੁਤ ਵੱਡੀ ਰੁਕਾਵਟ ਸੀ। ਔਸਤਨ ਇੱਕ ਸਿੱਖ ਇਮੀਗਰੇਂਟ ਕੋਲ ਕਨੇਡਾ ਪਹੁੰਚਣ ਤੱਕ 30 ਤੋਂ 35 ਡਾਲਰ ਦੇ ਸਿੱਕੇ ਜਾਂ ਕਾਗਜ਼ੀ ਕਰੰਸੀ ਹੁੰਦੀ ਸੀ। ਸੋ 250 ਡਾਲਰ ਦੀ ਰਕਮ ਬਾਕੀ ਸਭ ਇਮੀਗਰੇਂਟਾਂ

ਕਨੇਡਾ ਸਰਕਾਰ, ਚੀਨੀ ਇਮੀਗਰੇਂਟਾਂ ਉੱਪਰ ਲਾਏ ਗਏ ਵਿਅਕਤੀਗੱਤ ਟੈਕਸ ਜਿਹੇ ਖੁਲ੍ਹਮ-ਖੁਲ੍ਹਾ ਵਿਤਕਰੇ ਪੂਰਨ ਤੇ ਅਪਮਾਨ ਜਨਕ ਕਾਨੂੰਨਾਂ ਦੀ ਵਰਤੋਂ ਨਹੀਂ ਕਰੇਗੀ। ਕੁਝ ਸਮੇਂ ਬਾਅਦ ਜਾਪਾਨੀ ਸਰਕਾਰ ਨੇ ਇਹ ਸੁਝਾਅ ਸਵੀਕਾਰ ਕਰ ਲਿਆ ਅਤੇ ਉਸ ਨੇ ਅਮਰੀਕੀ ਸਰਕਾਰ ਨਾਲ ਪਹਿਲਾਂ ਹੀ ਕੀਤੇ ਗਏ ਸਮਝੌਤੇ ਦੀ ਤਰਜ਼ 'ਤੇ ਕਨੇਡਾ ਨਾਲ ਵੀ ਇੱਕ ਗ਼ੈਰ-ਰਸਮੀ ਸਮਝੌਤਾ ਕਰ ਲਿਆ। ਜਿਸ ਅਨੁਸਾਰ ਵਪਾਰੀਆਂ, ਵਿਦਿਆਰਥੀਆਂ ਤੇ ਪਤਨੀਆਂ ਆਦਿ ਕਿਸਮਾਂ ਦੇ ਇਮੀਗਰੇਂਟਾਂ ਨੂੰ ਪੂਰੀ ਛੋਟ ਦਿੰਦੇ ਹੋਏ, ਜਾਪਾਨੀ ਮਜ਼ਦੂਰਾਂ ਦੀ ਕਨੇਡਾ ਲਈ ਇਮੀਗਰੇਂਟਾਂ ਦੀ ਗਿਣਤੀ ਸਿਰਫ਼ 400 ਮਜ਼ਦੂਰ ਪ੍ਰਤੀ ਸਾਲ ਤੱਕ ਸੀਮਿਤ ਕਰਨ ਦਾ ਵਾਅਦਾ ਕੀਤਾ ਗਿਆ। ਪਰ ਲੌਰੀਅਰ ਸਰਕਾਰ ਭਾਰਤ ਤੇ ਚੀਨ ਤੋਂ ਇਸ ਪ੍ਰਕਾਰ ਦਾ ਵਾਅਦਾ ਹਾਸਲ ਕਰਨ 'ਚ ਅਸਫ਼ਲ ਰਹੀ। ਚੀਨੀ ਇਮੀਗਰੇਂਟਾਂ ਲਈ ਇਸ ਅਸਫ਼ਲਤਾ ਦਾ ਮਤਲਬ ਸੀ, ਮੌਜੂਦਾ ਨਿਯਮਾਂ ਚ ਕੋਈ ਤਬਦੀਲੀ ਨਹੀਂ: ਮੌਜੂਦਾ ਵਿਅਕਤੀਗਤ ਚੀਨੀ ਇਮੀਗਰੇਂਟ ਟੈਕਸ ਆਪਣੀ ਜਗ੍ਹਾ ਕਾਇਮ ਸੀ ਅਤੇ ਜੋ ਵੀ ਚੀਨੀ ਇਮੀਗਰੇਂਟ ਇਹ ਟੈਕਸ ਅਦਾ ਕਰ ਸਕਦਾ ਸੀ, ਕਨੇਡਾ ਵਿਚ ਦਾਖਲ ਹੋ ਸਕਦਾ ਸੀ। ਪਰ ਭਾਰਤੀ ਇਮੀਗਰੇਂਟਾਂ ਲਈ ਇਸ ਫ਼ੈਸਲੇ ਦਾ ਸਿੱਧਾ ਮਤਲਬ ਸੀ, ਕਨੇਡਾ ਵਿਚ ਇਮੀਗਰੇਸ਼ਨ ਉੱਪਰ ਪੂਰੀ ਤਰਾਂ ਬੰਦਸ਼। ਕਨੇਡਾ ਵਿਚ ਪਹਿਲਾਂ ਤੋਂ ਰਹਿ ਰਹੇ ਸਿੱਖਾਂ ਤੇ ਭਾਰਤੀਆਂ ਲਈ ਇਹ ਨਵੀਂ ਨੀਤੀ ਬਹੁਤ ਵੱਡਾ ਧੱਕਾ ਸੀ। ਭਾਵੇਂ ਕਿ ਉਹ ਖੁਸ਼ਕਿਸਮਤ ਸਨ ਕਿ ਇਸ ਦੇ ਲਾਗੂ ਹੋਣ ਤੋਂ ਪਹਿਲਾਂ ਉਹ ਕਨੇਡਾ ਵਿਚ ਦਾਖਲ ਹੋ ਚੁਕੇ ਸਨ। ਪਰ ਹੁਣ ਉਨ੍ਹਾਂ ਦੇ ਰਿਸ਼ਤੇਦਾਰ ਤੇ ਪੇਂਡੂ ਸਾਥੀ ਉਨ੍ਹਾਂ ਕੋਲ ਨਹੀਂ ਆ ਸਕਦੇ ਸਨ ਤੇ ਉਹ ਨਵੇਂ ਇਮੀਗਰੇਂਟਾਂ ਦੇ ਆਉਣ ਨਾਲ ਹੋਣ ਵਾਲੇ ਤਬਕਾਤੀ ਵਿਕਾਸ ਤੇ ਸਾਥੀ ਕਾਰੋਬਾਰ ਦੀ ਤਵੱਕੋ ਨਹੀਂ ਕਰ ਸਕਦੇ ਸਨ। ਇਸ ਸਮੇਂ ਉਨ੍ਹਾਂ ਨੇ ਖੁਲ੍ਹੇ ਤੌਰ 'ਤੇ ਕਹਿਣਾ ਸ਼ੁਰੂ ਕਰ ਦਿੱਤਾ ਸੀ, ਕਿ ਇਹ ਕੈਸਾ ਸਾਮਰਾਜ ਹੈ, ਜੋ ਆਪਣੀ ਸਾਰੀ ਪਰਜਾ ਦੀ ਕਿਤੇ ਵੀ ਆਜ਼ਾਦ ਤੌਰ 'ਤੇ ਆਉਣ-ਜਾਣ ਦੀ ਜ਼ਾਮਨੀ ਨਹੀਂ ਦੇ ਸਕਦਾ। ਇਹੀ ਇੱਕ ਸਵਾਲ ਸੀ, ਜਿਸ ਤੋਂ ਬ੍ਰਿਟਿਸ਼ ਵਾਇਸਰਾਏ ਤੇ ਉਸਦੀ ਭਾਰਤ ਵਿਚਲੀ ਬ੍ਰਿਟਿਸ਼ ਕੌਂਸਲ ਦੀ ਬਹੁਗਿਣਤੀ ਡਰਦੀ ਸੀ ਅਤੇ ਉਸਨੇ ਇਸ ਦਾ ਖੁਲ੍ਹੇ ਤੌਰ ਤੇ ਸਾਹਮਣਾ ਕਰਨ ਤੋਂ ਇਨਕਾਰ ਕਰ ਦਿੱਤਾ ਉਹ ਡਰਦੇ ਸਨ ਕਿਉਂਕਿ ਇਸਦਾ ਸਪੱਸ਼ਟ ਤੇ ਇਮਾਨਦਾਰ ਜਵਾਬ ਯਕੀਨੀ ਤੌਰ 'ਤੇ ਭਾਰਤ ਵਿਚ ਬ੍ਰਿਟਿਸ਼ ਵਿਰੋਧੀ ਭਾਵਨਾ ਨੂੰ ਭੜਕਾ ਸਕਦਾ ਸੀ ਅਤੇ ਉਹ ਇਸਦਾ ਖੁਲ੍ਹੇ ਤੌਰ 'ਤੇ ਸਾਹਮਣਾ ਨਹੀਂ ਕਰਨਾ ਚਾਹੁੰਦੇ ਸਨ। ਕਿਉਂਕਿ ਉਨ੍ਹਾਂ ਨੂੰ ਇਸ ਮਸਲੇ ਦੀ, ਜਨਤਕ ਨਜ਼ਰਾਂ ਤੋਂ ਉਹੱਲੇ ਬਣੇ ਰਹਿਣ ਦੀ ਉਮੀਦ ਸੀ।

ਲੰਡਨ ਦੇ ਰਸਤੇ ਕਨੇਡਾ ਸਰਕਾਰ ਨਾਲ ਚਲ ਰਹੀ ਗੱਲਬਾਤ ਵਿਚ, ਭਾਰਤ ਦੇ ਵਾਇਸਰਾਏ ਤੇ ਉਸਦੇ ਕੌਂਸਲ ਮੈਂਬਰਾਂ ਨੇ, ਭਾਰਤੀ ਲੋਕਾਂ ਦੇ ਕਨੇਡਾ ਜਿਹੀਆਂ ਬ੍ਰਿਟਿਸ਼ ਬਸਤੀਆਂ ਵਿਚ ਵਸਣ ਦੇ ਹੱਕ ਦਾ ਨਾ ਦਾਅਵਾ ਕੀਤਾ ਅਤੇ ਨਾ ਹੀ

ਕਿਸੇ ਨੂੰ ਵੀ ਚਿਤਾਵਨੀ ਨਹੀਂ ਦਿੱਤੀ ਗਈ ਸੀ, ਕਿ ਓਟਾਵਾ ਸਰਕਾਰ ਜਾਪਾਨੀਆਂ ਦੇ ਨਾਲ-ਨਾਲ ਭਾਰਤੀਆਂ ਵਿਰੁੱਧ ਵੀ ਜਨਤਕ ਆਰਡਰ ਨੰਬਰ 27 ਦਾ ਇਸਤੇਮਾਲ ਕਰ ਸਕਦੀ ਸੀ। ਇਸ ਦੇ ਪ੍ਰਤੀਕ੍ਰਮ ਵਿਚ ਜ਼ਹਾਜੀ ਕੰਪਨੀ 'ਸੀ.ਪੀ.ਆਰ' ਮੁਸਾਫਰਾਂ ਨੂੰ ਵਾਪਸ ਏਸ਼ੀਆ ਲਿਜਾਣ ਦੇ ਖਰਚਿਆਂ ਲਈ ਝਗੜਦਿਆਂ ਇਸ ਆਰਡਰ ਦੇ ਵਿਰੁੱਧ ਅਦਾਲਤ ਚਲੀ ਗਈ ਅਤੇ ਕੇਸ ਜਿੱਤ ਗਈ। ਮੌਂਟ ਈਗਲ ਦੇ ਮੁਸਾਫਰਾਂ ਨੂੰ ਉੱਤਰਨ ਦੀ ਆਗਿਆ ਮਿਲ ਗਈ ਅਤੇ ਸਿੱਖ ਕੌਮੀਅਤ ਨੂੰ ਇੱਕ ਬ੍ਰਿਟਿਸ਼ ਮੁਲਕ ਦੇ ਕਾਨੂੰਨ ਦੇ ਹਾਂ-ਪੱਖੀ ਪਹਿਲੂ ਸੰਬੰਧੀ ਇੱਕ ਸਦਾ ਯਾਦ ਰਹਿਣ ਵਾਲਾ ਸਬਕ ਮਿਲ ਗਿਆ ਕਿ ਕਨੇਡਾ ਸਰਕਾਰ ਦੇ ਹੁਕਮਾਂ ਨੂੰ ਕਨੇਡੀਅਨ ਅਦਾਲਤਾਂ ਰੱਦ ਕਰ ਸਕਦੀਆਂ ਹਨ।

ਕਨੇਡੀਅਨ ਸਰਕਾਰ ਨੇ ਇਮੀਗਰੇਸ਼ਨ ਕਾਨੂੰਨ ਵਿਚ ਸੰਸਦ ਵੱਲੋਂ ਕੀਤੀਆਂ ਸੋਧਾਂ ਦਾ ਹਵਾਲਾ ਦੇ ਕੇ ਅਦਾਲਤ ਦੇ ਇਤਰਾਜ਼ਾਂ ਦਾ ਜਵਾਬ ਦਿੱਤਾ। ਐਸ. ਐਸ. ਮੌਂਟਈਗਲ ਦੇ ਮੁਸਾਫਿਰ ਤਾਂ ਵਾਪਸ ਭੇਜੇ ਜਾਣ ਤੋਂ ਸੁਰੱਖਿਅਤ ਸਨ। ਪਰ ਜੂਨ 1908 ਦੇ ਸ਼ੁਰੂ ਤੱਕ ਸਰਕਾਰ ਨੇ ਇੱਕ ਸੋਧਿਆ ਹੋਇਆ ਇਮੀਗਰੇਸ਼ਨ ਕਾਨੂੰਨ ਬਣਾ ਲਿਆ ਅਤੇ ਲਗਾਤਾਰ ਯਾਤਰਾ ਵਾਲੇ ਆਰਡਰ ਵਿਚ ਵੀ ਤਰਮੀਮਾਂ ਕਰ ਦਿੱਤੀਆਂ (1908 ਦਾ ਪਬਲਿਕ ਆਰਡਰ ਨੰ: 932) ਇੱਕ ਸਹਾਇਕ ਕਦਮ ਵੱਜੋਂ ਇਸ ਨੇ 200 ਡਾਲਰ ਕੋਲ ਹੋਣ ਦੀ ਸ਼ਰਤ ਵਾਲਾ ਆਰਡਰ ਜਾਰੀ ਕਰ ਦਿੱਤਾ। (1908 ਦਾ ਪਬਲਿਕ ਆਰਡਰ ਨੰ:1255) ਸੀ.ਪੀ.ਆਰ ਨੇ ਆਪਣੇ ਏਜੰਟਾਂ ਨੂੰ ਕਨੇਡਾ ਦੀ ਬੁਕਿੰਗ ਬੰਦ ਕਰਨ ਲਈ ਕਹਿ ਦਿੱਤਾ ਤੇ ਭਾਰਤ ਤੋਂ ਇਮੀਗਰਸ਼ਨ ਰੁਕ ਗਿਆ। ਜ਼ਹਾਜੀ ਕੰਪਨੀ ਨੇ ਆਖਿਰ ਮਹਿਸੂਸ ਕਰ ਲਿਆ ਕਿ ਇਸ ਮਸਲੇ 'ਤੇ ਕਨੇਡਾ ਸਰਕਾਰ ਨਾਲ ਝਗੜਨਾ ਕੋਈ ਫਾਇਦੇਮੰਦ ਸੌਦਾ ਨਹੀਂ।

ਇਮੀਗਰੇਸ਼ਨ ਬੰਦ ਹੋਣ ਤੱਕ ਕਨੇਡਾ ਵਿਚ ਪਹੁੰਚ ਚੁਕੇ ਭਾਰਤੀਆਂ ਦਾ ਸਰਕਾਰੀ ਅੰਕੜਾ ਪੰਜ ਹਜ਼ਾਰ ਤੋਂ ਉੱਪਰ ਸੀ। ਉਹਨਾਂ 'ਚੋਂ ਅੱਧੇ ਤਾਂ ਵੈਸੇ ਹੀ ਅਮਰੀਕਾ ਚਲੇ ਗਏ ਸਨ ਅਤੇ ਅੱਧੇ ਇੱਥੇ ਰਹਿ ਰਹੇ ਸਨ। 1907 ਦੀ ਆਰਥਿਕ ਮੰਦਹਾਲੀ ਦਰਮਿਆਨ ਪਹੁੰਚੇ ਇਮੀਗਰੇਂਟਾਂ ਨੂੰ ਕੰਮ ਅਤੇ ਆਸਰਾ ਲੱਭਣ ਵਿਚ ਬਹੁਤ ਮੁਸ਼ਕਿਲ ਹੋਈ ਸੀ। ਸੱਤ ਸੌ ਤੋਂ ਵੀ ਵੱਧ ਇਮੀਗਰੇਂਟ ਅਗਲੀ ਗਰਮੀ ਦੀ ਰੁੱਤ ਆਉਣ ਤੱਕ ਵੀ, ਬੇ-ਰੁਜ਼ਗਾਰ ਸਨ। ਕੁਝ ਇਮੀਗਰੇਂਟ ਸ਼ਹਿਰ ਵਿਚ ਟੁੱਟੇ-ਫੁਟੇ ਘਰਾਂ ਤੇ ਝੁੱਗੀਆਂ ਵਿਚ ਅਤੇ ਕੁਝ ਸ਼ਹਿਰ ਦੀ ਹੱਦ ਤੋਂ ਬਾਹਰ ਜੰਗਲਾਂ ਵਿਚ ਰਹਿੰਦੇ ਸਨ। ਸ਼ਹਿਰ ਨਿਵਾਸੀ ਸ਼ਿਕਾਇਤ ਕਰਦੇ ਸਨ ਕਿ ਉਹਨਾਂ 'ਚੋਂ ਕੁਝ ਹਰ ਰੋਜ਼ ਸ਼ਹਿਰ ਦੇ ਮੁੱਖ ਇਲਾਕੇ ਵਿਚ ਆਉਂਦੇ ਸਨ, ਘਰਾਂ ਦੇ ਪਿਛਲੇ ਪਾਸੇ ਦੇ ਦਰਵਾਜ਼ੇ ਖੜਕਾਉਂਦੇ ਸਨ ਅਤੇ ਕੰਮ ਤੇ ਪੈਸੇ ਦੀ ਭੀਖ ਮੰਗਦੇ ਸਨ।

ਇਹਨਾਂ ਇਮੀਗਰੇਂਟਾਂ ਦੇ ਕਈ ਦੋਸਤ ਸਰਹੱਦ ਪਾਰ ਕਰਕੇ ਵਾਸ਼ਿੰਗਟਨ ਤੇ ਉਰੇਗਾਉਂ (Washington and Oregon) ਚਲੇ ਗਏ ਸਨ। 1908 ਦੀ ਗਰਮੀ

ਲਈ ਲਾਗੂ ਘੱਟੋ-ਘੱਟ 25 ਡਾਲਰ ਦੀ ਸ਼ਰਤ ਤੋਂ ਕਾਫ਼ੀ ਵਧ ਸੀ। ਕਈ ਸੌ ਭਾਰਤੀਆਂ ਚੋਂ ਕਿਸੇ ਇੱਕ-ਅੱਧੇ ਕੋਲ ਹੀ ਦੋ ਸੌ ਡਾਲਰ ਹੋ ਸਕਦੇ ਸਨ।

ਇਹਨਾਂ 'ਚੋਂ ਕੋਈ ਵੀ ਆਰਡਰ ਠੀਕ ਤਰਾਂ ਲਾਗੂ ਨਾ ਹੋ ਸਕਿਆ। ਪਹਿਲਾਂ ਮਾਰਚ 1908 ਵਿਚ ਕਨੇਡੀਅਨ ਸਰਕਾਰ ਨੇ ਬੇਸਮਝ-ਕਾਹਲੀ ਵਿਚ ਲਗਾਤਾਰ ਯਾਤਰਾ ਵਾਲਾ ਨਿਯਮ ਭਾਰਤੀ ਇਮੀਗਰੇਂਟਾਂ ਉੱਪਰ ਲਾਗੂ ਕਰ ਦਿੱਤਾ। ਇਹ ਗਲਤ ਸ਼ੁਰੂਆਤ ਕਨੇਡਾ ਸਰਕਾਰ ਦੀ ਆਪਣੇ ਸਿੱਖ ਤੇ ਦੱਖਣੀ-ਏਸ਼ੀਆਈ ਤਬਕੇ ਨਾਲ ਪੰਜਾਹ ਸਾਲਾ ਘਰੇਲੂ ਜੱਦੋ-ਜਹਿਦ ਦਾ ਕਾਰਨ ਹੋ ਨਿਬੜੀ। ਇਹ ਕਦਮ ਭਾਰਤ ਸਰਕਾਰ ਨਾਲ ਚਲ ਰਹੀ ਗੱਲਬਾਤ ਦੇ ਕਿਸੇ ਸਿਰੇ ਨਾ ਲੱਗਣ ਤੋਂ ਬਾਅਦ ਲਿਆ ਗਿਆ ਤੇ ਭਾਰਤੀ ਇਮੀਗਰੇਂਟਾਂ ਨੂੰ ਨਿਯਮਤ ਕਰਨ ਦੀ ਜ਼ਿੰਮੇਵਾਰੀ ਖ਼ੁਦ ਕਨੇਡੀਅਨ ਸਰਕਾਰ ਦੇ ਸਿਰ ਆ ਪਈ।

ਕਨੇਡੀਅਨ ਸਰਕਾਰ ਵੱਲੋਂ ਕਾਹਲੀ ਵਿਚ ਕਦਮ ਚੁੱਕਣ ਦਾ ਫੌਰੀ ਕਾਰਨ ਬਣਿਆ ਸੀ.ਪੀ.ਆਰ ਕੰਪਨੀ ਦਾ 'ਐਸ.ਐਸ.ਮੋਂਟਈਗਲ' ਜ਼ਹਾਜ ਜੋ 183 ਭਾਰਤੀ ਇਮੀਗਰੇਂਟਾਂ ਨੂੰ ਲੈ ਕੇ ਪਹੁੰਚ ਰਿਹਾ ਸੀ। ਜ਼ਹਾਜ ਵੈਨਕੂਵਰ ਦੰਗਿਆਂ ਤੋਂ ਪੰਜ ਮਹੀਨੇ ਤੋਂ ਵੱਧ ਸਮੇਂ ਬਾਅਦ ਫਰਵਰੀ 1908 ਵਿਚ ਪਹੁੰਚਿਆ ਸੀ। ਇਸ ਸਮੇਂ ਤੱਕ ਲੌਰੀਅਰ ਅਤੇ ਉਸਦੀ ਸਰਕਾਰ ਕਿਸੇ ਪ੍ਰਕਾਰ ਦਾ ਕੋਈ ਇੰਤਜ਼ਾਮ ਕਰਨ ਸਬੰਧੀ ਭਾਰਤ ਸਰਕਾਰ ਨਾਲ ਗੱਲਬਾਤ ਕਰ ਰਹੀ ਸੀ ਅਤੇ ਆਪਣੇ ਤੌਰ 'ਤੇ ਕੋਈ ਵਿਸ਼ੇਸ਼ ਪ੍ਰਬੰਧ ਨਹੀਂ ਕੀਤਾ ਸੀ। ਵੈਨਕੂਵਰ ਦਾ ਇਮੀਗਰੇਸ਼ਨ ਏਜੰਟ ਡਾਕਟਰ ਏ.ਐਸ ਮੁਨਰੋ, (Dr A S Munro) ਚਲ ਰਹੀ ਆਮ ਪ੍ਰਕਿਰਿਆ ਅਧੀਨ 'ਮੋਂਟ ਈਗਲ' ਜਹਾਜ਼ ਰਾਹੀਂ ਆਏ ਭਾਰਤੀਆਂ ਚੋਂ, ਤਿੰਨ-ਚੌਥਾਈ ਨੂੰ ਦੇਸ਼ ਵਿਚ ਦਾਖਲ ਕਰਨ ਲਈ ਤਿਆਰ ਸੀ।

ਥੋੜ੍ਹਾ ਸਮਾਂ ਪਹਿਲਾਂ ਜਾਰੀ ਹੋਇਆ 'ਲਗਾਤਾਰ ਯਾਤਰਾ' ਵਾਲਾ ਆਰਡਰ (ਜਨਤਕ ਆਰਡਰ ਨੰ: 27, 1908) ਹੋਂਦ ਵਿਚ ਆ ਚੁੱਕਾ ਸੀ। ਪਰ ਮੁਨਰੋ ਇਸ ਉੱਪਰ ਅਮਲ ਕਰਨ ਬਾਰੇ ਨਹੀਂ ਸੋਚ ਰਿਹਾ ਸੀ। ਕਿਉਂਕਿ ਇਹ ਆਰਡਰ ਸਿਰਫ਼ ਹਵਾਈ ਟਾਪੂਆਂ ਰਾਹੀਂ ਆਉਣ ਵਾਲੇ ਜਾਪਾਨੀ ਇਮੀਗਰੇਂਟਾਂ ਨੂੰ ਰੋਕਣ ਵਾਸਤੇ ਜਾਰੀ ਹੋਇਆ ਸੀ। ਐਨ ਅਖੀਰਲੇ ਪਲ ਜਦੋਂ ਮੁਨਰੋ ਮੋਂਟਈਗਲ ਦੇ ਮੁਸਾਫਰਾਂ ਨੂੰ ਕਾਨੂੰਨੀ ਇਮੀਗਰੇਂਟਾਂ ਦੇ ਤੌਰ 'ਤੇ ਦਾਖਲੇ ਦੀ ਆਗਿਆ ਦੇਣ ਨੂੰ ਤਿਆਰ ਸੀ, ਓਟਾਵਾ ਸਰਕਾਰ ਨੇ ਜਾਪਾਨ-ਵਿਰੋਧੀ ਲਗਾਤਾਰ ਯਾਤਰਾ ਵਾਲੇ ਆਰਡਰ ਦਾ ਹਵਾਲਾ ਦੇ ਕੇ ਉਸਨੂੰ ਮੁਸਾਫਰਾਂ ਨੂੰ ਵਾਪਸ ਭੇਜਣ ਲਈ ਕਹਿ ਦਿੱਤਾ। ਹਦਾਇਤਾਂ ਇੰਨੀਆਂ ਯਕਦੱਮ ਤੇ ਉਮੀਦ ਦੇ ਉਲਟ ਸਨ ਕਿ ਲੰਡਨ ਵਿਚ ਬ੍ਰਿਟਿਸ਼ ਸਰਕਾਰ ਨਾਲ ਭਾਰਤੀ ਇਮੀਗਰੇਸ਼ਨ ਬਾਰੇ ਗੱਲਬਾਤ ਕਰ ਰਿਹਾ ਕ੍ਰਿਤ ਉਪ-ਮੰਤਰੀ ਮੈਕਨਜ਼ੀ ਕਿੰਗ (Mackenzie King) ਵੀ ਹੈਰਾਨ ਰਹਿ ਗਿਆ। ਮੁਸਾਫਰਾਂ, ਜ਼ਹਾਜੀ ਕੰਪਨੀਆਂ, ਇਮੀਗਰੇਸ਼ਨ ਏਜੰਟਾਂ ਅਤੇ ਇੱਥੋਂ ਤੱਕ ਕਿ ਮੈਕਨਜ਼ੀ ਕਿੰਗ ਸਮੇਤ

ਮੋਟੇ ਤੌਰ 'ਤੇ ਜੋ ਸਿੱਖ ਇਮੀਗਰੇਂਟ ਸਿਰਫ਼ ਪੰਜਾਬੀ ਬੋਲਦੇ ਸਨ ਉਹ ਆਪਣੇ ਫ਼ਿਰਕੇ ਤੋਂ ਬਾਹਰ ਹੋਣ ਸਮੇਂ ਗੁਆਚੇ ਹੋਏ ਰਹਿੰਦੇ ਸਨ। ਉਹ ਫੈਕਟਰੀਆਂ ਤੇ ਮਿਲਾਂ ਵਿਚ ਯੂਰਪੀਅਨਾਂ ਲਈ ਤੇ ਉਨ੍ਹਾਂ ਨਾਲ, ਸਾਧਾਰਨ ਸੰਬੋਧਨੀ-ਸ਼ਬਦ ਜਾਂ ਕੋਈ ਨਿੱਜੀ ਨੇੜਤਾ ਸਥਾਪਤ ਕਰਨ ਵਾਲੇ ਸ਼ਬਦਾਂ ਦੀ ਜਾਣਕਾਰੀ ਤੋਂ ਬਗੈਰ, ਕੰਮ ਕਰਦੇ ਸਨ। ਬਾਹਰਲੀ ਦੁਨੀਆਂ ਨਾਲ ਵਾਹ ਵਾਸਤੇ ਲਈ ਉਹ ਆਪਣੇ ਅੰਗਰੇਜ਼ੀ ਬੋਲਣ ਵਾਲੇ ਸਾਥੀਆਂ ਉੱਪਰ ਨਿਰਭਰ ਸਨ। ਮਨ-ਪ੍ਰਚਾਵੇ ਲਈ ਕਿਤੇ ਨਾ ਜਾ ਸਕਣ ਕਾਰਨ, ਉਹ ਇੱਕ ਦੂਜੇ ਨੂੰ ਮਿਲਣ ਲਈ ਮੁੱਖ ਬਾਜ਼ਾਰ ਵਿਚ ਇਕੱਠੇ ਹੁੰਦੇ ਸਨ। ਖੁੱਲ੍ਹੀ ਗਲੀ ਜਾਂ ਮੁੱਖ ਗਲੀ ਵਿਚ ਸਮੂਹਾਂ ਵਿਚ ਖੜ੍ਹੇ ਹੋ ਆਪਣੀ ਬੋਲੀ ਵਿਚ ਉੱਚੀ-ਉੱਚੀ ਗੱਲਾਂ ਕਰਦੇ, ਉਹ ਉਭਰਵੇਂ ਤੌਰ 'ਤੇ ਨਜ਼ਰੀਂ ਪੈਂਦੇ ਸਨ ਅਤੇ ਇਹ ਵਿਹਾਰ ਹੀ ਬਦਕਿਸਮਤੀ ਨਾਲ ਉਨ੍ਹਾਂ ਵਿਰੁੱਧ ਜਨਤਾ ਦੇ ਪੱਖਪਾਤੀ ਰੱਵਈਏ ਦਾ ਕਾਰਨ ਬਣਦਾ ਸੀ।

ਇਹ ਇਮੀਗਿਰੇਂਟ ਮੁੱਖ ਤੌਰ 'ਤੇ ਆਪਣੇ ਨਿਜੀ ਟੀਚਿਆਂ ਬਾਰੇ ਸੋਚਦੇ ਸਨ ਅਤੇ ਨਾ ਸਿਰਫ਼ ਆਪਣੇ ਲਈ ਸਗੋਂ ਪਿੱਛੇ ਆਪਣੇ ਪਰਿਵਾਰ ਨੂੰ ਭੇਜਣ ਵਾਸਤੇ ਵੱਧ ਤੋਂ ਵੱਧ ਪੈਸੇ ਕਮਾਉਣਾ ਚਾਹੁੰਦੇ ਸਨ। ਵਿਸ਼ੇਸ਼ ਤੌਰ 'ਤੇ ਉਹ ਕਨੇਡੀਅਨ ਲੋਕਾਂ ਨਾਲ ਉਲਝਣ ਤੋਂ ਪਾਸਾ ਵੱਟਦੇ ਸਨ। ਸ਼ੁਰੂਆਤੀ ਦਿਨਾਂ ਵਿਚ ਜਦੋਂ ਉਨ੍ਹਾਂ ਲਈ ਗ਼ੈਰਮਿਆਰੀ ਘਰਾਂ ਵਿਚ ਰਹਿਣਾ ਮਜ਼ਬੂਰੀ ਸੀ, ਉਹਨਾਂ ਦਾ ਪੁਲਿਸ ਨਾਲੋਂ ਜ਼ਿਆਦਾ ਵਾਹ ਸਿਹਤ ਇੰਸਪੈਕਟਰਾਂ ਨਾਲ ਪੈਂਦਾ ਸੀ। ਫਿਰ ਵੀ ਉਹ ਕਨੇਡੀਅਨ ਦੁਰ-ਭਾਵਨਾ ਤੋਂ ਚੰਗੀ ਤਰਾਂ ਵਾਕਫ਼ ਸਨ। ਉਹ ਇਸ ਦੁਰ-ਭਾਵਨਾ ਤੇ ਬਤਮੀਜ਼ੀ ਦਾ ਖੁਲ੍ਹਮ-ਖੁਲ੍ਹਾ ਗਲੀਆਂ-ਬਜ਼ਾਰਾਂ ਵਿਚ ਸਾਹਮਣਾ ਕਰਦੇ ਸਨ। ਇਸ ਵਰਤਾਰੇ ਨੂੰ ਵਿਤਕਰੇ ਵਾਲੇ ਇਮੀਗਰੇਸ਼ਨ ਕਾਨੂੰਨ ਵਿਚ ਵੀ ਮਹਿਸੂਸ ਕਰਦੇ ਸਨ ਜੋ ਉਹਨਾਂ ਦੇ ਸਾਥੀਆਂ ਤੇ ਰਿਸ਼ਤੇਦਾਰਾਂ ਨੂੰ ਦੇਸ਼ ਵਿਚ ਆਉਣ ਤੋਂ ਰੋਕਦਾ ਸੀ। ਅਤੇ ਬ੍ਰਿਟਿਸ਼ ਕੋਲੰਬੀਆ ਸਰਕਾਰ ਦੇ 1907 ਦੇ ਉਸ ਅਮਲ ਵਿਚ ਵੀ ਦੇਖਦੇ ਸਨ ਜਿਸ ਅਨੁਸਾਰ ਬ੍ਰਿਟਿਸ਼ ਨਾਗਰਿਕ ਹੋਣ ਨਾਤੇ ਵੋਟ ਦੇਣ ਦੇ ਅਧਿਕਾਰੀ ਹੋਣ ਦੇ ਬਾਵਜੂਦ ਉਹਨਾਂ ਦਾ ਇਹ ਅਧਿਕਾਰ ਖੋਹ ਲਿਆ ਗਿਆ ਸੀ। ਉਹ ਅਧਿਕਾਰੀਆਂ ਨਾਲ ਨਿਤਾਪ੍ਰਤੀ ਹੋਣ ਵਾਲੇ ਵਾਹ-ਵਾਸਤੇ ਵਿਚ ਵੀ ਸਤਾਇਆ ਜਾਣਾ ਅਨੁਭਵ ਕਰਦੇ ਸਨ ਅਤੇ ਸਮਝਦੇ ਸਨ ਕਿ ਜੇਕਰ ਕਨੇਡੀਅਨ ਸਰਕਾਰ ਨੂੰ ਕੋਈ ਢੰਗ ਲੱਭ ਜਾਵੇ ਤਾਂ ਉਹਨਾਂ ਦੇ ਪੂਰੇ ਫ਼ਿਰਕੇ ਨੂੰ ਬੇਝਿਜਕ ਹੋ ਕੇ ਦੇਸ਼ 'ਚੋਂ ਬਾਹਰ ਕੱਢ ਦੇਵੇ।

***

ਤੇ ਪੱਤਝੜ ਰੁੱਤ ਆਉਣ ਤੱਕ ਕਈ ਇਮੀਗਰੇਂਟ ਕੈਲੇਫੋਰਨੀਆ ਦੀਆਂ ਖੇਤੀ ਵਾਦੀਆਂ ਵਿਚ ਪਹੁੰਚ ਗਏ ਸਨ। ਜਿੱਥੇ ਉਨ੍ਹਾਂ ਨੂੰ ਅੰਗੂਰ ਤੇ ਸੰਤਰੇ ਤੋੜਨ, ਦਾਲਾਂ ਤੇ ਸਬਜਿਆਂ ਗੁੱਡਣ ਤੇ ਚਕੰਦਰ ਦੀ ਫਸਲ ਨੂੰ ਵਿਰਲੀ ਕਰਨ ਤੇ ਮਿੱਟੀ ਚੜ੍ਹਾਉਣ ਆਦਿ ਦਾ ਖੇਤਾਂ ਵਿਚ ਕੰਮ ਮਿਲ ਜਾਂਦਾ ਸੀ। 1913 ਤੱਕ ਅਮਰੀਕਾ ਵਿਚ ਕਨੇਡਾ ਨਾਲੋਂ ਤਿੰਨ ਗੁਣਾਂ ਵੱਧ ਸਿੱਖ ਸਨ ਜੋ ਜ਼ਿਆਦਾਤਰ ਫਲਾਂ ਦੇ ਬਾਗਾਂ ਤੇ ਸੈਕਰਾਮੈਂਟੋ ਵਾਦੀ ਦੇ ਛੋਟੇ ਸ਼ਹਿਰਾਂ ਵਿਚ ਰਹਿੰਦੇ ਸਨ। ਇਹ ਘਟਨਾਕ੍ਰਮ ਵੀ ਅਣਗੌਲਿਆ ਨਹੀਂ ਰਿਹਾ ਤੇ 1908 ਦੇ ਸ਼ੁਰੂ ਤੱਕ ਅਮਰੀਕਾ ਦੀ ਇਮੀਗਰੇਸ਼ਨ ਬਿਉਰੋ ਉੱਪਰ ਦਬਾਅ ਵੱਧਣ ਲੱਗਿਆ ਕਿ ਸਿੱਖਾਂ ਨੂੰ ਦੇਸ਼ ਵਿਚ ਨਾ ਵੜਣ ਦੇਣ। ਸੋ 'ਪੈਸੇਫਿਕ ਕੰਢੇ' ਦੇ ਪ੍ਰਾਂਤਾਂ ਦੇ ਲੋਕਾਂ ਦੇ ਉੱਲਟ ਰਵੱਈਏ ਕਾਰਨ ਜਨਤਕ ਬੋਝ ਬਣ ਜਾਣ ਦਾ ਬਹਾਨਾ ਲੈ ਕੇ, 'ਜੋ ਕਿ ਅਮਰੀਕਨ ਕਾਨੂੰਨ ਦੀ ਵਿਲੱਖਣ ਅਮਲਦਾਰੀ'-ਸੀ। ਬਹੁਤ ਸਾਰੇ ਪੰਜਾਬੀਆਂ ਨੂੰ ਵਾਪਸ ਭੇਜ ਦਿਤਾ।

ਕਨੇਡਾ ਵਿਚ ਟਿਕੇ ਰਹਿ ਜਾਣ ਵਾਲਿਆਂ ਲਈ ਹਾਲਾਤ 1907-08 ਤੋਂ ਬਾਅਦ ਸੁਧਰ ਗਏ। ਵੈਨਕੂਵਰ ਵਿਚ 1908 ਵਿਚ ਅਤੇ ਵਿਕਟੋਰੀਆ ਵਿਚ 1912 ਵਿਚ ਸਿੱਖਾਂ ਨੇ ਸੁਰੱਖਿਅਤ ਰਿਹਾਇਸ਼ਗਾਹ, ਮਿਲਣ-ਥਾਂ, ਲੰਗਰਹਾਲ ਤੇ ਹੋਸਟਲ ਦੇ ਤੌਰ 'ਤੇ ਬਹੁ-ਮੰਤਵੀ ਕੰਮ ਆਉਣ ਵਾਲੇ ਸ਼ਾਨਦਾਰ ਗੁਰਦਵਾਰਿਆਂ ਦੇ ਨਿਰਮਾਣ ਲਈ ਬਹੁਤ ਸਾਰਾ ਪੈਸਾ ਇੱਕੱਠਾ ਕੀਤਾ। ਹੋਸਟਲ ਵੱਜੋਂ ਇਹ ਗੁਰਦਵਾਰੇ ਇਮੀਗਰੇਂਟਾਂ ਦੀ ਆਬਾਦੀ ਦੇ ਲੋੜਵੰਦ ਮੈਂਬਰਾਂ ਨੂੰ ਟਿਕਾਣਾ ਦਿੰਦੇ ਸਨ। ਸਿੱਖ ਰਵਾਇਤ ਅਨੁਸਾਰ ਇਹ ਗੁਰਦਵਾਰੇ ਹਿੰਦੂ, ਮੁਸਲਿਮ, ਇਸਾਈ ਜਾਂ ਸਿੱਖ, ਸਭ ਲਈ ਖੁੱਲ੍ਹੇ ਸਨ। ਫਿਰ ਵੀ ਕੁਝ ਧਿਆਨਯੋਗ ਵਿਅਕਤੀਗਤ ਅਪਵਾਦਾਂ ਨੂੰ ਛੱਡ ਕੇ, ਸਿੱਖ ਤੇ ਉਨ੍ਹਾਂ ਦੇ ਸਾਥੀ ਭਾਰਤੀ ਲੋਕ, ਬਹੁਗਿਣਤੀ ਗੋਰੇ ਤਬਕੇ ਤੋਂ ਅਲਹਿਦਾ ਰਹਿੰਦੇ ਸਨ ਅਤੇ ਗਲੀ-ਬਾਜ਼ਾਰਾਂ ਵਿਚ ਬੇ-ਵਜਾਹ ਦੀ ਦੁਸ਼ਮਨੀ ਦਾ ਨਿਸ਼ਾਨਾ ਬਣਦੇ ਸਨ। ਸਿੱਖ ਭਾਈਚਾਰੇ ਦੇ ਇੱਕ ਠੋਸ ਹਿੱਸੇ ਨੇ ਬ੍ਰਿਟਿਸ਼ ਭਾਰਤੀ ਫੌਜ ਜਾਂ ਫਿਰ ਸਿੰਘਾਪੁਰ, ਹਾਂਗਕਾਂਗ ਤੇ ਸ਼ਿੰਘਾਈ ਦੇ ਪੁਲਿਸ ਬਲਾਂ ਵਿਚ ਕੰਮ ਕੀਤਾ ਸੀ ਅਤੇ ਉਹ ਬ੍ਰਿਟਿਸ਼ ਅਫ਼ਸਰਾਂ ਦੁਆਰਾ ਸਿੱਖਿਅਤ ਤੇ ਪੜ੍ਹਾਏ ਹੋਏ ਸਨ। ਇਹ ਲੋਕ ਯੂਰਪੀਅਨਾਂ ਦੇ ਦਰਮਿਆਨ ਵੀ ਬਹੁਤ ਸਵੈ-ਵਿਸ਼ਵਾਸੀ ਨਾਲ ਰਹਿੰਦੇ ਸਨ ਅਤੇ ਆਮ ਤੌਰ 'ਤੇ ਆਪਣੇ-ਆਪ ਦਾ ਬਹੁਤ ਹਾਂ ਪਖੀ ਪ੍ਰਭਾਵ ਛੱਡਦੇ ਸਨ। ਇਹ ਵਿਹਾਰ ਉਨ੍ਹਾਂ ਦੇ ਆਪਣੇ ਹੀ ਕਈ ਦੇਸ਼ਵਾਸੀਆਂ ਦੇ ਵਿਹਾਰ ਦੇ ਮੁਕਾਬਲੇ ਵਿਚ ਬਿਲਕੁਲ ਉਲਟ ਸੀ। ਜੋ ਸਿੱਧੇ ਪੇਂਡੂ ਇਲਾਕਿਆਂ ਚੋਂ ਨਿਕਲ ਕੇ ਜਿੱਥੇ ਉਨ੍ਹਾਂ ਨੇ ਅੰਗਰੇਜ਼ੀ ਤਾਂ ਕੀ, ਆਪਣੀ ਬੋਲੀ ਵੀ ਪੜ੍ਹਣੀ ਤੇ ਲਿਖਣੀ ਨਹੀਂ ਸਿੱਖੀ ਸੀ, ਉਤਰੀ ਅਮਰੀਕਾ ਪਹੁੰਚੇ ਸਨ। ਇਹ ਘੱਟ-ਤਜ਼ਰਬੇਕਾਰ ਲੋਕ ਕਿਸੇ ਅਜਨਬੀ ਕੋਲ, ਇੱਥੋਂ ਤੱਕ ਕਿ ਆਪਣੇ ਮਾਲਕ ਸਾਹਮਣੇ ਵੀ ਅਲੱਗ-ਥਲੱਗ ਤੇ ਚੁੱਪ-ਚਾਪ ਰਹਿੰਦੇ ਸਨ।

ਬਸਤੀਆਂ ਨਾਟਾਲ ਤੇ ਟਰਾਂਸਵਾਲ ਵਿਚ ਭਾਰਤੀ ਇਮੀਗਿਰੇਂਟਾਂ ਨਾਲ ਹੋ ਰਹੇ ਸਾੜ੍ਹ ਵਿਤਕਰੇ ਤੇ ਦੁਸ਼ਵਾਰੀਆਂ ਬਾਰੇ ਗਾਂਧੀ ਜੀ ਨੇ ਪੂਰੀ ਦੁਨੀਆਂ ਵਿਚ ਪ੍ਰਚਾਰ ਕਰ ਦਿੱਤਾ ਸੀ। ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਹੁਣ ਕਨੇਡਾ ਦੇ ਵਿਤਕਰੇਪੂਰਨ ਕਾਨੂੰਨ ਨੇ ਇਹ ਧਾਰਨਾ ਪੱਕੀ ਕਰ ਦਿੱਤੀ ਸੀ। ਉਨ੍ਹਾਂ ਨੇ ਦੇਖ ਲਿਆ ਸੀ ਕਿ ਉਹਨਾਂ ਦੀ ਆਪਣੀ ਸਰਕਾਰ ਜੋ ਆਪਣੇ-ਆਪ ਨੂੰ ਭਾਰਤ ਦੀ ਮਾਂ-ਬਾਪ ਸਰਕਾਰ ਕਹਿੰਦੀ ਸੀ, ਨੇ ਬਿਲਕੁਲ ਵੀ ਉਨ੍ਹਾਂ ਦੀ ਪ੍ਰਵਾਹ ਨਹੀਂ ਸੀ ਕੀਤੀ ਅਤੇ ਜਦੋਂ ਉਹ ਦੇਸ਼ 'ਚੋਂ ਬਾਹਰ ਚਲੇ ਗਏ। ਤਾਂ ਉਨ੍ਹਾਂ ਦੀ ਉਸ ਪ੍ਰਕਾਰ ਦੇਖ ਭਾਲ ਨਹੀਂ ਸੀ ਕੀਤੀ ਗਈ, ਜਿਵੇਂ ਜਾਪਾਨ ਦੀ ਸਰਕਾਰ ਜਾਪਾਨੀ ਇਮੀਗਰੇਂਟਾਂ ਦੀ ਦੇਖਭਾਲ ਕਰਦੀ ਸੀ।

ਉਨ੍ਹਾਂ ਨੇ ਪੰਜਾਬ ਵਿਚ ਇਸ ਵਿਤਕਰੇ ਬਾਰੇ ਇੰਨੀ ਆਸਾਨੀ ਨਾਲ ਗੱਲ ਨਹੀਂ ਸੀ ਕਰ ਸਕਣੀ। ਉਨ੍ਹਾਂ ਦੇ ਪਿੰਡਾਂ ਦੇ ਵੱਡੇ ਜ਼ਿੰਮੀਦਾਰ ਤੇ ਮੁੱਖੀਏ ਆਮ ਤੌਰ 'ਤੇ ਸਿੱਖ ਜਥੇਬੰਦੀਆਂ (ਧਾਰਮਿਕ ਤੇ ਸਿਆਸੀ) ਬ੍ਰਿਟਿਸ਼ ਸਾਮਰਾਜ ਪ੍ਰਤੀ ਆਪਣੀ ਵਫ਼ਾਦਾਰੀ ਪਾਲਣ ਦੇ ਨਾਲ-ਨਾਲ, ਸਿੱਖ ਪਹਿਚਾਣ ਦਾ ਬਚਾਅ ਵੀ ਕਰਦੀਆਂ ਸਨ। ਭਾਰਤ ਵਿਚ ਅਜਿਹੀ ਸਥਿੱਤੀ ਦੇ ਹੁੰਦਿਆਂ ਸਿੱਖ ਕੌਮੀਅਤ, ਆਪਣੀ ਉੱਪਰਲੀ ਲੀਡਰਸ਼ਿਪ ਤੋਂ ਲੈ ਕੇ ਹੇਠਾਂ ਤੱਕ ਅੰਗਰੇਜ਼ਾਂ ਨਾਲ ਬੱਝੀ ਹੋਈ ਸੀ ਅਤੇ ਦੂਸਰੇ ਪੰਜਾਬੀਆਂ ਜਾਂ ਭਾਰਤ ਦੇ ਦੂਸਰੇ ਇਲਾਕਿਆਂ ਦੇ ਲੋਕਾਂ ਦੇ ਮੁਕਾਬਲੇ ਸਿੱਖਾਂ ਨੂੰ ਮਿਲਦੇ ਵਿਸ਼ੇਸ਼ ਵਿਹਾਰ ਨੇ ਇਸ ਧਾਰਨਾ ਨੂੰ ਹੋਰ ਪੱਕਿਆਂ ਕਰ ਦਿੱਤਾ ਸੀ। ਬੰਗਾਲ ਸਥਿਤ ਭਾਰਤੀ ਫੌਜ ਦੇ ਹਿੰਦੂਆਂ ਤੇ ਮੁਸਲਮਾਨਾਂ ਵੱਲੋਂ ਕੀਤੀ 1857 ਦੀ ਬਗ਼ਾਵਤ ਤੋਂ ਬਾਅਦ ਅੰਗਰੇਜ਼ਾਂ ਨੇ ਦੂਸਰੇ ਭਾਰਤੀਆਂ ਦੇ ਮੁਕਾਬਲੇ ਸਿੱਖਾਂ ਨੂੰ ਫੌਜ ਤੇ ਸਿਵਿਲ ਸੇਵਾਵਾਂ ਵਿਚ ਤਰਜ਼ੀਹੀ ਆਧਾਰ 'ਤੇ ਭਰਤੀ ਕਰਨਾ ਸ਼ੁਰੂ ਕਰ ਦਿੱਤਾ ਸੀ। ਇਹ ਸਭ ਉਸ ਸਮੇਂ ਹੋਇਆ ਜਦੋਂ ਪੰਜਾਬ ਵਿਚ ਸਿੱਖਾਂ ਦੀ ਆਬਾਦੀ ਸਿਰਫ਼ 12 ਪ੍ਰਤੀਸ਼ਤ ਅਤੇ ਪੂਰੇ ਭਾਰਤ ਵਿਚ ਇੱਕ ਪ੍ਰਤੀਸ਼ਤ ਤੋਂ ਘੱਟ ਸੀ। ਅੰਗਰੇਜ਼ਾਂ ਦੀਆਂ ਨੀਤੀਆਂ ਨੇ ਸਿੱਖਾਂ ਤੇ ਹਿੰਦੂਆਂ ਦਰਮਿਆਨ ਵਖਰੇਂਵਿਆਂ ਨੂੰ ਵਧਾ ਦਿੱਤਾ ਸੀ। ਭਾਵੇਂ ਕਿ ਦੋਨਾਂ ਫ਼ਿਰਕਿਆਂ ਦੇ ਮੈਂਬਰ ਆਪਨੇ ਆਪ ਵਿਚ ਇਹਨਾਂ ਵਖਰੇਂਵਿਆਂ ਬਾਰੇ ਖੁੱਲ੍ਹ-ਦਿਲੇ ਸਨ। ਬਹੁਤ ਮਹੱਤਵਪੂਰਨ ਗੱਲ ਇਹ ਸੀ। ਕਿ ਅੰਗਰੇਜ਼ਾਂ ਨੇ ਖੁਦ ਸਿੱਖ ਰੈਜ਼ਮੈਂਟਾਂ ਵਿਚ ਸਿੱਖ ਪਹਿਚਾਣ ਨੂੰ ਉਤਸ਼ਾਹਿਤ ਕੀਤਾ ਜਿੱਥੇ ਇੱਕ ਸਿੱਖ ਰੰਗਰੂਟ ਆਪਣੇ ਧਰਮ ਦੀ ਮਰਯਾਦਾ ਨਾਲ ਸਬੰਧਿਤ ਪੰਜ ਸਿੱਖ ਪ੍ਰਤੀਕ-ਕੇਸ਼, ਕੰਘਾ, ਕੱਛਾ, ਕੜਾ ਤੇ ਕ੍ਰਿਪਾਨ-ਪਹਿਨ ਕੇ ਰੱਖ ਸਕਦਾ ਸੀ। ਪਰ ਅੰਗਰੇਜ਼ਾਂ ਨੇ ਪ੍ਰੈਸ ਤੇ ਜਨਤਕ ਬਹਿਸ ਨੂੰ ਆਪਣੀ ਪਕੜ ਵਿਚ ਕਰ ਰੱਖਿਆ ਸੀ। ਇਸ ਲਈ ਸਰਕਾਰ ਆਲੋਚਕਾਂ ਨੂੰ ਦਬਾਉਣ ਲਈ ਸੂਪਰਸਤੀ ਤੇ ਸੈਂਸਰਸ਼ਿਪ ਦੋਨੋਂ ਹਰਬੇ ਵਰਤਦੀ ਸੀ।

ਬ੍ਰਿਟਿਸ਼ ਕੋਲੰਬੀਆ ਵਿਚ ਇਸ ਤੋਂ ਵੱਖਰਾ ਮਾਹੌਲ ਸੀ। ਬਿਲਕੁੱਲ ਅਨਪੜ੍ਹ ਜਾਂ ਬਹੁਤ ਘੱਟ ਪੜ੍ਹੇ ਸਿੱਖਾਂ ਦੀ ਬਹੁ-ਗਿਣਤੀ ਦੇ ਨਾਲ-ਨਾਲ ਉਥੇ ਬਹੁਤ ਪੜ੍ਹੇ-

ਅਧਿਆਏ 2

## ਸਿੱਖਿਆ : ਇੱਕ ਸਿਆਸੀ ਚੇਤੰਨਤਾ

1908 ਦੀ ਪੱਤਝੜ ਰੁੱਤੇ ਜਦੋਂ ਉਨ੍ਹਾਂ 'ਚੋਂ ਕਈ ਅਜੇ ਤੱਕ ਬੇਰੁਜ਼ਗਾਰ ਸਨ, ਇਮੀਗਰੇਂਟਾਂ ਖ਼ਾਸ ਕਰ ਭਾਰਤੀ ਇਮੀਗਿਰੇਂਟਾਂ ਦੇ ਸਿਰ ਉੱਪਰ ਸਮੂਹਕ ਦੇਸ਼-ਨਿਕਾਲੇ ਦੀ ਸੰਭਾਵੀ ਤਲਵਾਰ ਲਟਕ ਰਹੀ ਸੀ। ਕਨੇਡੀਅਨ ਸਰਕਾਰ ਨੇ ਉਨ੍ਹਾਂ ਨੂੰ ਅੱਗੇ ਬ੍ਰਿਟਿਸ਼ ਹਾਂਡੂਰਸ ਦੇਸ਼ ਵਿਚ ਇਮੀਗਰੇਂਟ ਕਰਨ ਦੀ ਪੇਸ਼ਕਸ ਲਈ ਬੁਲਾਇਆ ਸੀ। ਜਿੱਥੇ ਜਿਵੇਂ ਉਨ੍ਹਾਂ ਨੂੰ ਦੱਸਿਆ ਗਿਆ ਸੀ। ਕਿ ਉਨ੍ਹਾਂ ਦੀ ਮਜ਼ਦੂਰੀ ਲਈ ਬਹੁਤ ਮੰਗ ਸੀ ਬਹੁਤ ਉੱਚ-ਰੁਤਬੇ ਵਾਲੇ ਕਨੇਡੀਅਨ ਅਫ਼ਸਰ ਉਹਨਾਂ ਨੂੰ ਇਸ ਪੇਸ਼ਕਸ਼ ਨੂੰ ਮਨਜ਼ੂਰ ਕਰਨ ਲਈ ਫ਼ੈਸਲਾ ਲੈਣ ਵਿਚ ਉਨ੍ਹਾਂ ਦੀ ਮਦਦ ਕਰਨ ਲਈ ਅੱਗੇ ਆਏ। ਪਰ ਉਨ੍ਹਾਂ ਨੇ ਇਸ ਮਦਦ ਉੱਪਰ ਵਿਸ਼ਵਾਸ ਨਾ ਕੀਤਾ। ਹੋਮ ਮਿਨਿਸਟਰ ਦੇ ਨਿੱਜੀ ਸਕੱਤਰ ਮਿਸਟਰ ਜੇ.ਬੀ.ਹਾਰਕਿਨ (J.B.Harkin) ਇਮੀਗਰੇਂਟਾਂ ਦੇ ਦੋ ਪ੍ਰਤੀਨਿਧਾਂ —ਇੱਕ ਹਿੰਦੂ ਤੇ ਇੱਕ ਸਿੱਖ— ਨੂੰ ਹਾਂਡੂਰਸ ਦੇਸ਼ ਖ਼ੁਦ ਦੇਖ ਪਰਖ ਲੈਣ ਦਾ ਮੌਕਾ ਦੇਣ ਲਈ, ਨਾਲ਼ ਲੈ ਕੇ ਉਥੇ ਗਏ। ਜਦੋਂ ਇਹਨਾਂ ਪ੍ਰਤੀਨਿਧਾਂ ਨੇ ਵਾਪਸ ਆ ਕੇ ਹਾਂਡੂਰਸ ਦੀਆਂ ਖਰਾਬ ਹਾਲਤਾਂ ਦਾ ਬਿਆਨ ਕੀਤਾ ਤਾਂ ਸਥਾਨਕ ਇਮੀਗਰੇਂਟ ਅਧਿਕਾਰੀਆਂ ਨੇ ਉਨ੍ਹਾਂ ਦੇ ਸਾਰੇ ਤਬਕੇ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਹ ਹਾਂਡੂਰਸ ਨਾ ਗਏ ਅਤੇ ਬਾਅਦ ਵਿਚ ਅਵਾਰਾਗਰਦੀ ਕਰਦੇ ਫੜੇ ਗਏ, ਤਾਂ ਉਨ੍ਹਾਂ ਨੂੰ ਦੇਸ਼ ਵਿਚੋਂ ਕੱਢ ਦਿੱਤਾ ਜਾਵੇਗਾ। ਇਹ ਬਿਨਾਂ ਸ਼ੱਕ ਇੱਕ ਧਮਕੀ ਸੀ ਅਤੇ ਆਤਮ-ਰੱਖਿਆ ਲਈ ਤੇ ਇੱਕ ਦੂਜੇ ਦਾ ਖਿਆਲ ਰੱਖਣ ਲਈ ਭਾਰਤੀਆਂ ਨੇ ਆਪਣੇ-ਆਪ ਨੂੰ ਜਥੇਬੰਦ ਕਰ ਲਿਆ ਤਾਂ ਕਿ ਅਧਿਕਾਰੀਆਂ ਨੂੰ ਉਨ੍ਹਾਂ 'ਚੋਂ ਕਿਸੇ ਇੱਕੱਲੇ-ਇੱਕੇਹਿਰੇ ਨੂੰ ਫੜਨ ਦਾ ਕੋਈ ਬਹਾਨਾ ਨਾ ਮਿਲ ਸਕੇ।

ਇਹਨਾਂ ਲੋਕਾਂ ਦੇ ਮਨ ਵਿਚ ਭਾਰਤ ਸਰਕਾਰ ਵਿਰੁੱਧ ਬਹੁਤ ਨਫ਼ਰਤੀ ਭਾਵਨਾਵਾਂ ਸਨ। ਉਹ ਦੇਖਦੇ ਸਨ ਕਨੇਡਾ ਵਿਚ ਉਨ੍ਹਾਂ ਦੇ ਮੁਕਾਬਲੇ ਜਾਪਾਨੀਆਂ ਨਾਲ ਚੰਗਾ ਵਿਵਹਾਰ ਕੀਤਾ ਜਾਂਦਾ ਸੀ ਅਤੇ ਉਨ੍ਹਾਂ ਦਾ ਇਹ ਸਾਂਝਾ ਵਿਸ਼ਵਾਸ ਸੀ, ਕਿ ਚਮੜੀ ਦਾ ਰੰਗ ਕਾਲਾ ਹੋਣ ਕਾਰਨ ਉਹ ਬ੍ਰਿਟਿਸ਼ ਸਾਮਰਾਜ ਦੇ ਭਾਗੀਦਾਰ ਨਹੀਂ, ਸਗੋਂ ਮਤਰੇਏ ਬੱਚੇ ਸਨ। ਯੂਰਪੀਅਨਾਂ ਦੀ ਆਬਾਦੀ ਵਾਲੀਆਂ ਬ੍ਰਿਟਿਸ਼ ਬਸਤੀਆਂ ਜਿਵੇਂ ਕਿ ਦੱਖਣੀ ਅਫ਼ਰੀਕਾ, ਪੱਛਮੀ ਅਫ਼ਰੀਕਾ, ਆਸਟ੍ਰੇਲੀਆ ਤੇ ਨਿਊਜ਼ੀਲੈਂਡ ਨੇ ਕਨੇਡਾ ਵਲੋਂ ਕਾਨੂੰਨ ਬਣਾਉਣ ਤੋਂ ਕੁਝ ਸਮਾਂ ਪਹਿਲਾਂ ਹੀ ਭਾਰਤੀ ਇਮੀਗਿਰੇਂਟਾਂ ਦੇ ਖੁੱਲ੍ਹੇ ਦਾਖਲੇ ਵਿਰੁੱਧ ਕਾਨੂੰਨ ਬਣਾ ਦਿੱਤੇ ਸਨ। ਬ੍ਰਿਟਿਸ਼

ਸਿੱਖਾਂ ਲਈ ਇੱਕ ਸਕੂਲ ਖੋਲ੍ਹਿਆ। ਉਹ ਉਸ ਸਮੇਂ ਤੱਕ ਵੈਨਕੂਵਰ ਵਿਚ ਹੀ ਨੌਕਰੀ ਕਰ ਰਿਹਾ ਸੀ। ਜਦ ਅਪਰੈਲ 1908 ਵਿਚ ਉਸ ਨੇ 'ਆਜ਼ਾਦ ਹਿੰਦੁਸਤਾਨ' (Free Hindustan) ਨਾਮ ਦੇ ਇੱਕ ਅੰਗਰੇਜ਼ੀ ਅਖ਼ਬਾਰ ਦਾ ਪ੍ਰਕਾਸ਼ਨ ਸ਼ੁਰੂ ਕੀਤਾ। ਇਹ ਅਖ਼ਬਾਰ ਉਸ ਨੇ ਮੁੱਖ ਤੌਰ 'ਤੇ ਆਪਣੇ ਪੈਸਿਆਂ ਨਾਲ ਕਈ ਸਾਲ ਤੱਕ ਚਲਾਇਆ ਅਤੇ ਮਹਾਂਦੀਪ ਵਿਚ ਉਸ ਦੇ ਥਾਂ ਬਦਲਣ ਦੇ ਨਾਲ ਨਾਲ ਅਖ਼ਬਾਰ ਦਾ ਪ੍ਰਕਾਸ਼ਨ ਸਥਾਨ ਵੀ ਬਦਲਦਾ ਰਿਹਾ। ਆਜ਼ਾਦ ਹਿੰਦੁਸਤਾਨ ਅਖ਼ਬਾਰ ਦਾ ਪਹਿਲਾਂ ਅੰਕ ਕਨੇਡਾ ਸਰਕਾਰ ਵੱਲੋਂ ਐਸ.ਐਸ.ਮੌਂਟਈਗਲ (S S Monteagle) ਜਹਾਜ਼ ਦੇ ਯਾਤਰੀਆਂ ਵਿਰੁੱਧ ਲਗਾਤਾਰ-ਸਫ਼ਰ ਦੇ ਨਿਯਮ ਦੀ ਵਰਤੋਂ ਦੀ ਅਸਫਲ ਕੋਸ਼ਿਸ਼ ਦੇ ਸਬੰਧ ਵਿਚ ਪ੍ਰਕਾਸ਼ਿਤ ਹੋਇਆ ਸੀ। ਜਦ ਆਜ਼ਾਦ ਹਿੰਦੁਸਤਾਨ ਅਖ਼ਬਾਰ ਦਾ ਪ੍ਰਕਾਸ਼ਨ ਸ਼ੁਰੂ ਹੋਇਆ ਸੀ, ਸਰਕਾਰ 'ਲਗਾਤਾਰ ਸਫ਼ਰ' ਵਾਲਾ ਕਾਨੂੰਨ ਬਣਾ ਰਹੀ ਸੀ। ਅਤੇ ਤਾਰਕਨਾਥ ਦਾਸ ਨੂੰ ਪਤਾ ਸੀ, ਕਿ ਅਜਿਹਾ ਕੋਈ ਕਾਨੂੰਨ ਆ ਰਿਹਾ ਹੈ। ਆਜ਼ਾਦ ਹਿੰਦੁਸਤਾਨ ਅਖ਼ਬਾਰ ਵਿਚ ਉਸ ਨੇ ਆਪਣੇ ਦੇਸ਼ ਵਾਸੀਆਂ ਦਾ, ਇਸ ਕਾਨੂੰਨ ਬਾਰੇ ਹੋਣ ਵਾਲਾ ਪ੍ਰਤੀਕਰਮ ਤੇ ਆਉਣ ਵਾਲੇ ਸਾਲਾਂ ਵਿਚ ਇਸ ਕਾਨੂੰਨ ਵਿਚ ਲੋੜੀਦੀਆਂ ਹਾਂ-ਪੱਖੀ ਤਬਦੀਲੀਆਂ ਬਾਰੇ ਲਿਖਿਆ ਉਸ ਨੇ ਲਿਖਿਆ ਕਿ ਜੇਕਰ ਭਾਰਤੀ ਲੋਕਾਂ ਨੇ ਆਪਣੀ ਮਰਜ਼ੀ ਮੁਤਾਬਕ ਸਾਮਰਾਜ ਦੇ ਦੂਸਰੇ ਇਲਾਕਿਆਂ ਵਿਚ ਨਹੀਂ ਜਾ ਸਕਣਾ ਤਾਂ ਇਹ ਬ੍ਰਿਟਿਸ਼ ਸਾਮਰਾਜ ਵੀ ਛਹਿ-ਢੇਰੀ ਹੋ ਜਾਣਾ ਹੈ।

ਇੱਕ ਐਂਗਲੋ-ਇੰਡੀਅਨ ਦੁਭਾਸ਼ੀਏ ਮਿਸਟਰ ਡਬਲਯੂ.ਸੀ.ਹਾੱਪਕਿਨਸਨ (W.C.Hopkinson) ਨੇ ਜੋ ਉਸ ਸਮੇਂ ਵੈਨਕੂਵਰ ਵਿਚ ਮੁਕਾਬਲਤਨ ਨਵਾਂ ਸੀ। ਉਸ ਬਸੰਤ ਦੀ ਰੁੱਤੇ ਬ੍ਰਿਟਿਸ਼ ਤੇ ਕਨੇਡੀਅਨ ਮੀਡੀਏ ਦੇ ਪੱਤਰਕਾਰਾਂ ਦਾ ਧਿਆਨ ਤਾਰਕਨਾਥ ਦਾਸ ਵੱਲ ਇਹ ਕਹਿ ਕੇ ਦਿਵਾਇਆ ਕਿ ਭਾਰਤ ਵਿਚਲੀ ਇਨਕਲਾਬੀ ਲਹਿਰ ਦੀ ਰਹਿਨੁਮਾਈ ਉਤਰੀ ਅਮਰੀਕਾ ਦੇ ਪੈਸੇਫਿਕ ਤੱਟ ਤੋਂ ਕੀਤੀ ਜਾ ਰਹੀ ਸੀ ਅਤੇ ਮਿਲਸਾਇਡ ਇਸ ਸਰਗਰਮੀ ਦਾ ਕੇਂਦਰ ਸੀ। ਉਸਦੇ ਇਸ ਖੁਲਾਸੇ ਬਾਅਦ ਕਨੇਡੀਅਨ ਅਧਿਕਾਰੀਆਂ ਨੇ ਸਕੂਲ ਬੰਦ ਕਰਵਾ ਦਿੱਤਾ ਇਸ ਦੇ ਸਿੱਟੇ ਵਜੋਂ ਤਾਰਕਨਾਥ ਦਾਸ ਸੀਏਟਲ ਚਲਾ ਗਿਆ। ਪਰ ਉਸ ਨੇ ਬ੍ਰਿਟਿਸ਼ ਕੋਲੰਬੀਆ ਵਿਚਲੇ ਭਾਰਤੀਆਂ ਨਾਲ ਆਪਣੀਆਂ ਚਲ ਰਹੀਆਂ ਸਰਗਰਮੀਆਂ ਬੰਦ ਨਾ ਕੀਤੀਆਂ।

ਤਾਰਕਨਾਥ ਦਾਸ ਨਾਲ ਨਜ਼ਦੀਕੀ ਤੌਰ 'ਤੇ ਮਿਲ ਕੇ ਕੰਮ ਕਰਨ ਵਾਲਾ ਅਤੇ ਪੰਜਾਬੀ ਬੋਲਣ ਵਾਲਾ ਗੁਰਾਂਦਿੱਤਾ ਕੁਮਾਰ, ਮੌਜੂਦਾ ਪਾਕਿਸਤਾਨ ਦੇ ਉਤਰ-ਪੱਛਮੀ ਸਰਹੱਦੀ ਸੂਬੇ ਦੇ ਬੰਨੂ ਸ਼ਹਿਰ ਦਾ ਰਹਿਣ ਵਾਲਾ ਸੀ। ਕਿਸੇ ਸਮੇਂ ਗੁਰਾਂਦਿੱਤਾ ਕੁਮਾਰ ਰਾਵਲਪਿੰਡੀ ਵਿਚ ਇੱਕ ਭਾਰਤੀ ਫੋਟੋਗ੍ਰਾਫਰ ਦਾ ਸਿਖਾਂਦਰੂ ਰਿਹਾ ਸੀ ਅਤੇ ਉਸ ਨੇ ਕੋਲਕਾਤਾ ਦੇ ਨੈਸ਼ਨਲ ਕਾਲਜ ਵਿਚ ਵੀ ਥੋੜ੍ਹੇ ਸਮੇਂ ਲਈ ਹਿੰਦੀ ਤੇ ਉਰਦੂ ਦੇ ਅਧਿਆਪਕ ਵਜੋਂ ਕੰਮ ਕੀਤਾ ਸੀ। ਕੋਲਕਾਤਾ ਵਿਚ ਉਹ ਮਰਾਠਾ ਲੌਜ਼ ਵਿਚ

ਲਿਖੇ ਪੰਜਾਬੀ ਤੇ ਗ਼ੈਰ-ਪੰਜਾਬੀ ਅਤੇ ਸਿੱਖ ਤੇ ਗ਼ੈਰ-ਸਿੱਖ ਵਿਅਕਤੀ ਵੀ ਮੌਜੂਦ ਸਨ। ਇਹ ਵਿਅਕਤੀ ਕਨੇਡਾ ਵਿਚ ਵਿਦਿਆਰਥੀ, ਭਾਈਚਾਰੇ ਦੇ ਜਥੇਬੰਦਕ ਕਾਰਕੁੰਨ, ਦੁਭਾਸ਼ੀਏ, ਕ੍ਰਿਤ-ਠੇਕੇਦਾਰ, ਵਪਾਰੀ ਤੇ ਭੋਂ ਸੰਪਤੀ ਦੇ ਦਲਾਲਾਂ ਦੇ ਤੌਰ 'ਤੇ ਕੰਮ ਕਰਦੇ ਸਨ। ਸਿੱਖ ਕਾਮਿਆਂ ਦੀ ਵੈਨਕੂਵਰ ਦੇ ਸ਼ਹਿਰੀ ਪਲਾਟਾਂ ਵਿਚ ਨਿਵੇਸ਼ ਕਰਨ ਦੀ ਚਾਹਤ ਨੇ ਭੋਂ ਸੰਪਤੀ ਦੇ ਵਪਾਰ ਨੂੰ ਚਮਕਾ ਦਿੱਤਾ। ਇੱਕ ਦਹਾਕੇ ਬਾਅਦ ਵੈਨਕੂਵਰ ਤੇ ਬ੍ਰਿਟਿਸ਼ ਕੋਲੰਬੀਆ ਵਿਚ ਉਨ੍ਹਾਂ ਦੀ ਕੁੱਲ ਜਾਇਦਾਦ ਦਾ ਅੰਦਾਜ਼ਾ 10 ਤੋਂ 20 ਲੱਖ ਡਾਲਰ ਦੇ ਵਿਚਕਾਰ ਸੀ। ਸਿੱਖ ਇਮੀਗਰੇਂਟਾਂ ਵਿਚਲੇ ਪੜ੍ਹੇ-ਲਿਖੇ ਲੋਕ ਆਪਣੇ ਸਾਥੀਆਂ ਨੂੰ ਕਾਰੋਬਾਰ ਅਤੇ ਰੁਤਬੇ ਤੇ ਸਮਾਜਿਕ ਹੈਸੀਅਤ ਦੇ ਮਾਮਲੇ ਵਿਚ ਸਖ਼ਤ ਟੱਕਰ ਦੇ ਸਕਦੇ ਸਨ। ਹੈਰਾਨੀ ਵਾਲ਼ੀ ਗੱਲ ਨਹੀਂ ਕਿ ਕਦੇ-ਕਦੇ ਉਹਨਾਂ ਦਰਮਿਆਨ ਬਹੁਤ ਜ਼ਬਰਦਸਤ ਨਿੱਜੀ ਤੇ ਸਿਆਸੀ ਮਤਭੇਦਾਂ ਦੀ ਗੱਲ ਸਾਹਮਣੇ ਆਉਂਦੀ। ਫਿਰ ਵੀ ਸਖ਼ਤ ਵਿਰੋਧ ਦੇ ਬਾਵਜੂਦ ਉਨ੍ਹਾਂ 'ਚੋਂ ਕਈਆਂ ਨੇ ਸਾਲਾਂ-ਬੱਧੀ ਇਕੱਠੇ ਕੰਮ ਕੀਤਾ। ਅਤੇ ਪੂਰੇ ਫ਼ਿਰਕੇ ਦੇ ਆਮ ਹਿੱਤਾਂ ਨੂੰ ਦੇਖਦੇ ਹੋਏ ਨਾਜ਼ੁਕ ਪਲਾਂ ਵਿਚ ਇੱਕਜੁਟ ਰਹੇ ਇਹਨਾਂ ਪੜ੍ਹੇ-ਲਿਖੇ ਲੋਕਾਂ 'ਚੋਂ ਕਈਆਂ ਨੇ ਕਈ ਵਾਰੀ ਆਪਣੇ ਦੇਸ਼ ਤੇ ਬਾਹਰਲੇ ਪਾਠਕਾਂ ਨੂੰ ਧਿਆਨ ਵਿਚ ਰੱਖ ਕੇ ਅੰਗਰੇਜ਼ੀ ਤੇ ਪੰਜਾਬੀ ਵਿਚ ਤਿੱਖੇ ਸਿਆਸੀ ਸੁਨੇਹੇ ਦੇਣ ਵਾਲੇ ਕਈ ਥੋੜ੍ਹਾ ਚਿਰ ਚੱਲਣ ਵਾਲੇ ਅਖਬਾਰ ਤੇ ਮੈਗਜੀਨ ਪ੍ਰਕਾਸ਼ਤ ਕਰਨ ਲਗੇ। ਉਹਨਾਂ ਦੀਆਂ ਪ੍ਰਕਾਸ਼ਨਾਵਾਂ ਦੇ ਦੋ ਮੁੱਖ ਸਿਆਸੀ ਮੰਤਵ ਹੁੰਦੇ ਸਨ: ਕਨੇਡਾ ਵਿਚ ਆਪਣੇ ਲੋਕਾਂ ਦੇ ਹੱਕਾਂ ਦੀ ਰਾਖੀ ਕਰਨਾ ਅਤੇ ਆਪਣੇ ਦੇਸ਼ ਵਿਚਲੇ ਤੇ ਬਾਹਰਲੇ ਭਾਰਤੀਆਂ ਨੂੰ ਭਾਰਤ ਵਿਚ ਖੁਦ ਆਪਣੀ ਸਰਕਾਰ ਬਣਾਉਣ ਦੀ ਨਿਰਵਿਵਾਦ ਲੋੜ ਬਾਰੇ ਸਿੱਖਿਅਤ ਕਰਨਾ। ਕਨੇਡਾ ਤੇ ਅਮਰੀਕਾ ਦੇ ਪ੍ਰਸ਼ਾਂਤ ਮਹਾਂਸਾਗਰ ਤੱਟ ਉੱਪਰ ਰਹਿਣ ਵਾਲੀ ਇੱਕ ਪ੍ਰਮੁੱਖ ਭਾਰਤੀ ਸਖਸ਼ੀਅਤ ਸ਼੍ਰੀ ਤਾਰਕਨਾਥ ਦਾਸ ਸਨ, ਇੱਕ ਪੜ੍ਹਿਆ-ਲ਼ਿਖਿਆ ਬੰਗਾਲੀ ਨੌਜਵਾਨ ਉਸ ਨੇ ਉਸ ਸਮੇਂ ਤੋਂ ਹੀ ਭਾਰਤੀ ਕੌਮੀ ਤੇ ਬ੍ਰਿਟਿਸ਼ ਵਿਰੋਧੀ ਲਹਿਰ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ। ਜਦ ਉਹ ਕੱਲਕੱਤਾ ਯੂਨੀਵਰਸਿਟੀ ਦਾ ਸਿਰਫ਼ 19 ਸਾਲ ਦਾ ਵਿਦਿਆਰਥੀ ਸੀ। ਉਸ ਨੇ 'ਢਾਕਾ ਅਨੁਸ਼ੀਲਨ ਸਮਿਤੀ' ਨਾਂ ਦੀ ਇੱਕ ਰੂਪੋਸ਼ ਇਨਕਲਾਬੀ ਜਥੇਬੰਦੀ ਬਣਾਉਣ ਵਿਚ ਉਘੜਵਾਂ ਰੋਲ ਅਦਾ ਕੀਤਾ ਸੀ। ਜਿਸ ਨੇ ਕੌਮੀ ਆਜ਼ਾਦੀ ਲਹਿਰ ਦੇ ਦੌਰਾਨ 1905-06 ਵਿਚ ਪੂਰੇ ਬੰਗਾਲ ਨੂੰ ਆਪਣੀ ਲਪੇਟ ਵਿਚ ਲੈ ਲਿਆ ਸੀ। ਉਹ ਭਾਰਤੀ ਪੁਲਿਸ ਦੇ ਇੱਕ ਭਗੌੜੇ ਵਜੋਂ ਜੁਲਾਈ 1906 ਵਿਚ ਸੀਏਟਲ ਪਹੁੰਚਿਆ ਅਤੇ ਅਗਲੇ ਸਾਲ ਵੈਨਕੂਵਰ ਵਿਚ ਅਮਰੀਕੀ ਇਮੀਗਿਰੇਂਟ ਦਫ਼ਤਰ ਵਿਚ ਦੁਭਾਸ਼ੀਏ ਵਜੋਂ ਕੰਮ ਕਰਨ ਲਈ ਕਨੇਡਾ ਚਲਾ ਗਿਆ।

ਜਨਵਰੀ 1908 ਵਿਚ ਤਾਰਕਨਾਥ ਦਾਸ ਨੇ ਵੈਨਕੂਵਰ ਨੇੜੇ 'ਮਿਲਸਾਇਡ ਨਿਊ ਵੈਸਟਮਿਨਸਟਰ'( Millside New Westminister) ਵਿਖੇ ਇਮੀਗਿਰੇਂਟ

ਫਰਾਟੇਦਾਰ ਅੰਗਰੇਜ਼ੀ ਸਮੇਤ ਚਾਰ ਭਾਸ਼ਾਵਾਂ ਬੋਲ ਸਕਦਾ ਸੀ। ਉਸ ਦਾ ਪਰਿਵਾਰ ਕਪਾਹ ਦੇ ਵਪਾਰ ਲਈ ਜਾਣੀ ਜਾਂਦੀ ਲੋਹਾਣਾ ਵਪਾਰੀ ਜਾਤੀ ਨਾਲ ਸਬੰਧਿਤ ਸੀ। ਅਤੇ ਉਹ ਖ਼ੁਦ ਕਪਾਹ ਦੇ ਵਪਾਰੀ ਵਜੋਂ ਜਾਪਾਨ ਦੇ ਕੋਬੇ ਸ਼ਹਿਰ ਵਿਚ ਤਕਰੀਬਨ ਪੰਦਰਾਂ ਸਾਲ ਰਿਹਾ ਸੀ। ਫਿਰ ਉਹ ਵਿੱਤੀ ਮੁਸ਼ਕਿਲਾਂ ਵਿਚ ਘਿਰ ਗਿਆ ਤੇ ਹੋਨੋਲੁਲੂ ਦੌੜ ਗਿਆ। ਇੱਥੇ ਹੀ ਉਸ ਨੇ ਆਪਣਾ ਨਾਮ ਬਦਲ ਕੇ ਹੁਸੈਨ ਰਹੀਮ ਕਰ ਲਿਆ ਉਸ ਦੀ ਲੋਹਾਣਾ ਜਾਤੀ ਵਿਚ ਹਿੰਦੂ ਤੇ ਮੁਸਲਿਮ ਦੋਨਾਂ ਹੀ ਧਰਮਾਂ ਦੇ ਲੋਕ ਸ਼ਾਮਿਲ ਸਨ, ਹੋ ਸਕਦਾ ਹੈ ਇਸ ਕਰਕੇ ਹੀ ਉਸ ਨੇ ਆਪਣੇ ਲਈ ਮੁਸਲਿਮ ਨਾਮ ਚੁਣਿਆ ਹੋਵੇ।

ਰਹੀਮ ਜਨਵਰੀ 1910 ਵਿਚ ਇੱਕ ਟੂਰਿਸਟ ਦੇ ਤੌਰ 'ਤੇ ਹੋਨੋਲੂਲੂ ਤੋਂ ਐਸ.ਐਸ.ਮੋਨਾ (S S Moana) ਜ਼ਹਾਜ ਵਿਚ ਵੈਨਕੂਵਰ ਰਾਹੀਂ ਕਨੇਡਾ ਵਿਚ ਦਾਖਲ ਹੋਇਆ ਅਤੇ ਉਸ ਸਮੇਂ ਉਸ ਕੋਲ ਮੌਨਟਰੀਅਲ ਤੱਕ ਦਾ ਰੇਲਵੇ ਦਾ ਫਸਟ ਕਲਾਸ ਦਾ ਟਿਕਟ ਵੀ ਸੀ। ਉਸ ਦੇ ਵੈਨਕੂਵਰ ਵਿਚ ਵਾਪਸ ਆਉਣ, ਕਾਰੋਬਾਰ ਕਰਨ ਤੇ ਪੱਕੀ ਠਹਿਰ ਲਈ ਅਰਜ਼ੀ ਦੇਣ ਦੇ ਨੌਂ ਮਹੀਨੇ ਬਾਅਦ ਉਸ ਨੂੰ ਗਰਿਫ਼ਤਾਰ ਕਰ ਲਿਆ ਗਿਆ ਅਤੇ ਦੇਸ਼-ਨਿਕਾਲੇ ਦਾ ਹੁਕਮ ਹੋਇਆ। ਪੁਲਿਸ ਸਟੇਸ਼ਨ ਵਿਚ ਤਲਾਸ਼ੀ ਦੌਰਾਨ ਉਸ ਦੀ ਜੇਬ 'ਚੋਂ ਇੱਕ ਡਾਇਰੀ ਨਿਕਲੀ ਜਿਸ ਉੱਪਰ ਉਸਨੇ ਨਾਈਟਰੋਗਲਿਸ੍ਰੀਨ ਬਣਾਉਣ ਦੀ ਵਿਧੀ ਅਤੇ ਅਮਰੀਕਾ, ਫਰਾਂਸ, ਨਾਟਲ ਅਤੇ ਕਈ ਹੋਰ ਥਾਵਾਂ ਉੱਪਰ ਰਹਿੰਦੇ ਭਾਰਤੀ ਕਾਰਕੁੰਨਾਂ ਦੇ ਨਾਮ ਲਿਖੇ ਹੋਏ ਸਨ। ਉਸ ਦੀ ਗਰਿਫ਼ਤਾਰੀ ਸਮੇਂ ਹਾੱਪਕਿਨਸਨ ਵੀ ਹਾਜ਼ਰ ਸੀ (ਜੋ ਉਦੋਂ ਤੱਕ ਕਨੇਡੀਅਨ ਇਮੀਗਰੇਸ਼ਨ ਵਿਭਾਗ ਵਿਚ ਇੰਸਪੈਕਟਰ ਬਣ ਚੁੱਕਾ ਸੀ। ਜਿਸ ਨੇ ਮੁਲਕ ਵਿਚ ਦਾਖਲੇ ਵਕਤ ਉਸ ਦੀ ਇੰਟਰਵਿਊ ਕੀਤੀ ਸੀ ਅਤੇ ਰਹੀਮ ਨੇ ਗੁੱਸੇ ਵਿਚ ਉਸਨੂੰ ਸੰਬੋਧਨ ਕਰਦਿਆਂ ਆਖਿਆ: "ਤੁਸੀਂ ਹਿੰਦੂਆਂ ਨੂੰ ਕਨੇਡਾ 'ਚੋਂ ਬਾਹਰ ਕੱਢ ਰਹੇ ਹੋ ਅਤੇ ਅਸੀਂ ਹਰ ਗੋਰੇ ਨੂੰ ਹਿੰਦੁਸਤਾਨ 'ਚੋਂ ਬਾਹਰ ਕੱਢ ਦੇਵਾਂਗੇ" ਪਰ ਹਾੱਪਕਿਨਸਨ ਉਸ ਨੂੰ ਬਾਹਰ ਨਾ ਕੱਢ ਸਕਿਆ। ਰਹੀਮ ਅਦਾਲਤ ਚਲਾ ਗਿਆ ਅਤੇ ਕੇਸ ਜਿਤ ਗਿਆ। ਜੱਜਾਂ ਨੇ ਕਿਹਾ ਕਿ ਇਮੀਗਰੇਸ਼ਨ ਵਿਭਾਗ ਨੇ ਸਹੀ ਤਰੀਕਾ ਅਖਤਿਆਰ ਨਹੀਂ ਕੀਤਾ ਅਤੇ ਰਹੀਮ ਦੀ ਸਰਕਾਰ ਵਿਰੁੱਧ ਇਸ ਜਿੱਤ ਨੇ ਉਸ ਦੇ ਵੈਨਕੂਵਰ ਵਿਚਲੇ ਸਿੱਖ ਸਾਥੀਆਂ ਉੱਪਰ ਬਹੁਤ ਹਾਂ ਪਖੀ ਪ੍ਰਭਾਵ ਪਾਇਆ।

ਰਹੀਮ 'ਕਨੇਡਾ ਇੰਡੀਆ ਸਪਲਾਈ ਤੇ ਟਰੱਸਟ' (Canada India Supply and Trust company) ਨਾਮ ਦੀ ਇੱਕ ਸੰਸਥਾਪਿਤ ਕੰਪਨੀ ਚਲਾਉਂਦਾ ਸੀ। ਜੋ ਵੈਨਕੂਵਰ ਤੇ ਆਸਪਾਸ ਦੇ ਇਲਾਕੇ ਵਿਚ ਜਾਇਦਾਦ ਦੀ ਖਰੀਦ ਵੇਚ ਦਾ ਕੰਮ ਕਰਦੀ ਸੀ। ਉਸ ਦੇ ਗਾਹਕ ਸਿੱਖ ਮਿੱਲ ਮਜ਼ਦੂਰ ਸਨ। ਅਤੇ ਕਨੇਡਾ ਵਿਚਲੇ ਕਾਰੋਬਾਰ ਕਰ ਰਹੇ ਦੂਸਰੇ ਭਾਰਤੀ ਵਪਾਰੀਆਂ, ਦੁਕਾਨਦਾਰਾਂ ਤੇ ਠੇਕੇਦਾਰਾਂ ਦੀ ਤਰ੍ਹਾਂ ਉਸ ਦੇ ਹਿੱਤ ਵੀ ਇਸ ਬਰਾਦਰੀ ਨਾਲ ਜੁੜੇ ਹੋਏ ਸਨ। ਇਹ

ਠਹਿਰਿਆ ਸੀ। ਜੋ ਇਨਕਲਾਬੀਆਂ ਦੀ ਮਿਲਣ-ਗਾਹ ਵਜੋਂ ਪੁਲਿਸ ਦੀਆਂ ਨਜ਼ਰਾਂ ਵਿਚ ਚੜ੍ਹੀ ਹੋਈ ਸੀ ਅਤੇ ਇੱਥੇ ਹੀ ਉਹ ਤਾਰਕਨਾਥ ਦਾਸ ਨੂੰ ਪਹਿਲੀਵਾਰ ਮਿਲਿਆ ਸੀ। ਅਕਤੂਬਰ 1907 ਵਿਚ ਕਨੇਡਾ ਪਹੁੰਚਣ ਦੇ ਥੋੜ੍ਹੀ ਦੇਰ ਬਾਅਦ ਉਸਨੇ ਤਾਰਕਨਾਥ ਦਾਸ ਦੀ ਮਦਦ ਨਾਲ ਵਿਕਟੋਰੀਆ ਵਿਚ ਕਰਿਆਣੇ ਦੀ ਦੁਕਾਨ ਖੋਲ੍ਹ ਲਈ। ਬਾਅਦ ਵਿਚ ਵੈਨਕੂਵਰ ਵਿਚ ਉਹ ਜਾਇਦਾਦ ਦੀ ਵੇਚ-ਖਰੀਦ ਦਾ ਧੰਦਾ ਕਰਨ ਲੱਗਾ। ਦਸੰਬਰ 1909 ਵਿਚ ਕੁਮਾਰ ਨੇ ਵੈਨਕੂਵਰ ਵਿਚ ਸਿੱਖ ਇਮੀਗਰੇਂਟਾਂ ਨੂੰ ਅੰਗਰੇਜ਼ੀ ਤੇ ਗਣਿਤ ਪੜ੍ਹਾਉਣ ਲਈ 'ਸਵਦੇਸ਼ ਸੇਵਕ ਹੋਮ' ਨਾਮ ਦਾ ਇੱਕ ਰਾਤਰੀ ਸਕੂਲ ਖੋਲ੍ਹ ਲਿਆ ਜੋ ਜਲਦੀ ਹੀ ਇਨਕਲਾਬੀਆਂ ਦੇ ਮਿਲਣ ਤੇ ਠਹਿਰਨ ਦੀ ਜਗਾਹ ਵਜੋਂ ਵੀ ਵਰਤਿਆ ਜਾਣ ਲੱਗਾ। ਤਾਰਕਨਾਥ ਦਾਸ ਅਤੇ ਕੁਮਾਰ, ਦੋਵਾਂ ਦੀਆਂ ਨਜ਼ਰਾਂ ਭਾਰਤ ਵਿਚਲੇ ਸਿੱਖ ਫੌਜਿਆਂ ਉੱਪਰ ਟਿਕੀਆਂ ਹੋਈਆਂ ਸਨ। ਜਿੰਨਾਂ ਦੀ ਵਫ਼ਾਦਾਰੀ ਨੂੰ ਉਹ, ਦੇਸ਼ਵਾਸੀਆਂ ਦੀ ਕਨੇਡਾ ਵਿਚ ਹੋ ਰਹੀ ਦੁਰਦਸ਼ਾ ਦੇ ਕਿੱਸੇ ਸੁਣਾ ਕੇ ਹਿੱਲਾਉਣਾ ਚਾਹੁੰਦੇ ਸਨ। ਕੁਮਾਰ ਨੇ ਸਿੱਖਾਂ ਦੀ ਲਿਖਿਤ ਬੋਲੀ ਵਿਚ 'ਸਵਦੇਸ਼ ਸੇਵਕ' ਨਾਮ ਦਾ ਅਖ਼ਬਾਰ ਪ੍ਰਕਾਸ਼ਤ ਕਰਨਾ ਅਤੇ ਵੱਡੀ ਗਿਣਤੀ ਵਿਚ ਭਾਰਤ ਭੇਜਣਾ ਸ਼ੁਰੂ ਕੀਤਾ। ਜਦ ਭਾਰਤ ਸਰਕਾਰ ਇਸ ਪਬਲੀਕੇਸ਼ਨ ਬਾਰੇ ਚੁਕੰਨੀ ਹੋਈ ਤਾਂ ਉਸ ਨੇ ਮਾਰਚ 1911 ਵਿਚ ਇਸ ਉੱਪਰ ਪਾਬੰਦੀ ਲਗਾ ਦਿੱਤੀ। ਕੁੱਝ ਮਹੀਨਿਆਂ ਬਾਅਦ ਕੁਮਾਰ ਵੈਨਕੂਵਰ ਛੱਡ ਕੇ ਸੀਏਟਲ ਚਲਾ ਗਿਆ ਜਿੱਥੇ ਉਹ ਦੋ ਸਾਲ ਠਹਿਰਿਆ 1913 ਦੀ ਬਸੰਤ ਰੁੱਤ ਵਿਚ ਉਹ ਫਿਲੀਪਾਇਨਜ਼ ਦੀ ਰਾਜਧਾਨੀ ਮਨੀਲਾ ਪਹੁੰਚ ਗਿਆ। ਜਿੱਥੋਂ ਉਹ ਸਿਆਸੀ ਕੰਮਾਂ ਵਿਚ ਲੱਗੇ ਹੋਏ ਆਪਣੇ ਬ੍ਰਿਟਿਸ਼ ਕੋਲੰਬੀਆ ਵਿਚਲੇ ਦੋਸਤਾਂ ਨੂੰ ਖ਼ਤ ਲਿਖਦਾ ਰਿਹਾ।

ਵੈਨਕੂਵਰ ਵਿਚ ਹੁਸੈਨ ਰਹੀਮ ਨੇ ਕੁਮਾਰ ਦੇ ਪੈਰ ਨਾ ਲੱਗਣ ਦਿੱਤੇ। ਜਿਸ ਨੂੰ ਇੱਕੱਠਿਆਂ ਕੰਮ ਕਰਨ ਦੇ ਬਾਵਜੂਦ ਉਹ ਪ੍ਰਤੱਖ ਤੌਰ 'ਤੇ ਪਸੰਦ ਨਹੀਂ ਕਰਦਾ ਸੀ। ਰਹੀਮ ਦਾ ਅਤੀਤ ਅੰਧੇਰਾਂ ਅਣਜਾਨ ਜਿਹਾ ਸੀ। ਪਰ ਇਹ ਵਜ੍ਹਾ ਉਸ ਨੂੰ ਆਪਣੇ ਬ੍ਰਿਟਿਸ਼ ਕੋਲੰਬੀਆ ਵਿਚਲੇ ਦੇਸ਼ਵਾਸੀਆਂ ਦਾ ਆਗੂ ਬਣਨੋਂ ਨਾ ਰੋਕ ਸਕੀ। ਕਨੇਡਾ ਆਉਣ ਤੋਂ ਥੋੜ੍ਹਾ ਚਿਰ ਪਹਿਲਾਂ ਤੱਕ ਉਹ ਛਗਨ ਕੈਰਾਜ਼ ਵਰਮਾ ਦੇ ਹਿੰਦੂ ਨਾਮ ਨਾਲ ਜਾਣਿਆ ਜਾਂਦਾ ਸੀ। ਪਰ ਅਜਕਲ੍ਹ ਉਹੁ ਆਪਣਾ ਨਵਾਂ ਅਖਤਿਆਰ-ਕੀਤਾ ਮੁਸਲਿਮ ਨਾਮ 'ਹੁਸੈਨ ਰਹੀਮ' ਹੀ ਵਰਤਦਾ ਸੀ। ਉਸ ਦੀਆਂ ਖੁਦ ਪ੍ਰਕਾਸ਼ਿਤ ਲਿਖਤਾਂ ਤੋਂ ਪਤਾ ਲੱਗਦਾ ਸੀ ਕਿ ਉਹ ਗਿਆਨਵਾਨ ਤੇ ਤਜ਼ਰਬੇਕਾਰ ਵਿਅਕਤੀ ਸੀ। ਜੋ ਪਹਿਲਾਂ ਯੂਰਪ, ਭਾਰਤ, ਦੂਰ-ਪੂਰਬ ਤੇ ਉਤਰੀ ਅਮਰੀਕਾ ਘੁੰਮ ਚੁੱਕਾ ਸੀ। ਸਥਾਨਕ ਹਿੰਦੀ ਤੇ ਪੰਜਾਬੀ ਭਾਸ਼ਾਵਾਂ ਬੋਲਦਾ ਹੋਇਆ ਉਹ ਦਿੱਲੀ ਵਿਚ ਪਲਿਆ ਅਤੇ ਉਸ ਦਾ ਪਰਿਵਾਰ ਗੁਜਰਾਤ ਵਿਚ ਭਾਰਤ ਦੇ ਪੱਛਮੀ ਤੱਟੀ ਸ਼ਹਿਰ ਪੋਰਬੰਦਰ ਦਾ ਰਹਿਣ ਵਾਲਾ ਸੀ। ਸੋ ਉਹ ਗੁਜਰਾਤੀ ਤੇ

Herbert Stevens) ਸੀ। ਜੋ ਉਸਦੇ ਖਿਆਲ ਮੁਤਾਬਕ "ਸਾਡੇ ਸ਼ਹਿਰ ਦਾ, ਹਿੰਦੂ ਮਸਲੇ ਬਾਰੇ, ਗਲਤਫ਼ਹਿਮੀ ਦਾ ਸਭ ਤੋਂ ਵੱਧ ਸ਼ਿਕਾਰ, ਟਾਲਮਟੋਲ ਕਰਨ ਵਾਲਾ, ਸ਼ੰਕੀਰਨ ਦਿਮਾਗ, ਵਾਰ-ਵਾਰ ਗੱਲ ਬਦਲਣ ਵਾਲਾ ਅਤੇ ਅੜੀਅਲ ਨੁਕਤਾਚੀਨ ਹੈ।" (ਰਹੀਮ ਨੇ ਉਸ ਵਕਤ ਕਨੇਡਾ ਵਿਚ ਭਾਰਤੀਆਂ ਲਈ ਜ਼ਿਆਦਾ ਪ੍ਰਚਲਤ ਸ਼ਬਦ 'ਹਿੰਦੂ' ਵਰਤਿਆ) ਰਹੀਮ ਦਾ ਅਖਬਾਰ ਪੂਰੀ ਤਰ੍ਹਾਂ ਜਾਣਕਾਰੀ ਭਰਪੂਰ ਸੀ। ਤੇ ਨਜ਼ਰੀਆ ਬਹੁਤ ਵਿਵੇਕਪੂਰਨ ਸੀ ਅਤੇ ਇੱਕ ਸੌ ਸਾਲ ਬਾਅਦ ਅਧਿਐਨ ਕਰਨ 'ਤੇ ਵੀ ਉਸ ਦਾ ਮੂਲ ਸਟੈਂਡ ਕਿੰਤੂ-ਰਹਿਤ ਪ੍ਰਤੀਤ ਹੁੰਦਾ ਹੈ। ਇਸ ਦੀਆਂ ਲਿਖਤਾਂ ਦੀ ਜ਼ੁਬਾਨ ਬਹੁਤ ਤਿੱਖੀ ਤੇ ਚੁਭਵੀਂ ਹੁੰਦੀ ਸੀ ਅਤੇ ਉਸਦੇ ਸੋਸ਼ਲਿਸਟ ਦੋਸਤਾਂ ਨੂੰ ਛੱਡ ਕੇ ਕੋਈ ਵੀ ਕਨੇਡੀਅਨ ਪਾਠਕ ਉਸ ਦੀਆਂ ਲਿਖਤਾਂ ਪ੍ਰਤੀ ਹਮਦਰਦ ਰੱਵਈਆ ਨਹੀਂ ਰੱਖਦੇ ਸੀ।

ਤਾਰਕਨਾਥ ਦਾਸ, ਕੁਮਾਰ, ਰਹੀਮ ਤੇ ਉਨ੍ਹਾਂ ਦੇ ਜ਼ਿਆਦਾਤਰ ਕਾਰਕੁੰਨ ਦੋਸਤ ਮੋਨੇ, ਪੜ੍ਹੇ-ਲਿਖੇ ਪੱਛਮੀ ਤਰਜ਼ ਦੀ ਜਿੰਦਗੀ ਜੀਣ ਵਾਲੇ ਭਾਰਤੀ ਸਨ ਜਿਨ੍ਹਾਂ ਦੀ ਬਾਹਰੀ ਦਿੱਖ ਜ਼ਿਆਦਾਤਰ ਉਨ੍ਹਾਂ ਸਿੱਖ ਇਮੀਗਰੇਂਟਾਂ ਦੀ ਦਿੱਖ ਨਾਲ ਮੇਲ ਨਹੀਂ ਖਾਂਦੀ ਸੀ। ਜਿੰਨਾਂ ਵਿਚਕਾਰ ਉਹ ਕੰਮ ਕਰਦੇ ਸਨ। ਇਸ ਤੋਂ ਇਲਾਵਾ ਪੇਂਡੂ ਪਿਛੋਕੜ ਵਾਲੇ ਸਿੱਖ ਇਮੀਗਰੇਂਟ ਰਹੀਮ ਵਰਗੇ ਬਾਹਰਲੇ ਗ਼ੈਰ-ਸਿੱਖ ਵਿਅਕਤੀ ਦੀ ਰਹਿਨੁਮਾਈ ਕਬੂਲਣ ਤੋਂ ਝਿਜਕਦੇ ਸਨ। ਸਿੱਟੇ ਵਜੋਂ ਵੈਨਕੂਵਰ ਵਿਚ ਅਜਿਹੀ ਕੋਈ ਜਥੇਬੰਦੀ ਨਹੀਂ ਸੀ। ਜੋ ਸੁਭਾਵਿਕ ਤੌਰ 'ਤੇ ਸਾਰੀ ਭਾਰਤੀ ਬਰਾਦਰੀ ਦੀ ਨੁੰਮਾਇੰਦਗੀ ਕਰਦੀ ਹੋਵੇ। ਗੁਰਦਵਾਰਾ ਪ੍ਰਬੰਧ ਲਈ 'ਖਾਲਸਾ ਦੀਵਾਨ ਸੁਸਾਇਟੀ' ਨਾਮ ਦੀ ਸਿੱਖਾਂ ਦੀ ਆਪਣੀ ਜਥੇਬੰਦੀ ਸੀ। ਉਨ੍ਹਾਂ 'ਚੋਂ ਸਿਰਫ਼ ਕੁਝ ਜ਼ਿਆਦਾ ਖੁਲ੍ਹ-ਦਿਲੇ ਵਿਚਾਰਾਂ ਵਾਲੇ ਹੀ, ਕੁਮਾਰ ਤੇ ਤਾਰਕਨਾਥ ਦਾਸ ਦੁਆਰਾ ਸਥਾਪਿਤ 'ਯੂਨਾਈਟਿਡ ਇੰਡੀਆ ਲੀਗ' (United India League) ਵਿਚ ਸ਼ਾਮਲ ਹੋਏ ਉਨ੍ਹਾਂ 'ਚੋਂ ਬਹੁਤੇ ਅਜਿਹਾ ਕੋਈ ਵੀ ਕਦਮ ਚੁਕਣ ਤੋਂ ਡਰਦੇ ਸਨ, ਜਿਸ ਨਾਲ ਕਨੇਡੀਅਨ ਅਧਿਕਾਰੀਆਂ ਨਾਲ ਕੋਈ ਪੰਗਾ ਪੈ ਜਾਵੇ। ਇੱਕ ਸਮੇਂ ਤਾਂ ਉਹ ਲੰਡਨ ਵਫ਼ਦ ਭੇਜਣ ਤੋਂ ਵੀ ਡਰਦੇ ਸਨ, ਕਿ ਕਿਤੇ ਅਜਿਹਾ ਨਾ ਹੋਵੇ ਕਿ ਇਸ ਕਾਰਨ ਕਨੇਡੀਅਨ ਸਰਕਾਰ ਗੁੱਸੇ ਹੋ ਜਾਵੇ। ਬਜ਼ੁਰਗਾਂ ਦਾ ਇੱਕ ਕਾਫ਼ੀ ਵੱਡਾ ਸਮੂਹ ਆਪਣੀ ਬ੍ਰਿਟਿਸ਼-ਭਾਰਤ ਵਿਚ ਕੀਤੀ ਫੌਜੀ ਸੇਵਾ ਉੱਪਰ ਬਹੁਤ ਮਾਣ ਮਹਿਸੂਸ ਕਰਦਾ ਸੀ ਅਤੇ ਆਪਣੇ ਫੌਜੀ ਤਮਗਿਆਂ ਨੂੰ ਬਗੈਰ ਕਿਸੇ ਸ਼ਰਮ-ਭਾਵ ਦੇ ਪਹਿਨਦਾ ਸੀ। ਰਹੀਮ ਉਹਨਾਂ ਨੂੰ "ਬ੍ਰਿਟਿਸ਼ ਸਰਕਾਰ ਵੱਲੋਂ ਹਾਂਗਕਾਂਗ ਵਿਚ ਚੀਨੀਆਂ ਨੂੰ ਮਾਰਨ ਲਈ ਵਰਤੇ ਗਏ ਕੁਝ 'ਜੰਗੀ-ਕੁੱਤੇ' ਕਹਿ ਕੇ ਛੁਟਿਆਉਂਦਾ ਸੀ। ਪਰ ਉਸਦੇ ਜ਼ਿਆਦਾ ਖਾੜਕੂ ਸਟੈਂਡ ਦੇ ਨਜ਼ਰੀਏ 'ਤੇ ਇਹਨਾਂ ਬਜ਼ੁਰਗਾਂ ਦਾ ਰਵਈਆ ਸੱਚਮੁੱਚ ਹੀ ਇੱਕ ਵੱਡੀ ਫਿਕਰ ਵਾਲੀ ਗੱਲ ਸੀ।

ਆਮ ਮੈਂਬਰਾਂ ਦੇ ਉਲਟ, ਸਿੱਖ ਨੇਤਾ ਤਾਰਕਨਾਥ ਦਾਸ, ਕੁਮਾਰ ਤੇ ਰਹੀਮ

ਬਰਾਦਰੀ ਵਿਚ ਉਸ ਦਾ ਪੱਕਾ ਠਿਕਾਨਾ ਬਣ ਚੁੱਕਾ ਸੀ ਦੂਸਰੇ ਹਾਲਾਤਾਂ ਵਿਚ ਉਸ ਨੇ ਆਪਣੇ ਕਾਰੋਬਾਰ ਵੱਲ ਹੀ ਧਿਆਨ ਦਿੱਤਾ ਹੁੰਦਾ। ਪਰ ਜਾਂ ਤਾਂ ਉਹ ਆਪਣੇ ਨਿਸ਼ਚੇ ਤੇ ਸੁਭਾਅ ਕਾਰਨ ਹੀ ਇੱਕ ਜਾਗਰੂਕ ਸਮਾਜਿਕ ਕਾਰਕੁੰਨ ਸੀ। ਅਤੇ ਜਾਂ ਫਿਰ ਉਸਨੇ ਇਹ ਨਿਰਨਾ ਕੀਤਾ ਹੋਇਆ ਸੀ, ਕਿ ਉਸ ਦੀ ਸਮਾਜਿਕ ਸਰਗਰਮੀ ਉਸ ਦੇ ਸਿੱਖ ਗਾਹਕਾਂ ਨਾਲ ਕਾਰੋਬਾਰ ਕਰਨ ਲਈ ਫਾਇਦੇਮੰਦ ਰਹੇਗੀ। ਕਨੇਡਾ ਦੇ ਹਾਲਾਤ ਵਿਚ ਉਸ ਲਈ ਮੌਜੂਦਾ ਕੰਮ ਤੋਂ ਹੱਟ ਕੇ ਕੰਮ ਕਾਰ ਕਰਨ ਲਈ ਕੁਝ ਹੋਰ ਨਹੀਂ ਸੀ। ਉਹ ਕਨੇਡੀਅਨ ਸਰਕਾਰ ਨੂੰ ਘਟੀਆ ਤੇ ਇਥੋਂ ਦੇ ਮੀਡੀਏ ਨੂੰ ਚਾਪਲੂਸ ਸਮਝਣ ਵਾਲੇ ਆਪਣੇ ਵਿਚਾਰਾਂ ਨੂੰ ਲੁਕਾਉਂਦਾ ਨਹੀਂ ਸੀ ਅਤੇ ਜਨਤਕ ਮੀਟਿੰਗਾਂ ਵਿਚ ਇਹ ਕਹਿਣ ਤੋਂ ਝਿਜਕਦਾ ਨਹੀਂ ਸੀ। ਕਿ ਜਾਪਾਨੀਆਂ ਨੂੰ ਇਸ ਕਰਕੇ ਦਾਖਲ ਹੋਣ ਦਿੱਤਾ ਜਾ ਰਿਹਾ ਹੈ, ਕਿਉਂਕਿ ਉਨ੍ਹਾਂ ਦੇ ਮੁਲਕ ਦਾ ਮਾਣ-ਸਨਮਾਨ ਬਰਕਰਾਰ ਹੈ। ਅਤੇ ਕਨੇਡਾ ਵਿਚ ਆਪਣੀਆਂ ਮੁਸੀਬਤਾਂ ਦੇ ਹੱਲ ਲਈ "ਸਾਨੂੰ ਆਪਣੀ ਅਰਜ਼ੋਈ ਲੈ ਕੇ ਵਾਪਸ ਹਿੰਦੁਸਤਾਨ ਜਾਣਾ ਪਵੇਗਾ ਜਿੱਥੇ ਅਸੀਂ 33 ਕਰੋੜ ਦੀ ਗਿਣਤੀ ਨਾਲ ਇੱਕ ਮਜ਼ਬੂਤ ਸਥਿਤੀ ਵਿਚ ਹਾਂ।" ਉਹ ਬ੍ਰਿਟਿਸ਼ ਸਰਕਾਰ ਵੱਲੋਂ ਲਾਗੂ ਕਾਨੂੰਨੀ ਦਾਇਰੇ ਵਿਚ ਰਹਿੰਦੇ ਹੋਏ ਭਾਰਤੀ ਵਿਧਾਨ ਪਾਲਿਕਾ ਦਾ ਪ੍ਰਭਾਵ ਵਰਤਣ ਲਈ ਪ੍ਰੇਰਦਾ ਸੀ। ਪਰ ਉਹ ਇਹ ਗੱਲ ਸ਼ਰੇਆਮ ਕਹਿਣ ਤੋਂ ਡਰਦਾ ਨਹੀਂ ਸੀ, ਕਿ ਉਸਦਾ ਵਿਚਾਰ ਹੈ ਕਿ, 'ਵਿਦੇਸ਼ਾਂ ਵਿਚ ਵਸਦੇ ਭਾਰਤੀ ਓਨੀ ਦੇਰ ਤੱਕ ਸੁਰੱਖਿਅਤ ਨਹੀਂ ਰਹਿਣੇ, ਜਦ ਤੱਕ ਉਹ ਆਪਣੇ ਮੁਲਕ ਵਿਚ ਆਪਣੀ ਖੁਦ ਦੀ ਸਰਕਾਰ ਨਹੀਂ ਬਣਾ ਲੈਂਦੇ।'

1914 ਵਿਚ ਰਹੀਮ ਨੇ 'ਦ ਹਿੰਦੁਸਤਾਨੀ' (The Hindustan) ਦੇ ਛੇ ਅੰਕ ਪ੍ਰਕਾਸ਼ਤ ਕੀਤੇ ਜਿੰਨਾਂ ਵਿਚ ਪੂਰੀ ਤਰ੍ਹਾਂ ਅੰਗਰੇਜ਼ੀ ਜ਼ੁਬਾਨ ਵਿਚ ਲਿਖਿਆ ਗਿਆ ਵਿਸ਼ਾ-ਵਸਤੂ, ਉਸ ਨੇ ਜ਼ਿਆਦਾਤਰ ਖੁਦ ਲਿਖਿਆ। ਉਸ ਨੇ ਆਪਣਾ ਲਿਖਣ ਢੰਗ ਤੇ ਵਿਸ਼ਾ-ਵਸਤੂ ਗੋਰੇ ਕਨੇਡੀਅਨਾਂ ਤੇ ਅੰਗਰੇਜ਼ੀ ਤਰਜ਼ ਦੀ ਜਿੰਦਗੀ ਜਿਉਂ ਰਹੇ ਪੜ੍ਹੇ ਲਿਖੇ ਭਾਰਤੀਆਂ ਨੂੰ ਧਿਆਨ 'ਚ ਰੱਖ ਕੇ ਅਪਣਾਇਆ ਫਿਰ ਵੀ ਅਖ਼ਬਾਰ ਨੂੰ ਚਲਦਾ ਰੱਖਣ ਲਈ ਉਹ ਪੰਜਾਬੀ ਸਿੱਖਾਂ ਤੋਂ ਵਿਤੀ ਮਦਦ ਦੀ ਤਵੱਕੋ ਕਰਦਾ ਸੀ। ਜਿੰਨਾਂ 'ਚੋਂ ਜ਼ਿਆਦਾਤਰ ਅੰਗਰੇਜ਼ੀ ਨਹੀਂ ਪੜ੍ਹ ਸਕਦੇ ਸਨ। ਇਹ ਠੀਕ ਵੀ ਸੀ ਕਿਉਂਕਿ ਅਖ਼ਬਾਰ ਉਹਨਾਂ ਦੇ ਪੜ੍ਹਨ ਲਈ ਨਾ ਸਹੀ, ਪਰ ਲਿਖਿਆ ਤਾਂ ਉਨ੍ਹਾਂ ਦੀ ਤਰਫ਼ੋਂ ਹੀ ਜਾਂਦਾ ਸੀ। ਉਸ ਦਾ ਮਤਲਬ ਕਨੇਡੀਅਨ ਅਧਿਕਾਰੀਆਂ ਤੇ ਸਿਆਸੀ ਨੇਤਾਵਾਂ ਨੂੰ ਭਾਰਤ ਬਾਰੇ ਤੇ ਕਨੇਡਾ ਵਿਚ ਵਸੇ ਭਾਰਤੀਆਂ ਦੇ ਸਰੋਕਾਰਾਂ ਬਾਰੇ ਸੁਚੇਤ ਕਰਨਾ ਸੀ। ਇਹ ਭਾਰਤ ਤੇ ਭਾਰਤੀ ਸਭਿਆਚਾਰ ਦੇ ਪੱਛੜਿਆ ਹੋਇਆ ਹੋਣ ਦੇ ਪਰਚਾਰ ਵਿਰੁੱਧ ਸੰਘਰਸ਼ ਸੀ। ਉਸ ਨੇ ਮਹਿਸੂਸ ਕੀਤਾ ਕਿ ਕਨੇਡੀਅਨਾਂ ਵਿਚ ਭਾਰਤ ਬਾਰੇ ਬਹੁਤ ਬੇਸਮਝੀ ਹੈ ਅਤੇ ਇਸ ਸਬੰਧ ਵਿਚ ਉਸ ਦੀ ਪ੍ਰਮੁੱਖ ਮਿਸਾਲ ਵੈਨਕੂਵਰ ਤੋਂ ਸੰਘੀ ਸੰਸਦ ਮੈਂਬਰ ਹੈਨਰੀ ਹਰਬਰਟ ਸਟੀਵਨਜ਼ (Henery




*3. ਇਕ ਪੋਸਟ ਕਾਰਡ ਫੋਟੋ ਕੋਰਡੋਵਾ ਗਲੀ ਵੈਨਕੂਵਰ ਜੋ ਕਿ ਬੰਦਰਗਾਹ ਦੇ ਕੋਲ ਹੀ, ਵਿਖੇ ਧਾਰਮਿਕ ਜਲੂਸ 1905 (vPL 86(40)) ਸ਼ਬਦ ਹਿੰਦੂ ਭਾਰਤੀਆਂ ਲਈ ਵਰਤਿਆ ਜਾਂਦਾ ਹੈ।*

ਭਾਗ ਸਿੰਘ ਭਿੱਖੀਵਿੰਡ ਤੇ ਬਲਵੰਤ ਸਿੰਘ ਖੁਰਦਪੁਰ, ਕਿਸੇ ਪੱਛਮੀ ਦਿੱਖ ਵਾਲੇ ਫ਼ਰਾਟੇਦਾਰ ਅੰਗਰੇਜ਼ੀ ਬੋਲਣ ਵਾਲੇ ਤੇ ਵਿਲੱਖਣ ਆਗੂ ਸਿਫ਼ਤਾਂ ਵਾਲੇ ਇੱਕ ਬੁਲਾਰੇ ਦੀ ਭਾਲ ਵਿਚ ਸਨ। ਜਿਸ ਕਰਕੇ ਉਨ੍ਹਾਂ ਨੇ ਨਿਊਯਾਰਕ ਤੋਂ ਪ੍ਰੋਫ਼ੈਸਰ ਤੇਜਾ ਸਿੰਘ ਨੂੰ ਵੈਨਕੂਵਰ ਬੁਲਾਇਆ। ਇਹ ਘਟਨਾ ਪ੍ਰੋਫ਼ੈਸਰ ਤੇਜਾ ਸਿੰਘ ਵੱਲੋਂ ਕੋਲੰਬੀਆ ਯੂਨੀਵਰਸਿਟੀ ਦੇ ਗਰਮ ਰੁੱਤ ਦੇ ਸਕੂਲ਼ ਵਿਚ ਦਾਖਲਾ ਲੈਣ ਤੋਂ ਥੋੜ੍ਹੀ ਦੇਰ ਬਾਅਦ ਦੀ ਹੈ। ਉਸ ਦੁਆਰਾ ਕੀਤੀ ਗਈ ਕਈ ਸਾਲਾਂ ਦੀ ਪੜ੍ਹਾਈ ਅਤੇ ਇੱਕ ਅਧਿਆਪਕ ਵਜੋਂ ਨਿਭਾਏ ਗਏ ਰੋਲ ਦੇ ਡੂੰਘੇ ਸਤਿਕਾਰ ਦੀ ਮਾਨਤਾ ਵਜੋਂ, ਇਮੀਗਰੇਂਟ ਮਜ਼ਦੂਰਾਂ ਨੇ ਉਸਨੂੰ 'ਪ੍ਰੋਫ਼ੈਸਰ' ਦਾ ਸਨਮਾਨਿਤ ਖਿਤਾਬ, ਦਿੱਤਾ ਸੀ। ਉਸ ਨੇ ਲਾਹੌਰ ਤੋਂ ਐਮ.ਏ.ਪਾਸ ਕੀਤੀ ਸੀ ਅਤੇ ਪੰਜਾਬ ਵਿਚ ਉਹ ਇੱਕ ਲਾਇਸੰਸ-ਸ਼ੁਦਾ ਵਕੀਲ ਸੀ। ਉਸਨੇ ਇੰਡੀਅਨ ਰੈਵੇਨਿਊ ਸਰਵਿਸ ਵਿਚ ਨੌਕਰੀ ਕੀਤੀ, ਖਾਲਸਾ ਕਾਲਜ ਅੰਮ੍ਰਿਤਸਰ ਦਾ ਵਾਇਸ-ਪ੍ਰਿੰਸੀਪਲ ਵੀ ਰਿਹਾ ਤੇ ਬਰਤਾਨੀਆ ਦੀ ਕੋਲੰਬੀਆ ਯੂਨੀਵਰਸਿਟੀ ਵਿਚ ਪੰਜ ਸ਼ੈਸਨ ਗੁਜ਼ਾਰੇ ਅਤੇ ਇਹ ਸਾਰਾ ਕੁਝ ਤੀਹ ਸਾਲ ਦੀ ਉਮਰ ਤੱਕ ਪਹੁੰਚਣ ਤੋਂ ਪਹਿਲਾਂ ਪਰਾਪਤ ਕੀਤਾ ਸੀ। ਇੱਕ ਮਸ਼ਹੂਰ ਸਿੱਖ ਅਧਿਆਤਮਿਕ ਗੁਰੂ ਸੰਤ ਅਤਰ ਸਿੰਘ ਦਾ ਸ਼ਰਧਾਲੂ ਹੋਣ ਕਾਰਨ ਉਸ ਨੇ ਆਪਣੇ ਗੁਰੂ ਦੇ ਕਹਿਣ 'ਤੇ, ਵਿਦੇਸ਼ਾਂ ਵਿਚ ਸਿੱਖ ਸੰਗਤ ਦੀ ਸੇਵਾ ਲਈ ਭਾਰਤ ਛੱਡਿਆ ਸੀ। ਉਸ ਸਮੇਂ ਸੀਏਟਲ (Seattle) ਵਿਚ ਰਹਿੰਦੇ ਪੜ੍ਹੇ-ਲਿਖੇ ਬੰਗਾਲੀ ਤਾਰਕਨਾਥ ਦਾਸ ਨੇ ਨਿਊਯਾਰਕ ਦੇ ਇੱਕ ਅਖਬਾਰ ਵਿਚ ਉਨਾਂ ਬਾਰੇ ਛਪੇ ਇੱਕ ਲੇਖ ਨੂੰ ਪੜ੍ਹ ਕੇ ਪ੍ਰੋਫ਼ੈਸਰ ਤੇਜਾ ਸਿੰਘ ਨੂੰ ਲੱਭਿਆ ਸੀ। ਉਸ ਨੇ ਭਾਗ ਸਿੰਘ ਤੇ ਬਲਵੰਤ ਸਿੰਘ ਨੂੰ ਉਸ ਬਾਰੇ ਦੱਸਿਆ ਜਿਸ ਤੋਂ ਬਾਅਦ ਪ੍ਰੋਫ਼ੈਸਰ ਤੇਜਾ ਸਿੰਘ ਨੂੰ ਵੈਨਕੂਵਰ ਆਉਣ

ਵਰਗੇ ਬਾਹਰਲੇ ਸਰਗਰਮ ਕਾਰਕੁੰਨਾਂ ਨਾਲ ਮਿਲ ਕੇ ਚਲਦੇ ਸੀ। ਸਤੰਬਰ 1912 ਵਿਚ ਜਦੋਂ ਗਵਰਨਰ ਜਨਰਲ ਵੈਨਕੂਵਰ ਆਇਆ ਤਾਂ ਜੰਗੀ ਮੈਡਲ ਪਹਿਨੇ ਹੋਏ ਕਈ ਸਿੱਖ ਬਜ਼ੁਰਗ ਭੀੜ ਵਿਚ ਸ਼ਾਮਲ ਸਨ। ਪਰ ਉਨ੍ਹਾਂ ਦਾ ਵਤੀਰਾ ਸਿੱਖ ਗੁਰਦਵਾਰਾ ਸੁਸਾਇਟੀ ਦੇ ਸੈਕਟਰੀ ਤੋਂ ਵੱਖਰਾ ਸੀ। ਜਿਸ ਨੇ ਗਵਰਨਰ ਜਨਰਲ ਲਈ ਕੀਤੀ ਜਾਣ ਵਾਲੀ ਮਿਲਟਰੀ ਪਰੇਡ ਲਈ ਸਿੱਖਾਂ ਨੂੰ ਭੇਜੇ ਗਏ ਸਰਕਾਰੀ ਸੱਦਾ-ਪੱਤਰ ਨੂੰ ਸੁਸਾਇਟੀ ਦੀ ਕਾਰਜਕਾਰਨੀ ਦੀ ਤਰਫ਼ੋਂ ਠੁਕਰਾ ਦਿੱਤਾ ਸੀ। ਖਾਲਸਾ ਦੀਵਾਨ ਸੁਸਾਇਟੀ ਦੇ ਸੈਕਟਰੀ ਨੇ ਖੁਦ ਪੰਜ ਸਾਲ ਲਈ ਦਸਵੀਂ ਬੰਗਾਲ ਲਾਂਸਰ ਰੈਜ਼ਮੈਂਟ ਵਿਚ ਨੌਕਰੀ ਕੀਤੀ ਸੀ ਅਤੇ ਕਈ ਸਾਲ ਤੱਕ ਹਾਂਗਕਾਂਗ ਤੇ ਸ਼ੰਘਾਈ ਪੁਲਿਸ ਵਿਚ ਕੰਮ ਕੀਤਾ ਸੀ। ਆਪਣੇ ਇਮੀਗਰੇਸ਼ਨ ਦੇ ਤਿੰਨ ਸਾਲ ਬਾਅਦ, ਸੰਨ 1909 ਵਿਚ ਉਸਨੇ, ਆਪਣਾ ਸਨਮਾਨਿਤ ਡਿਸਚਾਰਜ਼ ਸਰਟੀਫਿਕੇਟ, ਇਸ ਨੁਕਤੇ ਨੂੰ ਉਭਾਰਨ ਲਈ, ਸਾੜ ਦਿੱਤਾ ਸੀ, ਕਿ ਉਸ ਵੱਲੋਂ ਬ੍ਰਿਟਿਸ਼-ਭਾਰਤੀ ਫੌਜ ਵਿਚ ਕੀਤੀ ਗਈ ਨੌਕਰੀ, ਗੁਲਾਮੀ ਦੀ ਨੌਕਰੀ ਸੀ। ਉਸ ਨੇ ਅਤੇ ਖਾਲਸਾ ਦੀਵਾਨ ਸੁਸਾਇਟੀ ਦੇ ਦੂਸਰੇ ਕਾਰਜਕਾਰੀ ਅਧਿਕਾਰੀਆਂ ਨੇ, ਰਹੀਮ ਤੇ ਕੁਮਾਰ ਨਾਲ ਮਿਲ ਕੇ ਵੈਨਕੂਵਰ ਸਥਿਤ ਸੋਸ਼ਲਿਸਟ ਪਾਰਟੀ ਆਫ਼ ਕਨੇਡਾ, ਦੀ ਸਪੈਸ਼ਲ ਬਰਾਂਚ ਦੀ ਸਥਾਪਨਾ ਕੀਤੀ ਅਤੇ ਜਮਾਤੀ ਲੜਾਈ ਦੀ ਭਾਸ਼ਾ ਅਪਨਾਈ। ਉਹ ਜੁਝਾਰੂ ਸਨ ਭਾਵੇਂ ਕਿ ਉਸ ਸਮੇਂ ਤੱਕ ਸਿੱਖ ਭਾਈਚਾਰੇ ਦਾ ਵੱਡਾ ਹਿੱਸਾ ਜੁਝਾਰੂ ਨਹੀਂ ਸੀ।

ਖਾਲਸਾ ਦੀਵਾਨ ਸੁਸਾਇਟੀ ਦਾ ਸਕੱਤਰ (ਤੇ ਬਾਅਦ ਵਿਚ ਪ੍ਰਧਾਨ) ਭਾਗ ਸਿੰਘ ਸੀ। ਵੈਨਕੂਵਰ ਗੁਰਦਵਾਰੇ ਦੇ ਗਰੰਥੀ ਬਲਵੰਤ ਸਿੰਘ (ਜੋ ਕਿ ਖੁਦ ਸੇਵਾ-ਮੁਕਤ ਫੌਜੀ ਸੀ) ਦੇ ਨਾਲ ਭਾਗ ਸਿੰਘ, 1906 ਵਿਚ ਕਨੇਡਾ ਪਹੁੰਚਣ ਦੇ ਸਮੇਂ ਤੋਂ ਹੀ ਸਿੱਖ ਭਾਈਚਾਰੇ ਦਾ ਸਰਗਰਮ ਮੈਂਬਰ ਸੀ। ਸਿੱਖ ਸਭਿਆਚਾਰ ਤੋਂ ਅਣਜਾਣ ਪਾਠਕਾਂ ਲਈ ਦੱਸ ਦੇਈਏ ਕਿ ਸਿੰਘ ਦਾ ਮਤਲਬ ਹੈ 'ਸ਼ੇਰ' ਅਤੇ ਇਹ ਸ਼ਬਦ ਅਧਿਆਤਮਿਕ ਯੋਧੇ ਨੂੰ ਪ੍ਰਗਟ ਕਰਦਾ ਹੈ। ਇਸੇ ਤਰਾਂ ਔਰਤਾਂ ਲਈ ਵਰਤਿਆ ਜਾਂਦਾ 'ਕੌਰ' ਸ਼ਬਦ ਅਧਿਆਤਮਿਕ ਸ਼ਹਿਜਾਦੀ ਨੂੰ ਰੂਪਮਾਨ ਕਰਦਾ ਹੈ। ਸਾਰੇ ਅਭਿਆਸੀ ਸਿੱਖ ਇਹਨਾਂ ਸ਼ਬਦਾਂ ਦਾ ਇਸਤੇਮਾਲ ਕਰਦੇ ਹਨ ਅਤੇ ਕਈ ਗ਼ੈਰ-ਅਭਿਆਸੀ ਵੀ ਇਹ ਸ਼ਬਦ ਵਰਤ ਲੈਂਦੇ ਹਨ। ਸਿੱਖ ਸਭਿਆਚਾਰ ਵਿਚ 'ਸਿੰਘ' ਧਾਰਮਿਕ ਨਾਮ ਹੈ, ਪਰਿਵਾਰਕ ਨਹੀਂ। ਬਲਵੰਤ ਸਿੰਘ ਤੇ ਭਾਗ ਸਿੰਘ ਦਾ-ਅਤੇ ਕਾਮਾਗਾਟਾ ਮਾਰੂ ਸਾਕੇ ਦੇ ਬਹੁਤ ਸਾਰੇ ਸਿੱਖਾਂ ਦਾ-ਧਰਮ ਤੋਂ ਬਿਨਾਂ ਆਪਸ ਵਿਚ ਹੋਰ ਕੋਈ ਰਿਸ਼ਤਾ ਨਹੀਂ ਸੀ। ਭਾਗ ਸਿੰਘ ਮੌਜੂਦਾ ਪੰਜਾਬ ਦੇ ਤਰਨਤਾਰਨ ਜਿਲ੍ਹੇ ਦੇ ਭਿੱਖੀਵਿੰਡ ਪਿੰਡ ਦਾ ਰਹਿਣ ਵਾਲਾ ਸੀ ਅਤੇ ਬਲਵੰਤ ਸਿੰਘ ਜਲੰਧਰ ਜਿਲ੍ਹੇ ਦੇ ਖੁਰਦਪੁਰ ਪਿੰਡ ਦਾ ਵਸਨੀਕ ਸੀ। ਉਨ੍ਹਾਂ ਦੇ ਸਮਕਾਲੀ ਅਕਸਰ ਉਨ੍ਹਾਂ ਨੂੰ ਪਿੰਡਾਂ ਦੇ ਨਾਵਾਂ ਨਾਲ ਪਹਿਚਾਣਦੇ ਸਨ।

ਆਲੋਚਨਾ ਸਮੇਂ, ਉਸ ਨੂੰ ਸਿੱਧਾ ਹੀ ਖਤਰਨਾਕ ਕਾਰਕੁੰਨ ਗਰਦਾਨ ਦਿੰਦੇ ਸਨ। ਅਤੇ ਇਹ ਅਧਿਕਾਰੀ ਉਸ ਵਲੋਂ ਸਥਾਨਕ ਪੱਧਰ 'ਤੇ ਕੀਤੇ ਜਾ ਰਹੇ ਅਗਾਂਹਵਧੂ ਸਮਾਜਿਕ ਕੰਮਾਂ ਨੂੰ ਸਲਾਹੁਣ ਦੀ ਬਜਾਏ ਇਹਨਾਂ ਕੰਮਾਂ ਨੂੰ ਭੰਨ-ਤੋੜ ਕਾਰਵਾਈਆਂ ਸਮਝਦੇ ਸਨ। ਵੈਨਕੂਵਰ ਵਿਚ ਤੇਜਾ ਸਿੰਘ ਨੇ ਬੇਰੁਜ਼ਗਾਰਾਂ ਨੂੰ ਰਾਹਤ ਦੇਣ ਲਈ ਕੰਮਕਾਜੀ ਬੰਦਿਆਂ ਦੀਆਂ ਸਭਾਵਾਂ ਬਣਾ ਕੇ ਸਿੱਖ ਭਾਈਚਾਰੇ ਨੂੰ ਅਮਲੀ ਦਿਸ਼ਾ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਅਤੇ ਪੂੰਜੀ ਨਿਵੇਸ਼ ਦੇ ਪ੍ਰਬੰਧਨ ਲਈ 'ਗੁਰੂ ਨਾਨਕ ਮਾਇਨਿੰਗ ਤੇ ਟਰੱਸਟ ਕੰਪਨੀ' ਨਾਂ ਦੀ ਕੰਪਨੀ ਦੀ ਸਥਾਪਨਾ ਕੀਤੀ। ਪੂਰੀ ਇਮਾਨਦਾਰੀ ਦੇ ਬਾਵਜੂਦ, ਪੂੰਜੀ ਨਿਵੇਸ਼ ਦੇ ਜ਼ੋਖ਼ਮ ਭਰੇ ਤੇ ਕਈ ਵਾਰੀ ਨਿਰਾਸ਼ਾਜਨਕ ਕਾਰੋਬਾਰ ਕਾਰਨ ਉਸਨੂੰ ਆਪਣੀ ਹੀ ਬਰਾਦਰੀ ਦੇ ਕਈ ਘੁੰਤਰੀ ਮੈਂਬਰਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ। ਜਦ ਉਹ ਪਹਿਲੀਵਾਰ ਵੈਨਕੂਵਰ ਆਇਆ ਸੀ, ਤਾਂ 60-70 ਸਿੱਖਾਂ ਨੇ ਉਸਦੀ ਇਸ ਸ਼ਹਿਰ ਵਿਚ ਠਹਿਰ ਦੌਰਾਨ ਹੋਣ ਵਾਲਾ ਸਾਰਾ ਖਰਚਾ ਉਠਾਉਣ ਦਾ ਵਾਅਦਾ ਕੀਤਾ ਸੀ। ਪਰ ਸੰਨ 1912 ਦੇ ਆਉਂਦੇ-ਆਉਂਦੇ ਉਹ ਸਭ ਇਸ ਵਾਅਦੇ ਤੋਂ ਮੁਕਰ ਗਏ।

ਪ੍ਰੋਫ਼ੈਸਰ ਤੇਜਾ ਸਿੰਘ ਦੀ ਪਹਿਲਾਂ ਹੀ ਘਟ ਰਹੀ ਸਾਖ਼ ਨੂੰ, ਉਸ ਸਮੇਂ ਇੱਕ ਹੋਰ ਬਹੁਤ ਵੱਡਾ ਧੱਕਾ ਲੱਗਿਆ। ਜਦ ਉਹ ਓਟਾਵਾ ਦੇ ਇੱਕ ਮਿਸ਼ਨ ਵਿਚ ਫੇਲ੍ਹ ਹੋ ਗਿਆ। ਇਹ ਮਸਲਾ ਉਨ੍ਹਾਂ ਦੋ ਵਿਅਕਤੀਆਂ, ਭਾਗ ਸਿੰਘ ਭਿੱਖੀਵਿੰਡ ਤੇ ਉਸ ਦੇ ਸਾਥੀ ਬਲਵੰਤ ਸਿੰਘ ਖੁਰਦਪੁਰ ਨਾਲ ਸਬੰਧਿਤ ਸੀ। ਜਿਨ੍ਹਾਂ ਨੇ ਉਸਨੂੰ ਪਹਿਲੀਵਾਰ ਵੈਨਕੂਵਰ ਬੁਲਾਇਆ ਸੀ। ਉਨ੍ਹਾਂ ਨੇ ਔਰਤਾਂ ਤੇ ਬੱਚਿਆਂ ਨੂੰ ਕਨੇਡਾ ਬੁਲਾਉਣ ਦੇ ਅਧਿਕਾਰ ਦੇ ਜਜ਼ਬਾਤੀ ਮਸਲੇ 'ਤੇ ਕਨੇਡਾ ਦੀ ਅਲਿਹਦਗੀ ਨੀਤੀ ਦੀ ਪਰਖ ਕਰਨ ਦੀ ਵਿਉਂਤ ਬਣਾਈ। ਇਹ ਇੱਕ ਐਸਾ ਮਸਲਾ ਸੀ, ਜੋ ਤਕਰੀਬਨ ਪੂਰੀ ਹੀ ਮਰਦ ਆਬਾਦੀ ਵਾਲੇ ਇਮੀਗਰੇਂਟਾਂ ਲਈ ਬਹੁਤ ਮਹੱਤਵਪੂਰਨ ਸੀ। ਬਲਵੰਤ ਸਿੰਘ 1909 ਵਿਚ ਭਾਰਤ ਪਰਤ ਗਿਆ ਸੀ। ਤੇ ਭਾਗ ਸਿੰਘ 1910 ਵਿਚ ਉਹ ਸੰਨ 1911 ਦੇ ਸ਼ੁਰੂ ਵਿਚ ਆਪਣੀਆਂ ਪਤਨੀਆਂ ਤੇ ਬਲਵੰਤ ਸਿੰਘ ਦੀਆਂ ਦੋ ਛੋਟੀਆਂ ਬੱਚੀਆਂ ਸਮੇਤ ਕਲਕੱਤੇ ਤੋਂ ਵਾਪਸ ਕਨੇਡਾ ਲਈ ਚੱਲੇ। ਕਲਕੱਤਾ, ਰੰਗੂਨ ਤੇ ਹਾਂਗਕਾਂਗ ਵਿਚ ਉਹ ਵੈਨਕੂਵਰ ਜਾਂ ਵਿਕਟੋਰੀਆ ਲਈ ਰਾਹਦਾਰੀ ਨਾ ਖਰੀਦ ਸਕੇ। 'ਲਗਾਤਾਰ ਯਾਤਰਾ' ਦਾ ਨਿਯਮ ਇਸ ਪ੍ਰਕਾਰ ਕੰਮ ਕਰਦਾ ਸੀ। ਜਹਾਜ਼ੀ ਕੰਪਨੀਆਂ ਕਨੇਡਾ ਜਾ ਰਹੇ ਭਾਰਤੀਆਂ ਨੂੰ ਟਿਕਟ ਨਹੀਂ ਵੇਚਦੀਆਂ ਸਨ। ਜਦ ਉਹ ਜਹਾਜ਼ ਰਾਹੀਂ ਸਨ-ਫਰਾਂਸਿਸਕੋ ਅਤੇ ਅੱਗੇ ਸੀਏਟਲ ਪਹੁੰਚੇ ਤਾਂ ਉਹਨਾਂ ਨੂੰ ਵਾਪਸ ਕਰ ਦਿੱਤਾ ਗਿਆ। ਅਮਰੀਕਨ ਇਮੀਗਰੇਸ਼ਨ ਵਿਭਾਗ ਵੀ ਕਨੇਡੀਅਨ ਵਿਭਾਗ ਦੀ ਤਰ੍ਹਾਂ ਹੀ ਸਖ਼ਤ ਹੋ ਗਿਆ ਸੀ। ਸਾਲ ਦੇ ਅਖੀਰਲੇ ਦਿਨਾਂ ਵਿਚ ਉਹ ਹਾਂਗਕਾਂਗ ਪਹੁੰਚੇ ਸਨ ਜਿੱਥੇ ਭਾਗ ਸਿੰਘ ਦੀ ਪਤਨੀ ਹਰਨਾਮ ਕੌਰ ਨੇ ਜੋਗਿੰਦਰ ਸਿੰਘ ਨਾਮ ਦੇ ਲੜਕੇ ਨੂੰ ਜਨਮ ਦਿੱਤਾ। ਇਸ ਟੱਪਰਵਾਸੀ ਯਾਤਰਾ ਵਿੱਚ ਬਹੁਤ

ਲਈ ਸੱਦਾ-ਪੱਤਰ ਭੇਜਿਆ ਗਿਆ। ਭਾਵੇਂ ਉਹ ਪੱਕੇ ਤੌਰ 'ਤੇ ਵੈਨਕੂਵਰ ਨਹੀਂ ਰਹੇ, ਪਰ ਫਿਰ ਵੀ ਪ੍ਰੋਫ਼ੈਸਰ ਤੇਜਾ ਸਿੰਘ ਕਾਫ਼ੀ ਸਮਾਂ ਉਥੇ ਗੁਜ਼ਾਰਦੇ ਅਤੇ ਸੰਨ 1908 ਤੋਂ ਲੈ ਕੇ ਮਾਰਚ 1913 ਤੱਕ ਸਿੱਖ ਭਾਈਚਾਰੇ ਨੂੰ ਉਨ੍ਹਾਂ ਦੇ ਦਰਮਿਆਨ ਰਹਿ ਕੇ ਤੇ ਕਦੀਂ ਦੂਰ ਰਹਿ ਕੇ ਆਪਣੀ ਰਹਿਨੁਮਾਈ ਦਿੰਦੇ ਰਹੇ।

ਇਹਨਾਂ ਸਾਲਾਂ ਦੌਰਾਨ ਤੇਜਾ ਸਿੰਘ ਦੇ ਕਈ ਸਮਰਥਕ ਉਸ ਤੋਂ ਅਲੱਗ ਹੋ ਗਏ। ਕਿਉਂਕਿ ਬ੍ਰਿਟਿਸ਼ ਕੋਲੰਬੀਆ ਦੇ ਛੋਟੇ ਜਿਹੇ ਸਿੱਖ ਤੇ ਭਾਰਤੀ ਭਾਈਚਾਰੇ ਦੀ ਵੰਡ-ਪਾਊ ਸਿਆਸਤ ਵਿਚ ਅਜਿਹਾ ਵਾਪਰਨਾ ਸ਼ਾਇਦ ਨਿਸ਼ਚਿਤ ਸੀ। ਰਹੀਮ ਜੋ ਉਸ ਦਾ ਸਭ ਤੋਂ ਵੱਡਾ ਆਲੋਚਕ ਸੀ। ਉਸ ਨੂੰ ਉਨ੍ਹਾਂ 'ਮਾਇਆਵਾਦੀਆਂ' 'ਚੋਂ ਇੱਕ ਸਮਝਦਾ ਸੀ। ਜੋ "ਆਪਣੀ ਮੁਕਤੀ ਲਈ ਆਪਣਾ ਸੰਸਾਰ ਬ੍ਰਿਟਿਸ਼ ਲੋਕਾਂ ਦੇ ਹਵਾਲੇ ਕਰ ਦਿੰਦੇ ਹਨ।" ਇਹ ਇਸ਼ਾਰਾ ਪ੍ਰੋਫ਼ੈਸਰ ਤੇਜਾ ਸਿੰਘ ਦੀ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਅਤੀਤ ਵਿਚ ਕੀਤੀ ਨੌਕਰੀ ਦੀ ਤਰਫ਼ ਸੀ। ਜੋ ਇੱਕ ਐਸੀ ਸੰਸਥਾ ਸੀ, ਜਿਹੜੀ ਅੰਗਰੇਜ਼ਾਂ ਦੀ ਸਰਪਰਸਤੀ ਅਧੀਨ ਚਲਦੀ ਸੀ। ਇਹ ਟਿੱਪਣੀਆਂ ਉਸ ਦੀਆਂ ਅਧਿਆਤਮਿਕ ਸਿੱਖਿਆਵਾਂ ਵੱਲ ਵੀ ਇਸ਼ਾਰਾ ਸਨ ਜਿਨ੍ਹਾਂ ਨੂੰ ਗ੍ਰਹਿਣ ਕਰਨ ਲਈ-ਕਈ ਅਮਰੀਕਨ ਤੇ ਕਨੇਡੀਅਨ ਵਿਅਕਤੀ ਉਸ ਤੋਂ ਪਰਭਾਵਤ ਹੁੰਦੇ ਸਨ ਅਤੇ ਬ੍ਰਿਟਿਸ਼ ਕੋਲੰਬੀਆ ਤੋਂ ਲੈ ਕੇ ਕੈਲੀਫੋਰਨੀਆ ਤੱਕ ਦੇ ਪੈਸੇਫਿਕ ਕੰਢੇ 'ਤੇ ਰਹਿੰਦੇ ਸਿੱਖਾਂ ਉੱਪਰ ਇਹਨਾਂ ਸਿੱਖਿਆਵਾਂ ਦਾ ਡੂੰਘਾ ਅਸਰ ਸੀ। ਉੱਤਰੀ ਅਮਰੀਕਾ ਵਿਚ ਨਾਮ-ਨਿਹਾਦ ਸਿੱਖਾਂ ਵਜੋਂ ਪਹੁੰਚੇ ਬਹੁਤ ਸਾਰੇ ਸਿੱਖ ਇਮੀਗਰੇਂਟਾਂ ਵਿਚ, ਸਿੱਖ ਪ੍ਰਤੀਕਾਂ ਤੇ ਪਰੰਪਰਿਕ ਰਹੁ-ਰੀਤਾਂ ਦੇ ਮੁੜ-ਉਭਾਰ ਲਈ ਉਹ ਸਿੱਧੇ ਤੌਰ'ਤੇ ਜ਼ਿੰਮੇਵਾਰ ਸੀ। ਸਮਾਨਤਾਵਾਦੀ ਸਿੱਖ ਆਦਰਸ਼ਾਂ ਦੇ ਇੱਕ ਉਦਾਰ-ਚਿੱਤ ਅਧਿਆਪਕ ਵਜੋਂ ਉਹ ਇੱਕ ਅਜਿਹਾ ਸਮਾਜ ਸਿਰਜਨ ਦਾ ਉਪਾਸ਼ਕ ਸੀ, ਜਿੱਥੇ ਨਸਲੀ ਮਿਲਵਰਤਨ ਇੱਕ ਆਮ ਵਰਤਾਰਾ ਹੋਵੇ। ਉਸ ਨੇ ਵੈਨਕੂਵਰ ਦੇ ਗੁਰਦਵਾਰੇ ਵਿਚ ਹੋਣ ਵਾਲੀ ਪਹਿਲੀ ਸਿੱਖ ਸ਼ਾਦੀ (ਅਸਲ ਵਿਚ ਉਤਰੀ ਅਮਰੀਕਾ ਦੀ ਪਹਿਲੀ ਸਿੱਖ ਸ਼ਾਦੀ)-ਜੋ ਇੱਕ ਗੋਰੀ ਔਰਤ ਤੇ ਇੱਕ ਸਿੱਖ ਨੌਜਵਾਨ ਦਰਮਿਆਨ ਹੋਈ- ਦੀਆਂ ਰਸਮਾਂ ਨਿਭਾਈਆਂ।

ਵੈਨਕੂਵਰ ਦੇ ਸਿੱਖਾਂ ਦਰਮਿਆਨ ਪ੍ਰੋਫ਼ੈਸਰ ਤੇਜਾ ਸਿੰਘ ਇੱਕ ਨਰਮ-ਦਲੀਏ ਸਿਆਸਤਦਾਨ ਵਜੋਂ ਜਾਣੇ ਜਾਂਦੇ ਸਨ। ਉਹ ਬ੍ਰਿਟਿਸ਼ ਕੋਲੰਬੀਆ ਵਿਚ ਆਪਣੇ ਲੋਕਾਂ ਦਾ ਬੜੀ ਸ਼ਿੱਦਤ ਨਾਲ ਬਚਾਅ ਕਰਦੇ ਸਨ ਅਤੇ ਅੰਗਰੇਜ਼ਾਂ ਦੀਆਂ ਭਾਰਤ ਸਬੰਧੀ ਨੀਤੀਆਂ ਦੀ ਖ਼ੂਬ ਆਲੋਚਨਾ ਕਰਦੇ ਸਨ। ਪਰ ਅੰਗਰੇਜ਼ੀ ਰਾਜ ਦੇ ਖਾਤਮੇ ਲਈ ਕਦੇ ਵੀ ਹਥਿਆਰਬੰਦ ਘੋਲ ਦੀ ਵਕਾਲਤ ਨਹੀਂ ਸੀ ਕਰਦੇ। ਉਹ ਇੱਕ ਅਗਾਂਹਵਧੂ ਇਨਸਾਨ ਸਨ ਅਤੇ ਤਬਦੀਲੀ ਲਈ ਗੱਲਬਾਤ ਵਾਲੇ ਰਸਤੇ ਦੇ ਹਾਮੀ ਸਨ। ਪਰ ਭਾਰਤੀ ਮਸਲਿਆਂ ਪ੍ਰਤੀ ਬਰੀਕ ਸਮਝ ਅਤੇ ਯੋਗਤਾ ਤੋਂ ਸੱਖਣੇ ਕਨੇਡੀਅਨ ਅਧਿਕਾਰੀ, ਉਸ ਵੱਲੋਂ ਬ੍ਰਿਟਿਸ਼ ਸਰਕਾਰ ਦੀ ਕੀਤੀ ਗਈ ਕਿਸੇ ਵੀ

ਜੋ ਸਿੱਖ ਉਦੇਸ਼ ਲਈ ਸਹਾਈ ਨਹੀਂ ਸੀ। 400 ਸਥਾਨਕ ਔਰਤਾਂ ਦੀ ਨੁਮਾਇਦਗੀ ਕਰਨ ਦਾ ਦਾਅਵਾ ਕਰਨ ਵਾਲੀ ਔਰਤ ਜਥੇਬੰਦੀ 'ਵਿਮਿਨਜ਼ ਨੈਸ਼ਨਲ ਕੌਂਸਲ' ਅਤੇ ਵੈਨਕੂਵਰ ਦੀ 'ਮਿਨਿਸਟਰੀਅਲ ਅਸੋਸੀਏਸ਼ਨ' ਨਾਮ ਦੀ ਜਥੇਬੰਦੀ ਨੇ ਭਾਰਤੀ ਔਰਤਾਂ ਦੇ ਕਨੇਡਾ ਵਿਚ ਦਾਖਲੇ ਦਾ ਵਿਰੋਧ ਕੀਤਾ, ਜੋ ਮੇਜ਼ਬਾਨ ਆਬਾਦੀ ਦੀ ਆਮ ਰਾਏ ਦਾ ਕਾਫ਼ੀ ਵੱਡਾ ਹਿੱਸਾ ਬਣਦਾ ਸੀ। ਇਹਨਾਂ ਸਮੂਹਾਂ ਨੂੰ ਖ਼ਦਸ਼ਾ ਸੀ, ਕਿ ਔਰਤਾਂ ਤੇ ਬੱਚਿਆਂ ਦੇ ਦਾਖਲੇ ਨਾਲ ਦੱਖਣੀ ਏਸ਼ਿਆਈ ਭਾਈਚਾਰਾ ਬ੍ਰਿਟਿਸ਼ ਕੋਲੰਬੀਆ ਵਿਚ ਪੱਕੇ ਤੌਰ 'ਤੇ ਆਪਣੇ ਪੈਰ ਜਮ੍ਹਾ ਲਵੇਗਾ। ਜੇਕਰ ਪਤਨੀਆਂ ਤੇ ਬੱਚਿਆਂ ਦੇ ਦਾਖਲੇ ਉੱਪਰ ਪਾਬੰਦੀ ਕਾਇਮ ਰਹਿੰਦੀ ਸੀ, ਤਾਂ ਸੰਭਾਵਨਾ ਸੀ ਕਿ ਇਹ ਭਾਈਚਾਰਾ ਹੌਲੀ ਹੌਲੀ ਖ਼ਤਮ ਹੋ ਜਾਂਦਾ।

ਇਹ ਗੱਲ ਮਿਸ਼ਰਤ ਐਂਗਲੋ-ਇੰਡੀਅਨ ਨਸਲ ਦੇ ਇਮੀਗਰੇਸ਼ਨ ਇੰਸਪੈਕਟਰ ਤੇ ਦੁਭਾਸ਼ੀਏ ਡਬਲਯੂ.ਸੀ.ਹਾੱਪਕਿਨਸਨ ਦੇ ਹਿੱਸੇ ਹੀ ਆਈ। ਜਿਸ ਨੇ ਇਹ ਸੁਝਾਅ ਦਿੱਤਾ ਕਿ ਮੰਤਰੀ ਨੂੰ ਇਹਨਾਂ ਦੋ ਔਰਤਾਂ ਤੇ ਬੱਚਿਆਂ ਨੂੰ ਕਨੇਡਾ ਵਿਚ ਰਹਿਣ ਦੀ ਆਗਿਆ ਦੇ ਦੇਣੀ ਚਾਹੀਦੀ ਹੈ ਅਤੇ ਇਹ ਗੱਲ ਵੀ ਸਪਸ਼ਟ ਕਰ ਦੇਣੀ ਚਾਹੀਦੀ ਹੈ, ਕਿ ਇਹ ਕੇਸ ਇੱਕ ਅਪਵਾਦ ਸੀ। ਅਤੇ ਇਸ ਰਿਆਇਤ ਨੂੰ ਇਮੀਗਰੇਸਨ ਨੀਤੀ ਵਿਚ ਤਬਦੀਲੀ ਦਾ ਪ੍ਰਤੀਕ ਨਹੀਂ ਸਮਝਿਆ ਜਾਣਾ ਚਾਹੀਦਾ। ਉਸ ਨੇ ਇਹ ਨਹੀਂ ਸੀ ਸੋਚਿਆ ਕਿ ਇੱਕ ਵਾਰ ਇਸ ਐਲਾਨ ਦੇ ਜਨਤਕ ਹੋਣ ਤੋਂ ਬਾਅਦ ਵੈਨਕੂਵਰ ਦੀ ਸਿੱਖ ਆਗੂਆਂ ਇਸ ਸੰਘਰਸ਼ ਨੂੰ ਜਾਰੀ ਰੱਖਣ ਦੇ ਸਮੱਰਥ ਹੋ ਜਾਣਾ ਸੀ। ਪਰ ਇਹ ਮਸਲਾ ਪਹਿਲਾਂ ਹੀ ਛੇ ਮਹੀਨੇ ਤੋਂ ਲਟਕ ਰਿਹਾ ਸੀ। ਜਿਸ ਦੌਰਾਨ ਭਾਗ ਸਿੰਘ ਭਿੱਖੀਵਿੰਡ ਤੇ ਬਲਵੰਤ ਸਿੰਘ ਖੁਰਦਪੁਰ ਅਤੇ ਉਨ੍ਹਾਂ ਦੇ ਸਾਥੀਆਂ ਨੇ ਆਪਣੀ ਬਰਾਦਰੀ ਦੇ ਵੱਡੇ ਹਿੱਸੇ ਨੂੰ ਗਰਮਦਲੀਆ ਬਣਾ ਲਿਆ ਸੀ। ਇਸ ਸਾਰੇ ਘਟਨਾਕ੍ਰਮ ਨੇ ਪ੍ਰੋਫ਼ੈਸਰ ਤੇਜਾ ਸਿੰਘ ਦਾ ਸਥਾਨਕ ਪ੍ਰਭਾਵ ਬਹੁਤ ਘਟਾ ਦਿੱਤਾ ਸੀ। ਉਸ ਨੇ ਹਾਰਵਰਡ ਯੂਨੀਵਰਸਿਟੀ ਤੋਂ ਐਮ.ਏ ਦੀ ਡਿਗਰੀ ਹਾਸਲ ਕਰਕੇ ਉੱਤਰੀ ਅਮਰੀਕਾ ਵਿਚਲੀ ਆਪਣੀ ਪੜ੍ਹਾਈ ਪਹਿਲਾਂ ਹੀ ਖ਼ਤਮ ਕਰ ਲਈ ਸੀ। ਅਤੇ ਮਾਰਚ 1913 ਵਿਚ ਉਹ ਭਾਰਤ ਮੁੜ ਆਇਆ ਤੇ ਅਗਲੇ ਚਾਲੀ ਸਾਲ ਤੱਕ ਵੈਨਕੂਵਰ ਵਾਪਸ ਨਹੀਂ ਗਿਆ।

ਜਦ ਉਸ ਨੇ ਬ੍ਰਿਟਿਸ਼ ਕੋਲੰਬੀਆ ਛੱਡਿਆ ਉਸ ਵਕਤ ਵੀ ਪ੍ਰੋਫ਼ੈਸਰ ਤੇਜਾ ਸਿੰਘ ਦੇ ਕਈ ਦੋਸਤ ਤੇ ਸਮਰਥਕ ਸਨ, ਜੋ ਉਸ ਦੇ ਜ਼ਿਆਦਾ ਨਰਮ ਤੇ ਘੱਟ ਜੁਝਾਰੂ ਨਜ਼ਰੀਏ ਨਾਲ ਸਹਿਮਤ ਸਨ। ਉਨ੍ਹਾਂ 'ਚੋਂ ਪ੍ਰਮੁੱਖ ਸਨ ਗਲਾਸਗੋ ਤੋਂ ਸਿਖਿਅਤ ਫਿਜ਼ੀਸ਼ੀਅਨ ਡਾਕਟਰ ਸੁੰਦਰ ਸਿੰਘ, ਜੋ ਮੂਲ ਤੌਰ 'ਤੇ ਅੰਮ੍ਰਿਤਸਰ ਪੰਜਾਬ ਦੇ ਰਹਿਣ ਵਾਲੇ ਸਨ। ਲਗਾਤਾਰ ਯਾਤਰਾ ਕਰਨ ਵਾਲੇ ਅਤੇ 200 ਡਾਲਰ ਕੋਲ ਹੋਣ ਵਾਲੇ ਨਿਯਮ ਦੇ ਲਾਗੂ ਹੋਣ ਦੇ ਬਾਵਜੂਦ, ਡਾਕਟਰ ਸੁੰਦਰ ਸਿੰਘ ਵੀ ਹੁਸੈਨ ਰਹੀਮ ਤੇ ਕਈ ਹੋਰਾਂ ਦੀ ਤਰਾਂ 1908 ਤੋਂ ਬਾਅਦ ਕਨੇਡਾ ਵਿਚ ਦਾਖਲ ਹੋਣ ਵਿਚ ਸਫਲ ਹੋ

ਸਾਰੇ ਮਹੀਨੇ ਗੁਜ਼ਰੇ ਜਿਸ ਵਿਚ ਇਸ ਬੱਚੇ ਦਾ ਗਰਭਧਾਰਨ ਉਹਨਾਂ ਦੇ ਭਾਰਤ ਤੋਂ ਚੱਲਣ ਤੋਂ ਬਾਅਦ ਹੋਇਆ ਸੀ ਅਤੇ ਉਨ੍ਹਾਂ ਦੇ ਹਾਲਾਤ ਦੀ ਦਿਨ-ਪ੍ਰਤੀ-ਦਿਨ ਦੀ ਖ਼ਬਰ ਰੱਖਣ ਵਾਲੇ ਉਨ੍ਹਾਂ ਦੇ ਬਹੁਤ ਸਾਰੇ ਸੰਗੀ-ਸਾਥੀ ਸਨ। ਅਮਰੀਕਨ ਬੰਦਰਗਾਹਾਂ ਵਿਚ ਦਾਖਲ ਹੋਣ ਦੀਆਂ ਉਨ੍ਹਾਂ ਦੀਆਂ ਅਸਫਲ ਕੋਸ਼ਿਸ਼ਾਂ ਬਾਰੇ ਤਾਰਕਨਾਥ ਦਾਸ ਅਤੇ ਦੂਸਰੇ ਸਰਗਰਮ ਕਾਰਕੁੰਨਾਂ ਨੇ ਬਹੁਤ ਜ਼ੋਰ-ਸ਼ੋਰ ਨਾਲ ਪਰਚਾਰਿਆ ਸੀ, ਇਸ ਲਈ ਉੱਤਰੀ ਅਮਰੀਕਾ ਵਿਚਲੇ ਭਾਰਤੀ ਇਮੀਗਰੇਂਟ ਇਸ ਕਿੱਸੇ ਤੋਂ ਭਲੀਭਾਂਤ ਜਾਣੂੰ ਸਨ ਅਤੇ ਉਨ੍ਹਾਂ ਦੇ ਹਾਲਾਤ ਨੂੰ ਲੈ ਕੇ ਗੁੱਸੇ ਵਿਚ ਸਨ।

ਇਸ ਮੌਕੇ ਪ੍ਰੋਫ਼ੈਸਰ ਤੇਜਾ ਸਿੰਘ ਇੱਕ ਵਫ਼ਦ ਲੈਕੇ ਓਟਾਵਾ ਗਿਆ। ਜਿੱਥੇ ਉਹ ਨਵੰਬਰ ਦੇ ਅਖੀਰ ਤੇ ਦਸੰਬਰ ਦੇ ਸ਼ੁਰੂ ਵਿਚ ਦੇਸ਼ ਦੇ ਗ੍ਰਹਿ ਮੰਤਰੀ ਨੂੰ ਮਿਲਿਆ। ਵੈਨਕੂਵਰ ਵਾਪਸ ਆਕੇ ਉਸਨੇ ਘੋਸ਼ਣਾ ਕੀਤੀ ਕਿ ਮੰਤਰੀ ਮੰਨ ਗਿਆ ਹੈ ਅਤੇ ਉਨ੍ਹਾਂ ਦੀਆਂ ਪਤਨੀਆਂ ਅਤੇ ਬੱਚੇ ਮੁਲਕ ਵਿਚ ਦਾਖਲ ਕਰ ਲਏ ਜਾਣਗੇ। ਜਦ ਉਸ ਦੀਆਂ ਇਹ ਜੇਤੂ ਖ਼ਬਰਾਂ ਹਾਂਗਕਾਂਗ ਪਹੁੰਚੀਆਂ ਤਾਂ ਇੱਕ ਮਹੀਨੇ ਬਾਅਦ ਭਾਗ ਸਿੰਘ ਤੇ ਬਲਵੰਤ ਸਿੰਘ ਆਪਣੇ ਪਰਿਵਾਰਾਂ ਸਮੇਤ 'ਐਸ.ਐਸ.ਮੌਂਟਈਗਲ' ਰਾਹੀਂ ਵੈਨਕੂਵਰ ਪਹੁੰਚ ਗਏ। ਪਰ ਪ੍ਰਫ਼ੈਸਰ ਤੇਜਾ ਸਿੰਘ ਲੋੜ ਤੋਂ ਵੱਧ ਆਸ਼ਾਵਾਦੀ ਸੀ। ਕਨੇਡੀਅਨ ਸਰਕਾਰ ਨੇ ਕੋਈ ਹਕੀਕੀ ਰਿਆਇਤ ਨਹੀਂ ਦਿੱਤੀ ਸੀ।

ਕਨੇਡੀਅਨ ਸ਼ਹਿਰੀ ਹੋਣ ਕਾਰਨ ਭਾਗ ਸਿੰਘ ਤੇ ਬਲਵੰਤ ਸਿੰਘ ਨੂੰ ਵੈਨਕੂਵਰ ਵਿਚ ਦਾਖਲ ਹੋਣ ਦੀ ਆਗਿਆ ਦੇ ਦਿੱਤੀ ਗਈ। ਪਰ ਉਹਨਾਂ ਦੀਆਂ ਪਤਨੀਆਂ ਤੇ ਤਿੰਨ ਛੋਟੇ ਬੱਚਿਆਂ ਨੂੰ ਕਨੇਡੀਅਨ ਇਮੀਗਰੇਸ਼ਨ ਅਧਿਕਾਰੀਆਂ ਨੇ ਹਿਰਾਸਤ ਵਿਚ ਲੈ ਲਿਆ। 'ਲਗਾਤਾਰ ਯਾਤਰਾ' ਕਰਕੇ ਨਾ ਆਉਣ ਦੇ ਆਧਾਰ 'ਤੇ ਇਮੀਗਰੇਸ਼ਨ ਏਜੰਟਾਂ ਨੇ ਉਨ੍ਹਾਂ ਨੂੰ ਵਾਪਸ ਭੇਜਣ ਦਾ ਆਦੇਸ਼ ਜਾਰੀ ਕਰ ਦਿੱਤਾ। ਅਤੇ ਗ੍ਰਹਿ ਮੰਤਰੀ ਨੂੰ ਦਿੱਤੀ ਅਰਜ਼ੀ ਦਾ ਫ਼ੈਸਲਾ ਹੋਣ ਤੱਕ ਉਨ੍ਹਾਂ ਨੂੰ 2000 ਡਾਲਰ ਦੀ ਜ਼ਮਾਨਤ 'ਤੇ ਰਿਹਾ ਕਰ ਦਿੱਤਾ। ਇਹ ਗੱਲ ਸਭ ਨੂੰ ਪ੍ਰਤੱਖ ਹੋ ਗਈ ਕਿ ਪ੍ਰੋਫ਼ੈਸਰ ਤੇਜਾ ਸਿੰਘ ਕੁਝ ਵੀ ਹਾਸਲ ਨਹੀਂ ਸੀ ਕਰ ਸਕਿਆ। ਭਾਵੇਂ ਕਿ ਉਨ੍ਹਾਂ ਦੀ ਓਟਾਵਾ ਫੇਰੀ ਸਿੱਖ ਭਾਈਚਾਰੇ ਨੂੰ 1500 ਡਾਲਰ ਵਿਚ ਪਈ ਸੀ। ਇਸ ਗੱਲ ਦੀ ਸਿੱਖ ਭਾਈਚਾਰੇ ਵਿਚ ਬਹੁਤ ਤਿੱਖੀ ਆਲੋਚਨਾ ਹੋਈ ਦੂਸਰੇ ਇਮੀਗਰੇਂਟ ਵੀ ਆਪਣੀਆਂ ਪਤਨੀਆਂ ਨੂੰ ਲਿਆਉਣਾ ਚਾਹੁੰਦੇ ਸਨ, ਪਰ ਉਹ ਨਿਰਾਸ਼ ਹੋ ਗਏ। ਕਿਉਂਕਿ ਇਸ ਘਟਨਾ ਤੋਂ ਇਉਂ ਪ੍ਰਤੀਤ ਹੋਇਆ ਕਿ ਉਹ ਅਜੇ ਅਜਿਹਾ ਨਹੀਂ ਕਰ ਸਕਦੇ ਸਨ। ਸਾਰੇ ਸਿੱਖ ਇਮੀਗਰੇਂਟ ਬਹੁਤ ਗੁੱਸੇ ਵਿਚ ਸਨ ਕਿਉਂਕਿ ਕਨੇਡੀਅਨ ਸਰਕਾਰ ਉਨ੍ਹਾਂ ਦੀ ਬਰਾਦਰੀ ਦੇ ਦੋ ਨੇਤਾਵਾਂ ਦੇ ਪਰਿਵਾਰਾਂ ਨੂੰ ਤੋੜ ਰਹੀ ਸੀ। ਜਿੰਨਾਂ ਚਿਰ ਉਨ੍ਹਾਂ ਪਰਿਵਾਰਾਂ ਨੂੰ ਖਤਰਾ ਰਿਹਾ, ਸਿੱਖ ਗੁੱਸੇ ਵਿਚ ਰਹੇ।

ਇਸ ਮਸਲੇ ਕਾਰਨ ਬ੍ਰਿਟਿਸ਼ ਕੋਲੰਬੀਆ ਵਿਚ ਆਮ ਵਿਰੋਧ ਖੜ੍ਹਾ ਹੋ ਗਿਆ।

ਦੀਆਂ ਪਤਨੀਆਂ ਤੇ ਬੱਚਿਆਂ ਦੇ ਦਾਖਲੇ ਲਈ ਆਮ ਰਿਆਇਤ ਹਾਸਲ ਕਰਨ ਬਾਰੇ ਕੀਤੀ ਗਈ ਅਸਫਲ ਓਟਾਵਾ ਯਾਤਰਾ ਦੌਰਾਨ, ਉਨ੍ਹਾਂ ਦਾ ਸਾਥ ਦਿੱਤਾ ਸੀ। ਸੰਨ 1913 ਵਿਚ ਅਮਰੀਕਨ ਇਮੀਗਰੇਸ਼ਨ ਅਧਿਕਾਰੀਆਂ ਵਲੋਂ ਸੀਏਟਲ ਵਿਚ ਬੰਦੀ ਬਣਾਏ ਗਏ 195 ਪੰਜਾਬੀਆਂ ਦੀ ਰਿਹਾਈ ਲਈ ਮਿਸਟਰ ਹਾਲ ਨੇ ਖੁਦ ਯਾਚਨਾ ਕੀਤੀ ਸੀ। ਉਹ ਗੋਰਿਆਂ ਦੇ ਉਸ ਛੋਟੇ ਜਿਹੇ ਸਮੂਹ 'ਚੋਂ ਇੱਕ ਸੀ, ਜਿਨ੍ਹਾਂ ਉੱਪਰ ਡਾਕਟਰ ਸੁੰਦਰ ਸਿੰਘ, ਭਾਰਤੀ ਇਮੀਗਰੇਂਟ ਬਰਾਦਰੀ ਬਾਰੇ ਕੋਈ ਵੀ ਗੱਲ ਕਰਨ ਲਈ ਭਰੋਸਾ ਕਰ ਸਕਦਾ ਸੀ। ਡਾਕਟਰ ਸੁੰਦਰ ਸਿੰਘ ਨੇ ਟੋਰਾਂਟੋ ਵਿਚ ਵੀ ਕੁਝ ਪ੍ਰਮੁੱਖ ਨਾਗਰਿਕਾਂ ਦਾ ਇੱਕ ਸਮੂਹ ਬਣਾ ਰੱਖਿਆ ਸੀ, ਜੋ ਸਿੱਖਾਂ ਦਾ ਮਸਲਾ ਉਭਾਰਦਾ ਰਹਿੰਦਾ ਸੀ। ਪਰ ਸਿੱਖਾਂ ਅਤੇ ਦੂਸਰੇ ਭਾਰਤੀਆਂ ਦਾ ਇੱਕ ਬਹੁਤ ਛੋਟਾ ਹਿੱਸਾ ਹੀ ਉਸ ਦੇ ਪ੍ਰਭਾਵ ਵਿਚ ਸੀ। ਕਨੇਡੀਅਨ ਅਧਿਕਾਰੀ ਉਸ ਨੂੰ ਸਵੈ-ਹਿੱਤਾਂ ਤੋਂ ਪ੍ਰੇਰਤ ਸਮਝਦੇ ਸਨ, ਅਤੇ ਉਸ ਵੱਲ ਉਨ੍ਹੀ ਤਵੱਜੋ ਨਹੀਂ ਦਿੰਦੇ ਸਨ, ਜਿੰਨੀ ਦਾ ਸ਼ਾਇਦ ਉਹ ਹੱਕਦਾਰ ਸੀ। ਡਾਕਟਰ ਸੁੰਦਰ ਸਿੰਘ ਬਾਰੇ ਸਾਡੀ ਜ਼ਿਆਦਾਤਰ ਜਾਣਕਾਰੀ ਦਾ ਆਧਾਰ ਉਸ ਸਮੇਂ ਦੀਆਂ ਸਰਕਾਰੀ ਫਾਇਲਾਂ ਹਨ, ਜਿੰਨਾਂ ਦਾ ਕਾਫ਼ੀ ਵੱਡਾ ਭੰਡਾਰ ਮੌਜੂਦ ਹੈ। ਕਿਉਂਕਿ ਪ੍ਰਸ਼ਾਂਤ ਮਹਾਂਸਾਗਰ ਦੇ ਕਿਨਾਰੇ ਰਹਿੰਦੇ ਭਾਰਤੀ ਭਾਈਚਾਰੇ ਦੀ ਸਮੁੱਚੀ ਲੀਡਰਸ਼ਿਪ ਉੱਪਰ ਵੈਨਕੂਵਰ ਦਾ ਇਮੀਗਰੇਸ਼ਨ ਵਿਭਾਗ ਕਰੜੀ ਨਜ਼ਰ ਰੱਖਦਾ ਸੀ। ਤਾਰਕਨਾਥ ਦਾਸ ਤੋਂ ਸ਼ੁਰੂ ਹੋ ਕੇ, ਥੋੜੀ-ਬਹੁਤੀ ਸਮਾਜਿਕ ਪਹਿਚਾਣ ਰੱਖਣ ਵਾਲੇ ਹਰ ਵਿਅਕਤੀ ਨੂੰ ਹਾਜ਼ਰੀ ਲਵਾਉਣੀ ਪੈਂਦੀ ਸੀ। ਮਾੜ੍ਹੇ-ਮੋਟੇ ਫ਼ਰਕ ਨਾਲ, ਹਰ ਇੱਕ ਉੱਪਰ ਇਹ ਸ਼ੱਕ ਕੀਤਾ ਜਾਂਦਾ ਸੀ। ਕਿ ਉਹ ਬਰਤਾਨਵੀ ਹਿੱਤਾਂ ਲਈ ਖਤਰਨਾਕ ਅਤੇ ਦੁਸ਼ਮਣੀ ਵਾਲਾ ਰਵਈਆ ਰੱਖਦਾ ਸੀ। ਇੱਕ ਵਿਲੱਖਣ ਸਥਿਤੀ ਵਾਲਾ ਵਿਅਕਤੀ, ਇਸ ਜਸੂਸੀ ਲਈ ਪ੍ਰਮੁੱਖ ਤੌਰ 'ਤੇ ਜ਼ਿੰਮੇਵਾਰ ਸੀ। ਇਹ ਸੀ, ਵੈਨਕੂਵਰ ਵਿਚ ਸਥਿਤ ਇੱਕ ਐਂਗਲੋ-ਇੰਡੀਅਨ ਇਮੀਗਰੇਸ਼ਨ ਇੰਸਪੈਕਟਰ ਮਿਸਟਰ ਵਿਲੀਅਮ ਚਾਰਲਸ ਹਾੱਪਕਿਨਸਨ। ਥੋੜ੍ਹੇ ਸਮੇਂ 'ਚ ਹੀ ਵੈਨਕੂਵਰ ਰਹਿੰਦੇ ਭਾਰਤੀਆਂ ਨੇ ਘਟਨਾਵਾਂ ਦੀ ਛਾਣਬੀਣ ਕਰਕੇ ਇਹ ਮਹਿਸੂਸ ਕਰ ਲਿਆ ਕਿ ਹਾੱਪਕਿਨਸਨ ਜੋ ਜਾਣਕਾਰੀ ਇੱਕੱਤਰ ਕਰ ਰਿਹਾ ਸੀ, ਉਹ ਭਾਰਤ ਵਿਚ ਪੁਲਿਸ ਫਾਇਲਾਂ ਵਿਚ ਸਾਂਭੀ ਜਾ ਰਹੀ ਸੀ। ਜਦ ਉਨ੍ਹਾਂ ਨੂੰ ਪਤਾ ਚੱਲਿਆ ਕਿ ਉਹ ਕਲਕੱਤਾ ਵਿਚ ਇੱਕ ਪੁਲਿਸ ਅਫ਼ਸਰ ਸੀ। ਤਾਂ ਇਹ ਧਾਰਨਾ ਬਣਾ ਲਈ ਕਿ ਭਾਰਤ ਸਰਕਾਰ ਨੇ ਹੀ ਉਸ ਨੂੰ ਕਨੇਡਾ ਭੇਜਿਆ ਸੀ। ਪਰ ਉਸ ਦੀ ਕਹਾਣੀ ਇੰਨੀ ਸਧਾਰਨ ਨਹੀਂ ਸੀ। ਉਸ ਦੇ ਕਨੇਡਾ ਆਉਣ ਦੇ ਆਪਣੇ ਵਿਅਕਤੀਗਤ ਤੇ ਵੱਖਰੇ ਕਾਰਨ ਸਨ। ਜਦ ਉਸ ਨੂੰ ਕਨੇਡਾ ਦੀ ਇਮੀਗਰੇਸ਼ਨ ਸਰਵਿਸ ਵਿਚ ਜਸੂਸੀ ਕਰਨ ਦੀ ਨੌਕਰੀ ਮਿਲੀ ਤਾਂ ਇਹ ਠੀਕ ਮੌਕੇ 'ਤੇ ਕੀਤੀਆਂ ਗਈਆਂ ਉਸਦੀਆਂ ਆਪਣੀਆਂ ਕੋਸ਼ਿਸ਼ਾਂ ਦਾ ਸਿੱਟਾ ਸੀ ਅਤੇ ਭਾਰਤੀ ਸਰਕਾਰ ਦਾ ਇਸ ਨਾਲ ਕੋਈ ਸਬੰਧ ਨਹੀਂ ਸੀ।

ਗਿਆ ਸੀ। ਉਹ ਹੈਲੀਫੈਕਸ ਬੰਦਰਗਾਹ ਰਾਹੀਂ ਕਨੇਡਾ ਵਿਚ ਦਾਖਲ ਹੋਏ ਜਿੱਥੇ ਇਮੀਗਰੇਸ਼ਨ ਅਧਿਕਾਰੀ ਘੱਟ ਚੌਕੰਨੇ ਸਨ ਅਤੇ ਉਥੋਂ ਉਹ ਸਿੱਧੇ ਵੈਨਕੂਵਰ ਚਲੇ ਗਏ। ਵੈਨਕੂਵਰ ਇਮੀਗਰੇਸ਼ਨ ਏਜੰਟ ਨੂੰ ਉਸ ਦੇ ਸ਼ਹਿਰ ਵਿਚ ਦਾਖਲ ਹੋਣ ਤੋਂ ਛੇ ਮਹੀਨੇ ਬਾਅਦ ਪਤਾ ਚੱਲਿਆ। ਉਸ ਵਕਤ ਵੀ ਉਸ ਨੂੰ ਦੇਸ਼ 'ਚੋਂ ਕੱਢਿਆ ਜਾ ਸਕਦਾ ਸੀ। ਪਰ ਇਮੀਗਰੇਸ਼ਨ ਵਿਭਾਗ ਨੇ, ਕੋਈ ਵੀ ਐਕਸ਼ਨ ਲੈਣ ਵਿਚ ਥੋੜ੍ਹੀ ਝਿਜਕ ਦਿਖਾਈ ਅਤੇ ਕੇਸ ਅੱਗੇ ਨਾ ਵਧਾਉਣ ਦਾ ਫ਼ੈਸਲਾ ਲਿਆ। ਉਹ ਵੈਨਕੂਵਰ ਵਿਚ ਹੀ ਟਿਕਿਆ ਰਿਹਾ। ਪਰ ਕਮਾਈ ਇੱਕ ਪੇਸ਼ੇਵਰ ਡਾਕਟਰ ਦੇ ਤੌਰ 'ਤੇ ਨਹੀਂ ਸਗੋਂ ਆਪਣੇ ਦੂਸਰੇ ਕਈ ਦੇਸ਼ਵਾਸੀਆਂ ਵਾਂਗ, ਜਾਇਦਾਦ ਦਾ ਕਾਰੋਬਾਰ ਕਰਕੇ ਕੀਤੀ। ਡਾਕਟਰ ਸੁੰਦਰ ਸਿੰਘ ਕਨੇਡੀਅਨ ਗੋਰਿਆਂ ਨੂੰ ਦੋਸਤ ਬਣਾਉਣ ਅਤੇ ਉਨ੍ਹਾਂ ਨੂੰ ਸਿੱਖ ਭਾਈਚਾਰੇ ਦੇ ਵਕੀਲ ਨਿਯੁਕਤ ਕਰਨ ਵਿਚ ਅਸਾਧਾਰਨ ਤੌਰ 'ਤੇ ਕਾਮਯਾਬ ਰਿਹਾ। ਭਾਰਤੀ ਇਮੀਗਰੇਂਟ ਭਾਈਚਾਰੇ ਦੇ ਸਿੱਖ, ਹਿੰਦੂ ਤੇ ਮੁਸਲਿਮ ਸਮਰਥਕਾਂ ਦੀ ਸਹਾਇਤਾ ਨਾਲ ਉਸ ਨੇ 'ਦ ਆਰੀਅਨ' (The Aryan) ਨਾਮ ਦਾ ਅੰਗਰੇਜ਼ੀ ਜ਼ੁਬਾਨ ਦਾ ਅਖ਼ਬਾਰ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ ਜੋ ਸੰਨ 1911 ਤੇ 1912 ਵਿਚ ਹਰ ਮਹੀਨੇ ਪ੍ਰਕਾਸ਼ਿਤ ਹੁੰਦਾ ਰਿਹਾ ਇਸ ਵਿਚ ਉਹ ਕਨੇਡਾ ਵਿਚਲੇ ਭਾਰਤੀ ਇਮੀਗਰੇਂਟਾਂ ਦੇ ਮੁਕੱਦਮਿਆਂ ਦੀ ਤਫ਼ਸੀਲ, ਆਪਣੇ ਅੰਗਰੇਜ਼ੀ ਪਾਠਕਾਂ ਨੂੰ ਧਿਆਨ ਵਿਚ ਰੱਖ ਕੇ ਛਾਪਦਾ ਸੀ। ਆਪਣੇ ਪੰਜਾਬੀ ਦੋਸਤਾਂ ਲਈ ਉਸਨੇ 'ਸੰਸਾਰ' ਨਾਂ ਦੇ ਇੱਕ ਐਲਾਨੀਆ ਧਰਮ-ਨਿਰਪੱਖ ਪੰਜਾਬੀ ਪਰਚੇ ਦਾ ਪ੍ਰਕਾਸ਼ਨ ਸ਼ੁਰੂ ਕੀਤਾ, ਜਿਸ ਦਾ ਵਿਸ਼ਾ-ਵਸਤੂ 'ਦ ਆਰੀਅਨ' ਵਰਗਾ ਹੀ ਹੁੰਦਾ ਸੀ। ਡਾਕਟਰ ਸੁੰਦਰ ਸਿੰਘ ਤੇ ਉਸਦੇ ਦੋਸਤਾਂ ਨੇ ਰਹੀਮ ਦੀ ਜਥੇਬੰਦੀ 'ਯੂਨਾਇਟਡ ਇੰਡੀਆ ਲੀਗ' ਦੀ ਅਣਚਾਹੀ ਸ਼ਰੀਕ, ਇੱਕ ਆਪਣੀ ਨਸਲੀ ਜਥੇਬੰਦੀ 'ਯੂਨਾਇਟਡ ਇੰਡੀਆ ਐਸੋਸੀਏਸ਼ਨ' ਬਣਾ ਲਈ ਸੀ। ਇਸ ਤੋਂ ਇਲਾਵਾ ਡਾਕਟਰ ਸੁੰਦਰ ਸਿੰਘ ਨੇ 'ਹਿੰਦੂ ਫਰੈਂਡ ਸੁਸਾਇਟੀ ਆਫ਼ ਵਿਕਟੋਰੀਆ' ਨਾਂ ਦੀ ਸੰਸਥਾ ਰਾਹੀਂ ਆਪਣੇ ਗੋਰੇ ਹਮਦਰਦਾਂ ਦਾ ਇੱਕ ਛੋਟਾ ਸਮੂਹ ਵੀ ਬਣਾ ਰੱਖਿਆ ਸੀ।

ਇੱਕ ਬਹੁਤ ਸਤਿਕਾਰਿਤ ਆਇਰਸ਼ ਅਮਰੀਕੀ ਮਿਸ਼ਨਰੀ ਮਿਸਟਰ ਲੂਇਸ ਵਾਲਸ਼ ਹਾਲ (Louis Walsh Hall), ਡਾਕਟਰ ਸੁੰਦਰ ਸਿੰਘ ਦੇ ਸਭ ਤੋਂ ਕਰੀਬੀ ਦੋਸਤਾਂ 'ਚੋਂ ਇੱਕ ਸੀ। ਮਿਸਟਰ ਹਾਲ ਨੇ ਬਹੁਤ ਲੰਮਾ ਸਮਾਂ ਚੀਨੀ ਇਮੀਗਰੇਂਟਾਂ ਨਾਲ ਕੰਮ ਕੀਤਾ ਸੀ, ਪਹਿਲਾਂ ਅਮਰੀਕਾ ਵਿਚ ਅਤੇ ਫੇਰ ਬ੍ਰਿਟਿਸ਼ ਕੋਲੰਬੀਆ ਦੇ ਕੰਬਰਲੈਂਡ (Cumberland) ਤੇ ਵਿਕਟੋਰੀਆ ਇਲਾਕਿਆਂ ਦੇ ਖਦਾਨ (Mining) ਭਾਈਚਾਰਿਆਂ ਵਿਚ ਵਾਲਸ਼ ਹਾਲ ਸਿੱਖੀ ਅਸੂਲਾਂ ਦਾ ਪ੍ਰਸੰਸਕ ਬਣ ਗਿਆ ਸੀ। ਭਾਵੇਂ ਕਿ ਉਸ ਨੇ ਧਰਮ ਪਰਵਰਤਨ ਨਹੀਂ ਕੀਤਾ ਸੀ। ਜਿਵੇਂ ਕਿ ਉਸ ਦੇ ਗੋਰੇ ਆਲੋਚਕ ਬੜੀ ਦ੍ਰਿੜ੍ਹਤਾ ਨਾਲ ਇਹ ਦਾਅਵਾ ਕਰਦੇ ਸਨ। ਮਿਸਟਰ ਹਾਲ ਨੇ 1911 ਵਿਚ ਪ੍ਰੋਫੈਸਰ ਤੇਜਾ ਸਿੰਘ ਤੇ ਡਾਕਟਰ ਸੁੰਦਰ ਸਿੰਘ ਵਲੋਂ ਭਾਰਤੀ ਇਮੀਗਰੇਂਟਾਂ

ਰਹਿੰਦੇ ਬਹੁ-ਗਿਣਤੀ ਗੋਰਿਆਂ ਲਈ ਉਹ ਹੀਰੋ ਸੀ ਅਤੇ ਦੂਸਰੇ ਪਾਸੇ ਬਹੁਤੇ ਪੰਜਾਬੀਆਂ ਤੇ ਦੂਸਰੇ ਭਾਰਤੀਆਂ ਲਈ ਖਲਨਾਇਕ। ਸਮੇਂ ਦੇ ਬੀਤਣ ਨਾਲ ਖਲਨਾਇਕ ਵਾਲਾ ਰੋਲ ਹੀ ਜ਼ਿਆਦਾ ਪ੍ਰਚਲਿਤ ਹੋਇਆ। ਪਰ ਉਸ ਦੇ ਅਤੀਤ ਦੀ ਥੋੜ੍ਹੀ ਪੁਣ ਛਾਣ ਕਰਨ ਨਾਲ ਉਸ ਦੇ ਗੁੰਝਲਦਾਰ ਪਿਛੋਕੜ ਦਾ ਪਤਾ ਚਲਦਾ ਹੈ। ਉਸ ਦੀ ਅੰਗਰੇਜ਼ ਪਤਨੀ ਨੈਲੀ ਇੱਕ ਆਧੁਨਿਕ, ਨੌਜਵਾਨ ਅਤੇ ਇੱਕਲੀ-ਔਰਤ ਵਜੋਂ ਕਨੇਡਾ ਆਈ ਸੀ। ਜਿਸ ਨੇ ਸਟੈਨੋਗ੍ਰਾਫਰ ਦੀ ਸਿੱਖਿਆ ਹਾਸਲ ਕੀਤੀ ਹੋਈ ਸੀ। ਬਾਅਦ ਵਿਚ ਉਹ ਆਪਣੇ ਦੋ ਭਰਾਵਾਂ, ਇੱਕ ਭੈਣ, ਵਿਧਵਾ ਮਾਂ ਅਤੇ ਪਰਿਵਾਰ ਦੀਆਂ ਦੋ ਨੌਕਰਾਣੀਆਂ ਨੂੰ ਵੀ ਲੈ ਆਈ। ਇਹ ਸਾਰੇ ਲੋਕ ਸ਼ਹਿਰ ਦੇ ਵਿਕ੍ਰਸਤ ਹੋ ਰਹੇ ਇਲਾਕੇ ਗਰੈਂਡਵਿਉ (Grandview) ਦੇ ਇੱਕ ਨਵੇਂ ਬਣੇ, ਵੱਡੇ ਆਕਾਰ ਦੇ ਮੱਧ-ਵਰਗੀ ਮਕਾਨ ਵਿਚ ਹਾੱਪਕਿਨਸਨ ਦੇ ਨਾਲ ਹੀ ਰਹਿੰਦੇ ਸਨ। 1914 ਵਿਚ ਹੋਈ ਉਸ ਦੀ ਡਰਾਮਾਈ ਮੌਤ ਤੋਂ ਬਾਅਦ ਸਾਹਮਣੇ ਆਈਆਂ ਮੌਤ-ਵੇਰਵੇ ਪੱਟੀਆਂ ਤੋਂ ਲਾਏ ਅੰਦਾਜ਼ਿਆਂ ਮੁਤਾਬਕ, ਉਸ ਨੇ ਆਪਣੀ ਪਤਨੀ ਨੈਲੀ ਨੂੰ ਭਾਰਤ ਵਿਚਲੇ ਆਪਣੇ ਪਰਿਵਾਰ ਬਾਰੇ ਕੁਝ ਖ਼ਾਸ ਨਹੀਂ ਦੱਸਿਆ ਸੀ ਜਾਂ ਫਿਰ ਜੇਕਰ ਨੈਲੀ ਨੂੰ ਕੋਈ ਜਾਣਕਾਰੀ ਸੀ, ਤਾਂ ਉਸਨੇ ਜਾਣਬੁਝ ਕੇ ਕੁਝ ਦੱਸਿਆ ਨਹੀਂ।

ਉਸਦੀ ਮੌਤ-ਵੇਰਵਾ ਪੱਟੀ ਵਿਚੋਂ, ਉਸ ਦੀ ਕੱਲਕੱਤਾ ਪੁਲਿਸ ਵਿਚ ਸਬ-ਇੰਸਪੈਕਟਰ ਹੋਣ ਸਮੇਂ, ਭਾਰਤ ਚ ਹੋਈ ਪਹਿਲੀ ਸ਼ਾਦੀ ਦਾ ਹਵਾਲਾ ਗਾਇਬ ਸੀ। ਉਸ ਦੀ ਪਹਿਲੀ ਪਤਨੀ ਲੀਲਾ ਮੇਅ ਕਾਰਲਟਨ (Lilla May Carleton) ਜੋ ਉਸ ਵਾਂਗ ਹੀ ਐਂਗਲੋ-ਇੰਡੀਅਨ ਸੀ, ਉਨ੍ਹਾਂ ਦੀ ਸ਼ਾਦੀ ਹੋਣ ਤੋਂ ਦੋ-ਤਿੰਨ ਸਾਲ ਬਾਅਦ 1906 ਵਿਚ ਮਰ ਗਈ। ਹਾੱਪਕਿਨਸਨ ਨੇ ਕਨੇਡਾ ਆਉਣ ਦਾ ਫ਼ੈਸਲਾ ਉਸ ਦੀ ਮੌਤ ਤੋਂ ਥੋੜ੍ਹੀ ਦੇਰ ਬਾਅਦ ਕੀਤਾ। ਭਾਵੇਂ ਕਿ ਨੌਜਵਾਨ ਪਤਨੀ ਦੀ ਮੌਤ ਦਾ ਜ਼ਿੰਦਗੀ-ਤਬਦੀਲ ਕਰਨ ਵਾਲ਼ਾ ਦੁਖਾਂਤ ਉਸ ਨੂੰ ਉਕਸਾਉਣ ਦੀ ਵਜ੍ਹਾ ਜਾਪਦਾ ਹੈ। ਪਰ ਚੰਗੀ ਜ਼ਿੰਦਗੀ ਜਿਊਣ ਦੀ ਲਾਲਸਾ ਨੂੰ ਵੀ ਇੱਕ ਕਾਰਨ ਵਜੋਂ ਲਿਆ ਜਾਣਾ ਚਾਹੀਦਾ ਹੈ। ਉਹ ਬਹੁਤ ਕਾਬਲ, ਸ਼ਾਤ-ਸੁਭਾਅ, ਸੰਪੂਰਨ, ਸਵੈ-ਪ੍ਰੇਰਿਤ ਅਤੇ ਖ਼ਾਮੋਸ਼ ਵਿਅਕਤੀ ਸੀ। ਜੋ ਆਪਣੇ ਸੀਨੀਅਰ ਅਧਿਕਾਰੀਆਂ 'ਤੇ ਚੰਗਾ ਪ੍ਰਭਾਵ ਪਾਉਂਦਾ ਸੀ। ਐਂਗਲੋ-ਇੰਡੀਅਨਾਂ ਦੀ ਮਿਸ਼ਰਿਤ ਨਸਲ 'ਚੋਂ ਹੋਣ ਕਾਰਨ ਉਸ ਨੂੰ ਇੰਡੀਅਨ ਸਿਵਲ ਸਰਵਿਸ ਵਿਚ ਆਪਣੀ ਤਰੱਕੀ ਲਈ ਲੱਗੀ ਰੋਕ ਦਾ ਮੁਕਾਬਲਾ ਕਰਨਾ ਪਿਆ ਸੀ। ਪੁਲਿਸ ਦੇ ਸਬ-ਇੰਸਪੈਕਟਰ ਵਜੋਂ ਉਹ ਪਹਿਲਾਂ ਹੀ ਰੋਕ ਵਾਲੀ ਇਸ ਸੀਮਾ ਦੇ ਕਰੀਬ ਸੀ ਅਤੇ ਕਨੇਡਾ ਉਸ ਨੂੰ ਤਰੱਕੀ ਕਰਨ ਦੇ ਬਹੁਤ ਵਧੀਆ ਮੌਕੇ ਪੇਸ਼ ਕਰ ਰਿਹਾ ਜਾਪਦਾ ਸੀ।

ਹਾੱਪਕਿਨਸਨ ਬਿਨਾਂ ਕਿਸੇ ਸਰਕਾਰੀ ਪਹਿਚਾਣ ਦੇ, ਬਿਲਕੁਲ ਇੱਕ ਨਿੱਜੀ ਹੈਸੀਅਤ ਵਿਚ ਕਨੇਡਾ ਆਇਆ ਸੀ। ਰਿਕਾਰਡਾਂ ਦੀ ਫੋਲਾ-ਫਾਲੀ ਤੋਂ ਇਹੀ ਪ੍ਰਤੀਤ ਹੁੰਦਾ ਹੈ। ਭਾਵੇਂ ਕਿ ਉਸ ਵਕਤ ਕਨੇਡਾ ਵਿਚਲੇ ਸਿੱਖਾਂ ਨੂੰ ਯਕੀਨ

ਹਾੱਪਕਿਨਸਨ ਦਾ ਖਾਨਦਾਨ ਮਿਸ਼ਰਤ ਸੀ ਅਤੇ ਉਸਦਾ ਨਸਲੀ ਪਿਛੋਕੜ, ਉਸਦੇ ਅਤੀਤ ਦਾ ਨਾ-ਛੁਪਾਉਣਯੋਗ ਤੱਥ ਸੀ। ਜਦ ਉਸ ਨੇ ਕਨੇਡਾ ਵਿਚ ਆਪਣੀ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕੀਤੀ ਤਾਂ ਦਾਅਵਾ ਕੀਤਾ ਕਿ ਉਹ ਇੱਕ ਅੰਗਰੇਜ਼ ਸੀ ਤੇ ਇੰਗਲੈਂਡ ਵਿਚ ਜਨਮਿਆ ਸੀ। ਪਰ ਵੈਨਕੂਵਰ ਵਿਚ ਉਸਦੇ ਇਮੀਗਰੇਸ਼ਨ ਵਿਭਾਗ ਦੇ ਸਹਿ-ਕਰਮੀਆਂ ਨੇ ਉਸ ਦੇ ਸਾਂਵਲੇ ਰੰਗ, ਬੋਲੀ ਦੇ ਲਹਿਜ਼ੇ ਅਤੇ ਚਾਲ-ਢਾਲ ਨੂੰ ਦੇਖ ਕੇ ਅੰਦਾਜ਼ਾ ਲਗਾਇਆ ਕਿ ਉਹ ਅੰਸ਼ਕ ਤੌਰ 'ਤੇ ਭਾਰਤੀ ਸੀ ਅਤੇ ਸਬੂਤ ਵੀ ਇਹੀ ਇਸ਼ਾਰਾ ਕਰਦੇ ਸਨ। ਉਸ ਦੇ ਨਾਮਕਰਨ ਸਬੰਧੀ ਦਸਤਾਵੇਜ਼ਾਂ ਅਨੁਸਾਰ ਉਸਦਾ ਜਨਮ ਉੱਤਰੀ ਭਾਰਤ ਦੇ ਸ਼ਹਿਰ ਅਲਾਹਾਬਾਦ ਵਿਚ ਹੋਇਆ ਸੀ, ਅਤੇ ਉਹ ਉਥੇ ਹੀ ਪਲ ਕੇ ਜਵਾਨ ਹੋਇਆ। ਇਹ ਸ਼ਹਿਰ ਹਿੰਦੀ ਬੋਲਣ ਵਾਲੇ ਇਲਾਕੇ ਵਿਚ ਪੈਂਦਾ ਸੀ। (ਹਿੰਦੀ ਭਾਰਤ ਦੀਆਂ ਕਈ ਸਥਾਨਕ ਬੋਲੀਆਂ 'ਚੋਂ ਇੱਕ ਹੈ), ਅਤੇ ਹਾੱਪਕਿਨਸਨ ਨੇ ਜਵਾਨ ਹੋਣ ਤੱਕ ਹਿੰਦੀ ਤੇ ਅੰਗਰੇਜ਼ੀ ਵਿਚ ਪੂਰੀ ਮਹਾਰਤ ਹਾਸਲ ਕਰ ਲਈ ਸੀ। ਪਰ ਅਜੀਬ ਹੈ ਕਿ ਪੰਜਾਬ ਵਿਚ ਪੁਲਿਸ ਵਿਚ ਨੌਕਰੀ ਕਰਨ ਦੇ ਬਾਵਜੂਦ, ਉਸਨੂੰ ਪੰਜਾਬੀ ਚੰਗੀ ਤਰ੍ਹਾਂ ਨਹੀਂ ਆਉਂਦੀ ਸੀ। ਉਸਨੇ ਪੰਜਾਬੀ ਬੋਲੀ ਕੁਝ ਹੱਦ ਤੱਕ ਸਿੱਖ ਲਈ ਸੀ। ਪਰ ਇੱਕ ਜਮ੍ਹਾਂਦਰੂ ਪੰਜਾਬੀ ਵਿਅਕਤੀ ਦੀ ਤਰ੍ਹਾਂ ਨਹੀਂ ਬੋਲ ਸਕਦਾ ਸੀ। ਚਾਰ ਸਾਲ ਕੱਲਕੱਤੇ ਨੌਕਰੀ ਕਰਨ ਤੋਂ ਬਾਅਦ ਹਾੱਪਕਿਨਸਨ ਕਨੇਡਾ ਚਲਾ ਆਇਆ ਅਤੇ ਵੈਨਕੂਵਰ ਰਹਿਣ ਲੱਗ ਪਿਆ। ਇਹ ਸੰਨ 1907 ਦਾ ਸਾਲ ਸੀ। (ਇਹ ਜਾਣਕਾਰੀ ਕਨੇਡਾ ਦੇ ਮਰਦਮਸ਼ੁਮਾਰੀ ਦੇ ਖਰੜਿਆਂ ਉੱਪਰ ਆਧਾਰਿਤ ਹੈ) ਯਾਨੀ ਕਨੇਡਾ ਸਰਕਾਰ ਵਲੋਂ ਭਾਰਤੀ ਇਮੀਗਰੇਸ਼ਨ ਬੰਦੇ ਕਰਨ ਤੋਂ ਇੱਕ ਸਾਲ ਪਹਿਲਾਂ ਵਾਲਾ ਸਮਾਂ ਜਦ ਉਹ ਵੀ ਇੱਕ ਹੋਰ ਭਾਰਤੀ ਇਮੀਗਰੇਂਟ ਵਜੋਂ, ਇਮੀਗਰੇਂਟਾਂ ਦੇ ਸੈਲਾਬ ਵਿਚ ਕਨੇਡਾ ਜਾ ਪਹੁੰਚਿਆ। ਸਮੇਂ ਦਾ ਵਿਅੰਗ ਵੇਖੋ, ਭਾਰਤ ਤੋਂ ਚਲ ਕੇ ਕਨੇਡਾ ਪਹੁੰਚਣ ਦੇ ਦੋ ਸਾਲ ਦੇ ਅੰਦਰ-ਅੰਦਰ, ਉਸਨੂੰ ਭਾਰਤੀ ਇਮਗਿਰੇਸ਼ਨ ਨੂੰ ਰੋਕਣ ਵਾਲੇ ਨਿਯਮ ਲਾਗੂ ਕਰਨ ਲਈ, ਇਮੀਗਰੇਸ਼ਨ ਅਧਿਕਾਰੀ ਤੇ ਤੌਰ 'ਤੇ ਭਰਤੀ ਕਰ ਲਿਆ ਗਿਆ।

ਹਾੱਪਕਿਨਸਨ ਨੇ ਵੈਨਕੂਵਰ ਪਹੁੰਚ ਕੇ ਬਹੁਤ ਜਲਦੀ ਤਰੱਕੀ ਕੀਤੀ ਇੱਥੇ ਪਹੁੰਚਣ ਦੇ ਕੁਝ ਮਹੀਨਿਆਂ ਬਾਅਦ ਹੀ, ਉਹ ਲੰਡਨ ਦੀ ਇੱਕ ਅਮੀਰ ਬਸਤੀ ਹਾਈਗੇਟ ਵਿਚ ਰਹਿਣ ਵਾਲੇ ਇੱਕ ਬੋਲੀਕਾਰ (Auctioner) ਦੀ 24 ਸਾਲਾ ਲੜਕੀ ਨੈਲੀ ਫਰਾਇਰ (Nellie Fryer) ਦੇ ਸੰਪਰਕ ਵਿਚ ਆ ਗਿਆ। ਉਨ੍ਹਾਂ ਨੇ ਅਗਲੇ ਸਾਲ ਨਵੰਬਰ 1908 ਵਿਚ ਸ਼ਾਦੀ ਕਰ ਲਈ, ਇੱਕ ਸਾਲ ਬਾਅਦ ਉਨ੍ਹਾਂ ਦੀ ਪਹਿਲੀ ਲੜਕੀ ਪੈਦਾ ਹੋਈ ਅਤੇ ਉਸ ਤੋਂ ਚਾਰ ਸਾਲ ਬਾਅਦ ਦੂਸਰੀ। ਉਸ ਬਾਰੇ ਸਾਲਾਂ ਬੱਧੀ ਚਲਣ ਵਾਲੀਆਂ ਚਰਚਾਵਾਂ ਮੁਤਾਬਕ, ਉਸਨੂੰ ਵਿਵਾਦਗ੍ਰਸਤ, ਪਰ ਇੱਕ ਮੰਤਵੀ ਡਿਊਟੀ ਕਰਦੇ ਦਰਸਾਇਆ ਗਿਆ-ਇਕ ਪਾਸੇ ਵੈਨਕੂਵਰ

ਵਿਚਲੇ ਇਮੀਗਰੇਸ਼ਨ ਅਧਿਕਾਰੀਆਂ ਵਿਚ ਹਾੱਪਕਿਨਸਨ ਦੀ ਪਹਿਚਾਣ ਇੱਕ ਫ਼ਾਇਦੇਮੰਦ ਵਿਅਕਤੀ ਵਜੋਂ ਸੀ। ਅੱਗਲੇ ਕੁਝ ਮਹੀਨਿਆਂ ਵਿਚ, ਉਸ ਦੀ ਪਹਿਚਾਣ ਓਟਾਵਾ ਸਰਕਾਰ ਦੇ ਸਿਰਫ਼ ਹੇਠਲੀ ਪੱਧਰ ਦੀ ਨਹੀਂ, ਸਗੋਂ ਉੱਚ-ਪੱਧਰ ਦੀ ਅਫ਼ਸਰਸ਼ਾਹੀ ਵਿਚ ਵੀ ਹੋ ਗਈ ਸੀ। ਜੂਨ ਮਹੀਨੇ ਵਿਚ ਉਪ ਕ੍ਰਿਤ-ਮੰਤਰੀ ਮੈਕਨਜ਼ੀ ਕਿੰਗ (Mackenzie King) ਨੇ ਉਸ ਨਾਲ ਵੈਨਕੂਵਰ ਦੇ ਇਮੀਗਰੇਸ਼ਨ ਦਫ਼ਤਰ ਵਿਚ ਗੱਲਬਾਤ ਕੀਤੀ। ਅਕਤੂਬਰ ਮਹੀਨੇ ਗ੍ਰਿਹਿ ਮੰਤਰੀ ਦੇ ਨਿੱਜੀ ਸਕੱਤਰ ਜੇ.ਬੀ.ਹਾਰਕਿਨ(J B Harkin) ਨੇ ਹਾੱਪਕਿਨਸਨ ਨੂੰ ਅਪਨਾ ਨਿੱਜੀ ਸਕੱਤਰ ਤੇ ਦੁਭਾਸ਼ੀਆ ਨਿਯੁਕਤ ਕਰ ਲਿਆ ਤੇ ਬ੍ਰਿਟਿਸ਼ ਹਾਂਡੂਰਸ ਟਾਪੂ ਦੇ ਸ਼ਹਿਰ ਬਿਲਾਇਜ਼ (Belize) ਦੀ ਸਰਕਾਰੀ ਸਰਪਰਸਤੀ ਹੇਠ ਹੋ ਰਹੀ ਯਾਤਰਾ ਲਈ ਤਿਆਰੀ ਕਰ ਲਈ। ਇਸ ਯਾਤਰਾ ਸਮੇਂ ਉਸ ਟਾਪੂ ਦੀਆਂ ਰੁਜ਼ਗਾਰ ਸੰਭਾਵਨਾਵਾਂ ਦੇ ਅਧਿਐਨ ਲਈ ਹਾਰਕਿਨ ਵੈਨਕੂਵਰ ਤੋਂ ਆਪਣੇ ਨਾਲ ਦੋ ਪੰਜਾਬੀਆਂ ਨੂੰ ਵੀ ਲੈ ਕੇ ਗਏ ਸਨ। ਤਾਂ ਜੁ ਇਮੀਗਰੇਂਟਾ ਵਿਚ ਹਾੱਪਕਿਨਸਨ ਨੇ ਬ੍ਰਿਟਿਸ਼ ਹਾਂਡੂਰਸ ਦੇ ਗਵਰਨਰ ਈ.ਜੇ.ਸਵਾਇਨ (Col E J Swayne) ਜੋ ਭਾਰਤ ਵਿਚ ਕਈ ਸਾਲ ਰਹਿ ਕੇ ਆਇਆ ਸੀ ਅਤੇ ਉਥੇ ਕੁਝ ਸਾਲ ਜਸੂਸੀ ਵਿੰਗ ਵਿਚ ਵੀ ਕੰਮ ਕੀਤਾ ਸੀ, ਨੂੰ ਪੂਰੀ ਜਾਣਕਾਰੀ ਦਿੱਤੀ। ਸਵਾਇਨ ਸਿੱਖਾਂ ਨੂੰ ਬਿਲਾਇਜ਼ ਵਿਚ ਇਮੀਗਰੇਸ਼ਨ ਲਈ ਉਤਸ਼ਾਹਿਤ ਕਰਨ ਦੇ ਵਿਚਾਰ ਦਾ ਮੁਲੰਕਣ ਕਰਨ ਲਈ, ਵੈਨਕੂਵਰ ਆਇਆ ਸੀ। ਉਸ ਨੇ ਤੁਰੰਤ ਅੰਦਾਜ਼ਾ ਲਗਾ ਲਿਆ ਸੀ, ਕਿ ਇਹ ਵਿਚਾਰ ਵਿਵਹਾਰਕ ਨਹੀਂ ਸੀ। ਕਿਉਂਕਿ ਕਨੇਡਾ ਦੇ ਮੁਕਾਬਲੇ ਬ੍ਰਿਟਿਸ਼ ਹਾਂਡੂਰਸ ਵਿਚ ਉਜ਼ਰਤਾਂ ਬਹੁਤ ਘੱਟ ਸਨ। ਪਰ ਉਹ ਹਾੱਪਕਿਨਸਨ ਤੋਂ ਬਹੁਤ ਪ੍ਰਭਾਵਿਤ ਹੋਇਆ। ਵੈਨਕੂਵਰ ਵਿਚ ਭਾਰਤੀ ਇਮੀਗਰੇਂਟਾਂ ਦੇ ਬਗ਼ਾਵਤੀ ਤੇਵਰਾਂ ਦੀ ਖ਼ਬਰ ਨੇ ਉਸ ਨੂੰ ਡਰਾ ਦਿੱਤਾ ਸੀ। ਹਾਂਡੂਰਸ ਨੂੰ ਵਾਪਸ ਜਾਣ ਸਮੇਂ ਜਦ ਉਹ ਮੌਂਟਰੀਅਲ ਵਿਚ ਰੁਕਿਆ। ਤਦ ਸਵਾਇਨ ਨੇ ਆਪਣੇ ਵਿਚਾਰ ਕਨੇਡਾ ਦੇ ਗਵਰਨਰ ਜਨਰਲ ਨਾਲ ਸਿੱਧੇ ਤੌਰ 'ਤੇ ਸਾਂਝੇ ਕੀਤੇ

ਸੰਨ 1904 ਤੋਂ 1911 ਦਰਮਿਆਨ ਕਨੇਡਾ ਦਾ ਗਵਰਨਰ ਜਨਰਲ ਚੌਥਾ ਅਰਲ ਗਰੇ (Earl Grey) ਸੀ। ਜੋ 150-200 ਸ਼ਾਹੀ ਪਰਿਵਾਰਾਂ ਦੇ ਉਸ ਉੱਚ-ਵਰਗ ਸਮੂਹ ਦਾ ਮੈਂਬਰ ਸੀ। ਜੋ ਅਜੇ ਵੀ ਗਰੇਟ ਬ੍ਰਿਟੇਨ ਤੇ ਇਸ ਦੇ ਸਾਮਰਾਜ ਦੀ ਸਿਆਸਤ ਉੱਪਰ ਹਾਵੀ ਸਨ। ਕਨੇਡਾ ਵਿਚ ਅਰਲ ਗਰੇ ਦੀ ਪਦਵੀ ਰਸਮੀ ਸੀ। ਪਰ ਬ੍ਰਿਟਿਸ਼ ਸਰਕਾਰ ਦਾ ਸਰਕਾਰੀ ਪ੍ਰਤੀਨਿਧ ਹੋਣ ਨਾਤੇ ਇਸ ਪਦਵੀ ਦੀ ਇੱਕ ਵੱਖਰੀ ਪ੍ਰਤਿਸ਼ਠਾ ਤੇ ਅਸਰ-ਰਸੂਖ਼ ਸੀ ਆਪਣੀ ਓਟਾਵਾ ਨਿਯੁਕਤੀ ਦੌਰਾਨ ਉਹ ਬ੍ਰਿਟਿਸ਼ ਸਾਮਰਾਜ ਦੇ ਸਰੋਕਾਰ ਵਾਲੇ ਮਸਲਿਆਂ ਜਿੰਨਾਂ ਵਿਚ ਬ੍ਰਿਟਿਸ਼ ਕੋਲੰਬੀਆ ਵਿਚ ਹਾਲ ਹੀ ਵਿਚ ਪਹੁੰਚੇ ਸਿੱਖ ਇਮੀਗਰੇਂਟ ਅਤੇ ਖ਼ਾਸਕਰ ਉਨ੍ਹਾਂ ਦੀ ਸਿਆਸਤ ਸ਼ਾਮਲ ਸੀ, ਉੱਪਰ ਡੂੰਘੀ ਨਜ਼ਰ ਰੱਖਦਾ ਸੀ। ਆਪਣੇ ਬ੍ਰਿਟਿਸ਼ ਸਾਮਰਾਜੀ ਪਰਿਪੇਖ

ਸੀ, ਕਿ ਉਸਨੂੰ ਭਾਰਤ ਸਰਕਾਰ ਨੇ ਭੇਜਿਆ ਹੈ। ਇਤਫ਼ਾਕ ਵੱਸ ਜਿਸ ਸਮੇਂ ਹਾੱਪਕਿਨਸਨ ਕਨੇਡਾ ਆਉਣ ਦੀ ਤਿਆਰੀ ਕਰ ਰਿਹਾ ਸੀ, ਉਸੇ ਸਮੇਂ ਭਾਰਤੀ ਵਾਇਸਰਾਏ ਨੇ ਅਸਲ ਵਿਚ, ਕਿਸੇ ਐਸੇ ਕਾਰਜ ਲਈ ਕਨੇਡਾ ਵਿਚ ਕੋਈ ਬੰਦਾ ਭੇਜੇ ਜਾਣ ਦੇ ਵਿਚਾਰ ਨੂੰ ਰੱਦ ਕਰ ਦਿੱਤਾ ਸੀ, ਜਿਸ ਤਰ੍ਹਾਂ ਦੇ ਕਾਰਜ ਲਈ ਉਹ ਢੁੱਕਵਾਂ ਸੀ। ਓਕਾਨੰਗਲ (Okanagan) ਵਿਚ ਰਹਿੰਦੇ ਭਾਰਤ ਨਾਲ ਜੁੜੇ ਰਹੇ ਇਕ ਬਜ਼ੁਰਗ ਨੇ, ਜੋ ਸੂਬੇ ਵਿਚਲੇ ਸਿੱਖਾਂ ਦੀ ਹਾਲਤ ਬਾਰੇ ਚਿੰਤਾਤੁਰ ਸੀ, ਵਾਇਸਰਾਏ ਨੂੰ ਇੱਕ ਸੁਝਾਅ ਦਿੱਤਾ ਸੀ। ਇਸ ਭਦਰਪੁਰਸ਼ ਨੇ ਸਰਕਾਰ ਵਲੋਂ ਕਿਸੇ ਪੰਜਾਬੀ ਬੋਲਦੇ ਐਸੇ ਵਿਅਕਤੀ ਨੂੰ ਨਿਯੁਕਤ ਕਰਨ ਦੀ ਗੱਲ ਕਹੀ ਸੀ, ਜੋ ਸਿੱਖਾਂ ਨੂੰ ਰੁਜ਼ਗਾਰ ਲੱਭਣ ਵਿਚ ਜਾਂ ਬੇਰੁਜ਼ਗਾਰੀ ਦੇ ਸਮੇਂ ਮਦਦ ਕਰੇ। ਅਦਾਲਤਾਂ ਵਿਚ ਉਨ੍ਹਾਂ ਲਈ ਦੁਭਾਸ਼ੀਏ ਦਾ ਕੰਮ ਕਰੇ ਅਤੇ ਜੇਕਰ ਕੋਈ ਮੁਥਾਜ ਹੋ ਜਾਵੇ ਤਾਂ ਉਸ ਨੂੰ ਭਾਰਤ ਵਾਪਸ ਜਾਣ ਵਿਚ ਮਦਦ ਕਰੇ। ਕਿਸੇ ਮੁਸੀਬਤ ਸਮੇਂ ਇਮੀਗਰੇਂਟ ਸਿੱਖਾਂ ਦੇ ਤਣਾਉ ਨੂੰ ਘੱਟ ਕਰਨ ਲਈ ਤੇ ਮਦਦ ਲਈ ਕਿਸੇ ਵਿਅਕਤੀ ਦੇ ਮੌਜੂਦ ਹੋਣ ਬਾਰੇ ਦਿੱਤਾ ਗਿਆ ਇਹ ਸੁਝਾਅ, ਇੱਕ ਅਗਾਂਹਵਧੂ ਵਿਚਾਰ ਸੀ। ਪਰ ਵਾਇਸਰਾਏ ਨੇ ਇਸ ਵਿਚਾਰ ਨੂੰ ਰੱਦ ਕਰ ਦਿੱਤਾ। ਹਾੱਪਕਿਨਸਨ ਕੋਲ ਕੋਈ ਤਰੀਕਾ ਨਹੀਂ ਸੀ। ਜਿਸ ਨਾਲ ਉਹ ਜਾਣ ਸਕਦਾ ਕਿ ਕੋਈ ਅਜਿਹਾ ਸੁਝਾਅ ਵਿਚਾਰਿਆ ਜਾ ਰਿਹਾ ਸੀ। ਉਸ ਦੀ ਕਨੇਡਾ ਪਹੁੰਚਣ ਦੀ ਇੱਛਾ ਦਾ ਕਾਰਨ, ਉੱਤਰੀ ਅਮਰੀਕਾ ਦੇ ਖਿੱਤੇ ਵਿਚ ਹੋ ਰਹੇ ਤੇਜ਼ ਵਿਕਾਸ ਦੁਆਰਾ ਪ੍ਰਦਾਨ ਕੀਤੇ ਜਾ ਰਹੇ ਮੌਕਿਆਂ ਦਾ ਲਾਹਾ ਲੈਣਾ ਸੀ। ਵੈਨਕੂਵਰ ਵਿਚ ਇਮੀਗਰੇਸ਼ਨ ਦਫ਼ਤਰ ਵਿਚ ਕਦੇ-ਕਦਾਈਂ ਦੁਭਾਸ਼ੀਏ ਦੇ ਤੌਰ 'ਤੇ ਕੰਮ ਕਰਕੇ ਉਸਨੇ ਆਪਣੇ ਆਪ ਨੂੰ ਪ੍ਰਸੰਗਿਕ ਬਣਾ ਲਿਆ ਸੀ ਅਤੇ ਕੁਦਰਤੀ ਤੌਰ 'ਤੇ ਨਵੀਂ ਉੱਭਰ ਰਹੀ ਭਾਰਤੀ ਇਮੀਗਰੇਂਟ ਬਰਾਦਰੀ ਨਾਲ ਵੀ ਨੇੜ੍ਹਤਾ ਬਣਾ ਲਈ ਸੀ। ਸਿੱਖਿਆ ਤੇ ਤਜ਼ਰਬੇ ਵਜੋਂ ਪੁਲਿਸ ਅਫ਼ਸਰ ਹੋਣ ਕਾਰਨ ਉਹ ਆਪਣੇ ਸਨਮੁੱਖ ਆਉਂਦੇ ਹਰ ਵਰਤਾਰੇ ਨੂੰ ਬੜੀ ਨੀਝ ਨਾਲ ਦੇਖਦਾ ਸੀ, ਅਤੇ ਇਸੇ ਤਰ੍ਹਾਂ ਕਰਦੇ ਕਰਦੇ ਉਸ ਨੇ ਕਨੇਡਾ ਵਿਚ ਆਪਣੇ ਲਈ ਪੇਸ਼ਾ ਲੱਭਿਆ।

ਇਮੀਗਰੇਸ਼ਨ ਦਫ਼ਤਰ ਵਿਚ ਹਾੱਪਕਿਨਸਨ ਵਲੋਂ ਜਸੂਸੀ ਕਰਨ ਦੇ ਪੇਸ਼ੇ ਦੀ ਸ਼ੁਰੂਆਤ ਉਸ ਦੇ ਕਨੇਡਾ ਵਿਚ ਪਹੁੰਚਣ ਤੋਂ ਇੱਕ ਸਾਲ ਬਾਅਦ ਹੋਈ। ਉਹ ਭਾਰਤ ਤੋਂ ਇਮੀਗਰੇਸ਼ਨ ਰੋਕਣ ਲਈ ਕਨੇਡੀਅਨ ਸਰਕਾਰ ਦੁਆਰਾ 'ਲਗਾਤਾਰ ਯਾਤਰਾ' ਵਾਲੇ ਨਿਯਮ ਦੇ ਲਾਗੂ ਕਰਨ ਤੋਂ ਕਈ ਮਹੀਨੇ ਪਹਿਲਾਂ ਤੋਂ ਇੱਕ ਸਧਾਰਨ ਨਾਗਰਿਕ ਵਾਂਗ ਵੈਨਕੂਵਰ ਵਿਚ ਰਹਿ ਰਿਹਾ ਸੀ। ਮਈ 1908 ਵਿਚ ਉਸ ਨੇ ਇੱਕ ਅਗਿਆਤ ਸੂਤਰ ਵਜੋਂ ਮੀਡੀਆ ਨੂੰ ਭਾਰਤੀ ਇਮੀਗਰੇਂਟਾਂ ਅੰਦਰ ਚਲ ਰਹੀ ਬਗ਼ਾਵਤੀ ਸਰਗਰਮੀ ਬਾਰੇ ਸੂਚਨਾ ਦਿੱਤੀ। ਜਿਸ ਵਿਚ ਬੰਗਾਲੀ ਦੁਭਾਸ਼ੀਏ ਤਾਰਕਨਾਥ ਦਾਸ ਦਾ ਖ਼ਾਸ ਜ਼ਿਕਰ ਕੀਤਾ ਗਿਆ ਸੀ। ਉਸ ਨੂੰ ਭਾਰਤੀ ਇਮੀਗਰੇਂਟ ਬਰਾਦਰੀ ਦੀ ਅੰਦਰੂਨੀ ਜਾਣਕਾਰੀ ਹੋਣ ਕਾਰਨ, ਉਸ ਸਮੇਂ ਤੱਕ ਵੈਨਕੂਵਰ

ਭਾਰਤ ਨਾਲੋਂ ਵੱਡੇ ਫ਼ਰਕ ਨੂੰ ਵੀ ਉਜਾਗਰ ਕੀਤਾ। ਇਸ ਨਾਲ ਚਾਹਵਾਨ ਨੌਜਵਾਨ ਪੰਜਾਬੀਆਂ ਵਿਚ, ਕਨੇਡਾ ਜਾਣ ਦੀ ਚਾਹਤ ਬਹੁਤ ਵੱਧ ਗਈ। ਪਰ ਕਨੇਡਾ ਸਰਕਾਰ ਨੇ ਅਜਿਹੀਆਂ ਇਮੀਗਰੇਸ਼ਨ ਨੀਤੀਆਂ ਅਪਣਾ ਲਈਆਂ ਸਨ ਜਿਨ੍ਹਾਂ ਕਾਰਨ ਭਾਰਤੀਆਂ ਲਈ ਉਥੇ ਜਾਣਾ ਲਗਭਗ ਅਸੰਭਵ ਸੀ। ਜਿਸ ਕਾਰਨ ਇਧਰ ਪੰਜਾਬੀ ਪਿੰਡਾਂ ਵਿਚ ਅਤੇ ਉੱਧਰ ਬ੍ਰਿਟਿਸ਼ ਕੋਲੰਬੀਆ ਵਿਚ, ਬਹੁਤ ਨਿਰਾਸ਼ਾ ਤੇ ਸ਼ਿਕਾਇਤ ਵਾਲਾ ਮਾਹੌਲ ਬਣ ਗਿਆ ਸੀ। ਸ਼ੁਰੂ ਤੋਂ ਹੀ ਇਮੀਗਰੇਂਟ ਬਰਾਦਰੀ ਆਪਣੇ ਨਾਲ ਹੁੰਦੇ ਵਿਤਕਰੇ ਵਿਰੁੱਧ ਸੰਘਰਸ਼ ਕਰਨ ਦੇ ਰੌਂਅ ਵਿਚ ਸੀ। ਕਨੇਡੀਅਨ ਇਮੀਗਰੇਸ਼ਨ ਵਿਭਾਗ ਵਲੋਂ ਬੰਦਸ਼ਾਂ ਲਾਏ ਜਾਣ ਦੇ ਵਕਤ ਤੋਂ ਹੀ ਉਨ੍ਹਾਂ ਨੇ ਆਜ਼ਾਦਾਨਾ ਦਾਖਲੇ ਲਈ ਆਪਣੀ ਮੁਹਿੰਮ ਸ਼ੁਰੂ ਕਰ ਦਿੱਤੀ। ਅਦਾਲਤਾਂ ਵਿਚ ਉਹਨਾਂ ਨੂੰ 1908 ਦੇ ਐਸ. ਐਸ. ਮੌਂਟਈਗਲ ਅਤੇ 1910 ਦੇ ਰਹੀਮ ਕੇਸ ਵਿਚ ਸਫਲਤਾ ਮਿਲ ਚੁੱਕੀ ਸੀ। ਅਤੇ ਉਹਨਾਂ ਨੇ ਮਹਿਸੂਸ ਕਰ ਲਿਆ ਸੀ, ਕਿ ਕਿਵੇਂ ਭਾਗ ਸਿੰਘ ਭਿੱਖੀਵਿੰਡ ਤੇ ਬਲਵੰਤ ਸਿੰਘ ਖੁਰਦਪੁਰ ਦੇ ਪਰਿਵਾਰਾਂ ਅਤੇ ਕਈ ਹੋਰ ਵਿਅਕਤੀਗੱਤ ਕੇਸਾਂ ਵਿਚ ਸਰਕਾਰ ਜਨਤਕ ਦਬਾਅ ਅੱਗੇ ਝੁਕੀ ਸੀ। ਉਨ੍ਹਾਂ ਨੇ 'ਫਰੀ ਹਿੰਦੁਸਤਾਨ', 'ਸਵਦੇਸ਼ ਸੇਵਕ', 'ਦ ਹਿੰਦੁਸਤਾਨੀ' ਤੇ 'ਸੰਸਾਰ' ਵਰਗੇ ਅਖ਼ਬਾਰਾਂ ਰਾਹੀਂ ਆਪਣੇ ਹਾਲਾਤ ਬਾਰੇ ਖ਼ੂਬ ਪ੍ਰਚਾਰ ਕੀਤਾ। ਆਪਣੇ ਇਮੀਗਰੇਸ਼ਨ ਮਸਲੇ ਦੇ ਹੱਕ ਵਿਚ ਰਾਇ ਬਣਾਉਣ ਲਈ ਓਟਾਵਾ ਵਿਚ ਕਨੇਡੀਅਨ ਸਰਕਾਰ ਕੋਲ ਵਫ਼ਦ ਭੇਜੇ ਗਏ। ਉਨ੍ਹਾਂ ਨੇ ਲਗਾਤਾਰ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਉਹਨਾਂ ਦੇ ਬ੍ਰਿਟਿਸ਼ ਨਾਗਰਿਕ ਹੋਣ ਨਾਤੇ ਸਾਰੇ ਬ੍ਰਿਟਿਸ਼ ਸਾਮਰਾਜ ਵਿਚ ਖੁਲ੍ਹੇ ਤੌਰ 'ਤੇ ਇੱਕ ਦੇਸ਼ ਤੋਂ ਦੂਜੇ ਦੇਸ਼ ਜਾਣ ਦਾ ਅਧਿਕਾਰ ਹੈ।

ਬ੍ਰਿਟਿਸ਼ ਕੋਲੰਬੀਆ ਦੀ ਮੋਢੀ, ਸਿੱਖ ਤੇ ਭਾਰਤੀ ਬਰਾਦਰੀ ਵਿਚ ਖਬਰਾਂ ਬਹੁਤ ਤੇਜ਼ੀ ਨਾਲ ਫ਼ੈਲਦੀਆਂ ਸਨ। ਬਹਿਸਾਂ ਤੇ ਕਿਆਸ ਆਰਾਈਆਂ ਚਲਦੀਆਂ ਰਹਿੰਦੀਆਂ ਸਨ ਅਤੇ ਸਿਆਸਤ ਬਹੁਤ ਭਖਵੀਂ ਸੀ। ਇਸ ਦੇ ਠੋਸ ਕਾਰਨ ਸਨ, ਜਿਨ੍ਹਾਂ ਵਿਚੋਂ, ਇੱਕ ਵਿਰੋਧੀ-ਵਿਦੇਸ਼ੀ ਮਾਹੌਲ, ਜੋ ਤਰੱਕੀ ਦੇ ਮੌਕਿਆਂ ਨੂੰ ਸੀਮਿਤ ਕਰਦਾ ਸੀ ਅਤੇ ਭਾਰਤੀ ਇਮੀਗਰੇਸ਼ਨ ਦੀ ਵਲੱਗਣ 'ਚੋਂ ਬਾਹਰ ਨਿਕਲਣ ਲਈ ਮੁਸ਼ਕਿਲਾਂ ਪੈਦਾ ਕਰਦਾ ਸੀ। ਪਰ ਸ਼ੁਰੂ ਤੋਂ ਹੀ ਇਸ ਸਥਿਤੀ ਨੇ ਉਨ੍ਹਾਂ ਨੂੰ ਆਪਣਾ ਇੱਕ ਟੀਚਾ ਮਿਥਣ ਵਿਚ ਮਦਦ ਕੀਤੀ। ਜਿਸ ਵਿਚ ਹਿੰਦੂ, ਸਿੱਖ ਤੇ ਮੁਸਲਮਾਨਾਂ ਦੀ ਸਾਰੀ ਸਾਂਝੀ ਬਰਾਦਰੀ ਲਈ ਵੈਨਕੂਵਰ ਦਾ ਸਿੱਖ ਗੁਰਦਵਾਰਾ, ਇਕੱਠੇ ਮਿਲ ਬੈਠਣ ਦੀ ਜਗ੍ਹਾ ਬਣ ਗਈ। ਅਤੇ ਕੁਝ ਸਾਲਾਂ ਬਾਅਦ ਉਨ੍ਹਾਂ ਨੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਵਿਕਟੋਰੀਆ ਤੇ ਐਬਟਸਫੋਰਡ (Abbotsford) ਸ਼ਹਿਰਾਂ ਵਿਚ ਵੀ ਆਪਣੇ ਮਿਲ ਬੈਠਣ ਲਈ ਗੁਰਦਵਾਰੇ ਬਣਾ ਲਏ ਉਹ ਆਰਾ ਮਿਲਾਂ ਜਾਂ ਲੱਕੜੀ ਦੇ ਫੱਟੇ ਬਣਾਉਣ ਵਾਲੀਆਂ ਮਿਲਾਂ ਵਿਚ ਇਕੱਠੇ ਸਮੂਹਾਂ ਵਿਚ ਮਜ਼ਦੂਰੀ ਦਾ ਕੰਮ ਕਰਦੇ ਸਨ ਅਤੇ ਸੌਣ ਲਈ ਫੱਟੇਦਾਰ (Bunk houses) ਜਾਂ ਅਸਥਾਈ ਰਿਹਾਇਸ਼ੀ

ਕਾਰਨ, ਅਰਲ ਗਰੇ ਨੇ ਹਾੱਪਕਿਨਸਨ ਬਾਰੇ ਦਿੱਤੀ ਗਈ ਜਾਣਕਾਰੀ ਨੂੰ ਬੜੇ ਗਹੁ ਨਾਲ ਸੁਣਿਆ ਸੀ। ਕਰਨਲ ਸਵਾਇਨ ਨੇ ਵੈਨਕੂਵਰ ਵਿਚਲੀ ਭਾਰਤੀ ਬਰਾਦਰੀ ਉੱਪਰ ਨਜ਼ਰ ਰੱਖਣ ਦੀ ਸਿਫਾਰਸ਼ ਕੀਤੀ ਸੀ ਅਤੇ ਇਸ ਕੰਮ ਲਈ ਸਭ ਤੋਂ ਢੁਕਵੇਂ ਵਿਅਕਤੀ ਦੇ ਤੌਰ 'ਤੇ ਹਾੱਪਕਿਨਸਨ ਦੀ ਪਹਿਚਾਣ ਕੀਤੀ ਸੀ। ਅਰਲ ਗਰੇ ਨੇ ਇਸ ਸੁਝਾਅ ਨੂੰ ਬਹੁਤ ਗੰਭੀਰਤਾ ਨਾਲ ਲਿਆ ਅਤੇ ਇਸ 'ਤੇ ਅਮਲ ਕਰਨ ਲਈ ਕਨੇਡਾ ਸਰਕਾਰ ਉੱਪਰ ਦਬਾਅ ਪਾਇਆ। ਜਿਸ ਨੇ ਆਪਣਾ ਰੰਗ ਦਿਖਾਇਆ। ਇੱਕ ਮਹੀਨੇ ਬਾਅਦ, ਫਰਵਰੀ ਦੇ ਸ਼ੁਰੂ ਵਿਚ ਹਾੱਪਕਿਨਸਨ ਨੇ ਇਮੀਗਰੇਸ਼ਨ ਵਿਭਾਗ ਵਿਚ ਆਪਣਾ ਅਹੁਦਾ ਸੰਭਾਲ ਲਿਆ ਅਤੇ ਗਵਰਨਰ ਜਨਰਲ ਦੀਆਂ ਹਦਾਇਤਾਂ ਮੁਤਾਬਕ ਆਪਣੀਆਂ ਰਿਪੋਰਟਾਂ ਨਿਯਮਤ ਤੌਰ 'ਤੇ ਉਪ ਗ੍ਰਹਿ ਮੰਤਰੀ ਰਾਹੀਂ ਉਸ ਨੂੰ ਭੇਜਣੀਆਂ ਸ਼ੁਰੂ ਕਰ ਜਿੱਤੀਆਂ। ਗਵਰਨਰ ਜਨਰਲ ਇਹਨਾਂ ਰਿਪੋਰਟਾਂ ਦੀ ਨਕਲ ਲੰਡਨ ਨੂੰ ਭੇਜਦੇ ਸਨ, ਜੋ ਅੱਗੇ ਭਾਰਤ ਸਰਕਾਰ ਨੂੰ ਭੇਜੀ ਜਾਂਦੀ ਸੀ। ਇਸ ਤਰਾਂ ਤਾਰਕਨਾਥ ਦਾਸ, ਪ੍ਰੋਫ਼ੈਸਰ ਤੇਜਾ ਸਿੰਘ, ਹੁਸੈਨ ਰਹੀਮ ਤੇ ਕਈ ਹੋਰਾਂ ਦੀ ਸਰਗਰਮ ਜਸੂਸੀ ਸ਼ੁਰੂ ਹੋ ਗਈ। ਇਸ ਤਰ੍ਹਾਂ ਦਿੱਲੀ ਵਿਚਲੀ ਫੌਜਦਾਰੀ ਜਸੂਸੀ ਵਿੰਗ ਵੱਲੋਂ ਉੱਤਰੀ ਅਮਰੀਕਾ ਵਿਚਲੀ ਭਾਰਤੀ ਬਰਾਦਰੀ ਦੇ ਪ੍ਰਮੁੱਖ ਮੈਂਬਰਾਂ ਦੀਆਂ ਫਾਇਲਾਂ ਬਣਾਉਣ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇਸ ਕੰਮ ਲਈ ਪਹਿੱਲ ਕਨੇਡਾ ਤੋਂ ਹੋਈ ਸੀ।

ਹਾੱਪਕਿਨਸਨ ਵਲੋਂ ਆਪਣਾ ਨਵਾਂ ਅਹੁਦਾ ਸੰਭਾਲਣ ਦੇ ਵਕਤ ਤੱਕ 'ਕਾਮਾਗਾਟਾਮਾਰੂ' ਸਾਕੇ ਨੂੰ ਪੈਦਾ ਕਰਨ ਵਾਲੀਆਂ ਸਾਰੀਆਂ ਘਟਨਾਵਾਂ ਵਾਪਰ ਚੁੱਕੀਆਂ ਸਨ। ਬ੍ਰਿਟਿਸ਼ ਕੋਲੰਬੀਆ ਵਿਚ ਭਾਰਤੀ ਬਰਾਦਰੀ ਦਾ ਇੱਕ ਅਜਿਹਾ ਛੋਟਾ ਹਿੱਸਾ ਸੀ। ਜੋ ਜਾਂ ਤਾਂ ਇਕੱਲੇ ਸਨ ਜਾਂ ਆਪਣੇ ਪਰਿਵਾਰਾਂ ਤੋਂ ਬਗੈਰ ਰਹਿੰਦੇ ਸਨ ਅਤੇ ਚੰਗੀ ਤਰ੍ਹਾਂ ਸਥਾਪਿਤ ਹੋ ਚੁੱਕੇ ਸਨ। ਉਹ ਕਦੇ ਵੀ ਉਥੋਂ ਜਾਣ ਵਾਲੇ ਨਹੀਂ ਸਨ। ਇਹ ਹਿੱਸਾ ਲਗਾਤਾਰ ਇੱਕ ਦਹਾਕੇ ਤੱਕ ਕੁੱਝ ਮੈਂਬਰਾਂ ਦੇ ਚਲੇ ਜਾਣ ਦੇ ਬਾਵਜੂਦ ਕਾਇਮ ਰਿਹਾ। ਇਮੀਗਰੇਂਟਾਂ ਦੇ ਮੂਲ ਸਮੂਹ 'ਚੋਂ ਗਾਇਬ ਹੋਣ ਵਾਲੇ ਜਾਂ ਤਾਂ ਉਹ ਵਿਅਕਤੀ ਸਨ, ਜੋ ਕਿਸੇ ਕਾਰਨ ਵਾਪਸ ਭਾਰਤ ਪਰਤ ਗਏ ਅਤੇ ਜਾਂ ਫਿਰ ਅਮਰੀਕਾ ਚਲੇ ਗਏ ਸਨ। ਕਨੇਡਾ ਦੀ ਬੇਦਖਲੀ ਦੀ ਨੀਤੀ ਕਾਰਨ, ਚਲੇ ਜਾਣ ਵਾਲਿਆਂ ਦੀ ਥਾਂ ਆਸਾਨੀ ਨਾਲ ਨਵੇਂ ਇਮੀਗਰੇਂਟਾਂ ਨਾਲ ਨਹੀਂ ਭਰੀ ਜਾ ਸਕਦੀ ਸੀ। ਫੇਰ ਵੀ ਇੱਕ ਕੇਂਦਰੀ ਯਾਨੀ ਕੋਰ ਗਰੁੱਪ ਉਥੇ ਟਿਕਿਆ ਰਿਹਾ। ਜਿਸ ਨੇ ਬਹੁਤ ਤਰੱਕੀ ਕੀਤੀ ਅਤੇ ਉਨ੍ਹਾਂ ਦੀ ਕਾਮਯਾਬੀ ਨੇ ਪੰਜਾਬ ਵਿਚ ਉਨ੍ਹਾਂ ਦੇ ਰਿਸ਼ਤੇਦਾਰਾਂ ਤੇ ਪਿੰਡ ਵਾਸੀਆਂ ਦੇ ਸੁਫ਼ਨਿਆਂ ਤੇ ਇੱਛਾਵਾਂ ਨੂੰ ਬਹੁਤ ਪ੍ਰਭਾਵਿਤ ਕੀਤਾ ਕਈਆਂ ਨੇ ਆਪਣੀ ਕਮਾਈ ਤੇ ਬਚਤ ਸਿੱਧੀ ਆਪਣੇ ਘਰ ਭੇਜੀ। ਜਿਸ ਕਾਰਨ ਉਨ੍ਹਾਂ ਦੇ ਪਰਿਵਾਰਾਂ ਨੂੰ ਬਹੁਤ ਲਾਭ ਹੋਇਆ। ਇਸ ਤੋਂ ਇਲਾਵਾ, ਉਨ੍ਹਾਂ ਦੀ ਕਾਮਯਾਬੀ ਨੇ ਕਨੇਡਾ ਵਿਚ ਮਿਲਣ ਵਾਲੇ ਸਖ਼ਤ ਮਿਹਨਤ ਦੇ ਇਵਜ਼ਾਨੇ ਦੇ

ਅਧਿਆਏ: 3

## ਹੱਲਾਸ਼ੇਰੀ : ਕਾਨੂੰਨ ਨਾਲ ਕਾਮਯਾਬ ਦਸਤ-ਪੰਜਾ

ਚਾਰ ਘਟਨਾਵਾਂ ਕਾਮਾਗਾਟਾਮਾਰੂ ਕਾਂਡ ਦਾ ਆਧਾਰ ਬਣੀਆਂ। ਪਹਿਲੀ ਸੀ, ਜਾਪਾਨੀ ਜਹਾਜ਼ ਐਸ.ਐਸ.ਪਾਨਾਮਾ ਮਾਰੂ (S S Panama Maru) ਦੀ ਆਮਦ ਅਤੇ ਇਸਦੇ ਯਾਤਰੀਆਂ ਦੇ ਪੱਖ ਵਿਚ ਹੋਇਆ ਅਦਾਲਤੀ ਫ਼ੈਸਲਾ। ਇਹ ਇੱਕ ਸੁਰਖੀਆਂ-ਬਣਾਉਣ ਵਾਲਾ ਫ਼ੈਸਲਾ ਸੀ। ਜਿਸ ਨਾਲ 38 ਸਿੱਖ ਇਮੀਗਰੇਂਟ ਇੱਕ ਤੋਂ ਜ਼ਿਆਦਾ ਟਿਕਟ ਖਰੀਦ ਕੇ ਵੱਖ-ਵੱਖ ਬੰਦਰਗਾਹਾਂ ਤੋਂ ਅਸਿੱਧੇ ਸਫ਼ਰ ਕਰਨ ਦੇ ਬਾਵਜੂਦ, ਕਨੇਡਾ ਵਿਚ ਦਾਖਲ ਹੋ ਸਕੇ। ਕਨੇਡਾ ਵਿਚ ਉਨ੍ਹਾਂ ਦਾ ਦਾਖਲਾ ਇਮੀਗਰੇਸ਼ਨ ਵਿਭਾਗ ਦੀ ਹਾਰ ਸੀ। ਦੂਸਰੀ ਘਟਨਾ ਇੱਕ ਬਹੁਤ ਹੀ ਰਸੂਖਵਾਨ ਭਾਰਤੀ ਨਾਗਰਿਕ ਸ੍ਰੀ ਭਗਵਾਨ ਸਿੰਘ ਜੱਖ ਨੂੰ ਕਨੇਡਾ 'ਚੋਂ ਕੱਢਣ ਅਤੇ ਜਿਸ ਅਸਾਧਾਰਨ ਤੇ ਆਪਹੁਦਰੇਪਣ ਢੰਗ ਨਾਲ ਇਮੀਗਰੇਸ਼ਨ ਵਿਭਾਗ ਨੇ ਉਸ ਨੂੰ ਰੁਖਸਤ ਕੀਤਾ, ਨਾਲ ਸਬੰਧਿਤ ਹੈ। ਉਸ ਦਾ ਦੇਸ਼-ਨਿਕਾਲਾ ਸਿੱਖ ਭਾਈਚਾਰੇ ਦੀ ਹਾਰ ਸੀ। ਤੀਸਰੀ ਘਟਨਾ ਇੰਸਪੈਕਟਰ ਹਾੱਪਕਿਨਸਨ ਦੇ ਜਾਸੂਸੀ ਅਧਿਕਾਰ-ਖੇਤਰ ਨੂੰ ਬ੍ਰਿਟਿਸ਼ ਕੋਲੰਬੀਆ ਤੋਂ ਵਧਾ ਕੇ ਅਮਰੀਕਾ ਅਤੇ ਇਸਦੇ ਧੁਰ ਦੱਖਣ ਕੈਲੀਫੋਰਨੀਆ ਤੱਕ ਕਰਨ ਬਾਰੇ ਸੀ। ਇਹ ਘਟਨਾ ਸਿੱਖਾਂ ਦੇ ਵਧ ਰਹੇ ਸਿਆਸੀ ਸੰਘਰਸ਼ ਦੀ ਨਿਸ਼ਾਨੀ ਅਤੇ ਕਾਰਨ ਦੋਵੇਂ ਸੀ। ਅਤੇ ਚੌਥਾ ਕਾਰਨ ਸੀ ਖੁਦ ਵੈਨਕੂਵਰ ਇਮੀਗਰੇਸ਼ਨ ਦਫ਼ਤਰ ਵਿਚ ਏਸ਼ੀਅਨ-ਵਿਰੋਧੀ ਲਾਬੀ ਦਾ ਵੱਧ ਰਿਹਾ ਪ੍ਰਭਾਵ। ਇਹ ਪ੍ਰਭਾਵ-ਮੰਡਲ ਦੀ ਅਗਵਾਈ ਮਸ਼ਹੂਰ ਸਿਆਸੀ ਆਗੂ ਹੈਨਰੀ ਹਰਬਰਟ ਸਟੀਵਨਜ਼ (Henery Herbert Stevens) ਕਰਦਾ ਸੀ। ਜੋ 1911 ਦੀਆਂ ਆਮ ਚੋਣਾਂ ਵਿਚ ਵੈਨਕੂਵਰ ਦੀ ਪਾਰਲੀਮੈਂਟ ਸੀਟ ਜਿੱਤਿਆ ਸੀ, ਆਪਣੀ ਜਿੱਤ ਦੇ ਕੁਝ ਮਹੀਨੇ ਬਾਅਦ ਹੀ ਸਟੀਵਨਜ਼ ਨੇ ਆਪਣੇ ਖ਼ਾਸ ਬੰਦੇ ਮਾਲਕਮ ਆਰ.ਜੇ.ਰੀਡ (Malcolm R J Reid) ਨੂੰ ਵੈਨਕੂਵਰ ਇਮੀਗਰੇਸ਼ਨ ਦਫ਼ਤਰ ਦਾ ਮੁੱਖੀ ਨਿਯੁਕਤ ਕਰਵਾ ਲਿਆ ਸੀ ਦੋਵਾਂ ਨੇ ਰਲ ਕੇ ਇਮੀਗਰੇਸ਼ਨ ਦਫ਼ਤਰ ਦੇ ਅੰਦਰੋਂ ਤੇ ਬਾਹਰੋਂ, ਏਸ਼ੀਆਈ ਇਮੀਗਰੇਸ਼ਨ ਵਿਰੁੱਧ ਇੱਕ ਮੁਹਿੰਮ ਚਲਾਈ ਜਿਸ ਕਾਰਨ ਸਿੱਖ ਬਰਾਦਰੀ ਤੇ ਵੈਨਕੂਵਰ ਇਮੀਗਰੇਸ਼ਨ ਦਫ਼ਤਰ ਵਿਚਕਾਰ ਇੱਕ ਦੁਸ਼ਮਣੀ ਵਾਲਾ ਰਿਸ਼ਤਾ ਕਾਇਮ ਹੋ ਗਿਆ ਸੀ।

ਇੱਕ ਇਮੀਗਰੇਸ਼ਨ ਅਧਿਕਾਰੀ ਵਜੋਂ ਹਾੱਪਕਿਨਸਨ ਦੇ ਜਾਸੂਸੀ ਕੰਮ ਹਾਲਾਤ ਹੋਰ ਖ਼ਰਾਬ ਕਰ ਦਿੱਤੇ ਸਨ। ਜਿੰਨਾਂ ਗਹਿਰਾ ਉਹ ਗਿਆ, ਪਤਾ ਲੱਗਣ ਵਾਲ਼ੀਆਂ

ਘਰਾਂ ਵਿਚ ਇਕੱਠੇ ਰਹਿੰਦੇ ਸਨ। ਸਿੱਟੇ ਵਜੋਂ ਉਹਨਾਂ ਦੀ ਗੱਲਬਾਤ ਲਗਾਤਾਰ ਚੱਲਦੀ ਰਹਿੰਦੀ ਸੀ। ਜਿਸ ਕਾਰਨ ਉਨ੍ਹਾਂ ਦੀ ਰਾਜਸੀ ਚੇਤਨਾ ਬਹੁਤ ਤੇਜ਼ ਹੋ ਚੁੱਕੀ ਸੀ। ਬਰਾਦਰੀ ਸਬੰਧੀ ਮਸਲਿਆਂ ਤੇ ਸਿਆਸੀ। ਉਦੇਸ਼ਾਂ ਲਈ ਉਨ੍ਹਾਂ ਨੂੰ ਆਸਾਨੀ ਨਾਲ ਇੱਕੱਠਾ ਕੀਤਾ ਜਾ ਸਕਦਾ ਸੀ। ਇਸੇ ਕਰਕੇ ਕਿ ਉਨ੍ਹਾਂ ਦੇ ਅੰਦਰੂਨੀ ਮਤਭੇਦ ਵੀ ਜਲਦੀ ਬਾਹਰ ਆ ਜਾਂਦੇ ਸਨ। ਖ਼ਾਸਕਰ ਨਰਮ ਤੇ ਗਰਮਦਲੀਆਂ ਵਿਚਕਾਰਲੇ ਮਤਭੇਦ। ਕਨੇਡੀਅਨ ਸਰਕਾਰ ਵਲੋਂ ਇੰਸਪੈਕਟਰ ਹਾੱਪਕਿਨਸਨ ਦੁਆਰਾ ਕੀਤੀ ਜਾ ਰਹੀ ਜਸੂਸੀ ਕਾਰਨ ਇਹ ਮਤਭੇਦ ਬਹੁਤ ਖ਼ਤਰਨਾਕ ਸੰਭਾਵਨਾਵਾਂ ਭਰਪੂਰ ਬਣ ਜਾਂਦੇ ਸਨ। ਇੰਨੀ ਛੋਟੀ ਜਿਹੀ ਜਨਸੰਖਿਆ ਵਿਚ ਉਹ ਆਪਣੇ ਕੰਮ ਨੂੰ ਛੁਪਾ ਕੇ ਰੱਖ ਸਕਣ ਦੀ ਉਮੀਦ ਨਹੀਂ ਕਰ ਸਕਦਾ ਸੀ। ਜਿੱਥੇ ਉਸਦੇ ਮੁਖ਼ਬਰਾਂ ਦਾ ਜਲਦੀ ਭੇਦ ਖੁਲ੍ਹ ਜਾਂਦਾ ਸੀ। ਤੇ ਉਸਦੇ ਸੂਹੀਏ, ਆਪਣੇ ਦੋਸਤਾਂ ਤੇ ਰਿਸ਼ਤੇਦਾਰਾਂ ਸਮੇਤ ਇੱਕ ਛੋਟਾ ਪਰ ਪਛਾਨਣਯੋਗ ਗਰੁੱਪ ਬਣ ਜਾਂਦਾ ਸੀ। ਉਤਰੀ ਅਮਰੀਕਾ ਦੇ ਇਹਨਾਂ ਇਮੀਗਰੈਂਟਾਂ ਦੀ ਬਹੁ-ਗਿਣਤੀ ਲਈ ਸਿਆਸਤ, ਜ਼ਿੰਦਗੀ ਦੀ ਇੱਕ ਅਣਚਾਹੀ ਪਰ ਹਰ ਸਮੇਂ ਰੁਝਾਈ ਰੱਖਣ ਵਾਲੀ ਹਾਲਾਤ ਬਣ ਗਈ। ਉਹ ਖ਼ੂਬ ਕੰਮ ਕਰਨਾ, ਪੈਸੇ ਬਚਾਉਣੇ ਅਤੇ ਖੁਸ਼ਹਾਲ ਹੋਣਾ ਚਾਹੁੰਦੇ ਸਨ। ਪਰ ਆਪਣੇ ਆਪ ਨੂੰ ਤਿੱਖੀ ਸਿਆਸੀ ਜਦੋਜਹਿਦ ਦੇ ਚੱਕਰ ਵਿਚ ਫਸਿਆ ਹੋਇਆ ਮਹਿਸੂਸ ਕਰਦੇ ਸਨ।

***




*੪. ਵੈਨਕੂਵਰ ਦੇ ਡਾਊਨ ਟਾਊਨ ਵਿਚ ਗਰੀਨਵੀਲੇ ਤੇ ਹੁਸਟਿੰਗ ਦਾ ਚੌਕ ਪਾਰ ਕਰਦੇ ਪੈਦਲ ਸਿੱਖ*

ਡੇਢ ਸਾਲ ਤੋਂ ਸਨਫਰਾਂਸਿਸਕੋ ਵਿਚ ਰਹਿ ਰਿਹਾ ਸੀ

ਪੈਸੇਫਿਕ ਕੰਢੇ ਉੱਪਰ ਲਾਲਾ ਹਰਦਿਆਲ ਦੀ ਮੌਜੂਦਗੀ ਨੇ ਅਗਲੇ ਮਹੀਨਿਆਂ ਵਿਚ ਹਾੱਪਕਿਨਸਨ ਦੇ ਕੰਮ ਦੀ ਅਹਿਮੀਅਤ ਵਧਾ ਦਿੱਤੀ ਸੀ। ਸੰਨ 1913 ਦੀ ਸਾਰੀ ਬਸੰਤ ਤੇ ਗਰਮੀ ਦੀ ਰੁੱਤੇ ਲਾਲਾ ਹਰਦਿਆਲ ਨੇ ਇੱਕ ਨਵੀਂ ਜਥੇਬੰਦੀ 'ਦ ਹਿੰਦੂ ਅਸੋਸੀਏਸ਼ਨ ਆਫ਼ ਪੈਸੇਫਿਕ ਕੋਸਟ' (The Hindu Association of Pecific Coast) ਲਈ ਹਮਾਇਤ ਜੁਟਾਉਣ ਲਈ, ਵਾਸ਼ਿੰਗਟਨ, ਉਰੇਗਾਉਂ ਤੇ ਕੈਲੀਫੋਰਨੀਆ ਦਾ ਦੌਰਾ ਕੀਤਾ। ਅਮਰੀਕਾ ਵਿਚ ਵੀ, ਸਿੱਖ ਕਨੇਡਾ ਵਰਗੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੇ ਸਨ। ਪਰ ਹਰ ਮੀਟਿੰਗ ਵਿਚ ਲਾਲਾ ਹਰਦਿਆਲ ਉਨ੍ਹਾਂ ਨੂੰ ਸੁਚੇਤ ਕਰਦਾ ਕਿ ਉਹ ਵਿਤਕਰੇ-ਪੂਰਨ ਅਮਰੀਕੀ ਨਾਗਰਿਕਤਾ ਤੇ ਇਮੀਗਰੇਸ਼ਨ ਕਾਨੂੰਨ ਦੀਆਂ ਗੱਲਾਂ ਕਰਕੇ ਆਪਣਾ ਸਮਾਂ ਬਰਬਾਦ ਨਾ ਕਰਨ। ਉਨ੍ਹਾਂ ਨੂੰ ਬਰਤਾਨੀਆ ਨਾਲ ਟਕਰਾਉਣਾ ਪਵੇਗਾ। ਕਿਉਂਕਿ ਉਨ੍ਹਾਂ ਨਾਲ ਅਮਰੀਕਾ ਵਿਚ ਹੁੰਦੇ ਦੁਰ-ਵਿਹਾਰ ਲਈ ਬਰਤਾਨੀਆ ਸਰਕਾਰ ਜ਼ਿੰਮੇਵਾਰ ਸੀ। ਉਸ ਦੀ ਰਹਿਨੁਮਾਈ ਹੇਠ, 1324, ਵਲੈਨਸੀਆ ਸਟਰੀਟ, (Valencia Street) ਸਨਫਰਾਂਸਿਸਕੋ ਭਾਰਤੀ ਇਨਕਲਾਬੀ ਕੰਮ ਦਾ ਮੁੱਖ ਕੇਂਦਰ ਬਣ ਗਿਆ। ਜਿਸ ਨੇ 'ਅਭਿਨਵ ਭਾਰਤ (ਨਵਾਂ ਭਾਰਤ) ਸੁਸਾਇਟੀ ਪੈਰਿਸ' ਦੀ ਮਹਤਤਾ ਘਟਾ ਦਿਤੀ - ਜਿੱਥੇ ਉਹ ਪਹਿਲਾਂ ਕੰਮ ਕਰਦਾ ਰਿਹਾ ਸੀ। ਲਾਲਾ ਹਰਦਿਆਲ ਨੇ ਲੰਡਨ, ਪੈਰਿਸ

ਸਰਗਰਮੀਆਂ ਹੋਰ ਵੀ ਜ਼ਿਆਦਾ ਚਿੰਤਾਜਨਕ ਸਨ। (ਉਸ ਦੇ ਆਪਣੇ ਤੇ ਉਸਦੇ ਉੱਚ ਅਧਿਕਾਰੀਆਂ ਦੇ ਨਜ਼ਰੀਏ ਵਿਚ)। ਭਾਵੇਂ ਕਿ ਕਈ ਵਾਰ ਉਹ ਖਦਸ਼ੇ ਬਹੁਤ ਵਧਾ-ਚੜ੍ਹਾ ਕੇ ਪੇਸ਼ ਕਰਦਾ ਸੀ। ਪਰ ਕਦੇ ਕਦੇ ਉਹ ਯਥਾਰਥਿਕ ਵੀ ਹੁੰਦੇ ਸਨ ਅਤੇ ਇਹ ਉਸਦੀ ਪੁਲਿਸ ਟਰੇਨਿੰਗ ਦਾ ਖ਼ਾਸਾ ਸੀ, ਕਿ ਕਿਸੇ ਵੀ ਬਗਾਵਤੀ ਇਸ਼ਾਰੇ ਨੂੰ, ਜੋ ਬ੍ਰਿਟਿਸ਼ ਵਿਰੋਧੀ ਸਰਗਰਮੀ ਜਾਂ ਗੱਲ ਨੂੰ ਲਗੇ ਗੰਭੀਰਤਾ ਨਾਲ ਲਿਆ ਜਾਵੇ। ਉਸ ਨੇ ਅਮਰੀਕਾ ਦਾ ਪਹਿਲਾਂ ਦੌਰਾ ਤਾਰਕਨਾਥ ਦਾਸ ਦਾ ਪਿੱਛਾ ਕਰਨ ਲਈ ਕੀਤਾ ਸੀ। ਇਸ ਕੰਮ ਲਈ ਉਸ ਨੂੰ ਇਸ ਖ਼ਬਰ ਨੇ ਪ੍ਰੇਰਿਤ ਕੀਤਾ ਕਿ, ਤਾਰਕਨਾਥ ਦਾਸ ਨੇ ਅਮਰੀਕਾ ਦੀ ਨਾਗਰਿਕਤਾ ਲਈ ਅਰਜ਼ੀ ਦਿੱਤੀ ਸੀ ਅਤੇ ਉਹ ਅਮਰੀਕੀ ਨਾਗਰਿਕ ਵਜੋਂ ਭਾਰਤ ਪਰਤ ਕੇ ਕਿੰਗ ਜਾਰਜ਼ ਪੰਜਵੇਂ (King George V) ਦੀ ਭਾਰਤ ਫੇਰੀ (1911 ਦੀ ਮਸ਼ਹੂਰ ਰੌਇਲ ਦਰਬਾਰ ਯਾਤਰਾ) ਸਮੇਂ ਗੜਬੜ ਫ਼ੈਲਾਉਣ ਦੀ ਯੋਜਨਾ ਬਣਾ ਰਿਹਾ ਸੀ। ਇਸ ਖ਼ਬਰ ਕਾਰਨ ਹਾੱਪਕਿਨਸਨ ਨੇ ਅਮਰੀਕੀ ਪੈਸੇਫਿਕ ਕੰਢੇ ਦਾ 19 ਦਿਨ ਦਾ ਪੜ੍ਹਤਾਲੀਆ ਟੂਰ ਕੀਤਾ। ਜਿਸਨੂੰ ਬ੍ਰਿਟਿਸ਼ ਤੇ ਕਨੇਡੀਅਨ ਸਰਕਾਰਾਂ ਨੇ ਪ੍ਰਵਾਨ ਕੀਤਾ ਅਤੇ ਇਸਦੇ ਖਰਚੇ ਦਾ ਭੁਗਤਾਨ ਕੀਤਾ। ਉਹ ਐਸੀ ਜਾਣਕਾਰੀ ਦੀ ਤਲਾਸ਼ ਵਿਚ ਸੀ, ਜਿਸ ਨੂੰ ਵਰਤ ਕੇ ਅਮਰੀਕੀ ਸਰਕਾਰ ਉਸਦੀ ਨਾਗਰਿਕਤਾ ਦੀ ਅਰਜ਼ੀ ਠੁਕਰਾ ਸਕੇ। ਪਰ ਉਸ ਦਾ ਮਿਸ਼ਨ ਲੰਬਾ ਹੋ ਗਿਆ। ਕਿਉਂਕਿ ਉਸ ਨੂੰ ਬਰਕਲੇ ਯੂਨੀਵਰਸਿਟੀ ਆਫ਼ ਕੈਲੀਫੋਰਨੀਆ (University of California Berkeley) ਵਿਚ ਦਾਖਲ ਤਿੰਨ ਦਰਜਨ ਭਾਰਤੀ ਵਿਦਿਆਰਥੀਆਂ ਵਿਚਕਾਰ ਚੱਲ ਰਹੀਆਂ ਸਰਗਰਮੀਆਂ ਦਾ ਪਤਾ ਚੱਲਿਆ ਸੀ। ਜਿਸ ਨੂੰ ਉਸ ਨੇ 'ਸਾਜ਼ਿਸ਼ ਦੇ ਅੱਡੇ' ਦਾ ਨਾਮ ਦਿੱਤਾ। ਇਸੇ ਗੱਲ ਨੂੰ ਉਸਨੇ ਅਤੇ ਉਸ ਦੇ ਉੱਚ ਅਧਿਕਾਰੀਆਂ ਨੇ ਬਹਾਨਾਂ ਬਣਾ ਕਿ ਇਕ ਸਾਲ ਬਾਅਦ ਨਵੰਬਰ 1912 ਵਿਚ ਉਸ ਵਲੋਂ ਕੀਤੀ ਗਈ ਕੈਲੀਫੋਰਨੀਆ ਦੀ ਯਾਤਰਾ ਦੀ ਵਾਜਬੀਅਤ ਲਈ ਵਰਤਿਆ ਗਿਆ। ਦੂਸਰੀ ਫੇਰੀ ਸਮੇਂ ਉਸ ਨੂੰ ਸਟੈਨਫੋਰਡ ਯੂਨੀਵਰਸਿਟੀ (Stanford University) ਵਿਚ ਵਕਤੀ ਅਧਿਆਪਕ ਵਜੋਂ ਫ਼ਿਲਾਸਫੀ ਪੜ੍ਹਾਉਣ ਵਾਲੇ 28 ਸਾਲਾ ਭਾਰਤੀ ਨਾਗਰਿਕ ਲਾਲਾ ਹਰਦਿਆਲ ਦੀ ਖ਼ਤਰਨਾਕ ਮੌਜੂਦਗੀ ਬਾਰੇ ਪਤਾ ਚੱਲਿਆ। ਲਾਲਾ ਹਰਦਿਆਲ ਦਿੱਲੀ ਤੇ ਪੰਜਾਬ ਵਿਚ ਬਹੁਤ ਹੁਸ਼ਿਆਰ ਅੰਡਰ-ਗਰੈਜੂਏਟ ਤੇ ਗਰੈਜੂਏਟ ਵਿਦਿਆਰਥੀ ਰਿਹਾ ਸੀ। ਉਸ ਨੂੰ ਲੰਡਨ ਦੇ ਇੰਡੀਆ ਦਫ਼ਤਰ ਵਿਚ ਬਹੁਤ ਸ਼ੱਕੀ ਵਿਅਕਤੀ ਵਜੋਂ ਯਾਦ ਕੀਤਾ ਜਾਂਦਾ ਸੀ। ਜਿਸ ਨੇ ਇੱਕ ਸਿਆਸੀ ਨੁਕਤਾ ਉਭਾਰਨ ਦੀ ਨੀਅਤ ਨਾਲ ਔਕਸਫੋਰਡ ਯੂਨੀਵਰਸਿਟੀ (Oxford University) ਦਾ ਵਜ਼ੀਫਾ ਠੁਕਰਾ ਕੇ ਤਰਥੱਲੀ ਮਚਾ ਦਿੱਤੀ ਸੀ। ਸਨਫਰਾਂਸਿਸਕੋ ਆਉਣ ਤੋਂ ਪਹਿਲਾਂ ਉਹ ਜਨੇਵਾ ਵਿਚ 'ਬੰਦੇ-ਮਾਤਰਮ' ਨਾਮ ਦੇ ਇੱਕ ਗਰਮ-ਖਿਆਲੀ ਭਾਰਤੀ ਕੌਮੀ ਮੈਗਜ਼ੀਨ ਦੀ ਸੰਪਾਦਨਾ ਕਰਦਾ ਸੀ। ਹਾੱਪਕਿਨਸਨ ਵਲੋਂ ਉਸਦੀ ਜਾਸੂਸੀ ਸ਼ੁਰੂ ਕਰਨ ਸਮੇਂ, ਉਹ

ਸਨਫਰਾਂਸਿਸਕੋ ਵਿਚਲੇ ਯੁਗਾਂਤਰ ਆਸ਼ਰਮ ਨੂੰ ਪੈਸੇ ਭੇਜਣ, ਤਾਂ ਜੁ 'ਗ਼ਦਰ' ਦੀਆਂ ਹਜ਼ਾਰਾਂ ਕਾਪੀਆਂ ਛਪਵਾਈਆਂ ਜਾ ਸਕਣ। ਉਹਨਾਂ ਨੂੰ ਕਿਹਾ ਗਿਆ ਕਿ ਉਹ ਗ਼ਦਰ ਵਿਚ ਲਿਖਿਆਂ ਗਈਆਂ ਗੱਲਾਂ ਯਾਦ ਰੱਖਣ ਤੇ ਗ਼ਦਰ ਹੋਰਨਾਂ ਨੂੰ ਪੜ੍ਹਾਉਣ ਅਤੇ ਖੁਦ ਪੜ੍ਹਣ ਤੋਂ ਬਾਅਦ ਇਸ ਦੀਆਂ ਨਕਲਾਂ ਨੂੰ ਕੋਰੇ ਲਿਫ਼ਾਫ਼ੇ ਵਿਚ ਬੰਦ ਕਰਕੇ ਭਾਰਤ ਭੇਜਣ ਤਾਂ ਕਿ ਪੁਲਿਸ ਇਸ ਨੂੰ ਰਸਤੇ ਵਿਚ ਨਾ ਰੋਕ ਸਕੇ

'ਗ਼ਦਰ' ਦਾ ਪਹਿਲਾਂ ਅੰਕ ਆਉਣ ਤੋਂ ਕੁਝ ਮਹੀਨੇ ਪਹਿਲਾਂ ਕਨੇਡੀਅਨ ਸਰਕਾਰ ਨੇ ਬਰਤਾਨੀਆ ਵਿਚ ਸਥਿਤ ਇੰਡੀਆ-ਆਫਿਸ ਦੇ ਸਕੱਤਰ ਨੂੰ ਜਾਣਕਾਰੀ ਦੇਣ ਹਿਤ ਹਾੱਪਕਿਨਸਨ ਨੂੰ ਲੰਡਨ ਭੇਜਿਆ ਸੀ। ਹਾੱਪਕਿਨਸਨ ਦੁਆਰਾ ਇੱਕੱਤਰ ਕੀਤੀ ਜਾਣਕਾਰੀ ਕਨੇਡਾ ਦੇ ਉੱਚ-ਅਧਿਕਾਰੀਆਂ ਨੂੰ ਇਤਨੀ ਨਾਜ਼ੁਕ ਤੇ ਮਹੱਤਵਪੂਰਨ ਲੱਗੀ, ਕਿ ਉਸ ਨੂੰ ਨਿੱਜੀ ਤੌਰ 'ਤੇ ਦੱਸਣ ਲਈ ਉਸਨੂੰ ਲੰਡਨ ਭੇਜਿਆ ਗਿਆ। ਇਸ ਦਾ ਸਿੱਟਾ ਇਹ ਨਿਕਲਿਆ ਕਿ ਕਨੇਡੀਅਨ ਤੇ ਬਰਤਾਨਵੀ ਸਰਕਾਰਾਂ ਨੇ ਫ਼ੈਸਲਾ ਕੀਤਾ ਕਿ ਅੱਗੇ ਤੋਂ ਹਾੱਪਕਿਨਸਨ ਸਾਲ ਵਿਚੋਂ ਛੇ ਮਹੀਨੇ ਸਨਫਰਾਂਸਿਸਕੋ ਵਿਚ ਵੀ ਰਿਹਾ ਕਰੇਗਾ। ਭਾਰਤੀ-ਦਫ਼ਤਰ ਉਸਨੂੰ ਕਨੇਡੀਅਨ ਤਨਖ਼ਾਹ ਤੋਂ ਇਲਾਵਾ ਕੁਝ ਵਜ਼ੀਫਾ ਦੇਣ ਅਤੇ ਉਸਦੇ ਕੁਝ ਖ਼ਰਚਿਆਂ ਦਾ ਭੁਗਤਾਨ ਕਰਨ ਲਈ ਸਹਿਮਤ ਹੋ ਗਿਆ ਸੀ। ਇੰਡੀਆ-ਆੱਫਿਸ ਨੇ ਹਾੱਪਕਿਨਸਨ ਦਾ ਸੰਪਰਕ ਆਪਣੀ ਜਾਸੂਸੀ ਸਰਵਿਸ ਦੇ, ਇੰਡੀਅਨ ਇਮਪੀਰੀਅਲ ਪੁਲਿਸ ਦੇ ਲੰਡਨ ਵਿਚ ਸਥਿਤ ਉੱਚ-ਅਧਿਕਾਰੀ, ਜੌਹਨ ਅਰਨੌਲਡ ਵਲਿੰਗਰ (John Arnold Wallinger) ਨਾਲ ਕਰਵਾ ਦਿੱਤਾ। ਇਸ ਤਰ੍ਹਾਂ ਆਪਣਾ ਜਾਸੂਸੀ ਕੰਮ ਸ਼ੁਰੂ ਕਰਨ ਤੋਂ ਬਾਅਦ, ਪਹਿਲੀ ਵਾਰੀ ਹਾੱਪਕਿਨਸਨ ਨੂੰ ਲੰਡਨ ਤੇ ਦਿੱਲੀ ਨਾਲ ਸਿੱਧਾ ਰਾਬਤਾ ਕਾਇਮ ਕਰਨ ਦਾ ਰਸਤਾ ਮਿਲ ਗਿਆ। ਭਾਵੇਂ ਇਹ ਉਸ ਲਈ ਵਾਧੂ ਦਾ ਕੰਮ ਸੀ, ਉਹ ਮੁੱਖ ਤੌਰ 'ਤੇ ਕਨੇਡੀਅਨ ਸਿਵਲ ਅਧਿਕਾਰੀ ਰਿਹਾ ਅਤੇ ਉਪ ਗ੍ਰਹਿ ਮੰਤਰੀ ਨੂੰ ਆਪਣੀਆਂ ਰਿਪੋਰਟਾਂ ਨਿਯਮਿਤ ਤੌਰ 'ਤੇ ਭੇਜਣੀਆਂ ਜਾਰੀ ਰੱਖੀਆਂ।

ਹਾੱਪਕਿਨਸਨ ਦੀ ਨੌਕਰੀ ਦੇ ਖ਼ਾਸੇ ਕਾਰਨ, ਉਸਨੂੰ ਵੈਨਕੂਵਰ ਤੇ ਵਿਕਟੋਰੀਆ ਵਿਚ ਲਗਾਤਾਰ ਸਿੱਖਾਂ ਦੇ ਦਰਮਿਆਨ ਰਹਿਣਾ ਪੈਂਦਾ ਸੀ। ਪਰ ਉਹ ਕੈਲੀਫੋਰਨੀਆ ਵਿਚ ਭਾਰਤੀ ਰਾਸ਼ਟਰਵਾਦੀਆਂ ਵਿਚਕਾਰ ਅਤੇ ਓਟਾਵਾ, ਲੰਡਨ ਤੇ ਦਿੱਲੀ ਵਿਚ ਸਰਕਾਰੀ ਉਚ-ਹੱਲਕਿਆਂ ਵਿਚ ਵੀ ਪਹਿਚਾਣਿਆ ਜਾਣ ਲੱਗਾ ਸੀ। ਅਸਲ ਵਿਚ ਉਹ ਗ਼ਦਰ ਪਾਰਟੀ ਦੇ ਜਨਮ ਤੋਂ ਹੀ, ਇੱਛਤ-ਉਦੇਸ਼ਾਂ ਤੋਂ ਉਲਟ, ਸਾਮਰਾਜ ਲਈ ਚੁਣੌਤੀ ਬਣ ਰਹੀ ਗ਼ਦਰ ਪਾਰਟੀ ਨੂੰ ਵਿਕਸਿਤ ਕਰਨ ਵਿਚ ਮਦਦਗਾਰ ਹੋ ਰਿਹਾ ਸੀ। ਭਾਵੇਂ ਕਿ ਉਹ ਆਪਣੇ ਕੰਮ ਦੇ ਇਸ ਪ੍ਰਕਾਰ ਦੇ ਚਰਿੱਤਰ-ਚਿਤਰਣ ਨਾਲ ਸਹਿਮਤ ਨਹੀਂ ਹੋਵੇਗਾ ਦੂਸਰੇ ਸ਼ਬਦਾਂ ਵਿਚ, ਸਨਫਰਾਂਸਿਸਕੋ ਵਿਚ ਪ੍ਰਸਿਥਿਤੀਆਂ ਦੀ ਐਨੇ ਪ੍ਰਤੱਖ ਰੂਪ ਵਿਚ ਪੜ੍ਹਤਾਲ ਕਰਕੇ, ਹਾੱਪਕਿਨਸਨ ਨੇ

ਤੇ ਜਨੇਵਾ ਵਿਚ ਕੰਮ ਕਰ ਰਹੇ ਭਾਰਤੀ ਰਾਸ਼ਟਰਵਾਦੀਆਂ ਤੋਂ ਸਿੱਖੇ ਤਜ਼ਰਬੇ ਦੇ ਆਧਾਰ 'ਤੇ ਆਪਣੀ ਜਥੇਬੰਦੀ ਦੇ ਕੰਮ-ਢੰਗ ਨੂੰ ਵਿਉਂਤਿਆ। ਆਮ ਦਾਖਲੇ ਲਈ ਬਣਾਈ ਗਈ 'ਦ ਹਿੰਦੂ ਐਸੋਸੀਏਸ਼ਨ' ਨਾਮ ਦੀ ਜਥੇਬੰਦੀ ਉਹ ਆਧਾਰ ਸੀ, ਜਿਸ ਵਿਚੋਂ ਗਦਰ ਪਾਰਟੀ ਲਈ, ਅਤੇ ਅੱਗੇ ਹੋਰ ਵੀ ਉਚ-ਪੱਧਰੀ ਸੰਸਥਾ ਯੁਗਾਂਤਰ (ਨਵਾਂ ਦੌਰ) ਆਸ਼ਰਮ ਲਈ, ਮੈਂਬਰ ਚੁਣੇ ਜਾਣੇ ਸਨ। ਕਿਸੇ ਅੰਦਰਲੇ ਸਰਕਲ ਦੇ ਮੈਂਬਰ ਦੀ ਸਿਫ਼ਾਰਸ਼ ਬਿਨ੍ਹਾਂ ਕਿਸੇ ਨੂੰ ਵੀ ਪਾਰਟੀ ਦਾ ਮੈਂਬਰ ਨਹੀਂ ਬਣਾਇਆ ਜਾਂਦਾ ਸੀ ਅਤੇ ਕਿਸੇ ਵੀ ਮੈਂਬਰ ਨੂੰ ਪਹਿੱਲਾਂ ਛੇ ਮਹੀਨੇ ਤੱਕ ਆਸ਼ਰਮ ਵਿਚ ਕੰਮ ਪਿੱਛੋਂ ਹੀ ਭੇਦ ਜਾਂ ਖ਼ੁਫੀਆ ਕੰਮ ਬਾਰੇ ਦੱਸਿਆ ਜਾਂਦਾ ਸੀ। ਆਸ਼ਰਮ 'ਚੋਂ ਭੇਦ ਬਾਹਰ ਦੱਸਣ ਜਾਂ ਚੋਰੀ ਕਰਨ ਵਾਲੇ ਨੂੰ ਮਾਰ ਦਿੱਤੇ ਜਾਣ ਦਾ ਹੁਕਮ ਸੀ। ਇਰਾਦਾ ਤੇ ਵਿਚਾਰ ਜ਼ਰੂਰ ਇੰਨੇ ਕਠੋਰ ਸਨ, ਜਦ ਕਿ ਅਮਲ ਵਿਚ ਜਥੇਬੰਦੀ ਇੰਨੀ ਸਖ਼ਤ ਕਾਰਜਸ਼ੈਲੀ ਨਾਲ ਕੰਮ ਨਹੀਂ ਕਰਦੀ ਸੀ।

ਆਪਣੇ ਮੁੱਢਲੇ ਦੌਰ ਵਿਚ ਗ਼ਦਰ ਪਾਰਟੀ ਦਾ ਮੁੱਖ ਕੰਮ ਪਰਚਾਰ ਕਰਨਾ ਸੀ। ਇਹ ਲਾਲਾ ਹਰਦਿਆਲ ਦੀ ਤਰਜ਼ੀਹ ਸੀ, ਇਸ ਤੋਂ ਵੀ ਅੱਗੇ ਉਸ ਨੇ ਆਪਣਾ ਕੰਮ ਨੂੰ ਇੱਕ ਪ੍ਰਚਾਰਕ ਦੇ ਤੌਰ 'ਤੇ ਪਰਭਾਸ਼ਿਤ ਕੀਤਾ ਅਤੇ ਹਕੀਕੀ ਤੌਰ 'ਤੇ ਕਿਹਾ ਕਿ ਜਥੇਬੰਦਕ ਜਾਂ ਅਮਲੀ ਕਾਰਵਾਈ ਨਾਲੋਂ ਉਹ ਪ੍ਰਚਾਰ ਕਰਨ ਵਿਚ ਵੱਧ ਮਾਹਰ ਹੈ। ਆਪਣੇ ਹਿੰਦੂ ਤੇ ਸਿੱਖ ਸਹਾਇਕਾਂ ਅਤੇ ਕਈ ਵਿਦਿਆਰਥੀਆਂ ਦੀ ਸਹਾਇਤਾ ਨਾਲ, ਉਸਨੇ ਸੰਪਾਦਕ ਤੇ ਪਬਲਿਸ਼ਰ ਦੇ ਤੌਰ 'ਤੇ ਕੰਮ ਕਰਦੇ ਹੋਏ ਇੱਕ ਨਵੰਬਰ 1913 ਨੂੰ ਦੋ ਭਾਸ਼ਾਵਾਂ, ਉਰਦੂ ਤੇ ਗੁਰਮੁੱਖੀ ਵਿਚ, ਹੱਥ-ਲਿਖਤ ਹਫ਼ਤਾਵਾਰੀ ਅਖ਼ਬਾਰ 'ਗ਼ਦਰ' ਦਾ ਪਹਿਲਾਂ ਅੰਕ ਪ੍ਰਕਾਸ਼ਤ ਕੀਤਾ। ਜਿਸ ਵਿਚ ਉਰਦੂ ਬੌਧਿਕ ਹੱਲਕਿਆਂ ਲਈ ਤੇ ਗੁਰਮੁੱਖੀ ਪੰਜਾਬ ਦੀ ਕਥਿਤ ਕਿਸਾਨੀ ਲਈ ਸੀ ਮੁੱਖ ਲੇਖ ਨੇ ਅਖ਼ਬਾਰ ਦਾ ਉਦੇਸ਼ ਸਪਸ਼ਟ ਕੀਤਾ: "ਸਾਡਾ ਨਾਮ ਕੀ ਹੈ? ਗਦਰ ਸਾਡਾ ਕੰਮ ਕੀ ਹੈ? ਗਦਰ ਇਹ ਗਦਰ ਕਿੱਥੇ ਸ਼ੁਰੂ ਹੋਵੇਗਾ? ਭਾਰਤ ਵਿਚ ਇਹ ਕਦੋਂ ਸ਼ੁਰੂ ਹੋਵੇਗਾ? ਕੁਝ ਸਾਲਾਂ ਵਿਚ। ਇਹ ਕਿਉਂ ਸ਼ੁਰੂ ਹੋਵੇਗਾ? ਕਿਉਂਕਿ ਲੋਕ ਬਰਤਾਨਵੀ ਸ਼ਾਸਨ ਵਲੋਂ ਕੀਤੇ ਜਾ ਰਹੇ ਜ਼ਬਰ ਤੇ ਜ਼ੁਲਮ ਨੂੰ ਹੋਰ ਨਹੀਂ ਸਹਿ ਸਕਦੇ। ਅਤੇ ਉਹ ਆਜ਼ਾਦੀ ਲਈ ਲੜਨ ਤੇ ਮਰਨ ਲਈ ਤਿਆਰ ਹਨ।" ਲਾਲਾ ਹਰਦਿਆਲ ਤੇ ਉਸ ਦੇ ਸਾਥੀ 'ਗ਼ਦਰ' ਅਖ਼ਬਾਰ ਦੀਆਂ ਪੱਥਰ-ਛਾਪੇ ਵਾਲੀਆਂ ਕਾਪੀਆਂ ਆਪਣੀ ਹਿੰਦੂ (ਯਾਨੀ ਭਾਰਤੀ) ਐਸੋਸੀਏਸ਼ਨ ਦੇ ਹਿੰਦੂ, ਮੁਸਲਿਮ ਤੇ ਬਹੁਗਿਣਤੀ ਸਿੱਖ ਮੈਂਬਰਾਂ ਨੂੰ ਵੰਡਦੇ-ਜੋ ਗ਼ਦਰ ਪਾਰਟੀ ਦੀ ਰਸਮੀ ਸ਼ੁਰੂਆਤ ਦੀ ਅਗਰਗਾਮੀ ਕਾਰਵਾਈ ਸੀ। ਪੂਰੇ ਪੈਸੇਫਿਕ ਕੰਢੇ ਉੱਪਰ ਰਹਿੰਦੇ ਸਿੱਖ ਕਾਮਿਆਂ ਦੀਆਂ ਮੀਟਿੰਗਾਂ ਵਿਚ ਗ਼ਦਰ ਅਖ਼ਬਾਰ ਪੜ੍ਹ ਕੇ ਸੁਣਾਇਆ ਜਾਂਦਾ ਸੀ। ਭਾਗ ਸਿੰਘ ਭਿੱਖੀਵਿੰਡ ਨੇ ਇਸਨੂੰ ਵੈਨਕੂਵਰ ਦੇ ਗੁਰਦੁਵਾਰੇ ਵਿਚ ਉੱਚੀ ਆਵਾਜ਼ ਵਿਚ ਪੜ੍ਹ ਕੇ ਸੁਣਾਇਆ। ਉਸ ਨੇ ਆਪਣੇ ਸਰੋਤਿਆਂ ਨੂੰ ਕਿਹਾ ਕਿ ਉਹ ਲਾਲਾ ਹਰਦਿਆਲ ਦੇ

ਇਸ ਮਸਲੇ ਦਾ ਕੋਈ ਸਾਰਥਕ ਸਿੱਟਾ ਆਉਣ ਤੱਕ ਇੰਤਜ਼ਾਰ ਕਰਨ ਦਾ ਹੌਸਲਾ ਨਾ ਦਿਖਾਇਆ। ਓਟਾਵਾ ਤੇ ਲੰਡਨ ਦੇ ਸੱਤਾ ਦੇ ਗਲਿਆਰਿਆਂ ਵਿਚ ਇਸ ਕੇਸ ਦਾ ਪੂਰਾ ਸਿਹਰਾ ਹਾੱਪਕਿਨਸਨ ਸਿਰ ਬੰਨਿਆ ਜਾ ਰਿਹਾ ਸੀ। ਇਸ ਦੇ ਬਿਲਕੁਲ ਉਲਟ, ਗ਼ਦਰ ਪਾਰਟੀ ਅੰਦਰ ਉਸ ਨੂੰ ਇਸ ਦਾ ਦੋਸ਼ੀ ਗਰਦਾਨੀਆ ਜਾ ਰਿਹਾ ਸੀ।

ਬ੍ਰਿਟਿਸ਼ ਕੋਲੰਬੀਆ ਤੋਂ ਬਾਹਰ ਹਾੱਪਕਿਨਸਨ ਦੇ ਕੰਮ ਦੀ ਇਹੀ ਪਹਿਚਾਣ ਸੀ। ਸੂਬੇ ਵਿਚ ਇੱਕ ਇਮੀਗਰਸ਼ਨ ਇੰਸਪੈਕਟਰ ਤੇ ਦੁਭਾਸ਼ੀਏ ਵਜੋਂ, ਉਹ ਭਾਰਤੀ ਬਰਾਦਰੀ ਦੀ ਲੀਡਰਸ਼ਿਪ ਤੇ ਇਮੀਗਰਸ਼ਨ ਅਧਿਕਾਰੀਆਂ ਦਰਮਿਆਨ ਹੋਣ ਵਾਲੀ ਤਕਰੀਬਨ ਹਰ ਮੀਟਿੰਗ ਵਿਚ ਹਾਜ਼ਰ ਹੁੰਦਾ ਸੀ। ਉਹ ਬਦਤਰ ਤੋਂ ਹੋਰ ਜ਼ਿਆਦਾ ਬਦਤਰ ਹੋ ਰਹੇ ਰਿਸ਼ਤਿਆਂ ਦੇ ਦੌਰ ਵਿਚ, ਹਰ ਸਮੇਂ ਸਾਹਮਣੇ ਨਜ਼ਰ ਆਉਣ ਵਾਲਾ ਅਧਿਕਾਰੀ ਸੀ। ਅਤੇ ਭਾਈਚਾਰੇ ਦੀ ਲੀਡਰਸ਼ਿਪ ਉਸਨੂੰ ਆਪਣੀਆਂ ਮੁਸ਼ਕਿਲਾਂ ਲਈ ਪ੍ਰਮੁੱਖ ਦੋਸ਼ੀ ਮੰਨਦੀ ਸੀ। ਉਹ ਸ਼ਿਕਾਇਤ ਕਰਦੇ ਕਿ "ਹਿੰਦੂਆਂ(ਭਾਰਤੀਆਂ) ਦੀ ਨਜ਼ਰ ਵਿਚ ਤਾਂ ਪ੍ਰਸ਼ਾਂਤ ਮਹਾਂਸਾਗਰ ਦੇ ਕੰਢੇ ਉੱਪਰ ਮਿਸਟਰ ਹਾੱਪਕਿਨਸਨ ਦਾ ਹੀ ਰਾਜ ਹੈ।" ਇੱਥੇ ਉਹ ਗਲਤ ਸਨ ਕਿਉਂਕਿ ਹਾੱਪਕਿਨਸਨ ਇਮੀਗਰੇਸ਼ਨ ਵਿਭਾਗ ਦੇ ਉੱਚ-ਅਧਿਕਾਰੀਆਂ ਦੀਆਂ ਹਿਦਾਇਤਾਂ ਅਨੁਸਾਰ ਕੰਮ ਕਰਦਾ ਸੀ, ਅਤੇ ਸਾਰੇ ਹਾਲਾਤ ਉਸ ਦੀ ਹੈਸੀਅਤ ਤੋਂ ਕਿਤੇ ਵੱਡੇ ਸਨ। ਪਰ ਭਾਰਤੀ ਬਰਾਦਰੀ ਆਪਣੇ ਗੁੱਸੇ ਤੇ ਝੁੰਜਲਾਹਟ ਨੂੰ ਪਰਗਟ ਕਰਨ ਲਈ ਉਸ ਬਾਰੇ ਇਹ ਸਭ ਬੋਲਦੀ ਰਹਿੰਦੀ ਸੀ ਅਤੇ ਵੈਨਕੂਵਰ ਇਮੀਗਰੇਸ਼ਨ ਦਫ਼ਤਰ ਦੇ ਕੰਮ ਢੰਗ ਨਾਲ ਉਨ੍ਹਾਂ ਦਾ ਤਜਰਬਾ ਬਿਲਕੁਲ ਮੇਲ ਖਾਂਦਾ ਸੀ। ਇਮੀਗਰੈਂਟਾਂ ਤੇ ਅਧਿਕਾਰੀਆਂ ਵਿਚਕਾਰ ਤਕਰਾਰਬਾਜ਼ੀ ਜਾਤੀ ਤੇ ਜਜ਼ਬਾਤੀ ਹੋ ਗਈ ਸੀ।

ਬ੍ਰਿਟਿਸ਼ ਕੋਲੰਬੀਆ ਵਿਚ 1913 ਦੇ ਅਖੀਰਲੇ ਮਹੀਨਿਆਂ ਵਿਚ ਲੱਗਭਗ ਇੱਕੋ ਸਮੇਂ ਵਾਪਰੀਆਂ ਦੋ ਘਟਨਾਵਾਂ ਨੇ ਭਾਰਤੀ ਭਾਈਚਾਰੇ ਨੂੰ ਪ੍ਰੇਸ਼ਾਨ ਤੇ ਉਤੇਜਿਤ ਕਰ ਦਿੱਤਾ ਸੀ। ਇੱਕ ਸੀ, ਖਿੱਚ-ਪਾਊ ਸਖ਼ਸ਼ੀਅਤ ਦੇ ਮਾਲਕ ਤੇ ਪ੍ਰਮੁੱਖ ਰਾਸ਼ਟਰਵਾਦੀ ਨੇਤਾ ਭਗਵਾਨ ਸਿੰਘ ਜੱਖ ਦਾ ਦੇਸ਼-ਨਿਕਾਲਾ। ਅਤੇ ਦੂਸਰੀ ਘਟਨਾ ਸੀ, ਪਾਨਾਮਾ-ਮਾਰੂ ਜਹਾਜ਼ ਦੇ ਸਿੱਖ ਮੁਸਾਫਿਰਾਂ ਦਾ ਕਾਨੂੰਨੀ ਕੇਸ। ਪਹਿਲੇ ਕੇਸ ਦੀ ਕੇਂਦਰੀ ਸਖ਼ਸ਼ੀਅਤ ਭਗਵਾਨ ਸਿੰਘ ਜੱਖ, ਹਿੰਦੂ ਬ੍ਰਾਹਮਣ (ਪੁਰਾਣੇ ਵਿਰਸੇ ਵਾਲਾ ਇੱਕ ਪੁਜਾਰੀ) ਪਰਿਵਾਰ 'ਚੋਂ ਸਿੱਖ ਬਣਿਆ, ਇੱਕ 29 ਸਾਲਾ ਨੌਜਵਾਨ ਸੀ। ਭਗਵਾਨ ਸਿੰਘ ਨੇ ਕੀਰਤਨੀਏ ਤੇ ਗ੍ਰੰਥੀ ਵਜੋਂ ਪੂਰੀ ਸਿੱਖਿਆ ਦੇ ਨਾਲ-ਨਾਲ ਬਹੁਤ ਉੱਚ ਪੱਧਰ ਦੀ ਸਾਹਿਤਕ ਵਿੱਦਿਆ ਵੀ ਹਾਸਲ ਕੀਤੀ ਹੋਈ ਸੀ। ਉਸ ਨਾਲ ਜ਼ੋਰ-ਅਜ਼ਮਾਈ ਕਰਨ ਬਾਰੇ ਸੋਚਣ ਵਾਲੇ ਕਿਸੇ ਸ਼ਖ਼ਸ ਲਈ ਇਹ ਇੱਕ ਮਹੱਤਵ-ਪੂਰਨ ਜਾਣਕਾਰੀ ਹੋ ਸਕਦੀ ਸੀ। ਕਿ ਰਵਾਇਤੀ ਪੰਜਾਬੀ ਕੁਸ਼ਤੀ ਵਿਚ ਵੀ ਉਸ ਦਾ ਚੰਗਾ-ਖਾਸਾ ਤਜ਼ਰਬਾ ਸੀ। 22 ਸਾਲ ਦੀ ਉਮਰ ਹੋਣ ਤੱਕ ਉਸ ਨੇ

ਅਣਚਾਹੇ ਤੌਰ ਤੇ, ਗ਼ਦਰ ਪਾਰਟੀ ਮੈਂਬਰਾਂ ਨੂੰ ਉਨ੍ਹਾਂ ਦੇ ਕੰਮਾਂ ਦੀ ਅਹਿਮੀਅਤ ਦਾ ਅਹਿਸਾਸ ਕਰਵਾ ਦਿੱਤਾ ਸੀ। ਦੂਰ-ਦੁਰਾਡੇ ਕੈਲੀਫੋਰਨੀਆ ਵਿਚ ਵੀ, ਸਾਮਰਾਜ ਦੇ ਏਜੰਟਾਂ ਨੇ ਗ਼ਦਰ ਪਾਰਟੀ ਨੂੰ ਗੰਭੀਰਤਾ ਨਾਲ ਲੈਣਾ ਸ਼ੁਰੂ ਕਰ ਦਿੱਤਾ ਸੀ।

ਸੰਨ 1913-14 ਦੀ ਸਰਦੀ ਰੁੱਤੇ, ਹਾੱਪਕਿਨਸਨ ਤੀਸਰੀ ਵਾਰ ਕੈਲੀਫੋਰਨੀਆ ਗਿਆ ਸੀ। ਆਪਣੀ ਰਿਹਾਇਸ਼ ਲਈ ਉਸਨੇ ਔਕਲੈਂਡ ਇਲਾਕੇ ਵਿਚ, ਸਜਿਆ-ਸਜਾਇਆ ਇੱਕ ਮਕਾਨ ਕਿਰਾਏ 'ਤੇ ਲੈ ਲਿਆ ਸੀ। ਅਤੇ ਆਪਣੇ ਬੱਚਿਆਂ ਤੇ ਪਤਨੀ ਨੂੰ ਵੀ ਨਾਲ ਲੈ ਆਇਆ ਸੀ। ਇਸ ਵਕਤ ਉਸ ਲਈ ਸਭ ਅੱਛਾ ਚਲ ਰਿਹਾ ਸੀ। ਅਤੇ ਉਹ ਆਪਣੇ ਜਾਸੂਸ। ਦੇ ਕੰਮ ਦੇ ਨਾਲ-ਨਾਲ, ਪਰਿਵਾਰ ਸਮੇਤ ਕੈਲੀਫੋਰਨੀਆ ਦੀ ਸੈਰ ਦਾ ਆਨੰਦ ਵੀ ਲੈ ਰਿਹਾ ਸੀ। ਪਰ ਉਸ ਦੀ ਅੰਗਰੇਜ਼ ਪਤਨੀ, ਕੈਲੀਫੋਰਨੀਆ ਦੀ ਨਿੱਘੀ ਸਰਦ ਰੁੱਤ ਦਾ ਆਨੰਦ ਲੈਣ ਲਈ, ਵੈਨਕੂਵਰ ਛੱਡ ਕੇ ਜ਼ਰੂਰ ਖੁਸ਼ ਹੋਈ ਹੋਵੇਗੀ, ਕਿਉਂਕਿ ਹਾੱਪਕਿਨਸਨ ਦੀ ਮੌਤ ਦੇ ਕਈ ਸਾਲ ਬਾਅਦ ਉਹ ਪੱਕੇ ਤੌਰ 'ਤੇ ਕੈਲੀਫੋਰਨੀਆ ਵਿਚ ਵਸ ਗਈ ਸੀ। ਸਨਫਰਾਂਸਿਸਕੋ, ਔਕਲੈਂਡ ਤੇ ਬਰਕਲੇ ਦੇ ਇਲਾਕਿਆਂ ਵਿਚ ਹਾੱਪਕਿਨਸਨ ਦਾ ਮੁੱਖ ਨਿਸ਼ਾਨਾ ਲਾਲਾ ਹਰਦਿਆਲ ਸੀ ਅਤੇ ਉਸ ਦਾ ਮੁੱਢਲਾ ਉਦੇਸ਼ ਉਸਨੂੰ ਅਮਰੀਕਾ 'ਚੋਂ ਬਾਹਰ ਕਢਵਾਉਣ ਦਾ ਸੀ। ਇਸ ਕੰਮ ਲਈ ਉਸਨੂੰ ਲਾਲਾ ਹਰਦਿਆਲ ਦੀਆਂ ਬ੍ਰਿਟਿਸ਼ ਵਿਰੋਧੀ ਕਾਰਵਾਈਆਂ ਦੀ ਲਿਸਟ ਤੋਂ ਇਲਾਵਾ, ਅਮਰੀਕਾ ਨੂੰ ਸੌਂਪਣ ਲਈ ਕੁਝ ਹੋਰ ਸਬੂਤਾਂ ਦੀ ਵੀ ਲੋੜ ਸੀ। ਇਸ ਕੰਮ ਲਈ ਉਸ ਨੇ ਲਾਲਾ ਹਰਦਿਆਲ ਦੇ ਅਰਾਜਕਤਾਵਾਦ (Anarchism) ਸਬੰਧੀ ਲੇਖਾਂ ਅਤੇ ਗਰਮਖਿਆਲੀ ਜਥੇਬੰਦੀ "ਇੰਡਟਰੀਅਲ ਵਰਕਰਜ਼ ਆਫ਼ ਵਰਲਡ' ਨਾਲ ਉਸ ਦੇ ਸਬੰਧਾਂ ਉੱਪਰ ਆਪਣਾ ਧਿਆਨ ਕੇਂਦਰਿਤ ਕਰਨਾ ਸ਼ੁਰੂ ਕੀਤਾ। ਹਾੱਪਕਿਨਸਨ ਵਲੋਂ ਦਿੱਤੇ ਸਬੂਤਾਂ ਦੇ ਆਧਾਰ 'ਤੇ ਅਮਰੀਕਨ ਇਮੀਗਰੇਸ਼ਨ ਅਧਿਕਾਰੀਆਂ ਨੇ ਲਾਲਾ ਹਰਦਿਆਲ ਨੂੰ ਮਾਰਚ 1914 ਦੇ ਅਖੀਰ ਵਿਚ ਗਰਿਫ਼ਤਾਰ ਕਰ ਲਿਆ ਅਤੇ ਦੇਸ਼-ਨਿਕਾਲਾ ਦੇਣ ਲਈ ਕਾਰਵਾਈ ਸ਼ੁਰੂ ਕਰ ਦਿੱਤੀ। ਜਦ ਅਮਰੀਕੀ ਅਧਿਕਾਰੀਆਂ ਨੂੰ ਪਤਾ ਲੱਗਿਆ ਕਿ ਉਹ ਤਿੰਨ ਸਾਲਾਂ ਤੋਂ ਦੇਸ਼ ਵਿਚ ਰਹਿ ਰਿਹਾ ਸੀ ਅਤੇ ਪੱਕੀ ਨਾਗਰਿਕਤਾ ਲਈ ਦਾਅਵਾ ਪੇਸ਼ ਕਰ ਸਕਦਾ ਸੀ। ਤਾਂ ਉਨ੍ਹਾਂ ਨੇ ਉਸ ਨੂੰ ਜ਼ਮਾਨਤ ਉੱਪਰ ਰਿਹਾ ਕਰ ਦਿੱਤਾ। ਪਰ ਹਾੱਪਕਿਨਸਨ ਨੇ ਇਸ ਕੇਸ ਦੀ ਪੈਰਵਾਈ ਜਾਰੀ ਰੱਖੀ ਅਤੇ ਉਹ ਵਾਸ਼ਿੰਗਟਨ ਜਾ ਕੇ ਅਮਰੀਕਨ ਇਮੀਗਰੇਸ਼ਨ ਵਿਭਾਗ ਦੇ ਕਮਿਸ਼ਨਰ-ਜਨਰਲ ਐਂਥਨੀ ਕਾਮੀਨੇਤੀ (Anthony Caminetti) ਅੱਗੇ ਪੇਸ਼ ਹੋਇਆ। ਕਾਮੀਨੇਤੀ (Anthony Caminetti) ਕੈਲੀਫੋਰਨੀਆ ਦਾ ਇੱਕ ਮਸ਼ਹੂਰ ਰਾਜਸੀ ਆਗੂ ਸੀ। ਜੋ ਏਸ਼ੀਅਨ ਇਮੀਗਰੇਸ਼ਨ ਦੇ ਸਖ਼ਤ ਉਲਟ ਸੀ। ਇਸੇ ਦੌਰਾਨ ਘਬਰਾਏ ਹੋਏ ਲਾਲਾ ਹਰਦਿਆਲ ਨੇ ਯੂਰਪ ਲਈ ਚਾਲੇ ਪਾ ਦਿੱਤੇ ਅਤੇ ਫਿਰ ਕਦੇ ਅਮਰੀਕਾ ਵਾਪਸ ਨਾ ਆਇਆ। ਉਸ ਦੇ ਕੇਸ ਦੀ ਖ਼ੂਬ ਚਰਚਾ ਹੋਈ ਸੀ। ਪਰ ਲਾਲਾ ਹਰਦਿਆਲ ਨੇ

(ਮਾਤਾ ਨੂੰ ਸਲਾਮ) ਨੂੰ ਗ੍ਰਹਿਣ ਕਰਨ। ਉਹ ਚਾਹੁੰਦਾ ਸੀ। ਕਿ ਸਿੱਖ ਆਪਣੇ ਪ੍ਰਚੱਲਤ ਸੁਆਗਤੀ ਨਾਹਰੇ 'ਵਾਹਿਗੁਰੂ ਜੀ ਦੀ ਫਤਹ' ਦਾ ਤਿਆਗ ਕਰ ਦੇਣ, ਕਿਉਂਕਿ ਇਹ ਸੁਆਗਤੀ ਚਿੰਨ ਕੌਮੀ ਨਾ ਹੋ ਕੇ ਸਿਰਫ਼ ਸਿੱਖਾਂ ਤੱਕ ਸੀਮਿਤ ਸੀ। ਅਤੇ ਉਹ ਚਾਹੁੰਦਾ ਸੀ ਕਿ ਸਿੱਖ ਰਾਸ਼ਟਰੀ ਸੋਚ ਧਾਰਨ ਕਰਨ ਉਸ ਨੇ ਕਿਹਾ ਕਿ ਕਨੇਡਾ ਵਿਚਲੇ ਸਿੱਖ ਵਾਪਸ ਭਾਰਤ ਜਾਕੇ ਬਰਤਾਨੀਆ ਵਿਰੋਧੀ ਲੜਾਈ ਵਿਚ ਹਿੱਸਾ ਲੈਣ। ਜਦੋਂ ਉਸ ਨੇ ਇਹ ਸਭ ਕਿਹਾ ਤਾਂ ਭਾਗ ਸਿੰਘ ਭਿੱਖੀਵਿੰਡ ਅਤੇ ਦੂਸਰੇ ਕਾਰਕੁੰਨਾਂ ਨੇ ਖੜ੍ਹੇ ਹੋ ਕੇ ਅਗੇ ਤੋਂ ਅਜਿਹਾ ਕਰਨ ਦਾ ਵਾਅਦਾ ਕੀਤਾ ਸੀ।

ਸੰਖੇਪ ਵਿਚ ਭਗਵਾਨ ਸਿੰਘ ਜੱਖ ਬ੍ਰਿਟਿਸ਼ ਕੋਲੰਬੀਆ ਦੇ ਸਿੱਖਾਂ ਵਿਚ ਬਹੁਤ ਤਾਕਤਵਰ ਪ੍ਰਭਾਵਸ਼ਾਲੀ ਸ਼ਖ਼ਸੀਅਤ ਬਣ ਗਿਆ ਸੀ। ਪਰ ਦੂਜੇ ਪਾਸੇ ਤਾਕਤਵਰ ਫੁੱਟਪਾਊਆਂ ਨੇ ਵੀ ਉਸ ਸਬੰਧੀ ਕਈ ਪ੍ਰਕਾਰ ਦੇ ਵਿਵਾਦ ਪੈਦਾ ਕਰਕੇ ਕੁਝ ਸਿੱਖਾਂ ਨੇ ਉਸ ਦੇ ਸਿੱਖ ਰਹਿਤ ਮਰਿਆਦਾ ਵਿਚ ਪੇਤਲੇ ਵਿਸ਼ਵਾਸ ਨੂੰ ਲੈ ਕੇ, ਉਸਦੀ ਨੁਕਤਾਚੀਨੀ ਕੀਤੀ। ਕੁਝ ਸਾਲ ਪਹਿਲਾਂ ਗਰਿਫ਼ਤਾਰੀ ਤੋਂ ਬਚਣ ਲਈ, ਵਕਤੀ ਤੌਰ 'ਤੇ ਆਪਣੀ ਪਹਿਚਾਣ ਛੁਪਾਉਣ ਲਈ, ਉਸ ਨੇ ਆਪਣੇ ਕੇਸ ਕੱਟ ਲਏ ਸਨ ਅਤੇ ਦਾਹੜੀ ਸਫ਼ਾ ਚੱਟ ਕਰਵਾ ਲਈ ਸੀ। ਜਿਸ ਦਾ ਇਹ ਪ੍ਰਭਾਵ ਬਣਿਆ ਕਿ ਗ੍ਰੰਥੀ ਹੋਣ ਦੇ ਬਾਵਜੂਦ ਉਹ ਇੱਕ ਚੰਗਾ ਸਿੱਖ ਨਹੀਂ ਸੀ। ਉਸ ਦੇ ਜੁਝਾਰੂ ਕਿਸਮ ਦੇ ਰਾਸ਼ਟਰਵਾਦ ਤੇ ਸਪੱਸ਼ਟ ਬਰਤਾਨੀਆ-ਵਿਰੋਧੀ ਤਕਰੀਰਾਂ ਕਾਰਨ, ਕਨੇਡਾ ਵਿਚ ਪੱਕੇ ਤੌਰ 'ਤੇ ਰਹਿਣ ਅਤੇ ਕਨੇਡੀਅਨ ਸਰਕਾਰ ਨੂੰ ਨਰਾਜ਼ ਨਾ ਕਰਨ ਦੇ ਇੱਛੁਕ ਇਮੀਗਰੈਂਟ, ਚਿੰਤਾਤੁਰ ਸਨ। ਅਤੇ ਬਰਾਦਰੀ ਵਿਚਲਾ ਹਾੱਪਕਿਨਸਨ ਸਮੂਹ-ਸੂਹੀਏ ਤੇ ਉਹਨਾਂ ਦੇ ਦੋਸਤ ਤੇ ਰਿਸ਼ਤੇਦਾਰ-ਕੁਦਰਤੀ ਤੌਰ 'ਤੇ ਨਰਾਜ਼ ਸਨ। ਭਾਵੇਂ ਕਿ ਉਨ੍ਹਾਂ 'ਚੋਂ ਕੁਝ ਕੁ ਖੁਲ੍ਹੇ ਤੌਰ 'ਤੇ ਬੋਲਦੇ ਵੀ ਸਨ ਅਤੇ ਕੁੱਝ ਚੁੱਪ ਸਨ। ਸਿੱਟੇ ਵਜੋਂ ਭਗਵਾਨ ਸਿੰਘ ਜੱਖ ਦੁਆਰਾ ਸਿੱਖਾਂ ਵਿਚ ਪੈਦਾ ਕੀਤੀ ਗਈ ਉਤੇਜਨਾ ਨੇ ਵੈਨਕੂਵਰ ਇਮੀਗਰੇਸ਼ਨ ਦਫ਼ਤਰ ਦਾ ਧਿਆਨ ਝੱਟਪਟ ਉਸ ਵੱਲ ਖਿੱਚਿਆ।

ਪਰ ਇਮੀਗਰੇਸ਼ਨ ਅਧਿਕਾਰੀਆਂ ਲਈ ਇਸ ਗੱਲ ਦਾ ਸਬੂਤ ਪੇਸ਼ ਕਰਨਾ ਐਨਾ ਸੌਖਾ ਨਹੀਂ ਸੀ। ਕਿ ਭਗਵਾਨ ਸਿੰਘ ਜੱਖ ਧੋਖੇ ਨਾਲ ਕਨੇਡਾ ਵਿਚ ਦਾਖਲ ਹੋਇਆ ਸੀ। ਲੋਕ ਨਿੱਜੀ ਪੱਧਰ 'ਤੇ ਅਜਿਹੀਆਂ ਗੱਲਾਂ ਕਹਿੰਦੇ ਸਨ, ਪਰ ਗਵਾਹੀ ਦੇਣ ਲਈ ਕੋਈ ਅੱਗੇ ਨਹੀਂ ਆਉਂਦਾ ਸੀ। ਬਰਾਦਰੀ ਦੀਆਂ ਅੱਖਾਂ ਚ ਰੜਕਦੇ ਬੇਲਾ ਸਿੰਘ ਜ਼ਿਆਨ ਨੇ ਵੀ ਭਗਵਾਨ ਸਿੰਘ ਜੱਖ ਵਾਲੇ ਜਹਾਜ਼ ਰਾਹੀਂ ਸਫ਼ਰ ਕੀਤਾ ਸੀ ਅਤੇ ਇਹ ਗੱਲ ਅਕਸਰ ਸੁਣੀ ਜਾਂਦੀ ਸੀ ਕਿ ਉਸ ਨੇ ਹੀ ਹਾੱਪਕਿਨਸਨ ਨੂੰ ਭਗਵਾਨ ਸਿੰਘ ਜੱਖ ਬਾਰੇ ਸੂਹ ਦਿੱਤੀ ਸੀ। ਪਰ 30 ਸਤੰਬਰ 1913 ਨੂੰ 'ਪਰਿਂਸ ਆਫ਼ ਰੱਸ਼ੀਆ' ਜਹਾਜ਼ ਦੇ ਵਾਪਸ ਵੈਨਕੂਵਰ ਆਉਣ 'ਤੇ ਇਮੀਗਰੇਸ਼ਨ ਅਧਿਕਾਰੀਆਂ ਨੇ ਭਗਵਾਨ ਸਿੰਘ ਜੱਖ ਨੂੰ ਗਰਿਫ਼ਤਾਰ ਕਰਕੇ ਦੇਸ਼-ਨਿਕਾਲਾ ਦੇ ਦਿੱਤਾ। 'ਪਰਿਂਸ ਆਫ਼ ਰੱਸ਼ੀਆ' ਦੀ ਬੰਦਰਗਾਹ ਵਿਚ ਮੌਜੂਦਗੀ ਦੌਰਾਨ ਜਹਾਜ਼

ਉਰਦੂ ਤੇ ਪੰਜਾਬੀ ਸਾਹਿਤ, ਸਿੱਖ ਇਤਿਹਾਸ ਤੇ ਪਰੰਪਰਾ, ਸਿੱਖ ਧਾਰਮਿਕ ਸੰਗੀਤ ਅਤੇ ਹਿੰਦੂ ਫਿਲਾਸਫ਼ੀ ਦਾ ਅਧਿਐਨ ਕਰ ਲਿਆ ਸੀ। ਇੱਕ ਧਾਰਮਿਕ ਅਧਿਆਪਕ ਤੇ ਪੁਜਾਰੀ ਦਾ ਕੰਮ ਕਰਨ ਲਈ ਉਹ ਪੂਰੀ ਤਰਾਂ ਤਿਆਰ ਸੀ ਅਸਲ ਵਿਚ ਉਸ ਨੇ ਬਹੁਤ ਥੋੜ੍ਹੇ ਜਿਹੇ ਸਮੇਂ ਲਈ ਪੰਜਾਬ ਦੇ ਇੱਕ ਸਿੱਖ ਕਾਲਜ ਵਿਚ ਪੜ੍ਹਾਇਆ ਵੀ ਸੀ (ਪਗੜੀ ਸੰਭਾਲ ਜੱਟਾ) ਬ੍ਰਿਟਿਸ਼ ਵਿਰੋਧੀ ਲਹਿਰ ਸੀ ਜੋ ਪੇਂਡੂ ਪੰਜਾਬ ਵਿਚ ਸੰਨ 1907 ਵਿਚ ਜ਼ਮੀਨੀ ਟੈਕਸਾਂ ਦੇ ਮਸਲੇ 'ਤੇ ਉਭਰੀ ਸੀ। ਇਹ ਉਸ ਦੀ ਜ਼ਿੰਦਗੀ ਦਾ ਰੁੱਖ ਬਦਲ ਕੇ ਉਸ ਨੂੰ ਇੱਕ ਜੁਝਾਰੂ ਸਿਆਸੀ ਕਾਰਕੁੰਨ ਬਣਾਉਣ ਵਾਲੀ ਸੀ। ਉਸ ਦੇ ਆਪਣੇ ਦੱਸਣ ਮੁਤਾਬਕ, ਗਰਿਫ਼ਤਾਰੀ ਤੋਂ ਬਚਣ ਲਈ ਉਸ ਨੇ ਕੁੱਝ ਸਾਲਾਂ ਬਾਅਦ ਹਿੰਦੁਸਤਾਨ ਛੱਡ ਦਿੱਤਾ ਅਤੇ ਪਿਨਾਂਗ ਚਲਾ ਗਿਆ ਜਿੱਥੇ ਉਸ ਨੇ ਗੁਰਦਵਾਰੇ ਵਿਚ ਗ੍ਰੰਥੀ ਦੇ ਤੌਰ 'ਤੇ ਕੰਮ ਕੀਤਾ ਅਤੇ ਫਿਰ ਹਾਂਗਕਾਂਗ ਚਲਾ ਗਿਆ ਜਿੱਥੇ ਉਸਨੇ ਗੁਰਦਵਾਰੇ ਦੇ ਮੁੱਖ ਗ੍ਰੰਥੀ ਦਾ ਕੰਮ ਸੰਭਾਲਿਆ।

ਉਸਦੀ ਅਜਿਹੀ ਪੜ੍ਹਾਈ ਤੇ ਸਿੱਖਿਆ ਦੇ ਬਾਵਜੂਦ ਭਗਵਾਨ ਸਿੰਘ ਜੱਖ ਧਾਰਮਿਕ ਬਿਰਤੀ ਦਾ ਵਿਅਕਤੀ ਨਹੀਂ ਸੀ। ਉਹ ਇੱਕ ਗ੍ਰੰਥੀ ਦਾ ਰਸਮੀ ਕੰਮ ਅਤੇ ਇਸ ਨਾਲ ਜੁੜੀਆਂ ਹੋਈਆਂ ਰਹੁ-ਰੀਤਾਂ ਨੂੰ ਬਹੁਤ ਹੀ ਸ਼ਰਧਾ ਪੂਰਵਿਕ ਢੰਗ ਨਾਲ ਨਿਭਾਅ ਸਕਦਾ ਸੀ। ਪਰ ਗੁਰਦਵਾਰੇ ਦੀ ਸਟੇਜ ਤੋਂ ਬੋਲਣ ਸਮੇਂ, ਉਸ ਦੇ ਕੌਮੀ ਸਿਆਸੀ ਸੁਨੇਹੇ ਰਾਹੀਂ ਉਸਦੀ ਦਿਲੀ ਤਮੰਨਾ ਤੇ ਪ੍ਰਤੀਬੱਧਤਾ ਉਜਾਗਰ ਹੋ ਜਾਂਦੀ ਸੀ। ਉਸ ਨੇ ਪਿਨਾਂਗ ਅਤੇ ਫਿਰ ਹਾਂਗਕਾਂਗ ਵਿਚ ਇਤਨੀਆਂ ਜੋਸ਼ ਭਰੀਆਂ ਤਕਰੀਰਾਂ ਕੀਤੀਆਂ ਜਿੰਨਾਂ ਨੂੰ ਸੁਣ ਕੇ, ਉਸਦੀ ਪੂਰੀ ਠਹਿਰ ਦੌਰਾਨ, ਹਾਂਗਕਾਂਗ ਦੀ ਸਿੱਖ ਕਲੋਨੀ ਬਹੁਤ ਉਤੇਜਿਤ ਰਹੀ। ਹਾਂਗਕਾਂਗ ਵਿਚਲੇ ਸਿੱਖ ਫੌਜਿਆਂ ਨੂੰ ਬਗਾਵਤ ਲਈ ਉਕਸਾਉਣ ਦੇ ਦੋਸ਼ ਵਿਚ ਉਸਨੂੰ ਦੋ ਵਾਰ ਗ੍ਰਿਫ਼ਤਾਰ ਕੀਤਾ ਗਿਆ ਅਤੇ ਅਖੀਰ ਮਈ 1913 ਵਿਚ ਅਧਿਕਾਰੀਆਂ ਨੇ ਉਸਨੂੰ ਕਲੋਨੀ ਛੱਡਣ ਲਈ ਮਜ਼ਬੂਰ ਕਰ ਦਿੱਤਾ ਸੀ। ਹਾਂਗਕਾਂਗ ਵਿਚਲੇ ਸਿੱਖ ਹਮਾਇਤੀਆਂ ਨੇ ਉਸਨੂੰ ਸ਼ਾਨਦਾਰ ਵਿਦਾਇਗੀ ਦਿੱਤੀ ਅਤੇ ਕੁਝ ਹਫ਼ਤਿਆਂ ਬਾਅਦ ਕਿਸੇ ਦੂਸਰੇ ਵਿਅਕਤੀ ਦੀ ਪਹਿਚਾਣ ਹੇਠ, ਇੱਕ ਗ਼ੈਰ-ਕਾਨੂੰਨੀ ਇਮੀਗਰੇਂਟ ਵਜੋਂ ਉਹ, ਸੀ.ਪੀ.ਆਰ ਦੇ 'ਐਸ.ਐਸ. ਪਰਿੰਸ ਆਫ਼ ਰਸ਼ੀਆ' ਨਾਮਕ ਜਹਾਜ਼ 'ਤੇ ਸਵਾਰ ਹੋ ਕੇ ਵਿਕਟੋਰੀਆ ਪਹੁੰਚ ਗਿਆ ਸੀ। ਰਟੇ-ਰਟਾਏ ਜਵਾਬਾਂ ਸਹਾਰੇ ਉਹ ਮੁਸਾਫ਼ਰਾਂ ਦੇ ਨਿਰੀਖਣ ਲਈ ਆਏ ਇਮੀਗਰੇਸ਼ਨ ਇੰਸਪੈਕਟਰ ਤੇ ਦੁਭਾਸ਼ੀਏ, ਹਾੱਪਕਿਨਸਨ ਨੂੰ ਇਹ ਗੱਲ ਮਨਵਾਉਣ ਵਿਚ ਕਾਮਯਾਬ ਹੋ ਗਿਆ ਸੀ, ਕਿ ਉਹ ਕੋਈ ਹੋਰ ਆਦਮੀ -ਨੱਥਾ ਸਿੰਘ ਸੀ। (ਇੱਕ ਸਿੱਖ ਜਿਸਦੀ ਕਨੇਡਾ ਵਿਚ ਪੱਕੀ ਰਿਹਾਇਸ਼ ਸੀ।)

ਵੈਨਕੂਵਰ ਪਹੁੰਚ ਕੇ ਭਗਵਾਨ ਸਿੰਘ ਜੱਖ ਨੇ ਗੁਰਦਵਾਰੇ ਵਿਚ ਹਫ਼ਤਾਵਾਰੀ ਤਕਰੀਰਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਆਪਣੇ ਸਰੋਤਿਆਂ ਨੂੰ ਕਿਹਾ ਕਿ ਉਹ ਭਾਰਤ ਦੇ ਰਾਸ਼ਟਰਵਾਦੀਆਂ ਵਲੋਂ ਵਰਤੇ ਜਾਂਦੇ ਸਲਾਮੀ ਨਾਹਰੇ 'ਬੰਦੇ ਮਾਤਰਮ'

ਪੱਤਰ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਸ ਦਾ ਕਾਰਨ ਉਨ੍ਹਾਂ ਨੂੰ ਭਾਰਤ ਵਾਪਸ ਜਾਣ ਤੋਂ ਰੋਕਣਾ ਨਹੀਂ ਸੀ। ਸਗੋਂ ਕਨੇਡਾ ਮੁੜ ਪਰਤਣ ਨੂੰ ਹੋਰ ਜ਼ਿਆਦਾ ਮੁਸ਼ਕਿਲ ਬਣਾਉਣਾ ਸੀ। ਜੇਕਰ ਇਮੀਗਰੇਸ਼ਨ ਅਧਿਕਾਰੀਆਂ ਨੂੰ ਇਹ ਯਕੀਨ ਹੁੰਦਾ ਕਿ ਉਨ੍ਹਾਂ ਨੂੰ ਕੋਈ ਉਚ-ਅਧਿਕਾਰੀ ਨਹੀਂ ਪੁੱਛੇਗਾ, ਤਾਂ ਉਹ ਪੁਰਾਣੀ ਕਨੇਡੀਅਨ ਨਾਗਰਿਕਤਾ ਹੋਣ ਜਾਂ ਨਾ ਹੋਣ ਦੀ ਪ੍ਰਵਾਹ ਕਰੇ ਬਗੈਰ ਕਿਸੇ ਵੀ ਭਾਰਤੀ ਨੂੰ ਕਨੇਡਾ ਵਿਚ ਦਾਖਲ ਨਾ ਹੋਣ ਦਿੰਦੇ। ਪਰ ਪੁਰਾਣੀ ਨਾਗਰਿਕਤਾ ਬਾਰੇ ਕਨੇਡੀਅਨ ਕਾਨੂੰਨ ਸਪੱਸ਼ਟ ਨਹੀਂ ਸੀ ਤੇ ਇਮੀਗਰੇਸ਼ਨ ਅਧਿਕਾਰੀ ਅਦਾਲਤ ਵਿਚ ਉਨ੍ਹਾਂ ਦੇ ਉਲਟ ਫ਼ੈਸਲਾ ਹੋ ਜਾਣ ਦੀ ਬਦਨਾਮੀ ਤੋਂ ਡਰਦੇ ਸਨ। ਕਿਉਂਕਿ ਉਨ੍ਹਾਂ ਨੇ ਖੁਦ ਕੋਈ ਸਰਟੀਫਿਕੇਟ ਨਹੀਂ ਦਿੱਤਾ ਸੀ ਅਤੇ ਉਹ ਅਦਾਲਤ ਜਾਣ ਤੋਂ ਵੀ ਡਰਦੇ ਸਨ, ਇਸ ਲਈ ਉਹਨਾਂ ਨੇ ਬਾਹਰੋਂ ਵਾਪਸ ਆ ਰਹੇ ਲੋਕਾਂ ਦੇ ਵੱਖ-ਵੱਖ ਤਰ੍ਹਾਂ ਦੇ ਨਾਗਰਿਕਤਾ ਸਬੂਤਾਂ ਨੂੰ ਸਵੀਕਾਰ ਕਰ ਲਿਆ ਸੀ।

ਜੇਕਰ ਹਾੱਪਕਿਨਸਨ ਕਿਸੇ ਯਾਤਰੀ ਨੂੰ ਪਹਿਚਾਣ ਲੈਂਦਾ ਸੀ। ਤਾਂ ਉਸ ਕੇਸ ਵਿਚ ਕੋਈ ਮੁਸ਼ਕਿਲ ਨਹੀਂ ਹੁੰਦੀ ਸੀ। ਇਸ ਤਰ੍ਹਾਂ ਕਰਦੇ ਹੋਏ ਉਸ ਨੇ 56 ਵਿਚੋਂ 17 ਮੁਸਾਫ਼ਰਾਂ ਨੂੰ ਉੱਤਰਨ ਦੀ ਆਗਿਆ ਦੇ ਦਿੱਤੀ ਸੀ। ਪਰ ਉਸਨੂੰ ਬਾਕੀਆਂ ਉੱਪਰ ਸ਼ੱਕ ਸੀ ਇਸ ਲਈ ਉਹਨਾਂ ਨੂੰ ਵਿਕਟੋਰੀਆ ਦੇ ਇਮੀਗਰੇਸ਼ਨ ਹਾਲ ਵਿਚ ਬੰਦ ਕਰ ਦਿੱਤਾ। ਹਾੱਪਕਿਨਸਨ ਨੂੰ ਵੈਨਕੂਵਰ ਤੋਂ ਵਾਪਸ ਵਿਕਟੋਰੀਆ ਪਰਤਣ ਵਿਚ ਤਿੰਨ ਦਿਨ ਲੱਗ ਗਏ, ਪਹਿੱਲੇ ਦਿਨ ਐਤਵਾਰ, ਅੱਗਲੇ ਦਿਨ ਛੁੱਟੀ ਅਤੇ ਤੀਸਰੇ ਦਿਨ ਭਗਵਾਨ ਸਿੰਘ ਜੱਖ ਦੇ ਕੇਸ ਦੀ ਸੁਣਵਾਈ। ਵਾਪਸ ਪਰਤਣ'ਤੇ ਉਸ ਨੇ ਦੇਖਿਆ ਕਿ ਬੰਦੀ ਬਣਾਏ ਵਿਅਕਤੀਆਂ ਨੇ ਆਪਣੇ ਵੇਰਵੇ ਬਦਲ ਲਏ ਸਨ। ਸਿਰਫ਼ ਇੱਕ ਵਿਅਕਤੀ ਨੇ ਕਿਹਾ ਕਿ ਉਹ ਵਾਪਸ ਮੁੜ ਰਿਹਾ ਕਨੇਡੀਅਨ ਨਾਗਰਿਕ ਹੈ, ਦੂਸਰੇ ਸਭ ਮੁੱਕਰ ਗਏ। ਕਿ ਉਨ੍ਹਾਂ ਨੇ ਅਜਿਹਾ ਕੋਈ ਦਾਅਵਾ ਕੀਤਾ ਸੀ। ਉਹ ਕਹਿੰਦੇ ਕਿ ਹਾੱਪਕਿਨਸਨ ਨੂੰ ਗਲਤੀ ਲੱਗੀ ਹੈ। ਉਨ੍ਹਾਂ ਨੂੰ ਤਿੰਨ ਇਮੀਗਰੇਸ਼ਨ ਅਧਿਕਾਰੀਆਂ ਦੇ ਬੋਰਡ ਅੱਗੇ ਪੇਸ਼ ਕੀਤਾ ਗਿਆ ਜਿੱਥੇ ਉਨ੍ਹਾਂ ਦੀ ਨੁੰਮਾਇੰਦਗੀ, ਵਿਕਟੋਰੀਆ ਤੇ ਵੈਨਕੂਵਰ ਵਿਚਲੇ ਉਨਾਂ ਦੇ ਦੋਸਤਾਂ ਦੁਆਰਾ ਨਿਯੁਕਤ ਕੀਤੇ ਇੱਕ ਵਕੀਲ ਨੇ ਕੀਤੀ।

ਸਰਗਰਮ ਸਿਆਸੀ ਕਾਰਕੁੰਨ ਤੇ ਗੁਜਰਾਤੀ ਕਾਰੋਬਾਰੀ ਹੁਸੈਨ ਰਹੀਮ ਅਤੇ ਪ੍ਰਮੁੱਖ ਸਥਾਨਕ ਸਿੱਖ ਆਗੂ ਭਾਗ ਸਿੰਘ ਭਿੱਖੀਵਿੰਡ ਨੇ ਸਿੱਖ ਤੇ ਭਾਰਤੀ ਬਰਾਦਰੀ 'ਚੋਂ ਮਾਇਕ ਸਹਾਇਤਾ ਇੱਕੱਠੀ ਕੀਤੀ। ਇਸ ਪੈਸੇ ਨਾਲ ਉਹਨਾਂ ਨੇ ਭਗਵਾਨ ਸਿੰਘ ਜੱਖ ਤੇ ਪਾਨਾਮਾ-ਮਾਰੂ ਜਹਾਜ਼ ਦੇ ਮੁਸਾਫਿਰਾਂ ਦੇ ਕੇਸਾਂ ਦੇ ਖਰਚੇ ਦਾ ਪ੍ਰਬੰਧ ਕਰ ਲਿਆ ਸੀ। ਉਨ੍ਹਾਂ ਨੇ ਕਨੇਡੀਆਈ ਮੂਲ ਦੇ ਜੇ.ਐਡਵਰਡ ਬਰਡ (J Edward Bird) ਨਾਮ ਦੇ ਵਕੀਲ ਨੂੰ ਨਿਯੁਕਤ ਕੀਤਾ, ਜਿਸ ਦਾ ਖਾਨਦਾਨੀ ਕਨੇਡੀਅਨ ਪਰਿਵਾਰ ਕਈ ਪੀੜ੍ਹੀਆਂ ਪਹਿਲਾਂ ਆਇਰਲੈਂਡ ਤੋਂ ਇੱਥੇ ਆਇਆ ਸੀ। ਬਰਡ

ਦਾ ਚੀਨੀ ਸੇਵਾਦਾਰ ਮੁਲਾਜ਼ਮ ਗਵਾਹੀ ਦੇਣ ਲਈ ਉਪਲਬਧ ਸੀ। ਫੇਰ ਵੀ ਭਗਵਾਨ ਸਿੰਘ ਜੱਖ ਦੇ ਵਕੀਲ ਨੇ ਗ੍ਰਹਿ ਮੰਤਰੀ ਕੋਲ ਅਪੀਲ ਕਰਕੇ ਸੁਣਵਾਈ ਲਈ ਇੱਕ ਹੋਰ ਤਰੀਕ ਲੈ ਲਈ ਸੀ ਅਤੇ ਉਸਨੂੰ ਜ਼ਮਾਨਤ ਉੱਪਰ ਰਿਹਾ ਕਰ ਦਿੱਤਾ ਗਿਆ ਸੀ।

ਕੇਸ ਦੀ ਸੁਣਵਾਈ ਅਜੇ ਚਲ ਰਹੀ ਸੀ, ਜਦ 17 ਅਕਤੂਬਰ 1913 ਨੂੰ ਜਾਪਾਨੀ ਜਹਾਜ਼ 'ਐਸ.ਐਸ.ਪਾਨਾਮਾ-ਮਾਰੂ' ਆਪਣੇ ਯਾਤਰੂਆਂ ਸਮੇਤ ਜਿਸ ਵਿਚ 56 ਭਾਰਤੀ ਸਨ, ਵਿਕਟੋਰੀਆ ਬੰਦਰਗਾਹ ਵਿਚ ਆ ਲੱਗਿਆ। ਇਹ ਗਿਣਤੀ 1908 ਤੋਂ ਬਾਅਦ ਕਿਸੇ ਵੀ ਇੱਕ ਜਹਾਜ਼ ਰਾਹੀਂ ਕਨੇਡਾ ਆਉਣ ਵਾਲੇ ਯਾਤਰੀਆਂ ਦੀ ਸਭ ਤੋਂ ਵੱਡੀ ਗਿਣਤੀ ਸੀ। ਅਤੇ ਲੱਗਦਾ ਸੀ ਕਿ ਉਨ੍ਹਾਂ ਨੂੰ ਇਕੱਠੇ ਕਰ ਕੇ ਲਿਆਉਣ ਪਿੱਛੇ ਕੋਈ ਸੰਗਠਿਤ ਉੱਪਰਾਲਾ ਸੀ। ਉਹ ਕੱਲਕੱਤਾ ਤੋਂ ਇੱਕ ਸਮੂਹ ਵਿਚ ਆਏ, ਥੋੜ੍ਹੀ ਦੇਰ ਹਾਂਗਕਾਂਗ ਰੁਕੇ ਜਿੱਥੋਂ ਉਹ ਜਾਰਡੀਨ (Jardine) ਕੰਪਨੀ ਦੇ ਜਹਾਜ਼ ਨੂੰ ਛੱਡ ਕੇ ਪਾਨਾਮਾ ਮਾਰੂ ਵਿਚ ਸਵਾਰ ਹੋਏ। ਭਾਵੇਂ ਉਨ੍ਹਾਂ ਨੇ ਆਪਣਾ ਸਫ਼ਰ ਇੱਕੋ ਸਿੱਧੀ ਟਿਕਟ 'ਤੇ ਨਹੀਂ ਕੀਤਾ ਸੀ। ਪਰ ਉਨ੍ਹਾਂ ਦੇ ਇਕੱਠੇ ਹੋ ਕੇ ਇਸ ਰੂਟ ਰਾਹੀਂ ਆਉਣ ਪਿੱਛੇ ਜ਼ਰੂਰ ਕਿਸੇ ਚਾਲਾਕ ਆਦਮੀ ਦਾ ਦਿਮਾਗ਼ ਕੰਮ ਕਰਦਾ ਸੀ। ਵੈਨਕੂਵਰ ਵਿਚਲੇ ਅਧਿਕਾਰੀਆਂ ਨੂੰ ਚਿਤਾਵਨੀਆਂ ਮਿਲ ਚੁੱਕੀਆਂ ਸਨ। ਕੁਝ ਸਮੇਂ ਤੋਂ ਉਹ, ਪਾਬੰਦੀ ਵਾਲੇ ਨਿਯਮਾਂ ਦੇ ਬਾਵਜੂਦ, ਭਾਰਤ 'ਚੋਂ ਇਮੀਗਰੈਂਟਾਂ ਨਾਲ ਭਰੇ ਹੋਏ ਜਹਾਜ਼ ਲਿਆਉਣ ਦੀਆਂ ਸਕੀਮਾਂ ਬਾਰੇ ਸੁਣਦੇ ਆ ਰਹੇ ਸਨ। ਹੁਣ ਹਾੱਪਕਿਨਸਨ ਨੂੰ ਪਤਾ ਲੱਗ ਚੁੱਕਾ ਸੀ। ਕਿ ਪਿਛਲੇ ਸਮੇਂ ਚ ਭਗਵਾਨ ਸਿੰਘ ਜੱਖ ਤੋਂ ਇਲਾਵਾ ਹੋਰ ਬਹੁਤ ਸਾਰੇ ਲੋਕਾਂ ਨੇ ਨਕਲੀ ਕਾਗਜ਼ਾਤ ਦਿਖਾ ਕੇ ਉਸ ਨਾਲ ਧੋਖਾ ਕੀਤਾ ਸੀ। ਅਤੇ ਉਸ ਨੂੰ ਜਾਣਕਾਰੀ ਮਿਲੀ ਕਿ ਸਥਾਨਕ ਭਾਰਤੀਆਂ ਨੇ ਪਿੱਛੇ ਆਪਣੇ ਦੇਸ਼ ਵਿਚਲੇ ਜਾਣਕਾਰਾਂ ਨੂੰ ਕਨੇਡਾ ਆਉਣ ਦੀ ਕੋਸ਼ਿਸ਼ ਕਰਨ ਲਈ ਉਤਸ਼ਾਹਿਤ ਕੀਤਾ ਸੀ। ਪਾਨਾਮਾ-ਮਾਰੂ ਦੇ ਮੁਸਾਫ਼ਰਾਂ ਨਾਲ ਵਾਹ ਪੈਣ ਤੋਂ ਬਾਅਦ ਉਸਨੂੰ ਇਸ ਗੱਲ ਦਾ ਪੱਕਾ ਯਕੀਨ ਹੋ ਗਿਆ ਸੀ।

ਪਾਨਾਮਾ-ਮਾਰੂ ਜਹਾਜ਼ ਦੇ ਸਾਰੇ 56 ਭਾਰਤੀਆਂ ਨੇ ਕਿਹਾ ਕਿ ਉਹ ਪਹਿਲਾਂ ਵੀ ਕਨੇਡਾ ਵਿਚ ਰਹਿ ਚੁੱਕੇ ਸਨ ਅਤੇ ਬਹੁਤਿਆਂ ਕੋਲ ਸਬੂਤ ਵਜੋਂ ਕੋਈ-ਨ ਕੋਈ ਦਸਤਾਵੇਜ਼ ਜਿਵੇਂ ਕਿ ਟੈਕਸ ਦੀ ਰਸੀਦ, ਮਨੀ-ਆਰਡਰ ਦੀ ਰਸੀਦ, ਹਾਜ਼ਰੀ-ਕਾਰਡ, ਜਾਇਦਾਦ ਵੇਚ-ਖਰੀਦ ਦੇ ਬਿਆਨੇ ਤੇ ਰਜਿਸਟਰੀਆਂ ਆਦਿ ਵੀ ਸਨ। ਜਿਵੇਂ ਕਿ ਬਾਅਦ ਵਿਚ ਗੱਲ ਨਿਕਲੀ, ਉਨ੍ਹਾਂ ਨੇ ਇਹ ਕਾਗਜ਼ਾਤ ਕਲਕੱਤੇ ਤੇ ਹਾਂਗਕਾਂਗ ਵਿਚ, ਸਿੱਧੇ ਜਾਂ ਅਸਿੱਧੇ ਤੌਰ 'ਤੇ ਉਹਨਾਂ ਪੰਜਾਬੀਆਂ ਤੋਂ ਹਾਸਲ ਕੀਤੇ ਸਨ ਜੋ ਪਹਿਲਾਂ ਕਨੇਡਾ ਰਹਿ ਕੇ ਗਏ ਸਨ। ਵੈਨਕੂਵਰ ਇਮੀਗਰਸ਼ਨ ਦਫ਼ਤਰ ਨੇ ਇੱਕ ਨਿਯਮ ਵਜੋ ਵਾਪਸ ਭਾਰਤ ਜਾ ਰਹੇ ਇਮੀਗਰੇਂਟਾਂ ਨੂੰ ਸਰਕਾਰੀ ਪਹਿਚਾਣ

ਉੱਪਰ ਨਜ਼ਰ ਮਾਰੀ ਅਤੇ ਕਿਹਾ ਕਿ ਇਹ ਕੇਸ ਉਸ ਦੇ ਅਧਿਕਾਰ-ਖੇਤਰ ਤੋਂ ਬਾਹਰ ਸੀ ਅਤੇ ਉਹ ਇਸ ਕੇਸ ਦੀ ਸੁਣਵਾਈ ਨਹੀਂ ਕਰ ਸਕਦਾ ਸੀ।

ਬਰਿਸ਼ਟ ਕੋਲੰਬੀਆ (B C) ਦੀ ਸੁਪਰੀਮ ਅਦਾਲਤ ਵਿਚ ਜਸਟਿਸ ਮਰਫ਼ੀ ਜਿਹੇ ਚਾਰ ਜੂਨੀਅਰ ਜੱਜ ਤੇ ਇੱਕ ਮੁੱਖ ਜੱਜ ਸੀ। ਜਿਸਮਾਨੀ ਤੌਰ 'ਤੇ ਅਦਾਲਤ ਵਿਚ ਪੇਸ਼ ਕੀਤੇ ਜਾਣ ਦੇ ਅਧਿਕਾਰ ਵਾਲੇ ਕੇਸਾਂ ਵਿਚ ਮੁਦਈ ਦੇ ਵਕੀਲ ਲਈ ਜਰੂਰੀ ਨਹੀਂ ਸੀ, ਕਿ ਉਹ ਕਿਸੇ ਇੱਕ ਜੱਜ ਵਲੋਂ ਦਿੱਤੇ ਗਏ ਫ਼ੈਸਲੇ ਨੂੰ ਅੰਤਿਮ ਮੰਨੇ ਅਤੇ ਉਹ ਕਿਸੇ ਦੂਸਰੇ ਜੱਜ ਦੀ ਅਦਾਲਤ ਵਿਚ ਅਪੀਲ ਕਰ ਸਕਦਾ ਸੀ। ਬਰਡ ਨੇ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਅਦਾਲਤ ਦੇ ਮੁੱਖ ਜੱਜ ਗਾਰਡਨ ਹੰਟਰ (Gordon Hunter) ਕੋਲ ਅਪੀਲ ਕਰ ਦਿੱਤੀ ਜੋ ਉਸਨੇ ਮਨਜ਼ੂਰ ਕਰ ਲਈ। ਇਸ ਮੌਕੇ ਇਮੀਗਰੇਸ਼ਨ ਅਧਿਕਾਰੀਆਂ ਨੂੰ ਮਹਿਸੂਸ ਹੋਇਆ ਕਿ ਉਹ ਕੇਸ ਹਾਰ ਸਕਦੇ ਸਨ। ਪਰ ਉਹ ਹਾਰ ਨੂੰ ਖਿੜੇ ਮੱਥੇ ਸਵੀਕਾਰਨ ਲਈ ਤਿਆਰ ਨਹੀਂ ਸਨ। ਇਹ ਗੱਲ ਹਾੱਪਕਿਨਸਨ ਦੇ ਉੱਚ-ਅਧਿਕਾਰੀ ਤੇ ਵੈਨਕੂਵਰ ਇਮੀਗਰੇਸ਼ਨ ਏਜੰਟ ਮਿਸਟਰ ਮਾਲਕਮ ਆਰ.ਜੇ.ਰੀਡ ਦੇ ਵਿਵਹਾਰ 'ਚੋਂ ਸਾਫ਼ ਝਲਕਦੀ ਸੀ। ਮਿਸਟਰ ਰੀਡ ਜੋ ਪਹਿਲਾਂ ਇੱਕ ਪ੍ਰਾਇਮਰੀ ਸਕੂਲ ਅਧਿਆਪਕ ਰਿਹਾ ਸੀ, ਦੀ ਨਿਯੁਕਤੀ ਕੰਜ਼ਰਵੇਟਿਵ ਪਾਰਟੀ ਦੀ 1911 ਦੀ ਜਿੱਤ ਤੋਂ ਬਾਅਦ ਸਿਆਸੀ ਆਧਾਰ 'ਤੇ ਹੋਈ ਸੀ।

ਮਾਲਕਮ ਰੀਡ ਨੂੰ ਨੌਕਰੀ ਸਥਾਨਕ ਕੰਜ਼ਰਵੇਟਿਵ ਮੈਂਬਰ ਪਾਰਲੀਮੈਂਟ ਮਿਸਟਰ ਐਚ.ਐਚ.ਸਟੀਵਨਜ਼ ਦੀ ਬਦੌਲਤ ਮਿਲੀ ਸੀ। ਜਿਸਦੇ ਭਾਰਤੀ- ਇਮੀਗਰੇਸ਼ਨ ਵਿਰੋਧੀ ਸਖ਼ਤ ਰਵਈਏ ਦਾ ਜ਼ਿਕਰ ਪਹਿਲਾਂ ਵੀ ਕੀਤਾ ਜਾ ਚੁੱਕਾ ਹੈ। ਰੀਡ ਦੀ ਸਟੀਵਨਜ਼ ਪ੍ਰਤੀ ਨਿੱਜੀ ਤੇ ਸਿਆਸੀ ਵਫ਼ਾਦਾਰੀ ਨੇ ਇੱਕ ਅਜਿਹੇ ਰਿਸ਼ਤੇ ਨੂੰ ਜਨਮ ਦਿੱਤਾ ਜੋ ਇੱਕ ਸਰਕਾਰੀ ਮੁਲਾਜ਼ਮ ਤੇ ਸਧਾਰਨ ਮੈਂਬਰ ਪਾਰਲੀਮੈਂਟ ਵਿਚਲੇ ਆਮ ਰਿਸ਼ਤੇ ਤੋਂ ਬਹੁਤ ਜ਼ਿਆਦਾ ਅੱਗੇ ਵੱਧ ਕੇ ਸੀ। ਰੀਡ ਨਿਯਮਿਤ ਤੌਰ 'ਤੇ ਸਿੱਖਾਂ ਤੇ ਭਾਰਤੀਆਂ ਨਾਲ ਸਬੰਧਿਤ ਹਰ ਮਸਲੇ ਬਾਰੇ, ਸਟੀਵਨਜ਼ ਦੀਆਂ ਇਮੀਗਰੇਸ਼ਨ ਵਿਭਾਗ ਨੂੰ ਲਿਖੀਆਂ ਚਿੱਠੀਆਂ ਅਤੇ ਦੂਸਰੇ ਦਸਤਵੇਜ਼ਾਂ ਮੁਤਾਬਕ ਕੰਮ ਕਰਦਾ ਸੀ। ਅਤੇ ਰੀਡ, ਸਟੀਵਨਜ਼ ਦੀ ਮਰਜ਼ੀ ਅਨੁਸਾਰ ਵਿਵਹਾਰ ਕਰਦਾ ਸੀ। ਜਦ ਸਟੀਵਨਜ਼ ਨੇ ਸਥਾਨਕ ਅਖ਼ਬਾਰਾਂ ਵਿਚ ਭਾਰਤੀਆਂ ਵਲੋਂ ਪ੍ਰਕਾਸ਼ਿਤ ਕਰਾਈਆਂ ਚਿੱਠੀਆਂ ਬਾਰੇ ਸ਼ਿਕਾਇਤ ਕੀਤੀ, ਤਾਂ ਰੀਡ ਦੋ ਰੂੜ੍ਹੀਵਾਦੀ ਅਖ਼ਬਾਰਾਂ ਦੇ ਸੰਪਾਦਕਾਂ ਕੋਲ ਗਿਆ ਅਤੇ ਉਨ੍ਹਾਂ ਨੂੰ ਭਵਿੱਖ ਵਿਚ ਅਜਿਹੀਆਂ ਚਿੱਠੀਆਂ ਛਾਪਣ ਤੋਂ ਰੋਕਿਆ। ਇਸ ਤਰ੍ਹਾਂ ਦਾ ਕੰਮ-ਢੰਗ ਸੀ ਇਹਨਾਂ ਦੋ ਵਿਅਕਤੀਆਂ ਦਾ। ਭਾਰਤੀ ਇਮੀਗਰੇਂਟ ਹਾੱਪਕਿਨਸਨ ਨੂੰ ਭਾਰਤੀ ਸਰਕਾਰ ਦੀ ਇੱਕ ਬਾਂਹ ਸਮਝਦੇ ਸਨ ਪਰ ਰੀਡ ਤੇ ਸਟੀਵਨਜ਼ ਦਾ ਵਿਵਹਾਰ, ਸਿੱਧਾ ਤੇ ਸਾਫ਼ ਤੌਰ 'ਤੇ ਸਥਾਨਕ ਵਿਤਕਰੇ ਦਾ ਪ੍ਰਤੀਕ ਸਨ। ਮੰਤਰੀ ਵਲੋਂ ਉਸ ਦੀ ਅਪੀਲ ਉੱਪਰ ਦਿੱਤੇ

ਟੋਰਾਂਟੋ ਦੇ ਉੱਤਰ ਵਿਚ ਉਂਟਾਰੀਉ ਝੀਲ ਦੇ ਇਲਾਕੇ ਵਿਚਲੇ ਇੱਕ ਛੋਟੇ ਤੇ ਲਕੜੀ ਦੇ ਆਰਿਆਂ ਵਾਲੇ 'ਬੈਰੀ' (Berrie) ਨਾਮ ਦੇ ਸ਼ਹਿਰ ਵਿਚ ਇੱਕ ਰਵਾਇਤੀ ਪ੍ਰੋਟੈਸਟੈਂਟ ਤੇ ਉਦਾਰਚਿੱਤ ਵਿਅਕਤੀ ਵਜੋਂ ਜਵਾਨ ਹੋਇਆ ਸੀ। ਉਹ ਆਪਣੇ ਕਾਨੂੰਨੀ ਪੇਸ਼ੇ ਦੇ ਸ਼ੁਰੂ ਵਿਚ ਹੀ ਪੱਛਮ ਵਿਚ ਵੈਨਕੂਵਰ ਆ ਗਿਆ ਸੀ। ਅਤੇ ਕੁਝ ਵਿਲੱਖਣ ਤਰੀਕੇ ਨਾਲ, ਉਹ ਆਪਣੀ ਮਾਰਕਸਵਾਦੀ-ਸਮਾਜਵਾਦ ਪ੍ਰਤੀ ਸਰਗਰਮ ਪ੍ਰਤੀਬੱਧਤਾ ਨੂੰ ਵਪਾਰਕ ਕਾਨੂੰਨ ਦੇ ਪੇਸ਼ੇ ਨਾਲ ਇੱਕ ਸਾਰ ਕਰਨ ਵਿਚ ਕਾਮਯਾਬ ਹੋ ਗਿਆ ਸੀ। ਉਹ ਕਹਿੰਦਾ ਸੀ ਕਿ ਬ੍ਰਿਟਿਸ਼ ਕੋਲੰਬੀਆ ਆਉਣ ਪਿੱਛੋਂ ਉਹ ਸਮਾਜਵਾਦ ਵੱਲ ਖਿਚਿਆ ਗਿਆ ਸੀ। ਆਪਣੇ ਸਮਾਜਵਾਦੀ ਨਜ਼ਰੀਏ ਕਾਰਨ ਉਹ ਰਹੀਮ ਜਿਹੇ ਭਾਰਤੀਆਂ ਦੇ ਸੰਪਰਕ ਵਿਚ ਆਇਆ ਅਤੇ ਭਾਰਤੀ ਬਰਾਦਰੀ ਦੇ ਸਭ ਤੋਂ ਵੱਧ ਸਮਰਪਿਤ ਗੋਰੇ ਕਨੇਡੀਅਨ ਦੋਸਤਾਂ 'ਚੋਂ ਇੱਕ ਸੀ।

ਐਡਵਰਡ ਬਰਡ ਨੇ ਆਪਣੇ ਆਪ ਨੂੰ ਇਮੀਗਰੇਸ਼ਨ ਵਿਭਾਗ ਵਿਰੁੱਧ ਤਿੱਖੀ ਲੜਾਈ ਵਿਚ ਝੋਕ ਦਿੱਤਾ ਸੀ। ਉਸ ਨੇ ਪਾਨਾਮਾ-ਮਾਰੂ ਜਹਾਜ਼ ਦੇ ਮੁਸਾਫ਼ਰਾਂ ਨੂੰ ਵਾਪਸ ਭੇਜਣ ਵਿਰੁੱਧ, ਗ੍ਰਹਿ ਮੰਤਰੀ ਨੂੰ ਅਪੀਲ ਦਾ ਨੋਟਿਸ ਦੇਣ ਨਾਲ ਆਪਣਾ ਕੰਮ ਸ਼ੁਰੂ ਕੀਤਾ ਸੀ। ਇਮੀਗਰੇਸ਼ਨ ਕਾਨੂੰਨ ਅਧੀਨ ਇਹੀ ਇੱਕ ਰਸਤਾ ਸੀ। ਪਰ ਉਹ ਇੱਥੇ ਨਹੀਂ ਰੁਕਿਆ ਉਹ ਇਮੀਗਰੇਸ਼ਨ ਵਿਭਾਗ ਵਲੋਂ ਵਰਤੇ ਜਾਂਦੇ -ਲਗਾਤਾਰ ਯਾਤਰਾ ਕਰਨ ਤੇ 200 ਡਾਲਰ ਕੋਲ ਹੋਣ ਵਾਲੇ ਨਿਯਮ ਨੂੰ ਅਦਾਲਤ ਵਿਚ ਚੁਣੌਤੀ ਦੇਣੀ ਚਾਹੁੰਦਾ ਸੀ। ਪਰ ਮੁਸ਼ਕਿਲ 1910 ਦੇ ਸੋਧੇ ਹੋਏ ਇਮੀਗਰੇਸ਼ਨ ਕਾਨੂੰਨ ਦੀ ਧਾਰਾ 23 ਸੀ, ਜਿਸ ਅਨੁਸਾਰ ਕੋਈ ਵੀ ਜੱਜ ਜਾਂ ਅਦਾਲਤ ਇਮੀਗਰੇਸ਼ਨ ਅਧਿਕਾਰੀ ਦੇ ਫ਼ੈਸਲੇ ਵਿਚ ਦਖਲ ਨਹੀਂ ਦੇ ਸਕਦੀ ਸੀ। ਇਸ ਸਥਿਤੀ ਨਾਲ ਨਿਪਟਣ ਲਈ ਬਰਡ ਨੇ ਹੱਲ ਕੱਢਿਆ 'ਅਦਾਲਤ ਵਿਚ ਜਿਸਮਾਨੀ ਪੇਸ਼ੀ ਦੇ ਅਧਿਕਾਰ' (Habeas Corpus) ਲਈ ਅਰਜ਼ੀ ਜਿਵੇਂ ਕਿ ਹਰ ਵਕੀਲ ਨੂੰ ਪਤਾ ਸੀ, ਕਿ 'ਅਦਾਲਤ ਵਿਚ ਜਿਸਮਾਨੀ ਪੇਸ਼ੀ ਦਾ ਅਧਿਕਾਰ' ਪੁਲਿਸ ਤੇ ਦੂਜੀਆਂ ਸਰਕਾਰੀ ਏਜੰਸੀਆਂ ਦੇ, ਕਿਸੇ ਵੀ ਵਿਅਕਤੀ ਨੂੰ ਅਦਾਲਤ ਅੱਗੇ ਪੇਸ਼ ਕਰੇ ਬਿਨਾ ਜਾਂ ਕਾਰਨ ਦੱਸੇ ਬਿਨਾ ਬੰਦੀ ਬਣਾਏ ਰੱਖਣ ਦੇ ਅਧਿਕਾਰ ਉੱਪਰ ਬੰਦਸ਼ ਲਾਉਂਦਾ ਸੀ। ਪਾਨਾਮਾ-ਮਾਰੂ ਦੇ ਮੁਸਾਫ਼ਰ ਬੰਦੀ ਬਣਾਏ ਗਏ ਸਨ ਅਤੇ ਕਿਸੇ ਅਦਾਲਤ ਅੱਗੇ ਪੇਸ਼ ਨਹੀਂ ਕੀਤੇ ਗਏ ਸਨ। ਇਸ ਆਧਾਰ'ਤੇ ਬਰਡ ਨੇ ਉਹਨਾਂ ਨੂੰ 'ਅਦਾਲਤ ਵਿਚ ਜਿਸਮਾਨੀ ਤੌਰ 'ਤੇ ਪੇਸ਼ ਕਰਨ ਦੇ ਅਧਿਕਾਰ' ਅਧੀਨ ਰਿਹਾ ਕੀਤੇ ਜਾਣ ਲਈ ਦਰਖਾਸਤ ਦੇ ਦਿੱਤੀ ਇਸ ਕੰਮ ਲਈ ਉਹ ਵਿਕਟੋਰੀਆ ਵਿਚ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਅਦਾਲਤ ਦੇ ਜੱਜ ਮਿਸਟਰ ਜਸਟਿਸ ਡੈਨਿਸ ਮਰਫ਼ੀ (Justice Danis Murphey) ਅੱਗੇ ਪੇਸ਼ ਹੋਇਆ, (ਜਸਟਿਸ ਮਰਫ਼ੀ ਦੀ ਇੱਕ ਖ਼ਾਸੀਅਤ ਸੀ। ਕਿ ਉਹ ਬ੍ਰਿਟਿਸ਼ ਕੋਲੰਬੀਆ ਵਿਚ ਜੰਮਿਆ ਹੋਇਆ ਸੂਬੇ ਦਾ ਪਹਿਲਾਂ ਜੱਜ ਸੀ।) ਜਸਟਿਸ ਮਰਫ਼ੀ ਨੇ ਇਮੀਗਰੇਸ਼ਨ ਕਾਨੂੰਨ ਦੀ ਧਾਰਾ 23

ਖਿਚ ਧੂਹ ਕੇ ਫੇਰ ਜਹਾਜ਼ 'ਤੇ ਚੜ੍ਹਾਅ ਦਿੱਤਾ। ਇਹ ਸਾਰਾ ਘਟਨਾਕ੍ਰਮ ਘਾਟ ਉੱਪਰ ਮੌਜੂਦ ਸਿੱਖਾਂ ਦੀ ਇੱਕ ਵੱਡੀ ਭੀੜ ਨੇ ਦੇਖਿਆ। ਜਿਸ ਨੂੰ ਦਰਜਨ ਭਰ ਪੁਲਿਸ ਮੁਲਾਜ਼ਮਾਂ ਨੇ ਰੋਕੀ ਰੱਖਿਆ ਭਗਵਾਨ ਸਿੰਘ ਨੂੰ ਇੱਕ ਕੈਬਿਨ ਵਿਚ ਬੰਦ ਕਰ ਦਿੱਤਾ ਗਿਆ। ਕਪਤਾਨ ਨੇ ਜਹਾਜ਼ ਨੂੰ ਹੋਰ ਜ਼ਿਆਦਾ ਦੇਰ ਰੋਕੀ ਰੱਖਣ ਤੋਂ ਨਾਂਹ ਕਰ ਦਿੱਤੀ ਅਤੇ 'ਐਮਪ੍ਰੈਸ' ਚੱਲ ਪਿਆ।

ਸਾਰੇ ਹਾਲਾਤ ਬਾਰੇ ਕੁਝ ਜਾਣਕਾਰੀ ਰੱਖਣ ਵਾਲੇ ਵੈਨਕੂਵਰ ਦੇ ਇੱਕ ਪ੍ਰਮੁੱਖ ਵਕੀਲ ਨੇ ਕਿਹਾ ਕਿ ਮਾਲਕਮ ਰੀਡ ਲਈ ਬਿਹਤਰ ਹੁੰਦਾ, ਜੇਕਰ ਉਹ "ਇਸ ਇੱਕੱਲੇ ਗ੍ਰੰਥੀ ਭਗਵਾਨ ਸਿੰਘ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਦੇਸ਼ 'ਚੋਂ ਕੱਢਣ ਨਾਲੋਂ 100 ਆਮ ਭਾਰਤੀਆਂ ਨੂੰ ਦੇਸ਼-ਨਿਕਾਲਾ ਦੇ ਦਿੰਦਾ।" ਇਮੀਗਰੇਸ਼ਨ ਏਜੰਟ ਨੇ ਆਪਣੇ ਆਪ ਨੂੰ ਪੂਰੇ ਭਾਰਤੀ ਭਾਈਚਾਰੇ ਦੇ ਵਿਰੁੱਧ ਖੜ੍ਹਾ ਕਰ ਲਿਆ ਸੀ ਉਸ ਨੇ ਰਹੀਮ ਅਤੇ ਉਸਦੇ ਸਾਥੀਆਂ ਨੂੰ, ਬੈਠੇ ਬਿਠਾਏ ਇੱਕ ਮੁੱਦਾ ਦੇ ਦਿੱਤਾ ਜੋ ਜ਼ਾਹਰਾ ਤੌਰ 'ਤੇ ਉਸਨੇ ਆਪਣੀ ਤਾਕਤ ਦਿਖਾਉਣ ਲਈ ਕੀਤਾ ਸੀ। ਰਹੀਮ ਨੇ ਇਹ ਸ਼ੇਖੀ ਮਾਰ ਕੇ ਉਸਨੂੰ ਫਸਾ ਲਿਆ ਸੀ ਕਿ ਅਦਾਲਤਾਂ ਵਿਚ ਜਿੱਤ ਹਮੇਸ਼ਾ ਉਨ੍ਹਾਂ ਦੀ ਹੁੰਦੀ ਹੈ। ਜਿਸ ਗੱਲ ਦਾ ਜਵਾਬ ਰੀਡ ਨੇ ਬਲ ਪ੍ਰਯੋਗ ਨਾਲ ਦਿੱਤਾ ਆਪਣੀ ਕਾਰਵਾਈ ਨੂੰ ਵਾਜਬ ਠਹਿਰਾਉਣ ਲਈ, ਰੀਡ ਤੇ ਸਟੀਵਨਜ਼ ਨੇ ਆਪਣੀ ਇਸ ਧਾਰਨਾ ਦਾ ਪੂਰਾ ਇਸਤੇਮਾਲ ਕੀਤਾ ਕਿ ਭਗਵਾਨ ਸਿੰਘ ਜੱਖ ਇੱਕ ਵਿਦਰੋਹੀ ਸੀ। ਉਸਨੂੰ ਗਰਿਫ਼ਤਾਰ ਕਰਨ ਲਈ ਦੋ ਅਦਾਲਤੀ ਫ਼ੈਸਲਿਆਂ ਦੀ ਉਲੰਘਣਾ ਕਰਕੇ ਅਤੇ ਨਿੱਜੀ ਸਾਮਾਨ ਚੁੱਕਣ ਲਈ ਲੋੜੀਂਦਾ ਸਮਾਂ ਨਾ ਦੇ ਕੇ, ਉਨ੍ਹਾਂ ਨੇ ਭਗਵਾਨ ਸਿੰਘ ਜੱਖ ਨੂੰ ਸਿੱਖ ਭਾਈਚਾਰੇ ਦੀਆਂ ਨਜ਼ਰਾਂ ਵਿਚ ਇੱਕ ਸ਼ਹੀਦ ਦਾ ਰੁਤਬਾ ਦਿਵਾ ਦਿੱਤਾ ਸੀ ਅਤੇ ਵਿਦਰੋਹ ਨੂੰ ਹੋਰ ਹਵਾ ਦੇ ਦਿੱਤੀ ਸੀ।

ਪੰਜ ਦਿਨ ਬਾਅਦ ਯਾਨੀ 24 ਨਵੰਬਰ 1913 ਨੂੰ ਪਾਨਾਮਾ ਮਾਰੂ ਕਾਂਡ ਨਾਲ ਸਬੰਧਿਤ 38 ਸਿੱਖਾਂ ਨੂੰ, ਘੋੜ-ਸਵਾਰ ਪੁਲਿਸ ਦੀ ਨਿਗਰਾਨੀ ਹੇਠ ਚਲ ਰਹੀ ਇੱਕ ਲਾਰੀ ਵਿਚ ਬਿਠਾ ਕੇ ਇਮੀਗਰੇਸ਼ਨ ਹਾਲ ਤੋਂ ਵਿਕਟੋਰੀਆ ਅਦਾਲਤ-ਹਾਊਸ ਲਿਜਾਇਆ ਗਿਆ। (ਇੱਕ ਇਮੀਗਰੇਂਟ ਘੱਟ ਸੀ, ਉਹ ਜ਼ਾਹਰਾ ਤੌਰ 'ਤੇ ਇਮੀਗਰੇਸ਼ਨ ਹਾਲ ਦੀ ਇੱਕ ਸਲਾਖ ਪੁਟਕੇ, ਬਾਰੀ ਥਾਣੀਂ ਨਿਕਲ ਕੇ ਪਾਇਪ ਸਹਾਰੇ ਉਤਰ ਕਿ ਦੌੜ ਗਿਆ ਸੀ। ਦੂਜੇ ਵੀ ਆਸਾਨੀ ਨਾਲ ਇਸੇ ਤਰ੍ਹਾਂ ਦੌੜ ਸਕਦੇ ਸਨ ਪਰ ਉਹ ਅਦਾਲਤ ਵਿਚ ਆਪਣੀ ਕਿਸਮਤ ਅਜ਼ਮਾਉਣ ਲਈ ਦ੍ਰਿੜ੍ਹ ਸਨ ਅਤੇ ਇਸੇ ਤਰ੍ਹਾਂ ਭੱਜ ਜਾਣ ਤੋਂ ਰੋਕਣ ਲਈ ਇੱਕ ਦੂਜੇ ਦੀ ਨਿਗਰਾਨੀ ਕਰਦੇ ਰਹੇ ਸਨ) ਜਦ ਵਕੀਲ ਅੰਦਰ ਜਿਰ੍ਹਾ ਕਰ ਰਹੇ ਸਨ ਤਾਂ ਕੁਝ ਸੌ ਸਿੱਖ, ਉਮੀਦਾਂ ਲਾਈ ਅਦਾਲਤ ਦੇ ਬਾਹਰ ਖੜ੍ਹੇ ਇੰਤਜ਼ਾਰ ਕਰ ਰਹੇ ਸਨ। ਇਹ ਗੱਲ ਚੰਗੀ ਤਰ੍ਹਾਂ ਨੋਟ ਕਰਨ ਵਾਲੀ ਹੈ ਕਿ ਅਦਾਲਤ ਦਾ ਇਹ ਫ਼ੈਸਲਾ ਅਸੂਲਾਂ ਉੱਪਰ ਨਹੀਂ, ਪੂਰੀ ਤਰਾਂ ਕਾਨੂੰਨਾਂ/ਨਿਯਮਾਂ ਦੀ ਭਾਸ਼ਾ ਉੱਪਰ ਆਧਾਰਿਤ ਸੀ। ਜੱਜ ਹੰਟਰ ਦੀ ਅਦਾਲਤ

ਜਾਣ ਵਾਲੇ ਫ਼ੈਸਲੇ ਦੀ ਉਡੀਕ ਵਿਚ ਭਗਵਾਨ ਸਿੰਘ ਜੱਖ ਜ਼ਮਾਨਤ ਲੈ ਕੇ ਆਜ਼ਾਦ ਘੁੰਮ ਰਿਹਾ ਸੀ ਅਤੇ ਐਡਵਰਡ ਬਰਡ ਜਮਾਨਤ ਦੀ ਮਿਆਦ ਦੇ ਖਾਤਮੇ ਬਾਅਦ ਉਸ ਨੂੰ ਫਿਰ ਆਜ਼ਾਦ ਕਰਾਉਣ ਲਈ 'ਅਦਾਲਤ ਵਿਚ ਜਿਸਮਾਨੀ ਪੇਸ਼ੀ ਦੇ ਅਧਿਕਾਰ' ਦੇ ਹਵਾਲੇ ਵਾਲੀ ਅਰਜ਼ੀ ਨਾਲ ਤਿਆਰ ਬੈਠਾ ਸੀ ਪਰ ਐਡਵਰਡ ਬਰਡ ਜੋ ਕੁਝ ਅੱਗੇ ਵਾਪਰਨ ਵਾਲਾ ਸੀ ਲਈ ਤਿਆਰ ਨਹੀਂ ਸੀ। ਜਿਵੇਂ ਹੀ ਮੰਤਰੀ ਜੀ ਨੇ ਆਪਣਾ ਨਾਂਹ-ਮੁਖੀ ਫ਼ੈਸਲਾ ਸੁਣਾਇਆ, ਮਾਲਕਮ ਰੀਡ ਨੇ ਜ਼ਾਹਰਾ ਤੌਰ 'ਤੇ ਜ਼ਮਾਨਤ ਦੇ ਨਵੀਨੀਕਰਨ ਲਈ ਗ੍ਰੰਥੀ ਨੂੰ ਬੁਲਾਇਆ। ਪਰ ਪਹੁੰਚਦੇ ਹੀ ਇੱਕ ਵਾਰ ਉਸਨੂੰ ਰਿਹਾ ਕਰ ਦਿੱਤਾ ਗਿਆ, 2000 ਡਾਲਰ ਦੀ ਜ਼ਮਾਨਤੀ ਰਕਮ ਦੇ ਦਿੱਤੀ ਗਈ। ਅਤੇ ਜਿਵੇਂ ਹੀ ਉਹ ਵਾਪਸ ਜਾਣ ਲਈ ਮੁੜਿਆ, ਗ੍ਰਿਫਤਾਰ ਕਰ ਹੱਥਕੜੀ ਲਗਾ ਕੇ ਉਸੇ ਸ਼ਾਮ, ਉਸਨੂੰ ਵਿਕਟੋਰੀਆ ਜਾਣ ਵਾਲੀ ਕਿਸ਼ਤੀ ਵਿਚ ਚੜ੍ਹਾਅ ਦਿੱਤਾ ਗਿਆ।

ਕਾਨੂੰਨੀ ਮਰਯਾਦਾ ਦੀ ਪ੍ਰਵਾਹ ਕੀਤੇ ਬਗੈਰ, ਬੇਮਿਸਾਲ ਆਪਹੁਦਰੇਪਣ ਤੇ ਧੱਕੇਸ਼ਾਹੀ ਨਾਲ ਦੇਸ਼-ਨਿਕਾਲੇ ਦੀ ਕਾਰਵਾਈ ਸਿਰੇ ਚੜ੍ਹਾਈ ਜਾ ਰਹੀ ਸੀ। ਇਸ ਕਾਰਵਾਈ ਨੂੰ ਰੋਕਣ ਲਈ ਬਰਡ ਦੇ ਸਹਾਇਕ ਵਕੀਲ ਨੇ ਤੁਰੰਤ ਬ੍ਰਿਟਿਸ਼ ਕੋਲੰਬੀਆ ਸੁਪਰੀਮ ਅਦਾਲਤ ਦੇ ਇੱਕ ਹੋਰ ਜੱਜ, ਜਸਟਿਸ ਔਲੇ ਮੌਰੀਸਨ (Aulay Morrison) ਤੱਕ ਪਹੁੰਚ ਕੀਤੀ। ਜੋ ਉਸ ਸਮੇਂ ਇੱਕ ਫੌਜਦਾਰੀ ਕੇਸ ਦੀ ਸੁਣਵਾਈ ਕਰ ਰਿਹਾ ਸੀ ਅਤੇ ਜੱਜ ਵਲੋਂ ਕਾਰਵਾਈ ਰੋਕਣ ਦੇ ਹਾਂ-ਪੱਖੀ ਫ਼ੈਸਲੇ ਦੀ ਸੂਚਨਾ ਤੁਰੰਤ ਵਾਇਰਲੈਸ ਰਾਹੀਂ ਪਹੁੰਚਦੀ ਕੀਤੀ। ਪਰ ਮਾਲਕਮ ਨੇ ਜਾਤੀ ਤੌਰ 'ਤੇ ਨਾ-ਪਹੁੰਚਾਏ ਗਏ ਅਦਾਲਤੀ ਫ਼ੈਸਲੇ ਨੂੰ ਮਾਨਤਾ ਦੇਣ ਨੂੰ ਮਨ੍ਹਾ ਕਰ ਦਿੱਤਾ। ਵਿਕਟੋਰੀਆ ਵਿਚ ਉਸ ਨੇ ਪੁਲਿਸ ਨੂੰ ਭਗਵਾਨ ਸਿੰਘ ਜੱਖ ਨੂੰ ਉਸ ਘਾਟ ਉੱਪਰ ਲਿਜਾਣ ਲਈ ਹੁਕਮ ਦਿੱਤਾ ਜਿੱਥੇ 'ਐਮਪ੍ਰੈਸ ਆਫ਼ ਜਾਪਾਨ' ਜਹਾਜ਼ ਯੋਕੋਹਾਮਾ ਤੇ ਹਾਂਗਕਾਂਗ ਜਾਣ ਲਈ ਤਿਆਰ ਖੜ੍ਹਾ ਸੀ। ਬਹੁਤ ਜ਼ਬਰਦਸਤ ਖਿੱਚ ਧੂਹ ਤੋਂ ਬਾਅਦ, ਜਿਸ ਵਿਚ ਇੱਕ ਪੁਲਿਸ ਅਫ਼ਸਰ ਦੇ ਕੰਨ ਉਤੇ ਅਤੇ ਦੂਸਰੇ ਦੀ ਬਾਂਹ 'ਤੇ ਕੁਝ ਚੋਟ ਆਈ, ਕਈ ਪੁਲਿਸ ਅਫ਼ਸਰ ਧੱਕ ਕੇ ਭਗਵਾਨ ਸਿੰਘ ਨੂੰ ਜਹਾਜ਼ ਦੇ ਲਾਂਘਾ-ਪੁਲ ਤੱਕ ਲਿਜਾਣ ਵਿਚ ਕਾਮਯਾਬ ਹੋ ਗਏ। ਤੀਹ ਸਾਲਾਂ ਦੇ ਤਕੜੇ ਜੁੱਸੇ ਵਾਲੇ ਗ੍ਰੰਥੀ ਵਿਚ, ਜ਼ਾਹਰਾ ਤੌਰ 'ਤੇ ਉਸਦੇ ਭਲਵਾਨੀ ਕਰਨ ਸਮੇਂ ਦੇ ਦਾਅਪੇਚ ਅਤੇ ਤਾਕਤ ਅਜੇ ਕਾਇਮ ਸੀ। ਜਹਾਜ਼ ਦੇ ਚਲਣ ਤੋਂ ਕੁਝ ਮਿੰਟ ਪਹਿਲਾਂ ਐਡਵਰਡ ਬਰਡ ਹਫ਼ਦਾ ਹੋਇਆ ਦੂਸਰੇ ਫ਼ੈਸਲੇ ਦੀ ਕਾਪੀ ਲੈਕੇ ਪਹੁੰਚਿਆ ਅਤੇ ਜਹਾਜ਼ ਐਮਪ੍ਰੈਸ ਦੇ ਕਪਤਾਨ ਡਿਕਸਨ ਹੌਪਕ੍ਰਾਫਟ (Dixon Hopcroft) ਨੇ ਭਗਵਾਨ ਸਿੰਘ ਜੱਖ ਨੂੰ ਜਹਾਜ਼ ਦੇ ਡੈੱਕ 'ਤੇ ਬੁਲਾਇਆ ਤੇ ਲਾਂਘਾ-ਫੱਟੇ ਦੀ ਤਰਫ਼ ਇਸ਼ਾਰਾ ਕਰਦੇ ਹੋਏ ਕਿਹਾ ਕਿ ਉਹ ਜਾ ਸਕਦਾ ਸੀ। ਲਾਂਘਾ-ਫੱਟੇ ਉੱਪਰ ਉਹ ਆਜ਼ਾਦ ਸੀ। ਪਰ ਥੱਲੇ ਉੱਤਰਨ ਸਾਰ ਉਸਨੂੰ ਮਾਲਕਮ ਰੀਡ ਤੇ ਪੁਲਿਸ ਦੀ ਡਾਰ ਨੇ ਫਿਰ ਘੇਰ ਲਿਆ ਅਤੇ

ਗਈ ਸੀ। ਇਹ ਜਿੱਤ ਉਸ ਮੁੱਖ ਜੱਜ ਦੀ ਅਦਾਲਤ ਵਿਚ ਹੋਈ ਸੀ, ਜਿਸ ਨੂੰ ਕਾਨੂੰਨ ਦੀਆਂ ਬਰੀਕੀਆਂ ਜਾਨਣ ਵਾਲੇ ਦਿਮਾਗ ਵਾਲੇ ਜੱਜ ਵਜੋਂ ਤਾਂ ਜਾਣਿਆਂ ਜਾਂਦਾ ਸੀ। ਪਰ ਆਪਣੇ ਨਿੱਜੀ ਵਿਹਾਰ ਨੂੰ ਲੈ ਕੇ ਅਤੀਤ ਦੇ ਪ੍ਰਛਾਵਿਆਂ ਕਾਰਨ ਬਦਨਾਮ ਸੀ। ਉਹ ਪੱਕਾ ਸ਼ਰਾਬੀ ਸੀ ਅਤੇ ਕਈ ਵਾਰ ਸ਼ਰਾਬ ਪੀ ਕੇ ਅਦਾਲਤ ਦੀ ਪ੍ਰਧਾਨਗੀ ਵੀ ਕਰ ਚੁੱਕਾ ਸੀ। ਆਪਣੇ ਪੱਖਪਾਤੀ ਪਰਿਪੇਖ ਤੋਂ ਦੇਖਦਿਆਂ, ਰੀਡ ਤੇ ਸਟੀਵਨਜ਼ ਨੂੰ ਹੰਟਰ ਦਾ ਫ਼ੈਸਲਾ ਕਿਸੇ ਤਰ੍ਹਾਂ ਵੀ ਪਸੰਦ ਨਹੀਂ ਆਇਆ ਹੋਣਾ। ਪਰ ਕੁਝ ਵੀ ਹੋਵੇ, ਇਸ ਫ਼ੈਸਲੇ ਨੇ ਉਨ੍ਹਾਂ ਲਈ ਇਸ ਕੇਸ ਵਿਚ ਹਰ ਤਰ੍ਹਾਂ ਦੀ ਕਾਨੂੰਨੀ ਚਾਰਾਜ਼ੋਈ ਦਾ ਰਾਹ ਬੰਦ ਕਰ ਦਿੱਤਾ ਸੀ। ਜ਼ਖਮਾਂ ਉੱਪਰ ਲੂਣ ਛਿੜਕਣ ਵਾਂਗ, ਪਾਨਾਮਾ ਮਾਰੂ ਕਾਂਡ ਦੇ ਜੋ ਚਾਰ ਭਾਰਤੀ ਇਮੀਗਰੇਸ਼ਨ ਵਿਭਾਗ ਨੇ ਮੈਡੀਕਲ ਆਧਾਰ ਉੱਪਰ ਰੋਕੇ ਹੋਏ ਸਨ, ਉਹ ਇਮੀਗਰੇਸ਼ਨ ਹਾਲ ਵਿਚ ਵਾਪਸ ਲਿਆਏ ਜਾਣ ਦੇ ਇੱਕ ਘੰਟਾ ਬਾਅਦ ਹੀ ਦੌੜ ਗਏ। ਉਨ੍ਹਾਂ ਦੀ ਨਿਗਰਾਨੀ ਲਈ ਤਾਇਨਾਤ ਵਿਸ਼ੇਸ਼ ਅਧਿਕਾਰੀ, ਸਿੱਖਾਂ ਵਲੋਂ ਖਾਣੇ ਲਈ ਵਰਤੇ ਜਾਂਦੇ ਆਟੇ ਨੂੰ ਚੂਹਿਆਂ ਦੁਆਰਾ ਖਰਾਬ ਕੀਤੇ ਜਾਣ ਦੇ ਡਰੋਂ, ਆਟੇ ਦੀ ਬੋਰੀ ਨੂੰ ਬਾਹਰ ਲਿਆਉਣ ਲਈ ਤਹਿਖਾਨੇ ਵਿਚ ਹੇਠਾਂ ਗਿਆ ਹੋਇਆ ਸੀ। ਜਦ ਉਹ ਉੱਪਰ ਆਇਆ ਤਾਂ ਵੇਖਿਆ ਕਿ ਬਾਲਕੋਨੀ ਦੀ ਜਾਲੀ ਵਿਚ ਮੋਰੀ ਕੀਤੀ ਹੋਈ ਸੀ ਅਤੇ ਉਹ ਚਾਰੋਂ ਗਾਇਬ ਸਨ ਜਦ ਕਿ ਕੁਝ ਕੁ ਇਮਾਰਤਾਂ ਦੀ ਵਿੱਥ ਉਤੇ, ਥੋੜ੍ਹੀ ਦੇਰ ਪਹਿਲਾਂ ਡਿਊਟੀ ਦੇ ਕੇ ਗਏ ਸੁਰੱਖਿਆ ਕਰਮੀ ਨੇ, ਚਾਰਾਂ ਨੂੰ ਇੱਕ ਕਾਰ 'ਚ – ਜੋ 1913 ਵਿਚ ਵੀ 40 ਕਿਲੋਮੀਟਰ ਪ੍ਰਤੀ ਘੰਟਾ ਦੀ ਸਪੀਡ ਨਾਲ ਭੱਜ ਰਹੀ ਸੀ– ਸਵਾਰ ਹੋ ਕੇ ਭੱਜਦੇ ਹੋਏ ਦੇਖਿਆ।

ਓਟਾਵਾ ਵਿਚ ਇਮੀਗਰੇਸ਼ਨ ਸੁਪਰਡੈਂਟ ਵਿਲੀਅਮ ਡੰਕਨ ਸਕਾਟ (William Duncan Scott) ਨੇ ਪਾਨਾਮਾ ਮਾਰੂ ਕੇਸ ਨੂੰ ਉਚ-ਅਦਾਲਤਾਂ ਵਿਚ ਲਿਜਾਣ ਬਾਰੇ ਵਿਚਾਰਾਂ ਕੀਤੀਆਂ। ਪਰ ਸਿੱਟਾ ਕੱਢਿਆ ਕਿ ਅਜਿਹਾ ਨਹੀਂ ਕੀਤਾ ਜਾ ਸਕਦਾ ਸੀ। ਬ੍ਰਿਟਿਸ਼ ਕੋਲੰਬੀਆ ਦੇ ਕਾਨੂੰਨ ਮੁਤਾਬਕ, 'ਜਿਸਮਾਨੀ-ਹਾਜ਼ਰੀ-ਅਧਿਕਾਰ' ਕੇਸਾਂ ਵਿਚ ਸਿਰਫ਼ ਅਰਜ਼ੀਦਾਤਾ ਨੂੰ ਹੀ ਅਪੀਲ ਕਰਨ ਦਾ ਅਧਿਕਾਰ ਸੀ, ਸਰਕਾਰ ਨੂੰ ਨਹੀਂ। ਇੱਕ ਵਾਰ ਅਰਜ਼ੀਦਾਤਾ ਦੇ ਹੱਕ ਵਿਚ ਫ਼ੈਸਲਾ ਹੋਣ 'ਤੇ ਸਰਕਾਰ ਨਾਂ ਤਾਂ ਅਰਜ਼ੀਦਾਤਾ ਨੂੰ ਬੰਦੀ ਰੱਖ ਸਕਦੀ ਸੀ ਅਤੇ ਨਾ ਹੀ ਅਦਾਲਤ ਦੇ ਫ਼ੈਸਲੇ ਨੂੰ ਉਲਟਾਉਣ ਲਈ ਕੋਈ ਉਜ਼ਰ ਕਰ ਸਕਦੀ ਸੀ। ਭਵਿੱਖ ਲਈ ਸਰਕਾਰ ਕੋਲ ਇੱਕੋ ਹੀ ਰਸਤਾ ਸੀ, ਕਿ ਉਹ ਗਲਤ ਲਿਖੇ ਗਏ, ਆਦੇਸ਼ਾਂ ਨੂੰ ਖਾਰਜ ਕਰੇ ਅਤੇ ਕਾਨੂੰਨ ਦੀ ਰੂਹ ਮੁਤਾਬਕ ਨਵੇਂ ਆਦੇਸ਼ ਜਾਰੀ ਕਰੇ। ਬਿਨਾਂ ਕੋਈ ਐਕਸ਼ਨ ਲਿਆਂ, ਕਨੇਡੀਅਨ ਸਰਕਾਰ ਨੇ ਇੱਕ ਦਸੰਬਰ 1913 ਨੂੰ ਅਤੇ ਅੱਗੇ ਕਈ ਦਿਨ ਬਾਅਦ ਤੱਕ ਹਾਲਾਤ ਬਾਰੇ ਬਹਿਸ ਕੀਤੀ ਅਤੇ ਅਧਿਕਾਰੀਆਂ ਵਲੋਂ ਹੰਟਰ ਦੇ ਪੂਰੇ ਫ਼ੈਸਲਾ ਦਾ ਅਧਿਐਨ ਕੀਤੇ ਜਾਣ ਤੱਕ, ਬੱਸ ਇੰਤਜ਼ਾਰ ਕਰਨੀ ਸੀ। ਵਕਤੀ

ਵਿਚ ਵਕੀਲ ਐਡਵਰਡ ਬਰਡ ਨੇ ਸਬੰਧਿਤ ਨਿਯਮਾਂ ਦੀ ਅਤੇ ਇਹਨਾਂ ਨਿਯਮਾਂ ਨੂੰ ਪ੍ਰਭੁਤਾ ਬਖ਼ਸ਼ਣ ਵਾਲੇ ਕਾਨੂੰਨ ਦੀ ਸ਼ਬਦਾਵਲੀ ਦੇ ਫ਼ਰਕਾਂ ਨੂੰ ਉਜਾਗਰ ਕੀਤਾ। ਮਿਸਾਲ ਦੇ ਤੌਰ 'ਤੇ ਲਗਾਤਾਰ ਯਾਤਰਾ ਕਰਨ ਵਾਲੇ ਨਿਯਮ ਵਿਚ ਵਰਤਿਆ ਗਿਆ ਸ਼ਬਦ "ਏਸ਼ਿਆਈ ਮੂਲ" ਸੀ। ਜਦ ਕਿ ਇਮੀਗਰੇਸ਼ਨ ਕਾਨੂੰਨ ਵਿਚ "ਏਸ਼ਿਆਈ ਨਸਲ" ਸ਼ਬਦ ਦੀ ਵਰਤੋਂ ਕੀਤੀ ਗਈ ਸੀ ਇਸੇ ਤਰ੍ਹਾਂ 200 ਡਾਲਰ ਵਾਲੇ ਨਿਯਮ ਵਿਚ "ਅਸਲੀ ਨਿਜੀ ਮਲਕੀਅਤ" ਸ਼ਬਦ ਲਿਖੇ ਹੋਏ ਸਨ। ਜਦ ਕਿ ਇਮੀਗਰੇਸ਼ਨ ਕਾਨੂੰਨ ਵਿਚ "ਮਲਕੀਅਤ ਜੋ ਵਿਅਕਤੀ ਦੇ ਆਪਣੇ ਅਧਿਕਾਰ ਹੇਠ ਹੋਵੇ" ਦੇ ਭਾਵਾਂ ਵਾਲੀ ਸ਼ਬਦਾਵਲੀ ਵਰਤੀ ਗਈ ਸੀ। ਹੰਟਰ ਨੇ ਸ਼ਬਦਾਵਲੀ ਦੇ ਇਹਨਾਂ ਵਖਰੇਵਿਆਂ ਨੂੰ, ਦੋਵੇਂ ਨਿਯਮਾਂ ਨੂੰ ਰੱਦ ਕਰਨ ਲਈ ਬਹੁਤ ਮਹੱਤਵਪੂਰਨ ਅਤੇ ਵਜ਼ਨਦਾਰ ਮੰਨਿਆ। ਉਸਨੇ ਫ਼ੈਸਲਾ ਦਿੱਤਾ ਕਿ ਸਬੰਧਿਤ ਨਿਯਮ, ਕਾਨੂੰਨ ਦੀ ਮੂਲ ਭਾਵਨਾ ਅਨੁਸਾਰ ਜਾਰੀ ਨਾ ਕੀਤੇ ਜਾਣ ਕਾਰਨ, ਅਦਾਲਤ ਦਖਲ ਦੇ ਸਕਦੀ ਸੀ ਅਤੇ ਉਸਨੇ ਉਨ੍ਹਾਂ ਚਾਰ ਬੰਦਿਆਂ ਨੂੰ ਛੱਡ ਕੇ ਜੋ ਕਿ ਮੈਡੀਕਲ ਆਧਾਰ ਉੱਪਰ ਵਾਪਸ ਭੇਜੇ ਜਾ ਰਹੇ ਸਨ, ਬਾਕੀ ਸਭ ਸਿੱਖਾਂ ਨੂੰ ਰਿਹਾ ਕਰਨ ਦਾ ਹੁਕਮ ਦੇ ਦਿੱਤਾ।

ਬਰਡ ਨੇ ਸਰਕਾਰ ਵਲੋਂ ਭਾਰਤੀਆਂ ਨੂੰ ਦੇਸ਼ 'ਚੋਂ ਬਾਹਰ ਰੱਖਣ ਲਈ, ਵਰਤੇ ਜਾ ਰਹੇ ਨਿਯਮਾਂ ਦੇ ਲੁਕਵੇਂ ਚਰਿੱਤਰ ਬਾਰੇ ਜ਼ੋਰਦਾਰ ਤਰੀਕੇ ਨਾਲ ਬਹਿਸ ਕੀਤੀ। ਉਸ ਨੇ ਖ਼ਾਸ ਤੌਰ 'ਤੇ ਭਾਰਤ ਤੋਂ ਸਿੱਧੀ ਟਿਕਟ ਲੈ ਕੇ ਲਗਾਤਾਰ ਯਾਤਰਾ ਕਰਨ ਵਾਲੇ ਨਿਯਮ ਦਾ ਜ਼ਿਕਰ ਕੀਤਾ। ਜਿਸ ਬਾਰੇ ਸਰਕਾਰ ਨੂੰ ਸਾਫ਼ ਪਤਾ ਸੀ, ਕਿ ਭਾਰਤੀਆਂ ਨੂੰ ਸਿੱਧੀ ਟਿਕਟ ਨਹੀਂ ਮਿਲਦੀ ਸੀ। ਉਸਨੇ ਕਿਹਾ ਕਿ ਢੁੱਚਰਬਾਜ਼ੀ ਨਾਲ ਭਾਰਤੀਆਂ ਦੇ ਇਮੀਗਰੇਸ਼ਨ ਉੱਪਰ ਬੰਦਸ਼ ਲਾਈ ਜਾ ਰਹੀ ਸੀ। ਅਤੇ ਇਹ ਇੱਕ ਬੁਨਿਆਦੀ ਬੇਇਨਸਾਫ਼ੀ ਸੀ, ਜਿਸ ਨੂੰ ਅਦਾਲਤ ਦੇ ਆਦੇਸ਼ ਰਾਹੀਂ ਦਰੁਸਤ ਕਰਨ ਦੀ ਜ਼ਰੂਰਤ ਸੀ। ਮੁੱਖ ਜੱਜ ਨੇ ਬਰਡ ਦੇ ਇਹ ਨੁਕਤੇ ਧਿਆਨ ਨਾਲ ਸੁਣੇ, ਆਪਣੇ ਫ਼ੈਸਲੇ ਵਿਚ ਇਹਨਾਂ ਦਾ ਜ਼ਿਕਰ ਵੀ ਕੀਤਾ, ਅਦਾਲਤ ਦੇ ਦਾਇਰੇ 'ਚੋਂ ਬਾਹਰ ਹੋਣ ਦਾ ਤਰਕ ਦਿੰਦਿਆਂ ਇਹਨਾਂ ਨੂੰ ਖਾਰਜ਼ ਕਰ ਦਿੱਤਾ। ਇਸ ਤਰ੍ਹਾਂ ਦੇ ਕੇਸ ਵਿਚ ਜੱਜ ਹੋਣ ਨਾਤੇ, ਉਸ ਨੇ ਆਪਣੇ ਆਪ ਨੂੰ, ਪਾਰਲੀਮੈਂਟ ਵਲੋਂ ਪਾਸ ਕੀਤੇ ਕਾਨੂੰਨ ਅਤੇ ਇਸ ਕਾਨੂੰਨ ਦੇ ਅਖਤਿਆਰ ਅਧੀਨ ਬਣਾਏ ਗਏ ਨਿਯਮਾਂ ਦੀ ਸ਼ਬਦਾਵਲੀ ਤੱਕ ਹੀ ਮਹਿਦੂਦ ਰੱਖਿਆ। ਸੋ ਉਸਨੇ ਵਕੀਲ ਬਰਡ ਵਲੋਂ ਨਿਯਮਾਂ ਦੀ ਸ਼ਬਦਾਵਲੀ ਬਾਰੇ ਉਠਾਏ ਗਏ ਇਤਰਾਜ਼ਾਂ ਨੂੰ ਗੰਭੀਰਤਾ ਨਾਲ ਲਿਆ। ਪਰ ਉਠਾਏ ਗਏ ਦੂਸਰੇ ਬੁਨਿਆਦੀ ਨੁਕਤਿਆਂ ਵਲ ਤਵੱਜੋ ਨਾ ਦਿੱਤੀ।

ਕੁਝ ਅਹਿਮ ਸ਼ਬਦਾਂ ਦੀ ਇੱਕ ਸੰਕੀਰਣ ਤੇ ਤਕਨੀਕੀ ਵਿਆਖਿਆ ਕਾਰਨ- ਇੱਕ ਅਜਿਹੀ ਵਿਆਖਿਆ ਜਿਸ ਵੱਲ ਹੰਟਰ ਦੇ ਬੈਂਚ ਵਾਲੇ ਕਈ ਦੂਸਰੇ ਸਹਿਕਰਮੀ ਜੱਜਾਂ ਨੇ ਧਿਆਨ ਤੱਕ ਨਹੀਂ ਕਰਨਾ ਸੀ। ਉਸ ਦਿਨ ਵਕੀਲ ਬਰਡ ਦੀ ਜਿੱਤ ਹੋ

ਇੱਕ ਪਾਦਰੀ ਸੀ। ਜੋ ਮੱਧ ਭਾਰਤ ਵਿਚ ਕਈ ਸਾਲ ਕੰਮ ਕਰਦਾ ਰਿਹਾ ਸੀ। ਸਟੇਜ ਉੱਪਰ ਬੈਠੇ ਸਟੀਵਨਜ਼ ਦੀ ਹਾਜ਼ਰੀ ਵਿਚ, ਉਸਨੇ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ "ਜੇਕਰ ਪੱਗੜੀ ਬੰਨ੍ਹੀ, ਈਸਾ ਮਸੀਹ ਵੈਨਕੂਵਰ ਦੀ ਗ੍ਰੈਨਵਿਲੇ ਗਲੀ (Granville Street) ਵਿਚ ਮਿਲ ਪਵੇ, ਤਾਂ ਕੀ ਉਸ ਬਾਰੇ ਵੀ ਇਮੀਗਰੇਸ਼ਨ ਵਿਭਾਗ ਨੂੰ ਸੂਚਿਤ ਕਰਕੇ ਉਸਨੂੰ ਦੇਸ਼ 'ਚੋਂ ਬਾਹਰ ਕੱਢ ਦਿੱਤਾ ਜਾਵੇਗਾ?" ਸਟੀਵਨਜ਼ ਜੋ ਕਿ ਧਾਰਮਿਕ ਕੱਟੜਤਾ ਨੂੰ ਪ੍ਰਣਾਏ ਇੱਕ ਚਰਚ ਵਿਚ ਸਰਗਰਮ ਪ੍ਰਚਾਰਕ ਰਿਹਾ ਸੀ, ਨੇ ਬਹੁਤ ਜ਼ੋਸ ਭਰਪੂਰ, ਪਰ ਵਿਵਾਦਪੂਰਨ ਜਵਾਬ ਦਿੱਤਾ ਉਸਨੇ ਕਿਹਾ ਕਿ "ਈਸਾ ਜ਼ਹਿਰੀਲੇ ਵਿਦਰੋਹ ਦਾ ਪ੍ਰਚਾਰ ਕਰਦਾ ਹੋਇਆ ਨਹੀਂ ਆਵੇਗਾ।" ਰਹੀਮ ਜਿਸਦਾ ਭਾਰਤੀ ਧਰਮਾਂ ਬਾਰੇ ਗਿਆਨ, ਸਟੀਵਨਜ਼ ਦੇ ਇਸਾਈਅਤ ਬਾਰੇ ਗਿਆਨ ਤੋਂ ਕਈ ਗੁਣਾਂ ਜ਼ਿਆਦਾ ਸੀ, ਨੇ 'ਹਿੰਦੁਸਤਾਨੀ' ਅਖਬਾਰ ਵਿਚ ਟਿੱਪਣੀ ਕੀਤੀ ਕਿ ਈਸਾ ਨੂੰ ਇਹੀ ਦੋਸ਼ ਲਾ ਕੇ ਸੂਲੀ ਉੱਪਰ ਚੜ੍ਹਾਇਆ ਗਿਆ ਸੀ। "ਜੇਕਰ ਇਮੀਗਰੇਸ਼ਨ ਅਧਿਕਾਰੀ ਨੇ ਥੋੜ੍ਹੀ ਹੋਰ ਸਖ਼ਤ ਕਾਰਵਾਈ ਕਰਕੇ ਭਗਵਾਨ ਸਿੰਘ ਜੱਖ ਨਾਲ ਵੀ ਉਹੀ ਕੁੱਝ ਕੀਤਾ ਹੁੰਦਾ ਜੋ ਯਹੂਦੀਆਂ ਨੇ ਈਸਾ ਮਸੀਹ ਨਾਲ ਕੀਤਾ ਸੀ ਫਿਰ?

ਭਾਰਤੀ ਭਾਈਚਾਰੇ ਦੇ ਮੈਂਬਰਾਂ ਨੂੰ ਵੀ ਮੌਤ ਦੀਆਂ ਸਿੱਧੀਆਂ ਧਮਕੀਆਂ ਸਮੇਤ ਤਰ੍ਹਾਂ-ਤਰ੍ਹਾਂ ਦੇ ਡਰਾਵੇ ਦਿੱਤੇ ਜਾ ਰਹੇ ਸਨ। ਜਿਨ੍ਹਾਂ ਦੀ ਪੁਲਿਸ ਵਾਲੇ, ਗੁੱਸਾ ਕੱਢਣ ਜਾਂ ਪੈਂਤੜੇਬਾਜ਼ੀ ਦੀਆਂ ਕਾਰਵਾਈਆਂ ਸਮਝ ਕੇ ਅਣਦੇਖੀ ਕਰਨਾ ਸਿੱਖ ਗਏ ਸਨ। ਧਮਕੀਆਂ ਦਾ ਮੁੱਖ ਨਿਸ਼ਾਨਾ ਉਹ ਸਿੱਖ ਸਨ, ਜੋ ਭਗਵਾਨ ਸਿੰਘ ਜੱਖ ਦੀ ਤਕਰੀਰ ਸ਼ੁਰੂ ਹੁੰਦੇ ਹੀ, ਹਾੱਪਕਿਨਸਨ ਨੂੰ ਖਬਰ ਦੇਣ ਵਾਸਤੇ ਦੌੜੇ-ਦੌੜੇ ਜਾਂਦੇ ਸਨ। ਇਹਨਾਂ ਬੰਦਿਆਂ ਬਾਰੇ ਖ਼ਬਰ ਛੇਤੀ ਹੀ ਕੈਲੀਫੋਰਨੀਆ ਦੇ ਸਿੱਖਾਂ ਕੋਲ ਵੀ ਪਹੁੰਚ ਗਈ ਸੀ ਅਤੇ ਉਨ੍ਹਾਂ ਨੇ ਸਨਫਰਾਂਸਿਸਕੋ ਤੋਂ ਪਰਕਾਸ਼ਿਤ ਹੁੰਦੇ 'ਗ਼ਦਰ' ਦੇ ਪੰਜਵੇਂ ਅੰਕ ਵਿਚ ਇਹਨਾਂ ਦੇ ਨਾਵਾਂ ਦਾ ਜ਼ਿਕਰ ਵੀ ਕਰ ਦਿੱਤਾ ਸੀ। ਤਿੰਨ ਬੰਦਿਆਂ-ਬੇਲਾ ਸਿੰਘ ਜਿਆਨ, ਬਾਬੂ ਸਿੰਘ ਲਿਤਰਾਂ ਅਤੇ ਗੰਗਾ ਰਾਮ-ਦੇ ਨਾਵਾਂ ਦਾ ਹਵਾਲਾ, ਇੱਕ ਬਹੁਤ ਜਜ਼ਬਾਤੀ ਪੰਜਾਬੀ ਕਵਿਤਾ ਵਿਚ ਆਉਂਦਾ ਸੀ। ਜਿਸ ਵਿਚ ਰੀਡ ਤੇ ਹਾੱਪਕਿਨਸਨ ਸਮੇਤ ਇਹਨਾਂ ਤਿੰਨਾਂ ਨੂੰ ਵੀ ਖਤਮ ਕਰਨ ਬਾਰੇ ਕਿਹਾ ਗਿਆ ਸੀ। ਇਹ ਕਵਿਤਾ ਦਸੰਬਰ 1913 ਦੇ ਅਖੀਰ ਵਿਚ ਵੈਨਕੂਵਰ ਦੇ ਗੁਰਦਵਾਰੇ ਵਿਚ ਇੱਕ ਮੀਟਿੰਗ ਦੌਰਾਨ ਪੜ੍ਹੀ ਗਈ ਸੀ। ਕਿਹਾ ਜਾਂਦਾ ਸੀ, ਕਿ ਉਸ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਰਹੀਮ ਨੇ ਬੋਲਿਆ ਸੀ, ਕਿ ਉਸਨੂੰ ਉਮੀਦ ਸੀ ਅਤੇ ਉਹ ਇਹ ਬੇਨਤੀ ਵੀ ਕਰ ਰਿਹਾ ਸੀ ਕਿ ਕੋਈ ਜਣਾ ਇਹਨਾਂ ਬੰਦਿਆਂ ਨੂੰ 'ਠਿਕਾਣੇ ਲਗਾ' ਦੇਵੇਗਾ। ਉਸ ਦੇ ਇੱਕ ਸਿੱਖ ਦੋਸਤ, ਮੁਨਸ਼ਾ ਸਿੰਘ ਦੁਖੀ (ਮਖੌਲ ਨਾਲ ਉਸਨੂੰ ਅਬਦੁੱਲਾ ਵੀ ਕਿਹਾ ਜਾਂਦਾ ਸੀ। ਕਿਉਂਕਿ ਥੋੜ੍ਹੇ ਅਰਸੇ ਲਈ ਇਸਲਾਮ ਧਰਮ ਗ੍ਰਹਿਣ ਕਰਨ ਸਮੇਂ ਉਸ ਨੇ ਆਪਣੀ ਦਾੜ੍ਹੀ ਅਤੇ ਵਾਲ ਕਟਵਾ ਦਿੱਤੇ ਸਨ)

ਇੰਤਜ਼ਾਮ ਵਜੋਂ ਪ੍ਰੀਵੀ ਕੌਂਸਿਲ ਨੇ 8 ਦਸੰਬਰ 1913 ਨੂੰ ਇੱਕ ਕਾਰਜ਼ਕਾਰੀ ਆਦੇਸ਼ ਜਾਰੀ ਕੀਤਾ, ਜਿਸ ਅਨੁਸਾਰ 31 ਮਾਰਚ 1914 ਤੱਕ ਬ੍ਰਿਟਿਸ਼ ਕੋਲੰਬੀਆ ਦੀ ਕਿਸੇ ਵੀ ਬੰਦਰਗਾਹ ਉੱਪਰ, ਕਿਸੇ ਦਸਤਕਾਰ ਜਾਂ ਮਜ਼ਦੂਰ, ਹੁਨਰਮੰਦ ਜਾਂ ਗ਼ੈਰ-ਹੁਨਰਮੰਦ ਕਾਮੇ ਦੇ ਉੱਤਰਨ 'ਤੇ ਪਾਬੰਦੀ ਲਾ ਦਿੱਤੀ।(ਆਦੇਸ਼ ਨੂੰ ਬਾਅਦ ਵਿਚ ਨਵਿਆ ਦਿੱਤਾ ਜਾਂਦਾ ਰਿਹਾ ਅਤੇ ਇਸ ਤਰ੍ਹਾਂ ਇਹ ਅਗਲੀ ਗਰਮੀ ਰੁੱਤ ਤੱਕ ਵੀ ਲਾਗੂ ਸੀ)। ਇਹ ਆਦੇਸ਼ ਭਾਵੇਂ ਸਾਰੀਆਂ ਕੌਮੀਅਤਾਂ ਲਈ ਸੀ, ਪਰ ਮੁਖ ਨਿਸ਼ਾਨਾ ਭਾਰਤੀ ਇਮੀਗਰੇਂਟ ਸਨ।

ਕਨੇਡਾ ਵਿਚ ਪਸਰੀ ਹੋਈ ਬਹੁਤ ਜ਼ਿਆਦਾ ਬੇਰੁਜ਼ਗਾਰੀ ਕਾਰਨ, ਇਮੀਗਰੇਸ਼ਨ ਮਸਲੇ ਨੂੰ ਹੋਰ ਹਵਾ ਮਿਲੀ ਅਤੇ ਇਸਦਾ ਲਾਵਾ ਪ੍ਰਮੁੱਖ ਜਨਤਕ ਮਸਲਾ ਬਣ ਕੇ ਫੁੱਟਿਆ ਬ੍ਰਿਟਿਸ਼ ਕੋਲੰਬੀਆ ਦੇ ਪ੍ਰਧਾਨ ਮੰਤਰੀ ਸਰ ਰਿਚਰਡ ਮਕਬਰਾਈਡ (Richard McBride)ਨੇ ਸਥਿਤੀ ਨੂੰ "ਬਹੁਤ ਖਤਰਨਾਕ ਹਾਲਾਤ" ਗਰਦਾਨਿਆ। 'ਵੈਨਕੂਵਰ ਡੇਲੀ ਪ੍ਰੋਵਿੰਸ' ਅਖਬਾਰ ਨੇ ਲਿਖਿਆ ਕਿ ਭਾਰਤੀ ਇਮੀਗਰੇਸ਼ਨ ਦੀ ਸਮੱਸਿਆ "ਬਹੁਤ ਗੰਭੀਰ ਤੇ ਖਤਰਨਾਕ" ਪੱਧਰ 'ਤੇ ਪਹੁੰਚ ਚੁੱਕੀ ਸੀ। ਸਿਰਫ਼ 39 ਸਿੱਖ ਮੁਲਕ ਵਿਚ ਦਾਖਲ ਹੋਏ ਸਨ ਪਰ ਵੈਨਕੂਵਰ ਦੀਆਂ ਅਖਬਾਰਾਂ ਨੇ ਖਬਰਾਂ ਲਾਈਆਂ ਕਿ ਹੋਰ ਬਹੁਤ ਸਾਰੇ ਇਮੀਗਰੇਂਟ ਪਹੁੰਚਣ ਵਾਲੇ ਸਨ। ਬ੍ਰਿਟਿਸ਼ ਕੋਲੰਬੀਆ ਵਿਚ ਹੋ ਰਿਹਾ ਜਨਤਕ ਪ੍ਰਤੀਕਰਮ ਜ਼ਿਆਦਾਤਰ ਓਟਾਵਾ ਸਰਕਾਰ ਵਲ ਸੇਧਿਤ ਸੀ। ਤਾਂ ਜੁ ਕਨੇਡੀਅਨ ਕੈਬਨਿਟ ਕੁਝ ਕਰੇ ਅਤੇ ਐਚ.ਐਚ.ਸਟੀਵਨਜ਼ ਤੋਂ ਜ਼ਿਆਦਾ ਰੌਲਾ ਪਾਉਣ ਵਾਲਾ ਹੋਰ ਕੋਈ ਨਹੀਂ ਸੀ "ਮੈਂ ਇਹ ਚੁਣੌਤੀ ਟੋਰਾਂਟੋ ਵਿਚ ਦਿੱਤੀ ਸੀ ਅਤੇ ਇਹ ਚੁਣੌਤੀ ਇੱਥੇ ਵੀ ਦੇ ਰਿਹਾਂ ਹਾਂ। "ਵੈਨਕੂਵਰ ਦੀ ਇੱਕ ਸਭਾ ਨੂੰ ਸੰਬੋਧਨ ਕਰਦੇ ਉਸਨੇ ਕਿਹਾ, "ਮੈਂ ਚੁਣੌਤੀ ਦਿੰਦਾ ਹਾਂ ਕਿ ਕੋਈ ਵੀ ਬੰਦਾ, ਭਾਰਤੀ ਕੌਮ ਦੇ ਪੂਰੇ ਇਤਿਹਾਸ 'ਚੋਂ ਇੱਕ ਵੀ ਅਜਿਹੀ ਉਦਾਹਰਣ ਲੱਭ ਕੇ ਦੱਸੇ, ਕਿ ਉਨ੍ਹਾਂ ਦੀ ਸਭਿਅਤਾ ਨੇ ਦੁਨੀਆਂ ਦੀਆਂ ਦੂਸਰੀਆਂ ਨਸਲਾਂ ਦੀ ਭਲਾਈ ਲਈ ਕਦੇ ਇੱਕ ਵੀ ਕੰਮ ਕੀਤਾ ਹੋਵੇ। ਮੈਂ ਕਹਿੰਦਾ ਹਾਂ ਕਿ ਉਨ੍ਹਾਂ ਦੀ ਸਭਿਅਤਾ ਪੂਰੀ ਮਨੁੱਖੀ ਨਸਲ ਲਈ ਕਿਸੇ ਵੀ ਕੰਮ ਦੀ ਨਹੀਂ। ਸਭਿਅਤਾ, ਸਟੀਵਨਜ਼ ਦੀ ਧਾਰਨਾ ਮੁਤਾਬਕ ਸਿਰਫ਼ ਇਸਾਈਅਤ ਸੀ। ਬਾਕੀ ਸਾਰੀ ਦੁਨੀਆਂ ਨੂੰ ਉਹ ਕਾਫ਼ਰ ਸਮਝਦਾ ਸੀ। ਇਸ ਤਰ੍ਹਾਂ ਦਾ ਦ੍ਰਿਸ਼ਟੀਕੋਣ ਉੱਤਰੀ ਅਮਰੀਕਾ ਵਿਚ ਸਰਵ-ਵਿਆਪਕ ਸੀ। ਅਜਿਹੇ ਵਿਚਾਰ ਰੱਖਣ ਵਾਲਾ ਸਟੀਵਨਜ਼ ਉਥੇ ਇੱਕੱਲਾ ਨਹੀਂ ਸੀ।

ਰਹੀਮ ਤੇ ਉਸਦੇ ਸਾਥੀ ਅਦਾਲਤ ਵਿਚ ਆਪਣੀ ਜਿੱਤ ਉੱਪਰ ਖੁਸ਼ ਸਨ ਪਰ ਭਗਵਾਨ ਸਿੰਘ ਜੱਖ ਦੇ ਦੇਸ਼-ਨਿਕਾਲੇ ਕਾਰਨ ਗੁੱਸੇ ਵਿਚ ਸਨ। ਸਟੀਵਨਜ਼ ਆਪਣੇ ਲੋਕਾਂ ਦੇ ਹਿਤਾਂ ਦੀ ਬੋਲੀ ਬੋਲ ਰਿਹਾ ਸੀ। ਬ੍ਰਿਟਿਸ਼ ਕੋਲੰਬੀਆ ਵਿਚ ਭਾਰਤੀਆਂ ਦੇ ਚੰਗੇ ਦੋਸਤਾਂ 'ਚੋਂ ਇੱਕ, ਬ੍ਰਿਟੇਨ ਵਿਚ ਜਨਮਿਆ ਅਰਨਸਟ ਮੰਨਿਗਜ਼ (Earnest Munnings) ਨਾਂ ਦਾ, ਸਦਭਾਵਨਾ ਦੀ ਧਾਰਨਾ ਨੂੰ ਪ੍ਰਣਾਇਆ,

ਕਬਜ਼ੇ ਵਾਲੇ ਇਲਾਕਿਆਂ 'ਚੋਂ ਆਏ ਹੋਣ ਦੇ ਬਾਵਜੂਦ, 22 ਭਾਰਤੀ ਇਮੀਗਰੇਂਟਾਂ ਨੂੰ ਰੋਕ ਲਿਆ ਸੀ। ਸੈਂਕੜੇ-ਕਈ ਹੋਰਾਂ ਦੇ ਕਹਿਣ ਮੁਤਾਬਕ ਹਜ਼ਾਰਾਂ-ਸਿੱਖ ਮਨੀਲਾ ਅਤੇ ਦੂਰ-ਪੂਰਬ ਦੀਆਂ ਦੂਜੀਆਂ ਬੰਦਰਗਾਹਾਂ ਵਿਚ ਬੈਠੇ, ਕੈਲੀਫੋਰਨੀਆ ਜਿਲ੍ਹਾ ਅਦਾਲਤ ਦੇ ਫ਼ੈਸਲਾ ਦਾ ਇੰਤਜ਼ਾਰ ਕਰ ਰਹੇ ਸਨ ਅਤੇ ਜਦੋਂ 5 ਦਸੰਬਰ 1913 ਨੂੰ, ਯਾਨੀ ਹੰਟਰ ਦੇ ਫ਼ੈਸਲੇ ਤੋਂ 11 ਦਿਨ ਬਾਅਦ, ਫ਼ੈਸਲਾ ਆਇਆ। ਜਿਸ ਵਿਚ ਇਮੀਗਰੇਸ਼ਨ ਅਧਿਕਾਰੀਆਂ ਦੀ ਕਾਰਵਾਈ ਨੂੰ ਜਾਇਜ਼ ਠਹਿਰਾਇਆ ਸੀ। ਇਸ ਕਾਰਨ ਕਨੇਡਾ ਤੋਂ ਪੰਜਾਬ ਪਹੁੰਚਣ ਵਾਲੀਆਂ ਖਬਰਾਂ ਦੀ ਮਹੱਤਤਾ ਦੁਗਣੀ ਹੋ ਗਈ ਸੀ।

ਦੂਰ-ਪੂਰਬ ਤੇ ਬ੍ਰਿਟਿਸ਼ ਕੋਲੰਬੀਆ ਵਿਚਕਾਰ ਚਲ ਰਹੀ ਕੋਈ ਵੀ ਜਹਾਜ਼ੀ ਕੰਪਨੀ -ਜਿੰਨਾਂ ਵਿਚ 'ਕਨੇਡੀਅਨ ਪੈਸੇਫਿਕ', 'ਦ ਬਲਿਊ ਫਨਲ ਲਾਇਨ' ਅਤੇ ਐਸ.ਐਸ.ਪਾਨਾਮਾ ਮਾਰੂ ਜਹਾਜ਼ ਦੀ ਮਾਲਕ ਉਸਾਕਾ ਸ਼ੋਸਨ ਕੈਸਾ (Osaka Shosen Kaisha) ਕੰਪਨੀਆਂ ਸ਼ਾਮਲ ਸਨ-ਸਿੱਖਾਂ ਨੂੰ ਟਿਕਟ ਨਹੀਂ ਵੇਚਦੀਆਂ ਸਨ। ਉਨ੍ਹਾਂ ਨੂੰ ਪਤਾ ਸੀ ਕਿ ਜੇਕਰ ਉਨ੍ਹਾਂ ਅਜਿਹਾ ਕੀਤਾ ਤਾਂ ਕਨੇਡੀਅਨ ਅਧਿਕਾਰੀਆਂ ਨਾਲ ਉਨ੍ਹਾਂ ਦਾ ਪੰਗਾ ਪੈ ਸਕਦਾ ਸੀ।

27 ਦਸੰਬਰ ਨੂੰ, ਅਮਰੀਕੀ ਇਮੀਗਰੇਸ਼ਨ ਸਰਵਿਸ ਦੇ ਸਾਬਕਾ ਮੁਖੀ ਡੇਨੀਅਲ ਕੀਫੇ, (Daniel Keefe) ਚਹਿਲ-ਕਦਮੀ ਕਰਨ ਲਈ ਹਾਂਗਕਾਂਗ ਵਿਚ ਆਪਣੇ ਹੋਟਲ ਤੋਂ ਬਾਹਰ ਨਿਕਲੇ ਅਤੇ ਚੁਰਸਤੇ 'ਚ ਖੜ੍ਹੇ ਦੋ ਸਿੱਖਾਂ ਨਾਲ ਗੱਲਬਾਤ ਕਰਨ ਲੱਗੇ। ਉਨ੍ਹਾਂ 'ਚੋਂ ਇੱਕ ਨੇ, ਹਾਂਗਕਾਂਗ ਵਿਚਲੇ ਛੇ ਸੌ ਸਿੱਖਾਂ ਵਲੋਂ ਆਪਣੇ ਅਮਰੀਕੀ ਦੋਸਤਾਂ ਦੇ ਨਾਮ ਲਿਖਿਆ ਇੱਕ ਖਤ ਉਸਨੂੰ ਦਿਖਾਇਆ। ਲਿਖਿਆ ਸੀ:

"ਰੱਬ ਦਾ ਵਾਸਤਾ, ਅਮਰੀਕਾ ਜਾਂ ਕਨੇਡਾ ਪਹੁੰਚਣ ਵਿਚ ਸਾਡੀ ਮਦਦ ਕਰੋ, 15 ਮਾਰਚ 1914 (ਪੱਕੀ ਤਰੀਕ ਨਹੀਂ ਪਤਾ ਪਰ ਇਸ ਦੇ ਨੇੜੇ-ਤੇੜੇ) ਨੂੰ ਨਵੇਂ ਕਨੇਡੀਅਨ ਨਿਯਮ ਲਾਗੂ ਹੋ ਜਾਣਗੇ। ਜਿਸ ਤੋਂ ਬਾਅਦ ਗਿਣਤੀ ਵਿਚ ਬਹੁਤ ਘੱਟ ਭਾਰਤੀ ਲੋਕਾਂ ਨੂੰ ਕਨੇਡਾ ਵਿਚ ਪ੍ਰਵੇਸ਼ ਮਿਲ ਸਕੇਗਾ। ਪਿਛਲੇ ਛੇ ਮਹੀਨਿਆਂ ਤੋਂ, ਮਨੀਲਾ ਵਿਚ ਦਾਖਲ ਹੋਣਾ ਵੀ ਪਹਿਲਾਂ ਨਾਲੋਂ ਜਿਆਦਾ ਮੁਸ਼ਕਿਲ ਹੋ ਗਿਆ ਹੈ। ਸਾਨੂੰ ਆਸਟ੍ਰੇਲੀਆ ਤੇ ਨਿਊਜ਼ੀਲੈਂਡ ਵਿਚ ਵੀ ਦਾਖ਼ਲ ਨਹੀਂ ਹੋਣ ਦਿੱਤਾ ਜਾਂਦਾ। ਰੱਬ ਦਾ ਵਾਸਤਾ, ਸਾਡੀ ਸਹਾਇਤਾ ਕਰੋ ਤਾਂ ਜੁ ਅਸੀਂ ਅਮਰੀਕਾ ਜਾਂ ਕਨੇਡਾ ਵਿਚ ਦਾਖਲ ਹੋ ਸਕੀਏ।"

ਉੱਤਰੀ ਅਮਰੀਕਾ ਪਹੁੰਚਣ ਬਾਅਦ, ਬਹੁਤ ਖੁਸ਼ਹਾਲ ਹੋਣ ਦੀ ਉਮੀਦ ਨੇ, ਇਹਨਾਂ ਗਤੀਸ਼ੀਲ ਪੰਜਾਬੀਆਂ ਦਾ ਪੂਰਾ ਧਿਆਨ ਉਥੇ ਪਹੁੰਚਣ ਦੇ ਉੱਪਰਾਲਿਆਂ ਉੱਪਰ ਜਕੜ ਰੱਖਿਆ ਸੀ ਜਿਸ ਕੰਮ ਲਈ ਚਾਹੇ ਜਿੰਨੀ ਦੇਰ ਇੰਤਜ਼ਾਰ ਕਰਨਾ ਪਵੇ ਅਤੇ ਉਨ੍ਹਾਂ ਦੇ ਕਨੇਡਾ ਵਿਚਲੇ ਦੋਸਤਾਂ ਅਤੇ ਰਿਸ਼ਤੇਦਾਰਾਂ ਕੋਲ, ਇਹਨਾਂ ਨੂੰ ਉਥੇ ਪਹੁੰਚਣ ਲਈ ਉਤਸ਼ਾਹਿਤ ਕਰਨ ਲਈ ਠੋਸ ਕਾਰਨ ਮੌਜੂਦ ਸਨ। ਜਿਵੇਂ ਕਿ



*5. May 1907 ਵਿਚ ਵਿਕਟੋਰੀਆਂ ਦੇ ਉੱਤਰ ਵਿਚ ਟੋਡਇਨਲੇਟ ਵਿਖੇ ਸਸਕਾਰ ਕਰਦੇ ਹੋਏ VPI 13291.*

ਨੇ ਸਭਾ ਨੂੰ ਕਿਹਾ ਸੀ ਕਿ ਜਿਹੜੀ ਕੌਮ ਆਪਣੇ ਗ਼ਦਾਰਾਂ ਨੂੰ ਖਤਮ ਨਹੀਂ ਕਰਦੀ, ਉਹ ਜ਼ਿੰਦਾ ਨਹੀਂ ਰਹਿ ਸਕਦੀ। ਉਸ ਦੀ ਇਹ ਗੱਲ ਉਥੇ ਹਾਜ਼ਰ ਸਾਰੇ ਬੰਦਿਆਂ ਨੂੰ ਚੰਗੀ ਨਾ ਲੱਗੀ। ਦਸ ਬੰਦੇ ਉਸੇ ਵਕਤ ਸਾਰੀ ਕਾਰਵਾਈ ਦੀ ਖ਼ਬਰ ਦੇਣ ਇਮੀਗਰੇਸ਼ਨ ਦਫ਼ਤਰ ਨੂੰ ਰਵਾਨਾ ਹੋ ਗਏ ਅਤੇ ਉਨ੍ਹਾਂ ਦੇ ਬਿਆਨ, ਟਾਇਪ ਕਰਕੇ ਦਸਤਖਤ ਕਰਾਏ ਗਏ ਅਤੇ ਫਾਇਲਾਂ ਵਿਚ ਲੱਗੇ ਹੋਏ ਇਹ ਬਿਆਨ, ਅੱਜ ਵੀ ਰਿਕਾਰਡ ਦਾ ਹਿੱਸਾ ਹਨ।

ਹੰਟਰ ਦੀ ਅਦਾਲਤ ਵਿਚ ਹੋਈ ਜਿੱਤ ਪਿਛੋਂ, ਕਨੇਡੀਅਨ ਸਿੱਖਾਂ ਨੇ ਭਾਰਤ ਵਿਚਲੇ ਆਪਣੇ ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਲਿਖ ਭੇਜਿਆ, "ਟਿਕਟ ਖਰੀਦੋ ਤੇ ਜਹਾਜ਼ ਚੜ੍ਹੋ, ਬਾਕੀ ਅਸੀਂ ਦੇਖਾਂਗੇ ਕਿ ਤੁਸੀਂ ਵੈਨਕੂਵਰ ਵਿਚ ਦਾਖਲ ਹੋ ਸਕੋਂ। ਕੁਝ ਲੋਕਾਂ ਨੇ ਹੰਟਰ ਦੇ ਫ਼ੈਸਲੇ ਦਾ ਇਹ ਮਤਲਬ ਕੱਢਿਆ ਕਿ ਕਨੇਡਾ ਸਰਕਾਰ ਨੂੰ ਭਾਰਤੀ ਇਮੀਗਰੇਸ਼ਨ ਨੂੰ ਰੋਕਣ ਦਾ ਕੋਈ ਅਖਤਿਆਰ ਨਹੀਂ ਸੀ। ਕੁੱਝ ਹੋਰਾਂ ਨੇ ਸਮਝਿਆ ਕਿ ਥੋੜ੍ਹੇ ਸਮੇਂ ਵਿਚ ਹੀ ਕਨੇਡਾ ਸਰਕਾਰ ਨੇ ਨਿਯਮਾਂ ਵਿਚਲੀਆਂ ਚੋਰ-ਮੋਰੀਆਂ ਬੰਦ ਕਰ ਦੇਣੀਆਂ ਸਨ। ਉਨ੍ਹਾਂ ਨੇ ਆਪਣੇ ਰਿਸ਼ਤੇਦਾਰਾਂ ਤੇ ਮਿੱਤਰਾਂ ਨੂੰ ਮੌਕੇ ਦਾ ਫਾਇਦਾ ਉਠਾਉਣ ਦੀ ਤਾਕੀਦ ਕੀਤੀ। ਕਾਫ਼ੀ ਗਿਣਤੀ ਵਿਚ ਸਿੱਖ ਉਤਰੀ ਅਮਰੀਕਾ ਪਹੁੰਚਣ ਦਾ ਪਰਬੰਧ ਕਰਨ ਲਈ, ਪਹਿਲਾਂ ਹੀ ਹਾਂਗਕਾਂਗ, ਸ਼ੰਘਾਈ ਤੇ ਮਨੀਲਾ ਪਹੁੰਚੇ ਹੋਏ ਸਨ। ਕਈ ਪੰਜਾਬੀ ਫਿਲੀਪਾਈਨਜ਼ ਦੇ ਰਸਤੇ ਅਮਰੀਕਾ ਪਹੁੰਚਣ ਦੀ ਉਮੀਦ ਨਾਲ ਪਹਿਲਾਂ ਹੀ ਪੰਜਾਬ ਤੋਂ ਰਵਾਨਾ ਹੋ ਚੁੱਕੇ ਸਨ। ਪਰ ਸਨਫਰਾਂਸਿਸਕੋ ਵਿਚਲੇ ਅਮਰੀਕੀ ਇਮੀਗਰੇਸ਼ਨ ਅਧਿਕਾਰੀਆਂ ਨੇ ਇਹ ਚੋਰ ਦਰਵਾਜ਼ਾ ਅਗਸਤ ਵਿਚ ਹੀ ਬੰਦ ਕਰ ਦਿੱਤਾ ਸੀ। ਜਦੋਂ ਉਨ੍ਹਾਂ ਨੇ, ਅਮਰੀਕੀ

ਅਧਿਆਇ : 4

## ਰਵਾਨਗੀ : ਹਾਂਗਕਾਂਗ ਤੋਂ ਇੱਕ ਪੰਜਾਬੀ ਇਮੀਗਰੇਂਟ ਜਹਾਜ਼

ਤਕਰੀਬਨ ਛੇ ਸਾਲ ਦੀ ਬੰਦਸ਼ ਤੋਂ ਬਾਅਦ, ਪੰਜਾਬੀਆਂ ਨੂੰ ਕਨੇਡਾ ਪਹੁੰਚਾਉਣ ਦਾ ਵਾਅਦਾ, ਕੋਈ ਉੱਚ ਕੋਟੀ ਦਾ ਸਵੈ-ਵਿਸ਼ਵਾਸੀ ਉੱਦਮੀ ਅਤੇ ਦੇਸ਼ ਭਗਤ ਸਿੱਖ ਹੀ ਕਰ ਸਕਦਾ ਸੀ। ਕਨੇਡਾ ਸਰਕਾਰ ਦੇ ਲਗਾਤਾਰ ਯਾਤਰਾ ਕਰਨ ਵਾਲੇ ਨਿਯਮ ਦੀ ਪਾਲਣਾ ਕੀਤੇ ਬਗੈਰ, ਪੂਰਬੀ ਏਸ਼ੀਆ ਦੀ ਬੰਦਰਗਾਹ ਤੋਂ ਸਫ਼ਰ ਕਰਕੇ ਕਨੇਡਾ ਦੇ ਇਮੀਗਰੇਸ਼ਨ ਨਿਯਮਾਂ ਨੂੰ ਚੁਣੌਤੀ ਦੇਣ ਲਈ ਬਹੁਤ ਵੱਡੇ ਜਿਗਰੇ ਦੀ ਜ਼ਰੂਰਤ ਸੀ। ਅਜਿਹੇ ਵਿਲੱਖਣ ਹੌਂਸਲੇ ਵਾਲਾ ਉੱਦਮੀ ਤੇ ਦੇਸ਼-ਭਗਤ, ਇੱਕ ਦੌਲਤਮੰਦ ਸਿੱਖ ਠੇਕੇਦਾਰ ਸਰਦਾਰ ਗੁਰਦਿੱਤ ਸਿੰਘ ਸਰਹਾਲੀ ਸੀ। ਜੋ ਖੁਦ ਪਹਿਲਾਂ ਕਦੇ ਕਨੇਡਾ ਨਹੀਂ ਗਿਆ ਸੀ ਅਤੇ ਕਨੇਡਾ ਬਾਰੇ ਉਸਦੀ ਜਾਣਕਾਰੀ ਸਿਰਫ਼ ਸੁਣੀਆਂ-ਸੁਣਾਈਆਂ ਗੱਲਾਂ ਉੱਪਰ ਆਧਾਰਿਤ ਸੀ। ਉਸ ਨੂੰ ਬੱਸ ਏਨੀ ਸਮਝ ਸੀ ਕਿ ਕਨੇਡਾ ਸਰਕਾਰ ਵਲੋਂ ਭਾਰਤੀ ਇਮੀਗਰੇਸ਼ਨ ਉੱਪਰ ਲਾਈਆਂ ਪਾਬੰਦੀਆਂ ਨੂੰ ਇੱਕ ਸਫਲ ਚੁਣੌਤੀ ਦੇਣ ਨਾਲ, ਕਿਰਾਇਆ ਭਰਨ ਵਾਲੇ ਹਜ਼ਾਰਾਂ ਮੁਸਾਫ਼ਰਾਂ ਲਈ, ਜਹਾਜ਼ੀ ਕਾਰੋਬਾਰ ਕਰਨ ਦੇ ਰਸਤੇ ਖੁੱਲ੍ਹ ਸਕਦੇ ਸਨ। ਇਸ ਦੇ ਇਲਾਵਾ ਉਹ ਆਪਣੇ ਸਿੱਖ ਸਾਥੀਆਂ ਦੀ ਸੇਵਾ ਵੀ ਕਰ ਰਿਹਾ ਹੋਵੇਗਾ।

ਗੁਰਦਿੱਤ ਸਿੰਘ ਦੀ ਉਮਰ ਸੰਨ 1913 ਵਿਚ 55 ਸਾਲ ਦੀ ਸੀ। ਇੱਕ ਖਿੱਚ-ਪਾਊ ਸ਼ਖ਼ਸੀਅਤ, ਚਿੱਟੀ ਦਾੜ੍ਹੀ, ਮੁਸਕਰਾਉਂਦੀਆਂ ਅੱਖਾਂ ਤੇ ਵਿਸ਼ਾਲ ਅਨੁਭਵ ਵਾਲਾ ਸੋਹਣਾ-ਸੁਨੱਖਾ ਇਹ ਵਿਅਕਤੀ, ਦ੍ਰਿੜ੍ਹ ਇਰਾਦੇ, ਸਵੈ-ਸਿੱਖਿਆ ਅਤੇ ਖੁਦ ਦੀ ਕਮਾਈ ਨਾਲ ਅੱਗੇ ਵਧਿਆ ਹੋਇਆ ਇਨਸਾਨ ਸੀ। ਉਹ ਪੰਜਾਬ ਦੇ ਅੰਮ੍ਰਿਤਸਰ ਜਿਲ੍ਹੇ ਦੇ ਸਰਹਾਲੀ ਪਿੰਡ ਦੇ ਇੱਕ ਖਾਂਦੇ-ਪੀਂਦੇ ਪਰਿਵਾਰ ਨਾਲ ਸਬੰਧਿਤ ਸੀ। ਅਤੇ 12 ਸਾਲ ਦੀ ਉਮਰ ਤੱਕ ਆਪਣੇ ਪਿੰਡ ਵਿਚ ਰਿਹਾ ਸੀ। ਉਸ ਦੇ ਬਚਪਨ ਸਮੇਂ ਦਾ ਦੂਸਰਾ ਟਿਕਾਣਾ ਮਲਾਇਆ ਦਾ ਸ਼ਹਿਰ ਤਾਇਪਿੰਗ (Taiping) ਸੀ। ਜਿੱਥੇ ਉਸ ਦਾ ਪਿਤਾ ਪੁਲਿਸ ਵਿਚ ਸਿਪਾਹੀ ਦੀ ਨੌਕਰੀ ਕਰਦਾ ਸੀ। 18ਵੇਂ-19ਵੇਂ ਸਾਲ ਵਿਚ ਉਸਨੇ ਪੰਜਾਬ ਦੇ ਅੰਬਾਲਾ ਸ਼ਹਿਰ ਵਿਖੇ, ਫ਼ੌਜ ਵਿਚ ਭਰਤੀ ਹੋਣ ਦੀ ਕੋਸ਼ਿਸ਼ ਕੀਤੀ ਸੀ। ਪਰ ਰੈਜ਼ੀਮੈਂਟ ਦੇ ਭਰਤੀ ਅਫ਼ਸਰ ਨੇ ਉਸਨੂੰ ਬਹੁਤ ਕਮਜ਼ੋਰ ਸਮਝ ਕੇ ਭਰਤੀ ਨਾ ਕੀਤਾ। ਇਸ ਕਾਰਨ ਉਹ ਆਪਣੇ ਪਿਤਾ ਤੇ ਵੱਡੇ ਭਰਾ ਕੋਲ ਮਲਾਇਆ ਚਲਾ ਗਿਆ। ਇੱਥੇ ਉਸ ਨੇ ਖ਼ੂਬ ਪੈਸੇ ਕਮਾਏ। ਉਸ ਨੇ ਤਾਇਪਿੰਗ ਵਿਚ ਮੀਟ ਦੇ ਇੱਕ ਚੀਨੀ ਵਪਾਰੀ ਕੋਲ ਕੰਮ ਕੀਤਾ ਅਤੇ ਚੀਨੀ ਤੇ ਮਾਲੇ ਜ਼ੁਬਾਨਾਂ

ਅਦਾਲਤਾਂ ਨੇ ਪਿਛਲੇ ਪੰਜ ਸਾਲਾਂ 'ਚ ਤਿੰਨ ਵਾਰ ਇਮੀਗਰੇਸ਼ਨ ਵਿਭਾਗ ਦੀ ਮਰਜ਼ੀ ਦੇ ਉਲਟ ਫ਼ੈਸਲੇ ਦਿੱਤੇ। ਜਿਸ ਵਿਚ ਹਾਲ ਹੀ ਵਿਚ ਹੋਇਆ ਐਸ.ਐਸ.ਪਾਨਾਮਾ ਮਾਰੂ ਦਾ ਫ਼ੈਸਲਾ ਵੀ ਸ਼ਾਮਲ ਸੀ। ਇਹ ਆਸਵੰਦ ਇਮੀਗਰੇਂਟ ਜਿਸ ਗੱਲ ਨੂੰ ਸਮਝ ਨਹੀਂ ਰਹੇ ਸਨ ਜਾਂ ਜਿਸ ਦਾ ਕਿਆਸ ਨਹੀਂ ਕਰ ਸਕਦੇ ਸਨ, ਉਹ ਸੀ ਕਨੇਡਾ ਸਰਕਾਰ ਤੇ ਉਸਦੇ ਅਧਿਕਾਰੀਆਂ ਦੀ, ਉਨ੍ਹਾਂ ਨੂੰ ਹਰ ਹਾਲਤ ਵਿਚ ਦੇਸ਼ ਤੋਂ ਬਾਹਰ ਰੱਖਣ ਲਈ ਅਡੋਲ ਦ੍ਰਿੜ੍ਹਤਾ। ਉਨ੍ਹਾਂ ਨੇ ਬਰਤਾਨਵੀ ਖ਼ੁਫੀਆ ਏਜੰਸੀਆਂ, ਖ਼ਾਸ ਕਰ ਇੰਸਪੈਕਟਰ ਹਾੱਪਕਿਨਸਨ ਦੀ ਦੂਰ ਤੱਕ ਜਾਂਦੀ ਨਜ਼ਰ ਬਾਰੇ ਮਿਲੀਆਂ ਚਿਤਾਵਨੀਆਂ ਨੂੰ ਵੀ ਨਜ਼ਰ-ਅੰਦਾਜ਼ ਕਰ ਦਿੱਤਾ ਅਤੇ ਉਹ, ਆਪਣੀ ਮੰਜ਼ਲ ਤੱਕ ਪਹੁੰਚਣ ਲਈ ਰਾਹ ਵਿਚ ਆਉਣ ਵਾਲੀਆਂ ਦੁਸ਼ਵਾਰੀਆਂ ਤੇ ਮੁਸ਼ਕਲਾਂ ਬਾਰੇ ਸੁਣ ਕੇ ਵੀ ਨਾ ਘਬਰਾਏ।

***

ਉਥੋਂ ਦਾ ਕੰਮ-ਕਾਜ਼ ਇੱਕ ਦਫ਼ਤਰ 'ਚੋਂ ਚਲਾਉਂਦਾ ਸੀ।

ਦਸਵੇਂ ਤੇ ਮਨੁੱਖੀ ਜਾਮੇ 'ਚ ਆਖਰੀ ਗੁਰੂ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਗੁਰਪੁਰਬ ਮੌਕੇ 3, ਜਨਵਰੀ 1914 ਨੂੰ, ਗੁਰਦਿੱਤ ਸਿੰਘ ਸਰਹਾਲੀ ਨੇ ਹਾਂਗਕਾਂਗ ਦੇ ਗੁਰਦਵਾਰਾ ਸਾਹਿਬ ਵਿਖੇ ਤਕਰੀਰ ਕੀਤੀ ਅਤੇ ਗ਼ਦਰ ਜਿਸ ਦੀ ਪਹਿਲਾਂ ਹੀ ਸਿੱਖ ਬਸਤੀ ਵਿਚ ਬਹੁਤ ਚਰਚਾ ਸੀ, ਦੇ ਉਦੇਸ਼ਾਂ ਦੀ ਬਹੁਤ ਗਰਮਜ਼ੋਸੀ ਨਾਲ ਹਮਾਇਤ ਕੀਤੀ। ਉਸ ਦਾ ਵਿਸ਼ਵਾਸ ਸੀ, ਕਿ "ਹਰ ਸਿੱਖ ਦਾ ਮੁੱਖ ਉਦੇਸ਼ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਲੈਣਾ ਸੀ। ਕਿਉਂਕਿ ਗੁਰੂ ਗੋਬਿੰਦ ਸਿੰਘ ਨੇ ਵੀ ਦੇਸ਼ ਲਈ ਕੁਰਬਾਨੀ ਦਿੱਤੀ ਸੀ।" ਉਸ ਅੰਦਰ ਇਹ ਜਜ਼ਬਾਤ, ਮਲਾਇਆ ਵਿਚ ਉਸਦੀ ਠਹਿਰ ਦੌਰਾਨ ਪ੍ਰੱਫੁਲਿਤ ਹੋਏ ਸਨ। ਉਹ ਇੱਕ ਕਹਾਣੀ ਸੁਣਾਉਂਦਾ ਹੁੰਦਾ ਸੀ, ਕਿ ਇੱਕ ਵਾਰ ਉਹ ਆਪਣੇ ਪਿੰਡ ਦੇ ਇੱਕ ਰੂਹਾਨੀ ਬੰਦੇ ਨਾਲ ਚੈਨਈ ਦੇ ਰਾਹ (ਉਦੋਂ ਮਦਰਾਸ) ਸਾਰੇ ਮੰਦਰਾਂ ਦੇ ਦਰਸ਼ਨ ਕਰਦੇ ਹੋਏ, ਪੰਜਾਬ ਵਲ ਸਫ਼ਰ ਕਰ ਰਿਹਾ ਸੀ। ਤਖਤ ਸ੍ਰੀ ਹਜ਼ੂਰ ਸਾਹਿਬ ਜਿੱਥੇ ਗੁਰੂ ਗੋਬਿੰਦ ਸਿੰਘ ਦਾ ਕਤਲ ਕੀਤਾ ਗਿਆ ਸੀ, ਵੱਲ ਜਾਂਦੇ ਹੋਏ, ਰਸਤੇ ਵਿਚ ਹੈਦਰਾਬਾਦ ਠਹਿਰਣ ਸਮੇਂ, 1857 ਦੇ ਗ਼ਦਰ ਵਿਚ ਸਿੱਖ ਫੌਜ ਦੇ ਰੋਲ ਨੂੰ ਲੈ ਕੇ, ਸਥਾਨਕ ਮਰਹੱਟਿਆਂ ਨੇ ਉਨ੍ਹਾਂ ਦਾ ਮਜ਼ਾਕ ਉਡਾਇਆ। ਗੁਰਦਿੱਤ ਸਿੰਘ ਦੇ ਜਵਾਬ ਨੇ ਕਿ ਅੰਗਰੇਜ਼ਾਂ ਦੀ ਮਦਦ ਕਰਨ ਵਾਲੇ ਰਾਜੇ ਤੇ ਰਾਜ ਕੁਮਾਰ ਸਨ, ਸਧਾਰਨ ਸਿੱਖ ਨਹੀਂ। ਮਰਹੱਟਿਆਂ ਨੂੰ ਤਾਂ ਸੰਤੁਸ਼ਟ ਕਰ ਦਿੱਤਾ, ਪਰ ਖੁਦ ਗੁਰਦਿੱਤ ਸਿੰਘ ਨੂੰ ਨਹੀਂ। ਉਸ ਪਲ ਉਸ ਨੇ ਮਹਿਸੂਸ ਕੀਤਾ ਕਿ ਆਪਣਾ ਮਾਣ-ਸਨਮਾਨ ਬਹਾਲ ਕਰਨ ਲਈ ਸਿੱਖਾਂ ਨੂੰ ਆਪਣੀ ਦੇਸ਼-ਭਗਤੀ ਦਾ ਸਬੂਤ ਦੇਣਾ ਪੈਣਾ ਸੀ।

ਜਦ ਉਹ ਹਾਂਗਕਾਂਗ ਵਿਚ ਗੁਰਦਵਾਰੇ ਵਿਚ ਠਹਿਰਿਆ ਹੋਇਆ ਸੀ। ਤਾਂ ਉਸ ਨੂੰ ਪਤਾ ਲੱਗਾ ਕਿ ਕਨੇਡਾ ਨੂੰ ਜਾਣ ਵਾਲੇ ਜਹਾਜ਼ ਦੀ ਜ਼ਬਰਦਸਤ ਤਲਾਸ਼ ਵਿਚ, ਸੈਂਕੜੇ ਬੰਦੇ ਆਸ-ਪਾਸ ਘੁੰਮ ਰਹੇ ਸਨ। ਉਨ੍ਹਾਂ ਵਿਚੋਂ ਕੁਝ ਤਾਂ ਦੋ-ਦੋ ਸਾਲਾਂ ਤੋਂ ਦੂਰ-ਪੂਰਬ ਦੇ ਇਲਾਕੇ ਵਿਚ ਰਹਿ ਕੇ ਤਰ੍ਹਾਂ-ਤਰ੍ਹਾਂ ਦੇ ਕੰਮ ਕਰ ਰਹੇ ਸਨ ਅਤੇ ਸ਼ਰਮ ਦੇ ਮਾਰੇ ਵਾਪਸ ਘਰ ਨਹੀਂ ਪਰਤ ਰਹੇ ਸਨ। ਉਹ ਇਹ ਹਾਰ ਮੰਨਣ ਨੂੰ ਤਿਆਰ ਨਹੀਂ ਸਨ ਕਿ ਉਹ ਉੱਤਰੀ ਅਮਰੀਕਾ ਪਹੁੰਚਣ ਵਿਚ ਨਾਕਾਮ ਰਹੇ ਹਨ। ਮੁੱਖ ਜੱਜ ਹੰਟਰ ਦੇ ਬਹੁ-ਚਰਚਿਤ ਫ਼ੈਸਲੇ ਤੋਂ ਬਾਅਦ ਜਿਸ ਰਾਹੀ ਉਸਨੇ ਭਾਰਤੀਆਂ ਉੱਪਰ ਬੰਦਸ਼ ਲਾਉਣ ਵਾਲੇ ਨਿਯਮਾਂ ਨੂੰ-ਭਾਵੇਂ ਵਕਤੀ ਤੌਰ 'ਤੇ ਹੀ ਸਹੀ, ਖਾਰਜ਼ ਕਰ ਦਿੱਤਾ ਸੀ, ਉਨ੍ਹਾਂ ਦੀ ਉੱਤਰੀ ਅਮਰੀਕਾ ਪਹੁੰਚਣ ਦੀ ਜ਼ਰੂਰਤ ਦੀ ਭਾਵਨਾ ਨੂੰ ਬਹੁਤ ਤੇਜ਼ ਕਰ ਦਿੱਤਾ ਸੀ। ਗੁਰਦਵਾਰੇ ਵਿਚ ਉਸਦੀ ਤਕਰੀਰ ਤੋਂ ਬਾਅਦ, ਉਨ੍ਹਾਂ 'ਚੋਂ ਕਈ ਬੰਦਿਆਂ ਨੇ ਗੁਰਦਿੱਤ ਸਿੰਘ ਨਾਲ ਸੰਪਰਕ ਕੀਤਾ। ਉਨ੍ਹਾਂ ਨੂੰ ਪਤਾ ਸੀ ਕਿ ਵੈਨਕੂਵਰ ਤੋਂ ਇੱਕ ਭਾਰਤੀ, ਮਿਸਟਰ ਬਿਹਾਰੀ ਲਾਲ ਵਰਮਾ ਜੋ 'ਅਮਰੀਕਨ-ਇੰਡੀਅਨ ਕੋਲੋਨਾਈਜ਼ੇਸ਼ਨ ਕੰਪਨੀ ਆਫ਼ ਵੈਨਕੂਵਰ' ਨਾਂ



*6. ਜੁਲਾਈ 1914 ਬਾਬਾ ਗੁਰਦਿਤ ਸਿੰਘ ਸਰਹਾਲੀ ਦੂਰਬੀਨ ਨਾਲ ਕਾਮਾਗਾਟਾ ਮਾਰੂ ਜਹਾਜ*

ਸਿੱਖੀਆਂ। ਫਿਰ ਉਸ ਨੇ ਉਥੇ ਸਥਿਤ ਸਿੱਖ ਰੈਜ਼ੀਮੈਂਟ ਨੂੰ ਦੁੱਧ ਸਪਲਾਈ ਕਰਨਾ ਸ਼ੁਰੂ ਕਰ ਦਿੱਤਾ। ਸਹਾਇਕ ਧੰਦੇ ਦੇ ਤੌਰ 'ਤੇ ਉਸਨੇ ਪੰਜਾਬ 'ਚੋਂ ਇਥੇ ਡੰਗਰ ਦਰਾਮਦ ਕਰਨੇ ਸ਼ੁਰੂ ਕਰ ਦਿੱਤੇ, ਕਿਉਂਕਿ ਭਾਰਤ ਵਿਚ ਉਹ ਬਹੁਤ ਸਸਤੇ ਸਨ। ਉਸਨੇ ਰੇਲਵੇ ਠੇਕਿਆਂ ਅਤੇ ਰਬੜ ਦੇ ਬਾਗ ਲਾ ਕੇ ਵੀ ਖ਼ੂਬ ਕਮਾਈ ਕੀਤੀ। ਕੁਝ ਚਿਰ ਲਈ ਉਹ ਸੈਲਨਗੋਰ (Selangar) ਸੂਬੇ ਦੇ ਸੇਰੇਂਡਾ (Serendah) ਸ਼ਹਿਰ ਵਿਚ ਰਿਹਾ ਅਤੇ ਜਿਲ੍ਹਾ ਮੈਜਿਸਟ੍ਰੇਟ ਦੇ ਕਹਿਣ ਮੁਤਾਬਕ, ਉਥੋਂ ਦੇ ਸਿੱਖਾਂ ਉੱਪਰ ਗੁਰਦਿੱਤ ਸਿੰਘ ਦਾ ਗਹਿਰਾ ਪ੍ਰਭਾਵ ਸੀ। ਉਸ ਮੁਕੱਦਮੇਬਾਜ਼ ਵਜੋਂ ਵੀ ਮਸ਼ਹੂਰ ਸੀ ਅਤੇ ਅਕਸਰ ਅਦਾਲਤਾਂ ਦੇ ਚੱਕਰ ਲਾਉਂਦਾ ਰਹਿੰਦਾ ਸੀ।

ਪਿਛਲੇ ਕੁਝ ਸਾਲਾਂ ਤੋਂ ਉਹ ਪੰਜਾਬ ਵਿਚ ਆਪਣੇ ਪਿੰਡ ਸਰਹਾਲੀ ਰਹਿ ਰਿਹਾ ਸੀ। 1913 ਤੱਕ ਉਹ ਦੋ ਵਾਰ ਪਤਨੀਆਂ ਦੀ ਮੌਤ ਕਾਰਣ ਇੱਕਲਾ ਹੋ ਚੁੱਕਾ ਸੀ ਅਤੇ ਛੇ ਸਾਲ ਦਾ ਬਲਵੰਤ ਸਿੰਘ ਨਾਂ ਦਾ ਲੜਕਾ, ਉਸਦੀ ਇੱਕਲੌਤੀ ਔਲਾਦ ਸੀ। ਜਦੋਂ ਉਹ ਕਾਰੋਬਾਰ ਦੇ ਸਿਲਸਿਲੇ ਵਿਚ ਪਹਿਲਾਂ ਸਿੰਘਾਪੁਰ ਤੇ ਫਿਰ ਹਾਂਗਕਾਂਗ ਗਿਆ ਤਾਂ ਆਪਣੇ ਮਾਂ-ਵਿਹੂਣੇ ਬੇਟੇ ਨੂੰ ਵੀ ਨਾਲ ਲੈ ਗਿਆ ਸੀ। ਆਪਣੇ ਕਾਰੋਬਾਰੀ ਹਿੱਸੇਦਾਰ ਮੂਲ ਚੰਦ ਜੋ ਉਸ ਦੇ 1200 ਡਾਲਰ ਲੈ ਕੇ ਭੱਜ ਗਿਆ ਸੀ, ਉੱਪਰ ਮੁਕੱਦਮੇ ਦੇ ਸਿਲਸਿਲੇ ਵਿਚ ਉਹ ਦਸੰਬਰ 1913 ਵਿਚ ਹਾਂਗਕਾਂਗ ਪਹੁੰਚਿਆ। ਹਾਂਗਕਾਂਗ ਵਿਚ ਉਹ ਇੱਕ ਗੁਰਦਵਾਰੇ ਵਿਚ ਠਹਿਰਿਆ ਅਤੇ ਆਪਣਾ



*7.. ਕਾਮਾਗਾਟਾ ਮਾਰੂ ਜਹਾਜ ਵੇਨਕੂਵਰ ਬੰਨਦਰਗਾਹ ਤੇ (VNA LGN 1034)*

ਸ਼ਾਮਲ ਕਰ ਲਿਆ ਗਿਆ। ਫਿਰੋਜ਼ਪੁਰ ਜਿਲ੍ਹੇ ਦੇ ਦੋ ਪਿੰਡਾਂ ਦੇ ਇਹ ਵਿਦਿਆਰਥੀ ਸਨ, ਸੁਹਾਗ ਪਿੰਡ ਦਾ ਬੀਰ ਸਿੰਘ ਤੇ ਕਾਉਣੀ ਪਿੰਡ ਦਾ ਦਲਜੀਤ ਸਿੰਘ। ਅੰਮ੍ਰਿਤਸਰ ਤੋਂ ਪ੍ਰਕਾਸ਼ਿਤ ਹੁੰਦੇ 'ਖਾਲਸਾ ਐਡਵੋਕੇਟ' ਨਾਂ ਦੇ ਸਿੱਖ ਅਖਬਾਰ ਦਾ ਸਹਾਇੱਕ ਸੰਪਾਦਕ ਰਹਿ ਚੁਕਿਆ ਦਲਜੀਤ ਸਿੰਘ ਕਾਉਣੀ ਗੁਰਦਿੱਤ ਸਿੰਘ ਦਾ ਨਿੱਜੀ ਸਕੱਤਰ ਅਤੇ ਬੀਰ ਸਿੰਘ ਉਸਦਾ ਸਹਾਇੱਕ ਸਕੱਤਰ ਬਣ ਗਿਆ। ਉਨ੍ਹਾਂ ਨੇ ਮੁਸਾਫ਼ਰ ਕਮੇਟੀ ਦਾ ਗਠਨ ਕੀਤਾ ਅਤੇ ਗੁਰਦਿੱਤ ਸਿੰਘ ਦੀ ਹਦਾਇਤ 'ਤੇ ਵੈਨਕੂਵਰ ਦੇ ਗੁਰਦਵਾਰੇ ਦੀ ਪ੍ਰਬੰਧਕ ਕਮੇਟੀ 'ਚੀਫ਼ ਖਾਲਸਾ ਦੀਵਾਨ' ਨਾਲ ਚਿੱਠੀ-ਪੱਤਰ ਸ਼ੁਰੂ ਕਰ ਦਿੱਤਾ।

ਚੀਫ਼ ਜਸਟਿਸ ਹੰਟਰ ਦੇ 24 ਨਵੰਬਰ 1913 ਦੇ ਫ਼ੈਸਲੇ ਕਾਰਨ ਪੈਦਾ ਹੋਏ ਅਵਸਰ ਦੀ ਮਿਆਦ ਬਹੁਤ ਛੋਟੀ ਸੀ। ਕਨੇਡਾ ਦੇ ਪ੍ਰਧਾਨ ਮੰਤਰੀ ਨੇ ਆਪਣੇ ਅਧਿਕਾਰੀਆਂ ਨੂੰ ਜਸਟਿਸ ਹੰਟਰ ਵਲੋਂ ਦੋਸ਼-ਪੂਰਨ ਪਾਏ ਗਏ। ਨਿਯਮਾਂ ਨੂੰ ਤੁਰੰਤ ਬਦਲਣ ਦੀ ਤਾਕੀਦ ਕੀਤੀ ਅਤੇ ਉਸ ਦੀ ਨਿੱਜੀ ਦਿਲਚਸਪੀ ਕਾਰਨ ਨਵੇਂ ਨਿਯਮ, ਜਿੰਨਾਂ ਨੂੰ ਪ੍ਰੀਵੀ ਕੌਂਸਿਲ ਆਰਡਰ ਨੰਬਰ 23 ਤੇ 24 ਦਾ ਨਾਮ ਦਿੱਤਾ ਗਿਆ, 7 ਜਨਵਰੀ 1914 ਨੂੰ ਜਾਰੀ ਹੋ ਗਏ। ਗੁਰਦਿੱਤ ਸਿੰਘ ਸਰਹਾਲੀ ਨੂੰ ਫਰਵਰੀ ਮਹੀਨੇ ਦੇ ਮੱਧ ਤੱਕ ਇਹਨਾਂ ਨਿਯਮਾਂ ਬਾਰੇ ਪਤਾ ਲੱਗ ਗਿਆ ਸੀ। ਉਦੋਂ ਤੱਕ ਉਹ ਸਿੰਘਾਪੁਰ ਵਾਪਸ ਪਹੁੰਚ ਚੁੱਕਾ ਸੀ। ਅਤੇ ਜਹਾਜ਼ ਬਾਰੇ ਕਲਕੱਤੇ ਤੋਂ ਪੁੱਛ-ਗਿੱਛ ਕਰ ਰਿਹਾ ਸੀ। ਗੁਰਦਿੱਤ ਸਿੰਘ ਨੂੰ ਕਨੇਡਾ ਦੀ ਸਥਿਤੀ ਬਾਰੇ ਕਾਨੂੰਨੀ ਜਾਣਕਾਰੀ, ਵੈਨਕੂਵਰ ਗੁਰਦਵਾਰੇ ਤੋਂ ਆਉਣ ਵਾਲੇ ਖਤਾਂ ਤੋਂ ਮਿਲਦੀ ਸੀ। ਜੋ ਉਸ ਨੂੰ ਅੱਗੇ ਵਧਣ ਲਈ ਕਹਿ ਰਹੇ ਸਨ ਅਤੇ ਹਰ ਪੱਖੋਂ ਇਹ ਪ੍ਰਭਾਵ ਦੇ ਰਹੇ ਸਨ ਕਿ ਕਨੇਡਾ ਦੇ ਕਾਨੂੰਨ ਨੂੰ ਹਰਾਇਆ ਜਾ ਸਕਦਾ ਸੀ। ਅਤੇ ਗੁਰਦਿੱਤ ਸਿੰਘ ਦੇ

ਦੀ ਕੰਪਨੀ ਦਾ ਕਥਿਤ ਸਕੱਤਰ ਸੀ, ਥੋੜ੍ਹੀ ਦੇਰ ਪਹਿਲਾਂ ਹਾਂਗਕਾਂਗ ਪਹੁੰਚਿਆ ਸੀ। ਉਸ ਦਾ ਐਲਾਨੀਆ ਉਦੇਸ਼, ਇੱਕ ਜਹਾਜ਼ ਕਿਰਾਏ 'ਤੇ ਲੈਣ ਦਾ ਸੀ। ਇਹਨਾਂ ਬੰਦਿਆਂ ਨੇ ਗੁਰਦਿੱਤ ਸਿੰਘ ਨੂੰ ਉਸਦੀ ਸਮੱਰਥਾ ਅਨੁਸਾਰ ਇਸ ਉਦੇਸ਼-ਪੂਰਤੀ ਵਿਚ ਮਦਦ ਕਰਨ ਲਈ ਕਿਹਾ। ਬਿਨਾਂ ਕਿਸੇ ਪੁੱਛ-ਪੜਤਾਲ ਦੇ, ਗੁਰਦਿੱਤ ਸਿੰਘ ਨੇ ਇਸ ਅਵਸਰ ਨੂੰ ਇੱਕ ਕਾਰੋਬਾਰੀ ਵਿਉਂਤਬੰਦੀ ਤੇ ਦੇਸ਼ ਵਾਸੀਆਂ ਦੀ ਭਲਾਈ ਲਈ ਕੀਤੇ ਜਾਣ ਵਾਲੇ ਦੇਸ਼-ਭਗਤੀ ਦੇ ਕੰਮ ਵਜੋਂ ਤਸੱਵਰ ਕੀਤਾ। ਆਪਣੇ ਪੂਰਵ-ਨਿਰਧਾਰਿਤ ਕਾਰੋਬਾਰੀ ਦੌਰੇ 'ਤੇ ਸਿੰਘਾਪੁਰ ਲਈ ਰਵਾਨਾ ਹੋਣ ਤੋਂ ਪਹਿਲਾਂ ਉਸਨੇ ਵਾਅਦਾ ਕੀਤਾ ਕਿ ਚਾਹੇ ਜੋ ਵੀ ਮੁਸ਼ਕਿਲ ਆਵੇ, ਉਹ ਜਹਾਜ਼ ਕਿਰਾਏ ਉੱਪਰ ਲਵੇਗਾ ਅਤੇ ਉਸ ਨੇ ਆਪਣਾ ਇਹ ਵਾਅਦਾ ਨਿਭਾਇਆ ਵੀ।

ਬਿਹਾਰੀ ਲਾਲ ਵਰਮਾ ਵੀ ਜਹਾਜ਼ ਤਲਾਸ਼ਦਾ ਰਿਹਾ। ਦੋਨਾਂ ਲਈ ਕਈ ਪ੍ਰਕਾਰ ਦੀਆਂ ਮੁਸ਼ਕਿਲਾਂ ਸਨ। ਪੈਸੇ ਦਾ ਇੰਤਜ਼ਾਮ, ਸੰਭਾਵੀ ਮੁਸਾਫ਼ਰਾਂ ਦਾ ਭਰੋਸਾ ਕਾਇਮ ਰੱਖਣਾ, ਅਜਿਹੇ ਜਹਾਜ਼ੀ ਦਲਾਲ ਲੱਭਣਾ, ਜੋ ਇਸ ਤਰ੍ਹਾਂ ਦੀ ਜ਼ੋਖਮ ਭਰੀ ਤਜਵੀਜ਼ ਨੂੰ ਹੱਥ ਪਾਉਣ ਲਈ ਤਿਆਰ ਹੋਣ ਅਤੇ ਸਰਕਾਰੀ ਅਧਿਕਾਰੀਆਂ ਦੀ ਦਖਲ ਅੰਦਾਜ਼ੀ ਤੋਂ ਕਿਨਾਰਾ ਵੱਟਣਾ। ਬਿਹਾਰੀ ਲਾਲ ਵਰਮਾ ਇੱਕ ਸਿੱਖ ਨਹੀਂ ਸੀ, ਪਰ ਹਿੰਦੂ ਧਰਮ ਦੇ ਇੱਕ ਸੁਧਾਰਵਾਦੀ ਤੇ ਆਧੁਨਿਕ ਫ਼ਿਰਕੇ ਚੋਂ, ਇੱਕ ਪੜ੍ਹਿਆ ਲਿਖਿਆ ਹਿੰਦੂ ਵਿਅਕਤੀ ਸੀ। ਸਿੱਖਾਂ ਨਾਲ ਵਿਵਹਾਰ ਕਰਨ ਲਈ ਉਸ ਕੋਲ ਗੁਰਦਿੱਤ ਸਿੰਘ ਸਰਹਾਲੀ ਵਰਗੀ ਬਿਹਤਰ ਸਥਿਤੀ ਨਹੀਂ ਸੀ। ਪਰ ਉਹ ਬ੍ਰਿਟਿਸ਼ ਕੋਲੰਬੀਆ ਵਿਚਲੇ ਭਾਰਤੀ ਭਾਈਚਾਰੇ ਦੇ ਆਗੂਆਂ ਨੂੰ ਜਾਤੀ ਤੌਰ 'ਤੇ ਜਾਣਦਾ ਸੀ। ਸੰਨ 1908 ਵਿਚ ਐਸ.ਐਸ.ਮੌਂਟਈਗਲ ਕੇਸ ਵਿਚ ਅਦਾਲਤ ਦੇ ਫ਼ੈਸਲੇ ਦੇ ਆਧਾਰ 'ਤੇ ਕਨੇਡਾ ਵਿਚ ਦਾਖਲ ਹੋਣ ਵਾਲੇ ਇਮੀਗਰੇਂਟਾਂ ਵਿਚੋਂ, ਉਹ ਇੱਕ ਪ੍ਰਮੁੱਖ ਵਿਅਕਤੀ ਸੀ। ਦਾਖਲ ਹੋਣ ਬਾਅਦ ਉਹ ਸੀਏਟਲ, ਓਕਲੈਂਡ ਤੇ ਵੈਨਕੂਵਰ ਜਿਹੀਆਂ ਕਈ ਥਾਵਾਂ 'ਤੇ ਵਿਦਿਆਰਥੀ ਰਿਹਾ। ਅਤੇ ਕਨੇਡਾ ਤੇ ਅਮਰੀਕਾ ਵਿਚ ਠਹਿਰ ਦੇ ਦੌਰਾਨ ਉਸਨੇ ਸਿੱਖ, ਹਿੰਦੂ ਤੇ ਮੁਸਲਿਮ, ਸਭ ਪ੍ਰਕਾਰ ਦੇ ਪ੍ਰਮੁੱਖ ਭਾਰਤੀ ਕਾਰਕੁੰਨਾਂ ਨਾਲ ਜਾਣ-ਪਹਿਚਾਣ ਬਣਾਈ। ਉਹ ਆਪਣੇ ਨਿੱਜੀ ਅਤੀਤ ਤੇ ਪ੍ਰੇਰਨਾ ਕਰਕੇ ਹੀ ਨਹੀਂ, ਸਗੋਂ ਵੈਨਕੂਵਰ ਵਿਚ ਪ੍ਰਮੁੱਖ ਭਾਰਤੀਆਂ ਨਾਲ ਬਣੇ ਸਬੰਧਾਂ ਕਾਰਨ ਵੀ ਇਹ ਕੰਮ ਕਰ ਰਿਹਾ ਸੀ। ਪਰ ਉਹ ਜਹਾਜ਼ ਕਿਰਾਏ 'ਤੇ ਨਾ ਲੈ ਸਕਿਆ। ਭਾਵੇਂ ਕਿ ਕਾਫ਼ੀ ਦੇਰ, ਮਈ 1914 ਤੱਕ ਵੀ ਉਹ ਮੁੰਬਈ ਵਿਚ (ਉਦੋਂ ਬੰਬੇ) ਸੁਏਜ਼ ਨਹਿਰ ਰਾਹੀਂ ਹੈਲੀਫੈਕਸ ਸ਼ਹਿਰ ਤੱਕ 500 ਮੁਸਾਫ਼ਰਾਂਨੂੰ ਲਿਜਾਣ ਵਾਲੇ ਜਹਾਜ਼ ਦੀ ਤਲਾਸ਼ ਕਰਦਾ ਰਿਹਾ ਸੀ।

ਗੁਰਦਿੱਤ ਸਿੰਘ ਸਰਹਾਲੀ ਵਲੋਂ ਵੱਖਰੇ ਤੌਰ 'ਤੇ ਜਹਾਜ਼ ਦੀ ਤਲਾਸ਼ ਕੀਤੀ ਜਾ ਰਹੀ ਸੀ। ਅਮਰੀਕਾ ਜਾ ਰਹੇ ਦੋ ਵਿਦਿਆਰਥੀ ਜਿੰਨਾਂ ਨੇ ਵਕਤੀ ਤੌਰ 'ਤੇ ਆਪਣੀ ਯਾਤਰਾ ਹਾਂਗਕਾਂਗ ਵਿਚ ਰੋਕ ਦਿੱਤੀ ਸੀ, ਨੂੰ ਵੀ ਇਸ ਪ੍ਰੋਜੈਕਟ ਵਿਚ

ਬਹੁਤ ਬੇਚੈਨੀ ਭਰੇ ਸੁਨੇਹੇ ਮਿਲ ਰਹੇ ਸਨ ਕਿ ਉਸ ਨੂੰ ਟਿਕਟਾਂ ਵੇਚਣ ਵਿਚ ਬਹੁਤ ਪ੍ਰੇਸ਼ਾਨੀ ਆ ਰਹੀ ਸੀ। ਕਿਉਂਕਿ ਹਰ ਕੋਈ ਪਹਿਲਾਂ ਜਹਾਜ਼ ਦੇਖਣਾ ਚਾਹੁੰਦਾ ਸੀ ਆਖਰ ਉਸਨੇ ਸਿੰਘਾਪੁਰ ਵਿਚਲਾ ਆਪਣਾ ਕੰਮ ਧੰਦਾ ਸਮੇਟਿਆ ਅਤੇ ਆਪਣੀ ਸਵਰਗਵਾਸੀ ਦੂਸਰੀ ਪਤਨੀ ਤੋਂ ਪੈਦਾ ਹੋਏ ਛੇ ਸਾਲਾ ਇੱਕਲੌਤੇ ਬੇਟੇ ਬਲਵੰਤ ਨੂੰ ਨਾਲ ਲੈ ਕੇ ਹਾਂਗਕਾਂਗ ਪਹੁੰਚ ਗਿਆ।

ਇੱਕ ਅੰਗਰੇਜ਼ੀ ਕੰਪਨੀ 'ਜਾਰਡਨ ਕੰਪਨੀ' ਨੇ ਗੁਰਦਿੱਤ ਸਿੰਘ ਨੂੰ 'ਕੁਟ ਸੈਂਗ' (Kut Sang) ਨਾਂ ਦਾ ਇੱਕ ਜਹਾਜ਼ 9000 ਡਾਲਰ ਪ੍ਰਤੀ ਮਹੀਨਾ ਦੇ ਕਿਰਾਏ 'ਤੇ ਦੇਣ ਦੀ ਪੇਸ਼ਕਸ਼ ਕੀਤੀ ਪਰ ਜਦੋਂ ਉਹ ਸਬੰਧਿਤ ਦਸਤਾਵੇਜ਼ਾਂ ਉੱਪਰ ਦਸਤਖਤ ਕਰਨ ਪਹੁੰਚਿਆਂ ਤਾਂ ਕੰਪਨੀ ਵਾਲੇ ਮੁਕਰ ਗਏ। ਉਸਨੂੰ ਪੱਕਾ ਯਕੀਨ ਸੀ ਕਿ ਇਸ ਕੰਪਨੀ ਦੇ ਫ਼ੈਸਲੇ ਲਈ ਬਰਤਾਨੀਆ ਸਰਕਾਰ ਜ਼ਿੰਮੇਵਾਰ ਸੀ। ਫਿਰ ਉਹ ਹਾਂਗਕਾਂਗ ਵਿਚ ਸਥਿਤ ਇੱਕ ਜਰਮਨ ਏਜੰਟ ਏ.ਬਿਊਨ (A Bune) ਨੂੰ ਮਿਲਿਆ ਜਿਸ ਨੇ ਉਸਨੂੰ ਜਾਪਾਨੀ ਮਾਲਕੀ ਵਾਲੇ ਤੇ ਕੋਲਾ ਢੋਣ ਵਾਲੇ ਇੱਕ ਜਹਾਜ਼ ਦੀ ਪੇਸ਼ਕਸ਼ ਕੀਤੀ ਜਿਸ ਵਿਚ ਸਮੁੰਦਰੀ ਮੁਸਾਫ਼ਰਾਂ ਦੇ ਸਫ਼ਰ ਵਾਲੀਆਂ ਸਹੂਲਤਾਂ ਵੀ ਮੌਜੂਦ ਸਨ। ਐਸ.ਐਸ.ਕਾਮਾਗਾਟਾ ਮਾਰੂ (S S Komagata Maru) ਜਹਾਜ਼ ਹੈਮਬਰਗ (Hamburg) ਦੀ 'ਡੈਂਪਸ਼ਿਫ ਰੀਡਰੇ ਹੰਸਾ' (Dampfschiff Rederie Hansa) ਨਾਂ ਦੀ ਇੱਕ ਜਰਮਨ ਮੁਸਾਫ਼ਰ ਜਹਾਜ਼ੀ ਕੰਪਨੀ ਲਈ, ਗਲਾਸਗੋ ਵਿਚ 1890 ਵਿਚ ਬਣਾਇਆ ਗਿਆ ਸੀ। ਸ਼ੁਰੂ ਵਿਚ ਇਸ ਨੂੰ 'ਐਸ.ਐਸ.ਸਟੱਬਨਹੱਕ'(SS Stubbenhuk) ਦੇ ਨਾਂ ਹੇਠ ਰਜਿਸਟਰ ਕੀਤਾ ਗਿਆ ਸੀ। ਇਸ ਨਾਮ ਹੇਠ ਇਹ ਰੂਸੀ, ਆਸਟ੍ਰੀਅਨ ਤੇ ਜਰਮਨ, ਗਰੀਬ ਮੁਸਾਫ਼ਰਾਂ ਨੂੰ, ਜਿੰਨਾ ਵਿਚ ਕਾਫ਼ੀ ਗਿਣਤੀ ਵਿਚ ਯਹੂਦੀ ਮੁਸਾਫ਼ਰ ਹੁੰਦੇ ਸਨ, ਹੈਮਬਰਗ ਤੇ ਐਂਟਵਰਪ (Antwerp) ਤੋਂ ਕਿਉਬਿਕ ਤੇ ਮੌਂਟਰੀਅਲ ਜਾਂ ਅਮਰੀਕੀ ਬੰਦਰਗਾਹਾਂ ਬੋਸਟਨ, ਨਿਊਯਾਰਕ ਤੇ ਬਾਲਟੀਮੋਰ ਤੱਕ ਪਹੁੰਚਾਉਣ ਲਈ ਅੰਧ ਮਹਾਂਸਾਗਰ ਵਿਚ ਚੱਕਰ ਲਾਉਂਦਾ ਰਹਿੰਦਾ ਸੀ। ਫਿਰ ਇਹ ਜਹਾਜ਼ 'ਹੈਮਬਰਗ ਅਮੀਰੀਕਾ ਲਿਨੀ'(Amerika Linie) ਕੰਪਨੀ ਦੀ ਮਾਲਕੀ ਹੇਠ 'ਐਸ.ਐਸ.ਸਿਸੀਲੀਆ' (S S Scilia) ਦੇ ਨਾਂ ਨਾਲ ਕਾਲੇ ਸਾਗਰ ਤੇ ਭੂਮੱਧ ਸਾਗਰ ਦੀਆਂ ਬੰਦਰਗਾਹਾਂ ਤੋਂ ਨਿਊਯਾਰਕ ਤੱਕ ਦੇ ਚੱਕਰ ਲਾਉਂਦਾ ਰਿਹਾ। ਅੱਜਕਲ੍ਹ ਇਹ ਜਹਾਜ਼ ਚਾਰ-ਪੰਜ ਭਾਗੀਦਾਰਾਂ ਵਾਲੀ ਇੱਕ ਜਾਪਾਨੀ ਕੰਪਨੀ 'ਸ਼ਿਨਜੇਈ ਕਾਈਸਨ ਗੋਸ਼ੀ ਕੈਸਾ'(Kisen Goshi Kaisa) ਦੀ ਮਲਕੀਅਤ ਸੀ। ਜਿਸ ਕੋਲ ਕਾਮਾਗਾਟਾ ਮਾਰੂ ਤੋਂ ਇਲਾਵਾ ਬੱਸ ਇੱਕ ਹੋਰ ਛੋਟਾ ਜਿਹਾ ਜਹਾਜ਼ ਸੀ।

329 ਫੁੱਟ ਲੰਬਾ ਤੇ 41 ਫੁੱਟ ਚੌੜਾ ਕਾਮਾਗਾਟਾ ਮਾਰੂ ਕੋਲੇ ਵਾਲੇ 265 ਹਾਰਸ ਪਾਵਰ ਦੇ ਭਾਫ਼ ਇੰਜਨ ਨਾਲ ਚੱਲਦਾ ਸੀ। ਅਤੇ ਵੱਧ ਤੋਂ ਵੱਧ 20 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚੱਲ ਸਕਦਾ ਸੀ। ਇਹ ਟਾਈਟੈਨਿਕ ਤਾਂ ਨਹੀਂ ਸੀ,

ਮਨ ਅੰਦਰ ਕੁਝ ਹੋਰ ਵੀ ਚਲ ਰਿਹਾ ਸੀ, ਅਜਿਹਾ ਕੁਝ ਜਿਸ ਨਾਲ ਲੋਕ ਸੇਵਾ ਦੀ ਭਾਵਨਾ ਮਜ਼ਬੂਤ ਹੋ ਰਹੀ ਸੀ ਅਤੇ ਹੁਣ ਉਹ ਕੋਈ ਨਿਰਾਸ਼ਾਵਾਦੀ ਗੱਲ ਸੁਨਣ ਲਈ ਤਿਆਰ ਨਹੀਂ ਸੀ

13 ਫਰਵਰੀ 1913 ਨੂੰ ਗੁਰਦਿੱਤ ਸਿੰਘ ਸਰਹਾਲੀ ਨੇ ਇੱਕ ਬਿਉਰਾ-ਪੁਸਤਕ (ਪ੍ਰਾਸਪੈਕਟਸ) ਜਾਰੀ ਕੀਤੀ ਜਿਸ ਅਨੁਸਾਰ ਉਸਨੇ ਇੱਕ ਚੀਨੀ ਕਿਸ਼ਤੀ ਕਿਰਾਏ ਉੱਪਰ ਲੈਣੀ ਸੀ। ਜਿਸ ਨੇ ਕੱਲਕੱਤੇ ਤੋਂ ਬਰਾਸਤਾ ਪਿਨਾਂਗ, ਸਿੰਘਾਪੁਰ, ਹਾਂਗਕਾਂਗ, ਸ਼ੰਘਾਈ ਹੋ ਕੇ ਵੈਨਕੂਵਰ ਪਹੁੰਚਣਾ ਸੀ:-

"ਅਮਰੀਕਾ ਵਿਚ ਰਹਿੰਦੇ ਸਾਡੇ ਆਗੂਆਂ ਨੂੰ ਬੇਨਤੀ ਹੈ ਕਿ ਉਹ ਅੰਗਰੇਜ਼ੀ ਭਾਸ਼ਾ ਦਾ ਇੱਕੱਲਾ ਅੱਖਰ 'ਅ' ਲਿਖ ਕੇ ਟੈਲੀਗ੍ਰਾਮ ਰਾਹੀਂ ਸੂਚਿਤ ਕਰਨ ਕਿ ਕੀ ਅਸੀਂ ਉਨ੍ਹਾਂ ਦੀ ਮਦਦ ਨਾਲ ਅਮਰੀਕਾ ਵਿਚ ਦਾਖਲ ਹੋ ਸਕਦੇ ਹਾਂ। ਇਹ ਤਾਰ ਮਿਲਣ ਬਾਅਦ ਹੀ ਅਸੀਂ ਕਿਰਾਏ ਦੇ ਜਹਾਜ਼ ਰਾਹੀਂ ਅਮਰੀਕਾ ਲਈ ਰਵਾਨਾ ਹੋਵਾਂਗੇ। ਜੇਕਰ ਉਹ ਸਾਡੇ ਉੱਤਰਨ ਦਾ ਇੰਤਜ਼ਾਮ ਨਹੀਂ ਕਰ ਸਕਦੇ ਤਾਂ ਅੱਖਰ 'ਭ' ਲਿਖ ਕੇ ਤਾਰ ਭੇਜਣ, ਅਸੀਂ ਬਰਾਜ਼ੀਲ ਵਲ ਚਾਲੇ ਪਾ ਦੇਵਾਂਗੇ। ਜੇਕਰ ਇਹ ਵੀ ਸੰਭਵ ਨਹੀਂ ਤਾਂ ਅੱਖਰ 'ਛ' ਲਿਖ ਕੇ ਟੈਲੀਗ੍ਰਾਮ ਕਰਨ ਜਿਸਦਾ ਮਤਲਬ ਹੋਵੇਗਾ ਕਿ ਅਸੀਂ ਰਵਾਨਾ ਹੀ ਨਹੀਂ ਹੋਵਾਂਗੇ।"

ਹਾਂਗਕਾਂਗ ਦੀ ਸਿੱਖ ਗੁਰਦਵਾਰਾ ਕਮੇਟੀ ਚਾਹੁੰਦੀ ਸੀ ਕਿ ਜਹਾਜ਼ ਹਾਂਗਕਾਂਗ ਤੋਂ ਰਵਾਨਾ ਹੋਵੇ। ਅਤੇ ਇਸ ਮਨਸ਼ੇ ਦੀ ਬੇਨਤੀ ਉਨ੍ਹਾਂ ਨੇ 29 ਜਨਵਰੀ ਨੂੰ ਤਾਰ ਰਾਹੀਂ ਗੁਰਦਿੱਤ ਸਿੰਘ ਨੂੰ ਭੇਜ ਦਿੱਤੀ। ਉਹ ਹਾਂਗਕਾਂਗ ਤੋਂ ਯਾਤਰਾ ਸ਼ੁਰੂ ਕਰਨ ਦੇ ਵਿਚਾਰ ਨਾਲ ਤੁਰੰਤ ਸਹਿਮਤ ਨਾ ਹੋਇਆ। ਪਰ ਮਜ਼ਬੂਰ ਹੋ ਕੇ ਉਸਨੂੰ ਅਜਿਹਾ ਕਰਨਾ ਪਿਆ। ਕਿਉਂਕਿ ਕੱਲਕੱਤੇ ਦੀ ਕੋਈ ਵੀ ਜਹਾਜ਼ੀ ਕੰਪਨੀ ਉਸ ਨਾਲ ਕਾਰੋਬਾਰ ਕਰਨ ਲਈ ਤਿਆਰ ਨਹੀਂ ਸੀ।

ਸਿੰਘਾਪੁਰ ਵਿਚ ਆਪਣੀ ਠਹਿਰ ਦੌਰਾਨ ਉਹ 'ਸਟਰੇਟਸ ਸਟੀਮ ਸ਼ਿਪ (Straits Steam co) ਦੇ ਸਹਾਇੱਕ ਮੈਨੇਜਰ ਅਤੇ ਆਪਣੇ ਜਾਣਕਾਰ ਇੱਕ ਚੀਨੀ ਕਾਰੋਬਾਰੀ ਨੂੰ ਮਿਲਿਆ, ਇਸ ਆਦਮੀ ਨੇ ਉਸਨੂੰ ਲਿੱਥੋ ਐਂਡ ਕੰਪਨੀ (Litho)ਨਾਂ ਦੇ ਜਹਾਜ਼ੀ ਏਜੰਟ ਕੋਲ ਭੇਜਿਆ। ਜਿਸ ਨੇ ਉਸ ਨੂੰ ਐਸ.ਐਸ.ਹੌਂਗ ਮੋਹ ਅਤੇ ਐਸ.ਐਸ.ਹੌਂਗ ਬੀ ਨਾਂ (S S Hong Moh and SS Hong Bee)ਦੇ ਦੋ ਜਹਾਜ਼ ਦਿਖਾਏ। ਜਿੰਨਾਂ ਦਾ ਕਿਰਾਇਆ ਵੀ ਜ਼ਿਆਦਾ ਨਹੀਂ ਸੀ। ਪਰ ਜਦੋਂ ਆਸੇ ਪਾਸੇ ਤੋਂ ਪਤਾ ਕੀਤਾ ਤਾਂ ਉਸਨੂੰ ਦੱਸਿਆ ਗਿਆ ਕਿ ਇਹ ਜਹਾਜ਼ ਬਹੁਤ ਪੁਰਾਣੇ ਸਨ ਅਤੇ ਪ੍ਰਸ਼ਾਤ ਮਹਾਂਸਾਗਰ ਨੂੰ ਪਾਰ ਕਰਨ ਦੇ ਯੋਗ ਨਹੀਂ ਸਨ। ਕੁੱਝ ਦਿਨ ਬਾਅਦ ਉਸਨੇ ਚੰਗੀ ਹਾਲਤ ਵਾਲਾ ਇੱਕ ਹੋਰ ਜਹਾਜ਼ ਦੇਖਿਆ ਜਿਸ ਦਾ ਕਿਰਾਇਆ ਵੀ ਘੱਟ ਸੀ ਪਰ ਉਸਦੇ ਇੱਕ ਦੋਸਤ ਨੇ ਦੱਸਿਆ ਕਿ ਇਸ ਜਹਾਜ਼ ਨੇ ਕੋਲਾ ਬਹੁਤ ਬਾਲਣਾ ਸੀ। ਇਸ ਦੌਰਾਨ ਉਸਨੂੰ ਦਲਜੀਤ ਸਿੰਘ ਕਾਉਣੀ ਦੇ

ਤੇ ਹੋਰ ਤਰੱਕੀ ਕਰਨ ਵਾਲੀ ਸੀ। ਦਲਜੀਤ ਸਿੰਘ ਕਾਉਣੀ 210 ਹਾਂਗਕਾਂਗੀ ਡਾਲਰ ਪ੍ਰਤੀ ਟਿਕਟ ਦੇ ਹਿਸਾਬ ਵਿਕਰੀ ਕਰ ਰਿਹਾ ਸੀ। ਜੋ ਇੱਕ ਨਿਯਮਿਤ ਜਹਾਜ਼ੀ ਸੇਵਾ ਦੇ ਆਉਣ-ਜਾਣ ਦੇ ਕਿਰਾਏ ਦੇ ਬਰਾਬਰ ਬਣਦੀ ਸੀ। ਇਸ ਤਰ੍ਹਾਂ ਗੁਰਦਿੱਤ ਸਿੰਘ ਨੇ ਕਿਸੇ ਜਹਾਜ਼ ਦਾ ਇੰਤਜ਼ਾਮ ਕਰਨ ਤੋਂ ਪਹਿਲਾਂ ਹੀ 10000 ਹਾਂਗਕਾਂਗੀ ਡਾਲਰ ਇਕੱਠੇ ਕਰ ਲਏ ਸਨ। ਕਿਸੇ ਮੁਖਬਰ ਨੇ ਇਸ ਦੀ ਸੂਚਨਾ ਹਾਂਗਕਾਂਗ ਪੁਲਿਸ ਨੂੰ ਦੇ ਦਿੱਤੀ, ਜੋ 25 ਮਾਰਚ 1914 ਬਾਅਦ ਦੁਪਹਿਰ ਹਾਂਗਕਾਂਗ ਦੇ ਗੁਰਦਵਾਰਾ ਸਾਹਿਬ ਪੁੱਜੀ, ਗੁਰਦਿੱਤ ਸਿੰਘ ਦੇ ਦਫ਼ਤਰ 'ਤੇ ਛਾਪਾ ਮਾਰਿਆ ਅਤੇ ਉਸਦੇ ਦਸਤਾਵੇਜ਼ ਕਬਜ਼ੇ ਵਿਚ ਲੈ ਲਏ। ਸ਼ੁਕਰ ਸੀ ਕਿ ਇੱਕ ਦਿਨ ਪਹਿਲਾਂ ਹੀ ਉਸਨੇ ਜਹਾਜ਼ ਦੇ ਕਿਰਾਇਆਨਾਮਾ ਉੱਪਰ ਦਸਤਖ਼ਤ ਕੀਤੇ ਸਨ ਅਤੇ ਭਾਵੇਂ ਪੁਲਿਸ ਨੇ ਉਸਨੂੰ ਗਰਿਫ਼ਤਾਰ ਕਰਕੇ ਮੈਜਿਸਟ੍ਰੇਟ ਅੱਗੇ ਪੇਸ਼ ਕੀਤਾ। ਪਰ ਉਸ ਵਿਰੁੱਧ ਕੋਈ ਕੇਸ ਨਾ ਬਨਣ ਕਾਰਨ, ਛੱਡ ਦਿੱਤਾ ਗਿਆ। ਇਸ ਘਟਨਾ ਨੇ ਯਾਤਰਾ ਕਰਨ ਦੇ ਕਈ ਚਾਹਵਾਨਾਂ ਨੂੰ ਫ਼ਿਕਰਾਂ ਵਿਚ ਪਾ ਦਿੱਤਾ ਸੀ ਅਤੇ ਉਹ ਯਾਤਰਾ ਕਰਨ ਦੇ ਵਿਚਾਰ ਤੋਂ ਪਿਛੇ ਹਟ ਗਏ। ਗੁਰਦਿੱਤ ਸਿੰਘ ਨੂੰ ਜਿਸ ਕੋਲ 500 ਮੁਸਾਫ਼ਰਾਂ ਦੀ ਸਮੱਰਥਾ ਸੀ, ਸਿਰਫ਼ 165 ਮੁਸਾਫ਼ਰ ਮਿਲੇ।

ਗੁਰਦਿੱਤ ਸਿੰਘ ਨੇ 25 ਮਾਰਚ 1914 ਨੂੰ ਕਾਮਾਗਾਟਾ ਮਾਰੂ ਜਹਾਜ਼ ਦਾ ਕਬਜ਼ਾ ਲਿਆ। ਆਪਣੇ ਖਰਚੇ 'ਤੇ ਉਸਨੇ ਮੁਸਾਫ਼ਰਾਂ ਵਾਲੇ ਡੈੱਕ ਨੂੰ ਸਾਫ਼ ਕਰਵਾਇਆ ਅਤੇ ਹਾਲ-ਕਮਰਿਆਂ ਵਿਚ ਸੌਣ ਵਾਲੇ 533 ਫੱਟੇ ਫਿੱਟ ਕਰਵਾਏ। ਇਸ ਕਾਰਵਾਈ ਉੱਪਰ ਉਸਦਾ 25000 ਹਾਂਗਕਾਂਗੀ ਡਾਲਰ ਖਰਚਾ ਆਇਆ। ਪਾਇਪ ਦੀ ਸ਼ਕਲ ਵਾਲੀ ਇੱਕ ਕੋਲੇ ਦੀ ਅੰਗੀਠੀ ਤੋਂ ਇਲਾਵਾ, ਮੁਸਾਫ਼ਰ ਏਰੀਏ ਵਿਚ ਹੋਰ ਕੋਈ ਚੀਜ਼ ਨਹੀਂ ਸੀ। ਕੋਈ ਮੇਜ਼ ਜਾਂ ਕੁਰਸੀ ਨਹੀਂ ਸੀ, ਸੌਣ ਲਈ ਸਿਰਫ਼ ਲਕੜੀ ਦੇ ਫੱਟੇ ਸਨ। ਜੋ ਡੇਢ-ਡੇਢ ਮੀਟਰ ਦੀ ਦੂਰੀ 'ਤੇ ਫਿਟ ਕੀਤੇ ਗਏ ਸਨ। ਪਰ ਜਹਾਜ਼ ਉੱਪਰ ਪਵਿੱਤਰ ਜਗ੍ਹਾ ਦਾ ਇੰਤਜ਼ਾਮ ਕਰਨਾ ਗੁਰਦਿੱਤ ਸਿੰਘ ਦੀ ਪ੍ਰਮੁੱਖ ਤਰਜ਼ੀਹ ਸੀ। ਜਿਸ ਲਈ ਉਸ ਨੇ ਉੱਪਰਲਾ ਮੂਹਰਲਾ ਹਾਲ, ਗੁਰਦਵਾਰਾ ਸਾਹਿਬ ਲਈ ਰਾਂਖਵਾ ਰੱਖ ਦਿੱਤਾ। ਇਹ ਤਕਰੀਬਨ 2000 ਵਰਗ ਫ਼ੁੱਟ ਦਾ ਏਰੀਆ ਸੀ। ਜਿਸ ਵਿਚ ਸਾਰੇ ਮੁਸਾਫ਼ਰ ਰਵਾਇਤੀ ਢੰਗ ਨਾਲ ਪਲਾਥੀ ਮਾਰ ਕੇ ਆਰਾਮ ਨਾਲ ਬੈਠ ਸਕਦੇ ਸਨ ਅਤੇ ਸਿੱਖਾਂ ਦੇ ਪਵਿੱਤਰ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ, ਨੂੰ ਬਹੁਤ ਮਾਣ-ਸਤਿਕਾਰ ਨਾਲ ਸੁਸ਼ੋਭਿਤ ਕਰਨ ਲਈ ਇਸ ਕਮਰੇ ਨੂੰ ਬਹੁਤ ਮਿਹਨਤ ਨਾਲ ਤਰਾਸਿਆ ਗਿਆ। ਤਖਤਪੋਸ਼, ਚੰਦੋਏ ਅਤੇ ਮਹਿੰਗੀ ਕਢਾਈ ਵਾਲੇ ਰੁਮਾਲਿਆਂ ਨਾਲ ਸਜਾਇਆ ਗਿਆ ਸੀ।

ਭਾਵੇਂ ਇਹ ਸਭ ਤਿਆਰੀਆਂ ਬਹੁਤ ਤੇਜ਼ੀ ਨਾਲ ਮੁਕੰਮਲ ਹੋ ਗਈਆਂ ਸਨ ਪਰ ਜਹਾਜ਼ ਅਜੇ ਵੀ ਹਾਂਗਕਾਂਗ ਦੇ ਅਧਿਕਾਰੀਆਂ ਨੇ ਰੋਕਿਆ ਹੋਇਆ ਸੀ। ਗੁਰਦਿੱਤ ਸਿੰਘ ਨੇ ਇੱਕ ਪੰਜਾਬੀ ਡਾਕਟਰ ਅਤੇ ਇੱਕ ਗ੍ਰੰਥੀ ਨਿਯੁਕਤ ਕਰ

ਪਰ ਫੁੱਟਬਾਲ ਦੇ ਮੈਦਾਨ ਜਿੰਨੀ ਲੰਬਾਈ ਵਾਲੇ ਇਸ ਜਹਾਜ਼ ਨੂੰ ਉਸ ਸਮੇਂ ਦੇ ਕਾਫ਼ੀ ਵੱਡੇ ਜਹਾਜ਼ਾਂ ਵਿਚ ਸ਼ੁਮਾਰ ਕੀਤਾ ਜਾਂਦਾ ਸੀ। ਜਹਾਜ਼ ਦੀ ਪੂਰੀ ਲੰਬਾਈ ਨੂੰ ਢੱਕਣ ਵਾਲੇ ਤੇ ਲਕੜੀ 'ਚ ਮੜ੍ਹੇ ਹੋਏ, ਇਸ ਜਹਾਜ਼ ਵਿਚ ਸਟੀਲ ਦੇ ਦੋ ਡੈੱਕ ਸਨ, ਮੁੱਖ ਢਾਂਚਾਗਤ ਡੈੱਕ ਤੇ ਉੱਪਰਲਾ ਡੈੱਕ। ਉੱਪਰਲੇ ਵੱਡੇ ਡੈੱਕ ਉੱਪਰ, ਪਿਛਲੇ ਪਾਸੇ ਇੱਕ ਛੋਟਾ ਡੈੱਕ, ਜਹਾਜ਼ ਦੇ ਇੱਕ -ਚੌਥਾਈ ਹਿਸੇ ਨੂੰ ਢੱਕਦਾ ਇੱਕ ਪੁਲ ਡੈੱਕ ਅਤੇ 42 ਫੁੱਟ ਲੰਬਾ ਇੱਕ ਹੋਰ ਡੈੱਕ, ਜਹਾਜ਼ ਦੇ ਮੂਹਰਲੇ ਪਾਸੇ ਬਣਿਆ ਹੋਇਆ ਸੀ। ਉੱਪਰਲੇ ਡੈੱਕ ਉਤੇ ਮੁਸਾਫ਼ਰਾਂ ਲਈ ਚਾਰ ਵੱਡੇ ਤੇ ਖੁੱਲ੍ਹੇ ਹਾਲ-ਕਮਰੇ ਬਣੇ ਹੋਏ ਸਨ। ਅਤੇ ਹਰ ਹਾਲ-ਕਮਰੇ ਵਿਚ 150 ਮੁਸਾਫ਼ਰ ਆਰਾਮ ਨਾਲ ਸੌਂ ਸਕਦੇ ਸਨ। ਅਤੇ ਕਾਮਾਗਾਟਾ ਮਾਰੂ ਵਿਚ 16 ਬੰਦਿਆਂ ਦੇ ਰਹਿਣ ਲਈ ਉੱਚ-ਦਰਜੇ ਦੇ ਕੈਬਿਨ ਵੀ ਬਣੇ ਹੋਏ ਸਨ।

ਭਾਵੇਂ ਗੁਰਦਿੱਤ ਸਿੰਘ ਨੇ ਇਹ ਕਦੇ ਨਹੀਂ ਸੋਚਿਆ ਹੋਣਾ, ਕਿ ਉਸਨੂੰ ਇਸ ਜਹਾਜ਼ ਉੱਪਰ ਛੇ ਮਹੀਨੇ ਲਈ ਰਹਿਣਾ ਪੈਣਾ ਸੀ। ਪਰ ਇਹ ਉਸਦੀ ਤੇ ਜਹਾਜ਼ ਉੱਪਰਲੇ ਬਹੁਤੇ ਮੁਸਾਫ਼ਰਾਂ ਦੀ ਹੋਣੀ ਸੀ। ਖੁਸ਼ਕਿਸਮਤੀ ਨੂੰ ਕਾਮਾਗਾਟਾ ਮਾਰੂ ਉਨ੍ਹੀਵੀਂ ਸਦੀ ਦੇ ਅਖੀਰਲੇ ਦਹਾਕਿਆਂ ਦੇ ਮੁਕਾਬਲੇ ਬਿਹਤਰ ਵਿਕਸਤ ਮਿਆਰਾਂ ਅਨੁਸਾਰ ਬਣਿਆ ਹੋਇਆ ਸੀ। ਇਸ ਵਿਚ ਬਿਜਲਈ ਰੋਸ਼ਨੀ ਤੇ ਤਾਜ਼ੇ ਪਾਣੀ ਵਾਲੇ ਸਾਂਝੇ ਸੌਚਾਲਿਆਂ ਦਾ ਪ੍ਰਬੰਧ ਸੀ। ਜਹਾਜ਼ ਵਿਚ ਖਾਰੇ ਪਾਣੀ ਨੂੰ ਸਾਫ਼ ਕਰਨ ਦਾ ਪ੍ਰਬੰਧ ਨਹੀਂ ਸੀ। ਅਤੇ ਇਸ ਦਾ ਬਿਜਲਈ ਜੈਨਰੇਟਰ ਖਾਰੇ ਪਾਣੀ ਨਾਲ ਨਹੀਂ ਚਲਦਾ ਸੀ। ਪਰ ਜਦ ਤੱਕ ਤਾਜ਼ੇ ਪਾਣੀ ਦੀ ਸਪਲਾਈ ਮਿਲ ਸਕਦੀ ਸੀ, ਤੱਦ ਤੱਕ ਕੋਈ ਮੁਸ਼ਕਿਲ ਨਹੀਂ ਸੀ।

ਜਹਾਜ਼ ਦਾ ਕਿਰਾਇਆ 11000 ਹਾਂਗਕਾਂਗੀ ਡਾਲਰ ਪ੍ਰਤੀ ਮਹੀਨਾ ਤਹਿ ਹੋਇਆ ਸੀ। ਪਹਿਲੇ ਮਹੀਨੇ ਦਾ ਕਿਰਾਇਆ ਇੱਕਰਾਰਨਾਮੇ ਉੱਪਰ ਦਸਤਖ਼ਤ ਕਰਨ ਸਮੇਂ, ਦੂਸਰੇ ਦਾ ਇੱਕ ਹਫ਼ਤੇ ਅੰਦਰ, ਤੀਸਰੇ ਤੇ ਚੌਥੇ ਦਾ ਦੋ ਹਫ਼ਤਿਆਂ ਅੰਦਰ ਅਤੇ ਬਾਕੀ ਕਿਰਾਇਆਨਾਮਾ ਸ਼ੁਰੂ ਹੋਣ ਦੇ ਦੋ ਮਹੀਨੇ ਦੇ ਅੰਦਰ ਦੇਣਾ ਪੈਣਾ ਸੀ। ਮਾਲਕਾਂ ਨੇ ਜਹਾਜ਼ ਲਈ ਕਪਤਾਨ ਤੇ ਚਾਲਕ ਦਲ ਦਾ ਪ੍ਰਬੰਧ ਕਰਨਾ ਸੀ। ਪਰ ਜਹਾਜ਼ ਵਿਚ ਬੇਤਾਰ-ਟੈਲੀਗ੍ਰਾਫੀ ਦੀ ਸਹੂਲਤ ਨਹੀਂ ਦੇਣੀ ਸੀ। ਡੈੱਕ ਉੱਪਰਲੇ ਕਰਮੀਆਂ ਸਣੇ 45 ਮੈਂਬਰੀ ਜਾਪਾਨੀ ਚਾਲਕ ਦਲ, ਜਹਾਜ਼ ਦੇ ਰੱਖ-ਰਖਾਉ ਤੇ ਮੁਸਾਫ਼ਰ ਏਰੀਏ ਦੀ ਸਾਫ਼-ਸਫ਼ਾਈ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਸੀ।

ਭਾਵੇਂ ਕਿ ਗੁਰਦਿੱਤ ਸਿੰਘ ਖੁਦ ਇਸ ਪ੍ਰੋਜੈਕਟ ਉੱਪਰ 150,000 ਹਾਂਗਕਾਂਗੀ ਡਾਲਰ ਖਰਚ ਕਰ ਰਿਹਾ ਸੀ। ਪਰ ਉਸਨੂੰ ਟਿਕਟਾਂ ਦੀ ਵਿਕਰੀ 'ਚੋਂ ਕਾਫ਼ੀ ਰਕਮ ਵਾਪਸ ਮਿਲ ਜਾਣ ਦੀ ਉਮੀਦ ਸੀ। ਉਸ ਨੂੰ ਮੁੱਢਲੇ ਖਰਚਿਆਂ ਉੱਪਰ ਕਾਫ਼ੀ ਵੱਡੀ ਰਕਮ ਲਾਉਣੀ ਪਈ, ਪਰ ਉਹ ਇਸਨੂੰ ਵਾਜਬ ਸਮਝਦਾ ਸੀ। ਕਿਉਂਕਿ ਉਸਨੂੰ ਉਮੀਦ ਸੀ, ਕਿ ਇਹ ਸਮੁੰਦਰੀ ਮੁਸਾਫ਼ਰ ਸੇਵਾ, ਭਵਿੱਖ ਵਿਚ ਜਾਰੀ ਰਹਿਣ ਵਾਲੀ

ਨਮਸਕਾਰ ਕੀਤੀ। "ਮੈਨੂੰ ਨਹੀਂ ਸੀ ਪਤਾ ਕਿ ਤੂੰ ਐਡੀ ਵੱਡੀ ਪਦਵੀ 'ਤੇ ਪਹੁੰਚ ਗਿਆ ਹੈ।" ਗੁਰਦਿੱਤ ਸਿੰਘ ਨੇ ਉਸਨੂੰ ਕਿਹਾ, "ਵਰਨਾ ਮੈਂ ਪਹਿਲਾਂ ਹੀ ਤੈਨੂੰ ਮਿਲਣ ਲਈ ਪਹੁੰਚ ਜਾਂਦਾ।"

ਗ਼ੈਰ-ਰਸਮੀ ਮੁਲਾਕਾਤ ਦੇ ਬਹਾਨੇ, ਗੁਰਦਿੱਤ ਸਿੰਘ 4 ਅਪਰੈਲ ਨੂੰ ਸੈਵਰਨ ਦੇ ਦਫ਼ਤਰ ਜਾ ਪਹੁੰਚਿਆ ਕਾਮਾਗਾਟਾ ਮਾਰੂ ਨਾਲ ਬਾਅਦ ਵਿਚ ਕੀ ਵਾਪਰਿਆ, ਇਸ ਗੱਲ ਨੂੰ ਧਿਆਨ ਵਿਚ ਰੱਖੀਏ ਤਾਂ ਇਹ ਗੱਲਬਾਤ ਬਹੁਤ ਮਹੱਤਵਪੂਰਨ ਸੀ ਅਤੇ ਦੋਨਾਂ ਨੇ ਇਸ ਗੱਲਬਾਤ ਦਾ ਲਿਖਤੀ ਰਿਕਾਰਡ ਰੱਖਿਆ ਸੀ। ਗੁਰਦਿੱਤ ਸਿੰਘ ਕੁੱਝ ਸੌਗਾਤਾਂ ਲੈ ਕੇ ਗਿਆ ਸੀ। ਜਿਨ੍ਹਾਂ ਨੂੰ ਸੈਵਰਨ ਨੇ ਸਿਧਾਂਤਕ ਆਧਾਰ 'ਤੇ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ। ਪਰ ਉਸਨੇ ਬਹੁਤ ਗਰਮਜੋਸ਼ੀ ਤੇ ਦੋਸਤਾਨਾ ਤਰੀਕੇ ਨਾਲ ਗੁਰਦਿੱਤ ਸਿੰਘ ਦਾ ਸਵਾਗਤ ਕੀਤਾ। ਸਾਰੇ ਘਟਨਾਕ੍ਰਮ ਦੀ ਵਿਸਥਾਰ ਸਹਿਤ ਵਿਆਖਿਆ ਕਰਨ ਬਾਅਦ ਸੈਵਰਨ ਨੇ ਪੈਂਦੀ ਸੱਟੇ ਹੀ ਕਿਹਾ ਕਿ "ਤੂੰ ਰਵਾਨਾ ਹੋਣ ਲਈ ਆਜ਼ਾਦ ਹੈ।" ਉਨ੍ਹਾਂ ਨੇ ਮਾਲੇ ਭਾਸ਼ਾ ਵਿਚ ਗੱਲਬਾਤ ਕੀਤੀ, ਜਿਸ ਵਿਚ ਗੁਰਦਿੱਤ ਸਿੰਘ ਨੂੰ ਅੰਗਰੇਜ਼ੀ ਨਾਲੋਂ ਜ਼ਿਆਦਾ ਮੁਹਾਰਤ ਹਾਸਲ ਸੀ। ਸੈਵਰਨ ਨੇ ਜਾਨਣਾ ਚਾਹਿਆ ਕਿ ਇਹ ਸਿੱਖ ਕੀ ਹਾਸਲ ਕਰਨਾ ਚਾਹੁੰਦਾ ਸੀ। ਅਤੇ ਗੁਰਦਿੱਤ ਸਿੰਘ ਨੇ ਜਵਾਬ ਦਿੱਤਾ ਕਿ ਉਹ ਆਪਣੇ ਦੇਸ਼ਵਾਸੀਆਂ ਤੇ ਸਹਿ-ਧਰਮੀਆਂ ਦੀ ਮਦਦ ਕਰਨੀ ਚਾਹੁੰਦਾ ਹੈ, ਅਤੇ ਉਸਦਾ ਕੋਈ ਸਿਆਸੀ ਉਦੇਸ਼ ਨਹੀਂ ਹੈ। ਆਪਣੇ ਐਲਾਨਾਂ ਵਿਚ ਗੁਰਦਿੱਤ ਸਿੰਘ ਨੇ ਕਨੇਡਾ ਦੀ ਸੁਪਰੀਮ ਅਦਾਲਤ ਤੱਕ ਲੜਨ ਦਾ ਦਾਅਵਾ ਕੀਤਾ ਸੀ। ਤਾਂ ਜੁ "ਸਾਡੇ ਹੱਕ ਵਿਚ ਫ਼ੈਸਲਾ ਸਦਾ-ਸਦਾ ਲਈ ਹੋ ਜਾਵੇ" ਅਤੇ ਭਵਿੱਖ ਵਿਚ ਹੋਰ ਯਾਤਰਾਵਾਂ ਦਾ ਇੰਤਜ਼ਾਮ ਕਰਨ ਦਾ ਭਰੋਸਾ ਵੀ ਦਿੱਤਾ ਸੀ। ਉਸ ਨੇ ਇਸ ਬਾਰੇ ਸੈਵਰਨ ਨਾਲ ਵੀ ਗੱਲ ਕੀਤੀ ਸੀ, ਕਿ ਉਹ ਕੱਲਕੱਤਾ ਤੇ ਵੈਨਕੂਵਰ ਵਿਚਕਾਰ ਅਤੇ ਮੁੰਬਈ ਤੇ ਬਰਾਜ਼ੀਲ ਵਿਚਕਾਰ ਨਿਯਮਿਤ ਤੌਰ 'ਤੇ ਚਲਾਉਣ ਲਈ ਚਾਰ ਜਹਾਜ਼ਾਂ ਦਾ ਇੰਤਜ਼ਾਮ ਕਰਨਾ ਚਾਹੁੰਦਾ ਸੀ। ਕਿਉਂਕਿ 25000 ਵਿਅਕਤੀ ਇਹਨਾਂ ਸੇਵਾਵਾਂ ਦੇ ਸ਼ੁਰੂ ਹੋਣ ਦਾ ਇੰਤਜ਼ਾਰ ਕਰ ਰਹੇ ਸਨ। ਸੈਵਰਨ ਨੇ ਪੁਛਿਆ ਕਿ "ਜੇਕਰ ਕਨੇਡਾ ਨੇ ਤੁਹਾਨੂੰ ਉੱਤਰਨ ਨਾ ਦਿੱਤਾ ਤਾਂ ਤੁਸੀਂ ਕੀ ਕਰੋਗੇ? "ਗੁਰਦਿੱਤ ਸਿੰਘ ਨੇ ਜਵਾਬ ਦਿੱਤਾ ਕਿ ਉਸਨੂੰ ਨਹੀਂ ਲੱਗਦਾ ਕਿ ਕਾਨੂੰਨੀ ਤੌਰ 'ਤੇ ਕਨੇਡਾ ਵਾਲੇ ਉਨ੍ਹਾਂ ਨੂੰ ਰੋਕ ਸਕਦੇ ਸਨ। ਪਰ ਜੇਕਰ ਅਜਿਹਾ ਹੋ ਜਾਵੇ ਤਾਂ ਉਹ ਇੱਕ ਖੁੱਲ੍ਹੇ ਤੇ ਆਜ਼ਾਦ ਮੁਲਕ ਬਰਾਜ਼ੀਲ ਚਲੇ ਜਾਣਗੇ। ਜੋ ਕਾਰੋਬਾਰ ਕਰਨ ਲਈ ਭਾਰਤੀਆਂ ਲਈ ਬਹੁਤ ਢੁੱਕਵੀਂ ਜਗ੍ਹਾ ਸੀ। ਉਸ ਦੀ ਗੱਲਬਾਤ ਵਿਚ ਹਾਲਤਾਂ ਦੇ ਹਕੀਕੀ ਵਿਸ਼ਲੇਸ਼ਣ ਨਾਲੋਂ, ਆਸ਼ਾਵਾਦ ਦੀ ਝਲਕ ਜ਼ਿਆਦਾ ਸੀ।

ਰਵਾਨਗੀ ਲਈ ਮਨਜ਼ੂਰੀ ਮਿਲਣ ਬਾਰੇ ਪਤਾ ਲੱਗਣਸਾਰ, ਉਹ ਸਿੱਧਾ ਹਾਂਗਕਾਂਗ ਦੇ ਗੁਰਦਵਾਰੇ ਪਹੁੰਚਿਆ ਅਤੇ ਆਪਣੇ ਲੋਕਾਂ ਨੂੰ ਤਿਆਰੀ ਕਰਨ ਲਈ

ਲਿਆ ਸੀ। ਉਸ ਨੇ ਸਿਹਤ ਅਧਿਕਾਰੀ ਤੋਂ ਵੀ ਮਨਜ਼ੂਰੀ ਲੈ ਲਈ ਸੀ। ਅਤੇ ਐਲਾਨ ਕਰ ਦਿੱਤਾ ਸੀ ਕਿ ਕਾਮਾਗਾਟਾ ਮਾਰੂ 28 ਮਾਰਚ ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਰਵਾਨਾ ਹੋ ਜਾਣਾ ਸੀ। ਪਰ ਹਾਂਗਕਾਂਗ ਦੇ ਗਵਰਨਰ ਮਿਸਟਰ ਐਫ.ਐਚ.ਮੇਅ (F H May) ਨੂੰ ਕੋਈ ਗੜਬੜ ਲੱਗੀ ਅਤੇ ਉਸ ਨੇ ਪਹਿਲਾਂ ਤਾਂ, ਮੁਸਾਫ਼ਰ ਸਰਟੀਫਿਕੇਟ ਜਾਰੀ ਕਰਨ ਲਈ ਲੋੜੀਂਦੇ ਆਪਣੇ ਨਿਰੀਖਣ ਵਿਚ ਦੇਰੀ ਕਰਕੇ ਅਤੇ ਫਿਰ ਸਰਟੀਫਿਕੇਟ ਉੱਪਰ ਦਸਤਖ਼ਤ ਕਰਨ ਤੋਂ ਇਨਕਾਰ ਕਰਕੇ, ਜਹਾਜ਼ ਨੂੰ ਰੋਕੀ ਰੱਖਿਆ, ਅਤੇ ਲੰਡਨ ਸਰਕਾਰ ਨੂੰ ਤਾਰ ਰਾਹੀਂ ਸਾਰੇ ਘਟਨਾਕ੍ਰਮ ਬਾਰੇ ਸੂਚਿਤ ਕਰ ਦਿੱਤਾ। 30 ਮਾਰਚ ਦਿਨ ਸੋਮਵਾਰ ਨੂੰ ਲੰਡਨ ਤੋਂ ਹਦਾਇਤ ਮਿਲਣ 'ਤੇ, ਉਸਨੇ ਕਨੇਡਾ ਸਰਕਾਰ ਨੂੰ ਇੱਕ ਟੈਲੀਗ੍ਰਾਮ ਭੇਜੀ, "150 ਭਾਰਤੀ ਸਿੱਖਾਂ ਨੇ ਇੱਥੋਂ ਬ੍ਰਿਟਿਸ਼ ਕੋਲੰਬੀਆ ਪਹੁੰਚਣ ਲਈ ਇੱਕ ਜਹਾਜ਼ ਕਿਰਾਏ 'ਤੇ ਲਿਆ ਹੈ, ਉਨ੍ਹਾਂ ਕੋਲ ਭਾਰਤ ਤੋਂ ਸਿੱਧੀ ਕਨੇਡਾ ਦੀਆਂ ਟਿਕਟਾਂ ਨਹੀਂ ਹਨ। ਮੈਨੂੰ ਦੱਸਿਆ ਗਿਆ ਹੈ ਕਿ ਦੂਸਰੇ ਮੁਲਕ ਵਲ ਇਮੀਗਰੇਂਟ ਕਰਨ ਸਬੰਧੀ ਸਥਾਨਕ ਨਿਯਮ, ਚੀਨੀ ਇਮੀਗਰੇਂਟਾਂ ਤੋਂ ਇਲਾਵਾ ਹੋਰ ਕਿਸੇ ਉੱਪਰ ਲਾਗੂ ਨਹੀਂ ਹੁੰਦੇ। ਕ੍ਰਿਪਾ ਕਰਕੇ ਤਾਰ ਰਾਹੀਂ ਸੂਚਿਤ ਕੀਤਾ ਜਾਵੇ ਕਿ ਕੀ ਅਜਿਹੇ ਹਾਲਾਤ ਵਿਚ, ਉਨ੍ਹਾਂ ਨੂੰ ਕਨੇਡਾ ਵਿਚ ਦਾਖਲ ਹੋਣ ਦੀ ਆਗਿਆ ਮਿਲ ਜਾਵੇਗੀ।" ਤਿੰਨ ਦਿਨ ਤੱਕ ਕੋਈ ਜਵਾਬ ਨਾ ਮਿਲਣ 'ਤੇ, ਉਸਨੇ 'ਅਤੀ ਜ਼ਰੂਰੀ' ਲਿਖ ਕੇ ਦੂਸਰੀ ਤਾਰ ਭੇਜੀ ਇਸੇ ਦੌਰਾਨ ਗੁਰਦਿੱਤ ਸਿੰਘ ਨੇ ਹਾਂਗਕਾਂਗ ਦੇ ਵਕੀਲਾਂ ਦੀ ਇੱਕ ਫਰਮ ਨਾਲ ਸੰਪਰਕ ਕੀਤਾ। ਜਿਨ੍ਹਾਂ ਨੇ ਇੱਕ ਕਾਨੂੰਨੀ ਨੁਕਤਾ ਉਠਾਇਆ -ਜਿਸਦੀ ਜਾਣਕਾਰੀ ਗਵਰਨਰ ਨੂੰ ਚੰਗੀ ਤਰ੍ਹਾਂ ਸੀ- ਕਿ ਉਹ ਸਿਹਤ ਤੇ ਸੁਰੱਖਿਆ ਸਬੰਧੀ ਸ਼ਰਤਾਂ ਦੀ ਪਾਲਣਾ ਕਰਨ ਵਾਲੇ ਅਤੇ ਸਮੁੰਦਰੀ ਸਫ਼ਰ ਲਈ ਫਿੱਟ ਜਹਾਜ਼ ਦੇ ਰਵਾਨਗੀ ਸਰਟੀਫਿਕੇਟ ਉੱਪਰ ਦਸਤਖ਼ਤ ਕਰਨ ਤੋਂ ਕਾਨੂੰਨੀ ਤੌਰ 'ਤੇ ਨਾਂਹ ਨਹੀਂ ਸੀ ਕਰ ਸਕਦਾ। ਜਦ 4 ਅਪਰੈਲ ਦਿਨ ਸ਼ਨੀਵਾਰ ਤੱਕ ਵੀ, ਕਨੇਡਾ ਤੋਂ ਕੋਈ ਪ੍ਰਤੀਕਰਮ ਨਾ ਆਇਆ ਤਾਂ ਆਖਰ ਗਵਰਨਰ ਨੇ ਜਹਾਜ਼ ਦੀ ਰਵਾਨਗੀ ਲਈ ਮਨਜ਼ੂਰੀ ਦੇ ਦਿੱਤੀ

ਗੁਰਦਿੱਤ ਸਿੰਘ ਨੂੰ ਗਵਰਨਰ ਵਲੋਂ ਮਨਜ਼ੂਰੀ ਦੇਣ ਦੀ ਖਬਰ ਬਸਤੀਵਾਦੀ ਸਕੱਤਰ ਕਲਾਉਡ ਸੈਵਰਨ (Claude Severn) ਰਾਹੀਂ ਮਿਲੀ। ਜੋ ਔਕਸਫੋਰਡ ਯੂਨੀਵਰਸਿਟੀ ਤੋਂ ਪੜ੍ਹਿਆ ਹੋਇਆ ਇੱਕ ਅੰਗਰੇਜ਼ ਅਫ਼ਸਰ ਸੀ, ਅਤੇ ਜਿਸ ਨੂੰ ਗੁਰਦਿੱਤ ਸਿੰਘ ਮਲਾਇਆ ਦੇ ਸੈਲਨਗੋਰ ਸੂਬੇ ਦੇ ਜਿਲ੍ਹਾ ਮੈਜਿਸਟ੍ਰੇਟ ਵਜੋਂ ਜਾਣਦਾ ਸੀ। ਜਿਥੇ ਉਹ 15 ਸਾਲ ਪਹਿਲਾਂ ਰਹਿ ਕੇ ਆਇਆ ਸੀ। ਸੈਵਰਨ ਉਸਨੂੰ ਸੈਲਨਗੋਰ ਦੇ ਸਿੱਖਾਂ ਵਿਚ ਕਾਫ਼ੀ ਅਸਰ-ਰਸੂਖ ਰੱਖਣ ਵਾਲੇ ਵਿਅਕਤੀ ਵਜੋਂ ਜਾਣਦਾ ਸੀ। ਗਵਰਨਰ ਵਲੋਂ ਮਨਜ਼ੂਰੀ ਦੇਣ ਤੋਂ ਇੱਕ ਦਿਨ ਪਹਿਲਾਂ ਉਹ ਇਤਫ਼ਾਕ ਵੱਸ ਮਿਲ ਗਏ। ਗੁਰਦਿੱਤ ਸਿੰਘ ਸੜਕ ਕਿਨਾਰੇ ਖੜ੍ਹਾ ਆਪਣੇ ਦੋਸਤਾਂ ਨਾਲ ਗੱਲਬਾਤ ਕਰ ਰਿਹਾ ਸੀ। ਕਿ ਰਿਕਸ਼ੇ ਉੱਪਰ ਜਾ ਰਹੇ ਸੈਵਰਨ ਨੇ ਉਸਨੂੰ ਹੱਥ ਹਿੱਲਾ ਕੇ

ਹੈ। ਅਤੇ ਇਸ ਦੇ ਨਵਿਆਏ ਜਾਣ ਬਾਰੇ ਪਤਾ ਕਰਦਿਆਂ ਉਨ੍ਹਾਂ ਨੂੰ ਦੇਰੀ ਹੋ ਗਈ ਸੀ। ਪ੍ਰਧਾਨ ਮੰਤਰੀ ਨੇ ਹਰ ਜ਼ਿੰਮੇਵਾਰ ਅਧਿਕਾਰੀ ਦੀ ਜਵਾਬ ਤਲਬੀ ਕੀਤੀ। ਹਰ ਅੰਤਰ-ਵਿਭਾਗੀ ਪੱਤਰ ਤੇ ਟੈਲੀਫੋਨ-ਗੱਲਬਾਤ ਕਰਨ ਦੇ ਦਿਨ ਤੇ ਘੰਟੇ ਤੱਕ ਦੇ ਵੇਰਵਿਆਂ ਬਾਰੇ ਜਾਣਕਾਰੀ ਮੰਗੀ ਗਈ।

8 ਅਪਰੈਲ ਦਿਨ ਬੁੱਧਵਾਰ ਦੀ ਸਵੇਰੇ ਕਾਮਾਗਾਟਾ ਮਾਰੂ ਸੰਘਾਈ ਪਹੁੰਚਿਆ ਅਤੇ ਯੰਗਪੂ ਖਾੜੀ (Yangpu Creek)ਦੇ ਮੁਹਾਣੇ 'ਤੇ, ਹੁਆਂਗਪੂ (Huangpu) ਨਦੀ ਵਿਚ ਲੰਗਰ ਸੁੱਟਿਆ। ਜਹਾਜ਼ ਦੇ ਠਹਿਰਨ ਦੀ ਇਸ ਥਾਂ ਤੋਂ, ਮੁਸਾਫ਼ਰ ਬੰਦਰਗਾਹ ਦੇ ਅੰਤਰ-ਰਾਸ਼ਟਰੀ ਰਿਆਇਤ ਵਾਲੇ ਇਲਾਕੇ ਵਿਚ ਬਰਤਾਨੀਆ, ਅਮਰੀਕਾ ਤੇ ਹੋਰ ਬਾਹਰਲੇ ਦੇਸ਼ਾਂ ਦੀ ਮਾਲਕੀ ਵਾਲੀਆਂ ਇਮਾਰਤਾਂ ਦੇਖ ਸਕਦੇ ਸਨ। ਬੀਰ ਸਿੰਘ ਸੁਹਾਗ ਹੋਰ ਮੁਸਾਫ਼ਰ ਲੱਭਣ ਲਈ ਉਥੇ ਅਗਾਊਂ ਪਹੁੰਚ ਚੁੱਕਾ ਸੀ। ਮੁਸਾਫਿਰ ਕਮੇਟੀ ਦਾ ਇੱਕ ਹੋਰ ਮੈਂਬਰ, ਲਾਹੌਰ ਜਿਲ੍ਹੇ ਦਾ ਹਰਨਾਮ ਸਿੰਘ ਖਾਲੜਾ ਇੱਕ ਤੇਜ਼ ਰਫ਼ਤਾਰ ਕਿਸ਼ਤੀ ਲੈ ਕੇ ਮਨੀਲਾ ਲਈ ਰਵਾਨਾ ਹੋ ਗਿਆ ਸੀ। ਅਤੇ ਉਥੋਂ ਨਿਯਤ ਕੀਤੇ ਮੁਸਾਫ਼ਰਾਂ ਨੂੰ ਲੈ ਕੇ ਉਸਨੇ ਕਾਮਾਗਾਟਾ ਮਾਰੂ ਨੂੰ ਜਾਪਾਨ ਦੀ ਮੋਜੀ (Moji) ਬੰਦਰਗਾਹ'ਤੇ ਟਕਰਨਾ ਸੀ। ਕਿਰਾਏ ਦੀ ਦੂਜੀ ਕਿਸ਼ਤ ਦੀ ਮਿਆਦ ਲੰਘ ਚੁੱਕੀ ਸੀ, ਤੀਸਰੀ ਦੀ ਤਰੀਕ ਨਜ਼ਦੀਕ ਆ ਰਹੀ ਸੀ ਅਤੇ ਜੇਕਰ ਉਸਨੂੰ ਹੋਰ ਇੱਕ ਸੌ ਮੁਸਾਫ਼ਰ ਨਹੀਂ ਮਿਲਦੇ ਤਾਂ ਗੁਰਦਿੱਤ ਸਿੰਘ ਲਈ ਇਹਨਾਂ ਕਿਸ਼ਤਾਂ ਦਾ ਭੁਗਤਾਨ ਕਰਨਾ ਮੁਸ਼ਕਿਲ ਸੀ।

ਅੰਗਰੇਜ਼ੀ ਜ਼ੁਬਾਨ ਦੇ ਸ਼ੰਘਾਈ ਤੋਂ ਪ੍ਰਕਾਸ਼ਿਤ ਹੁੰਦੇ ਇੱਕ ਅਖਬਾਰ 'ਚਾਈਨਾ ਪ੍ਰੈਸ' (China Press) ਦਾ ਇੱਕ ਪੱਤਰਕਾਰ ਤਿੰਨ ਦਿਨ ਬਾਅਦ ਜਹਾਜ਼ ਉੱਪਰ ਆਇਆ ਅਤੇ ਗੁਰਦਿੱਤ ਸਿੰਘ ਦੀ ਬਾਅਦ-ਦੁਪਹਿਰ ਵਾਲੀ ਝਪਕੀ ਵਿਚ ਖਲਲ ਪਾ ਕੇ, ਮੁਲਾਕਾਤ ਲਈ ਵਕਤ ਲੈ ਲਿਆ। ਉਸਨੂੰ ਦੱਸਿਆ ਗਿਆ ਕਿ ਇਹ ਯਾਤਰਾ ਬਰਤਾਨੀਆ ਸਰਕਾਰ ਦੀ ਆਪਣੀ ਸਾਰੀ ਪਰਜਾ ਪ੍ਰਤੀ ਇਨਸਾਫ਼ ਕਰਨ ਦੀ ਭਾਵਨਾ ਦੀ ਅਜ਼ਮਾਇਸ਼ ਕਰਨ ਲਈ ਕੀਤੀ ਜਾ ਰਹੀ ਹੈ।

"ਜੇਕਰ ਸਾਨੂੰ ਦਾਖਲ ਹੋਣ ਦਿੱਤਾ ਗਿਆ" ਗੁਰਦਿੱਤ ਸਿੰਘ ਨੇ ਕਿਹਾ, "ਤਾਂ ਸਾਨੂੰ ਪਤਾ ਲੱਗ ਜਾਵੇਗਾ ਕਿ ਕਨੇਡੀਅਨ ਸਰਕਾਰ ਨਿਆਂਪੂਰਨ ਹੈ। ਜੇਕਰ ਸਾਨੂੰ ਬਾਹਰ ਕੱਢ ਦਿੱਤਾ ਗਿਆ ਤਾਂ ਅਸੀਂ ਅਦਾਲਤ 'ਚ ਕੇਸ ਕਰਾਂਗੇ। ਅਤੇ ਜੇਕਰ ਸਾਨੂੰ ਉਥੋਂ ਵੀ ਇਨਸਾਫ਼ ਨਾ ਮਿਲਿਆ ਤਾਂ ਅਸੀਂ ਵਾਪਸ ਜਾ ਕੇ ਭਾਰਤ ਸਰਕਾਰ ਕੋਲ ਮਸਲਾ ਉਠਾਵਾਂਗੇ।"

"ਅਤੇ ਫੇਰ" ਪੱਤਰਕਾਰ ਨੇ ਅੱਗੇ ਪੁਛਿਆ।

"ਮੈਂ ਜਵਾਬ ਨਹੀਂ ਦੇ ਸਕਦਾ" ਇੱਕ ਖੁਲ੍ਹੀ ਮੁਸਕਾਨ ਨਾਲ ਗੁਰਦਿੱਤ ਸਿੰਘ ਨੇ ਜਵਾਬ ਦਿੱਤਾ ਅਤੇ ਆਲੇ-ਦੁਆਲੇ ਬੈਠੇ ਉਸਦੇ ਸਾਥੀ ਹੱਸ ਪਏ। ਉਨ੍ਹਾਂ ਨੂੰ ਯਕੀਨ ਸੀ ਕਿ ਪੰਜਾਬ ਵਿਚ ਨਾਰਾਜ਼ ਹੋਏ ਸਿੱਖਾਂ ਦੇ ਪ੍ਰਤੀਕਰਮ ਦਾ ਅੰਦੇਸ਼ਾ ਅਤੇ

ਕਿਹਾ ਉਨ੍ਹਾਂ ਨੇ ਅਰਦਾਸ ਕੀਤੀ, ਜਹਾਜ਼ ਦਾ ਨਾਮ ਪਹਿਲੇ ਸਿੱਖ ਗੁਰੂ ਦੇ ਨਾਮ 'ਤੇ 'ਗੁਰੂ ਨਾਨਕ ਜਹਾਜ਼' ਰੱਖਿਆ ਅਤੇ ਆਪਣੇ ਪਵਿੱਤਰ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ' ਨੂੰ ਸਿਰ ਉੱਪਰ ਰੱਖ ਕੇ ਬੰਦਰਗਾਹ ਵਲ ਨੂੰ ਚਾਲੇ ਪਾ ਦਿੱਤੇ। ਗੁਰਦਿੱਤ ਸਿੰਘ ਦੇ ਵਕੀਲਾਂ ਦੇ ਨਾਂ ਲਿਖੀ ਚਿੱਠੀ ਵਿਚ ਸੈਵਰਨ ਨੇ ਬਿਲਕੁਲ ਸਾਫ਼ ਲਿਖਿਆ ਸੀ, ਕਿ ਹਾਂਗਕਾਂਗ ਤੋਂ ਰਵਾਨਗੀ ਦੀ ਮਨਜ਼ੂਰੀ ਦਾ ਮਤਲਬ, ਕਨੇਡਾ ਵਿਚ ਉੱਤਰਨ ਦੀ ਮਨਜ਼ੂਰੀ ਬਿਲਕੁਲ ਨਹੀਂ ਸੀ। ਇਹ ਯਕੀਨੀ ਬਣਾਉਣ ਲਈ ਕਿ ਸਾਰੀ ਹਕੀਕੀ ਜਾਣਕਾਰੀ ਜਹਾਜ਼ ਦੇ ਸਾਰੇ ਮੁਸਾਫ਼ਰਾਂ ਤੱਕ ਵੀ ਪਹੁੰਚ ਜਾਵੇ, ਹਾਂਗਕਾਂਗ ਦੀ ਪੁਲਿਸ, ਕਨੇਡੀਆਈ ਇਮੀਗਰੇਸ਼ਨ ਨਿਯਮਾਂ ਦੇ ਆਪਣੇ ਕੋਲ ਉਪਲੱਬਧ, ਸਭ ਤੋਂ ਤਾਜ਼ੇ ਸੰਸਕਰਨਾਂ ਵਾਲੇ ਪੀਲੇ ਰੰਗ ਦੇ ਕਨੇਡੀਅਨ ਨੋਟਿਸ ਲੈ ਕੇ ਜਹਾਜ਼ ਵਿਚ ਪਹੁੰਚ ਗਈ। ਇਹਨਾਂ ਨੋਟਿਸਾਂ ਉੱਪਰ ਬਹੁਤ ਪੁਰਾਣੀ ਯਾਨੀ 9 ਅਪਰੈਲ 1908 ਦੀ ਤਰੀਕ ਦਰਜ ਸੀ। ਜਿਸ ਕਾਰਨ ਇਹ ਨੋਟਿਸ ਗੁਰਦਿੱਤਸਿੰਘ, ਉਸ ਦੀ ਪ੍ਰਬੰਧਕ ਕਮੇਟੀ ਮੈਂਬਰਾਂ ਅਤੇ ਮੁਸਾਫ਼ਰਾਂ ਨੂੰ ਪ੍ਰਭਾਵਿਤ ਨਾ ਕਰ ਸਕੇ। ਅਹਿਮ ਗੱਲ ਇਹ ਕਿ ਗੁਰਦਿੱਤ ਸਿੰਘ ਥੋੜ੍ਹੀ ਦੇਰ ਪਹਿਲਾਂ ਹੀ ਤਾਂ ਬਸਤੀਵਾਦੀ ਸਕੱਤਰ ਕੋਲੋਂ ਆਇਆ ਸੀ। ਜਿਸ ਨੇ ਦੱਸਿਆ ਸੀ ਕਿ ਉਹ ਰਵਾਨਾ ਹੋ ਸਕਦੇ ਸਨ। ਇੱਕ ਵਾਰ ਇਹ ਲੱਗਿਆ ਕਿ ਇਸ ਮਨਜ਼ੂਰੀ ਨਾਲ ਸਾਰੇ ਵਿਵਾਦ ਖਤਮ ਹੋ ਚੁੱਕੇ ਸਨ। ਜਹਾਜ਼ ਨੂੰ ਵਿਦਾ ਕਰਨ ਲਈ, ਤੱਟ ਉੱਪਰ ਆਈ ਵੱਡੀ ਭੀੜ ਦੀ ਹਾਜ਼ਰੀ ਵਿਚ ਉਸ ਸ਼ਾਮ ਕਾਮਾਗਾਟਾ ਮਾਰੂ ਆਪਣੇ ਸਫ਼ਰ ਲਈ ਰਵਾਨਾ ਹੋ ਗਿਆ ਸੀ। ਛੇਤੀ ਹੀ ਉਸਦੀਆਂ ਰੋਸ਼ਨੀਆਂ ਹਨੇਰੇ ਵਿਚ ਗੁੰਮ ਹੋ ਗਈਆਂ ਅਤੇ ਕੀਰਤਨ ਕਰ ਰਹੇ ਮੁਸਾਫ਼ਰਾਂ ਦੀ ਆਵਾਜ਼ ਕਿਤੇ ਦੂਰ ਜਾ ਕੇ ਧੀਮੀ ਹੋ ਗਈ ਸੀ।

6 ਅਪਰੈਲ, ਸੋਮਵਾਰ ਦੇ ਦਿਨ ਗਵਰਨਰ ਮੇਅ ਨੇ ਕਨੇਡਾ ਸਰਕਾਰ ਨੂੰ ਸੂਚਿਤ ਕੀਤਾ ਕਿ ਜਹਾਜ਼ ਰਵਾਨਾ ਹੋ ਚੁੱਕਾ ਹੈ। ਮੰਗਲਵਾਰ ਨੂੰ ਉਸ ਦੀਆਂ ਪਹਿਲਾਂ ਭੇਜਿਆਂ ਗਈਆਂ ਟੈਲੀਗ੍ਰਾਮਾਂ ਦਾ ਜਵਾਬ ਆਇਆ ਕਨੇਡਾ ਸਰਕਾਰ ਨੇ ਅਫ਼ਸੋਸ ਜ਼ਾਹਿਰ ਕੀਤਾ ਸੀ, ਕਿ ਉਹ ਪਹਿਲਾਂ ਜਵਾਬ ਨਾ ਦੇ ਸਕੇ। ਮੁਸਾਫ਼ਰਾਂ ਦਾ ਦਾਖਲਾ ਵਰਜਿਤ ਸੀ। ਓਟਾਵਾ ਵਿਚ ਉੱਚ-ਅਧਿਕਾਰੀ ਲਿੱਪਾ-ਪੋਚੀ ਕਰਨ ਲਈ ਭੱਜ-ਨੱਠ ਕਰ ਰਹੇ ਸਨ। ਹਾਂਗਕਾਂਗ ਤੋਂ ਆਈਆਂ ਤਾਰਾਂ ਗਵਰਨਰ-ਜਨਰਲ ਦੇ ਦਫ਼ਤਰ ਤੋਂ ਵਿਦੇਸ਼ ਵਿਭਾਗ ਤੇ ਗ੍ਰਹਿ ਵਿਭਾਗ ਹੁੰਦੀਆਂ ਹੋਈਆਂ ਇਮੀਗਰੇਸ਼ਨ ਸਾਖ਼ਾ ਵਿਚ ਪਹੁੰਚ ਗਈਆਂ ਸਨ। ਅਤੇ ਕਿਸੇ ਨੇ ਵੀ ਇਹ ਮਹਿਸੂਸ ਨਾ ਕੀਤਾ ਕਿ ਇਹ ਮਸਲਾ ਤੁਰੰਤ ਧਿਆਨ ਦੀ ਮੰਗ ਕਰਦਾ ਹੈ। 6 ਅਪਰੈਲ ਸੋਮਵਾਰ ਦੇ ਦਿਨ, ਜਦ ਤੱਕ ਪਹਿਲਾਂ ਹੀ ਬਹੁਤ ਦੇਰ ਹੋ ਚੁੱਕੀ ਸੀ, ਪਹਿਲੀ ਵਾਰ ਕਿਸੇ ਨੇ ਕੋਈ ਕਾਰਵਾਈ ਕਰਨ ਲਈ ਫੋਨ ਚੁੱਕਿਆ, ਇਮੀਗਰੇਸ਼ਨ ਸ਼ਾਖਾ ਤੋਂ ਲੰਗੜਾ ਬਹਾਨਾ ਸੁਣਨ ਨੂੰ ਮਿਲਿਆ ਕਿ 8 ਦਸੰਬਰ ਵਾਲੇ ਆਦੇਸ਼-ਤਿੰਨਾਂ ਆਦੇਸ਼ਾਂ 'ਚੋਂ ਇੱਕੋ-ਇੱਕ ਆਦੇਸ਼, ਜੋ ਮੌਜੂਦਾ ਸਥਿਤੀ ਵਿਚ ਲਾਗੂ ਹੁੰਦਾ ਸੀ-ਦੀ ਮਿਆਦ ਪੁੱਗ ਚੁੱਕੀ

ਭੇਜੀ ਗਈ। ਜਿਸ ਨੂੰ ਪੜ੍ਹ ਕੇ ਇੱਕ ਪੱਤਰਕਾਰ, ਉਸਦਾ ਪ੍ਰਤੀਕਰਮ ਜਾਨਣ ਲਈ ਇਮੀਗਰੇਸ਼ਨ ਏਜੰਟ ਮਾਲਕਮ ਰੀਡ ਕੋਲ ਆਇਆ। ਰੀਡ ਨੇ ਕਿਹਾ ਕਿ "ਹਕੀਕਤ ਇਹ ਹੈ ਕਿ ਪਿਛਲੇ ਇੱਕ ਸਾਲ ਤੋਂ ਇਸ ਤਰ੍ਹਾਂ ਦੀਆਂ ਅਫ਼ਵਾਹਾਂ ਇੰਨੇ ਵਾਰ ਫ਼ੈਲ ਚੁੱਕੀਆਂ ਹਨ, ਕਿ ਹੁਣ ਅਸੀਂ ਇਹਨਾਂ ਵਲ ਕੋਈ ਖਾਸ ਧਿਆਨ ਨਹੀਂ ਦਿੰਦੇ।"

19 ਅਪਰੈਲ 1914 ਐਤਵਾਰ ਦੇ ਦਿਨ ਕਾਮਾਗਾਟਾ ਮਾਰੂ, ਜਾਪਾਨ ਦੇ ਇੱਕ ਵੱਡੇ ਟਾਪੂ 'ਕਿਉਸ਼ੂ' (kyushu) ਦੇ ਕੰਢੇ ਅਤੇ ਨਾਗਾਸਾਕੀ ਸ਼ਹਿਰ ਤੋਂ 210 ਕਿਲੋਮੀਟਰ ਦੀ ਦੂਰੀ 'ਤੇ ਸਥਿਤ, ਮੋਜੀ ਬੰਦਰਗਾਹ ਵਿਖੇ ਪਹੁੰਚਿਆ। ਜੋ ਕੋਲੇ ਤੇ ਲਕੜੀ ਦੇ ਵਪਾਰ ਲਈ ਮਸ਼ਹੂਰ ਸੀ। ਨਾਗਾਸਾਕੀ ਵਿਖੇ ਇੰਤਜ਼ਾਰ ਕਰ ਰਹੇ ਹਰਨਾਮ ਸਿੰਘ ਖਾਲੜਾ ਤੇ 85 ਹੋਰ ਸਿੱਖ ਜਿਨ੍ਹਾਂ ਨੂੰ ਉਸ ਨੇ ਮਨੀਲਾ ਤੋਂ ਲਿਆਂਦਾ ਸੀ, ਉਸੇ ਦਿਨ ਰੇਲ ਗੱਡੀ ਰਾਹੀਂ ਮੋਜੀ ਪਹੁੰਚ ਗਏ। ਮੋਜੀ ਵਿਚ ਗੁਰਦਿੱਤ ਸਿੰਘ ਨੇ 2000 ਟਨ ਕੋਲੇ ਲਈ ਇਸ਼ਤਿਹਾਰ ਦਿੱਤਾ। ਜੋ ਵੈਨਕੂਵਰ ਜਾਣ ਅਤੇ ਵਾਪਸ ਆਉਣ ਲਈ ਕਾਫੀ ਸੀ। ਬੇਸ਼ਕ ਕਾਮਾਗਾਟਾ ਮਾਰੂ ਇੱਕ ਦਿਨ ਵਿਚ ਸਿਰਫ਼ 26 ਟਨ ਕੋਲਾ ਵਰਤਦਾ ਸੀ। ਪਰ ਮੁਸਾਫ਼ਰਾਂ ਦਾ ਭਾਰ ਘੱਟ ਹੋਣ ਕਾਰਨ, ਜਹਾਜ਼ ਪਾਣੀ ਦੀ ਉੱਪਰਲੀ ਸਤਹ 'ਤੇ ਜ਼ਿਆਦਾ ਰਹਿੰਦਾ ਸੀ। ਜਿਸ ਕਾਰਨ ਜਹਾਜ਼ ਦੀ ਸਥਿਰਤਾ ਲਈ ਜ਼ਿਆਦਾ ਭਾਰ ਦੀ ਜ਼ਰੂਰਤ ਸੀ। ਕਈ ਕੰਪਨੀਆਂ ਨੇ ਪੇਸ਼ਕਸ਼ ਕੀਤੀ। ਪਰ ਸਭ ਅਗਾਊਂ ਪੈਸੇ ਦੀ ਮੰਗ ਕਰਦੇ ਸਨ ਅਤੇ ਗੁਰਦਿੱਤ ਸਿੰਘ ਸਿਰਫ਼ 1000 ਟਨ ਕੋਲੇ ਦਾ ਭੁਗਤਾਨ ਕਰ ਸਕਿਆ। ਜੋ 21 ਅਪਰੈਲ ਨੂੰ ਸਪਲਾਈ ਕਰ ਦਿੱਤਾ ਗਿਆ। ਕਿਰਾਏ ਦੀ 22000 ਹਾਂਗਕਾਂਗੀ ਡਾਲਰ ਦੀ ਅਗਲੀ ਕਿਸ਼ਤ ਦੀ ਨਿਯਤ ਤਰੀਕ ਆ ਚੁੱਕੀ ਸੀ ਅਤੇ ਮਾਲਕਾਂ ਦੇ ਦਬਾਅ ਕਾਰਨ ਗੁਰਦਿੱਤ ਸਿੰਘ ਨੇ ਆਪਣੇ ਏਜੰਟਾਂ ਨੂੰ 17000 ਹਾਂਗਕਾਂਗੀ ਡਾਲਰ ਦਾ ਭੁਗਤਾਨ ਕਰਨ ਲਈ ਕਹਿ ਦਿੱਤਾ ਅਤੇ ਬਾਕੀ ਰਕਮ ਲਈ 28 ਅਪਰੈਲ ਦਾ ਵਾਅਦਾ ਕਰ ਲਿਆ।

ਵੈਨਕੂਵਰ ਪਹੁੰਚ ਕੇ ਪੈਸੇ ਵਾਪਸ ਕਰਨ ਦੇ ਵਾਅਦੇ ਨਾਲ ਅਤੇ ਬੇਨਤੀ ਕਰਕੇ ਸਾਰੇ ਮੁਸਾਫ਼ਰਾਂ ਨੂੰ 25 ਜਾਂ 30 ਡਾਲਰ ਦੀਆਂ ਰਸੀਦਾਂ ਜਾਰੀ ਕਰਕੇ, ਕੁੱਲ 10000 ਹਾਂਗਕਾਂਗੀ ਡਾਲਰ ਹੋਰ ਇਕੱਠੇ ਕਰ ਲਏ ਗਏ। ਗੁਰਦਿੱਤ ਸਿੰਘ ਨੇ ਵਿਸ਼ਵਾਸ ਦੁਆਇਆ ਕਿ ਵੈਨਕੂਵਰ ਦੀ ਖਾਲਸਾ ਦੀਵਾਨ ਸੁਸਾਇਟੀ ਪੈਸੇ ਦੀ ਮਦਦ ਕਰੇਗੀ ਅਤੇ ਜੇਕਰ ਉਨ੍ਹਾਂ ਨੇ ਨਾ ਕੁਝ ਕੀਤਾ ਤਾਂ ਉਹ ਖੁਦ ਕਰੇਗਾ। 28 ਅਪਰੈਲ ਨੂੰ ਉਸ ਨੇ ਕੋਲਾ ਖਰੀਦਣ ਲਈ ਹੋਰ 2500 ਡਾਲਰ ਦਾ ਅਤੇ ਜਹਾਜ਼ ਮਾਲਕਾਂ ਦੀ 5000 ਡਾਲਰ ਦੀ ਬਕਾਇਆ ਰਕਮ 'ਚੋਂ 4000 ਡਾਲਰ ਦਾ ਭੁਗਤਾਨ ਕਰ ਦਿੱਤਾ। ਇਸ ਸਮੇਂ ਮਾਲਕਾਂ 'ਚੋਂ ਇੱਕ ਨੇ ਮਦਦ ਲਈ ਹੱਥ ਅਗੇ ਵਧਾਇਆ। ਮੋਜੀ ਦੀ ਇੱਕ ਫਰਮ, ਮੈਸਰਜ਼ ਫ਼ੁਰੁਕਾਵਾ (Furukawa) ਜਿੰਨਾਂ ਨੇ ਗੁਰਦਿੱਤ ਸਿੰਘ ਨੂੰ ਪਹਿਲਾਂ 1000 ਟਨ ਕੋਲਾ ਵੇਚਿਆ ਸੀ, 1500 ਟਨ ਹੋਰ ਕੋਲਾ 7 ਜ਼ੈਨ ਯਾਨੀ 7.70 ਡਾਲਰ ਪ੍ਰਤੀ ਟਨ ਦੇ ਹਿਸਾਬ ਦੇਣ ਲਈ ਤਿਆਰ ਹੋ

ਭਾਰਤੀ ਫੌਜ ਵਿਚ ਸਿੱਖਾਂ ਦੀ ਅਸੰਤੁਸ਼ਟਤਾ ਦੇ ਖਦਸ਼ੇ ਨੇ ਬਰਤਾਨੀਆ ਵਿਚ ਸਹਿਮ ਪੈਦਾ ਕਰ ਦੇਣਾ ਸੀ। ਜਿਸ ਕਾਰਨ ਕਨੇਡਾ ਸਰਕਾਰ ਨੇ ਉਨ੍ਹਾਂ ਦੇ ਦਾਖਲੇ ਲਈ ਮੰਨ ਜਾਣਾ ਸੀ।

ਸ਼ੰਘਾਈ ਤੋਂ ਕਾਮਾਗਾਟਾ ਮਾਰੂ ਦਾ ਆਪਣੀ ਆਮਦ ਦੇ ਦੋ ਦਿਨ ਬਾਅਦ ਯਾਨੀ 10 ਅਪਰੈਲ ਨੂੰ ਰਵਾਨਾ ਹੋਣ ਦਾ ਪ੍ਰੋਗਰਾਮ ਤਹਿ ਸੀ। ਪਰ ਇਸ ਨੂੰ ਇੰਤਜ਼ਾਰ ਕਰਨਾ ਪਿਆ। ਕਿਉਂਕਿ ਕਿਰਾਇਆ ਤਾਰਨ ਵਾਲੇ ਮੁਸਾਫ਼ਰ ਲੋੜੀਂਦੀ ਗਿਣਤੀ ਵਿਚ ਨਹੀਂ ਮਿਲੇ ਸਨ। ਦੁਬਿਧਾ 'ਚ ਪਏ ਮੁਸਾਫ਼ਰਾਂ ਦੇ ਹੌਂਸਲੇ ਬੁਲੰਦ ਕਰਨ ਲਈ ਗੁਰਦਿੱਤ ਸਿੰਘ, ਦਲਜੀਤ ਸਿੰਘ ਕਾਉਣੀ ਤੇ ਬੀਰ ਸਿੰਘ ਸੁਹਾਗ ਨੇ ਬਹੁਤ ਧੜੱਲੇਦਾਰ ਤਕਰੀਰਾਂ ਕਰ ਕੇ ਉਨ੍ਹਾਂ ਨੂੰ ਪ੍ਰੇਰਨ ਦੀ ਕੋਸ਼ਿਸ਼ ਕੀਤੀ "ਉਨ੍ਹਾਂ ਨੇ ਸਾਨੂੰ ਹਾਂਗਕਾਂਗ ਵਿਚ ਰੋਕਿਆ" ਦਲਜੀਤ ਸਿੰਘ ਨੇ ਕਿਹਾ, "ਹਾਂਗਕਾਂਗ ਦੇ ਗਵਰਨਰ ਨੇ ਉੱਨੀ ਦੇਰ ਸਾਨੂੰ ਰਵਾਨਾ ਨਹੀਂ ਹੋਣ ਦਿੱਤਾ ਸੀ। ਜਿੰਨੀ ਦੇਰ ਤੱਕ ਉਸਨੇ ਕਨੇਡਾ ਦੇ ਗਵਰਨਰ ਜਨਰਲ ਨੂੰ ਤਾਰ ਨਹੀਂ ਭੇਜ ਦਿੱਤੀ ਸੀ। ਗਵਰਨਰ ਜਨਰਲ ਨੇ ਫਿਰ ਬਰਤਾਨੀਆ ਦੀ ਸ਼ਾਹੀ ਸਰਕਾਰ ਨਾਲ ਗੱਲ ਕੀਤੀ ਅਤੇ ਸਾਨੂੰ ਰਵਾਨਾ ਹੋਣ ਦੀ ਮਨਜ਼ੂਰੀ ਦੇਣ ਵਾਸਤੇ ਸੁਨੇਹਾ ਆ ਗਿਆ।" ਉਹ ਇਸ ਪਰਕਾਰ ਦੀਆਂ ਗੱਲਾਂ ਕਰਦਾ ਰਹਿੰਦਾ। ਬ੍ਰਿਟਿਸ਼ ਸਰਕਾਰ ਕਿਉਂ ਝੁਕ ਗਈ? ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਕਿਤੇ ਹਾਂਗਕਾਂਗ ਵਿਚ ਸਥਿਤ ਸਿੱਖ ਫੌਜੀ ਵਿਦਰੋਹ ਨਾ ਕਰ ਦੇਣ। ਜੇਕਰ ਵੈਨਕੂਵਰ ਤੋਂ ਜਹਾਜ਼ ਨੂੰ ਵਾਪਸ ਭੇਜ ਦਿੱਤਾ ਗਿਆ ਤਾਂ ਕੀ ਹੋਵੇਗਾ? ਭਾਰਤ ਵਿਚ ਇਨਕਲਾਬ ਹੋ ਜਾਵੇਗਾ ਇਸ ਤਰ੍ਹਾਂ ਦਾ ਭਾਸ਼ਣ, ਨੌਜਵਾਨ ਪਰ ਪੜ੍ਹਿਆ-ਲਿਖਿਆ ਦਲਜੀਤ ਸਿੰਘ ਕਾਉਣੀ, ਦੁਚਿੱਤੀ 'ਚ ਪਏ ਮੁਸਾਫ਼ਰਾਂ ਅੱਗੇ ਕਰਦਾ ਰਹਿੰਦਾ।

ਸ਼ੰਘਾਈ ਵਿਚ ਰਹਿੰਦੇ ਰਾਵਲਪਿੰਡੀ ਦੇ ਨਾਨਕ ਸਿੰਘ ਜਿਸ ਨੇ ਕਾਮਾਗਾਟਾ ਮਾਰੂ ਰਾਹੀਂ ਸਫ਼ਰ ਕਰਨਾ ਸੀ, ਨੇ ਆਪਣੇ ਵੈਨਕੂਵਰ ਰਹਿੰਦੇ ਦੋਸਤ ਨੂੰ ਲਿਖਿਆ ਕਿ "ਉਹ ਇੱਕ ਬੁੱਢੇ ਆਦਮੀ ਦੇ ਜਹਾਜ਼ ਰਾਹੀਂ ਆ ਰਿਹਾ ਸੀ" ਅਤੇ ਹਾਂਗਕਾਂਗ ਤੋਂ ਆਏ 165 ਮੁਸਾਫ਼ਰਾਂ ਨਾਲ, 15 ਅਪਰੈਲ ਨੂੰ ਸੰਘਾਈ ਵਿਖੇ ਰਲਣ ਵਾਲੇ 73 ਮੁਸਾਫ਼ਰਾਂ 'ਚੋਂ ਉਹ ਇੱਕ ਸੀ 38 ਹੋਰ ਮੁਸਾਫ਼ਰਾਂ ਨੇ ਜਿੰਨਾਂ ਨੇ ਅਜੇ ਕਿਰਾਏ ਦਾ ਇੰਤਜ਼ਾਮ ਕਰਨਾ ਸੀ, ਬਾਅਦ ਵਿਚ ਇੱਕ ਵੱਖਰੇ ਜਹਾਜ਼ ਰਾਹੀਂ ਸਫ਼ਰ ਕਰਕੇ, ਜਾਪਾਨ ਦੀ ਮੌਜੀ ਬੰਦਰਗਾਹ ਤੋਂ ਕਾਮਾਗਾਟਾ ਮਾਰੂ ਵਿਚ ਸਵਾਰ ਹੋਣਾ ਸੀ। ਉਨ੍ਹਾਂ ਤੋਂ ਪੈਸੇ ਉਗਰਾਉਣ, ਬੈਂਕ ਵਿਚ ਜਮ੍ਹਾਂ ਕਰਾਉਣ 'ਤੇ ਉਨ੍ਹਾਂ ਦੀ ਰਵਾਨਗੀ ਦਾ ਇੰਤਜ਼ਾਮ ਕਰਨ ਲਈ, ਦਲਜੀਤ ਸਿੰਘ ਕਾਉਣੀ ਸ਼ੰਘਾਈ ਵਿਖੇ ਰੁਕ ਗਿਆ ਸੀ। ਇੱਕ ਜਰਮਨ ਤਾਰ ਕੰਪਨੀ ਦੁਆਰਾ, ਕਾਮਾਗਾਟਾ ਮਾਰੂ ਬਾਰੇ ਸ਼ੰਘਾਈ ਤੋਂ ਭੇਜੀ ਗਈ ਇੱਕ ਖਬਰ, ਲੰਡਨ ਦੇ ਜਰਮਨ ਅਖਬਾਰਾਂ ਵਿਚ ਪ੍ਰਕਾਸ਼ਿਤ ਹੋਈ ਇਹ ਖਬਰ ਅੱਗੇ 'ਮੌਂਟ੍ਰੀਅਲ ਸਟਾਰ' ਤੇ 'ਵੈਨਕੂਵਰ ਡੇਲੀ ਪਰੋਵਿੰਸ' ਨਾਂ ਦੇ ਅਖਬਾਰਾਂ ਨੂੰ

ਖ਼ਾਸ ਇਤਿਹਾਸਕ ਯਾਦਾਂ ਕਾਰਨ ਕੀਤੀ ਗਈ ਸੀ। (1905 ਵਿਚ ਰੂਸ ਨਾਲ ਹੋਈ ਲੜਾਈ ਤੋਂ ਬਾਅਦ, ਇਸੇ ਹੋਟਲ ਵਿਚ ਜਾਪਾਨੀ ਤੇ ਚੀਨੀ ਸਰਕਾਰਾਂ ਵਿਚਕਾਰ ਸੰਧੀ ਉੱਪਰ ਦਸਤਖ਼ਤ ਹੋਏ ਸਨ।) ਸਵਾਦਿਸ਼ਟ ਖਾਣੇ ਅਤੇ ਜਾਪਾਨੀ ਲੜਕੀਆਂ ਵਲੋਂ ਗੀਤ-ਸੰਗੀਤ ਦੀ ਪੇਸ਼ਕਾਰੀ ਤੋਂ ਇਲਾਵਾ ਜਾਪਾਨ ਤੇ ਭਾਰਤ ਵਿਚਕਾਰ ਦੋਸਤੀ ਤੇ ਗਠਬੰਧਨ ਬਾਰੇ ਜੋਸ਼ੀਲੀਆਂ ਤਕਰੀਰਾਂ ਵੀ ਹੋਈਆਂ। ਗੁਰਦਿੱਤ ਸਿੰਘ ਦੇ ਮੇਜ਼ਮਾਨਾਂ ਨੇ ਆਸ ਪ੍ਰਗਟਾਈ ਕਿ ਭਾਰਤ ਜਾਗੇਗਾ ਅਤੇ ਆਪਣੀ ਆਜ਼ਾਦੀ ਲਈ ਦਾਅਵਾ ਪੇਸ਼ ਕਰੇਗਾ। ਜੇਕਰ ਭਾਰਤ ਜਾਗਦਾ ਸੀ ਤਾਂ ਜਾਪਾਨ ਨੇ ਇਸਦੀ ਮਦਦ ਕਰਨੀ ਸੀ। ਅਤੇ ਜਾਪਾਨ, ਭਾਰਤ ਤੇ ਚੀਨ ਇਕੱਠੇ ਹੋ ਕੇ ਇੰਨੇ ਤਾਕਤਵਰ ਹੋ ਜਾਣੇ ਸਨ ਕਿ ਉਹ ਯੂਰਪ ਦੇ ਦੇਸ਼ਾਂ ਨੂੰ ਹਰਾ ਸਕਦੇ ਸਨ। ਗੁਰਦਿੱਤ ਸਿੰਘ ਨੇ ਵੀ ਇਸ ਦਾ ਹੁੰਗਾਰਾ ਭਰਿਆ। ਉਸ ਨੇ ਸ਼ੇਖੀ ਮਾਰਦੇ ਹੋਏ ਭਾਰਤੀ ਸਰਕਾਰ ਨੂੰ ਚਿਤਾਵਨੀ ਦਿੱਤੀ, ਕਿ ਜੇਕਰ ਉਸ ਨੇ ਕਾਮਾਗਾਟਾ ਮਾਰੂ ਦੀ ਰਵਾਨਗੀ ਦਾ ਵਿਰੋਧ ਜਾਰੀ ਰੱਖਿਆ ਤਾਂ 10000 ਭਾਰਤੀ ਫੌਜੀ ਇਨਕਲਾਬ ਕਰ ਸਕਦੇ ਹਨ। ਖ਼ੁਸ਼ੀ ਭਰੇ ਮਾਹੌਲ ਕਾਰਨ ਉਤਸ਼ਾਹ 'ਚ ਆ ਕੇ ਬੋਲੀ ਗਈ, ਇਹ ਫੈਲਸੂਫੀ ਵਾਲੀ ਭਾਸ਼ਾ ਸੀ।

ਸ਼ੰਘਾਈ ਤੇ ਮੌਜੀ ਵਿਚ ਗੁਰਦਿੱਤ ਸਿੰਘ ਤੇ ਉਸਦੇ ਸਾਥੀ 'ਗ਼ਦਰ' ਤੇ ਹੋਰ ਇਨਕਲਾਬੀ ਸਾਹਿਤ ਦੇ ਬੰਡਲ ਜਹਾਜ਼ ਉੱਪਰ ਲੈ ਆਏ ਸਨ। ਜਦੋਂ ਵੀ ਮੁਸਾਫ਼ਰ ਇਕੱਠੇ ਹੁੰਦੇ ਤਾਂ 'ਗ਼ਦਰ' ਜਾਂ ਇਨਕਲਾਬੀ ਸੰਗ੍ਰਹਿ 'ਗ਼ਦਰ ਦੀ ਗੂੰਜ' 'ਚੋਂ ਕਵਿਤਾਵਾਂ ਪੜ੍ਹੀਆਂ ਤੇ ਸੁਣਾਈਆਂ ਜਾਂਦੀਆਂ। ਅਤੇ ਭਾਵ-ਅਨੁਵਾਦ ਸਾਹਿਤ ਇਹਨਾਂ ਦੀ ਵਿਆਖਿਆ ਕਰਕੇ ਪੂਰੇ ਵਿਸਥਾਰ ਵਿਚ ਸਮਝਾਈਆਂ ਜਾਂਦੀਆਂ। ਅੰਗਰੇਜ਼ਾਂ ਨੂੰ ਭੰਡਿਆ ਜਾਂਦਾ ਅਤੇ ਇਨਕਲਾਬ ਦੇ ਜਲਦੀ ਆਉਣ ਦਾ ਵਾਅਦਾ ਕੀਤਾ ਜਾਂਦਾ। ਥੋੜ੍ਹੇ-ਮੋਟੇ ਫਰਕ ਨਾਲ ਸਿੱਧਾ ਪਿੰਡਾਂ 'ਚੋਂ ਆਏ ਮੁਸਾਫ਼ਰਾਂ ਲਈ ਇਹ ਗੱਲਾਂ ਨਵੀਆਂ ਸਨ ਅਤੇ ਸਮਝ ਨਹੀਂ ਪੈਂਦੀਆਂ ਸਨ। ਪਰ ਵੱਡੀ ਬਹੁ-ਗਿਣਤੀ ਬੰਦਿਆਂ ਨੇ, ਜੋ ਇੱਕ ਸਾਲ ਜਾਂ ਜ਼ਿਆਦਾ ਸਮੇਂ ਤੋਂ ਦੂਰ-ਪੂਰਬ ਦੇ ਦੇਸ਼ਾਂ ਵਿਚ ਰਹਿ ਰਹੇ ਸਨ, ਇਹ ਗੱਲਾਂ ਪਹਿਲਾਂ ਵੀ ਸੁਣ ਰੱਖੀਆਂ ਸਨ ਅਤੇ ਉਹ ਇਹ ਗੱਲਾਂ ਸੁਨਣਾ ਪਸੰਦ ਕਰਦੇ ਸਨ। ਬਰਤਾਨੀਆ ਦੇ ਨਜ਼ਰੀਏ ਤੋਂ ਇਹ ਖਤਰਨਾਕ ਸਰਗਰਮੀ ਸੀ। ਭਾਵੇਂ ਕਿ ਜਦੋਂ ਭਾਰਤ ਵਿਚ ਅਧਿਕਾਰੀਆਂ ਨੂੰ ਇਸ ਰੁਝਾਨ ਬਾਰੇ ਪਤਾ ਚੱਲਿਆ ਤਾਂ ਉਹ ਸਧਾਰਨ ਮੁਸਾਫ਼ਰਾਂ ਨਾਲੋਂ ਜਹਾਜ਼ ਉੱਪਰਲੀ ਨੇਤਾਗਿਰੀ ਨੂੰ ਲੈ ਕੇ ਜ਼ਿਆਦਾ ਚਿੰਤਾਤੁਰ ਸਨ। ਵੱਡੀ ਬਹੁ-ਗਿਣਤੀ 'ਚ ਮੁਸਾਫ਼ਿਰ, ਇਨਕਲਾਬੀ ਗੱਲਬਾਤ ਸੁਣਨਾ ਪਸੰਦ ਕਰਦੇ ਸਨ ਅਤੇ ਖ਼ੁਦ ਪ੍ਰਤੀਬੱਧ-ਇਨਕਲਾਬੀ ਬਣੇ ਬਗੈਰ, ਉਨ੍ਹਾਂ ਨਾਲ ਸਿਰਫ਼ ਹਮਦਰਦੀ ਰੱਖਦੇ ਸਨ।

ਮੌਜੀ ਵਿਚ ਬਲਵੰਤ ਸਿੰਘ ਖ਼ੁਰਦਪੁਰ ਤਕਰੀਰ ਕਰਨ ਲਈ ਦੋ ਵਾਰ ਜਹਾਜ਼ ਉੱਪਰ ਆਇਆ। ਉੱਚੇ ਕੱਦ-ਕਾਠ ਵਾਲਾ ਸੋਹਣਾ-ਸੁਨੱਖਾ ਤੇ ਉਮਰ ਦੇ ਤਿੰਨ ਦਹਾਕੇ ਪੂਰੇ ਕਰ ਚੁੱਕਿਆ ਬਲਵੰਤ ਸਿੰਘ ਖ਼ੁਰਦਪੁਰ ਵੈਨਕੂਵਰ ਦੇ ਗੁਰਦਵਾਰੇ

ਗਏ ਸਨ। (ਗੁਰਦਿੱਤ ਸਿੰਘ ਨੇ ਹਾਂਗਕਾਂਗ ਵਿਚ 350 ਟਨ ਕੋਲਾ 10 ਡਾਲਰ ਪ੍ਰਤੀ ਟਨ ਦੇ ਹਿਸਾਬ ਖਰੀਦਿਆ ਸੀ।) ਗੁਰਦਿੱਤ ਸਿੰਘ ਕੋਲ 8000 ਜ਼ੈਨ ਰਕਮ ਦੀ ਘਾਟ ਸੀ। ਤੇ ਮਾਲਕ ਫਰਮ 'ਸ਼ਿਨਜੇਈ ਕਿਸ਼ਨ ਗੋਸ਼ੀ ਕੈਸਾ' (Shinyei Kisen Gosi Kaisa) ਦੇ ਇੱਕ ਭਾਗੀਦਾਰ ਮਿਸਟਰ ਅਕੀਰਾ ਨਾਗਤਾ (Akira Nagata) ਨੇ ਇਸ ਰਕਮ ਦੀ ਜ਼ਾਮਨੀ ਦੇ ਦਿੱਤੀ ਅਤੇ ਇਸ ਦੇ ਇਵਜ਼ ਵਿਚ ਕੋਲੇ ਉੱਪਰ ਆਪਣਾ ਪੁਨਰ-ਗ੍ਰਹਿਣ ਅਧਿਕਾਰ ਸਥਾਪਿਤ ਕਰ ਲਿਆ। ਆਪਣੀ ਇਸ ਸਮਝ ਦੇ ਬਾਵਜੂਦ ਵੀ ਕਿ ਕਾਮਾਗਾਟਾ ਮਾਰੂ ਨੂੰ ਵੈਨਕੂਵਰ ਤੋਂ ਵਾਪਸ ਕੀਤਾ ਜਾ ਸਕਦਾ ਸੀ, ਉਸ ਨੇ ਇਹ ਮਦਦਗਾਰੀ ਕਦਮ ਚੁੱਕਿਆ।

ਮੋਜੀ ਵਿਚ ਮੁਸਾਫ਼ਰਾਂ ਨੇ ਆਪਣੀ ਠਹਿਰ ਨੂੰ ਘੁੰਮ-ਫਿਰ ਕੇ ਅਤੇ ਜਾਪਾਨੀ ਲੋਕਾਂ ਖ਼ਾਸ ਕਰ ਔਰਤਾਂ ਦੇ ਵਿਵਹਾਰ ਨੂੰ ਹੈਰਾਨੀ ਨਾਲ ਦੇਖਦਿਆਂ ਗੁਜ਼ਾਰੇ। ਜੋ ਇੰਨੀ ਆਜ਼ਾਦੀ ਮਾਣ ਰਹੀਆਂ ਸਨ ਕਿ ਉਨ੍ਹਾਂ ਨੇ ਪੰਜਾਬ ਦੇ ਕਿਸੇ ਪਿੰਡ ਵਿਚ ਕਦੇ ਨਹੀਂ ਦੇਖੀ ਸੀ। ਔਰਤਾਂ ਨੂੰ ਦੁਕਾਨਾਂ ਤੇ ਹੋਟਲਾਂ ਵਿਚ ਨਿਗਰਾਨ ਦੇ ਤੌਰ 'ਤੇ ਕੰਮ ਕਰਦਿਆਂ ਅਤੇ ਅਜ਼ਨਬੀਆਂ ਨਾਲ, ਜਾਣਕਾਰਾਂ ਵਾਂਗ ਗੱਲਾਂ ਕਰਦਿਆਂ ਤੇ ਹੱਸਦਿਆਂ ਦੇਖ ਕੇ ਉਹ ਬਹੁਤ ਹੈਰਾਨ ਹੁੰਦੇ ਸਨ। ਕੁਝ ਨੌਜਵਾਨ ਭਾਰਤੀ ਇੱਕ ਸਰਵਜਨਕ ਇਸ਼ਨਾਨ ਘਰ ਅੱਗੇ ਖੜ੍ਹੇ ਅੰਦਰ ਜਾਣ ਲਈ ਲਲਚਾਅ ਰਹੇ ਸਨ। ਪਰ ਖ਼ੁਦ ਨੰਗੇ ਹੋ ਕੇ ਅੰਦਰ ਜਾਣ ਦਾ ਹੌਸਲਾ ਨਹੀਂ ਕਰ ਪਾ ਰਹੇ ਸਨ। ਉਹ ਆਪਣੇ ਕੱਛੇ ਪਹਿਨੀ ਰੱਖਣਾ ਚਾਹੁੰਦੇ ਸਨ ਪਰ ਉਥੇ ਹਾਜ਼ਰ ਔਰਤਾਂ 'ਚੋਂ ਇੱਕ ਨੇ ਮੁਸਕਰਾ ਕੇ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਮਨ੍ਹਾ ਕਰ ਦਿੱਤਾ। ਚਾਹ ਪੀਣ ਲਈ ਰੈਸਟੋਰੈਂਟ ਵਿਚ ਗਏ ਗੁਰਦਿੱਤ ਸਿੰਘ ਦੇ ਇੱਕ ਸਾਥੀ ਨੇ ਰੈਸਟੋਰੈਂਟ ਦੇ ਅਧਖੜ ਉਮਰ ਦੇ ਮੈਨੇਜਰ ਨੂੰ ਪੁਛਿਆ: "ਇੱਥੇ ਮਰਦ ਔਰਤ ਵਿਚਾਲੇ ਕਾਮ ਸਬੰਧਾਂ ਨੂੰ ਲੈ ਕੇ ਇੰਨੀ ਖੁਲ੍ਹ ਕਿਉਂ ਹੈ?" ਪਰ ਜਵਾਬ ਨਾਲ ਉਸਦੀ ਤਸੱਲੀ ਨਾ ਹੋਈ। ਗੁਰਦਿੱਤ ਸਿੰਘ ਨੇ ਬਾਅਦ ਵਿਚ ਟਿੱਪਣੀ ਕੀਤੀ, ਕਿ ਭਾਰਤੀ ਨਜ਼ਰੀਏ ਤੋਂ ਸਾਰੇ ਜਾਪਾਨੀ ਟਾਪੂ ਅਨੈਤਿਕਤਾ ਦੇ ਕੇਂਦਰ ਸਨ। ਉਸਦੇ ਸਾਥੀਆਂ ਨੂੰ ਇਸ ਤਰ੍ਹਾਂ ਹੀ ਮਹਿਸੂਸ ਹੁੰਦਾ ਸੀ। ਭਾਵੇਂ ਕਿ ਉਨ੍ਹਾਂ 'ਚੋਂ ਕਈ, ਵੇਸ਼ਵਾਗਮਨੀ ਲਈ ਬਦਨਾਮ ਇਲਾਕੇ, ਯੋਸ਼ੀਵਾਰਾ (Yoshiwara) ਵਿਚ ਜਾ ਕੇ ਮੌਜ-ਮਸਤੀ ਕਰ ਆਏ ਸਨ ਅਤੇ ਮੋਜੀ ਵਿਚ ਇੱਕ ਹਫ਼ਤਾ ਰੁਕਣ ਦੌਰਾਨ ਕਈਆਂ ਨੇ ਕਾਮ ਨਾਲ ਸਬੰਧਿਤ ਖਤਰਨਾਕ ਬਿਮਾਰੀਆਂ ਸਹੇੜ ਲਈਆਂ ਸਨ। ਜਿਸ ਦਾ ਵੈਨਕੂਵਰ ਜਾ ਕੇ ਮੈਡੀਕਲ ਨਿਰੀਖਣ ਤੋਂ ਬਾਅਦ ਪਤਾ ਚੱਲਿਆ।

'ਸ਼ਿਨਜੇਈ ਕਿਸ਼ਨ ਗੋਸ਼ੀ ਕੈਸਾ' ਕੰਪਨੀ ਦੇ ਏਜੰਟ ਮਿਸਟਰ ਵਾਈ. ਹਾਤੋ (Y Sato) ਅਤੇ ਕੁਝ ਹੋਰ ਜਾਪਾਨੀ ਭੱਦਰਪੁਰਸ਼ਾਂ ਨੇ ਗੁਰਦਿੱਤ ਸਿੰਘ ਦੇ ਮਾਣ ਵਿਚ ਮੋਜੀ ਦੀ ਖਾੜੀ ਦੇ ਦੂਜੇ ਪਾਸੇ ਦੇ ਸ਼ਹਿਰ 'ਸਿਮੋਨੋਸੇਕੀ' (Shimonoseki)ਦੇ ਇੱਕ ਹੋਟਲ ਵਿਚ ਦਾਅਵਤ ਦਾ ਇੰਤਜ਼ਾਮ ਕੀਤਾ, ਇਸ ਹੋਟਲ ਦੀ ਚੋਣ ਕੁਝ

ਨਹੀਂ ਦਿੱਤੀ ਸਗੋਂ ਲੋਕਾਂ ਵਿੱਚ ਲਿਜਾਣ ਹਿਤ ਪੰਜਾਬੀ ਪੁਸਤਕ ਛਾਪਣ ਦੇ ਹੱਕ ਸਾਨੂੰ ਦੇ ਦਿੱਤੇ। ਅਸੀਂ ਲੇਖਕ ਦੇ ਅਤਿ ਧੰਨਵਾਦੀ ਹਾਂ।

ਇਸ ਕਿਤਾਬ ਦਾ ਅਨੁਵਾਦ ਲਗਨ ਤੇ ਮਿਹਨਤ ਨਾਲ ਲੈਕਚਰਾਰ ਅਜੈਬ ਸਿੰਘ ਟਿਵਾਣਾ ਅਤੇ ਹਰਚਰਨ ਸਿੰਘ ਚਾਹਲ ਨੇ ਕੀਤਾ ਹੈ। ਅਤੇ ਅਜੇਹੇ ਕਾਰਜਾਂ ਵਿਚ ਸਹਿਯੋਗ ਦਾ ਵਚਨ ਵੀ ਦਿਤਾ ਹੈ। ਉਨਾਂ ਦੇ ਸ਼ੁਕਰਗੁਜ਼ਾਰ ਹਾਂ।

ਇਹ ਪੁਸਤਕ ਅਸੀਂ ਸ਼ਹੀਦ ਭਗਤ ਸਿੰਘ ਸ਼ਤਾਬਦੀ ਫਾਊਡੇਸ਼ਨ ਅਤੇ ਪ੍ਰੋਅ. ਪੀਪਲ ਮੀਡੀਆ ਆਰਟ ਗਰੁੱਪ ਕਨੇਡਾ ਦੇ ਸਾਂਝੇ ਉੱਦਮ ਨਾਲ ਛਾਪ ਰਹੇ ਹਾਂ। ਅਸੀਂ ਕਨੇਡਾ ਅਤੇ ਭਾਰਤ ਵਿਚਲੇ ਉਨ੍ਹਾਂ ਸਹਿਯੋਗੀਆਂ ਦੇ ਜਿਨ੍ਹਾਂ ਨੇ ਇਸ ਪੁਸਤਕ ਦੀ ਤਿਆਰੀ ਤੇ ਛਪਾਈ ਵਿੱਚ ਸਹਿਯੋਗ ਦਿੱਤਾ ਦੇ ਵੀ ਦਿਲੋਂ ਧੰਨਵਾਦੀ ਹਾਂ।

ਪੂਰੀ ਕੋਸ਼ਿਸ਼ ਦੇ ਬਾਅਦ ਵੀ ਉਕਾਈਆਂ ਰਹਿ ਗਈਆਂ ਹੋਣ ਉਸ ਲਈ ਖ਼ਿਮਾ ਦੇ ਯਾਚਕ ਹਾਂ।

ਸੰਪਾਦਕ

ਮਿਤੀ: ਨਵੰਬਰ 2016

ਪ੍ਰੋ. ਜਗਮੋਹਨ ਸਿੰਘ

ਨਰਭਿੰਦਰ

ਵਿਚ ਗ੍ਰੰਥੀ ਦੀ ਸੇਵਾ ਨਿਭਾਉਂਦਾ ਸੀ। ਇਹ ਉਹੀ ਗ੍ਰੰਥੀ ਸੀ ਜੋ ਭਾਗ ਸਿੰਘ ਭਿੱਖੀਵਿੰਡ ਸਮੇਤ 1912 ਵਿਚ ਆਪਣੇ ਪਰਿਵਾਰਾਂ ਨੂੰ ਕਨੇਡਾ ਲੈ ਕੇ ਆਇਆ ਸੀ। ਉਹ ਵੈਨਕੂਵਰ ਦੇ ਸਿੱਖਾਂ ਦਾ ਕਾਫ਼ੀ ਦੇਰ ਤੋਂ ਪ੍ਰਮੁੱਖ ਆਗੂ ਸੀ। ਮਾਰਚ 1913 ਵਿਚ ਉਹ ਅਤੇ ਦੋ ਹੋਰ ਨੁਮਾਇੰਦੇ ਕਨੇਡਾ ਵਿਚਲੇ ਸਿੱਖਾਂ ਦੀ ਤਰਸਯੋਗ ਹਾਲਤ ਬਾਰੇ ਪ੍ਰਚਾਰ ਕਰਨ ਲਈ ਇੰਗਲੈਂਡ ਗਏ ਸਨ। ਉਹ ਪੈਰਿਸ ਤੇ ਮਰਸ਼ੇਲਜ਼ (Marseilles) ਹੁੰਦੇ ਹੋਏ ਭਾਰਤ ਪਹੁੰਚੇ ਸਨ। ਅਤੇ ਉਨ੍ਹਾਂ ਦੀ ਇਸ ਫੇਰੀ 'ਤੇ ਕਈ ਮਹੀਨਿਆਂ ਦਾ ਸਮਾਂ ਲੱਗਾ ਸੀ। 1913 ਦੀ ਗਰਮੀ ਤੇ ਪਤਝੜ ਦੀ ਰੁੱਤੇ, ਕਨੇਡਾ ਤੇ ਭਾਰਤ ਸਰਕਾਰ ਉੱਪਰ ਹੋਰ ਜ਼ਿਆਦਾ ਤਿੱਖੇ ਹਮਲੇ ਕਰਦੇ ਹੋਏ, ਉਨ੍ਹਾਂ ਨੇ ਪੰਜਾਬ ਵਿਚ ਕਈ ਮੀਟਿੰਗਾਂ ਕੀਤੀਆਂ ਸਨ। ਆਜ਼ਾਦੀ ਲਹਿਰ ਦੇ ਸ਼ੁਰੂ ਦੇ ਸਾਲਾਂ ਵਿਚ ਲਾਹੌਰ ਇਕ ਵੱਡਾ ਕੇਂਦਰ ਰਹੇ 'ਬਰੇਡਲੇ ਹਾਲ' (Bradlaugh hall)ਵਿਚ ਉਨ੍ਹਾਂ ਨੇ ਇੱਕ ਬਹੁਤ ਵੱਡੀ ਤੇ ਜੋਸ਼-ਭਰਪੂਰ ਮੀਟਿੰਗ ਕੀਤੀ, ਜਿਸ ਵਿਚ ਬਲਵੰਤ ਸਿੰਘ ਖੁਰਦਪੁਰ, ਇਹ ਜਾਣਦਿਆਂ ਹੋਇਆਂ ਵੀ ਕਿ ਉਸਦੀ ਤਕਰੀਰ ਯਕੀਨੀ ਤੌਰ 'ਤੇ ਪੁਲਿਸ ਨੂੰ ਰਿਪੋਰਟ ਕੀਤੀ ਜਾਵੇਗੀ, ਬਹੁਤ ਗਰਮ ਤੇ ਤਿੱਖੀ ਬੋਲੀ ਬੋਲਿਆ। ਉਸ ਨੇ ਕਿਹਾ ਕਿ 'ਤੁਹਾਡੇ ਦੁਆਲੇ ਕੁੰਡਲੀ ਮਾਰੀ ਬੈਠੇ ਸੱਪ ਨਾਲ ਨਿਪਟਣ ਦਾ ਇੱਕੋ ਇਕ ਤਰੀਕਾ ਹੈ ਕਿ ਉਸਦੀ ਸਿਰੀ ਨੂੰ ਕੰਡਿਆਂ ਉੱਪਰ ਰਗੜ ਦਿੱਤਾ ਜਾਵੇ। ਉਸ ਸਮੇਂ ਦੇ ਭਾਰਤ ਵਿਚ ਇਹ ਇੱਕ ਖਤਰਨਾਕ ਬਿੰਬਾਵਲੀ ਸੀ ਅਤੇ ਇਸ ਤਕਰੀਰ ਨੇ ਸਰਕਾਰ ਦਾ ਧਿਆਨ ਖਿੱਚਿਆ। ਖੁਦ ਪੰਜਾਬ ਦੇ ਗਵਰਨਰ ਵਲੋਂ ਚਿਤਾਵਨੀ ਦਿੱਤੀ ਗਈ ਕਿ ਇਸ ਤਰ੍ਹਾਂ ਦੀ ਤਕਰੀਰਬਾਜ਼ੀ ਬੰਦ ਕੀਤੀ ਜਾਵੇ, ਵਰਨਾ ਨਤੀਜ਼ੇ ਭੁਗਤਣ ਲਈ ਤਿਆਰ ਰਹੋ। ਬਲਵੰਤ ਸਿੰਘ ਖੁਰਦਪੁਰ ਤੇ ਉਸਦੇ ਸਾਥੀ ਡੈਲੀਗੇਟਾਂ ਨੇ ਗਵਰਨਰ ਨਾਲ ਮੁਲਾਕਾਤ ਲਈ ਸਮਾਂ ਮੰਗਿਆ ਅਤੇ ਗਵਰਨਰ ਸਰ ਮਾਈਕਲ ਉਡਵਾਇਰ (Michael O Dwyer) ਨੇ ਆਪਣੀ ਗਹਿਰੀ ਨਫ਼ਰਤ ਦਾ-ਖ਼ਾਸਕਰ ਬਲਵੰਤ ਸਿੰਘ ਖੁਰਦਪੁਰ ਪ੍ਰਤੀ- ਪ੍ਰਗਟਾਵਾ ਕਰਨ ਲਈ ਮੁਲਾਕਾਤ ਲਈ ਸਮਾਂ ਦੇ ਦਿੱਤਾ। ਉਨ੍ਹਾਂ ਨੇ ਵਾਇਸਰਾਏ ਲਾਰਡ ਹਾਰਡਿੰਗ (Hardinge) ਨੂੰ ਵੀ ਮਿਲਣਾ ਚਾਹਿਆ ਅਤੇ ਇਸ ਦੀ ਇਜ਼ਾਜ਼ਤ ਵੀ ਮਿਲ ਗਈ। ਇਸ ਪ੍ਰਕਾਰ ਉਨ੍ਹਾਂ ਨੇ ਭਾਰਤ ਵਿਚ ਇੱਕ ਵੱਡੀ ਮੁਹਿਮ ਚਲਾਈ ਸੀ ਅਤੇ ਹੁਣ ਬਲਵੰਤ ਸਿੰਘ ਵਾਪਸ ਕਨੇਡਾ ਜਾ ਰਿਹਾ ਸੀ।

ਬੱਲਵੰਤ ਸਿੰਘ ਕਾਮਾਗਾਟਾ ਮਾਰੂ ਦੀ ਰਵਾਨਗੀ ਦੇ ਕੁਝ ਦਿਨ ਬਾਅਦ ਹਾਂਗਕਾਂਗ ਪਹੁੰਚਿਆ ਸੀ। ਪਰ ਜਹਾਜ਼ ਦੀ ਆਮਦ ਤੋਂ ਪਹਿਲਾਂ ਮੌਜੀ ਪਹੁੰਚ ਗਿਆ ਸੀ। ਜਿਸ ਸਮੇਂ ਯੋਕੋਹਾਮਾ (Yokohama) ਪਹੁੰਚਣ ਲਈ ਕਾਮਾਗਾਟਾ ਮਾਰੂ ਜਾਪਾਨੀ ਟਾਪੂਆਂ ਦੇ ਆਲੇ-ਦੁਆਲੇ ਘੁੰਮ ਰਿਹਾ ਸੀ, ਗੁਰਦਿੱਤ ਸਿੰਘ ਤੇ ਬਲਵੰਤ ਸਿੰਘ ਰੇਲ ਗੱਡੀ ਰਾਹੀਂ ਜਹਾਜ਼ ਦੇ ਮਾਲਕਾਂ 'ਮੈਸਰਜ਼ ਸਿੰਨਜ਼ੇਈ ਕਿਸ਼ਨ ਗੋਸ਼ੀ ਕੈਸਾ' ਦੇ ਸ਼ਹਿਰ ਕੋਬੇ (Kobe) ਪਹੁੰਚ ਗਏ, ਗੁਰਦਿੱਤ ਸਿੰਘ ਨੇ ਇੱਥੇ

ਕਿਰਾਏ ਦੀ ਅਖੀਰਲੀ ਕਿਸ਼ਤ ਦੀ ਮਿਆਦ 28 ਮਈ ਤੋਂ ਵਧਾ ਕੇ 11 ਜੂਨ ਕਰਨ ਵਾਲੇ ਇੱਕਰਾਰਨਾਮੇ ਉੱਪਰ ਦਸਤਖਤ ਕੀਤੇ, ਇਹ ਵਾਧਾ ਜ਼ਰੂਰੀ ਸੀ। ਕਿਉਂਕਿ ਜਹਾਜ਼ ਆਪਣੇ ਨਿਰਧਾਰਿਤ ਸਮਾਂ-ਸੂਚੀ ਤੋਂ ਇੱਕ ਹਫ਼ਤਾ ਦੇਰੀ ਨਾਲ ਚੱਲ ਰਿਹਾ ਸੀ ਅਤੇ ਅਗਲਾ ਭੁਗਤਾਨ ਕਰਨ ਲਈ ਗੁਰਦਿੱਤ ਸਿੰਘ ਨੂੰ ਜ਼ਿਆਦਾ ਵਕਤ ਚਾਹੀਦਾ ਸੀ। ਕੋਬੇ ਤੋਂ ਦੋਨੋਂ ਯੋਕੋਹਾਮਾ ਚਲੇ ਗਏ। ਜਿੱਥੇ ਕਾਮਾਗਾਟਾ ਮਾਰੂ ਉਨ੍ਹਾਂ ਦਾ ਇੰਤਜ਼ਾਰ ਕਰ ਰਿਹਾ ਸੀ ਵਿਕਟੋਰੀਆ ਪਹੁੰਚਣ ਲਈ ਬਲਵੰਤ ਸਿੰਘ ਖੁਰਦਪੁਰ ਨੇ ਜਾਪਾਨੀ ਜਹਾਜ਼ 'ਸਿਦਜੋਕਾ ਮਾਰੂ'(Shidzoka Maru) ਉੱਪਰ ਸਵਾਰ ਹੋਣਾ ਸੀ। ਉਸ ਨੇ ਤੇਜ਼ੀ ਨਾਲ ਮਹਾਂਸਾਗਰ ਪਾਰ ਕਰਨ ਲਈ ਗੁਰਦਿੱਤ ਸਿੰਘ ਨੂੰ ਵੀ ਆਪਣੇ ਵਾਲੇ ਜਹਾਜ਼ ਰਾਹੀਂ ਸਫ਼ਰ ਕਰਨ ਲਈ ਜ਼ੋਰ ਪਾਇਆ ਤਾਂ ਕਿ ਉਹ ਕਾਮਾਗਾਟਾ ਮਾਰੂ ਤੋਂ ਪਹਿਲਾਂ ਕਨੇਡਾ ਪਹੁੰਚ ਸਕਣ, ਪਰ ਮੁਸਾਫ਼ਰਾਂ ਵਲੋਂ ਸਹਿਮਤੀ ਨਾ ਮਿਲਣ ਕਾਰਨ, ਗੁਰਦਿੱਤ ਸਿੰਘ ਨੇ ਕਾਮਾਗਾਟਾ ਮਾਰੂ ਰਾਹੀਂ ਮਹਾਂਸਾਗਰ ਪਾਰ ਕਰਨ ਦਾ ਫ਼ੈਸਲਾ ਕੀਤਾ।

ਕੁਝ ਬੰਦੇ ਕਾਮਾਗਾਟਾ ਮਾਰੂ ਉੱਪਰ ਸਵਾਰ ਹੋਣ ਲਈ ਸਿੱਧੇ ਪੰਜਾਬ ਤੋਂ ਆਏ ਸਨ। ਉਹ ਜਹਾਜ਼ ਦੀ ਰਵਾਨਗੀ ਤੋਂ ਬਾਅਦ ਹਾਂਗਕਾਂਗ ਪਹੁੰਚੇ ਸਨ, ਇਸ ਲਈ ਉਨ੍ਹਾਂ ਨੇ ਇੰਤਜ਼ਾਰ ਕਰਨ ਦਾ ਸੁਨੇਹਾ ਭੇਜਣ ਲਈ, ਜਾਪਾਨ ਨੂੰ ਤਾਰ ਕਰ ਦਿੱਤੀ। 14 ਬੰਦਿਆਂ ਦੀ ਇਹ ਪਾਰਟੀ ਯੋਕੋਹਾਮਾ ਵਿਖੇ ਕਾਮਾਗਾਟਾ ਮਾਰੂ ਉੱਪਰ ਸਵਾਰ ਹੋਈ। ਜਿਸ ਨਾਲ ਮੁਸਾਫ਼ਰਾਂ ਦੀ ਕੁੱਲ ਗਿਣਤੀ 376 ਹੋ ਗਈ ਇਹਨਾਂ 'ਚੋਂ 80 ਬੰਦੇ ਭਾਰਤ ਤੋਂ ਸਿੱਧੇ ਪਹੁੰਚੇ ਸਨ। ਬਾਕੀ ਦੇ ਪਹਿਲਾਂ ਤੋਂ ਦੂਰ-ਪੂਰਬ ਦੇ ਦੇਸ਼ਾਂ ਵਿਚ ਰਹਿ ਰਹੇ ਸਨ। ਸਾਰੇ ਮੁਸਾਫ਼ਰ ਪੰਜਾਬੀ ਸਨ। ਇਹਨਾਂ 'ਚੋਂ 337 ਸਿੱਖ, 27 ਮੁਸਲਮਾਨ ਤੇ ਘੱਟੋ-ਘੱਟ 12 ਹਿੰਦੂ ਸਨ (ਮੈਂ ਪਹਿੱਲੇ ਸੰਸਕਰਣ ਵਿਚ ਵਰਤੇ ਗਏ। ਅੰਕੜਿਆਂ ਵਿਚ ਸੋਧ ਕੀਤੀ ਹੈ) ਬਹੁਤੇ ਮੁਸਲਮਾਨ ਪੱਛਮੀ ਪੰਜਾਬ ਦੇ ਸ਼ਾਹਪੁਰ ਦੇ ਰਹਿਣ ਵਾਲੇ ਸਨ। ਰਾਵਲਪਿੰਡੀ ਦੀ ਉੱਚੀ ਪਠਾਰ, ਅੰਬਾਲੇ ਦੇ ਨੀਮ-ਪਹਾੜੀ ਜਿਲ੍ਹੇ, ਹਿਸਾਰ ਦੇ ਖੁਸ਼ਕ ਇਲਾਕੇ ਅਤੇ ਸਿਆਲਕੋਟ ਦੇ ਪਹਾੜੀ ਇਲਾਕੇ 'ਚੋਂ ਬਹੁਤ ਘੱਟ ਗਿਣਤੀ ਵਿਚ ਸਿੱਖ ਮੁਸਾਫ਼ਰ ਆਏ ਸਨ। ਬਹੁਤੇ ਮੁਸਾਫ਼ਰ ਪੰਜਾਬ ਦੇ ਪੱਧਰੇ ਤੇ ਜਰਖੇਜ਼ ਕੇਂਦਰੀ ਮੈਦਾਨ 'ਚੋਂ ਸਨ। ਜਿਸ ਵਿਚ ਪੰਜਾਬ ਦੀ ਸਭ ਤੋਂ ਸੰਘਣੀ ਆਬਾਦੀ ਅਤੇ ਸਿੱਖ ਮਾਤ-ਭੂਮੀ ਵਾਲੇ ਅੰਮ੍ਰਿਤਸਰ, ਲਾਹੌਰ, ਪਟਿਆਲਾ, ਫ਼ਿਰੋਜ਼ਪੁਰ, ਲੁਧਿਆਣਾ, ਜਲੰਧਰ ਅਤੇ ਹੁਸ਼ਿਆਰਪੁਰ ਜਿਲ੍ਹੇ ਆਉਂਦੇ ਸਨ। ਦੋ ਜਥੇਬੰਦਕ ਸਕੱਤਰਾਂ ਦਲਜੀਤ ਸਿੰਘ ਕਾਉਣੀ ਤੇ ਬੀਰ ਸਿੰਘ ਸੁਹਾਗ ਦੇ ਜਿਲ੍ਹੇ ਫ਼ਿਰੋਜ਼ਪੁਰ 'ਚੋਂ ਮੁਸਾਫ਼ਰਾਂ ਦਾ ਸਭ ਤੋਂ ਵੱਡਾ ਦਲ ਆਇਆ। ਦੂਸਰਾ ਵੱਡਾ ਦਲ ਗੁਰਦਿੱਤ ਸਿੰਘ ਦੇ ਆਪਣੇ ਜਿਲ੍ਹੇ ਅੰਮ੍ਰਿਤਸਰ ਤੋਂ ਸੀ। ਜਲੰਧਰ ਤੇ ਹੁਸ਼ਿਆਰਪੁਰ ਦੇ ਇੱਕ -ਦੂਜੇ ਨਾਲ ਲੱਗਦੇ ਜਿਲ੍ਹਿਆਂ ਵਾਲੇ ਇਲਾਕੇ ਜਿਸ ਨੂੰ ਪੰਜਾਬੀ ਲੋਕ ਦੁਆਬਾ ਕਹਿੰਦੇ ਹਨ, ਦੇ ਸਮੂਹ ਬਹੁਤ ਹੀ ਛੋਟੇ ਸਨ। ਇਹ ਬਹੁਤ ਰੜਕਵਾਂ ਤੱਥ ਸੀ। ਕਿਉਂਕਿ

ਇਮੀਗਰੇਸ਼ਨ ਦੇ ਸ਼ੁਰੂ ਦੇ ਸਮੇਂ ਤੋਂ ਲੈ ਕੇ ਅੱਜ ਤੱਕ, ਜਲੰਧਰ ਤੇ ਹੁਸ਼ਿਆਰਪੁਰ ਜਿਲ੍ਹੇ, ਕਨੇਡਾ ਨੂੰ ਹੋਣ ਵਾਲੇ ਪੰਜਾਬੀ ਇਮੀਗਰੇਸ਼ਨ ਦਾ ਮੁੱਖ ਸ੍ਰੋਤ ਰਹੇ ਹਨ। ਪਰ ਇਸ ਪ੍ਰਤੱਖ ਨਜ਼ਰ ਆਉਂਦੀ ਅਸੰਗਤੀ ਦੀ ਵਿਆਖਿਆ ਕੀਤੀ ਜਾ ਸਕਦੀ ਸੀ। ਮੁਲਕ 'ਚੋਂ ਬਾਹਰ ਜਾ ਕੇ ਵੀ ਪੰਜਾਬੀਆਂ ਨੇ ਆਪਣੇ ਜ਼ਿਲ੍ਹਿਆਂ ਅਤੇ ਪਿੰਡਾਂ ਦੀ ਮੂਲ ਪਹਿਚਾਣ ਨਹੀਂ ਛੱਡੀ। ਆਪਣੇ ਸਥਾਨਕ ਮੂਲ ਦੇ ਲੋਕਾਂ ਨਾਲ ਦੋਸਤੀ ਤੇ ਭਰੋਸਾ ਕਰਨਾ ਹੀ ਉਨ੍ਹਾਂ ਦੀ ਪਹਿਲੀ ਤਰਜ਼ੀਹ ਹੁੰਦੀ ਹੈ। ਇਸ ਸਾਰੇ ਪ੍ਰਯੋਜਨ ਦੀ ਵਾਜਬੀਅਤ ਬਾਰੇ ਬਣੇ ਬੇਯਕੀਨੀ ਦੇ ਮਾਹੌਲ ਕਾਰਨ, ਗੁਰਦਿੱਤ ਸਿੰਘ ਸਰਹਾਲੀ ਤੇ ਉਸਦੇ ਸਕੱਤਰਾਂ ਲਈ ਦੁਆਬੇ ਨਾਲੋਂ ਆਪਣੇ ਜਿਲ੍ਹਿਆਂ ਦੇ ਮੁਸਾਫ਼ਰਾਂ ਨੂੰ ਤਿਆਰ ਕਰਨਾ ਜ਼ਿਆਦਾ ਆਸਾਨ ਸੀ।

15 ਨੂੰ ਛੱਡ ਕੇ ਬਾਕੀ ਸਭ ਮੁਸਾਫ਼ਰਾਂ ਲਈ ਉਨ੍ਹਾਂ ਦੀ ਸਾਂਝੀ ਰਸੋਈ ਅਤੇ ਸੌਣ ਦਾ ਇੰਤਜ਼ਾਮ ਮੁਸਾਫ਼ਰਾਂ ਵਾਲੇ ਖੁਲ੍ਹੇ ਏਰੀਏ ਵਿਚ ਕਰ ਦਿੱਤਾ ਗਿਆ ਸੀ। ਗੁਰਦਿੱਤ ਸਿੰਘ ਤੇ ਉਸਦੇ ਛੋਟੇ ਬੱਚੇ ਨੂੰ ਵੱਖਰਾ ਕੈਬਿਨ ਮਿਲਿਆ, ਇਸੇ ਤਰ੍ਹਾਂ ਜਹਾਜ਼ ਦੇ ਨੌਜਵਾਨ ਮੈਡੀਕਲ ਅਫ਼ਸਰ ਡਾਕਟਰ ਰਘੁਨਾਥ ਸਿੰਘ ਨੂੰ ਵੀ ਵੱਖਰਾ ਕੈਬਿਨ ਦਿੱਤਾ ਗਿਆ। ਜੋ ਹਾਂਗਕਾਂਗ ਵਿਚ ਸਥਿਤ ਅੱਠਵੀਂ ਰਾਜਪੂਤ ਰੈਜੀਮੈਂਟ ਤੋਂ ਛੁੱਟੀ ਲੈ ਕੇ ਆਪਣੀ ਬੀਵੀ ਤੇ ਬੱਚੇ ਸਮੇਤ ਸਫ਼ਰ ਕਰ ਰਿਹਾ ਸੀ। ਇੱਕ ਹੋਰ ਮੁਸਾਫ਼ਿਰ, ਅੰਮ੍ਰਿਤਸਰ ਜਿਲ੍ਹੇ ਦੇ ਪਿੰਡ ਟਿੰਮੋਵਾਲ ਦਾ ਰਹਿਣ ਵਾਲਾ ਸੁੰਦਰ ਸਿੰਘ ਜੋ ਆਪਣੀ ਬੀਵੀ, ਇੱਕ ਪੁੱਤਰ ਤੇ ਛੋਟੀ ਬੇਟੀ ਸਮੇਤ ਸਫ਼ਰ ਕਰ ਰਿਹਾ ਸੀ, ਨੂੰ ਵੀ ਇੱਕ ਵੱਖਰਾ ਕੈਬਿਨ ਦਿੱਤਾ ਗਿਆ ਸੀ। ਬਾਕੀ ਦੇ ਕੈਬਿਨ ਉਨ੍ਹਾਂ ਲੋਕਾਂ ਨੂੰ ਮਿਲੇ ਜਿੰਨਾਂ ਨੇ ਇਸ ਯਾਤਰਾ ਦੇ ਇੰਤਜ਼ਾਮਾਂ ਵਿਚ ਅਹਿਮ ਭੂਮਿਕਾ ਨਿਭਾਈ ਸੀ। ਦਲਜੀਤ ਸਿੰਘ ਕਾਉਣੀ, ਬੀਰ ਸਿੰਘ ਸੁਹਾਗ, ਹਰਨਾਮ ਸਿੰਘ ਖਾਲੜਾ ਅਤੇ ਲੁਧਿਆਣੇ ਤੋਂ ਅਮੀਰ ਮੁਹੰਮਦ ਖਾਨ ਇਹਨਾਂ ਲੋਕਾਂ ਨੇ ਕੋਈ ਵੱਧ ਭੁਗਤਾਨ ਨਹੀਂ ਸੀ ਕੀਤਾ ਅਤੇ ਕਿਸੇ ਮੁਸਾਫ਼ਰ ਨੂੰ ਇਸ ਬਾਰੇ ਕੋਈ ਸ਼ਿਕਾਇਤ ਨਹੀਂ ਸੀ। ਬਹੁ-ਗਿਣਤੀ ਨੇ ਬਿਨਾਂ ਕਿਸੇ ਟਿੱਪਣੀ ਦੇ ਇਸ ਵਿਵਸਥਾ ਨੂੰ ਸਵੀਕਾਰ ਕਰ ਲਿਆ ਸੀ। ਦਰਅਸਲ ਕੁਝ ਵਿਸ਼ੇਸ਼ ਅਧਿਕਾਰਾਂ ਵਾਲੇ ਮੁਸਾਫ਼ਰਾਂ ਨੂੰ ਕੈਬਿਨ ਹੁੰਮਸ ਭਰੇ ਲੱਗੇ ਅਤੇ ਉਹ ਵੀ ਮੁਸਾਫ਼ਰਾਂ ਵਾਲੀ ਖੁਲ੍ਹੀ ਜਗਾਹ ਵਿਚ ਚਲੇ ਗਏ ਸਨ।

ਭਗਵਾਨ ਸਿੰਘ ਜੱਖ ਜਿਸ ਨੂੰ ਹੱਥਕੜੀਆਂ ਸਮੇਤ ਇੱਕ ਕੈਦੀ ਦੀ ਤਰ੍ਹਾਂ ਵਿਕਟੋਰੀਆ ਤੋਂ 'ਐਸ.ਐਸ.ਐਮਪ੍ਰੈਸ' ਜਹਾਜ਼ ਉੱਪਰ ਜਬਰੀ ਚੜ੍ਹਾਇਆ ਸੀ ਅਤੇ ਜੋ ਯੋਕੋਹਾਮਾ ਵਿਖੇ ਜਹਾਜ਼ 'ਚੋਂ ਛਾਲ ਮਾਰ ਕੇ ਦੌੜ ਗਿਆ ਸੀ, ਪੰਜ ਮਹੀਨੇ ਦੇ ਅਰਸੇ ਬਾਅਦ ਅਜੇ ਤੱਕ ਵੀ ਉੱਥੇ ਰਹਿ ਰਿਹਾ ਸੀ। ਅਤੇ ਉੱਤਰੀ ਅਮਰੀਕਾ ਵਾਪਸ ਪਹੁੰਚਣ ਦੀ ਯੋਜਨਾ ਬਣਾ ਰਿਹਾ ਸੀ। ਉਹ ਭੂਪਾਲ ਸੂਬੇ ਦੇ ਇੱਕ ਇਸਲਾਮੀ ਜੁਝਾਰੂ ਮਿਸਟਰ ਬਰਕਤਉੱਲ੍ਹਾ ਖਾਨ ਨਾਲ ਰਹਿ ਰਿਹਾ ਸੀ। ਜਿਸ ਨੂੰ ਥੋੜ੍ਹੇ ਦਿਨ ਪਹਿਲਾਂ ਟੋਕੀਉ ਯੂਨੀਵਰਸਿਟੀ ਨੇ 'ਹਿੰਦੁਸਤਾਨੀ' ਦੀ ਪ੍ਰੋਫ਼ੈਸਰਸ਼ਿਪ ਦੇ ਅਹੁਦੇ ਤੋਂ

ਵੱਖ ਕੀਤਾ ਸੀ। ਗ਼ਦਰ ਅਖਬਾਰ ਦੇ ਤਾਜ਼ੇ ਅੰਕ ਦੀਆਂ ਕਾਪੀਆਂ ਲੈ ਕੇ ਉਹ ਦੋਨੋਂ ਕਾਮਾਗਾਟਾ ਮਾਰੂ ਉੱਪਰ ਗਏ। ਜਿੱਥੇ ਭਗਵਾਨ ਸਿੰਘ ਜੱਖ ਨੇ ਇੱਕ ਜ਼ੋਸ਼ੀਲੀ ਤਕਰੀਰ ਕੀਤੀ। ਪਰ ਉਸ ਨੇ ਗੁਰਦਿੱਤ ਸਿੰਘ ਨੂੰ ਕੁਝ ਹੌਸਲਾ-ਢਾਹੂ ਸ਼ਬਦ ਵੀ ਕਹੇ। ਉਸਨੇ ਕਿਹਾ ਕਿ ਉਨ੍ਹਾਂ ਨੂੰ ਤੱਟ ਉੱਪਰ ਉੱਤਰਨ ਦੀ ਆਗਿਆ ਨਹੀਂ ਮਿਲੇਗੀ ਅਤੇ ਕਨੇਡਾ ਸਰਕਾਰ ਇਹ ਗੱਲ ਪੱਕੀ ਤਰ੍ਹਾਂ ਯਕੀਨੀ ਬਣਾਏਗੀ। ਇਹ ਉਸ ਵਿਅਕਤੀ ਦਾ ਹਕੀਕੀ ਵਿਸ਼ਲੇਸ਼ਣ ਸੀ। ਜਿਸ ਨੇ ਵੈਨਕੂਵਰ ਦੇ ਇਮੀਗਰੇਸ਼ਨ ਏਜੰਟ ਨਾਲ ਪੰਗਾ ਲਿਆ ਸੀ ਅਤੇ ਜਿਸ ਨੂੰ ਜਬਰਦਸਤੀ ਕਨੇਡਾ 'ਚੋਂ ਬਾਹਰ ਕੱਢ ਦਿੱਤਾ ਗਿਆ ਸੀ। ਪਰ ਗੁਰਦਿੱਤ ਸਿੰਘ ਅਜਿਹਾ ਕੁਝ ਵੀ ਸੁਨਣ ਲਈ ਤਿਆਰ ਨਹੀਂ ਸੀ। ਜੇਕਰ ਉਸਨੂੰ ਆਪਣੇ ਆਪ ਉਤੇ ਅਤੇ ਪ੍ਰਮਾਤਮਾ ਦੀ ਇੱਛਾ ਉੱਪਰ ਭਰੋਸਾ ਨਾ ਹੁੰਦਾ ਤਾਂ ਇੱਥੋਂ ਤੱਕ ਨਾ ਪਹੁੰਚਦਾ। "ਇਹ ਯਾਤਰਾ ਪੂਰੀ ਤਰ੍ਹਾਂ ਕਨੇਡਾ ਸਰਕਾਰ ਦੀਆਂ ਸ਼ਰਤਾਂ ਮੁਤਾਬਕ ਹੋ ਰਹੀ ਹੈ" ਉਸਨੇ ਕਿਹਾ, "ਵੈਨਕੂਵਰ ਵਿਚ ਸਾਨੂੰ ਦੁਨੀਆਂ ਦੀ ਕੋਈ ਤਾਕਤ ਰੋਕ ਨਹੀਂ ਸਕਦੀ।"

ਗੁਰਦਿੱਤ ਸਿੰਘ ਦੇ ਵਿਸ਼ਵਾਸ ਦੀ ਵਾਜਬੀਅਤ ਦਾ ਕੀ ਆਧਾਰ ਸੀ? ਇਸ ਵਿਸ਼ਵਾਸ਼ ਦੀ ਸ਼ੁਰੂਆਤ, ਵੈਨਕੂਵਰ ਵਿਚਲੇ ਸਿੱਖਾਂ ਦੁਆਰਾ ਉਸਨੂੰ ਦਿੱਤੀ ਜਾਣਕਾਰੀ ਨਾਲ ਹੋਈ। ਖੁਦ ਆਪਣੀ ਹਸਤੀ ਦੀ ਤਾਕਤ ਬਾਰੇ ਵਧ ਅੰਦਾਜ਼ੇ ਨੇ ਗੁਰਦਿੱਤ ਸਿੰਘ ਦੇ ਇਸ ਵਿਸ਼ਵਾਸ ਨੂੰ ਬਲ ਬਖ਼ਸ਼ਿਆ ਸੀ। ਪਾਨਾਮਾ ਮਾਰੂ ਕੇਸ ਵਿਚ ਚੀਫ ਜਸਟਿਸ ਹੰਟਰ ਦੇ ਫ਼ੈਸਲੇ ਕਾਰਨ ਖੁੱਲ੍ਹੀ ਮੌਕਿਆਂ ਦੀ ਖਿੜਕੀ ਬੰਦ ਹੋ ਚੁੱਕੀ ਸੀ, ਅਤੇ ਉਸਨੂੰ ਇਸ ਗੱਲ ਦਾ ਇਲਮ ਸੀ। ਕਾਮਾਗਾਟਾ ਮਾਰੂ ਦੀ ਰਵਾਨਗੀ ਤੋਂ ਦੋ ਮਹੀਨੇ ਪਹਿਲਾਂ ਕਨੇਡਾ ਸਰਕਾਰ ਨੇ ਨਵੇਂ ਨਿਯਮ ਲਾਗੂ ਕਰ ਦਿੱਤੇ ਸਨ। ਪਰ ਕਨੇਡੀਆਈ ਇਮੀਗਰੇਸ਼ਨ ਵਿਭਾਗ ਦਾ ਅਦਾਲਤਾਂ ਵਿਚ ਸਿੱਖਾਂ ਕੋਲੋਂ ਹਾਰ ਜਾਣ ਦਾ ਇੱਕ ਇਤਿਹਾਸ ਸੀ। ਇਹਨਾਂ ਤੱਥਾਂ ਨੂੰ ਧਿਆਨ ਵਿਚ ਰੱਖ ਕੇ ਹੀ ਗੁਰਦਿੱਤ ਸਿੰਘ ਸੋਚਦਾ ਸੀ, ਕਿ ਕਨੇਡਾ ਸਰਕਾਰ ਜੋ ਮਰਜ਼ੀ ਨਿਯਮ ਬਣਾ ਲਵੇ, ਕਾਨੂੰਨੀ ਚੁਣੌਤੀ ਅੱਗੇ ਇਹ ਨਿਯਮ ਟਿਕ ਨਹੀਂ ਪਾਉਣਗੇ। ਅਤੇ ਇਹ ਸਿਰਫ਼ ਕਾਨੂੰਨੀ ਪੱਖ ਨਹੀਂ ਸੀ, ਜੋ ਉਸਦੇ ਹੱਕ ਵਿਚ ਭੁਗਤਦਾ ਸੀ। ਆਪਣੇ ਵੈਨਕੂਵਰ ਵਿਚਲੇ ਸਿੱਖ ਸਾਥੀਆਂ ਦੀ ਤਰ੍ਹਾਂ ਉਹ ਵੀ ਇਹੀ ਸੋਚਦਾ ਸੀ, ਕਿ ਇੱਕ ਇੱਕਾਈ ਦੇ ਤੌਰ 'ਤੇ ਬਰਤਾਨਵੀ ਸਾਮਰਾਜ ਲੰਡਨ ਤੋਂ ਚਲਾਇਆ ਜਾ ਰਿਹਾ ਸੀ। ਉਹ ਹਕੀਕੀ ਕਨੇਡੀਅਨ ਆਜ਼ਾਦੀ ਦੇ ਵਿਚਾਰ ਨੂੰ ਬਹੁਤ ਘੱਟ ਮਾਨਤਾ ਦਿੰਦਾ ਸੀ। ਉਹ ਹਕੀਕੀ ਤੌਰ 'ਤੇ ਉਵੇਂ ਸੋਚਦਾ ਸੀ-ਜਿਵੇਂ ਕਿ ਉਸਦੇ ਦੇਸ਼ਵਾਸੀ ਪਿਛਲੇ ਕਈ ਸਾਲਾਂ ਤੋਂ ਦਲੀਲ ਦਿੰਦੇ ਆ ਰਹੇ ਸਨ-ਕਿ ਬਰਤਾਨਵੀ ਪਰਜਾ ਦੇ ਕਿਸੇ ਵੀ ਮੈਂਬਰ ਨੂੰ ਪੂਰੇ ਸਾਮਰਾਜ ਵਿਚ ਕਿਤੇ ਵੀ ਪੂਰੀ ਆਜ਼ਾਦੀ ਨਾਲ ਸਫ਼ਰ ਕਰਨ ਦਾ ਬੁਨਿਆਦੀ ਹੱਕ ਹਾਸਲ ਸੀ। ਅਤੇ ਉਸਨੂੰ ਸਿੱਖਾਂ ਵਲੋਂ ਬੇਇਨਸਾਫ਼ੀ ਦੇ ਵਿਰੋਧ ਵਿਚ ਉਠਾਈ ਜਾਣ ਵਾਲੀ ਬੁਲੰਦ ਆਵਾਜ਼ ਦੀ ਤਾਕਤ ਵਿਚ ਵੀ ਵਿਸ਼ਵਾਸ ਸੀ। ਜੋ ਸਾਮਰਾਜ

ਨੂੰ ਹਿੱਲਾ ਸਕਦੀ ਸੀ। ਅਤੇ ਕਨੇਡਾ ਸਰਕਾਰ ਨੂੰ ਆਪਣੀ ਨੀਤੀ ਬਦਲਣ ਲਈ ਮਜ਼ਬੂਰ ਕਰ ਸਕਦੀ ਸੀ। ਇਹਨਾਂ ਮਨੌਤਾਂ ਦੇ ਸਬੰਧ ਵਿਚ, ਬਦਕਿਸਮਤੀ ਨਾਲ ਉਹ ਪੂਰੀ ਤਰ੍ਹਾਂ ਗਲਤ ਸੀ। ਸਾਮਰਾਜ ਦਾ ਅਜਿਹਾ ਕੋਈ ਕਾਨੂੰਨ ਨਹੀਂ ਸੀ- ਜੇ ਹੁੰਦਾ ਤਾਂ ਪ੍ਰਸ਼ੰਸਾਯੋਗ ਹੋਣਾ ਸੀ। ਜੋ ਉਸ ਦੇ ਅਧਿਕਾਰ ਹੇਠਲੇ ਸਾਰੇ ਖੇਤਰਾਂ ਦੀ ਪਰਜਾ ਲਈ ਇੱਕ ਸਾਰ ਵਿਵਹਾਰ ਦੀ ਗੱਲ ਕਰਦਾ ਹੋਵੇ। ਅਤੇ ਕਨੇਡੀਅਨ ਸਰਕਾਰ ਜੋ ਭਾਵਨਾਤਮਿਕ ਤੌਰ 'ਤੇ ਬੇਸ਼ਕ ਬਰਤਾਨੀਆ ਦੇ ਨਜ਼ਦੀਕ ਸੀ, ਪਰ ਉਸ ਦੀਆਂ ਹਿਦਾਇਤਾਂ ਅਨੁਸਾਰ ਨਹੀਂ ਚਲਦੀ ਸੀ। ਇਹਨਾਂ ਅਹਿਮ ਨੁਕਤਿਆਂ ਦੇ ਸਬੰਧ ਵਿਚ ਉਸ ਨੇ ਆਉਣ ਵਾਲੀਆਂ ਦੁਸ਼ਵਾਰੀਆਂ ਦਾ ਅਨੁਮਾਨ ਬਹੁਤ ਘਟਾ ਕੇ ਲਾਇਆ।

***

ਅਧਿਆਏ : 5

## ਪਹੁੰਚਣਾ : ਕਨੇਡਾ ਦੇ ਮੁੱਖ ਦੁਆਰ 'ਤੇ ਰੋਕੇ ਜਾਣਾ

ਵਿਲਾਸਮਈ ਸੁੱਖ-ਸਹੂਲਤਾਂ ਵਾਲੇ 'ਟਾਈਟੈਨਿਕ' ਦੇ ਡੁੱਬਣ ਦੇ ਸਿਰਫ਼ ਦੋ ਸਾਲ ਬਾਅਦ, ਕਾਮਾਗਾਟਾ ਮਾਰੂ ਨੇ ਬਗੈਰ ਰੇਡੀਉ ਸਰਵਿਸ ਦੇ ਪ੍ਰਸ਼ਾਂਤ ਮਹਾਂਸਾਗਰ ਪਾਰ ਕੀਤਾ। ਟਾਈਟੈਨਿਕ ਤ੍ਰਾਸਦੀ ਨੇ ਪੱਛਮੀ ਸਰਕਾਰਾਂ ਨੂੰ, ਸੰਕਟ ਸਮੇਂ ਜਹਾਜ਼ ਲਈ ਤਾਰ-ਰਹਿਤ ਟੈਲੀਗ੍ਰਾਫੀ ਦੀ ਅਹਿਮੀਅਤ ਬਾਰੇ ਚੰਗੀ ਤਰ੍ਹਾਂ ਜਾਗਰੂਕ ਕਰ ਦਿੱਤਾ ਸੀ। ਸੰਨ 1914 ਤੱਕ ਇਹ ਮਹਾਂਸਾਗਰਾਂ ਦੇ ਸਫ਼ਰ ਲਈ ਜਾ ਰਹੇ ਜਹਾਜ਼ਾਂ ਲਈ ਇੱਕ ਨਿਯਮਤ ਯੰਤਰ ਬਣ ਗਿਆ ਸੀ। ਫੇਰ ਵੀ ਜਾਪਾਨੀ ਮਾਲਕਾਂ ਨੇ ਇਹ ਯੰਤਰ ਮੁਹਈਆ ਨਾ ਕਰਵਾਇਆ ਅਤੇ ਗੁਰਦਿੱਤ ਸਿੰਘ ਨੇ ਵੀ ਇਸ ਸਹੂਲਤ ਲਈ ਵਾਧੂ ਭੁਗਤਾਨ ਨਾ ਕੀਤਾ। ਪ੍ਰਸ਼ਾਤ ਮਹਾਂਸਾਗਰ ਪਾਰ ਕਰਦੇ ਸਮੇਂ ਜਹਾਜ਼ ਦੀ ਰੇਡੀਉ-ਚੁੱਪ ਨੇ ਇਸ ਦੇ ਰਹੱਸਮਈ ਖ਼ਾਸੇ ਵਿਚ ਹੋਰ ਵਾਧਾ ਕੀਤਾ। ਪਰ ਇਸ ਚੁੱਪ ਦੇ ਬਾਵਜੂਦ ਇਸ ਯਾਤਰਾ ਬਾਰੇ ਅਚੰਭੇ ਵਾਲੀ ਕੋਈ ਗੱਲ ਨਹੀ ਸੀ। ਜਲਦੀ ਹੀ ਇਸ ਦੇ ਕਨੇਡਾ ਪਹੁੰਚਣ ਦੀ ਉਮੀਦ ਸੀ ਅਤੇ ਬ੍ਰਿਟਿਸ਼ ਕੋਲੰਬੀਆ ਦੇ ਤੱਟ ਉੱਪਰ ਪਹੁੰਚਣ ਤੋਂ ਇੱਕ ਦਿਨ ਪਹਿੱਲਾਂ, ਵੈਨਕੂਵਰ ਤੇ ਵਿਕਟੋਰੀਆਂ ਵਿਖੇ ਦੋਵੇਂ ਵਿਰੋਧੀ ਖੇਮਿਆਂ ਵਿਚ ਜ਼ਬਰਦਸਤ ਸਰਗਰਮੀ ਸੀ। ਇੱਕ ਖੇਮੇ ਵਿਚ, ਖ਼ਾਸ ਕਰ ਵੈਨਕੂਵਰ ਵਿਚ, ਇਮੀਗਰੇਸ਼ਨ ਅਧਿਕਾਰੀ ਸਨ ਅਤੇ ਦੂਸਰੀ ਤਰਫ਼ ਸਿੱਖ ਅਤੇ ਭਾਰਤੀ ਭਾਈਚਾਰੇ ਦੇ ਆਗੂ। ਭਾਰਤੀ ਇਮੀਗਰੇਂਟਾਂ ਨੂੰ ਮੁਲਕ ਤੋਂ ਬਾਹਰ ਰੱਖਣ ਦੀ ਕਨੇਡਾ ਸਰਕਾਰ ਦੀ ਅਣ-ਐਲਾਨੀ ਨੀਤੀ ਵਿਰੁੱਧ ਛੇ ਸਾਲ ਤੋਂ ਦਿਨ-ਬ-ਦਿਨ ਵੱਧ ਰਹੀ ਜਦੋ ਜਹਿਦ ਨੇ ਦੋਵਾਂ ਨੂੰ ਪੱਕੇ ਵਿਰੋਧੀ ਬਣਾ ਦਿੱਤਾ ਸੀ। ਇਸ ਸੰਘਰਸ਼ ਨੂੰ ਸਿਖਰ 'ਤੇ ਪਹੁੰਚਾਉਣ ਲਈ ਕਾਮਾਗਾਟਾ ਮਾਰੂ ਕਨੇਡਾ ਦੇ ਪਾਣੀਆਂ ਵਿਚ ਦਾਖਲ ਹੋ ਚੁੱਕਾ ਸੀ

ਜਾਪਾਨ ਵਿਚਲੇ ਬਰਤਾਨਵੀ ਸਫ਼ਾਰਤਖਾਨੇ ਦੇ ਅਧਿਕਾਰੀਆਂ ਦੁਆਰਾ, ਜਹਾਜ਼ ਦੇ ਮੌਜੀ ਤੋਂ ਯੋਕੋਹਾਮਾ ਅਤੇ 2 ਮਈ 1914 ਨੂੰ ਅੱਗੇ ਵਿਕਟੋਰੀਆ ਲਈ ਰਵਾਨਗੀ ਬਾਰੇ ਸੂਚਨਾ ਮਿਲਣ ਉਪਰੰਤ, ਕਨੇਡੀਅਨ ਅਧਿਕਾਰੀ ਚੌਕੰਨੇ ਹੋ ਕੇ ਇੰਤਜ਼ਾਰ ਕਰ ਰਹੇ ਸਨ। ਉਨ੍ਹਾਂ ਨੇ ਗੁਰਦਿੱਤ ਸਿੰਘ ਸਰਹਾਲੀ ਦਾ ਨਾਮ ਸੁਣ ਰੱਖਿਆ ਸੀ। ਭਾਵੇਂ ਕਿ ਉਹ ਉਸ ਬਾਰੇ ਹੋਰ ਜ਼ਿਆਦਾ ਕੁਝ ਨਹੀਂ ਜਾਣਦੇ ਸਨ। ਅਤੇ ਵੈਨਕੂਵਰ ਦੇ ਗੁਰਦਵਾਰੇ ਵਿਚ ਡਾਕ ਰਾਹੀਂ ਆਏ ਇਸ਼ਤਿਹਾਰਾਂ ਚੋਂ, ਹਾੱਪਕਿਨਸਨ ਦੇ ਇੱਕ ਪੰਜਾਬੀ ਸੂਹੀਏ ਦੁਆਰਾ ਲਿਆਂਦੇ ਗਏ ਇੱਕ ਇਸ਼ਤਿਹਾਰ



*8. ਕਾਮਾਗਾਟਾ ਮਾਰੂ ਦੇ ਯਾਤਰੀ 23 ਮਈ 1914 ਨੂੰ ਵੈਨਕੂਵਰ ਪਹੁੰਚਣ 'ਤੇ। ਅੱਗੇ ਹਨ ਬਾਬਾ ਗੁਰਦਿੱਤ ਸਿੰਘ ਜੀ ਅਪਨੇ ਬੇਟੇ ਬਲਵੰਤ ਦੇ ਨਾਲ ਤੇ ਖੱਬੇ ਹਥ ਹੈ ਦਲਜੀਤ ਸਿੰਘ ਕੋਣੀ*

ਦਾ ਤਰਜ਼ਮਾ, ਉਨ੍ਹਾਂ ਨੇ ਅੰਗਰੇਜ਼ੀ ਵਿਚ ਕਰਵਾ ਲਿਆ ਸੀ। ਕਾਮਾਗਾਟਾ ਮਾਰੂ ਦੀ ਯੋਕੋਹਾਮਾ ਤੋਂ ਰਵਾਨਗੀ ਦੇ ਦੋ ਦਿਨ ਬਾਅਦ, ਰੀਡ ਨੇ ਤਾਰ-ਸੁਨੇਹੇ ਰਾਹੀਂ ਇਸ ਦੇ ਪਹੁੰਚਣ ਦੀ ਅੰਦਾਜ਼ਨ ਤਰੀਕ ਬਾਰੇ ਪੁੱਛਿਆ। ਇਹ ਸੁਨੇਹਾ ਜਹਾਜ਼ 'ਐਮਪ੍ਰੈਸ ਆਫ਼ ਇੰਡੀਆ' ਜੋ ਵੈਨਕੂਵਰ ਤੋਂ ਪੰਜ ਦਿਨ ਪਹਿਲਾਂ ਚੱਲਿਆ ਸੀ, ਨੇ ਅੱਗੇ ਪਹੁੰਚਾਉਣਾ ਸੀ। ਪਰ ਕਾਮਾਗਾਟਾ ਮਾਰੂ ਜਿਸ ਉੱਪਰ ਕੋਈ ਤਾਰ-ਰਹਿਤ ਰੇਡੀਉ ਪ੍ਰਣਾਲੀ ਨਹੀਂ ਸੀ, ਬਿਨਾਂ ਕੋਈ ਜਵਾਬ ਦਿੱਤੇ ਪਹੁੰਚ ਗਿਆ ਸੀ।

ਸਥਾਨਕ ਭਾਰਤੀ ਪਹਿਲਾਂ ਹੀ ਸਰਗਰਮ ਸਨ। ਉਨ੍ਹਾਂ ਨੇ ਕਾਮਾਗਾਟਾ ਮਾਰੂ ਦੀ ਮਦਦ ਲਈ ਇੱਕ ਕਮੇਟੀ ਗਠਿਤ ਕਰ ਲਈ ਸੀ। ਅਤੇ ਉਹ ਗ੍ਰੰਥੀ ਬਲਵੰਤ ਸਿੰਘ ਖੁਰਦਪੁਰ ਦਾ ਇੰਤਜ਼ਾਰ ਕਰ ਰਹੇ ਸਨ ਜੋ ਜਾਪਾਨੀ ਜਹਾਜ਼ 'ਸ਼ਿਧਜੌਕਾ ਮਾਰੂ' ਰਾਹੀਂ 20 ਮਈ ਨੂੰ ਵਿਕਟੋਰੀਆ ਪਹੁੰਚ ਗਿਆ। ਉਸ ਨੇ ਵਿਕਟੋਰੀਆ ਦੇ ਗੁਰਦਵਾਰੇ ਵਿਚ ਸਿੱਖਾਂ ਦੀ ਇੱਕ ਮੀਟਿੰਗ ਨੂੰ ਸੰਬੋਧਨ ਕੀਤਾ ਅਤੇ ਫਿਰ ਵੈਨਕੂਵਰ ਚਲਾ ਗਿਆ। ਉਸੇ ਸ਼ਾਮ ਹੁਸੈਨ ਰਹੀਮ ਤੇ ਬਾੜੀਆਂ ਕਲਾਂ ਵਾਲੇ ਰਾਜਾ ਸਿੰਘ ਨੇ 40 ਫੁੱਟ ਲੰਮੀ ਤੇ ਦੂਰ ਸਮੁੰਦਰ ਵਿਚ ਜਾਣ ਯੋਗ ਇੱਕ ਕਿਸ਼ਤੀ ਅਲਬਰਨੀ ਬੰਦਰਗਾਹ ਤੋਂ ਕਿਰਾਏ 'ਤੇ ਲੈ ਲਈ ਸੀ। ਰਾਜਾ ਸਿੰਘ ਛੇ ਫੁੱਟ ਲੰਮਾ ਤੇ ਚੰਗੇ ਜੁੱਸੇ ਵਾਲਾ ਇਹ ਸ਼ਖਸ, ਇੰਮਪੀਰੀਅਲ ਸਰਵਿਸ ਕੋਰ ਦਾ ਸਾਬਕਾ ਫੌਜੀ ਤੇ ਯੂਨਾਈਟਡ ਇੰਡੀਆ ਲੀਗ ਵੈਨਕੂਵਰ ਦਾ ਸਕੱਤਰ ਸੀ। ਇਮੀਗਰੈਂਟਾਂ ਦੇ ਵਕੀਲ ਜੇ.ਐਡਵਰਡ.ਬਰਡ ਨੇ ਕੌਂਸਿਲ ਵਲੋਂ ਮਜ਼ਦੂਰਾਂ ਦੇ ਦਾਖਲੇ ਉੱਪਰ ਪਾਬੰਦੀ ਲਾਉਣ ਬਾਰੇ ਜਾਰੀ ਕੀਤੇ ਆਰਜ਼ੀ ਆਦੇਸ਼ ਵਿਚ ਕੋਈ ਗਲਤੀ ਲੱਭ ਲਈ ਸੀ।

ਬ੍ਰਿਟਿਸ਼ ਕੋਲੰਬੀਆ ਦੀਆਂ ਸਾਰੀਆਂ ਬੰਦਰਗਾਹਾਂ 'ਚੋਂ ਸਿਰਫ਼ ਅਲਬਰਨੀ (Alberni) ਹੀ ਇੱਕ ਅਜਿਹੀ ਬੰਦਰਗਾਹ ਸੀ। ਜਿਸ ਦਾ ਉਲੇਖ ਪਾਬੰਦੀ ਵਾਲੇ ਆਦੇਸ਼ ਵਿਚ ਨਹੀਂ ਸੀ, ਸੋ ਕਾਮਾਗਾਟਾ ਮਾਰੂ ਦੇ ਲੰਗਰ ਸੁੱਟਣ ਲਈ ਜ਼ਾਹਰਾ ਤੌਰ 'ਤੇ ਇਹੀ ਬੰਦਰਗਾਹ ਠੀਕ ਜਾਪਦੀ ਸੀ। ਪਰ ਜਹਾਜ਼ ਉੱਪਰਲੇ ਚਾਲਕ ਦਲ ਤੇ ਪ੍ਰਬੰਧਕਾਂ ਨੂੰ ਸੂਚਿਤ ਕਰਨਾ ਪੈਣਾ ਸੀ। ਅਲਬਰਨੀ ਬੰਦਰਗਾਹ ਪ੍ਰਸ਼ਾਂਤ ਮਹਾਂਸਾਗਰ ਦੀ ਇੱਕ ਲੰਬੀ ਤੰਗ ਖਾੜੀ ਦੇ ਸਿਰੇ ਉੱਪਰ ਸਥਿਤ ਸੀ। ਅਤੇ ਰਹੀਮ ਤੇ ਰਾਜਾ ਸਿੰਘ ਬਾੜੀਆਂ ਕਲਾਂ ਨੇ ਆਪਣੀ ਮੋਟਰ ਬੋਟ ਰਾਹੀਂ ਇਹ ਸਫ਼ਰ 7-8 ਘੰਟੇ ਵਿਚ ਪੂਰਾ ਕੀਤਾ। ਵੈਨਕੂਵਰ ਟਾਪੂ ਤੋਂ ਬਹੁਤ ਦੂਰ ਤੇ ਦੱਖਣ-ਪੱਛਮੀ ਜੰਗਲੀ ਕੰਢੇ 'ਤੇ ਸਥਿਤ ਪਚੇਨਾ ਖਾੜੀ(Pachena Bay) ਵਿਚ ਉਹ 21 ਮਈ ਨੂੰ ਸਵੇਰੇ 8 ਵਜੇ ਪਹੁੰਚੇ ਸਵੇਰੇ ਤੇ ਸ਼ਾਮ ਦੇ ਪਹਿੱਲੇ ਪਹਿਰ ਉਨ੍ਹਾਂ ਨੂੰ ਬਹੁਤ ਉੱਚੀਆਂ ਸਮੁੰਦਰੀ ਲਹਿਰਾਂ ਦਾ ਸਾਹਮਣਾ ਕਰਨਾ ਪਿਆ। ਦੋ ਵਜੇ ਉਨ੍ਹਾਂ ਨੇ ਹੌਂਸਲਾ ਛੱਡ ਦਿੱਤਾ ਅਤੇ ਉਹ ਅਲਬਰਨੀ ਖਾੜੀ ਦੇ ਮੁਹਾਣੇ ਨੇੜੇ, ਅਲਗ ਥਲਗ ਪਏ ਬੈਮਫੀਲਡ ਗੋਦੀ (Bamfield creek) ਕੇਬਲ ਸਟੇਸ਼ਨ ਵੱਲ ਚੱਲ ਪਏ। ਸੁਰੱਖਿਆ-ਏਜੰਸੀਆਂ ਦੀਆਂ ਨਜ਼ਰਾਂ ਹੇਠਲੀ ਇਸ ਖਾੜੀ ਵਿਚ ਉਹ ਆਵਾਜਾਈ ਦਾ ਮੁਲੰਕਣ ਕਰਨਾ ਚਾਹੁੰਦੇ ਸਨ ਪਰ ਸਮੁੰਦਰ ਬਹੁਤ ਅਸ਼ਾਂਤ ਸੀ। ਜਹਾਜ਼ਾਂ ਦੇ ਆਉਣ-ਜਾਣ ਦੇ ਮੁੱਖ ਰਸਤੇ ਤੋਂ 5 ਤੋਂ 8 ਕਿਲੋਮੀਟਰ ਦੂਰ ਬੈਠ ਕੇ, ਉਹ ਅਗਲੀ ਸਵੇਰ ਫਿਰ ਇੱਕ ਵਾਰ ਕੋਸ਼ਿਸ਼ ਕਰਨਾ ਚਾਹੁੰਦੇ ਸਨ। ਕਿ ਇਸੇ ਸਮੇਂ ਦੌਰਾਨ ਕਾਮਾਗਾਟਾ ਮਾਰੂ ਆਣ ਪਹੁੰਚਿਆ ਸੀ।

ਇਮੀਗਰੇਸ਼ਨ ਅਧਿਕਾਰੀ ਬਹੁਤ ਚੌਕੰਨੇ ਸਨ ਅਤੇ ਰਹੀਮ ਦੀ ਕਿਸ਼ਤੀ ਦੇ ਅਲਬਰਨੀ ਬੰਦਰਗਾਹ ਤੋਂ ਚਲਣ ਦੇ ਪਲ ਤੋਂ ਹੀ ਸਭ ਕੁਝ ਉਨ੍ਹਾਂ ਦੀ ਜਾਣਕਾਰੀ ਵਿਚ ਸੀ। ਉਨ੍ਹਾਂ ਨੇ ਉਸ ਇਲਾਕੇ ਦੇ ਸਭ ਤੋਂ ਨੇੜਲੇ ਕਸਟਮ ਇੰਸਪੈਕਟਰ ਐਚ.ਐਲ.ਗੁਡ(Good) ਨੂੰ ਉਨ੍ਹਾਂ ਦਾ ਪਿੱਛਾ ਕਰਨ ਲਈ ਭੇਜਿਆ ਅਤੇ ਛੇਤੀ ਹੀ ਖ਼ੁਦ ਵੀ ਉਥੇ ਪਹੁੰਚ ਗਏ ਗੁੱਡ ਦੋਵਾਂ ਭਾਰਤੀਆਂ ਨੂੰ ਬੈਮਫੀਲਡ ਗੋਦੀ (Bamfield creek) ਵਿਚ ਹੀ ਮਿਲ ਪਿਆ ਅਤੇ, ਸਰਕਾਰੀ ਟੈਲੀਗ੍ਰਾਫ ਕਰਮਚਾਰੀ ਨੂੰ ਉਨ੍ਹਾਂ ਲਈ ਟੈਲੀਫੋਨ ਸੇਵਾਵਾਂ ਦੀ ਮਨਾਹੀ ਦਾ ਆਦੇਸ਼ ਦਿੱਤਾ। ਅਤੇ ਕਿਸੇ ਵਿਅਕਤੀ ਨੂੰ 25 ਡਾਲਰ ਦੀ ਰਿਸ਼ਵਤ ਦੇ ਕੇ ਉਨ੍ਹਾਂ ਦੀ ਮੋਟਰ-ਕਿਸ਼ਤੀ ਖਰਾਬ ਕਰਾਉਣ ਸਮੇਤ, ਉਨ੍ਹਾਂ ਦੇ ਮਿਸ਼ਨ ਨੂੰ ਫੇਲ੍ਹ ਕਰਨ ਲਈ ਹਰ ਸੰਭਵ ਯਤਨ ਕੀਤਾ। ਉਸੇ ਸ਼ਾਮ ਮਾਲਕਮ ਰੀਡ, ਹਾੱਪਕਿਨਸਨ ਅਤੇ ਇੱਕ ਸਹਾਇੱਕ ਹਿੰਦੂ ਦੁਭਾਸ਼ੀਆ ਹੈਨਰੀ ਗਵਾਈਥਰ(Gwyther)ਜਦ ਅਲਬਰਨੀ ਬੰਦਰਗਾਹ ਤੋਂ 80-95 ਕਿਲੋਮੀਟਰ ਦੂਰ ਨਾਨੈਮੋ (Nanaimo) ਨਾਮ ਦੀ ਥਾਂ 'ਤੇ ਪਹੁੰਚੇ ਤਾਂ ਪਤਾ ਚੱਲਿਆ ਕਿ ਕਾਮਾਗਾਟਾ ਮਾਰੂ ਜਹਾਜ਼ ਵਿਕਟੋਰੀਆ ਨੇੜ੍ਹੇ 'ਵਿਲੀਅਮ ਮੁੱਖ ਪੱਤਣ-ਰੋਕ ਕੇਂਦਰ' ਪਹੁੰਚ ਚੁੱਕਾ ਸੀ। ਜੋ ਹਰ ਅੰਦਰ ਆ ਰਹੇ ਜਹਾਜ਼ ਲਈ ਇੱਕ ਜ਼ਰੂਰੀ ਪੜਾਉ ਸੀ, ਭੂਤ ਪ੍ਰੇਤ ਦੀ ਜਕੜ ਚ ਆਏ ਬੰਦੇ ਵਾਂਗ, ਇੱਕ ਕਿਰਾਏ ਦੀ ਫੋਰਡ ਕਾਰ ਰਾਹੀਂ ਜਿਸ ਦਾ

ਡਰਾਈਵਰ ਰਸਤਾ ਵੀ ਠੀਕ ਤਰਾਂ ਨਹੀਂ ਜਾਣਦਾ ਸੀ, ਉਨ੍ਹਾਂ ਨੇ ਪੂਰੀ ਰਾਤ ਸਫ਼ਰ ਕਰਕੇ 120 ਕਿਲੋਮੀਟਰ ਦਾ ਬਹੁਤ ਖਰਵਾ ਤੇ ਖਤਰਨਾਕ ਫ਼ਾਸਲਾ ਤਹਿ ਕੀਤਾ। ਉਹ ਨਾਨੈਮੋ ਤੋਂ ਰਾਤ 10:30 ਵਜੇ ਚੱਲੇ ਅਤੇ ਤੜਕੇ 3:30 ਵਜੇ ਵਿਕਟੋਰੀਆ ਦੇ ਡੋਮੀਨੀਅਨ ਹੋਟਲ ਪਹੁੰਚੇ। ਡੇਢ ਘੰਟੇ ਬਾਅਦ ਉਹ ਫਿਰ ਚਲ ਪਏ ਅਤੇ 6:30 ਵਜੇ ਸਵੇਰੇ ਵਿਲੀਅਮ ਕੇਂਦਰ ਦੇ ਬਾਹਰਲੇ ਗੇਟ ਤੇ ਪਹੁੰਚ ਗਏ।

ਉਥੇ ਉਨ੍ਹਾਂ ਨੇ ਖਾੜੀ ਪਾਰ ਤੋਂ ਅਮਰੀਕਾ ਦੀ ਤਰਫ਼ ਤੋਂ ਦਿਸਦੀਆਂ ਪ੍ਰਭਾਵਸ਼ਾਲੀ ਪਹਾੜੀ ਚੋਟੀਆਂ ਦੀ ਪਿਠ-ਭੂਮੀ ਵਿਚ ਖੜ੍ਹੇ ਕਾਮਾਗਾਟਾ ਮਾਰੂ ਨੂੰ ਵੇਖਿਆ। ਇਸ ਦੇ ਮੁਸਾਫ਼ਰ ਜਹਾਜ਼ ਦੇ ਡੈੱਕ ਉੱਪਰ ਸਮੂਹਾਂ ਵਿਚ ਬੈਠੇ, ਸਵੇਰ ਦਾ ਖਾਣਾ ਬਣਾ ਰਹੇ ਸਨ। ਜਦ ਸਰਕਾਰੀ ਕਿਸ਼ਤੀ ਨਜ਼ਦੀਕ ਆਈ, ਉਹ ਜਹਾਜ਼ ਦੇ ਅਗਲੇ ਤੇ ਪਿੱਛਲੇ ਪਾਸੇ, ਜਹਾਜ਼ ਦੀ ਦੀਵਾਰ ਨਾਲ ਲਾਈਨਾਂ ਲਾ ਕੇ ਖੜ੍ਹੇ ਹੋ ਗਏ। ਮੁਸਲਮਾਨਾਂ ਨੇ ਲਾਲ ਟੋਪੀਆਂ ਪਹਿਨੀਆਂ ਹੋਈਆਂ ਸਨ, ਦਾੜ੍ਹੀ ਵਾਲੇ ਤੇ ਸਫ਼ਾਚੱਟ ਦੋਨੋਂ ਤਰ੍ਹਾਂ ਦੇ ਸਿੱਖਾਂ ਨੇ, ਵੱਖ-ਵੱਖ ਰੰਗਾਂ ਦੀਆਂ ਪਗੜੀਆਂ ਬੰਨੀਆਂ ਹੋਈਆਂ ਸਨ। ਬਹੁਤੇ ਬੰਦਿਆਂ ਨੇ ਯੂਰਪੀਅਨ ਸਟਾਈਲ ਦੀਆਂ ਤਿੰਨ ਬਟਨਾਂ ਵਾਲੀਆਂ ਜੈਕਟਾਂ ਪਹਿਨੀਆਂ ਹੋਈਆਂ ਸਨ, ਕੁੱਝ ਚਿੱਟੀਆਂ ਕਮੀਜ਼ਾਂ ਤੇ ਟਾਈਆਂ ਪਹਿਨੇ ਹੋਏ ਸਨ ਅਤੇ ਕੁਝ ਕੁ ਆਪਣੀ ਪਿਛਲੀ ਫੌਜੀ ਨੌਕਰੀ ਵਾਲੀ ਖ਼ਾਕੀ ਵਰਦੀ ਵਿਚ ਸਨ। ਸਥਾਨਕ ਭਾਰਤੀਆਂ ਨਾਲ ਭਰੀ ਹੋਈ ਇੱਕ ਵੱਡੀ ਸੈਰ-ਸਪਾਟਾ ਕਿਸ਼ਤੀ ਪਹੁੰਚੀ ਅਤੇ ਇਸ ਨੇ ਇਮੀਗਰੇਸ਼ਨ ਵਿਭਾਗ ਦੀ ਗਸ਼ਤੀ ਕਿਸ਼ਤੀ ਤੋਂ ਅੱਗੇ ਲੰਘਣ ਦੀ ਕੋਸ਼ਿਸ਼ ਕਰਦੇ ਹੋਏ, ਜਹਾਜ਼ ਦੁਆਲੇ ਚੱਕਰ ਕੱਟਿਆ 'ਹਿੰਦੂ ਫਰੈਂਡ ਸੁਸਾਇਟੀ ਆਫ਼ ਵਿਕਟੋਰੀਆ' ਦੇ ਮੈਂਬਰ ਪਾਦਰੀ ਲੂਇਸ.ਡਬਲਯੂ.ਹਾਲ ਸੈਰ-ਸਪਾਟਾ ਕਿਸ਼ਤੀ ਵਿਚ ਸਵਾਰ ਸਨ। ਅਤੇ ਉਸ ਨੇ ਸਾਰੇ ਸਮੂਹ ਦੀ ਤਰਫ਼ੋਂ ਉਚੀ ਆਵਾਜ਼ ਵਿਚ ਬੋਲ ਕੇ ਇਮੀਗਰੇਸ਼ਨ ਅਧਿਕਾਰੀਆਂ ਤੋਂ ਜਹਾਜ਼ ਦੇ ਮੁਸਾਫ਼ਰਾਂ ਨਾਲ ਗੱਲਬਾਤ ਕਰਨ ਦੀ ਆਗਿਆ ਮੰਗੀ। ਭਾਵੇਂ ਕਿ ਉਸ ਨੇ ਕਾਫ਼ੀ ਦੇਰ ਤੱਕ ਗੱਲਬਾਤ ਜਲਦੀ ਕਰਾਏ ਜਾਣ ਲਈ ਆਪਣੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ। ਪਰ ਆਖਰ ਹਾਰ ਕੇ ਉਸਨੇ ਅਤੇ ਉਸ ਦੇ ਸਾਥੀਆਂ ਨੇ ਹਥਿਆਰ ਸੁੱਟ ਦਿੱਤੇ ਅਤੇ ਉਹੁ ਵਿਕਟੋਰੀਆ ਨੂੰ ਵਾਪਸ ਚਲੇ ਗਏ।

ਪੱਤਣ-ਰੋਕ ਅਫ਼ਸਰ ਨੇ ਵੇਖਿਆ ਕਿ ਸ਼ਾਂਤ-ਮਈ ਮੌਸਮ ਵਿਚ ਆਰਾਮਦੇਹ ਸਮੁੰਦਰੀ ਯਾਤਰਾ ਤੋਂ ਬਾਅਦ ਮੁਸਾਫ਼ਰ ਅਤੇ ਜਹਾਜ਼ ਠੀਕ-ਠਾਕ ਹਾਲਤ ਵਿਚ ਸਨ। ਪੱਤਣ-ਰੋਕ ਅਫ਼ਸਰ ਨੇ ਅਜੇ ਆਪਣਾ ਨਿਰੀਖਣ ਪੂਰਾ ਵੀ ਨਹੀਂ ਕੀਤਾ ਸੀ, ਕਿ ਮਾਲਕਮ ਰੀਡ ਤੇ ਹਾੱਪਕਿਨਸਨ ਨੇ ਦੇਖ ਲਿਆ ਸੀ। ਕਿ ਕਾਮਾਗਾਟਾ ਮਾਰੂ ਦਾ ਕਿਰਾਇਆਨਾਮਾ ਵੈਨਕੂਵਰ ਤੱਕ ਸੀ ਉਹ ਜਹਾਜ਼ ਦੇ ਉੱਪਰ ਆਏ ਬਗੈਰ ਹੀ ਵਾਪਸ ਚਲੇ ਗਏ। ਕੁਝ ਘੰਟਿਆਂ ਲਈ ਇਉਂ ਲੱਗਿਆ ਕਿ ਪੱਤਣ-ਰੋਕ ਅਫ਼ਸਰ ਹੀ ਜਹਾਜ਼ ਨੂੰ ਵਾਪਸ ਭੇਜ ਦੇਵੇਗਾ, ਜਿਸ ਨਾਲ, ਇਮੀਗਰੇਸ਼ਨ ਵਿਭਾਗ ਦੀ ਨਜ਼ਰ ਤੋਂ, ਸਭ ਕੁਝ ਠੀਕ ਹੋ ਜਾਣਾ ਸੀ। ਹਾਂਗਕਾਂਗ, ਸ਼ੰਘਾਈ ਤੇ ਯੋਕੋਹਾਮਾ

ਤੋਂ ਲਏ ਗਏ ਰਾਹਦਾਰੀ ਪੇਪਰ ਠੀਕ ਪਾਏ ਗਏ। ਪਰ ਖੁਸ਼ਮਿਜਾਜ਼ ਜਾਪਾਨੀ ਕਪਤਾਨ ਟੀ.ਯਾਮਾਮੋਟੋ (Yamamoto) ਮੌਜੀ ਬੰਦਰਗਾਹ ਤੋਂ ਲਿਆ ਜਾਣ ਵਾਲਾ ਸਿਹਤ ਸਰਟੀਫਿਕੇਟ ਨਾ ਦਿਖਾ ਸਕਿਆ। (ਇਹ ਸ਼ਾਇਦ ਇਸ ਕਾਰਨ ਹੋਇਆ ਸੀ, ਕਿ ਉਸ ਨੇ ਜਹਾਜ਼ ਦੀ ਕਮਾਨ ਇਸਦੇ ਮੌਜੀ ਤੋਂ ਰਵਾਨਗੀ ਤੋਂ ਬਾਅਦ ਸੰਭਾਲੀ ਸੀ)। ਪਰ ਗੁਰਦਿੱਤ ਸਿੰਘ ਦੇ ਸਕੱਤਰ ਦਲਜੀਤ ਸਿੰਘ ਕਾਉਣੀ ਨੇ ਜਹਾਜ਼ ਨੂੰ ਧੂਣੀ ਦਿੱਤੇ ਜਾਣ ਦਾ ਸਰਟੀਫਿਕੇਟ ਪੇਸ਼ ਕਰ ਦਿੱਤਾ ਅਤੇ ਅਖੀਰ ਸ਼ਾਮ ਨੂੰ 6:45ਵਜੇ ਰਾਹਦਾਰੀ ਮਿਲ ਗਈ। ਯਾਨੀ ਜਹਾਜ਼ ਨੂੰ ਕਿਸੇ ਕਨੇਡੀਅਨ ਬੰਦਰਗਾਹ ਵਿਚ ਦਾਖਲ ਹੋਣ ਦਾ ਲਾਇਸੰਸ ਮਿਲ ਗਿਆ ਸੀ।

ਕਾਮਾਗਾਟਾ ਮਾਰੂ ਉਸੇ ਸ਼ਾਮ, ਆਪਣੇ ਮੈਡੀਕਲ ਅਫ਼ਸਰ ਮਿਸਟਰ ਰਘੁਨਾਥ ਸਿੰਘ ਸਮੇਤ ਜਿਸ ਨੂੰ ਹਦਾਇਤ ਕੀਤੀ ਗਈ ਸੀ, ਕਿ ਰਸਤੇ ਵਿਚ ਹਰ ਮੁਸਾਫ਼ਰ ਦੇ ਲੋਧਾ (ਟੀਕਾ) ਲਾਇਆ ਜਾਵੇ। ਵੈਨਕੂਵਰ ਵੱਲ ਚਲ ਪਿਆ। ਮਾਲਕਮ ਰੀਡ ਚਾਹੁੰਦਾ ਸੀ, ਕਿ ਇੱਕ ਗਸ਼ਤੀ ਕਿਸ਼ਤੀ ਜਹਾਜ਼ ਦੇ ਨਾਲ-ਨਾਲ ਜਾਵੇ। ਪਰ ਕੋਈ ਕਿਸ਼ਤੀ ਉਪਲਬਧ ਨਹੀਂ ਸੀ। ਅਤੇ ਕਾਮਾਗਾਟਾ ਮਾਰੂ ਵਿਕਟੋਰੀਆ ਤੋਂ ਜਹਾਜ਼ ਉੱਪਰ ਚੜ੍ਹੇ ਦੋ ਇਮੀਗਰੇਸ਼ਨ ਅਧਿਕਾਰੀਆਂ ਅਤੇ ਦੁਭਾਸ਼ੀਏ ਹੈਨਰੀ ਗਵਾਈਥਰ ਸਮੇਤ ਹੀ ਰਾਤ ਦੇ ਸਫ਼ਰ ਲਈ ਚੱਲ ਪਿਆ ਸੀ। ਜਦੋਂ ਜਹਾਜ਼, ਵਿਕਟੋਰੀਆ ਤੋਂ ਤਕਰੀਬਨ ਤੀਹ ਕਿਲੋਮੀਟਰ ਦੂਰ ਅਮਰੀਕੀ ਟਾਪੂ 'ਤੇ ਸਥਿਤ ਇੱਕ ਲਾਇਟ-ਹਾਊਸ ਕੋਲੋਂ ਲੰਘਿਆ ਤਾਂ ਚਾਲਕ ਦਲ ਦੇ ਇੱਕ 29 ਸਾਲਾ ਜਾਪਾਨੀ ਮੈਂਬਰ ਨਾਕਾਜਿਮ੍ਹਾਂ ਹੀਰੋਸੁਕੇ (Nakajima Hirosuke) ਨੇ ਜਹਾਜ਼ ਤੋਂ ਛਾਲ ਮਾਰ ਦਿੱਤੀ ਅਤੇ ਤੈਰ ਕੇ ਕਿਨਾਰੇ ਲੱਗਣ ਦੀ ਕੋਸ਼ਿਸ਼ ਕੀਤੀ। ਪਰ ਲਹਿਰਾਂ ਬਹੁਤ ਤੇਜ਼ ਸਨ ਅਤੇ ਜਿਵੇਂ ਕਿ ਕਪਤਾਨ ਯਾਮਾਮੋਟੋ ਨੇ ਬਾਅਦ ਵਿਚ ਪੱਤਰਕਾਰਾਂ ਨੂੰ ਦੱਸਿਆ, ਉਹ ਸ਼ਾਇਦ ਕਿਨਾਰੇ ਨਹੀਂ ਲੱਗ ਸਕਿਆ ਸੀ।

23 ਮਈ ਸ਼ਨਿਚਰਵਾਰ ਦੀ ਸਵੇਰ ਨੂੰ ਕਾਮਾਗਾਟਾ ਮਾਰੂ ਨੇ ਵੈਨਕੂਵਰ ਤੋਂ ਉਲਟ ਪਾਸੇ, ਬੁਰਆਰਡ ਖਾੜ੍ਹੀ (Burrad Inlet) ਦੇ ਦੂਰ ਦੁਰਾਡੇ ਵਾਲੇ ਮੁਹਾਣੇ ਵਿਚ ਜਾ ਲੰਗਰ ਸੁੱਟਿਆ। ਜਹਾਜ਼ ਲਕੜੀ ਦੇ ਬਣੇ ਇੱਕ ਤੀਹ ਸਾਲ ਪੁਰਾਣੇ ਕੈਥੋਲਿਕ ਚਰਚ ਦੇ ਸਾਹਮਣੇ ਖੜ੍ਹਾ ਸੀ, ਜਿਸ ਦੇ ਆਸ-ਪਾਸ ਲਕੜੀ ਦੇ ਕੁਝ ਘਰ ਬਣੇ ਹੋਏ ਸਨ। ਇਹ ਇਮਾਰਤਾਂ ਕਨੇਡਾ ਦੇ ਦੱਖਣ-ਪੱਛਮੀ ਹਿੱਸੇ ਉੱਪਰ ਰਹਿ ਰਹੇ ਮੂਲ ਨਿਵਾਸੀਆਂ ਲਈ ਰਾਂਖਵੇ ਰੱਖੇ ਇਲਾਕੇ ਉੱਪਰ ਬਣੀਆਂ ਹੋਈਆਂ ਸਨ। ਜੋ ਹਜ਼ਾਰਾਂ ਸਾਲਾਂ ਤੋਂ ਇਸ ਤੰਗ ਖਾੜ੍ਹੀ ਦੇ ਕਿਨਾਰੇ ਉੱਪਰ ਰਹਿੰਦੇ ਆ ਰਹੇ ਸਨ। ਪਰ ਸਮੁੰਦਰ ਪਾਰ ਦਾ ਦ੍ਰਿਸ਼ ਇੰਨਾ ਨਜ਼ਦੀਕ ਸੀ, ਕਿ ਜਹਾਜ਼ ਦੇ ਮੁਸਾਫ਼ਰਾਂ ਅਤੇ ਮੁਲਕ ਦੇ ਮੂਲ ਬਸ਼ਿੰਦਿਆਂ ਦੀ ਇੱਕ ਦੂਜੇ ਨਾਲ ਜਾਣ-ਪਹਿਚਾਣ ਹੋ ਗਈ ਸੀ। ਪਹੁ-ਫੁਟਾਲੇ ਨਾਲ ਜਦ ਮੁਸਾਫ਼ਰ ਡੈੱਕ ਉੱਪਰ ਆਏ ਤਾਂ ਖਾੜ੍ਹੀ ਦੇ ਉਸ ਪਾਰ ਸ਼ਹਿਰ ਦਾ ਨਜ਼ਾਰਾ, ਉਨ੍ਹਾਂ ਦੇ ਸਾਹਮਣੇ ਵਾਲੇ ਪਾਸੇ ਸੀ ਅਤੇ ਉੱਤਰੀ ਕੰਢੇ ਉੱਪਰਲੇ ਪਹਾੜ,

ਗਿਰਜੇ ਤੇ ਮੂਲ ਬਸ਼ਿੰਦਿਆਂ ਵਾਲਾ ਰਾਖਵਾਂ ਇਲਾਕਾ ਉਨ੍ਹਾਂ ਦੇ ਪਿਛਲੀ ਤਰਫ਼ ਸੀ। ਉਨ੍ਹਾਂ ਨੇ ਆਪਣੇ ਸਭ ਤੋਂ ਸੁੰਦਰ ਕੱਪੜੇ ਪਹਿਨ ਰੱਖੇ ਸਨ, ਬੈਗ ਪੈਕ ਕਰ ਰੱਖੇ ਸਨ। ਅਤੇ ਜਹਾਜ਼ ਤੋਂ ਉਤਰ ਕੇ ਤੱਟ ਉੱਪਰ ਪਹੁੰਚਣ ਲਈ ਤਿਆਰ-ਬਰ-ਤਿਆਰ ਸਨ। ਹਾੱਪਕਿਨਸਨ ਤੇ ਰੀਡ ਸਵੇਰੇ ਅੱਠ ਵਜੇ ਆਪਣੀ ਅਗਵਾਈ ਹੇਠ ਕਸਟਮ ਅਧਿਕਾਰੀਆਂ, ਮੈਡੀਕਲ ਇੰਸਪੈਕਟਰ, ਕਾਮਾਗਾਟਾ ਮਾਰੂ ਦੇ ਜਹਾਜ਼ੀ-ਏਜੰਟ ਅਤੇ ਇਮੀਗਰੇਸ਼ਨ ਇੰਸਪੈਕਟਰਾਂ ਦੇ ਸਮੂਹ ਦੀ ਇੱਕ ਟੀਮ ਨੂੰ ਲੈਕੇ ਕਿਸ਼ਤੀ ਰਾਹੀਂ ਜਹਾਜ਼ ਉੱਪਰ ਪਹੁੰਚੇ। ਗੁਰਦਿੱਤ ਸਿੰਘ ਸਰਹਾਲੀ ਨੇ ਭਗਵਾਨ ਸਿੰਘ ਜੱਖ ਤੋਂ ਇਹਨਾਂ ਲੋਕਾਂ ਬਾਰੇ ਸੁਣ ਰੱਖਿਆ ਸੀ। ਹਾੱਪਕਿਨਸਨ ਉਸਨੂੰ ਪਤਲਾ, ਸਾਂਵਲਾ, 34 ਕੁ ਸਾਲਾਂ ਦਾ ਛੇ ਫੁੱਟ ਦੋ ਇੰਚ ਲੰਮਾ ਤੇ-ਜਿਵੇਂ ਰਹੀਮ ਉਸ ਬਾਰੇ ਕਿਹਾ ਕਰਦਾ ਸੀ-ਅੱਧ-ਪੂਰਬੀ ਤੇ ਅੱਧ-ਪੱਛਮੀ ਦਿੱਖ ਵਾਲਾ ਸ਼ਖਸ ਲੱਗਿਆ। (ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਆਪ ਭਾਵੇਂ ਉਹ ਕੁਝ ਵੀ ਦਾਅਵਾ ਕਰਦਾ ਸੀ। ਪਰ ਉਸਦੇ ਆਪਣੇ ਸਾਥੀ ਵੀ ਹਾੱਪਕਿਨਸਨ ਨੂੰ ਮਿਸ਼ਰਿਤ ਨਸਲ ਦਾ ਵਿਅਕਤੀ ਸਮਝਦੇ ਸਨ।) ਰੀਡ ਵੀ ਕੱਦ ਦਾ ਲੰਮਾ, ਉਮਰ ਵਿਚ ਹਾੱਪਕਿਨਸਨ ਤੋਂ 3-4 ਸਾਲ ਵੱਡਾ, ਪੀਲੇ ਰੰਗ ਦੀ ਚਮੜੀ ਅਤੇ ਮੋਮਦਾਰ ਸਿਰੇ ਵਾਲੀਆਂ ਭਰਪੂਰ ਮੁੱਛਾਂ ਵਾਲਾ ਸ਼ਖਸ ਸੀ। ਜੋ ਬਹੁਤ ਚੌਕੰਨੇ ਤੇ ਸਖ਼ਤ ਲਹਿਜ਼ੇ ਵਿਚ ਜਹਾਜ਼ ਦੇ ਡੈੱਕ ਉੱਪਰ ਖੜ੍ਹਾ ਸੀ।

ਗੁਰਦਿੱਤ ਸਿੰਘ ਸਰਹਾਲੀ ਨੇ ਪਹਿਲਾਂ ਹੀ ਅਖ਼ਬਾਰਾਂ ਵਾਲਿਆਂ ਨੂੰ ਜਾਣਕਾਰੀ ਦੇ ਦਿੱਤੀ ਸੀ। ਜੋ ਕਿਸ਼ਤੀਆਂ ਰਾਹੀਂ ਵਿਲੀਅਮ ਮੁੱਖ ਪੱਤਣ-ਰੋਕੂ ਸਟੇਸ਼ਨ ਪਹੁੰਚ ਗਏ ਸਨ। ਗੁਰਦਿੱਤ ਸਿੰਘ ਨੇ ਕਿਹਾ "ਅਸੀਂ ਬ੍ਰਿਟਿਸ਼ ਨਾਗਰਿਕ ਹਾਂ ਅਤੇ ਅਸੀਂ ਸਮਝਦੇ ਹਾਂ ਕਿ ਸਾਮਰਾਜ ਦੇ ਕਿਸੇ ਵੀ ਹਿੱਸੇ ਵਿਚ ਜਾਣ ਦਾ ਸਾਨੂੰ ਅਧਿਕਾਰ ਹੈ। ਅਸੀਂ ਇਸਨੂੰ ਇੱਕ ਅਜ਼ਮਾਇਸ਼ੀ ਕੇਸ ਬਣਾਉਣ ਲਈ ਦ੍ਰਿੜ੍ਹ ਹਾਂ ਅਤੇ ਜੇਕਰ ਸਾਨੂੰ ਤੁਹਾਡੇ ਮੁਲਕ ਵਿਚ ਦਾਖਲ ਨਾ ਹੋਣ ਦਿੱਤਾ ਗਿਆ ਤਾਂ ਮਾਮਲਾ ਇੱਥੇ ਹੀ ਖਤਮ ਨਹੀਂ ਹੋਣਾ।" ਉਹ ਹਾੱਪਕਿਨਸਨ ਨਾਲ ਵੀ ਇਸੇ ਤਰਜ਼ 'ਤੇ ਬੋਲਿਆ: "ਮੇਰੇ ਲੋਕਾਂ ਨਾਲ ਭਰੇ ਹੋਏ ਇਸ ਜਹਾਜ਼ ਨਾਲ ਕੀਤਾ ਗਿਆ ਵਰਤਾਉ ਹੀ ਨਿਰਧਾਰਤ ਕਰੇਗਾ ਕਿ ਸਾਮਰਾਜ ਦੇ ਬਾਕੀ ਸਭ ਹਿੱਸਿਆਂ ਵਿਚ ਸ਼ਾਂਤੀ ਰਹਿੰਦੀ ਹੈ ਜਾਂ ਨਹੀਂ।" ਥੋੜ੍ਹਾ ਦਿਨ ਚੜ੍ਹੇ ਜਹਾਜ਼ ਖਾੜੀ ਵਿਚ ਵੈਨਕੂਵਰ ਵੱਲ ਨੂੰ ਸਰਕ ਗਿਆ। ਮੁਸਾਫਿਰਾਂ ਨੂੰ ਲੱਗਿਆ ਕਿ ਉਹ ਤੱਟ ਉੱਪਰ ਉੱਤਰਨ ਜਾ ਰਹੇ ਸਨ। ਪਰ ਜਹਾਜ਼ ਨੇ ਬੁਰਆਰਡ ਸਟਰੀਟ ਦੇ ਨੇੜੇ, ਇਮੀਗਰੇਸ਼ਨ ਦਫ਼ਤਰ ਦੇ ਸਾਹਮਣੇ, ਕਿਨਾਰੇ ਤੋਂ ਤਕਰੀਬਨ ਇੱਕ ਕਿਲੋਮੀਟਰ ਦੀ ਦੂਰੀ 'ਤੇ ਲੰਗਰ ਸੁੱਟ ਦਿੱਤਾ ਕਿਨਾਰੇ ਉੱਪਰ ਵੈਨਕੂਵਰ ਦੀ ਸਿੱਖ ਆਬਾਦੀ ਪਹੁੰਚੀ ਹੋਈ ਸੀ ਜਦੋਂ ਕਾਮਾਗਾਟਾ ਮਾਰੂ ਨੇੜੇ ਪਹੁੰਚਿਆ ਤਾਂ ਕਿਨਾਰੇ ਖੜ੍ਹੇ ਇੱਕ ਸਿੱਖ ਨੇ ਝੰਡੀਆਂ ਨਾਲ ਇਸ਼ਾਰੇ ਕੀਤੇ ਜਿਸ ਨੂੰ ਜਹਾਜ਼ ਉੱਪਰਲੇ ਇੱਕ ਸਿਗਨਲ ਮੁਲਾਜ਼ਮ ਨੇ ਦੇਖ ਲਿਆ ਅਤੇ ਤੱਟ ਉੱਪਰਲੇ ਸਿੱਖ ਨੂੰ

ਕਨੇਡਾ ਪੁਲਿਸ ਵਲੋਂ ਭਜਾਏ ਜਾਣ ਤੋਂ ਪਹਿਲਾਂ, ਦੋਨਾਂ ਨੇ ਆਪਸ ਵਿਚ ਕਈ ਸ਼ੰਕੇਤਕ ਇਸ਼ਾਰਿਆਂ ਦਾ ਆਦਾਨ-ਪ੍ਰਦਾਨ ਕਰ ਲਿਆ ਸੀ। ਕੁਝ ਪੱਤਰਕਾਰ ਕੈਪਟਨ ਯਾਮਾਮੋਟੋ ਅਤੇ ਮੁਸਾਫ਼ਰਾਂ ਨਾਲ ਗੱਲਬਾਤ ਕਰਨ ਲਈ ਜਹਾਜ਼ ਉੱਪਰ ਆ ਗਏ। ਜਿਨ੍ਹਾਂ ਨੇ ਖੁਸ਼ੀ-ਖੁਸ਼ੀ ਫੋਟੋਆਂ ਖਿੱਚਵਾਈਆਂ। ਪਰ ਉਨ੍ਹਾਂ ਦੇ ਜਾਣ ਤੋਂ ਬਾਅਦ ਹੋਰ ਕਿਸੇ ਵਿਅਕਤੀ ਨੂੰ ਜਹਾਜ਼ ਦੇ ਨਜ਼ਦੀਕ ਨਾ ਆਉਣ ਦਿੱਤਾ ਗਿਆ

ਕਾਮਾਗਾਟਾ ਮਾਰੂ ਦੇ ਮਾਲਕਾਂ ਦੀ ਏਜੰਟ ਫਰਮ 'ਵਾਈ.ਸਤੋ ਐਂਡ ਕੰਪਨੀ'(Y Sato & Co) ਲਈ ਕੰਮ ਕਰਨ ਵਾਲਾ ਸੀ, ਗਾਰਡਨਰ ਜੋਹਨਸਨ(Gardner Johnson) ਸਕਾਟਲੈਂਡ ਦਾ ਜੰਮਪਲ ਸੀ ਅਤੇ ਜਾਪਾਨੀ ਜਹਾਜ਼ੀ ਕੰਪਨੀਆਂ ਦੇ ਏਜੰਟ ਵਜੋਂ ਲੰਮੇ ਸਮੇਂ ਤੋਂ ਕੰਮ ਕਰਨ ਵਾਲੇ, ਸ਼ਹਿਰ ਦੇ ਪ੍ਰਮੁੱਖ ਏਜੰਟਾਂ 'ਚੋਂ ਇੱਕ ਸੀ। ਜਹਾਜ਼ ਦੇ ਕਿਰਾਏ ਤੇ ਮੋਜੀ ਵਿਚ ਖਰੀਦੇ ਗਏ ਕੋਲੇ ਦੀ ਬਕਾਇਆ ਰਕਮ 15000 ਡਾਲਰ ਦੀ ਸੋਨੇ ਦੇ ਰੂਪ ਵਿਚ ਵਸੂਲੀ ਕਰਨ ਦੀ ਜ਼ਿੰਮੇਵਾਰੀ ਉਸਦੀ ਸੀ। ਇਸਦਾ ਭੁਗਤਾਨ 11 ਜੂਨ ਤੱਕ ਕਰਨਾ ਸੀ। ਵਰਨਾ ਮਾਲਕਾਂ ਨੂੰ ਮੁਸਾਫ਼ਰਾਂ ਦੇ ਉਤਰ ਜਾਣ ਦੀ ਪ੍ਰਵਾਹ ਕੀਤੇ ਬਗੈਰ ਜਹਾਜ਼ ਨੂੰ ਵਾਪਸ ਹਾਂਗਕਾਂਗ ਲਿਜਾਣ ਦਾ ਅਖਤਿਆਰ ਹਾਸਲ ਸੀ। ਮਾਲਕਮ ਰੀਡ ਨੂੰ ਇਸ ਗੱਲ ਦੀ ਜਾਣਕਾਰੀ ਸੀ। ਕਿਉਂਕਿ ਗਾਰਡਨਰ ਨੇ ਆਪਣੇ-ਆਪ ਹੀ ਉਸ ਨੂੰ ਦੱਸ ਦਿੱਤਾ ਸੀ ਅਤੇ ਰੀਡ ਨੇ ਕਿਰਾਏ ਦਾ ਭੁਗਤਾਨ ਰੋਕਣ ਲਈ ਹਰ ਹਰਬਾ ਵਰਤਣ, ਇਸ ਮਸਲੇ ਨੂੰ ਲਟਕਾਉਣ ਅਤੇ 11 ਜੂਨ ਤੱਕ ਇੰਤਜ਼ਾਰ ਕਰਨ ਦਾ ਫ਼ੈਸਲਾ ਕੀਤਾ। ਜਦੋਂ ਉਸ ਨੇ ਓਟਾਵਾ ਵਿਚਲੇ ਆਪਣੇ ਉੱਚ-ਅਧਿਕਾਰੀਆਂ ਨੂੰ ਆਪਣੀ ਵਿਉਂਤਬੰਦੀ ਬਾਰੇ ਦੱਸਿਆ ਤਾਂ ਉਥੋਂ ਕੋਈ ਉਲਟ ਹਿਦਾਇਤਾਂ ਨਾ ਆਈਆਂ।

ਗੁਰਦਿੱਤ ਸਿੰਘ ਸਰਹਾਲੀ ਨੇ ਇੱਕ ਕਿਰਾਏਦਾਰ ਵਜੋਂ ਹਾਸਲ ਆਪਣੇ ਅਧਿਕਾਰਾਂ ਬਾਰੇ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਉੱਤਰ ਦਿੱਤਾ "ਤੁਸੀਂ ਜਾਣਦੇ ਹੋ ਕਿ ਮੈਂ ਇੱਕ ਵਪਾਰੀ ਹਾਂ ਤੇ ਵਪਾਰੀ ਨੂੰ ਤੱਟ ਉੱਪਰ ਉੱਤਰਨ ਤੋਂ ਰੋਕਣ ਦਾ ਕੋਈ ਕਾਨੂੰਨ ਨਹੀਂ ਹੈ।" ਗੁਰਦਿੱਤ ਸਿੰਘ ਨੇ ਕਿਹਾ "ਤੁਸੀਂ ਮੁਸਾਫ਼ਰਾਂ ਨੂੰ ਰੋਕ ਸਕਦੇ ਹੋ, ਮੈਨੂੰ ਨਹੀਂ; ਨੁਕਸਾਨ ਦੀ ਭਰਪਾਈ ਲਈ ਤੁਸੀਂ ਜ਼ਿੰਮੇਵਾਰ ਹੋਵੋਗੇ" ਇਸ ਮਾਮਲੇ 'ਚ ਲੱਗਦਾ ਸੀ ਕਿ ਉਹ ਇੱਕ ਬੋਲ਼ੇ ਆਦਮੀ ਨਾਲ ਗੱਲ ਕਰ ਰਿਹਾ ਸੀ। ਪਹਿਲੇ ਦਿਨ ਤੋਂ ਬਾਅਦ ਖੁਦ ਨੂੰ ਤੇ ਮੀਡੀਏ ਨੂੰ ਜਹਾਜ਼ ਤੋਂ ਦੂਰ ਰੱਖ ਕੇ ਰੀਡ ਨੇ ਗੁਰਦਿੱਤ ਸਿੰਘ ਦੀ ਕਹੀ ਹੋਈ ਹਰ ਗੱਲ ਨੂੰ ਅਣਸੁਣੀ ਕਰਨ ਦੀ ਹਰ ਸੰਭਵ ਕੋਸ਼ਿਸ ਕੀਤੀ। ਕੁਝ ਦਿਨਾਂ ਬਾਅਦ ਗੁਰਦਿੱਤ ਸਿੰਘ ਨੇ ਇਸ ਬਾਰੇ ਸ਼ਿਕਾਇਤ ਵੀ ਕੀਤੀ ਸੀ। ਉਹ ਚਾਹੁੰਦਾ ਸੀ, ਕਿ ਮੀਡੀਆ ਜਹਾਜ਼ ਉੱਪਰ ਆਵੇ। ਉਹ ਚਾਹੁੰਦਾ ਸੀ ਕਿ ਵੈਨਕੂਵਰ ਦੇ ਸਾਰੇ ਰੋਜ਼ਾਨਾ ਅਖਬਾਰਾਂ ਦਾ ਇੱਕ-ਇੱਕ ਪ੍ਰਤੀਨਿਧੀ ਉਸਨੂੰ ਮਿਲੇ। ਪਰ ਉਸ ਨੂੰ ਮਿਲਣ ਵਾਲਿਆਂ ਵਿਚ ਰੀਡ ਦੇ ਮਾਤਹਿਤ ਮੁਲਾਜ਼ਮ ਅਤੇ ਜਹਾਜ਼ੀ ਏਜੰਟ ਗਾਰਡਨਰ, ਜੋ ਸਮੇਂ-ਸਮੇਂ ਭੁਗਤਾਨ ਦੀ ਮੰਗ ਕਰਦਾ ਰਹਿੰਦਾ ਸੀ, ਹੀ ਸਨ।

ਹਥਿਆਰਬੰਦ ਸੁਰੱਖਿਆ ਗਾਰਡ (ਜੋ 4 ਡਾਲਰ ਪ੍ਰਤੀ ਸ਼ਿਫ਼ਟ ਦੀ ਉਜ਼ਰਤ'ਤੇ ਪੁਲਿਸ ਭਰਤੀ ਵਾਲੀ ਉਡੀਕ ਸੂਚੀ 'ਚੋਂ ਲਏ ਗਏ। ਸਨ)। ਨਾਲ ਭਰੀ ਇੱਕ ਇਮੀਗਰੇਸ਼ਨ ਵਿਭਾਗ ਦੀ ਕਿਸ਼ਤੀ ਦਿਨ-ਰਾਤ ਜਹਾਜ਼ ਦੁਆਲੇ ਚੱਕਰ ਕੱਢਦੀ ਰਹਿੰਦੀ ਸੀ। ਗੁਰਦਿੱਤ ਸਿੰਘ ਇੱਕ ਕੈਦੀ ਦੀ ਤਰ੍ਹਾਂ ਸੀ। ਜੋ ਨਾ ਤਾਂ ਸਥਾਨਕ ਭਾਰਤੀਆਂ ਨਾਲ ਸੰਪਰਕ ਕਰ ਸਕਦਾ ਸੀ ਅਤੇ ਨਾ ਹੀ ਕਿਨਾਰੇ 'ਤੇ ਉੱਤਰ ਕੇ ਸ਼ਹਿਰ ਵਿਚ ਜਾ ਸਕਦਾ ਸੀ।

ਹੁਣ ਉਸ ਸ਼ਕਤੀ ਦਾ ਪ੍ਰਦਰਸ਼ਨ ਹੋਇਆ ਜੋ ਇਮੀਗਰੇਸ਼ਨ ਅਧਿਕਾਰੀਆਂ ਪਾਸ ਕਾਨੂੰਨ ਤੋਂ ਵਧ ਸੀ। ਯਾਨੀ ਨੌਕਰਸ਼ਾਹੀ ਦੀ ਹਰ ਕੰਮ ਨੂੰ ਲਟਕਾਉਂਦੇ ਰਹਿਣ ਦੀ ਸ਼ਕਤੀ। ਤੇ ਅਸਾਧਾਰਨ ਤੌਰ 'ਤੇ ਹਰ ਗੱਲ ਵਿਚ ਮੀਨ-ਮੇਖ ਕੱਢ ਕਿ ਵਕਤ ਟਪਾਉਣ ਦੀ। ਅਤੇ ਇਮੀਗਰੇਸ਼ਨ ਏਜੰਟ ਨੇ ਜਹਾਜ਼ ਉੱਪਰਲੇ ਹਰ ਮੁਸਾਫ਼ਰ ਦੀ ਪੜਤਾਲ ਕਰਨ ਦੇ ਬਹਾਨੇ, ਦੇਰੀ ਕਰਨ ਲਈ ਹਰ ਹਰਬਾ ਵਰਤਿਆ। ਅੱਖਾਂ ਦੀ ਚਿਰਕਾਲੀਨ ਸ਼ੋਜਿਸ਼ ਦੀ ਬਿਮਾਰੀ 'ਕੁਕਰੇ'-ਜਿਸ ਦਾ ਇਲਾਜ਼ ਮੁਸ਼ਕਿਲ ਹੋਣ ਦੇ ਬਾਵਜੂਦ ਸੰਭਵ ਸੀ ਅਤੇ ਜੋ ਇਹਨਾਂ ਸਮਿਆਂ ਵਿਚ ਅਮਰੀਕਾ ਤੇ ਕਨੇਡਾ ਵਿਚ ਕਿਸੇ ਇਮੀਗਰੇਂਟ ਨੂੰ, ਖ਼ਾਸ ਕਰ ਏਸ਼ੀਅਨਾਂ ਤੇ ਪੂਰਬੀ ਯੂਰਪ ਦੇ ਯਹੂਦੀਆਂ ਨੂੰ, ਮੁਲਕ ਵਿਚ ਦਾਖਲੇ ਲਈ ਅਯੋਗ ਕਰਾਰ ਦੇਣ ਲਈ ਇੱਕ ਮਿਆਰੀ ਕਾਰਨ ਸੀ- ਨਾਲ ਪੀੜ੍ਹਿਤ 77 ਕੇਸਾਂ ਦੀ ਪੁਸ਼ਟੀ ਕਰਨ ਲਈ ਮੈਡੀਕਲ ਅਫ਼ਸਰ ਨੇ ਤਿੰਨ ਦਿਨ ਲਾਏ। ਅੱਖਾਂ ਵਿਚਲੀ ਸ਼ੋਜਿਸ਼ ਨੂੰ ਬਾਕਾਇਦਾ ਤੌਰ 'ਤੇ ਦੇਖਣ ਲਈ ਡਾਕਟਰ ਨੂੰ, ਇੱਕ ਇੱਕ ਕਰਕੇ, ਹਰ ਮੁਸਾਫ਼ਰ ਦੀਆਂ ਅੱਖਾਂ ਦੀਆਂ ਪੁਤਲੀਆਂ ਨੂੰ ਫੜ ਕੇ ਚੌੜਾ ਕਰਨਾ ਪੈਂਦਾ ਸੀ। ਪੂਰੀ ਘੋਖ ਕਿ ਸਰੀਰਕ ਜਾਂਚ ਲਈ, ਮਾਲਕਮ ਰੀਡ ਮੁਸਾਫ਼ਰਾਂ ਨੂੰ ਸਮੂਹ ਬਣਾ ਕੇ ਵਾਰੀ-ਵਾਰੀ ਤੱਟ ਉੱਪਰ ਲਿਜਾਣਾ ਚਾਹੁੰਦਾ ਸੀ। ਇਸ ਦਾ ਮੁੱਖ ਮੰਤਵ ਆਂਤੜੀਆਂ ਦੇ ਕੀੜਿਆਂ ਦਾ ਨਿਰੀਖਣ ਕਰਨਾ ਸੀ। ਜਿਸ ਲਈ ਟੱਟੀ ਦੇ ਨਮੂੰਨੇ ਲੈਣੇ ਪੈਣੇ ਸਨ। ਪਰ ਓਟਾਵਾ ਤੋਂ ਹਦਾਇਤ ਆਈ ਕਿ ਮੁਸਾਫ਼ਰਾਂ ਨੂੰ ਜਹਾਜ਼ ਉੱਪਰ ਹੀ ਰਹਿਣ ਦਿੱਤਾ ਜਾਵੇ।

ਤਕਰੀਬਨ ਮੁਸਾਫ਼ਰਾਂ ਦੀ 'ਮੁਕੰਮਲ' ਜਾਂਚ ਕਰਨ ਲਈ ਬਹੁਤ ਸਮਾਂ ਚਾਹੀਦਾ ਸੀ। ਉਸ ਸਮੇਂ ਕਨੇਡੀਅਨ ਇਮੀਗਰੇਸ਼ਨ ਵਿਭਾਗ ਲਈ ਇਹ 'ਮੁਕੰਮਲਤਾ' ਦਾ ਬਹਾਨਾ ਕੁਝ ਜ਼ਿਆਦਾ ਹੀ ਅਸਾਧਾਰਨ ਸੀ। ਕਨੇਡੀਅਨ ਇਮੀਗਰੇਂਟਾਂ ਲਈ ਪਹਿਲਾਂ ਤੇ ਇੱਕੋ-ਇੱਕ ਮੈਡੀਕਲ ਨਿਰੀਖਣ ਦਾਖਲੇ ਵਾਲੀ ਬੰਦਰਗਾਹ ਉੱਪਰ ਹੁੰਦਾ ਸੀ ਅਤੇ ਇਹ ਸਰਸਰੀ ਜਿਹਾ ਅਮਲ ਹੁੰਦਾ ਸੀ। ਮੈਡੀਕਲ ਅਫ਼ਸਰ ਇਮੀਗਰੇਂਟਾਂ ਦੇ ਮੱਥੇ ਨੂੰ ਹੱਥ ਲਾ ਕੇ ਉਸ ਦਾ ਬੁਖਾਰ ਮਹਿਸੂਸ ਕਰਦਾ ਸੀ। ਉਸ ਦੇ ਬੋਲ਼ਾ ਜਾਂ ਗੁੰਗਾ ਨਾ ਹੋਣ ਦੀ ਪੁਸ਼ਟੀ ਲਈ ਕੋਈ ਇੱਕ - ਅੱਧ ਸਵਾਲ ਪੁੱਛ ਲੈਂਦਾ ਸੀ ਅਤੇ ਜੇਕਰ ਇਮੀਗਰੇਂਟ ਦੀ ਚਮੜੀ ਦਾ ਰੰਗ ਸਿਹਤਮੰਦ ਹੁੰਦਾ ਤੇ ਦਿੱਖ ਸਧਾਰਨ ਹੁੰਦੀ ਤਾਂ ਅੱਗੇ ਹੋਰ ਕੁਝ ਨਹੀਂ ਦੇਖਿਆ ਜਾਂਦਾ ਸੀ। ਇੱਕ ਅੰਗਰੇਜ਼ ਨੂੰ ਸਿਰਫ਼ ਆਪਣੀ

ਬ੍ਰਿਟਿਸ਼ ਨਾਗਰਿਕਤਾ ਦਾ ਪ੍ਰਮਾਣ ਦੇਣਾ ਪੈਂਦਾ ਸੀ ਅਤੇ ਦੱਦਰ ਦੇ ਚਮੜੀ ਰੋਗ ਦੇ ਨਿਰੀਖਣ ਲਈ ਉਸਦੀ ਖੋਪੜੀ ਉੱਪਰ ਸਰਸਰੀ ਜਿਹੀ ਨਜ਼ਰ ਮਾਰ ਲਈ ਜਾਂਦੀ ਸੀ। ਬ੍ਰਿਟੇਨ ਤੇ ਉੱਤਰੀ ਯੂਰਪ ਨੂੰ ਛੱਡ ਕੇ ਕਿਸੇ ਹੋਰ ਮੁਲਕ ਤੋਂ ਆਉਣ ਵਾਲਿਆਂ ਲਈ ਇਹ ਨਿਰੀਖਣ ਹਮੇਸ਼ਾਂ ਜ਼ਿਆਦਾ ਧਿਆਨ-ਪੂਰਬਕ ਕੀਤਾ ਜਾਂਦਾ ਸੀ। ਪਰ ਫੇਰ ਵੀ ਕਿਉਂਕਿ ਦੀ ਬੰਦਰਗਾਹ ਉੱਪਰ ਇਹ ਨਿਰੀਖਣ ਇੰਨਾ ਸਰਸਰੀ ਹੁੰਦਾ ਸੀ। ਕਿ ਆਮ ਰਫ਼ਤਾਰ ਨਾਲ ਕੰਮ ਕਰਦੇ ਦੋ ਡਾਕਟਰ 300 ਇਮਗਿਰੇਨਟਾਂ ਦਾ ਨਿਰੀਖਣ ਇੱਕ ਘੰਟੇ ਵਿਚ ਕਰ ਦਿੰਦੇ ਸਨ। ਜੇਕਰ ਉਨ੍ਹਾਂ ਨੂੰ ਤੇਜ਼ੀ ਕਰਨ ਲਈ ਕਿਹਾ ਜਾਂਦਾ ਤਾਂ ਉਹ ਪ੍ਰਤੀ ਮਿੰਟ 8-9 ਇਮੀਗਰੇਂਟਾਂ ਨੂੰ ਅੱਗੇ ਧੱਕਦੇ ਹੋਏ ਇੱਕ ਘੰਟੇ ਵਿਚ ਚਾਰ ਪੰਜ ਸੌ ਇਮੀਗਰੇਂਟ ਵੀ ਨਿਬੇੜ ਦਿੰਦੇ ਸਨ।

ਹੁਸੈਨ ਰਹੀਮ ਤੇ ਭਾਗ ਸਿੰਘ ਭਿੱਖੀਵਿੰਡ ਨੇ ਵਕੀਲ ਜੇ.ਐਡਵਰਡ ਬਰਡ ਨੂੰ, ਜਿਸ ਨੇ ਪਾਨਾਮਾ ਮਾਰੂ ਕੇਸ ਵਿਚ ਬਹੁਤ ਸੁਚੱਜੇ ਢੰਗ ਨਾਲ ਭਾਰਤੀ ਭਾਈਚਾਰੇ ਦੀ ਪ੍ਰਤਿਨਿਧਤਾ ਕੀਤੀ ਸੀ, ਇਸ ਕੇਸ ਲਈ ਵਕੀਲ ਵਜੋਂ ਨਿਯੁਕਤ ਕਰ ਲਿਆ ਸੀ। ਉਹ ਕਾਮਾਗਾਟਾ ਮਾਰੂ ਜਹਾਜ਼ ਦੇ ਪਹੁੰਚਣ ਤੋਂ ਛੇ ਦਿਨ ਪਹਿਲਾਂ ਵੈਨਕੂਵਰ ਦੇ ਗੁਰਦਵਾਰੇ ਵਿਚ ਹੋਈ ਮੀਟਿੰਗ ਵਿਚ ਚੁਣੀ ਗਈ 'ਤੱਟ ਕਮੇਟੀ' ਦੇ ਨਾਮ ਵਾਲੀ ਸਥਾਨਕ ਭਾਰਤੀਆਂ ਦੀ 15 ਮੈਂਬਰੀ ਕਮੇਟੀ ਦੀ ਰਹਿਨੁਮਾਈ ਕਰਦੇ ਸਨ। ਬਰਡ ਨੇ ਐਲਾਨ ਕੀਤਾ ਕਿ ਉਹ ਸਾਰੇ 376 ਮੁਸਾਫ਼ਰਾਂ ਦੀ ਪ੍ਰਤੀਨਿਧਤਾ ਕਰਦੇ ਹਨ, ਅਤੇ ਆਪਣੇ ਸਾਇਲਾਂ (clients) ਨੂੰ ਮਿਲਣਾ ਚਾਹੁੰਦਾ ਹੈ। ਪਰ ਉਸਨੂੰ ਜਹਾਜ਼ ਉੱਪਰ ਜਾਣ ਦੀ ਆਗਿਆ ਨਾ ਮਿਲੀ। ਇਮੀਗਰੇਸ਼ਨ ਅਧਿਕਾਰੀ ਉਸ ਦੀਆਂ ਚਿੱਠੀਆਂ ਜਹਾਜ਼ ਉੱਪਰ ਲੈ ਜਾਂਦੇ ਸਨ, ਪਰ ਉਹ ਇਹ ਨਹੀਂ ਚਾਹੁੰਦੇ ਸਨ ਕਿ ਇੱਕ ਵਕੀਲ ਜਹਾਜ਼ ਅਤੇ ਤੱਟ ਉੱਪਰ ਹਾਜ਼ਰ ਸਿੱਖਾਂ ਵਿਚਕਾਰ ਗੇੜੇ ਲਾਉਂਦਾ ਰਹੇ। ਐਡਵਰਡ ਬਰਡ ਨੇ ਸ਼ਿਕਾਇਤ ਕੀਤੀ ਕਿ "ਗੁਰਦਿੱਤ ਸਿੰਘ ਕਿਸੇ ਕੈਦਖਾਨੇ ਵਿਚ ਹੋਣ ਨਾਲੋਂ ਵੀ ਜ਼ਿਆਦਾ ਕੈਦੀ ਹੈ" ਉਸ ਨੇ ਓਟਾਵਾ ਸਰਕਾਰ ਕੋਲ ਅਪੀਲ ਕੀਤੀ ਪਰ ਜਵਾਬ ਮਿਲਿਆ ਕਿ ਉਸ ਨੂੰ, ਵੈਨਕੂਵਰ ਇਮੀਗਰੇਸ਼ਨ ਏਜੰਟ ਵਲੋਂ ਹਾਲਾਤਾਂ ਮੁਤਾਬਕ ਕੀਤੇ ਗਏ, ਇੰਤਜ਼ਾਮਾਂ ਨੂੰ ਹੀ ਮਨਜ਼ੂਰ ਕਰਨਾ ਪਵੇਗਾ।

ਪੰਜਵੇਂ ਦਿਨ ਐਡਵਰਡ ਬਰਡ ਸਰਕਾਰੀ ਪੱਖ ਦੇ ਵਕੀਲਾਂ ਨੂੰ ਮਿਲਣ ਵਿਚ ਸਫ਼ਲ ਹੋ ਗਿਆ। ਵੈਨਕੂਵਰ ਵਿਚ ਸਰਕਾਰ ਦੇ ਜ਼ਿਆਦਾਤਰ ਕਾਨੂੰਨੀ ਕੰਮਕਾਰ ਦੀ ਨਿਗਰਾਨੀ ਕਰਨ ਵਾਲੀ ਸਥਾਨਕ ਕਾਨੂੰਨੀ ਕੰਪਨੀ ਦੇ ਪ੍ਰਮੁੱਖ ਹਿੱਸੇਦਾਰ ਰੌਬੀ.ਐਲ.ਰੀਡ(Robie L Reid) ਅਤੇ ਇਮੀਗਰੇਸ਼ਨ ਵਿਭਾਗ ਦੇ ਮੁੱਖ ਕਾਨੂੰਨੀ ਵਕੀਲ ਡਬਲਯੂ.ਬੀ.ਏ.ਰਿੱਚੀ (W B A Ritchie) ਇਸ ਕੇਸ ਵਿਚ ਸਰਕਾਰੀ ਪੱਖ ਦੇ ਵਕੀਲ ਸਨ। ਰਿੱਚੀ ਕਿਸੇ ਸਮੇਂ ਪ੍ਰਧਾਨ ਮੰਤਰੀ ਮਿਸਟਰ ਬੌਰਡਨ ਦੀ ਕਾਨੂੰਨੀ ਕੰਪਨੀ ਵਿਚ ਹਿੱਸੇਦਾਰ ਰਿਹਾ ਸੀ। ਅਤੇ ਹੁਣ ਵੀ ਉਸ ਦਾ ਨਿਜੀ ਦੋਸਤ ਸੀ। ਬਰਡ ਇਸ ਮਸਲੇ ਨਾਲ ਸਬੰਧਿਤ ਪ੍ਰਕਿਰਿਆ ਵਿਚ ਤੇਜ਼ੀ ਲਿਆਉਣੀ ਚਾਹੁੰਦਾ

ਸੀ। ਪਾਨਾਮਾ ਮਾਰੂ ਕੇਸ ਦੀਆਂ ਘਟਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਸਰਕਾਰੀ ਵਕੀਲ ਇਹ ਸੁਨਿਸ਼ਚਿਤ ਕਰਨਾ ਚਾਹੁੰਦੇ ਸਨ ਕਿ ਜੇਕਰ ਇਹ ਕੇਸ ਅਦਾਲਤ ਵਿਚ ਜਾਵੇ ਤਾਂ ਸੂਬੇ ਦੀ ਸਭ ਤੋਂ ਉੱਚੀ ਅਦਾਲਤ ਵਿਚ ਹੀ ਜਾਵੇ। ਉਨ੍ਹਾਂ ਨੂੰ ਲੱਗਦਾ ਸੀ, ਕਿ ਬਰਡ ਕੋਲ ਬਹੁਤ ਮੌਕੇ ਉਪਲਬਧ ਸਨ। ਜੇਕਰ ਉਸ ਦੀ 'ਜਿਸਮਾਨੀ ਹਾਜ਼ਰੀ ਅਧਿਕਾਰ' ਵਾਲੀ ਅਰਜ਼ੀ ਖਾਰਜ਼ ਹੋ ਜਾਂਦੀ। ਤਾਂ ਉਸ ਕੋਲ ਇਸ ਫ਼ੈਸਲੇ ਨੂੰ ਅਸਵੀਕਾਰ ਕਰਨ ਦਾ ਮੌਕਾ ਮੌਜੂਦ ਸੀ। ਉਹ ਇਨਸਾਫ਼ ਲੈਣ ਲਈ ਉੱਨੀ ਦੇਰ ਤੱਕ ਅਗਲੀ ਕਿਸੇ ਹੋਰ ਅਦਾਲਤ ਵਿਚ ਜਾ ਸਕਦਾ ਸੀ। ਜਦ ਤੱਕ ਉਹ ਕਾਮਯਾਬ ਨਾ ਹੋ ਜਾਂਦਾ। ਪਰ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਕਾਨੂੰਨ ਮੁਤਾਬਕ ਜੇਕਰ 'ਜਿਸਮਾਨੀ ਹਾਜ਼ਰੀ ਅਧਿਕਾਰ' ਦੀ ਅਰਜ਼ੀ ਮਨਜ਼ੂਰ ਹੋ ਜਾਂਦੀ ਤਾਂ ਸਰਕਾਰ ਕਿਤੇ ਵੀ ਅਪੀਲ ਨਹੀਂ ਕਰ ਸਕਦੀ ਸੀ। ਤੇ ਕੇਸ ਬੰਦ ਹੋ ਜਾਣਾ ਸੀ। ਸਰਕਾਰੀ ਵਕੀਲਾਂ ਦੀ ਨਜ਼ਰ ਵਿਚ ਬ੍ਰਿਟਿਸ਼ ਕੋਲੰਬੀਆ ਦੇ 'ਜਿਸਮਾਨੀ ਹਾਜ਼ਰੀ ਅਧਿਕਾਰ' ਕਾਨੂੰਨ ਦਾ ਝੁਕਾਅ ਮੁਸਾਫ਼ਰਾਂ ਦੇ ਬਹੁਤ ਜ਼ਿਆਦਾ ਹੱਕ ਵਿਚ ਸੀ

ਕਿਉਂਕਿ ਬਹਿਸ ਤੱਟ ਉੱਪਰ ਚੱਲ ਰਹੀ ਸੀ। ਭਾਵੇਂ ਕਿ ਇਹ ਗੱਲਬਾਤ ਮੁਸਾਫ਼ਰਾਂ ਲਈ ਬਹੁਤ ਅਹਿਮ ਸੀ। ਪਰ ਉਨ੍ਹਾਂ ਦੀ ਇਸ ਵਿਚ ਕੋਈ ਪੁੱਛ-ਪ੍ਰਤੀਤ ਨਹੀਂ ਸੀ। ਸਰਕਾਰੀ ਵਕੀਲਾਂ ਨੇ ਮੁਸਾਫ਼ਰਾਂ ਦੇ ਵਕੀਲ ਮਿਸਟਰ ਬਰਡ ਨੂੰ ਕਿਹਾ ਕਿ ਜੇਕਰ ਉਹ ਅਜ਼ਮਾਇਸ ਦੇ ਤੌਰ 'ਤੇ, ਸਿੱਧਾ ਹੀ ਬ੍ਰਿਟਿਸ਼ ਕੋਲੰਬੀਆ ਦੀ ਅਪੀਲ ਅਦਾਲਤ ਵਿਚ ਅਰਜ਼ੀ ਦੇਣ ਲਈ ਸਹਿਮਤ ਹੈ। ਤਾਂ 2-3 ਕੇਸ ਸਿੱਧੇ ਹੀ ਲਾ ਸਕਦਾ ਹੈ। (ਇੰਜ ਕਰਨ ਲਈ ਉਸਨੇ ਹੇਠਲੀ ਅਦਾਲਤ ਵਿਚ ਬਹਿਸ ਨਹੀਂ ਕਰਨੀ ਸੀ ਅਤੇ ਕੇਸ ਨੂੰ ਖਾਰਜ਼ ਕਰਵਾ ਲੈਣਾ ਸੀ) ਫਿਰ ਫ਼ੈਸਲਾ, ਇੱਕ ਜੱਜ ਦੀ ਬਜਾਏ, ਜੱਜਾਂ ਦੀ ਪੂਰੀ ਬੈਂਚ ਵੱਲੋਂ ਦਿੱਤਾ ਜਾਣਾ ਸੀ ਸਰਕਾਰੀ ਵਕੀਲ ਇਕੱਲੇ-ਸ਼ਾਇਦ ਬੇਮੁਹਾਰੇ-ਜੱਜ ਦੇ ਗ਼ੈਰ-ਜਵਾਬਦੇਹ ਫ਼ੈਸਲੇ ਤੋਂ ਡਰਦੇ ਸਨ।

ਇੱਕ ਸ੍ਰੇਸ਼ਠ ਅਤੇ ਸਰਕਾਰ ਵਿਚ ਪਹੁੰਚ ਰੱਖਣ ਵਾਲੇ, ਮਿਸਟਰ ਰਿੱਚੀ ਜਿਹੇ ਵਕੀਲ ਵਲੋਂ ਕੀਤੀ ਗਈ ਇਹ ਪੇਸ਼ਕਸ਼, ਇਮੀਗਰੇਸ਼ਨ ਏਜੰਟ ਵਲੋਂ ਦਿੱਤੀ ਗਈ ਪੇਸ਼ਕਸ਼ ਤੋਂ ਬਿਹਤਰ ਸੀ ਅਤੇ ਓਟਾਵਾ ਵਿਚਲੇ ਨੌਕਰਸ਼ਾਹਾਂ ਨੇ ਵੀ ਲਾਜ਼ਮੀ ਇਸ ਦੀ ਹਾਮੀ ਭਰ ਦੇਣੀ ਸੀ। ਇਸ ਪੇਸ਼ਕਸ਼ ਪਿੱਛੇ ਇੱਕ ਅਣਕਹੀ ਧਮਕੀ ਇਹ ਸੀ ਕਿ ਜੇਕਰ ਮਿਸਟਰ ਬਰਡ ਸਹਿਮਤ ਨਹੀਂ ਹੁੰਦਾ ਸੀ ਤਾਂ ਆਪਣੇ ਕੇਸ ਦੀ ਪੈਰਵਾਈ ਕਰਨ ਦੇ ਅਵਸਰ ਲਈ ਬਾਦਸ਼ਾਹ ਦੇ ਖੁਦ ਚੱਲ ਕੇ ਆਉਣ ਤੱਕ ਇੰਤਜ਼ਾਰ ਕਰਨਾ ਪੈਣਾ ਸੀ। ਦੋ ਘੰਟੇ ਦੀ ਤਿੱਖੀ ਬਹਿਸਬਾਜ਼ੀ ਤੋਂ ਬਾਅਦ ਮਿਸਟਰ ਬਰਡ ਸਹਿਮਤ ਹੋ ਗਿਆ। ਪਰ ਉਸ ਨੂੰ ਆਪਣੇ ਕਲਾਇੰਟ ਰਹੀਮ ਹੁਸੈਨ, ਭਾਗ ਸਿੰਘ ਭਿੱਖੀਵਿੰਡ ਤੇ ਤੱਟ ਕਮੇਟੀ ਕੋਲ ਵਾਪਸ ਜਾਣਾ ਪੈਣਾ ਸੀ। ਅਤੇ ਉਨ੍ਹਾਂ ਨੇ ਪੇਸ਼ਕਸ਼ ਠੁਕਰਾ ਦਿੱਤੀ ਉਹ ਕੋਈ ਸੌਦੇਬਾਜ਼ੀ ਨਹੀਂ ਕਰਨਗੇ ਅਤੇ ਆਪਣਾ ਕੋਈ ਅਵਸਰ ਨਹੀਂ ਛੱਡਣਗੇ। ਉਨ੍ਹਾਂ ਨੇ ਜ਼ਿੱਦੀ ਲਹਿਜ਼ੇ ਵਿਚ ਐਲਾਨ ਕਰ ਦਿੱਤਾ ਕਿ ਪੈਸੇ ਤੇ

ਸਮੇਂ ਦੀ ਪ੍ਰਵਾਹ ਕੀਤੇ ਬਗੈਰ ਉਹ ਹਰ ਅਦਾਲਤ ਵਿਚ ਕੇਸ ਲੜਨਗੇ ਇਸ ਫ਼ੈਸਲੇ ਕਾਰਨ ਕਾਮਾਗਾਟਾ ਮਾਰੂ ਅਤੇ ਇਸਦੇ ਮੁਸਾਫ਼ਰਾਂ ਨੂੰ ਅਗਲਾ ਮਹੀਨਾ ਵੀ ਬੰਦਰਗਾਹ ਵਿਚ ਕੈਦ ਰਹਿ ਕੇ ਗੁਜ਼ਾਰਨਾ ਪਿਆ।

ਆਪਣੇ ਪੈਂਤਰੇ ਉੱਪਰ ਕਾਇਮ ਰਹਿਣ ਲਈ ਉਨ੍ਹਾਂ ਨੂੰ ਪੈਸੇ ਦੀ ਲੋੜ ਸੀ। ਹਫ਼ਤੇ ਦੇ ਅਖੀਰ ਵਿਚ ਸਾਹਿਲ ਕਮੇਟੀ ਨੇ ਕਿਰਾਏ ਦੇ ਇੱਕ ਹਾਲ ਵਿਚ ਤਕਰੀਬਨ ਵੀਹ ਕੁ ਗੋਰਿਆਂ, ਕੁਝ ਪੱਤਰਕਾਰਾਂ, ਹਾੱਪਕਿਨਸਨ ਤੇ ਉਸਦੇ ਸਟੈਨੋਗ੍ਰਾਫਰ ਸਮੇਤ ਪੰਜ-ਛੇ ਸੌ ਭਾਰਤੀਆਂ ਦੀ ਇੱਕ ਵੱਡੀ ਮੀਟਿੰਗ ਬੁਲਾਈ। ਹਾੱਪਕਿਨਸਨ ਤੇ ਉਨ੍ਹਾਂ ਪੱਤਰਕਾਰਾਂ ਦੀ ਬਦੌਲਤ ਸਾਡੇ ਕੋਲ਼ ਉਸ ਮੀਟਿੰਗ ਵਿਚ ਕੀਤੀ ਗਈ ਬਹਿਸ ਦਾ ਰਿਕਾਰਡ ਮੌਜੂਦ ਹੈ। ਰਹੀਮ ਨੇ ਉਸ ਮੀਟਿੰਗ ਦੀ ਪ੍ਰਧਾਨਗੀ ਕੀਤੀ ਅਤੇ ਗ੍ਰੰਥੀ ਬਲਵੰਤ ਸਿੰਘ ਖੁਰਦਪੁਰ ਨੇ ਪੰਜਾਬੀ ਵਿਚ ਮੁੱਖ ਭਾਸ਼ਣ ਦਿੱਤਾ। ਹਾੱਪਕਿਨਸਨ ਦੇ ਹਾਜ਼ਰ ਹੋਣ ਦੇ ਬਾਵਜੂਦ ਉਸ ਨੇ ਬਹੁਤ ਗਰਮ ਭਾਸ਼ਾ ਦਾ ਇਸਤੇਮਾਲ ਕੀਤਾ। ਜਿਸ ਆਦਮੀ ਨੇ ਲਾਹੌਰ ਵਿਚ ਬਹੁਤ ਚੁਭਵੇਂ ਅਲੰਕਾਰਾਂ ਦਾ ਇਸਤੇਮਾਲ ਕੀਤਾ ਸੀ, ਉਹ ਵੈਨਕੂਵਰ ਵਿਚ ਕਿੱਥੇ ਭਲੀ ਗੁਜ਼ਾਰਨ ਵਾਲਾ ਸੀ। ਉਸ ਨੇ ਭਾਰਤ ਦੇ ਬਦਲ ਰਹੇ ਮਿਜ਼ਾਜ, 1857 ਦੇ ਗ਼ਦਰ ਦੀ ਭਾਵਨਾ ਦੇ ਵਾਪਸ ਪਰਤਣ, ਬ੍ਰਿਟਿਸ਼ ਸਰਕਾਰ ਵਿਰੁੱਧ ਨਵੀਂ ਸਫ਼ਬੰਦੀ ਅਤੇ ਅੱਗਲੇ ਕੁਝ ਸਾਲਾਂ ਵਿਚ ਭਾਰਤੀਆਂ ਨੂੰ ਹੋਮ-ਰੂਲ ਨਾ ਮਿਲਣ ਦੀ ਸੂਰਤ ਵਿਚ ਇਨਕਲਾਬ ਦੀ ਅਟੱਲਤਾ ਬਾਰੇ ਗੱਲਾਂ ਕੀਤੀਆਂ। ਉਹ ਗੋਰੀਆਂ ਰਿਆਸਤਾਂ ਵਿਚ ਲਾਗੂ ਪਾਬੰਦੀ ਕਾਨੂੰਨਾਂ ਅਤੇ ਸਾਮਰਾਜ ਵਿਚ ਭਾਰਤੀ ਸਰਕਾਰ ਦੀ ਕਮਜ਼ੋਰ ਸਥਿਤੀ ਬਾਰੇ ਵੀ ਬੋਲਿਆ। ਫਿਰ ਅੰਗਰੇਜ਼ਾਂ ਨਾਲ ਤਿੰਨ-ਤਿੰਨ ਲੜਾਈਆਂ ਲੜਨ ਵਾਲੇ ਇਤਿਹਾਸ ਦੇ ਸਿੱਖ ਯੋਧਿਆਂ ਦੇ ਜ਼ਿਕਰ ਨਾਲ ਆਪਣਾ ਭਾਸ਼ਣ ਖਤਮ ਕਰਦਿਆਂ ਉਸਨੇ ਆਪਣੇ ਸਰੋਤਿਆਂ ਨੂੰ ਕਾਮਾਗਾਟਾ ਮਾਰੂ ਲਈ ਫੰਡ ਦੇਣ ਲਈ ਬੇਨਤੀ ਕੀਤੀ। ਉਸ ਦੇ ਪੰਜਾਬੀ ਸਰੋਤਿਆਂ ਨੂੰ, ਉਸ ਵਲੋਂ ਕਨੇਡਾ ਵਿਚ ਦਾਖਲ ਹੋਣ ਦੀ ਲੜਾਈ ਦੀ ਤੁਲਨਾ ਅੰਗਰੇਜ਼ਾਂ ਵਿਰੁੱਧ ਲੜਾਈ ਨਾਲ ਕਰਨ ਵਿਚ, ਕੋਈ ਵਿਰੋਧਾਭਾਸ ਮਹਿਸੂਸ ਨਾ ਹੋਇਆ। ਪਰ ਹਾੱਪਕਿਨਸਨ ਤੇ ਉਸਦੇ ਉੱਚ-ਅਧਿਕਾਰੀਆਂ, ਜਿਨ੍ਹਾਂ ਨੂੰ ਉਸ ਨੇ ਇਸ ਦੀ ਜਾਣਕਾਰੀ ਦਿੱਤੀ ਇਹ ਭਾਸ਼ਣ ਪੂਰੀ ਤਰਾਂ ਸਰਕਾਰ ਵਿਰੋਧੀ ਲੱਗਿਆ।

ਬਲਵੰਤ ਸਿੰਘ ਦੇ ਬੈਠ ਜਾਣ ਬਾਅਦ ਉਥੇ ਆਏ ਕਈ ਭਾਰਤੀ ਬੋਲਣਾ ਚਾਹੁੰਦੇ ਸਨ। ਪਰ ਰਹੀਮ ਨੇ ਮਨ੍ਹਾ ਕਰ ਦਿੱਤਾ। ਉਸ ਨੇ ਕਿਹਾ ਕਿ ਇਹ ਮੀਟਿੰਗ ਗੱਲਾਂ ਲਈ ਨਹੀਂ, ਕੰਮ ਲਈ ਬੁਲਾਈ ਗਈ ਹੈ। ਜ਼ਰੂਰਤ ਨਗਦ ਪੈਸਿਆਂ ਦੀ ਹੈ ਤਾਂ ਕਿ ਮਾਲਕਮ ਰੀਡ ਮਾਮਲੇ ਨੂੰ ਜਿੰਨਾ ਸਮਾਂ ਮਰਜ਼ੀ ਲਟਕਾ ਲਵੇ, ਜਹਾਜ਼ ਨੂੰ ਉਦੋਂ ਤੱਕ ਵੈਨਕੂਵਰ ਵਿਚ ਰੱਖਿਆ ਜਾ ਸਕੇ। ਮੀਟਿੰਗ-ਹਾਲ ਆਪਣੀਆਂ ਜੇਬਾਂ ਤੇ ਪਗੜੀਆਂ ਵਿਚ ਪੈਸੇ ਬੰਨੀ ਬੈਠੇ ਬੰਦਿਆਂ ਨਾਲ ਭਰਿਆ ਪਿਆ ਸੀ ਅਤੇ ਜਿਵੇਂ ਹੀ ਇਹ ਪੈਸੇ ਬਾਹਰ ਆਉਣੇ ਸ਼ੁਰੂ ਹੋਏ, ਬੁਲਾਰਿਆਂ ਸਾਹਮਣੇ ਪੰਜ, ਦਸ ਤੇ ਇੱਥੋਂ

ਤੱਕ ਕੇ ਸੌ ਡਾਲਰ ਦੇ ਨੋਟਾਂ ਦੇ ਅੰਬਾਰ ਲੱਗਣੇ ਸ਼ੁਰੂ ਹੋ ਗਏ। ਸਭ ਤੋਂ ਵੱਡੀ ਇੱਕਹਿਰੀ ਭੇਂਟ 2000 ਡਾਲਰ ਦੀ ਸੀ ਜਦੋਂ ਵੀ ਚੰਦਾ ਆਉਣਾ ਥੋੜ੍ਹਾ ਘੱਟ ਹੁੰਦਾ ਤਾਂ ਇੱਕ ਹੋਰ ਬੁਲਾਰਾ ਭਾਗ ਸਿੰਘ ਭਿੱਖੀਵਿੰਡ ਜਾਂ ਤੱਟ ਕਮੇਟੀ ਦਾ ਕੋਈ ਹੋਰ ਮੈਂਬਰ ਧਰਮ ਤੇ ਦੇਸ਼ ਭਗਤੀ ਦੀ ਭਾਵਨਾ ਦੇ ਜੋਸ਼ ਨੂੰ ਹਲੂਣਾ ਦੇਣ ਲਈ ਖੜ੍ਹਾ ਹੋ ਜਾਂਦਾ ਮੀਟਿੰਗ ਦੇ ਖਾਤਮੇ 'ਤੇ ਮੇਜ਼ ਉੱਪਰ 5000 ਡਾਲਰ ਦੀ ਨ਼ਗਦੀ ਸੀ ਅਤੇ ਹੋਰ 66000 ਡਾਲਰ ਦੇਣ ਦੇ ਵਾਅਦੇ (ਜਾਇਦਾਦ ਦੇ ਕਾਗਜ਼ਾਂ ਉੱਪਰ ਆਧਾਰਿਤ) ਕੀਤੇ ਗਏ ਸਨ।

ਬਹੁਤ ਸਾਰੇ ਵਾਅਦੇ ਭਾਵੇਂ ਕਦੇ ਵੀ ਵਫ਼ਾ ਨਾ ਹੋਏ, ਪਰ ਹੋਰ ਮੀਟਿੰਗਾਂ ਕਰਕੇ ਅਤੇ ਵਿਅਕਤੀਗਤ ਬੇਨਤੀਆਂ ਰਾਹੀਂ ਫੰਡ ਇੱਕੱਠਾ ਕਰਨ ਦੀ ਮੁਹਿੰਮ ਜਾਰੀ ਰਹੀ ਅਤੇ ਅਖੀਰ ਵਿਚ ਕੁੱਲ 17221 ਡਾਲਰ ਤੇ ਕੁਝ ਭਾਨ ਇਕੱਠੇ ਹੋਏ ਸੀ। ਇਸ ਵਿਚ ਕੈਲੇਫੋਰਨੀਆ ਦੇ ਸਟਾਕਟਨ ਗੁਰਦਵਾਰੇ ਦੇ ਸਕੱਤਰ ਵਲੋਂ ਤਾਰ ਰਾਹੀਂ ਭੇਜੇ 1000 ਡਾਲਰ ਵੀ ਸ਼ਾਮਲ ਸੀ। ਪਹਿਲਾਂ ਵੀ ਪੰਜਾਬੀ ਭਾਈਚਾਰੇ ਨੇ ਪੰਜਾਬ ਦੇ ਸਕੂਲਾਂ ਲਈ ਪੈਸੇ ਭੇਜਣ ਵਾਸਤੇ ਕੀਤੀ ਗਈ ਚੰਦੇ ਦੀ ਅਪੀਲ ਦਾ ਬ੍ਰਿਟਿਸ਼ ਕੋਲੰਬੀਆ ਵਲੋਂ ਭਰਪੂਰ ਹੁੰਗਾਰਾ ਭਰਿਆ ਸੀ। ਅਤੇ ਸਿਰਫ਼ ਢਾਈ ਸਾਲ ਪਹਿਲਾਂ, ਫਿਲੀਪਾਇਨਜ਼ ਦੇ ਰਸਤੇ ਵੱਡੀ ਗਿਣਤੀ ਵਿਚ ਸੀਏਟਲ ਪਹੁੰਚੇ ਪੰਜਾਬੀ ਇਮੀਗਰੇਸ਼ਨ ਦੀ ਜ਼ਮਾਨਤ ਲਈ 17000 ਡਾਲਰ ਇੱਕੱਠਾ ਵੀ ਕੀਤਾ ਸੀ। ਤਕਰੀਬਨ 2000 ਬੰਦਿਆਂ ਦੇ ਭਾਈਚਾਰੇ ਤੋਂ ਜਿੰਨਾਂ ਦੀ ਪ੍ਰਤੀ ਦਿਨ ਔਸਤ ਆਮਦਨੀ ਦੋ ਡਾਲਰ ਤੋਂ ਵੱਧ ਨਹੀਂ ਸੀ, ਅਜਿਹਾ ਭਰਵਾਂ ਹੁੰਗਾਰਾ ਬਹੁਤ ਪ੍ਰਭਾਵਸ਼ਾਲੀ ਸੀ।

ਮੁਸਾਫ਼ਰਾਂ ਦੇ ਚੁੱਪ ਬੈਠ ਕਿ ਇੰਤਜ਼ਾਰ ਕਰਨ ਅਤੇ ਦੂਸਰਿਆਂ ਉੱਪਰ ਨਿਰਭਰ ਹੋਣ ਦੀ ਸਥਿਤੀ ਦਰਮਿਆਨ, ਇਮੀਗਰੇਸ਼ਨ ਵਿਭਾਗ ਤੇ ਤੱਟ ਕਮੇਟੀ ਵਿਚਕਾਰ ਇੱਕ ਮੁਕਾਬਲੇ ਵਾਲੇ ਹਾਲਾਤ ਬਣ ਗਏ ਸਨ। ਇੱਕ ਜੂਨ ਦਿਨ ਸੋਮਵਾਰ ਨੂੰ ਮੈਡੀਕਲ ਨਿਰੀਖਣ ਤਾਂ ਖਤਮ ਹੋ ਗਏ ਸਨ। ਪਰ ਇਮੀਗਰੇਸ਼ਨ ਵਿਭਾਗ ਦੇ ਮਸਲੇ ਨੂੰ ਟਰਕਾਈ ਰੱਖਣ ਅਤੇ ਜਾਣ-ਬੁਝ ਕੇ ਅੜਿਕੇ ਖੜੇ ਕਰਨ ਵਾਲੇ ਹੱਥ-ਕੰਡੇ ਖਤਮ ਨਾ ਹੋਏ। ਆਪਣੇ ਦਫ਼ਤਰ ਵਿਚ ਇਮੀਗਰੇਸ਼ਨ ਬੋਰਡ ਵਲੋਂ ਹੋਣ ਵਾਲੀ ਪੜਤਾਲ ਦੀ ਸੁਣਵਾਈ ਲਈ, ਮਾਲਕਮ ਰੀਡ ਨੇ ਮੁਸਾਫ਼ਰਾਂ ਨੂੰ ਇੱਕ-ਇੱਕ ਕਰਕੇ ਜਹਾਜ਼ ਤੋਂ ਕਿਸ਼ਤੀ ਰਾਹੀਂ ਤੱਟ ਉੱਪਰ ਲਿਆਉਣ ਅਤੇ ਵਾਪਸ ਜਹਾਜ਼ ਉੱਪਰ ਪਹੁੰਚਾਉਣ ਦਾ ਅਮਲ ਸ਼ੁਰੂ ਕਰ ਦਿੱਤਾ ਸੀ। (ਹਰ ਇੱਕ ਮੁਸਾਫ਼ਰ ਦੇ ਕੇਸ ਦਾ ਵੱਖਰਾ ਫ਼ੈਸਲਾ ਕਰਨ ਲਈ ਇਹ ਇੱਕ ਰਸਮੀ ਕਾਰਵਾਈ ਸੀ।) ਜਹਾਜ਼ ਵਲੋਂ ਤਿਆਰ ਕੀਤੀ ਸੂਚੀ ਮੁਤਾਬਿਕ ਪਹਿਲੇ ਨੰਬਰ ਵਾਲੇ ਇੱਕ ਪ੍ਰਤੀਨਿਧ ਮੁਸਾਫ਼ਰ ਜੋ ਇੱਕ ਅਜ਼ਮਾਇਸੀ ਕੇਸ ਹੋ ਸਕਦਾ ਸੀ, ਤੋਂ ਨਿਰੀਖਣ ਦੀ ਕਾਰਵਾਈ ਸ਼ੁਰੂ ਕਰਨ ਦੀ ਬਜਾਏ, ਰੀਡ ਨੇ ਉਨ੍ਹਾਂ ਵੀਹ ਮੁਸਾਫ਼ਰਾਂ ਤੋਂ ਕਾਰਵਾਈ ਸ਼ੁਰੂ ਕੀਤੀ, ਜੋ ਪਹਿਲਾਂ ਵੀ ਕਨੇਡਾ ਆ ਚੁੱਕੇ ਸਨ। (22 ਮੁਸਾਫ਼ਰਾਂ ਨੇ ਦਾਅਵਾ ਕੀਤਾ ਸੀ ਕਿ ਉਹ

ਕਨੇਡਾ ਦੇ ਨਾਗਰਿਕ ਸਨ, ਜੋ ਭਾਰਤ ਤੋਂ ਵਾਪਸ ਪਰਤ ਕੇ ਆ ਰਹੇ ਸਨ, ਪਰ ਇਮੀਗਰੇਸ਼ਨ ਵਿਭਾਗ ਨੇ ਸਿਰਫ਼ 20 ਮੁਸਾਫ਼ਰਾਂ ਨੂੰ ਅਜਿਹਾ ਮੰਨਿਆ ਕਿਉਂਕਿ ਇਹਨਾਂ 'ਚੋਂ ਦੋ ਮੁਸਾਫ਼ਰ ਤਿੰਨ ਸਾਲ ਤੋਂ ਜ਼ਿਆਦਾ ਸਮੇਂ ਲਈ ਕਨੇਡਾ ਤੋਂ ਬਾਹਰ ਰਹੇ ਸਨ।) ਮਾਲਕਮ ਰੀਡ ਅਤੇ ਉਸਦੇ ਅਧਿਕਾਰੀਆਂ ਨੇ, ਇਹਨਾਂ ਵੀਹਾਂ 'ਚੋਂ 13 ਨੂੰ ਥੋੜ੍ਹੀ ਮੋਟੀ ਪੁੱਛ-ਗਿੱਛ ਬਾਅਦ ਸੌਖੇ ਉਤਾਰ ਲਿਆਂਦਾ। ਪਰ ਬਾਕੀਆਂ ਲਈ ਮੀਨ-ਮੇਖ ਕੱਢਣ ਲੱਗੇ; ਇੱਥੋਂ ਤੱਕ ਕਿ ਪੰਜ-ਪੰਜ ਮਿੰਟਾਂ ਵਿਚ ਨਿਬੇੜੇ ਜਾ ਸਕਣ ਵਾਲੇ ਦੋ ਕੇਸਾਂ ਉੱਪਰ ਦੋ ਦਿਨ ਲਗਾ ਦਿੱਤੇ। ਐਡਵਰਡ ਬਰਡ ਨੇ ਮੀਡੀਆ- ਜੋ ਭਾਵੇਂ ਹਮਦਰਦੀ ਵਾਲਾ ਰਵੱਈਆ ਨਹੀਂ ਰੱਖਦਾ ਸੀ, ਪਰ ਫਿਰ ਵੀ ਬਰਡ ਆਪਣੀ ਗੱਲ ਪਹੁੰਚਾਉਣ ਲਈ ਇਸ ਨੂੰ ਅਸਰਦਾਰ ਢੰਗ ਨਾਲ ਵਰਤ ਲੈਂਦਾ ਸੀ- ਨੂੰ ਦੱਸਿਆ ਕਿ ਇਹ ਕਾਰਵਾਈ ਇੱਕ ਮਜ਼ਾਕ ਹੈ। "ਅਸੀਂ ਚਾਹੁੰਦੇ ਹਾਂ ਕਿ ਅਧਿਕਾਰੀ ਪਹਿਲਾਂ ਉਸ ਮੁਸਾਫ਼ਰ ਦੀ ਪੜਤਾਲ ਕਰਨ ਜੋ ਪਹਿਲਾਂ ਕਦੇ ਕਨੇਡਾ ਨਹੀਂ ਆਇਆ ਸੀ। ਮੈਂ ਚਾਹੁੰਦਾ ਸੀ ਕਿ ਉਹ ਗੁਰਦਿੱਤ ਸਿੰਘ ਦਾ ਕੇਸ ਪਹਿਲਾਂ ਲੈਂਦੇ।" ਪਰ ਉਨ੍ਹਾਂ ਕਿਹਾ ਕਿ ਇਹ ਕੇਸ ਖਾਸ ਤੌਰ 'ਤੇ ਉਨ੍ਹਾਂ ਸਭ ਤੋਂ ਬਾਅਦ ਵਿਚ ਲੈਣਾ ਹੈ।

ਇਸ ਲੜਾਈ ਵਿਚ ਤੱਟ ਕਮੇਟੀ ਅਤੇ ਮੁਸਾਫ਼ਰ ਦੋਨੋਂ ਹੀ ਕਾਰਵਾਈ ਰੋਕਣ ਲਈ ਬਹੁਤ ਬੇਤਾਬੀ ਨਾਲ ਕਿਸੇ ਤੂਲ ਦੀ ਤਲਾਸ਼ ਕਰ ਰਹੇ ਸਨ। ਸਾਹਿਲ ਕਮੇਟੀ ਨੇ ਬਰਡ ਨੂੰ ਕਾਰਵਾਈ ਦਾ ਬਾਈਕਾਟ ਕਰਨ ਲਈ ਕਿਹਾ। ਜੋ ਉਸ ਨੇ ਇੱਕ ਦਿਨ ਲਈ ਕੀਤਾ ਵੀ। ਫਿਰ 4 ਜੂਨ ਦਿਨ ਵੀਰਵਾਰ ਨੂੰ ਇੱਕ ਇਮੀਗਰੇਸ਼ਨ ਇੰਸਪੈਕਟਰ ਕਨੇਡਾ ਵਾਪਸ ਪਰਤ ਰਹੇ ਬਾਕੀ ਦੇ ਮੁਸਾਫ਼ਰਾਂ ਨੂੰ ਲੈਣ ਲਈ ਜਹਾਜ਼ ਉੱਪਰ ਆਇਆ ਤਾਂ ਗੁਰਦਿੱਤ ਸਿੰਘ ਨੇ ਇਹਨਾਂ ਮੁਸਾਫ਼ਰਾਂ ਨੂੰ ਭੇਜਣ ਤੋਂ ਨਾਂਹ ਕਰ ਦਿੱਤੀ। ਸਗੋਂ ਉਸ ਨੇ ਐਲਾਨ ਕਰ ਦਿੱਤਾ ਕਿ ਉਨ੍ਹਾਂ ਨਾਲ ਹੋ ਰਹੇ ਵਿਵਹਾਰ ਦੇ ਵਿਰੋਧ ਵਿਚ ਉਸਨੇ ਤੇ ਉਸਦੇ ਸਾਥੀ ਮੁਸਾਫ਼ਰਾਂ ਨੇ ਫ਼ੈਸਲਾ ਕੀਤਾ ਸੀ, ਕਿ ਉਹ ਮਰਨ ਵਰਤ ਰੱਖਣ ਜਾ ਰਹੇ ਸਨ।

ਇਸ ਸਮੇਂ ਤੱਕ ਮੁਸਾਫ਼ਰ ਆਪਣੇ ਵਕੀਲ ਨਾਲ ਗੱਲ ਨਹੀਂ ਕਰ ਸਕੇ ਸਨ। ਫਿਰ 4 ਜੂਨ ਸ਼ਾਮ ਨੂੰ ਗੁਰਦਿੱਤ ਸਿੰਘ ਸਰਹਾਲੀ ਨੂੰ ਇੱਕ ਕਿਸ਼ਤੀ ਉੱਪਰ ਅਤੇ ਐਡਵਰਡ ਬਰਡ ਨੂੰ ਇੱਕ ਹੋਰ ਕਿਸ਼ਤੀ ਉੱਪਰ ਲਿਜਾ ਕੇ, ਉਨ੍ਹਾਂ ਦਾ ਇੱਕ-ਇੱਕ ਸ਼ਬਦ ਸੁਣ ਰਹੇ ਇਮੀਗਰੇਸ਼ਨ ਅਧਿਕਾਰੀਆਂ ਦੇ ਝੁੰਡ ਵਿਚਕਾਰ ਬੈਠਾ ਕੇ, ਪਾਣੀ ਵਿਚ ਕੁਝ ਫੁੱਟ ਦੀ ਦੂਰੀ ਤੋਂ ਉਨ੍ਹਾਂ ਦੀ ਗੱਲਬਾਤ ਕਰਵਾਈ ਗਈ। ਬਰਡ ਇਸ ਤਰਾਂ ਦੇ ਇੰਤਜ਼ਾਮ ਤੋਂ ਨਾ ਖੁਸ਼ ਸੀ। ਪਰ ਗੁੱਸਾ ਜ਼ਾਹਰ ਕਰਨ ਬਾਅਦ, ਕੁਝ ਵੀ ਨਾ ਹੋਣ ਨਾਲੋਂ ਇਸੇ ਤਰਾਂ ਦੀ ਗੱਲਬਾਤ ਨੂੰ ਬਿਹਤਰ ਸਮਝਦੇ ਹੋਏ, ਇਸ ਇੰਤਜ਼ਾਮ ਨਾਲ ਸਹਿਮਤ ਹੋ ਗਿਆ ਸੀ। ਉਨ੍ਹਾਂ ਨੇ ਇੱਕ ਘੰਟਾ ਗੱਲਬਾਤ ਕੀਤੀ ਅਤੇ ਗੁਰਦਿੱਤ ਸਿੰਘ ਨੇ ਸਥਾਨਕ ਭਾਈਚਾਰੇ ਦੇ ਆਗੂਆਂ ਨੂੰ ਬਹੁਤ ਬੁਰਾ-ਭਲਾ

ਕਿਹਾ। ਜਿਨ੍ਹਾਂ ਨੇ ਉਨ੍ਹਾਂ ਨੂੰ ਆਉਣ ਲਈ ਹੱਲਾਸ਼ੇਰੀ ਦਿੱਤੀ ਸੀ। ਇਹ ਗੱਲਬਾਤ ਦੀ ਪ੍ਰਕਿਰਿਆ ਤੋਂ ਵਾਪਸ ਆ ਕੇ ਬਰਡ ਨੇ ਇਮੀਗਰੇਸ਼ਨ ਅਧਿਕਾਰੀਆਂ ਨੂੰ ਇੱਕ ਤਜ਼ਵੀਜ ਪੇਸ਼ ਕੀਤੀ। ਇਹ ਤਜ਼ਵੀਜ ਮੁਸਾਫ਼ਰਾਂ ਨੂੰ ਤੱਟ ਉੱਪਰ ਲੈ ਕੇ ਆਉਣ ਅਤੇ ਜਹਾਜ਼ ਨੂੰ ਏਸ਼ੀਆ ਵਾਪਸ ਜਾਣ ਲਈ ਆਜ਼ਾਦ ਕਰਨ ਦੇ ਸੁਝਾਵਾਂ ਬਾਰੇ ਸੀ। ਇਸ ਤਜ਼ਵੀਜ ਮੁਤਾਬਕ ਗੁਰਦਿੱਤ ਸਿੰਘ ਨੇ ਮੁਸਾਫ਼ਰਾਂ ਲਈ ਤੱਟ ਉੱਪਰ ਢੁਕਵੇਂ ਅਕਾਰ ਦਾ ਸ਼ੈੱਡ ਬਣਾ ਕੇ ਦੇਣਾ ਸੀ। (ਵਰਤਮਾਨ ਸ਼ੈੱਡ ਬਹੁਤ ਛੋਟੇ ਸ਼ਾਇਜ਼ ਦਾ ਸੀ) ਜਹਾਜ਼ 'ਚੋਂ ਆਪਣਾ ਕੋਲਾ ਉਤਾਰ ਕੇ ਕਿਸੇ ਹੋਰ ਜਹਾਜ਼ ਵਿਚ ਲੋਡ ਕਰ ਦੇਣਾ ਸੀ। ਅਤੇ ਕਾਮਾਗਾਟਾ ਮਾਰੂ ਨੇ ਵਾਪਸ ਹਾਂਗਕਾਂਗ ਚਲਿਆ ਜਾਣਾ ਸੀ। ਜੇਕਰ ਅਦਾਲਤਾਂ ਮੁਸਾਫ਼ਰਾਂ ਨੂੰ ਵਾਪਸ ਜਾਣ ਦਾ ਹੁਕਮ ਕਰਦੀਆਂ ਤਾਂ ਉਨ੍ਹਾਂ ਦੀ ਵਾਪਸੀ ਲਈ ਗੁਰਦਿੱਤ ਸਿੰਘ ਨੇ ਇੱਕ ਹੋਰ ਜਹਾਜ਼ ਦਾ ਇੰਤਜ਼ਾਮ ਕਰਨਾ ਸੀ। ਤੱਦ ਤੱਕ ਉਨ੍ਹਾਂ ਦੀ ਰਿਹਾਇਸ਼ ਦਾ ਸਾਰਾ ਖਰਚਾ ਉਸ ਨੇ ਕਰਨਾ ਸੀ। ਇਸ ਦੌਰਾਨ ਉਸ ਨੇ 'ਐਸ.ਐਸ.ਏਮਪ੍ਰੈਸ ਆਫ਼ ਰੂਸ' ਜਹਾਜ਼, ਜਿਸ ਨੇ 11 ਜੂਨ ਨੂੰ ਚੱਲਣਾ ਸੀ, ਰਾਹੀਂ ਭਾਰਤ ਵਾਪਸ ਚਲਾ ਜਾਣਾ ਸੀ

ਰੀਡ ਨੇ ਓਟਾਵਾ ਸਰਕਾਰ ਨੂੰ ਇਸ ਤਜ਼ਵੀਜ ਬਾਰੇ ਆਪਣੀ ਰਾਏ ਦਿੱਤੀ, "ਮੈਂ ਇਸ ਦਾ ਸਖ਼ਤ ਵਿਰੋਧ ਕਰਦਾ ਹਾਂ।" ਕਿਉਂਕਿ ਉਸ ਨੂੰ ਡਰ ਸੀ, ਕਿ ਭਾਰਤੀ ਲੋਕ ਇਸ ਨੂੰ ਕਨੇਡਾ ਸਰਕਾਰ ਦੀ ਕਮਜ਼ੋਰੀ ਦਾ ਪ੍ਰਤੀਕ ਸਮਝਣਗੇ ਅਤੇ ਇਸ ਕਾਰਨ ਗੋਰੇ ਲੋਕਾਂ ਵਲੋਂ ਦੰਗੇ ਭੜਕਾਏ ਜਾ ਸਕਦੇ ਸਨ। ਇੰਨੇ ਲੰਮੇ ਸਮੇਂ ਲਈ ਇਤਨੇ ਸਾਰੇ ਲੋਕਾਂ ਨੂੰ ਬੰਦੀ ਬਣਾ ਕੇ ਰੱਖਣਾ ਮੁਸ਼ਕਿਲ, ਖਤਰਨਾਕ ਅਤੇ ਮਹਿੰਗਾ ਪੈਣਾ ਸੀ। ਕੋਈ ਢੁਕਵੀਂ ਇਮਾਰਤ ਉਪਲਬਧ ਨਹੀਂ ਸੀ ਅਤੇ ਬਹਾਨੇਬਾਜ਼ੀ ਤੋਂ ਅਸਲੀ ਮੰਤਵ ਵੱਲ ਆਉਂਦਿਆਂ ਉਸ ਨੇ ਕਿਹਾ ਕਿ ਗੁਰਦਿੱਤ ਸਿੰਘ ਵਲੋਂ ਭੁਗਤਾਨ ਵਿੱਚ ਕੁਤਾਹੀ ਹੋਣ ਤੱਕ ਆਪਣੇ ਸਟੈਂਡ ਉੱਪਰ ਕਾਇਮ ਰਹਿ ਕੇ, ਕਨੇਡਾ ਸਰਕਾਰ ਇੱਕ ਹਫ਼ਤੇ ਵਿਚ ਇਸ ਸਾਰੀ ਮੁਸੀਬਤ ਤੋਂ ਖਹਿੜਾ ਛੁਡਾ ਸਕਦੀ ਸੀ। ਉਹ ਗੁਰਦਿੱਤ ਸਿੰਘ ਨੂੰ ਕਿਸੇ ਕ੍ਰਿਪਾਲੂ ਨਜ਼ਰੀਏ ਨਾਲ ਨਾ ਦੇਖ ਕੇ ਇੱਕ ਦੁਸ਼ਮਣ ਸਮਝ ਰਿਹਾ ਸੀ। ਜੇਕਰ ਉਹ ਕਿਸੇ ਹੋਰ ਜਹਾਜ਼ ਰਾਹੀਂ ਵਾਪਸ ਜਾਣਾ ਚਾਹੁੰਦਾ ਸੀ, ਤਾਂ ਕਨੇਡੀਅਨ ਕਾਨੂੰਨਾਂ ਦੀ ਕਿਸੇ ਧਾਰਾ ਮੁਤਾਬਕ ਵੀ ਗੁਰਦਿੱਤ ਸਿੰਘ ਨੂੰ ਵੈਨਕੂਵਰ ਦੀ ਬੰਦਰਗਾਹ ਵਿਚ ਖੜ੍ਹੇ ਕਾਮਾਗਾਟਾ ਮਾਰੂ ਉੱਪਰ ਠਹਿਰਣ ਲਈ ਮਜ਼ਬੂਰ ਨਹੀਂ ਕੀਤਾ ਜਾ ਸਕਦਾ ਸੀ। ਪਰ ਰੀਡ ਦੀ ਦਲੀਲ ਸੀ, ਕਿ ਜੇਕਰ ਉਸਨੂੰ ਮੌਕਾ ਮਿਲਿਆ ਤਾਂ ਗੁਰਦਿੱਤ ਸਿੰਘ ਕਨੇਡਾ ਸਰਕਾਰ ਉੱਪਰ ਦਬਾਅ ਪਾਉਣ ਲਈ ਭਾਰਤ ਸਰਕਾਰ ਵਿਰੁੱਧ ਅੰਦੋਲਨ ਚਲਾ ਕੇ ਪ੍ਰੇਸ਼ਾਨੀ ਖੜ੍ਹੀ ਕਰ ਸਕਦਾ ਸੀ। ਸੋ ਗੁਰਦਿੱਤ ਸਿੰਘ ਨੂੰ ਆਪਣੀ ਮੌਜੂਦਾ ਜਗ੍ਹਾ ਉੱਪਰ ਹੀ ਰਹਿਣਾ ਪੈਣਾ ਸੀ।

ਕਿਸੇ ਹੋਰ ਵਿਸ਼ੇ ਨਾਲੋਂ, ਕਾਮਾਗਾਟਾ ਮਾਰੂ ਦੇ ਮਸਲੇ ਨੂੰ ਲੈਕੇ ਸ਼ਹਿਰ ਵਿਚ

ਦੰਗੇ ਭੜਕਣ ਦੀ ਸੰਭਾਵਨਾ ਦਾ ਜ਼ਿਕਰ ਰੀਡ ਵਾਰ-ਵਾਰ ਕਰਦਾ ਰਹਿੰਦਾ ਸੀ। ਇਹ ਗੱਲ ਸੱਚ ਸੀ, ਕਿ ਸਿਟੀ ਕੌਂਸਲ ਤੇ ਵਪਾਰ ਮੰਡਲ ਜਿਹੀਆਂ ਸੰਸਥਾਵਾਂ ਨੇ ਸਰਕਾਰ ਨੂੰ ਮਿਲ ਕੇ, ਹਰ ਹੀਲੇ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੂੰ ਸ਼ਹਿਰ ਤੋਂ ਬਾਹਰ ਰੱਖਣ ਲਈ ਕਿਹਾ ਸੀ। ਵੈਨਕੂਵਰ ਇੱਕ ਨਵਾਂ ਤੇ ਅਣ-ਵਿਉਂਤਿਆ ਸ਼ਹਿਰ ਸੀ। ਜੋ ਪਿਛਲੇ 10-12 ਸਾਲਾਂ ਵਿਚ ਬਹੁਤ ਜ਼ਿਆਦਾ ਫ਼ੈਲ ਗਿਆ ਸੀ ਇਹ ਸ਼ਹਿਰ ਮੰਦੀ ਦੀ ਮਾਰ ਝੱਲ ਰਿਹਾ ਸੀ। ਅਤੇ ਇਮਾਰਤਸਾਜ਼ੀ ਜਿਹੇ ਕੁਝ ਧੰਦਿਆਂ ਵਿਚ 60 ਪ੍ਰਤੀਸ਼ਤ ਤੱਕ ਬੇਰੁਜ਼ਗਾਰੀ ਸੀ। ਇਸ ਹਾਲਾਤ ਨੇ ਕਈ ਗੋਰੇ ਮਜ਼ਦੂਰਾਂ ਨੂੰ ਵੀ ਪ੍ਰਭਾਵਤ ਕੀਤਾ ਸੀ ਅਤੇ ਉਨ੍ਹਾਂ ਦੇ ਗੁੱਸੇ ਦਾ ਨਿਸ਼ਾਨਾ, ਕੁਝ ਹੱਦ ਤੱਕ ਭਾਰਤੀ ਲੋਕ ਸਨ। ਬਸੰਤ ਰੁੱਤ ਦੇ ਸ਼ੁਰੂ ਵਿਚ ਕੁਝ ਗੋਰੇ ਮਜ਼ਦੂਰਾਂ ਨੇ ਮੰਗ ਕੀਤੀ ਕਿ ਭਾਰਤੀ ਮਜ਼ਦੂਰਾਂ ਵਾਲੀਆਂ ਨੌਕਰੀਆਂ ਵੀ ਉਨ੍ਹਾਂ ਨੂੰ ਦਿੱਤੀਆਂ ਜਾਣ ਅਤੇ ਦੋ ਲੱਕੜ-ਕੰਪਨੀਆਂ ਨੇ ਉਨ੍ਹਾਂ ਦੀ ਮੰਗ ਅੱਗੇ ਗੋਡੇ ਟੇਕ ਦਿੱਤੇ ਸਨ, ਅਤੇ ਭਾਰਤੀ ਮਜ਼ਦੂਰਾਂ ਨੂੰ ਹਟਾ ਕੇ ਗੋਰਿਆਂ ਨੂੰ ਕੰਮ ਉੱਪਰ ਰੱਖ ਲਿਆ ਸੀ। ਪਰ ਕੋਈ ਜਥੇਬੰਦ ਮੁਜ਼ਾਹਰੇ ਨਹੀਂ ਹੋ ਰਹੇ ਸਨ ਅਤੇ ਨਾ ਹੀ ਕੋਈ ਐਸੀ ਘਟਨਾ ਵਾਪਰੀ, ਜਿਸ ਵਿਚ ਹਾਲਾਤ ਕਾਬੂ ਤੋਂ ਬਾਹਰ ਹੋ ਗਏ ਹੋਣ। ਪਰ ਰੀਡ ਕਿਸੇ ਹਕੀਕੀ ਸਰੋਕਾਰ ਦਾ ਦਿਖਾਵਾ ਕਰਨ ਨਾਲੋਂ ਸਿਰਫ਼ ਦਲੀਲ ਦਾ ਸਹਾਰਾ ਲੈ ਰਿਹਾ ਸੀ।

ਜਦੋਂ ਮੁਸਾਫ਼ਰਾਂ ਦਾ ਵੈਨਕੂਵਰ ਬੰਦਰਗਾਹ ਵਿਚ ਜਹਾਜ਼ ਉੱਪਰ ਰਹਿੰਦੇ ਹੋਏ ਦੂਸਰਾ ਹਫ਼ਤਾ ਸ਼ੁਰੂ ਹੋ ਗਿਆ, ਤਾਂ ਖ਼ੁਰਾਕ ਤੇ ਪਾਣੀ ਦਾ ਮਸਲਾ ਮੁੱਖ ਸਵਾਲ ਬਣ ਗਿਆ। ਖਾਸ ਕਰਕੇ ਇਹ ਮਸਲਾ ਕਿ ਇਸ ਦਾ ਖਰਚਾ ਕਿਸ ਨੇ ਦੇਣਾ ਸੀ। ਗੁਰਦਿੱਤ ਸਿੰਘ ਲਗਾਤਾਰ ਦੋ ਦਿਨ ਇਮੀਗਰੇਸ਼ਨ ਅਧਿਕਾਰੀਆਂ ਨੂੰ ਕਹਿੰਦਾ ਰਿਹਾ ਕਿ ਉਨ੍ਹਾਂ ਕੋਲ ਖਾਣਾ ਬਹੁਤ ਘੱਟ ਰਹਿ ਗਿਆ ਹੈ, ਅਤੇ ਇਮੀਗਰੇਸ਼ਨ ਵਿਭਾਗ ਖਾਣੇ ਦਾ ਇੰਤਜ਼ਾਮ ਕਰੇ। ਕਿਉਂਕਿ ਉਹ ਖ਼ੁਦ ਤੱਟ ਉੱਪਰ ਨਹੀਂ ਜਾ ਸਕਦਾ ਸੀ। ਮਾਲਕਮ ਰੀਡ ਉੱਪਰ ਇਸ ਗੱਲ ਦਾ ਕੋਈ ਅਸਰ ਨਾ ਹੋਇਆ। ਹਾਲਾਂ ਕਿ ਉਸਨੇ ਦੋ-ਤਿੰਨ ਹਫ਼ਤੇ ਚੱਲਣ ਜੋਗਾ 200 ਟਨ ਪਾਣੀ ਭੇਜ ਦਿੱਤਾ ਸੀ। ਜਦ ਗੁਰਦਿੱਤ ਸਿੰਘ ਨੇ ਭੁੱਖ ਹੜਤਾਲ ਦਾ ਐਲਾਨ ਕੀਤਾ ਤਾਂ ਰੀਡ ਨੇ ਇਸ ਧਮਕੀ ਦਾ ਮਖ਼ੌਲ ਉਡਾਇਆ ਕਿਉਂਕਿ ਜਾਪਾਨੀ ਚਾਲਕ ਦਲ ਨੇ ਜਾਣਕਾਰੀ ਦਿੱਤੀ ਸੀ, ਕਿ ਮੁਸਾਫ਼ਰ ਰਾਤ ਨੂੰ ਖਾਣਾ ਬਣਾਉਂਦੇ ਸਨ ਅਤੇ ਉਨ੍ਹਾਂ ਦਾ ਆਗੂ ਵੀ ਨਿਯਮਤ ਤੌਰ'ਤੇ ਆਪਣਾ ਭੋਜਣ ਖਾ ਰਿਹਾ ਸੀ। 6 ਜੂਨ, ਸ਼ੁਕਰਵਾਰ ਨੂੰ ਗੁਰਦਿੱਤ ਸਿੰਘ ਨੇ ਬਾਦਸ਼ਾਹ ਅਤੇ ਗਵਰਨਰ ਜਨਰਲ ਨੂੰ ਸੁਨੇਹਾ ਭੇਜਿਆ, "ਚਾਰ ਦਿਨ ਤੋਂ ਰਾਸ਼ਨ ਖਤਮ ਹੈ, ਰੀਡ ਨੇ ਰਾਸ਼ਨ ਭੇਜਣ ਤੋਂ ਮਨਾਹ ਕਰ ਦਿੱਤਾ ਹੈ ਅਤੇ ਕੈਦੀਆਂ ਦੀ ਤਰ੍ਹਾਂ ਰੱਖੇ ਮੁਸਾਫ਼ਰ ਭੁੱਖੇ ਮਰ ਰਹੇ ਹਨ।" ਜਦ ਉਸ ਨੇ ਇਮੀਗਰੇਸ਼ਨ ਅਧਿਕਾਰੀ ਨੂੰ ਇਹ ਰੁੱਕਾ ਫੜਾਇਆ-ਜੋ ਤੱਟ ਉੱਪਰ ਕੋਈ ਚੀਜ਼ ਭੇਜਣ ਦਾ ਇੱਕੋ-ਇੱਕ ਸਾਧਨ ਸੀ—ਨਾਲ ਹੀ ਉਸਨੇ ਨੇ ਤਾਰ ਖਰਚ ਲਈ 40 ਡਾਲਰ ਵੀ ਉਸ ਅਧਿਕਾਰੀ ਨੂੰ ਦਿੱਤੇ। ਜਿਸ ਗੱਲ ਨੂੰ ਲੈ

ਕੇ ਰੀਡ ਨੇ ਤਨਜ਼ ਕਸੀ, ਕਿ ਜੇਕਰ ਗੁਰਦਿੱਤ ਸਿੰਘ ਕੋਲ ਤਾਰ-ਖਰਚ ਲਈ 40 ਡਾਲਰ ਸਨ, ਤਾਂ ਉਸ ਪਾਸ ਖਾਣੇ ਲਈ ਵੀ ਪੈਸੇ ਹੋਣੇ ਚਾਹੀਦੇ ਸਨ। ਮੁਸਾਫ਼ਰਾਂ ਵਲੋਂ ਮੰਗੇ ਗਈ ਕਰਿਆਨੇ ਦੀ ਸੂਚੀ-ਆਟੇ ਦੇ ਇੱਕ ਸੌ ਥੈਲੇ, ਅਦਰਕ, ਬੰਦ-ਗੋਭੀ, 250 ਕਿਲੋ ਸ਼ੁੱਧ ਮੱਖਣ, ਦਸ ਡੱਬੇ ਦੁੱਧ, 50 ਜਿੰਦਾ ਭੇਡਾਂ ਜਾਂ ਬਕਰੀਆਂ, ਸਿਗਰਟਾਂ ਦੇ 200 ਡੱਬੇ, ਲਾਲ ਮਿਰਚ, ਮਸਾਲੇ ਅਤੇ ਆਂਡਿਆਂ ਦੇ ਡਾਲੇ। ਰੀਡ ਨੂੰ ਇਹ ਮੰਗ ਬਹੁਤ ਬੇਥੱਵੀ ਲੱਗੀ ਹਾਲਾਂ ਕਿ ਮਿਕਦਾਰ ਦੇ ਹਿਸਾਬ ਨਾਲ ਇਹ ਮੰਗਾਂ ਗ਼ੈਰ-ਵਾਜਿਬ ਨਹੀਂ ਸਨ। ਅਤੇ ਝਟਕਣ ਲਈ ਜਾਨਵਰਾਂ ਨੂੰ ਜਹਾਜ਼ ਉੱਪਰ ਲੈ ਕੇ ਜਾਣ ਦਾ ਵਿਚਾਰ ਵੀ ਉਸ ਸਮੇਂ ਐਨਾ ਅਸਧਾਰਨ ਨਹੀਂ ਸੀ। ਜਿੰਨਾ ਇਹ ਅੱਜਕਲ ਲੱਗ ਸਕਦਾ ਹੈ। ਸੋ ਮਸਲਾ ਇੱਥੇ ਰੁਕ ਗਿਆ। ਉਸੇ ਸ਼ਾਮ ਰਹੀਮ ਨੇ ਇਹ ਦੱਸਣ ਲਈ ਫੋਨ ਕੀਤਾ ਕਿ ਜਹਾਜ਼ ਉੱਪਰ ਪਹੁੰਚਾਉਣ ਲਈ ਉਨ੍ਹਾਂ ਦੀ ਕਮੇਟੀ ਨੇ, ਮੱਛੀ ਫੜ੍ਹਨ ਵਾਲੀ ਇੱਕ ਜਾਪਾਨੀ ਕਿਸ਼ਤੀ ਵਿਚ 5 ਟਨ ਖਾਣਾ ਲੱਦਿਆ ਸੀ। ਇਸ ਖਾਣੇ ਨੂੰ ਅਧਿਕਾਰੀਆਂ ਦੁਆਰਾ ਲਿਜਾਏ ਜਾਣ ਲਈ, ਇਮੀਗਰੇਸ਼ਨ ਵਿਭਾਗ ਦੀ ਕਿਸ਼ਤੀ ਉੱਪਰ ਲੱਦ ਦਿੱਤਾ ਗਿਆ ਜਿਸ ਨੂੰ ਜਹਾਜ਼ ਦੇ ਜੰਗਲੇ ਕੋਲ ਖੜ੍ਹੇ ਗੁਰਦਿੱਤ ਸਿੰਘ ਨੇ ਇਸ਼ਾਰੇ ਨਾਲ ਵਾਪਸ ਮੋੜ ਦਿੱਤਾ।

ਹਫ਼ਤੇ ਦੇ ਅਖੀਰ ਤੱਕ ਜਹਾਜ਼ ਵਿਚ ਭੁੱਖ ਸੱਚਮੁੱਚ ਪਸਰ ਗਈ। ਭਾਵੇਂ ਕਿ ਗੁਰਦਿੱਤ ਸਿੰਘ ਅਤੇ ਉਸ ਦੇ 4-5 ਨਜ਼ਦੀਕੀ ਸਾਥੀਆਂ ਦੀ ਰਸੋਈ ਜੋ ਸਾਂਝੀ ਰਸੋਈ ਤੋਂ ਵੱਖਰੀ ਸੀ, ਵਿਚ ਕੁਝ ਖਾਣਾ ਅਜੇ ਬਾਕੀ ਸੀ। ਜਹਾਜ਼ ਦੇ ਡਾਕਟਰ ਰਘੁਨਾਥ ਸਿੰਘ ਨੇ ਤੱਟ ਉੱਪਰ ਸੁਨੇਹਾ ਭੇਜਿਆ ਕਿ ਉਸਦੀ ਪਤਨੀ, ਬੱਚੇ ਅਤੇ ਉਸ ਕੋਲ ਖਾਣ ਲਈ ਕੁਝ ਨਹੀਂ ਸੀ। ਅਤੇ ਉਹ ਆਪਣੀ ਸਪੁਰਦਗੀ ਹੇਠਲੇ ਸਾਰੇ ਲੋਕਾਂ ਦੀ ਸਿਹਤ ਸੰਭਾਲ ਵੱਲ ਧਿਆਨ ਦੇਣ ਦੀ ਸਥਿਤੀ ਵਿਚ ਨਹੀਂ ਰਿਹਾ ਸੀ। ਸੋਮਵਾਰ ਨੂੰ ਉਸਦੀ ਬੇਨਤੀ 'ਤੇ, ਹਾੱਪਕਿਨਸਨ ਗੁਰਦਿੱਤ ਸਿੰਘ ਦੇ ਸਕੱਤਰ ਦਲਜੀਤ ਸਿੰਘ ਕਾਉਣੀ ਨੂੰ ਮਿਲਿਆ, ਜੋ ਉਸ ਨੂੰ ਇੱਕ ਕੈਬਿਨ ਵਿਚ ਲੈ ਕੇ ਗਿਆ ਜਿੱਥੇ ਕਈ ਮਿੰਟਾਂ ਦੀ ਉਡੀਕ ਬਾਅਦ ਗੁਰਦਿੱਤ ਸਿੰਘ ਅਤੇ ਉਸਦੇ ਕੁਝ ਸਾਥੀ ਵੀ ਉਨ੍ਹਾਂ ਨੂੰ ਮਿਲੇ। ਗੁਰਦਿੱਤ ਸਿੰਘ ਨੇ ਕਿਹਾ ਕਿ ਉਸ ਦੇ ਸਾਥੀਆਂ ਨੇ ਇਹ ਸੋਚ ਕੇ ਭੁੱਖ ਹੜਤਾਲ ਕੀਤੀ ਸੀ ਕਿ ਇਸ ਕਾਰਵਾਈ ਨਾਲ ਕਨੇਡਾ ਸਰਕਾਰ ਦਾ ਧਿਆਨ ਮਸਲੇ ਵੱਲ ਖਿਚਿਆ ਜਾਵੇ। ਪਰ ਉਸ ਨੇ ਮਹਿਸੂਸ ਕੀਤਾ ਕਿ ਸਰਕਾਰ ਨੂੰ ਇਸ ਦੀ ਕੋਈ ਪ੍ਰਵਾਹ ਨਹੀਂ ਸੀ ਅਤੇ ਇੱਥੇ ਤਾਂ ਮਨੁੱਖਤਾ ਦੇ ਨਜ਼ਰੀਏ ਤੋਂ ਵੀ ਤੁਸੀਂ ਕਿਸੇ ਨਿਆਂਪੂਰਨ ਵਿਵਹਾਰ ਦੀ ਤਵੱਕੋ ਨਹੀਂ ਸੀ ਕਰ ਸਕਦੇ। ਹਾੱਪਕਿਨਸਨ ਸਾਰੀ ਗੱਲਬਾਤ ਦੌਰਾਨ ਆਪਣੇ ਆਪ ਨੂੰ ਨਿਰਪੱਖ ਦਿਖਾਉਣ ਵਿਚ ਕਾਮਯਾਬ ਰਿਹਾ। ਉਸ ਵਿਚ ਇੱਕ ਅਜਿਹਾ ਗੁਣ ਸੀ ਜੋ ਕਈ ਹਾਲਤਾਂ ਵਿਚ ਉਸਨੂੰ ਪ੍ਰਭਾਵਕਾਰੀ ਬਣਾਉਣ ਵਿਚ ਉਸਦਾ ਮਦਦਗਾਰ ਬਣਦਾ ਸੀ। ਉਹ ਆਪਣੇ ਸਟੈਂਡ ਤੋਂ ਇੱਕ ਇੰਚ ਵੀ ਨਹੀਂ ਹਿਲਿਆ। ਪਰ ਫਿਰ ਵੀ

ਗੁਰਦਿੱਤ ਸਿੰਘ ਦੀ ਜੇਬ 'ਚੋਂ 10 ਡਾਲਰ ਦਾ ਸੋਨੇ ਦਾ ਸਿੱਕਾ ਅਤੇ 18 ਪੌਂਡ ਸਟਰਲਿੰਗ ਕਢਵਾਉਣ ਵਿਚ ਕਾਮਯਾਬ ਰਿਹਾ। ਕਰਿਆਨੇ ਦੇ ਇੱਕ ਥੋਕ ਵਪਾਰੀ ਨਾਲ ਗੱਲਬਾਤ ਕਰਕੇ, ਉਸੇ ਸ਼ਾਮ ਨੂੰ 8 ਵਜੇ ਸਾਰੇ ਮੁਸਾਫ਼ਰਾਂ ਦੇ ਇੱਕ ਡੰਗ ਦੇ ਖਾਣੇ ਲਈ ਲੋੜੀਂਦੀ ਰਸਦ ਜਹਾਜ਼ ਉੱਪਰ ਪਹੁੰਚ ਗਈ ਸੀ।

ਸਰਕਾਰ ਨਹੀਂ ਚਾਹੁੰਦੀ ਸੀ ਕਿ ਮੁਸਾਫ਼ਰ ਭੁੱਖੇ ਰਹਿਣ। ਇਹ ਗੱਲ ਇਮੀਗਰੇਸ਼ਨ ਵਿਭਾਗ ਦੀ ਫਾਇਲ ਵਿਚ ਲੱਗੀਆਂ ਚਿੱਠੀਆਂ ਤੇ ਤਾਰਾਂ ਤੋਂ ਸਾਫ਼ ਹੋ ਜਾਂਦੀ ਹੈ। ਪਹਿੱਲੇ ਦੋ ਹਫ਼ਤਿਆਂ ਵਿਚ ਹੀ ਓਟਾਵਾ ਵਿਚਲੇ ਇਮੀਗਰੇਸ਼ਨ ਸੁਪਰਡੈਂਟ ਨੇ ਜ਼ਰੂਰਤ ਪੈਣ 'ਤੇ ਖ਼ੁਰਾਕ ਤੇ ਪਾਣੀ ਮੁਹੱਈਆ ਕਰਾਉਣ ਦੀ ਮਨਜ਼ੂਰੀ ਦੇ ਦਿੱਤੀ ਸੀ। ਪਰ ਉਸਨੇ ਮਾਲਕਮ ਰੀਡ ਨੂੰ ਇਸ ਸਿਧਾਂਤ ਉੱਪਰ ਡਟੇ ਰਹਿਣ ਲਈ ਕਿਹਾ ਕਿ ਮੁਸਾਫ਼ਰਾਂ ਦੇ ਰਾਸ਼ਨ ਦਾ ਖਰਚਾ ਜਹਾਜ਼ ਦੇ ਕਿਰਾਏਦਾਰ ਨੇ ਦੇਣਾ ਸੀ। ਸਰਕਾਰ ਨੇ ਨਹੀਂ। ਇਮੀਗਰੇਸ਼ਨ ਕਾਨੂੰਨ ਮੁਤਾਬਕ ਇਹ ਕਨੇਡਾ ਸਰਕਾਰ ਦਾ ਨਿਯਮ ਸੀ। ਇਸ ਦਾ ਮਤਲਬ ਸੀ ਕਿ ਆਉਣ ਵਾਲੇ ਹਫ਼ਤਿਆਂ ਵਿਚ ਮਾਲਕਮ ਰੀਡ ਨੇ ਉੱਨੀ ਦੇਰ ਸਰਕਾਰ ਦਾ ਕੋਈ ਪੈਸਾ ਨਹੀਂ ਖਰਚਣਾ ਸੀ, ਜਦ ਤੱਕ ਉਸਨੂੰ ਪੂਰੀ ਤਰ੍ਹਾਂ ਯਕੀਨ ਨਾ ਹੋ ਜਾਂਦਾ ਕਿ ਮੁਸਾਫ਼ਰਾਂ ਕੋਲ ਖਾਣਾ ਬਿਲਕੁਲ ਖਤਮ ਹੋ ਚੁੱਕਾ ਹੈ। ਕਈ ਵਾਰ ਉਸਨੇ ਇਸ ਗੱਲ ਦਾ ਯਕੀਨ ਕਰਨ ਵਿਚ ਬਹੁਤ ਦੇਰ ਕਰ ਦਿੱਤੀ। ਅਤੇ ਮੁਸਾਫ਼ਰਾਂ ਨੂੰ 24 ਘੰਟੇ ਜਾਂ ਇਸ ਤੋਂ ਵੀ ਜ਼ਿਆਦਾ ਸਮੇਂ ਤੱਕ ਭੁੱਖੇ ਪਿਆਸੇ ਰਹਿਣਾ ਪਿਆ ਸੀ।

ਇਹ ਸ਼ੁਰੂ ਤੋਂ ਹੀ ਇੱਕ ਅਸਾਵੀਂ ਲੜਾਈ ਸੀ, ਇਮੀਗਰੇਸ਼ਨ ਵਿਭਾਗ ਦਾ ਹੱਥ ਉੱਪਰ ਸੀ। ਪਰ ਦੋ ਹਫ਼ਤੇ ਬਾਅਦ ਵੀ ਗੁਰਦਿੱਤ ਸਿੰਘ ਅਤੇ ਉਸਦੇ ਸਾਥੀ ਹਥਿਆਰ ਸੁੱਟਣ ਲਈ ਬਿਲਕੁਲ ਤਿਆਰ ਨਹੀਂ ਸਨ। 4 ਦਿਨ ਪਹਿਲਾਂ ਸ਼ੁਰੂ ਕੀਤੇ ਨਿਰੀਖਣ ਦੀ ਕਾਰਵਾਈ ਦੇ ਬਾਈਕਾਟ ਨੂੰ ਖਤਮ ਕਰਦਿਆਂ, 9 ਜੂਨ ਦਿਨ ਮੰਗਲਵਾਰ ਨੂੰ ਗੁਰਦਿੱਤ ਸਿੰਘ ਨੇ ਕਨੇਡਾ ਵਾਪਸ ਪਰਤ ਰਹੇ ਬਾਕੀ ਦੇ ਵੀਹ ਮੁਸਾਫ਼ਰਾਂ ਨੂੰ ਵੀ ਆਪਣੀ ਸੁਣਵਾਈ ਵਿਚ ਹਿੱਸਾ ਲੈਣ ਲਈ ਤੱਟ ਉੱਪਰ ਜਾਣ ਦੀ ਇਜ਼ਾਜਤ ਦੇ ਦਿੱਤੀ। ਜਦੋਂ ਉਹ ਜਹਾਜ਼ ਤੋਂ ਉਤਰ ਰਹੇ ਸਨ ਤਾਂ ਗੁਰਦਿੱਤ ਸਿੰਘ ਦੇ ਸਕੱਤਰ ਦਲਜੀਤ ਸਿੰਘ ਕਾਉਣੀ ਨੇ ਇਹ ਕਹਿੰਦਿਆਂ ਇਮੀਗਰੇਸ਼ਨ ਵਿਭਾਗ ਦੀ ਕਿਸ਼ਤੀ ਉੱਪਰ ਚੜ੍ਹਨ ਦੀ ਕੋਸ਼ਿਸ਼ ਕੀਤੀ ਕਿ ਰੀਡ ਨੇ ਉਸਨੂੰ ਰਾਸ਼ਨ ਲਿਆਉਣ ਲਈ ਸ਼ਹਿਰ ਜਾਣ ਦੀ ਇਜ਼ਾਜਤ ਦੇ ਰੱਖੀ ਸੀ। ਉਥੇ ਖੜ੍ਹੇ ਹਾੱਪਕਿਨਸਨ ਨੇ ਨਾਂਹ ਕਰ ਦਿੱਤੀ। ਇਸਦੀ ਬਜਾਏ ਉਸ ਨੇ ਜਹਾਜ਼ ਦੇ ਮੈਡੀਕਲ ਅਫ਼ਸਰ ਰਘੂਨਾਥ ਸਿੰਘ ਨੂੰ ਪੇਸ਼ਕਸ ਕੀਤੀ ਕਿ ਖਰੀਦਦਾਰੀ ਕਰਨ ਲਈ ਉਹ ਕਿਸੇ ਅਧਿਕਾਰੀ ਦੇ ਨਾਲ ਸ਼ਹਿਰ ਜਾ ਸਕਦਾ ਸੀ। ਗੁਰਦਿੱਤ ਸਿੰਘ ਨੇ ਕਿਹਾ ਕਿ ਜੇਕਰ ਅਧਿਕਾਰੀਆਂ ਦਾ ਇਹ ਵਤੀਰਾ ਸੀ, ਤਾਂ ਉਹ ਨੇ ਬਿਨਾਂ ਕਿਸੇ ਖਰੀਦਦਾਰੀ ਤੋਂ ਸਾਰ ਲੈਣਗੇ। ਅਧਿਕਾਰੀਆਂ ਲਈ ਇੱਥੇ ਅਸਲੀ ਮਸਲਾ ਗੁਰਦਿੱਤ ਸਿੰਘ ਤੇ ਉਸਦੇ ਨਜ਼ਦੀਕੀ

ਸਾਥੀਆਂ (ਜਿਸ ਵਿਚ ਰਘੁਨਾਥ ਸਿੰਘ ਸ਼ਾਮਲ ਨਹੀਂ ਸੀ) ਦੀ ਦੂਸਰੇ ਯਾਤਰੀਆਂ ਨਾਲੋਂ ਵਿਤਕਰੇ ਨੂੰ ਕਾਇਮ ਰੱਖਣ ਦਾ ਸੀ। ਇਸ ਢੰਗ ਨਾਲ ਅਧਿਕਾਰੀ ਉਨ੍ਹਾਂ ਨੂੰ ਵੱਖਰਾ ਰੱਖਣਾ ਚਾਹੁੰਦੇ ਸਨ ਅਤੇ ਉਨ੍ਹਾਂ ਇਵੇਂ ਹੀ ਕੀਤਾ।

ਉਸ ਦਿਨ ਕਨੇਡਾ ਵਾਪਸ ਪਰਤਣ ਵਾਲੇ ਅਖੀਰਲੇ ਪੰਜ ਮੁਸਾਫ਼ਰਾਂ ਨੂੰ ਵੀ ਤੱਟ ਉੱਪਰ ਉੱਤਰਨ ਦੀ ਇਜ਼ਾਜਤ ਮਿਲ ਗਈ। ਜਿਸ ਕਾਰਨ ਜਹਾਜ਼ ਵਿਚ ਬਾਕੀ 355 ਮੁਸਾਫ਼ਰ ਰਹਿ ਗਏ। (ਪਹੁੰਚਣ ਸਮੇਂ ਮੌਜੂਦ ਕੁਲ 376 ਮੁਸਾਫ਼ਰਾਂ 'ਚੋਂ 20 ਭਾਰਤ ਤੋਂ ਵਾਪਸ ਪਰਤ ਰਹੇ ਕਨੇਡੀਅਨ ਨਾਗਰਿਕ ਸਨ। ਅਤੇ ਇੱਕ ਸੰਤਾ ਸਿੰਘ ਨਾਮ ਦਾ ਜਿਲ੍ਹਾ ਕਪੂਰਥਲਾ, ਪੰਜਾਬ ਦਾ 27 ਸਾਲਾ ਮੁਸਾਫ਼ਰ ਸੀ। ਉਸਨੂੰ ਜਹਾਜ਼ ਦੀ ਪਹੁੰਚ ਦੇ ਕੁਝ ਦਿਨ ਬਾਅਦ ਹੀ ਤੱਟ ਉੱਪਰ ਲਿਜਾਇਆ ਗਿਆ ਸੀ। ਕਿਉਂਕਿ ਉਹ ਦਮੇਂ ਦੀ ਬਿਮਾਰੀ ਨਾਲ ਬੁਰੀ ਤਰਾਂ ਪੀੜਿਤ ਸੀ। ਵੈਨਕੂਵਰ ਜਨਰਲ ਹਸਪਤਾਲ ਵਿਚ ਦਾਖਲ ਹੋਣ ਬਾਅਦ, ਇੱਕ ਹਫ਼ਤੇ ਵਿਚ ਹੀ ਉਸ ਦੀ ਮੌਤ ਹੋ ਗਈ ਸੀ)। ਜੋ ਮੁਸਾਫ਼ਰ ਪਹਿਲਾਂ ਕਦੇ ਵੀ ਕਨੇਡਾ ਨਹੀਂ ਆਏ ਸਨ, ਉਨ੍ਹਾਂ ਦਾ ਨਿਰੀਖਣ ਕਰਨ ਤੋਂ ਸਿਵਾਏ ਹੋਰ ਕੋਈ ਚਾਰਾ ਨਾ ਹੋਣ ਕਾਰਨ, ਮਾਲਕਮ ਰੀਡ ਨੇ ਨਿਰੀਖਣ ਦੀ ਕਾਰਵਾਈ ਸਰੀਰਕ ਪੱਖੋਂ ਅਯੋਗ ਮੁਸਾਫ਼ਰਾਂ ਤੋਂ ਸ਼ੁਰੂ ਕੀਤੀ ਜੋ ਗਿਣਤੀ ਵਿਚ ਕੁਲ 88 ਸਨ। 77 ਕੁੱਕਰਿਆਂ ਨਾਲ ਪੀੜਿਤ ਸਨ ਅਤੇ 11 ਨੂੰ ਦੂਜੀਆਂ ਬਿਮਾਰੀਆਂ ਸਨ। ਉਸ ਦੀ ਨੀਤੀ ਸੀ ਕਿ 'ਲਗਾਤਾਰ ਯਾਤਰਾ' ਤੇ '200 ਡਾਲਰ ਕੋਲ ਹੋਣ' ਵਾਲੇ ਨਿਯਮਾਂ ਦਾ ਸਹਾਰਾ ਲਏ ਬਗੈਰ ਮੁਸਾਫ਼ਰਾਂ ਨੂੰ ਨਾ-ਮਨਜ਼ੂਰ ਕਰਨ ਦੀ ਸੀ। ਜਿੰਨਾਂ ਨਿਯਮਾਂ ਦੀ ਵਾਜਬੀਅਤ ਨੂੰ ਮੁਸਾਫ਼ਰਾਂ ਦਾ ਵਕੀਲ ਐਡਵਰਡ ਬਰਡ ਅਦਾਲਤਾਂ ਵਿਚ ਪਰਖਣ ਲਈ ਉਤਾਵਲਾ ਸੀ।

ਜਦ ਉਸ ਨੇ 10 ਜੂਨ ਨੂੰ ਸਵੇਰੇ ਜਹਾਜ਼ ਦਾ ਫੇਰਾ ਲਾਇਆ ਤਾਂ ਹਾੱਪਕਿਨਸਨ ਨੇ ਮੁਸਾਫ਼ਰਾਂ ਦੇ ਰਉਂ ਵਿਚ ਕੁਝ ਅਣਸੁਖਾਂਵਾਂ ਪਣ ਮਹਿਸੂਸ ਕੀਤਾ। ਉਸ ਨੇ ਕਿਆਸ ਲਾਈ ਕਿ ਜੇਕਰ ਮੁਸਾਫ਼ਰਾਂ ਨੂੰ ਖਾਣਾ ਨਾ ਮਿਲੇ ਤਾਂ ਸੰਭਵ ਸੀ, ਬਾਬਾ ਗੁਰਦਿੱਤ ਸਿੰਘ ਅਤੇ ਉਸਦੇ ਨਜ਼ਦੀਕੀਆਂ ਦੀ ਕੁੱਟ-ਮਾਰ ਉਸ ਦੇ ਆਪਣੇ ਲੋਕਾਂ ਵਲੋਂ ਹੀ ਹੋ ਜਾਵੇ। ਪਰ ਉਹ ਗਲਤ ਸੋਚ ਰਿਹਾ ਸੀ। ਜਹਾਜ਼ ਦੇ ਕਿਰਾਏਦਾਰ ਦਾ ਹਾਲਾਤ ਉੱਪਰ ਪੂਰਾ ਕੰਟਰੋਲ ਸੀ। ਦੋ-ਤਿੰਨ ਬੰਦਿਆਂ ਨੂੰ ਛੱਡ ਕੇ ਸਾਰੇ ਮੁਸਾਫ਼ਰ ਉਸ ਦਾ ਬਹੁਤ ਸਤਿਕਾਰ ਕਰਦੇ ਸਨ ਅਤੇ ਉਸ ਉੱਪਰ ਪੂਰਾ ਵਿਸ਼ਵਾਸ ਕਰਦੇ ਸਨ। ਅਜੇ ਤੱਕ ਜਹਾਜ਼ ਉੱਪਰ ਸਲੀਕਾ ਪੂਰੀ ਤਰਾਂ ਕਾਇਮ ਸੀ। ਸਿਰਫ਼ ਇੱਕ ਜੂਨ ਦੀ ਘਟਨਾ ਨੂੰ ਛੱਡ ਕੇ, ਜਦੋਂ ਕੁਝ ਮੁਸਾਫ਼ਰਾਂ ਨੇ ਇੱਕ ਸੁਰੱਖਿਆ ਕਰਮੀ ਨੂੰ ਫੜ ਕੇ ਜਹਾਜ਼ ਦੇ ਫੱਟਾ-ਗੇਟ ਰਾਹੀਂ ਧੱਕ ਕੇ ਬਾਹਰ ਕਰ ਦਿੱਤਾ ਸੀ ਅਤੇ ਮਾਲਕਮ ਰੀਡ ਨੂੰ ਰਾਤ ਸਮੇਂ ਆਪਣੇ ਬੰਦਿਆਂ ਨੂੰ ਜਹਾਜ਼ ਤੋਂ ਬਾਹਰ ਰੱਖਣ ਲਈ ਚਿਤਾਵਨੀ ਦੇ ਦਿੱਤੀ ਸੀ। ਰੀਡ ਖੁਦ ਤੱਟ ਉੱਪਰ ਹੀ ਰਹਿੰਦਾ ਸੀ ਅਤੇ ਉਸਦੇ ਮੁਲਾਜ਼ਮ ਜੋ ਬਿਨਾਂ ਕਿਸੇ ਡਰ ਦੇ, ਸਾਰਾ ਦਿਨ ਜਹਾਜ਼ ਉੱਪਰ ਆਉਂਦੇ ਜਾਂਦੇ ਰਹਿੰਦੇ ਸਨ, ਇਸ

ਪੱਖੋਂ ਰੀਡ ਨੂੰ ਉਹ ਬਹੁਤ ਡਰਪੋਕ ਸਮਝਦੇ ਸਨ।

ਇਸ ਸਮੇਂ ਇਮੀਗਰੇਸ਼ਨ ਏਜੰਟ ਮਾਲਕਮ ਰੀਡ ਨੂੰ, ਸਾਰੇ ਮਸਲੇ ਦਾ ਹੱਲ ਬਗੈਰ ਕਿਸੇ ਅਦਾਲਤ ਦੀ ਦਖਲ-ਅੰਦਾਜ਼ੀ ਦੇ, ਜਲਦੀ ਹੀ ਹੋ ਜਾਣ ਦੀ ਉਮੀਦ ਸੀ। ਇਸ ਆਸ਼ਾਵਾਦੀ ਦ੍ਰਿਸ਼ਟੀਕੋਣ ਲਈ ਉਸ ਕੋਲ ਕਾਰਨ ਵੀ ਮੌਜੂਦ ਸਨ। ਕੈਪਟਨ ਯਾਮਾਮੋਟੋ ਨੇ ਕੋਬੇ ਵਿਚ ਸਥਿਤ ਜ਼ਹਾਜ਼ ਦੇ ਮਾਲਕਾਂ ਤੋਂ ਸੁਣ ਰੱਖਿਆ ਸੀ ਅਤੇ ਉਨ੍ਹਾਂ ਦੀ ਹਿਦਾਇਤ ਵੀ ਸੀ, ਕਿ ਜੇਕਰ 11 ਜੂਨ ਤੱਕ 15000 ਡਾਲਰ ਦੀ ਬਕਾਇਆ ਰਾਸ਼ੀ ਨਾ ਦਿੱਤੀ ਗਈ ਤਾਂ ਉਸ ਤਰੀਕ ਨੂੰ ਕਾਮਾਗਾਟਾ ਮਾਰੂ ਨੂੰ ਵੈਨਕੂਵਰ ਤੋਂ ਰਵਾਨਾ ਕਰ ਲਿਆ ਜਾਵੇ। ਸਾਬਕਾ ਸੰਘੀ ਕੈਬਨਿਟ ਮੰਤਰੀ ਤੇ ਮੌਜੂਦਾ ਪ੍ਰਧਾਨ ਮੰਤਰੀ ਦੇ ਜ਼ਿੰਦਗੀ-ਭਰ ਦੇ ਦੋਸਤ, ਸਰ ਚਾਰਲਸ ਹਿਬਰਟ ਟੱਪਰ (Charles Hibbert Tupper) ਉਸ ਸਮੇਂ, ਜਹਾਜ਼ ਦੇ ਮਾਲਕਾਂ ਦੇ ਵਕੀਲ ਵਜੋਂ ਕੰਮ ਕਰ ਰਹੇ ਸਨ। ਜ਼ਹਾਜ਼ ਦੇ ਮਾਲਕਾਂ ਦੇ ਦਲਾਲ ਸੀ ਗਾਰਡਨਰ ਜਾਨਸਨ ਨਾਲ ਮਿਲ ਕੇ ਉਸ ਨੇ ਇਮੀਗਰੇਸ਼ਨ ਵਿਭਾਗ ਨੂੰ ਵਿਸ਼ਵਾਸ ਦਿਵਾਇਆ ਸੀ, ਕਿ ਉਹ ਮਹਿਕਮੇ ਦੀ ਹਰ ਸੰਭਵ ਮਦਦ ਕਰਨਗੇ। ਮਾਲਕਮ ਰੀਡ ਦੇ ਨਜ਼ਰੀਏ ਮੁਤਾਬਕ ਪੂਰਵ-ਸੰਕੇਤ ਬਹੁਤ ਅੱਛੇ ਸਨ। ਜਹਾਜ਼ ਦੀ ਏਸ਼ੀਆ ਦੀ ਵਾਪਸੀ ਯਾਤਰਾ ਲਈ, ਹੋ ਸਕਦਾ ਸੀ, ਕਿ ਸਰਕਾਰ ਨੂੰ ਰਾਸ਼ਨ ਦੀ ਪੂਰਤੀ ਕਰਨੀ ਪਵੇ। ਪਰ ਉਹ ਉੱਨੀ ਦੇਰ ਕੋਈ ਵੀ ਰਿਆਇਤ ਨਹੀਂ ਦੇਣਾ ਚਾਹੁੰਦਾ ਸੀ। ਜਦ ਤੱਕ ਮੁਸਾਫ਼ਰਾਂ ਕੋਲ ਵਾਪਸ ਜਾਣ ਤੋਂ ਇਲਾਵਾ ਕੋਈ ਚਾਰਾ ਨਾ ਬਚੇ।

ਜੂਨ ਦੇ ਸ਼ੁਰੂ ਵਿਚ ਹਾਲਾਤ ਕਿਹੋ-ਜਿਹੇ ਸਨ? ਕਾਮਾਗਾਟਾ ਮਾਰੂ ਦੇ ਮੁਸਾਫ਼ਰ ਦੇਸ਼ ਦੀ ਪੱਛਮੀ ਕੰਢੇ ਉੱਪਰ ਸਥਿਤ ਸਭ ਤੋਂ ਵੱਡੀ ਬੰਦਰਗਾਹ ਉੱਪਰ ਉੱਤਰ ਕੇ ਮੁਲਕ ਦੇ ਮੁੱਖ-ਦੁਆਰ ਰਾਹੀਂ ਕਨੇਡਾ ਵਿਚ ਦਾਖਲ ਹੋਣਾ ਚਾਹੁੰਦੇ ਸਨ। ਉਹ ਗ਼ੈਰ-ਕਾਨੂੰਨੀ ਇਮੀਗਰੇਂਟਾਂ ਵਾਂਗ ਸਰਹੱਦ ਦੀ ਕਿਸੇ ਅਸੁੱਰਖਿਤ ਥਾਂ ਤੋਂ ਜੰਗਲਾਂ ਰਾਹੀਂ ਜਾਂ ਕਿਸੇ ਦੂਰ ਦੇ ਅਤੇ ਨਜ਼ਰੋਂ-ਉਹੱਲੇ ਕੰਢੇ 'ਤੇ ਉਤਰ ਕੇ ਚੋਰੀ-ਚੋਰੀ ਦੇਸ਼ ਵਿਚ ਦਾਖਲ ਨਹੀਂ ਹੋਣਾ ਚਾਹੁੰਦੇ ਸਨ। ਉਹ ਕਨੇਡੀਅਨ ਅਦਾਲਤਾਂ ਦੀ ਮਨਜ਼ੂਰੀ ਨਾਲ ਸਿੱਧੇ ਤੌਰ 'ਤੇ ਦੇਸ਼ ਵਿਚ ਦਾਖਲ ਹੋਣਾ ਚਾਹੁੰਦੇ ਸਨ। ਅਤੇ ਇਸ ਯਤਨ ਲਈ, ਉਹ ਅਦਾਲਤ ਵਿਚ ਕਾਨੂੰਨੀ ਕੇਸ ਦਾਇਰ ਕਰਨ ਲਈ ਇੱਕ ਮੌਕਾ ਮਿਲਣ ਦੀ ਉਮੀਦ ਕਰਦੇ ਸਨ। ਉਨ੍ਹਾਂ ਸਾਰਿਆਂ ਅਤੇ ਖ਼ਾਸਕਰ ਜਹਾਜ਼ ਦੇ ਪੱਟੇਦਾਰ ਗੁਰਦਿੱਤ ਸਿੰਘ ਸਰਹਾਲੀ ਲਈ ਬਹੁਤ ਹੈਰਾਨਕੁੰਨ ਗੱਲ ਇਹ ਸੀ ਕਿ ਕੈਦੀਆਂ ਵਾਂਗ ਬੰਦ ਕਰਕੇ ਉਨ੍ਹਾਂ ਨੂੰ ਸਿਰਫ਼ ਜਹਾਜ਼ ਤੱਕ ਮਹਿਦੂਦ ਕਰ ਰੱਖਿਆ ਸੀ। ਅਤੇ ਕਨੇਡਾ ਦਾ ਸਮੁੰਦਰ ਛੱਡ ਕੇ ਜਾਣ ਤੋਂ ਇਲਾਵਾ ਉਨ੍ਹਾਂ ਕੋਲ ਕੋਈ ਹੋਰ ਅਖਤਿਆਰ ਨਹੀਂ ਸੀ। ਮਸਲੇ ਨਾਲ ਵਾਹ-ਵਾਸਤਾ ਰੱਖਣ ਵਾਲੇ ਅਫ਼ਸਰਾਂ ਨੂੰ ਉਨ੍ਹਾਂ ਨਾਲ ਕੋਈ ਹਮਦਰਦੀ ਨਹੀਂ ਸੀ। ਜੋ ਇਹ ਸੋਚਦੇ ਸਨ ਅਤੇ ਵਾਰ-ਵਾਰ ਉਨ੍ਹਾਂ ਨੂੰ ਕਹਿੰਦੇ ਵੀ ਸਨ ਕਿ ਉਹ ਕਾਨੂੰਨ ਤੋੜਨ ਵਾਲੇ ਅਤੇ ਗ਼ੈਰ-ਕਾਨੂੰਨੀ ਇਮੀਗਰੇਂਟ ਸਨ।

ਇਸ ਧਾਰਨਾ ਨੂੰ ਗ਼ੈਰ-ਵਾਜਬ ਸਮਝਦੇ ਹੋਏ, ਮੁਸਾਫ਼ਰਾਂ ਨੇ ਕਾਨੂੰਨ ਨੂੰ ਚੁਣੌਤੀ ਦਿੱਤੀ ਸੀ। ਹਾਲਾਤ ਦੀ ਹਕੀਕਤ ਸਮਝਣ ਵਾਲਿਆਂ ਦੀ ਬਜਾਏ, ਉਨ੍ਹਾਂ ਦਾ ਵਾਹ ਅਜਿਹੇ ਅਸਹਿਨਸ਼ੀਲ ਅਧਿਕਾਰੀਆਂ ਅਤੇ ਰਾਜਸੀ ਨੇਤਾਵਾਂ ਨਾਲ ਪਿਆ ਸੀ, ਜੋ ਉਨ੍ਹਾਂ ਦੀ ਉਥੇ ਪਹੁੰਚ 'ਤੇ ਮੌਜੂਦਗੀ ਨੂੰ, ਕਾਨੂੰਨ ਅੱਗੇ ਰੱਖੀ ਵਾਜਬ ਮੰਗ ਨਹੀਂ ਬਲਕਿ ਹੁਕਮ-ਅਦੂਲੀ ਸਮਝਦੇ ਸਨ।

***

ਅਧਿਆਏ : 6

## ਦੇਰੀ: ਅਧਿਕਾਰੀਆਂ ਦੀ ਢੁੱਚਰਬਾਜ਼ੀ



*9. ਐਚ ਐਚ ਸਟੀਵਨ, ਕੇਂਦਰ ਵਿਚ, ਸ਼ੀ ਲਾਈਨ ਟਗ ਬੋਟ ਤੇ ਪਰੈਸ ਨਾਲ ਗਲ ਕਰਦਿਆ, ਸਜੇ ਹੈ ਮੇਲਕਾਮ ਰੀਡ ਤੇ ਖੱਬੇ ਦੂਸਰੇ ਨੰਬਰ ਤੇ ਹਾਪਕਿੰਸਨ।*

ਕਾਮਾਗਾਟਾ ਮਾਰੂ ਮਸਲਾ ਸਥਾਨਕ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਹਿੱਤਾਂ ਦੇ ਰੋਲ-ਘਚੋਲੇ ਦੇ ਸੰਕਟ ਦੀ ਤਸਵੀਰ ਪੇਸ਼ ਕਰਦਾ ਸੀ। ਬਰਤਾਨਵੀ ਕਬਜ਼ੇ ਹੇਠਲੀ ਇੱਕ ਚੀਨੀ ਬੰਦਰਗਾਹ ਤੋਂ ਚੱਲ ਕੇ ਅਤੇ ਭਾਰਤੀ ਮੁਸਾਫਿਰਾਂ ਨੂੰ ਲੈ ਕੇ, ਇੱਕ ਜਾਪਾਨੀ-ਮਾਲਕੀ ਵਾਲਾ ਤੇ ਜਾਪਾਨੀ ਚਾਲਕ-ਦਲ ਦੁਆਰਾ ਚਲਾਇਆ ਜਾ ਰਿਹਾ ਜਹਾਜ਼, ਪ੍ਰਭਾਵੀ ਤੌਰ 'ਤੇ ਆਜ਼ਾਦ ਤੇ ਜਮਹੂਰੀ ਤਰਜ਼ ਦੀ ਸ਼ਾਸਨ ਪ੍ਰਣਾਲੀ ਵਾਲੀ ਇੱਕ ਬਰਤਾਨਵੀ ਰਿਆਸਤ ਵੱਲ ਆਇਆ ਸੀ। ਇਹਨਾਂ ਪੱਖਾਂ ਤੋਂ ਇਹ ਮਸਲਾ ਸਾਮਰਾਜ ਦੇ ਅੰਦਰੂਨੀ ਅਤੇ ਬਰਤਾਨਵੀ ਸਰਕਾਰ ਦੇ ਇੱਕ ਨਾਜ਼ੁਕ ਤੌਰ 'ਤੇ ਅਹਿਮ ਏਸ਼ੀਅਨ ਭਾਈਵਾਲ ਨਾਲ ਸਬੰਧਾਂ ਨੂੰ ਕਲਾਵੇ ਵਿਚ ਲੈਂਦਾ ਸੀ। ਵੈਨਕੂਵਰ ਦੇ ਸਥਾਨਕ ਨਜ਼ਰੀਏ ਤੋਂ ਦੇਖੀਏ ਤਾਂ ਅਦਾਲਤਾਂ ਤੱਕ ਪਹੁੰਚ ਦੇ ਹੱਕ ਨੂੰ ਲੈ ਕੇ, ਇਸ ਮਸਲੇ ਨੇ ਅਧਿਕਾਰੀਆਂ ਤੇ ਮੁਸਾਫ਼ਰਾਂ ਵਿਚਕਾਰ

ਇੱਕ ਸੰਘਰਸ਼ ਦਾ ਰੂਪ ਅਖਤਿਆਰ ਕਰ ਲਿਆ ਸੀ। ਮੁਸਾਫ਼ਰਾਂ ਅਤੇ ਤੱਟ ਉੱਪਰਲੇ ਉਨ੍ਹਾਂ ਦੇ ਦੋਸਤਾਂ ਦੇ ਹਿੱਤਾਂ ਦੇ ਵੱਖਰੇਵਿਆਂ ਨੇ ਮਸਲੇ ਨੂੰ ਹੋਰ ਗੁੰਝਲਦਾਰ ਬਣਾ ਦਿੱਤਾ ਸੀ। ਓਟਾਵਾ ਸਰਕਾਰ ਦਾ ਸਰੋਕਾਰ, ਇਸ ਮਸਲੇ ਦੀਆਂ ਸਾਮਰਾਜੀ ਤੰਦਾਂ ਸਨ। ਪਰ ਸਥਾਨਕ ਅਧਿਕਾਰੀਆਂ ਤੇ ਰਾਜਸੀ ਆਗੂਆਂ ਲਈ ਮੁੱਖ ਮਸਲਾ ਏਸ਼ੀਆ ਤੋਂ ਆਉਣ ਵਾਲੇ ਇਮੀਗਰੇਂਟਾਂ ਲਈ ਦਰਵਾਜ਼ੇ ਬੰਦ ਕਰਨਾ ਸੀ। ਵੈਨਕੂਵਰ ਦੇ ਐਮ.ਪੀ ਹੈਰੀ ਸਟੀਵਨਜ਼ ਦੀ ਸ਼ਹਿ ਹੇਠ ਕੰਮ ਕਰ ਰਹੇ ਇਮੀਗਰੇਸ਼ਨ ਏਜੰਟ ਮਾਲਕਮ ਰੀਡ ਦਾ ਨਜ਼ਰੀਆ ਵੀ ਇਹੀ ਸੀ। ਇਸੇ ਸਾਂਝੇ ਦ੍ਰਿਸ਼ਟੀਕੋਣ ਕਾਰਨ ਦੋਵੇਂ ਜਣੇ ਲਗਾਤਾਰ ਕੋਸ਼ਿਸ਼ਾਂ ਕਰ ਰਹੇ ਸਨ ਕਿ ਅਦਾਲਤ ਵਿਚ ਸੁਣਵਾਈ ਤੋਂ ਬਗੈਰ ਹੀ ਮੁਸਾਫ਼ਰਾਂ ਅਤੇ ਜਹਾਜ਼ ਨੂੰ ਵਾਪਸ ਏਸ਼ੀਆ ਜਾਣ ਲਈ ਮਜ਼ਬੂਰ ਕੀਤਾ ਜਾਵੇ।

ਮੁਸਾਫ਼ਰਾਂ ਲਈ ਸੰਘਰਸ਼, ਵੈਨਕੂਵਰ ਵਿਚ ਭਾਰਤੀ ਲੋਕਾਂ ਦੀ ਪ੍ਰਤੀਨਿਧਤਾ ਕਰ ਰਹੀ ਤੱਟ ਕਮੇਟੀ ਕਰ ਰਹੀ ਸੀ। 10 ਜੂਨ ਨੂੰ ਤੱਟਈ ਕਮੇਟੀ ਦੀ ਤਰਫ਼ੋਂ, ਹੁਸੈਨ ਰਹੀਮ ਨੇ 11000 ਡਾਲਰ ਦਾ ਚੈੱਕ ਜਹਾਜ਼ੀ ਏਜੰਟ ਸੀ.ਗਾਰਡਨਰ ਜੋਹਨਸ ਨੂੰ ਸੌਂਪਿਆ। ਇਹ ਚੈੱਕ ਕਾਮਾਗਾਟਾ ਮਾਰੂ ਦੇ ਪਹੁੰਚਣ ਦੇ ਢਾਈ ਹਫ਼ਤੇ ਬਾਅਦ ਅਤੇ ਜ਼ਿਆਦਾ ਮਹੱਤਵਪੂਰਨ ਗੱਲ ਇਹ ਕਿ, ਕਿਰਾਏ ਦੀ ਅਗਲੀ ਕਿਸ਼ਤ ਲਈ ਮਿਥੀ ਗਈ ਮਿਆਦ ਦੇ ਅਖੀਰਲੇ ਦਿਨ ਦਿੱਤਾ ਗਿਆ ਸੀ। ਪਰ ਰਹੀਮ ਨੇ ਇੱਕ ਸ਼ਰਤ ਰੱਖੀ ਸੀ। ਉਹ ਕਿਰਾਏ ਦਾ ਕ਼ਿਰਾਇਆਨਾਮਾ (ਹਲਫਨਾਮਾ) ਗੁਰਦਿੱਤ ਸਿੰਘ ਸਰਹਾਲੀ ਦੀ ਥਾਂ ਤੱਟਈ ਕਮੇਟੀ ਦੇ ਨਾਂ ਤਬਦੀਲ ਕਰਵਾਉਣ ਦਾ ਚਾਹਵਾਨ ਸੀ। ਚੈੱਕ ਦੇਣ ਵਾਲੀ ਅਤੇ ਇਸ ਨਾਲ ਜੁੜੀ ਹੋਈ ਸ਼ਰਤ ਵਾਲੀ ਗੱਲ, ਜਹਾਜ਼ੀ ਏਜੰਟ ਨੂੰ ਪਸੰਦ ਨਾ ਆਈ ਅਤੇ ਉਸ ਨੇ ਜਾਪਾਨੀ ਮਾਲਕਾਂ ਨੂੰ ਚੈੱਕ ਮਨਜ਼ੂਰ ਕਰ ਲੈਣ ਦੀ ਸਿਫ਼ਾਰਸ਼ ਨਾ ਕੀਤੀ। ਫੇਰ ਵੀ ਉਹ ਇਸ ਘਟਨਾਕ੍ਰਮ ਬਾਰੇ ਜਾਣਕਾਰੀ ਦੇਣ ਅਤੇ ਉਨ੍ਹਾਂ ਦਾ ਜਵਾਬ ਉਡੀਕਣ ਲਈ ਪਾਬੰਦ ਸੀ। ਸਰਕਾਰੀ ਧਿਰ ਦੇ ਕਿਸੇ ਅਧਿਕਾਰੀ ਨੂੰ ਇਲਮ ਨਹੀਂ ਸੀ ਕਿ ਰਹੀਮ ਕੀ ਚਾਲ ਚੱਲ ਰਿਹਾ ਸੀ।

ਅਧਿਕਾਰੀਆਂ ਨੂੰ ਮਾੜੀ-ਮੋਟੀ ਸ਼ੰਕਾ ਸੀ, ਕਿ ਉਹ ਉਨ੍ਹਾਂ ਨੂੰ ਬੇਵਕੂਫ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਜਾਂ ਫਿਰ ਇਹ ਵੀ ਸ਼ੱਕ ਸੀ, ਕਿ ਗੁਰਦਿੱਤ ਸਿੰਘ ਸਰਹਾਲੀ ਕਿਰਾਇਆਨਾਮਾ ਨਹੀਂ ਛੱਡੇਗਾ। 11ਜੂਨ ਨੂੰ ਰਹੀਮ ਦੀ ਕਮੇਟੀ ਨੇ ਜਹਾਜ਼ ਉੱਪਰ ਕਈ ਟਨ ਖਾਣਾ ਭੇਜਿਆ ਅਤੇ ਦੋਵੇਂ ਧਿਰਾਂ ਜਹਾਜ਼ ਮਾਲਕਾਂ ਦੇ ਕੋਥੇ ਤੋਂ ਆਉਣ ਵਾਲੇ ਸ਼ੰਦੇਸ ਦਾ ਇੰਤਜ਼ਾਰ ਕਰਨ ਲੱਗੀਆਂ। ਉਸ ਸ਼ਾਮ ਮਾਲਕਮ ਰੀਡ ਨੇ ਕਾਮਾਗਾਟਾ ਮਾਰੂ ਦੇ ਕੇਸਾਂ ਦੀ ਸੁਣਵਾਈ ਕਰ ਰਹੇ ਇਮੀਗਰੇਸ਼ਨ ਅਧਿਕਾਰੀਆਂ ਦੇ ਜਾਂਚ-ਬੋਰਡ ਦੀ ਕਾਰਵਾਈ ਮੁਲਤਵੀ ਕਰ ਦਿੱਤੀ ਸੀ। ਉਸ ਨੇ ਕਿਹਾ ਕਿ ਉਸਦੇ ਸਟਾਫ ਨੂੰ ਦਫ਼ਤਰ ਦੇ ਰੋਜ਼ਾਨਾ ਕੰਮ-ਕਾਜ਼ ਲਈ ਵਕਤ ਚਾਹੀਦਾ ਹੈ। ਪਰ ਅਸਲ ਵਿਚ ਉਹ ਰਹੀਮ ਦੀ ਗੱਲਬਾਤ ਫ਼ੇਲ੍ਹ ਹੋ ਜਾਣ ਦਾ ਇੰਤਜ਼ਾਰ ਕਰ ਰਿਹਾ ਸੀ।

ਪਰ ਜਾਪਾਨੀ ਮਾਲਕ ਗੱਲਬਾਤ ਵਿਚ ਦਿਲਚਸਪੀ ਲੈ ਰਹੇ ਸਨ। ਜੇਕਰ ਜਹਾਜ਼ ਵਾਪਸ ਜਾਂਦਾ ਸੀ, ਤਾਂ ਉਨ੍ਹਾਂ ਨੂੰ ਇਸਦੇ ਹਾਂਗਕਾਂਗ ਪਹੁੰਚਣ ਤੱਕ ਕੋਈ ਆਮਦਨ ਨਹੀਂ ਹੋਣੀ ਸੀ। ਅਤੇ ਜਿਸ ਗੱਲ ਦਾ ਜ਼ਿਆਦਾ ਡਰ ਸੀ, ਗੁਰਦਿੱਤ ਸਿੰਘ ਸਰਹਾਲੀ ਉਨ੍ਹਾਂ ਉੱਪਰ ਕੇਸ ਕਰ ਸਕਦਾ ਸੀ। ਸੋ ਉਨ੍ਹਾਂ ਨੇ ਸੁਝਾਵਾਂ ਸਹਿਤ ਜਵਾਬ ਦਿੱਤਾ ਅਤੇ ਜਹਾਜ਼ੀ ਏਜੰਟ ਗਾਰਡਨਰ ਜੋਹਨਸਨ ਨੇ ਅਜਿਹੀ ਤਜ਼ਵੀਜ ਪੇਸ਼ ਕੀਤੀ ਜੋ ਉਸਨੂੰ ਯਕੀਨ ਸੀ ਕਿ ਰਹੀਮ ਤੇ ਉਸਦੇ ਸਾਥੀ ਇਸ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰ ਸਕਣਗੇ। ਉਨ੍ਹਾਂ ਨੂੰ 15000 ਡਾਲਰ 11 ਜੂਨ ਨੂੰ, 1600 ਡਾਲਰ ਵਾਇਰਲੈਸ ਦੀ ਸਹੂਲਤ ਲਈ, ਜਹਾਜ਼ ਦੇ ਬੰਦਰਗਾਹ ਵਿਚ ਰਹਿਣ ਦੇ ਸਮੇਂ 200 ਡਾਲਰ ਪ੍ਰਤੀ ਦਿਨ ਰਾਸ਼ਨ ਲਈ, 6000 ਡਾਲਰ ਵਾਪਸੀ ਯਾਤਰਾ ਦੇ ਰਾਸ਼ਨ ਲਈ, ਕਾਨੂੰਨੀ ਖਰਚੇ (ਜੋ ਪਹਿਲਾਂ ਹੀ 250 ਡਾਲਰ ਹੋ ਚੁਕੇ ਸਨ)। ਅਤੇ 1 ਜੂਨ ਤੋਂ ਸ਼ੁਰੂ ਹੁੰਦੇ ਦੋ ਮਹੀਨਿਆਂ ਦਾ 10307 ਡਾਲਰ ਕਿਰਾਏ ਦਾ ਭੁਗਤਾਨ ਕਰਨਾ ਸੀ। ਅਖੀਰਲੀ ਮਦ ਤਾਂ ਬਿਲਕੁਲ ਹੀ ਗ਼ੈਰ-ਵਾਜਬ ਸੀ। ਕਿਉਂਕਿ ਗੁਰਦਿੱਤ ਸਿੰਘ ਨੇ ਸਿਰਫ਼ ਪੰਜਵੇਂ ਤੇ ਛੇਵੇਂ ਮਹੀਨੇ ਵਿਚ ਭੁਗਤਾਨ ਵਿਚ ਹੋਈ ਕੁਤਾਹੀ ਨੂੰ ਛੱਡ ਕੇ, ਸਾਰੇ ਜੂਨ ਮਹੀਨੇ ਦਾ ਅਤੇ ਜੁਲਾਈ ਦੇ ਕਾਫ਼ੀ ਹਿੱਸੇ ਦਾ ਕਿਰਾਇਆ ਪਹਿਲਾਂ ਹੀ ਅਦਾ ਕਰ ਦਿੱਤਾ ਸੀ।

ਰਹੀਮ ਨੇ ਕਿਸੇ ਤਰ੍ਹਾਂ ਗੱਲਬਾਤ ਨੂੰ ਜਾਰੀ ਰੱਖਿਆ। ਹਫ਼ਤੇ ਦੇ ਅਖੀਰਲੇ ਦਿਨ ਲੰਘ ਗਏ, ਸੋਮਵਾਰ ਆ ਕੇ ਚਲਾ ਗਿਆ। ਪਰ ਕਾਮਾਗਾਟਾ ਮਾਰੂ ਆਪਣੀ ਜਗ੍ਹਾ ਕਾਇਮ ਸੀ। ਮਾਲਕਮ ਰੀਡ-ਜੋ ਬਹੁਤ ਉਤਾਵਲਾ, ਜੋਸ਼ੀਲਾ ਅਤੇ ਸਿਰਫ਼ ਆਪਣੀ ਨੌਕਰੀ ਨਾਲ ਸਬੰਧਿਤ ਸੰਕੀਰਣ ਆਦੇਸ਼ਾਂ ਉੱਪਰ ਕੇਂਦਰਿਤ ਸੀ। (ਆਦੇਸ਼ਾਂ ਦੀ ਸਮਝ ਵੀ ਆਪਣੇ ਪੱਧਰ ਦੀ ਸੀ।) -ਨੇ ਆਪਣੇ ਪੱਧਰ 'ਤੇ ਹੀ ਜਾਪਾਨ ਨੂੰ ਜਹਾਜ਼ ਵਾਪਸ ਬੁਲਾਉਣ ਲਈ ਕਹਿਣ ਦਾ ਫ਼ੈਸਲਾ ਕਰ ਲਿਆ। ਇਸ ਫ਼ੈਸਲੇ ਉੱਪਰ ਇੱਕ ਮਿੰਟ ਲਈ ਦੁਬਾਰਾ ਤੋਂ ਵਿਚਾਰ ਕਰਕੇ ਉਸ ਨੇ ਇਹ ਵੀ ਨਾ ਸੋਚਿਆ, ਕਿ ਜੇਕਰ ਇਹ ਅਪੀਲ ਕਰਨੀ ਵਾਜਬ ਵੀ ਹੋਵੇ, ਤਾਂ ਵੀ ਇਹ ਸਰਕਾਰ ਦੇ ਕਿਸੇ ਉੱਚ ਪੱਧਰ ਉੱਪਰ ਹੋਣੀ ਚਾਹੀਦੀ ਸੀ। ਇਸ ਦੀ ਬਜਾਏ, ਉਹ ਸਿੱਧਾ ਹੀ ਵੈਨਕੂਵਰ ਵਿਚ ਸਥਿਤ ਜਾਪਾਨੀ ਕੌਨਸਲ ਵਾਈ.ਏ.ਹੋਰੀ (Y.A Hori) ਨੂੰ ਮਿਲਿਆ, ਜਿਸ ਨੇ ਹੈਰਾਨਕੁੰਨ ਫ਼ੈਸਲਾ ਲੈਂਦਿਆਂ ਜਾਪਾਨ ਦੇ ਵਿਦੇਸ਼ ਮੰਤਰਾਲੇ ਨੂੰ ਤਾਰ ਰਾਹੀਂ ਸੂਚਿਤ ਕਰ ਦਿੱਤਾ। ਹੋਇਆ ਇਹ ਕਿ ਜਾਪਾਨ ਦੇ ਦੋ ਗਸ਼ਤੀ ਜਹਾਜ਼ 'ਅਸਾਮਾ' (Asama) ਅਤੇ 'ਅਜ਼ੂਮਾ' (Azuma) ਉਸੇ ਹਫ਼ਤੇ ਦੇ ਅਖੀਰਲੇ ਦਿਨਾਂ ਵਿਚ ਵੈਨਕੂਵਰ ਪਹੁੰਚ ਰਹੇ ਸਨ। ਜ਼ਾਹਰਾ ਤੌਰ 'ਤੇ ਰੀਡ ਨੇ ਸੋਚਿਆ ਕਿ ਮੁਸਾਫ਼ਰਾਂ ਨੂੰ ਦਬਕਾਉਣ ਅਤੇ ਕਾਮਾਗਾਟਾ ਮਾਰੂ ਨੂੰ ਵਾਪਸ ਜਾਣ ਲਈ ਮਜ਼ਬੂਰ ਕਰਨ ਲਈ ਇਹਨਾਂ ਦੋ ਗਸ਼ਤੀ ਜਹਾਜ਼ਾਂ ਦੀ ਆਮਦ ਨੂੰ ਵਰਤਿਆ ਜਾ ਸਕਦਾ ਸੀ। ਅੰਤਰ-ਰਾਸ਼ਟਰੀ ਸਬੰਧਾਂ ਦੇ ਮਾਮਲੇ ਵਿਚ ਉਹ ਜ਼ਿਆਦਾ ਸੂਝਵਾਨ ਨਹੀਂ ਸੀ। ਮੀਡੀਆ ਜਿਸਨੂੰ

ਇਹ ਸਾਰਾ ਘਟਨਾਕ੍ਰਮ ਬਹੁਤ ਮਸਾਲੇਦਾਰ ਲੱਗਿਆ, ਨੇ ਅਜਿਹੀਆਂ ਖਬਰਾਂ ਪ੍ਰਕਾਸ਼ਿਤ ਕਰ ਦਿੱਤੀਆਂ ਜਿਨ੍ਹਾਂ ਤੋਂ ਕਈ ਪ੍ਰਭਾਵ ਬਣਦੇ ਸਨ। ਜਿਵੇਂ ਕਿ ਕੈਪਟਨ ਯਾਮਾਮੋਟੋ ਹੋਰ ਜਾਪਾਨੀ ਕਰਮੀਆਂ ਨੂੰ ਜਹਾਜ਼ ਉੱਪਰ ਬੁਲਾਉਣ ਜਾ ਰਿਹਾ ਸੀ, ਜਾਂ ਕਿ ਉਹ ਜਹਾਜ਼ ਵਿਚ ਭਾਫ਼ ਭਰਕੇ ਅੰਤਰ-ਰਾਸ਼ਟਰੀ ਸਮੁੰਦਰ ਵੱਲ ਚਾਲੇ ਪਾਉਣ ਜਾ ਰਿਹਾ ਸੀ। ਅਤੇ ਜਾਂ ਕਿ ਕਨੇਡੀਅਨ ਪਾਣੀਆਂ ਤੋਂ ਸੁਰੱਖਿਅਤ ਬਾਹਰ ਜਾਣ ਤੱਕ ਕਨੇਡਾ ਸਰਕਾਰ ਨੇ ਕਾਮਾਗਾਟਾ ਮਾਰੂ ਦੀ ਅਗਵਾਈ ਕਰਨੀ ਸੀ ਅਤੇ ਫਿਰ ਇਹ ਅਗਵਾਈ ਦੋ ਜਾਪਾਨੀ ਗਸ਼ਤੀ ਜਹਾਜ਼ਾਂ ਨੂੰ ਸੌਂਪ ਦਿੱਤੀ ਜਾਣੀ ਸੀ ਆਦਿ।

ਉੱਪਰਲੀ ਕਿਸੇ ਖਬਰ ਦਾ ਖਿਆਲ ਕੀਤੇ ਬਗੈਰ, 16 ਜੂਨ ਨੂੰ ਬੰਦਰਗਾਹ ਇੰਚਾਰਜ਼ ਨੇ ਕੈਪਟਨ ਯਾਮਾਮੋਟੋ ਨੂੰ ਜਾਪਾਨੀ ਗਸ਼ਤੀ ਜਹਾਜ਼ਾਂ ਲਈ ਜ਼ਗਾਹ ਬਣਾਉਣ ਲਈ ਕਾਮਾਗਾਟਾ ਮਾਰੂ ਨੂੰ ਖਾੜ੍ਹੀ ਵਿਚ 275 ਮੀਟਰ ਉੱਪਰ ਵਲ ਖਿਸਕਾਉਣ ਲਈ ਕਿਹਾ। ਯਾਮਾਮੋਟੋ ਨੇ ਆਪਣੇ ਇੰਜੀਨੀਅਰਾਂ ਨੂੰ ਇੰਜਨ ਵਿਚ ਭਾਫ਼ ਭਰਨ ਲਈ ਕਿਹਾ ਅਤੇ ਸ਼ੰਕਾ-ਗ੍ਰਸਤ ਅਤੇ ਡਰੇ ਹੋਏ ਮੁਸਾਫ਼ਰਾਂ ਨੇ ਜਿਵੇਂ ਹੀ ਇਸ ਬਾਰੇ ਸੁਣਿਆ, ਜਹਾਜ਼ ਦੇ ਚਲਣ ਦੇ ਇਸ ਅਮਲ ਨੂੰ ਰੋਕਣ ਲਈ, ਹੱਥਾਂ ਵਿਚ ਡਾਂਗਾਂ ਸੋਟੀਆਂ ਫੜ੍ਹ ਕੇ ਉਹ ਇੰਜਨ ਕਮਰੇ ਵੱਲ ਨੂੰ ਦੌੜੇ। ਗਾਰਡਨਰ ਜੋਹਨਸਨ ਨੇ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਅਤੇ ਹਾੱਪਕਿਨਸਨ ਨੇ ਇੱਕ ਘੰਟਾ ਉਨ੍ਹਾਂ ਨਾਲ ਬਹਿਸ ਕੀਤੀ। ਪਰ ਉਹ ਇਸ ਗੱਲ ਉੱਪਰ ਯਕੀਨ ਕਰਨ ਲਈ ਤਿਆਰ ਨਹੀਂ ਸਨ, ਕਿ ਕੋਈ ਜਹਾਜ਼ 275 ਮੀਟਰ ਲੰਮਾ ਹੋ ਸਕਦਾ ਸੀ। ਅਖੀਰ ਵਿਚ ਬੰਦਰਗਾਹ ਇੰਚਾਰਜ਼ ਨੇ ਕਾਮਾਗਾਟਾ ਮਾਰੂ ਨੂੰ ਉਥੇ ਹੀ ਖੜ੍ਹਾ ਰਹਿਣ ਦਿੱਤਾ।

ਗੁਰਦਿੱਤ ਸਿੰਘ ਸਰਹਾਲੀ ਨੇ ਕਿਹਾ ਕਿ ਇਹ ਸਾਰੀ ਕਾਰਵਾਈ ਮੁਸਾਫ਼ਰਾਂ ਨੇ ਆਪਣੇ ਆਪ ਕੀਤੀ ਸੀ। ਅਤੇ ਉਸ ਦੀ ਗੱਲ ਉੱਪਰ ਯਕੀਨ ਕਰਦੇ ਹੋਏ ਹਾੱਪਕਿਨਸਨ ਨੇ ਸੋਚਿਆ ਕਿ ਹੁਣ ਮੁਸਾਫ਼ਰ ਗੁਰਦਿੱਤ ਸਿੰਘ ਦੇ ਕੰਟਰੋਲ ਵਿਚ ਨਹੀਂ ਰਹੇ ਸਨ। ਅਸਲ ਵਿਚ ਹਾੱਪਕਿਨਸਨ ਉਨ੍ਹਾਂ ਤਿੰਨ ਮੁਸਾਫ਼ਰਾਂ ਦੇ ਵਤੀਰੇ ਕਾਰਨ ਅਜਿਹਾ ਸੋਚਦਾ ਸੀ, ਜਿੰਨਾਂ ਨੂੰ ਉਹ ਇੱਕ ਵੱਖਰਾ ਸਮੂਹ ਸਮਝਦਾ ਸੀ। ਪਰ ਜਹਾਜ਼ ਦੇ ਡਾਕਟਰ ਰਘੁਨਾਥ ਸਿੰਘ ਅਤੇ ਦੋ ਮੁਸਾਫ਼ਿਰਾਂ (ਜਲੰਧਰ ਜਿਲ੍ਹੇ ਦੇ ਬੜਿੰਗ ਪਿੰਡ ਦੇ ਸਕੂਲ ਮਾਸਟਰ ਭਾਨ ਸਿੰਘ ਤੇ ਅਨੰਦਪੁਰ ਤੋਂ ਉਸ ਦੇ ਦੋਸਤ ਪੋਹਲੋ ਰਾਮ) ਉੱਪਰ ਆਧਾਰਿਤ ਇਹ ਸਮੂਹ ਸੱਚਮੁੱਚ ਹੀ ਅਲੱਗ-ਥਲੱਗ ਪੈ ਚੁੱਕਿਆ ਸੀ। ਇਹਨਾਂ ਤਿੰਨਾਂ ’ਚੋਂ ਪ੍ਰਮੁੱਖ ਡਾਕਟਰ ਰਘੁਨਾਥ ਸਿੰਘ, ਜਾਤੀ ਹਿੱਤਾਂ ਦੇ ਕਈ ਮਾਮਲਿਆਂ ਕਾਰਨ, ਜਹਾਜ਼ ਉੱਪਰਲੇ ਹਰ ਸ਼ਖਸ ਨਾਲੋਂ ਸਮਾਜਿਕ ਤੌਰ ’ਤੇ ਕੱਟ ਚੁੱਕਾ ਸੀ। ਉਹ ਬਾਕੀਆਂ ਦੀ ਤਰ੍ਹਾਂ ਆਮ ਮੁਸਾਫ਼ਰ ਨਹੀਂ ਸੀ। ਕਿਉਂਕਿ ਗੁਰਦਿੱਤ ਸਿੰਘ ਨੇ ਪੇਸ਼ੇਵਾਰਾਨਾ ਯੋਗਤਾ ਕਾਰਨ ਉਸ ਨੂੰ ਦੂਜਿਆਂ ਦੀ ਸੇਵਾ ਲਈ ਨਿਯੁਕਤ ਕੀਤਾ ਸੀ, ਉਹ ਵੈਨਕੂਵਰ ਉੱਤਰਨਾ ਨਹੀਂ ਚਾਹੁੰਦਾ ਸੀ। ਸਗੋਂ ਵਾਪਸ

ਹਾਂਗਕਾਂਗ ਪਰਤ ਕੇ, ਛੁੱਟੀ ਖਤਮ ਹੋਣ ਉੱਪਰੰਤ ਆਪਣੀ ਰੈਜੀਮੈਂਟ ਵਿਚ ਹਾਜ਼ਰੀ ਦੇਣੀ ਚਾਹੁੰਦਾ ਸੀ। ਅਤੇ ਜਹਾਜ਼ ਚਾਲਕ ਅਮਲੇ ਦਾ ਹਿੱਸਾ ਨਾ ਹੋਣ ਦੇ ਬਾਵਜੂਦ ਆਪਣੀ ਪਤਨੀ ਤੇ ਬੱਚੇ ਸਮੇਤ ਪਹਿਲੇ ਦਰਜ਼ੇ ਦੇ ਕੈਬਿਨ ਵਿਚ ਰਹਿੰਦਾ ਸੀ। ਹੋਰ ਅੱਗੇ, ਨਾਮ ਨਾਲ 'ਸਿੰਘ' ਸ਼ਬਦ ਲੱਗੇ ਹੋਣ ਦੇ ਬਾਵਜੂਦ ਉਹ ਸਿੱਖ ਨਹੀਂ ਸੀ। ਸਗੋਂ ਇੱਕ ਰਾਜਪੂਤ ਡੋਗਰਾ ਹਿੰਦੂ ਸੀ। ਸਿੱਖਾਂ ਦੀ ਤਰ੍ਹਾਂ ਇੱਕ ਮਜ਼ਬੂਤ ਫੌਜੀ ਰਵਾਇਤ ਵਾਲੀ, ਰਾਜਪੂਤ ਡੋਗਰਾ ਵੀ ਉਹ ਜਾਤ ਸੀ ਜਿਸ ਨੂੰ ਅੰਗਰੇਜ਼, ਬਾਕੀ ਹਿੰਦੂਆਂ ਨਾਲੋਂ ਤਰਜ਼ੀਹੀ ਆਧਾਰ 'ਤੇ ਫੌਜ ਵਿਚ ਭਰਤੀ ਕਰਦੇ ਸਨ। ਸਿੱਖਾਂ ਵਾਂਗ ਉਹ ਵੀ ਆਪਣੇ ਨਾਮ ਨਾਲ ਸਿੰਘ ਸ਼ਬਦ ਦਾ ਇਸਤੇਮਾਲ ਕਰਦੇ ਸਨ ਅਤੇ ਕਈ ਸੱਚਮੁੱਚ ਸਿੱਖ ਸਨ। ਪਰ ਰਘੁਨਾਥ ਸਿੰਘ ਸਿੱਖ ਨਹੀਂ ਸੀ ਡੋਗਰਾ ਹਿੰਦੂਆਂ ਦੇ ਨਾਮ ਵਿਚ, ਦੇਵੀ ਦੇਵਤੇ ਦੇ ਨਾਮ ਦੀ ਵਰਤੋਂ ਵਾਲੀ ਅਹਿਮ ਸ਼ਰਤ ਜੋ ਉਸ ਦੇ ਨਾਮ ਦੇ ਪਹਿਲੇ ਸ਼ਬਦ ਵਿਚ ਵਿਦਮਾਨ ਸੀ, ਸਭ ਕੁਛ ਸਪੱਸ਼ਟ ਕਰ ਦਿੰਦੀ ਸੀ। ਹੋਰ ਅੱਗੇ, ਇਸ ਨਾਮ ਨਾਲ ਉਸ ਦੀ ਪਹਿਚਾਣ, ਭਾਰਤ ਦੇ ਜੰਮੂ ਕਸ਼ਮੀਰ ਪ੍ਰਾਂਤ ਉੱਪਰ ਰਾਜ ਕਰ ਰਹੇ ਡੋਗਰਾ ਰਾਜਿਆਂ ਨਾਲ ਦੂਰ ਦੀ ਰਿਸ਼ਤੇਦਾਰੀ ਵਜੋਂ ਵੀ ਜਾ ਜੁੜਦੀ ਸੀ। ਭਾਵੇਂ ਕਿ ਜ਼ਾਹਰਾ ਤੌਰ 'ਤੇ ਉਹ ਲੁਧਿਆਣਾ ਜਿਲ੍ਹੇ ਦੇ ਇੱਕ ਪੰਜਾਬੀ ਪਿੰਡ ਨਾਲ ਸਬੰਧ ਰੱਖਦਾ ਸੀ। ਸੰਖੇਪ ਵਿਚ, ਉਹ ਬਾਕੀਆਂ ਦੀ ਤਰ੍ਹਾਂ ਇੱਕ ਆਮ ਮੁਸਾਫ਼ਰ ਨਹੀਂ ਸੀ ਅਤੇ ਇਹ ਗੱਲ ਉਸ ਦੇ ਵਤੀਰੇ ਤੇ ਮਨੋ-ਬਿਰਤੀ ਵਿਚੋਂ ਸਾਫ਼ ਝਲਕਦੀ ਸੀ।

ਜਹਾਜ਼ ਦੇ ਡਾਕਟਰ ਦੇ ਤੌਰ 'ਤੇ ਰਘੁਨਾਥ ਸਿੰਘ ਨੂੰ ਆਮ ਤੌਰ 'ਤੇ ਸਾਹ-ਨਲੀ ਦੀ ਸੋਜ਼ਿਸ਼, ਜ਼ੁਕਾਮ, ਸਿਰ-ਦਰਦ ਅਤੇ ਕਦੇ-ਕਦੇ ਦਸਤ ਲੱਗਣ ਜਿਹੇ ਰੋਗਾਂ ਦੀਆਂ ਸ਼ਿਕਾਇਤਾਂ ਨਾਲ ਨਿਪਟਣਾ ਪੈਂਦਾ ਸੀ, ਇਹਨਾਂ ਬਿਮਾਰੀਆਂ ਕਾਰਨ ਉਸ ਦਾ ਐਸਪ੍ਰੀਨ, ਸਫੇਦ ਚੀਲ ਦਾ ਸੀਰਾ, ਖੰਘ ਦਾ ਕੋਸੀਲਾਨਾ (Cocillana cough syrup)ਸ਼ਰਬਤ, ਕੁਨੀਨ ਦੇ ਕੈਪਸੂਲ, ਅਰਿੰਡੀ ਦਾ ਤੇਲ, ਅਫ਼ੀਮ ਦੀਆਂ ਗੋਲੀਆਂ ਤੇ ਚਿੱਟਾ ਘੋੜਾ ਮਾਰਕਾ ਸਕਾਚ ਵਿਸਕੀ ਆਦਿ ਦਾ ਪੂਰਾ ਸਟਾਕ ਖਤਮ ਹੋ ਗਿਆ ਸੀ। ਮਾਲਕਮ ਰੀਡ ਤੇ ਹਾੱਪਕਿਨਸਨ ਨੇ ਦਵਾਈਆਂ ਦਾ ਸਟਾਕ ਖਰੀਦਣ ਲਈ ਉਸਨੂੰ ਤੱਟ ਉੱਪਰ ਜਾਣ ਦੀ ਇਜ਼ਾਜਤ ਦੇ ਦਿੱਤੀ ਸੀ। ਜਿਸ ਕਾਰਨ ਉਸ ਨੂੰ ਉਨ੍ਹਾਂ ਨਾਲ ਨਿੱਜੀ ਤੇ ਲੰਮੀ ਗੱਲਬਾਤ ਕਰਨ ਦਾ ਮੌਕਾ ਮਿਲ ਗਿਆ ਸੀ। ਉਨ੍ਹਾਂ ਲਈ ਖੁਸ਼ੀ ਦੀ ਗੱਲ ਸੀ, ਕਿ ਡਾਕਟਰ ਨੇ ਗੁਰਦਿੱਤ ਸਿੰਘ ਸਰਹਾਲੀ ਵਿਰੁੱਧ ਦੋਸ਼ਾਂ ਤੇ ਸ਼ਿਕਾਇਤਾਂ ਦਾ ਲੰਮਾ ਚਿੱਠਾ ਖੋਲ੍ਹ ਕੇ ਰੱਖ ਦਿੱਤਾ ਸੀ। ਅਤੇ ਪੂਰੀ ਰਿਪੋਰਟ ਪੰਜਾਬੀ ਵਿਚ ਲਿਖ ਕੇ ਦੇਣ ਦਾ ਵਾਅਦਾ ਵੀ ਕੀਤਾ ਸੀ। ਦੂਸਰੇ ਮੁਸਾਫ਼ਰਾਂ ਨਾਲੋਂ ਆਪਣੇ ਕੇਸ ਨੂੰ ਵੱਖਰਾ ਸਮਝਦੇ ਹੋਏ ਉਸ ਨੇ ਫ਼ੈਸਲਾ ਕਰ ਲਿਆ ਸੀ। ਕਿ ਖੁਦ, ਪਤਨੀ ਤੇ ਆਪਣੇ ਛੋਟੇ ਬੱਚੇ ਨੂੰ ਜਹਾਜ਼ ਤੋਂ ਉਤਾਰਨ ਲਈ ਸਭ ਤੋਂ ਵਧੀਆ ਤਰੀਕਾ ਇਹੀ ਸੀ ਕਿ ਕਨੇਡੀਅਨ ਇਮੀਗਰੇਸ਼ਨ ਅਧਿਕਾਰੀਆਂ ਨਾਲ

ਸਹਿਯੋਗ ਕੀਤਾ ਜਾਵੇ। ਉਸ ਦੀ ਇਸ ਮਨਸ਼ਾ ਦਾ ਛੇਤੀ ਹੀ ਗੁਰਦਿੱਤ ਸਿੰਘ ਸਰਹਾਲੀ ਨੂੰ ਪਤਾ ਚੱਲ ਗਿਆ ਸੀ। ਜਹਾਜ਼ ਦੇ ਗੁਰਦਵਾਰੇ ਵਿਚ ਹਰ ਸ਼ਾਮ ਨੂੰ ਹੋਣ ਵਾਲ਼ੀਆਂ ਪ੍ਰਾਰਥਨਾਂ ਸਭਾਵਾਂ ਰਾਹੀਂ ਇੱਕਮੁਠਤਾ ਬਣਾਈ ਰੱਖੀ ਗਈ। ਅਜਿਹੀ ਇੱਕ ਸਭਾ ਵਿਚ ਗੁਰਦਿੱਤ ਸਿੰਘ ਨੇ ਡਾਕਟਰ ਨੂੰ ਸਰਕਾਰੀ ਜਾਸੂਸ ਕਹਿ ਕੇ ਭੰਡਿਆ ਅਤੇ ਉਸ ਦੇ ਕੈਬਿਨ ਮੂਹਰੇ ਅਤੇ ਛੱਤ ਉੱਪਰ ਚਾਰ ਪੰਜ ਸੁਰੱਖਿਆ ਗਾਰਡ ਤੈਨਾਤ ਕਰ ਦਿੱਤੇ ਇਸ ਘਟਨਾ ਤੋਂ ਬਾਅਦ ਡਾਕਟਰ ਰਘੁਨਾਥ ਸਿੰਘ ਦੇ ਪੁਰਾਣੇ ਦੋਸਤਾਂ, ਸਾਬਕਾ ਸਕੂਲ ਮਾਸਟਰ ਭਾਨ ਸਿੰਘ ਤੇ ਪੋਹੱਲੋ ਰਾਮ ਨੇ ਵੀ ਉਸ ਤੋਂ ਕਿਨਾਰਾ ਕਰਨ ਵਿਚ ਹੀ ਆਪ਼ਣਾ ਭਲਾ ਸਮਝਿਆ।

ਇਸ ਸਮੇਂ ਤੱਕ ਵੈਨਕੂਵਰ ਇਮੀਗਰੇਸ਼ਨ ਦਫ਼ਤਰ ਵਲੋਂ ਕਾਮਾਗਾਟਾ ਮਾਰੂ ਕੇਸ ਲਈ ਗਠਿਤ ਕੀਤੇ ਗਏ ਸਪੈਸ਼ਲ ਪੜਤਾਲੀਆ ਬੋਰਡ ਨੇ, ਆਪਣੀਆਂ ਅੱਠ ਮੀਟਿੰਗਾਂ ਕਰ ਲਈਆਂ ਸਨ। ਜਿੰਨਾਂ ਵਿਚ ਕਿਸੇ ਨੂੰ ਵੀ ਵਾਪਸ ਭੇਜੇ ਜਾਣ ਦਾ ਆਦੇਸ਼ ਜਾਰੀ ਨਹੀਂ ਕੀਤਾ ਗਿਆ ਸੀ। ਮਾਲਕਮ ਰੀਡ ਆਪਣੇ ਮੈਡੀਕਲ ਕੇਸਾਂ ਨੂੰ ਲੈ ਕੇ ਬਹੁਤ ਹੌਲੀ-ਹੌਲੀ ਕੰਮ ਕਰ ਰਿਹਾ ਸੀ ਅਤੇ ਹਰ ਸੁਣਵਾਈ ਤੋਂ ਬਾਅਦ ਫ਼ੈਸਲਾ ਰਾਖਵਾਂ ਰੱਖ ਲੈਂਦਾ ਸੀ। ਕੋਈ ਵੀ ਫ਼ੈਸਲਾ ਅੰਤਮ ਨਾ ਹੋਇਆ ਹੋਣ ਕਾਰਨ, ਅਦਾਲਤ ਵਿਚ ਚੁਣੌਤੀ ਦੇਣ ਲਈ ਕੋਈ ਵੀ ਆਧਾਰ ਮੌਜੂਦ ਨਹੀਂ ਸੀ ਹੋਣਾ। ਇਮੀਗਰੇਸ਼ਨ ਕਾਨੂੰਨ ਮੁਤਾਬਕ, ਇਮੀਗਰੇਸ਼ਨ ਅਧਿਕਾਰੀ ਵਲੋਂ ਬੰਦੀ ਬਣਾਏ ਗਏ, ਕਿਸੇ ਵੀ ਮੁਸਾਫ਼ਰ ਦੀ ਪੜਤਾਲ ਤੁਰੰਤ ਹੋਣੀ ਚਾਹੀਦੀ ਸੀ ਅਤੇ ਉਸ ਨੂੰ ਦਾਖਲ ਕਰਨ ਜਾਂ ਵਾਪਸ ਕੀਤੇ ਜਾਣ ਦਾ ਫ਼ੈਸਲਾ ਉਸੇ ਵਕਤ ਹੋਣਾ ਚਾਹੀਦਾ ਸੀ। ਪਰ ਇਸ ਤਰ੍ਹਾਂ ਨਹੀਂ ਹੋ ਰਿਹਾ ਸੀ ਅਤੇ ਜਨਤਾ ਵੀ, ਨਾ ਇਸ ਦੀ ਪ੍ਰਵਾਹ ਕਰਦੀ ਸੀ ਅਤੇ ਨਾ ਹੀ ਸ਼ਿਕਾਇਤ। ਜਿਸ ਕਾਰਨ ਮਾਲਕਮ ਰੀਡ ਆਪਣੇ ਆਪ ਨੂੰ ਸੁਰੱਖਿਅਤ ਸਮਝਦਾ ਸੀ। ਜਦ ਵਕੀਲ ਐਡਵਰਡ ਬਰਡ ਨੇ ਉਸ ਨੂੰ ਆਪਣਾ ਫ਼ੈਸਲਾ ਦੇਣ ਲਈ ਮਜ਼ਬੂਰ ਕਰਨ ਵਾਸਤੇ ਅਦਾਲਤ ਵਿਚ ਅਰਜ਼ੀ ਦੇਣ ਦੀ ਧਮਕੀ ਦਿੱਤੀ, ਤਾਂ ਉਸ ਨੇ ਬੇਜਿਝਕ ਜਵਾਬ ਦਿੱਤਾ ਕਿ ਅਦਾਲਤ ਜੇਕਰ ਕੋਈ ਆਦੇਸ਼ ਦਿੰਦੀ ਹੈ ਤਾਂ ਵੀ ਉਹ ਉਸ ਆਦੇਸ਼ ਦੀ ਰੱਤੀ ਭਰ ਪ੍ਰਵਾਹ ਕਰਨ ਲਈ, ਆਪਣੇ ਆਪ ਨੂੰ ਕਿਸੇ ਤਰ੍ਹਾਂ ਪਾਬੰਦ ਨਹੀਂ ਸਮਝਦਾ।

ਇਸ ਸਮੇਂ ਸਭ ਕੁਝ ਜਹਾਜ਼ ਦੇ ਕੋਬੇ ਸਥਿਤ ਮਾਲਕਾਂ ਦੇ ਸ਼ੰਦੇਸ ਉੱਪਰ ਨਿਰਭਰ ਸੀ। ਜਹਾਜ਼ ਦਾ ਏਜੰਟ ਗਾਰਡਨਰ ਜੋਹਨਸਨ ਆਪਣੀ ਪੂਰੀ ਵਾਹ ਲਾ ਕੇ ਇਮੀਗਰੇਸ਼ਨ ਅਧਿਕਾਰੀਆਂ ਦੀ ਮਦਦ ਕਰ ਰਿਹਾ ਸੀ। ਅਤੇ ਮਾਲਕਾਂ ਨੂੰ ਦੱਸ ਰਿਹਾ ਸੀ, ਕਿ ਸਥਾਨਕ ਆਗੂਆਂ ਦੀ ਗੱਲਬਾਤ ਵਿਚ ਕੋਈ ਸਚਾਈ ਨਹੀਂ ਸੀ। ਅਤੇ ਇਹ ਵਕਤ ਲੰਘਾਉਣ ਲਈ ਕੀਤੀ ਜਾ ਰਹੀ ਕਾਰਵਾਈ ਸੀ। ਉਸ ਨੇ ਮਾਲਕਾਂ ਨੂੰ ਯਾਦ ਕਰਾਇਆ ਕਿ ਹੋਰ ਦੇਰੀ ਦਾ ਮਤਲਬ ਹੋਵੇਗਾ ਜ਼ਿਆਦਾ ਨੁਕਸਾਨ ਅਤੇ ਵਿਸ਼ਵਾਸ ਵੀ ਦਿਵਾਇਆ ਕਿ ਉਨ੍ਹਾਂ ਦੀ ਕਾਨੂੰਨੀ ਸਥਿਤੀ ਬਹੁਤ

ਮਜ਼ਬੂਤ ਹੈ। ਉਸ ਨੇ ਗੁਰਦਿੱਤ ਸਿੰਘ ਦੀ ਕੇਸ ਕਰਨ ਦੀ ਧਮਕੀ ਨੂੰ ਇਸ ਦਲੀਲ਼ ਨਾਲ ਖ਼ਾਰਜ ਕਰ ਦਿੱਤਾ ਕਿ 'ਇਕ ਤਰ੍ਹਾਂ ਨਾਲ' ਇਹ ਨਾ—ਟਾਲਣਯੋਗ ਅਵਸਥਾ ਸੀ। 18 ਜੂਨ ਵੀਰਵਾਰ ਦੇ ਦਿਨ ਮਾਲਕਾਂ ਨੇ ਆਦੇਸ਼ ਦੇ ਦਿੱਤਾ, ਕਿ ਜੇਕਰ ਦੋ ਮਹੀਨੇ ਦਾ ਕਿਰਾਇਆ 24 ਘੰਟੇ ਵਿਚ ਅਦਾ ਨਾ ਕੀਤਾ ਤਾਂ ਜਹਾਜ਼ ਨੂੰ ਵਾਪਸ ਏਸ਼ੀਆ ਲਿਆਂਦਾ ਜਾਵੇਗਾ। ਪਰ ਉਹ ਅਜੇ ਵੀ ਮੁਕੱਦਮੇਬਾਜ਼ੀ ਤੋਂ ਡਰਦੇ ਸਨ। ਜਿਸ ਕ ਨ ਸਰਕਾਰ ਤੋਂ ਇੱਕ ਅਜਿਹੇ ਬਿਆਨ ਦੀ ਮੰਗ ਕਰ ਰਹੇ ਸਨ। ਕਿ ਮੁਸਾਫ਼ ਨੂੰ ਕਨੇਡੀਅਨ ਨਿਯਮਾਂ ਅਨੁਸਾਰ ਕਨੇਡਾ ਵਿਚ ਦਾਖਲ ਨਹੀਂ ਹੋਣ ਦਿੱਤਾ ਆ ਸੀ। ਮਾਲਕਮ ਰੀਡ ਨੇ ਅਜਿਹੀ ਚਿੱਠੀ ਦਾ ਮਸੌਦਾ ਤਿਆਰ ਕਰ ਲਿਆ ਸ। ਪਰ ਉਸਨੂੰ ਸਰਕਾਰੀ ਵਕੀਲਾਂ ਰੌਬੀ ਰੀਡ ਤੇ ਡਬਲਯੂ.ਬੀ.ਏ ਰਿਚੀ ਨੇ ਚੇਤੰਨ ਕੀਤਾ ਕਿ ਇਹ ਸ਼ਬਦ ਉਸ ਦੇ ਵਿਰੁੱਧ ਵਰਤੇ ਜਾ ਸਕਦੇ ਸਨ। ਕਿਉਂਕਿ ਇਮੀਗਰੇਸ਼ਨ ਇਨਕੁਆਰੀ ਬੋਰਡ ਦਾ ਫ਼ੈਸਲਾ ਦਿਤੇ ਜਾਣ ਤੋਂ ਪਹਿਲਾਂ ਉਹ ਕਿਵੇਂ ਕਹਿ ਸਕਦਾ ਸੀ ਕਿ ਫ਼ੈਸਲਾ ਕੀ ਹੋਵੇਗਾ? ਚਿੱਠੀ ਭੇਜਣ ਤੋਂ ਪਹਿਲਾਂ, ਉਸ ਨੇ ਸਾਰੇ ਮਸਲੇ ਨੂੰ ਓਟਾਵਾ ਸਰਕਾਰ ਦੀ ਸਲਾਹ ਲੈਣ ਲਈ ਭੇਜ ਦਿੱਤਾ।

ਇੱਕ ਅਜ਼ਮਾਇਸ਼ੀ ਕੇਸ ਦੀ ਮਨੌਤ ਲਈ ਚੱਲ ਰਹੇ ਸੰਘਰਸ਼ ਦੇ ਇਸ ਪੜਾਅ ਉੱਪਰ, ਸਮਾਂ ਮੁਸਾਫ਼ਰਾਂ ਜਾਂ ਉਨ੍ਹਾਂ ਦੇ ਵਕੀਲਾਂ ਯਾਨੀ ਤੱਟਈ ਕਮੇਟੀ ਲਈ ਨਹੀਂ, ਸਗੋਂ ਇਮੀਗਰੇਸ਼ਨ ਏਜੰਟ ਲਈ ਖਤਮ ਹੋ ਰਿਹਾ ਸੀ। 48 ਘੰਟੇ ਲਈ ਮਾਲਕਮ ਰੀਡ ਨੇ ਸਿਰ-ਤੋੜ ਭੱਜ-ਨੱਠ ਕੀਤੀ ਤਾਂ ਜੁ ਅਦਾਲਤਾਂ ਤੋਂ ਆਪਣੀ ਆਪ ਨੂੰ ਆਜ਼ਾਦ ਰੱਖ ਸਕੇ। ਕਿਰਾਏ ਦੇ ਕਿਰਾਏਨਾਮੇ ਦੀ ਤਬਦੀਲੀ ਰੋਕੀ ਜਾ ਸਕੇ ਅਤੇ ਮਾਲਕਾਂ ਨੂੰ ਮਨਾਇਆ ਜਾ ਸਕੇ ਕਿ ਉਹ ਬਗੈਰ ਕਿਸੇ ਡਰ ਦੇ ਜਹਾਜ਼ ਵਾਪਸ ਲਿਜਾ ਸਕਦੇ ਸਨ। ਪਰ ਉਸ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। 20 ਜੂਨ ਦਿਨ ਸ਼ਨੀਵਾਰ ਦੀ ਸਵੇਰ ਦੇ ਜਿਸ ਸਮੇਂ, ਜਾਪਾਨੀ ਗਸ਼ਤੀ ਜਹਾਜ਼ ਅਸਾਮਾ (Asama) ਤੇ ਅਜ਼ੂਮਾ (Azuma) ਵੈਨਕੂਵਰ ਬੰਦਰਗਾਹ ਵਿਚ ਦਾਖਲ ਹੋਏ, ਉਸ ਵਕਤ ਮਾਲਕਮ ਰੀਡ ਅਦਾਲਤ ਦੇ ਸੰਮਨ ਦੇਣ ਵਾਲੇ ਮੁਲਾਜ਼ਮ ਤੋਂ ਛੁਪ ਰਿਹਾ ਸੀ। ਉਸ ਸੰਮਨ ਲੈਣ ਤੋਂ ਬਚਣ ਦੀ ਕੋਸ਼ਿਸ਼ ਕਰ ਰਿਹਾ ਸੀ। ਜਦ ਕਿ ਰਹੀਮ ਹੁਸੈਨ ਤੇ ਭਾਗ ਸਿੰਘ ਭਿੱਖੀਵਿੰਡ ਐਲਾਨ ਕਰ ਰਹੇ ਸਨ, ਕਿ ਉਹ ਕਾਮਾਗਾਟਾ ਮਾਰੂ ਦੇ ਨਵੇਂ ਕਿਰਾਏਦਾਰ ਬਣ ਗਏ ਹਨ। ਕੈਲੀਫੋਰਨੀਆ ਤੋਂ ਇੱਕ ਦੋਸਤ ਵਲੋਂ ਭੇਜੇ 1000 ਡਾਲਰ ਸਮੇਤ ਉਨ੍ਹਾਂ ਨੇ ਛੋਟੇ ਵੱਡੇ ਚੰਦਿਆਂ ਦੀ ਸਹਾਇਤਾ ਨਾਲ ਕੁੱਲ 17000 ਡਾਲਰ ਦੀ ਰਾਸ਼ੀ ਇੱਕਠੀ ਕਰ ਲਈ ਸੀ ਅਤੇ ਐਨ ਆਖਰੀ ਸਮੇਂ 4000 ਡਾਲਰ ਦਾ ਭੁਗਤਾਨ ਕਰਕੇ ਉਨ੍ਹਾਂ ਨੇ ਕੁਲ 15000 ਡਾਲਰ ਦੀ ਰਾਸ਼ੀ, ਜਹਾਜ਼ ਦੇ ਏਜੰਟ ਗਾਰਡਨਰ ਜੋਹਨਸਨ ਨੂੰ ਸੌਂਪ ਦਿੱਤੀ। ਭਾਵੇਂ ਕਿ ਕਿਰਾਏਨਾਮੇ ਦੀ ਤਬਦੀਲੀ ਨੂੰ ਮਾਲਕਾਂ ਨੇ ਅਜੇ ਮਨਜ਼ੂਰੀ ਨਹੀਂ ਦਿੱਤੀ ਸੀ। ਅਤੇ ਰੀਡ ਇਸ ਨੂੰ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰ ਰਿਹਾ ਸੀ। ਪਰ ਨਗਦ ਰਾਸ਼ੀ ਦੀ ਪ੍ਰਾਪਤੀ ਬਹੁਤ ਵਜ਼ਨਦਾਰ ਦਲੀਲ ਸੀ। ਇਸ

ਨਾਲ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਦੇ ਹੱਕਾਂ ਲਈ ਲੜ ਰਹੀ ਤੱਟੀਏ ਕਮੇਟੀ ਨੂੰ ਕੁਝ ਸਮਾਂ ਮਿਲ ਗਿਆ ਸੀ।

ਇਸ ਸਾਰੀ ਪੈਂਤੜੇ-ਬਾਜ਼ੀ ਵਿਚ ਮੁਸਾਫ਼ਿਰ, ਇਕ ਪਾਸੇ ਖੜੋ ਕੇ ਨਤੀਜੇ ਦਾ ਇੰਤਜਾਰ ਕਰ ਰਹੇ ਸਨ। ਜਹਾਜ਼ ਤੋਂ ਦਲਜੀਤ ਸਿੰਘ ਕਾਉਣੀ ਨੇ ਭਾਗ ਸਿੰਘ ਭਿੱਖੀਵਿੰਡ ਨੂੰ ਇੱਕ ਚਿੱਠੀ ਲਿਖੀ:-

"ਕਿਰਾਏ ਦੀ ਕਿਸ਼ਤ ਦਾ ਭੁਗਤਾਨ ਕਰਕੇ, ਤੁਹਾਡੇ ਵਲੋਂ ਸਾਡੇ ਭਲੇ ਲਈ ਕੀਤੀ ਗਈ ਇਸ ਦਿਆਲੂ ਕਾਰਵਾਈ ਦਾ, ਅਸੀਂ ਜਿੰਨਾ ਵੀ ਧੰਨਵਾਦ ਕਰੀਏ, ਘੱਟ ਹੋਵੇਗਾ। ਸਾਨੂੰ ਉਮੀਦ ਹੈ ਕਿ ਤੁਸੀਂ ਇਸੇ ਤਰਾਂ ਮੁਸਾਫ਼ਰਾਂ ਨੂੰ ਕਨੇਡਾ ਵਿਚ ਦਾਖਲ ਕਰਾਉਣ ਲਈ ਵੀ ਭਰਪੂਰ ਕੋਸ਼ਿਸ਼ਾਂ ਕਰਦੇ ਰਹੋਗੇ। ਹੁਣ ਪ੍ਰਮਾਤਮਾ ਅੱਗੇ ਅਰਦਾਸ ਕਰੋ, ਇਸ ਤਰ੍ਹਾਂ ਵਕੀਲਾਂ ਉੱਪਰ ਪੈਸਾ ਬਰਬਾਦ ਨਾ ਕਰੋ ਅਤੇ ਉਸ ਉੱਪਰ ਜ਼ੋਰ ਪਾਉ ਕਿ ਉਹ ਬਾਬਾ ਗੁਰਦਿੱਤ ਸਿੰਘ ਜੀ ਦੇ ਜਲਦੀ ਤੱਟ ਉੱਪਰ ਉਤਾਰੇ ਲਈ ਕੋਸ਼ਿਸ਼ ਕਰੇ। ਫਿਰ ਸਭ ਠੀਕ ਹੋ ਜਾਵੇਗਾ। ਜੇ ਇਸੇ ਤਰਾਂ ਬਾਬਾ ਜੀ ਕੈਦੀ ਬਣੇ ਰਹੇ ਤਾਂ ਸਾਨੂੰ ਨੁਕਸਾਨ ਹੋਵੇਗਾ। ਸੋ ਸਭ ਤੋਂ ਪਹਿਲਾਂ ਆਪਣੀਆਂ ਪੂਰੀਆਂ ਦਿਲੀ ਕੋਸ਼ਿਸ਼ਾਂ ਨਾਲ ਬਾਬਾ ਜੀ ਦੇ ਉਤਾਰੇ ਦਾ ਪ੍ਰਬੰਧ ਕਰੋ। ਇਸ ਸਬੰਧ ਵਿਚ ਵਕੀਲ ਵਲੋਂ ਕੀਤੀ ਜਾ ਰਹੀ ਸਰਗਰਮੀ ਦੀ ਜਾਣਕਾਰੀ ਸਾਨੂੰ ਦਿੰਦੇ ਰਹਿਣਾ।"

ਪਰ ਤੱਟਈ ਕਮੇਟੀ ਦੀਆਂ ਵੱਖਰੀਆਂ ਤਰਜ਼ੀਹਾਂ ਸਨ ਅਤੇ ਇਸ ਸਮੇਂ ਚਲਦੀ ਉਨ੍ਹਾਂ ਦੀ ਹੀ ਸੀ। ਇਸ ਜ਼ੋਖਮ ਵਿਚ ਪਹਿਲਾਂ ਹੀ 15000 ਡਾਲਰ ਫਸਾਉਣ ਤੋਂ ਬਾਅਦ ਉਹ ਹਿਸਾਬ ਲਗਾ ਰਹੇ ਸਨ, ਕਿ ਰਾਸ਼ਨ, ਕਾਨੂੰਨੀ ਫੀਸਾਂ, ਬੰਦਰਗਾਹ ਦੇ ਖਰਚਿਆਂ ਆਦਿ ਸਮੇਤ ਹੋਰ ਕਿੰਨਾ ਖਰਚਾ ਆਵੇਗਾ। ਜਦ ਕਿ ਇਸ ਮਸਲੇ ਦਾ ਅਗਲਾ ਸਿਰਾ ਅਜੇ ਨਜ਼ਰ ਨਹੀਂ ਆ ਰਿਹਾ ਸੀ। ਤਿੰਨ ਹਫ਼ਤੇ ਪਹਿਲਾਂ, ਉਨ੍ਹਾਂ ਨੇ ਦੂਸਰੀ ਧਿਰ ਨਾਲ ਸੌਦੇਬਾਜ਼ੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਪਰ ਹੁਣ ਉਹ ਆਪਣੇ ਸਟੈਂਡ ਤੋਂ ਪਿੱਛੇ ਹਟ ਗਏ ਸਨ। ਅਤੇ ਉਨ੍ਹਾਂ ਦੀ ਹਿਦਾਇਤ 'ਤੇ ਵਕੀਲ ਐਡਵਰਡ ਬਰਡ ਨੇ ਸਰਕਾਰੀ ਵਕੀਲਾਂ ਨਾਲ ਸੰਪਰਕ ਕੀਤਾ ਅਤੇ ਉਨ੍ਹਾਂ ਨੂੰ 27 ਮਈ ਵਾਲੀ ਪੇਸ਼ਕਸ਼ -ਬਿਨਾਂ ਦੇਰੀ ਦੇ ਇੱਕ ਅਜ਼ਮਾਇਸ਼ੀ ਕੇਸ ਲੈ ਕੇ ਸਿੱਧਾ ਅਖੀਰਲੀ ਅਦਾਲਤ ਚਲੇ ਜਾਉ- ਨੂੰ ਦੁਹਰਾਉਣ ਲਈ ਕਿਹਾ। ਸਰਕਾਰੀ ਵਕੀਲਾਂ ਨੇ ਉਸਨੂੰ ਖੁਦ ਪੇਸ਼ਕਸ਼ ਕਰਨ ਲਈ ਕਿਹਾ ਜੋ ਉਸ ਨੇ ਇਹ ਲਿਖਤੀ ਰੂਪ ਵਿਚ ਉਸੇ ਸਵੇਰ ਫੜਾ ਦਿੱਤੀ। ਅਤੇ ਇਸ ਦਾ ਜਵਾਬ ਅਗਲੇ ਸੋਮਵਾਰ ਤੱਕ ਦੇਣ ਲਈ ਬੇਨਤੀ ਕੀਤੀ।

ਇਸ ਸਮੇਂ ਦੌਰਾਨ ਤੱਟਈ ਕਮੇਟੀ ਦੇ ਮੈਂਬਰਾਂ ਰਹੀਮ ਤੇ ਭਾਗ ਸਿੰਘ ਭਿੱਖੀਵਿੰਡ ਨੇ ਆਮ ਕਨੇਡੀਅਨ ਜਨਤਾ ਦੀ ਮਦਦ ਹਾਸਲ ਕਰਨ ਲਈ ਬਹੁਤ ਜ਼ੋਸ-ਭਰਪੂਰ ਪਰ ਬੇਅਸਰ ਮੁਹਿੰਮ ਚਲਾਈ। 21 ਜੂਨ ਦਿਨ ਐਤਵਾਰ ਦੀ ਸ਼ਾਮ ਨੂੰ ਉਨ੍ਹਾਂ ਨੇ ਵੈਨਕੂਵਰ ਗੁਰਦਵਾਰਾ ਸੁਸਾਇਟੀ ਅਤੇ ਯੂਨਾਇਟਡ ਇੰਡੀਆ ਲੀਗ ਵਲੋਂ ਸ਼ਹਿਰ

ਦੇ ਮੁੱਖ ਕਾਰੋਬਾਰੀ ਕੇਂਦਰ ਵਿਚ ਸਥਿਤ ਇੱਕ ਹਾਲ ਵਿਚ ਆਮ ਸ਼ਹਿਰੀਆਂ ਦੀ ਇੱਕ ਮੀਟਿੰਗ ਬੁਲਾਈ। ਇਸ ਕਾਰਵਾਈ ਕਾਰਨ ਵੈਨਕੂਵਰ ਦੀਆਂ ਗਲੀਆਂ ਵਿਚ ਸਿੱਖ ਭਾਈਚਾਰੇ ਦੇ ਵੱਖ-ਵੱਖ ਦਲਾਂ ਵਿਚਕਾਰ ਸ਼ਬਦੀ ਜੰਗ ਸ਼ੁਰੂ ਹੋ ਗਈ। ਜਿਸ ਦੀ ਪੂਰੀ ਜਾਣਕਾਰੀ ਇਮੀਗਰੇਸ਼ਨ ਦਫ਼ਤਰ ਨੂੰ ਪਹੁੰਚਦੀ ਰਹੀ। ਅਤੇ ਇਸ ਸ਼ਬਦੀ ਜੰਗ ਬਾਰੇ ਸਭ ਤੋਂ ਅਹਿਮ ਗੱਲ ਇਹ ਸੀ, ਕਿ ਇਸ ਦਾ ਪੂਰਾ ਰਿਕਾਰਡ ਇਮੀਗਰੇਸ਼ਨ ਦਫ਼ਤਰ ਨੇ ਆਪਣੀ ਫਾਇਲ ਵਿਚ ਸਾਂਭ ਕੇ ਰੱਖਿਆ ਸੀ। ਇਹਨਾਂ ਦਸਤਾਵੇਜ਼ਾਂ ਤੋਂ ਇਮੀਗਰੇਸ਼ਨ ਵਿਭਾਗ ਦੇ ਮੁੱਖਬਰਾਂ ਅਤੇ ਸਿੱਖ ਭਾਈਚਾਰੇ ਦੇ ਆਗੂਆਂ ਵਿਚਕਾਰ ਚਲਦੀ ਦੁਸ਼ਮਣੀ ਦੀ ਤੀਖਣਤਾ ਦਾ ਪਤਾ ਚਲਦਾ ਹੈ। ਸ਼ਬਦ-ਬਾਣਾਂ ਦੀ ਇਸ ਜੰਗ ਦੀ ਇੱਕ ਮਿਸਾਲ ਸੁਣੋ: ਗੁਰਦਵਾਰਾ ਕਮੇਟੀ ਦਾ ਸਕੱਤਰ ਮਿੱਤ ਸਿੰਘ ਪੰਡੋਰੀ ਆਪਣੇ ਕੁਝ ਦੇਸ਼ਵਾਸੀਆਂ ਨਾਲ ਗਲੀ ਦੇ ਇੱਕ ਕੋਨੇ ਖੜ੍ਹਾ ਸੀ। ਉਸ ਨੇ ਕਿਹਾ, "ਇਮੀਗਰੇਸ਼ਨ ਵਿਭਾਗ ਨੂੰ ਦੱਸ ਦੇਈਏ ਕਿ ਅਸੀਂ ਐਤਵਾਰ ਨੂੰ ਇੱਕ ਮੀਟਿੰਗ ਕਰਨ ਜਾ ਰਹੇ ਹਾਂ" ਉਹ ਬਹੁਤ ਕਹਿਰੀ ਅੱਖ ਨਾਲ ਹਾੱਪਕਿਨਸਨ ਦੇ ਇੱਕ ਮੁੱਖਬਰੀ ਬਾਬੂ ਸਿੰਘ ਲਿਤਰਾਂ ਵਲ ਵੇਖ ਰਿਹਾ ਸੀ। ਜੋ ਉਨ੍ਹਾਂ ਤਿੰਨ ਵਿਅਕਤੀਆਂ 'ਚੋਂ ਇੱਕ ਸੀ, ਜਿਨਾਂ ਨੂੰ ਇਨਕਲਾਬੀ ਭਗਵਾਨ ਸਿੰਘ ਜੱਖ ਨੂੰ ਦੇਸ਼ ਨਿਕਾਲਾ ਦਿੱਤੇ ਜਾਣ ਬਾਅਦ ਗ਼ਦਰ ਅਖਬਾਰ ਰਾਹੀਂ ਮੌਤ ਦੀ ਧਮਕੀ ਦਿੱਤੀ ਗਈ ਸੀ। ਕਿਸੇ ਹੋਰ ਨੇ ਕਿਹਾ, "ਕੋਈ ਲੋੜ ਨਹੀਂ, ਬਾਬੂ ਸਿੰਘ ਹੀ ਦੱਸ ਦੇਵੇਗਾ" ਅਤੇ ਬਾਬੂ ਸਿੰਘ ਨੇ ਬੇਪ੍ਰਵਾਹ ਹੋ ਕੇ ਕਿਹਾ, "ਹਾਂ, ਮੈਂ ਉਨ੍ਹਾਂ ਨੂੰ ਦੱਸਾਂਗਾਂ।"

ਹੁਸੈਨ ਰਹੀਮ ਤੇ ਭਾਗ ਸਿੰਘ ਭਿੱਖੀਵਿੰਡ ਵਲੋਂ ਬੁਲਾਈ ਗਈ ਮੀਟਿੰਗ ਵਿਚ 400 ਭਾਰਤੀ, ਜਿੰਨਾਂ ਵਿਚ ਜ਼ਿਆਦਾਤਰ ਸਿੱਖ ਸਨ ਅਤੇ ਸੋਸ਼ਲਿਸਟ ਪਾਰਟੀ ਦੇ 125 ਗੋਰੇ ਮੈਂਬਰਾਂ ਨੇ ਭਾਗ ਲਿਆ। ਪਹਿਲਾਂ ਦੀ ਤਰ੍ਹਾਂ ਆਪਣੇ ਸਟੈਨੋਗ੍ਰਾਫਰ ਸਮੇਤ ਹਾੱਪਕਿਨਸਨ ਹਾਜ਼ਰ ਸੀ। ਅਤੇ ਪਹਿਲਾਂ ਦੀ ਤਰ੍ਹਾਂ ਹੀ ਰਹੀਮ ਪ੍ਰਧਾਨਗੀ ਕਰ ਰਿਹਾ ਸੀ। ਮੁਸਾਫ਼ਰਾਂ ਦਾ ਵਕੀਲ ਐਡਵਰਡ ਬਰਡ ਮੁੱਖ ਵਕਤਾ ਸੀ। ਅੱਧੇ ਘੰਟੇ ਦਾ ਉਸ ਦਾ ਭਾਸ਼ਣ ਗੋਰਿਆਂ ਨੂੰ ਸੰਬੋਧਿਤ ਸੀ ਅਤੇ ਨਜ਼ਰ ਇਮੀਗਰੇਸ਼ਨ ਇੰਸਪੈਕਟਰ ਉੱਪਰ ਟਿਕੀ ਹੋਈ ਸੀ। ਉਸ ਨੇ ਇੱਕ ਨਿਸ਼ਚਾਵਾਨ ਸੋਸ਼ਲਿਸਟ, ਸਾਮਰਾਜ-ਵਿਰੋਧੀ ਤੇ ਮੁਸਾਫ਼ਰਾਂ ਦੇ ਇੱਕ ਪ੍ਰਤੀਬੱਧ ਵਕੀਲ ਦੇ ਦ੍ਰਿਸ਼ਟੀਕੋਣ ਤੋਂ ਪੂਰੇ ਹਾਲਾਤ ਦਾ ਸਾਰ ਪੇਸ਼ ਕੀਤਾ।

ਸਿੱਖਾਂ ਵਲੋਂ ਪਹਿਲਾਂ ਆਪਣੇ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ 'ਚੋਂ ਸ਼ਬਦ ਦਾ ਕੀਰਤਨ ਕੀਤਾ ਗਿਆ ਤੇ ਉਸ ਬਾਅਦ ਉਸਨੇ ਬੋਲਣਾ ਸ਼ੁਰੂ ਕੀਤਾ, "ਹੁਣ ਮੈਂ ਇੱਥੇ ਇੱਕ ਸਿਆਸੀ ਆਗੂ ਵਜੋਂ ਨਹੀਂ ਆਇਆ।

ਮੈਂ ਇਸ ਕੇਸ ਵਿਚ ਸਿਰਫ਼ ਇੱਕ ਵਕੀਲ ਵਜੋਂ ਕੰਮ ਕਰ ਰਿਹਾ ਹਾਂ ਅਤੇ ਅਦਾਲਤਾਂ ਸਾਹਮਣੇ ਆਪਣੀ ਪੂਰੀ ਸਮੱਰਥਾ ਨਾਲ ਇੱਕ ਅਜ਼ਮਾਇਸ਼ੀ ਕੇਸ, ਇਹ ਜਾਨਣ ਦੇ ਮੰਤਵ ਨਾਲ, ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ, ਕਿ ਕੀ ਇਹ ਮੁਸਾਫ਼ਰ

ਇਸ ਤੱਟ ਉੱਪਰ ਉੱਤਰਨ ਦੇ ਅਧਿਕਾਰੀ ਹਨ ਜਾਂ ਨਹੀਂ। ਇਹ ਲੋਕ 22 ਮਈ ਨੂੰ ਇੱਥੇ ਪਹੁੰਚੇ ਸਨ ਅਤੇ ਤੱਦ ਤੋਂ ਹੀ ਮੈਂ ਆਪਣੀ ਪੂਰੀ ਸਮੱਰਥਾ ਲਾ ਕੇ ਕੋਈ ਰਾਹ ਲੱਭਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਇਸ ਐਕਟ ਯਾਨੀ ਇਮੀਗਰੇਸ਼ਨ ਐਕਟ ਅਤੇ ਇਸ ਅਧੀਨ ਜਾਰੀ ਕੀਤੇ ਕੌਂਸਲ-ਆਦੇਸ਼ਾਂ ਦੀ ਵਾਜਬੀਅਤ ਦੀ ਅਜ਼ਮਾਇਸ਼ ਕਰਨ ਲਈ ਕੋਈ ਕੇਸ ਅਦਾਲਤ ਸਾਹਮਣੇ ਪੇਸ਼ ਕਰਨ ਲਈ ਕੋਸ਼ਿਸ਼ ਕਰ ਰਿਹਾ ਹਾਂ। ਅਤੇ ਮੈਂ ਖਾਹ-ਮਖਾਹ ਕੋਈ ਰਾਹ ਲੱਭਣ ਲਈ ਝਗੜਦਾ ਰਿਹਾ। ਕੌਂਸਲ-ਆਦੇਸ਼ਾਂ ਦੀ ਅਜ਼ਮਾਇਸ਼ ਲਈ, ਅਦਾਲਤ ਸਾਹਮਣੇ ਕੁਝ ਵੀ ਪੇਸ਼ ਕਰਨ ਵਿਚ ਅਸਫ਼ਲ ਰਹਿਣ ਲਈ, ਮੇਰੇ ਕੋਲ ਕੋਈ ਵੀ ਤਰਕ ਸੰਗਤ ਬਹਾਨਾ ਨਹੀਂ ਹੈ। ਮੈਂ ਇਹ ਕਿਉਂ ਨਾ ਕਰ ਸਕਿਆ, ਭੱਦਰ ਪੁਰਸ਼ੋ, ਇਸ ਦਾ ਮੇਰੇ ਕੋਲ ਕੋਈ ਜਵਾਬ ਨਹੀਂ ਹੈ। ਮੈਂ ਸਿਰਫ਼ ਕਿਆਸ ਲਗਾ ਸਕਦਾ ਹਾਂ ਕਿ ਓਟਾਵਾ ਤੋਂ ਵਿਦੇਸ਼ ਵਿਭਾਗ ਦੀਆਂ ਇੱਥੋਂ ਦੇ ਇਮੀਗਰੇਸ਼ਨ ਅਧਿਕਾਰੀਆਂ ਨੂੰ ਹਦਾਇਤਾਂ ਸਨ ਕਿ ਉਹ ਮਸਲੇ ਨੂੰ ਲਟਕਾਉਂਦੇ ਰਹਿਣ ਅਤੇ ਇੰਨਾ ਲਟਕਾਉਣ ਕਿ ਭੁੱਖ ਦੇ ਸਤਾਏ ਇਹ ਲੋਕ ਜਿੱਥੋਂ ਚੱਲੇ ਸਨ, ਉਥੇ ਹੀ ਵਾਪਸ ਜਾਣ ਲਈ ਮਜ਼ਬੂਰ ਹੋ ਸਕਣ।"

ਉਹ ਜਜ਼ਬਾਤੀ ਹੋ ਕੇ ਬੋਲਿਆ, "ਇਹ ਸੋਸ਼ਲਿਸਟਾਂ ਤੇ ਅਰਾਜਕਤਾਵਾਦੀਆਂ ਦੀ ਗੱਲ ਕਰਦੇ ਹਨ। ਪਰ ਕਨੇਡਾ ਵਿਚ ਇਮੀਗਰੇਸ਼ਨ ਅਧਿਕਾਰੀਆਂ ਜੋ ਕਿਸੇ ਕਾਨੂੰਨ ਦੀ ਪ੍ਰਵਾਹ ਨਹੀਂ ਕਰਦੇ, ਤੋਂ ਵੱਡਾ ਕੋਈ ਅਰਾਜਕਤਾਵਾਦੀ ਨਹੀਂ ਹੈ। ਭਾਸ਼ਣ ਦੇ ਅਖੀਰ ਵਿਚ ਉਸ ਨੇ ਹਾੱਪਕਿਨਸਨ ਵਲ ਵੇਖ ਕੇ ਕਿਹਾ, "ਮੈਂ ਦੇਖ ਰਿਹਾ ਹਾਂ ਕਿ ਇੱਥੇ ਵੀ ਕੁਝ ਇਮੀਗਰੇਸ਼ਨ ਅਧਿਕਾਰੀ ਬੈਠੇ ਹਨ-ਮੈਂ ਕਹਿੰਦਾ ਹਾਂ ਕਿ ਉਹ ਚਲੇ ਜਾਣ ਅਤੇ ਜਾ ਕੇ ਦੱਸ ਦੇਣ ਕਿ ਉਨ੍ਹਾਂ ਦੀਆਂ ਯੋਜਨਾਵਾਂ ਦਾ ਪਤਾ ਲੱਗ ਚੁੱਕਾ ਹੈ। ਫਿਰ ਉਸ ਨੇ ਇੱਕ ਚਿਤਾਵਨੀ ਦਿੱਤੀ "ਉਸ ਦੇ ਸਾਇਲ ਮੈਦਾਨ ਛੱਡ ਕੇ ਨਹੀਂ ਭੱਜ ਰਹੇ। ਇਮੀਗਰੇਸ਼ਨ ਵਿਭਾਗ ਦੇ ਹੱਥਕੰਡੇ ਸਫਲ ਨਹੀਂ ਹੋਣਗੇ। ਹਿੰਦੀਆਂ ਨੂੰ ਦੋਸ਼ ਨਾ ਦੇਣਾ ਜੇਕਰ ਇਹ ਤਮਾਸ਼ਾ ਮਹੀਨਿਆਂ-ਬੱਧੀ ਚਲਦਾ ਰਿਹਾ। ਜ਼ਰੂਰਤ ਪਈ ਤਾਂ ਉਹ ਇੱਕ ਸਦੀ ਤੱਕ ਵੀ ਇੰਤਜ਼ਾਰ ਕਰ ਸਕਦੇ ਹਨ-ਸ਼ਾਇਦ ਇਸ ਮਸਲੇ ਦਾ ਫ਼ੈਸਲਾ ਹੋਣ ਤੱਕ ਉਹ ਸਭ ਮਰ ਜਾਣਗੇ।"

ਇਸ ਮੀਟਿੰਗ ਵਿਚ ਕਿਸੇ ਪ੍ਰਤੀਨਿੱਧ ਕਨੇਡੀਅਨ ਸਰੋਤਾ-ਸਮੂਹ ਨਾਲ ਕੋਈ ਪ੍ਰਭਾਵਸ਼ਾਲੀ ਗੱਲਬਾਤ ਨਹੀਂ ਹੋ ਰਹੀ ਸੀ। ਸੋਸ਼ਲਿਸਟਾਂ ਤੋਂ ਇਲਾਵਾ ਹੋਰ ਕੋਈ ਮੀਟਿੰਗ ਵਿਚ ਨਹੀਂ ਆਇਆ ਸੀ ਅਤੇ ਸੋਸ਼ਲਿਸਟ ਵੀ ਉਤਸ਼ਾਹਹੀਣ ਮਦਦਗਾਰ ਹੀ ਹੋ ਸਕਦੇ ਸਨ। ਕਿਉਂਕਿ ਉਹ ਗੋਰੇ ਕਾਮਿਆਂ ਨਾਲ ਮੇਲਜੋਲ ਰੱਖਦੇ ਸਨ। ਜੋ ਆਮ ਤੌਰ 'ਤੇ ਏਸ਼ੀਅਨ ਇਮੀਗਰੇਸ਼ਨ ਦੇ ਵਿਰੁੱਧ ਸਨ। ਰਹੀਮ ਨੇ ਮੀਟਿੰਗ ਨੂੰ ਸੰਬੋਧਨ ਕਰਨ ਲਈ ਸੋਸ਼ਲਿਸਟ ਪਾਰਟੀ ਦੇ ਦੋ-ਤਿੰਨ ਮੈਂਬਰਾਂ ਨੂੰ ਸੱਦਾ ਦਿੱਤਾ ਸੀ। ਉਨ੍ਹਾਂ 'ਚੋਂ ਇੱਕ ਮਿਸਟਰ, ਹੈਰੀ.ਐਮ.ਫਰਿਟਜ਼.ਫਿਟਜ਼ਗੇਰਾਲਡ (Harry M "Fritz Fitzgerald) ਸਟੇਜ 'ਤੇ ਆਇਆ ਅਤੇ ਪੱਤਰਕਾਰਾਂ ਵਿਚ ਖਲਬਲੀ

ਮਚਾ ਦਿੱਤੀ। ਜਿੰਨਾਂ ਨੇ ਕਦੇ ਵੀ ਕਿਸੇ ਗੋਰੇ ਵਿਅਕਤੀ ਨੂੰ ਆਪਣੇ ਏਸ਼ੀਅਨ ਸਰੋਤਿਆਂ ਸਾਹਮਣੇ, ਭਾਰਤ ਵਿਚਲੇ ਬ੍ਰਿਟਿਸ਼ ਰਾਜ ਦੇ ਵਿਰੁੱਧ, ਇੰਨੀ ਜੋਸ਼ੀਲੀ ਤਕਰੀਰ ਕਰਦੇ ਨਹੀਂ ਸੁਣਿਆ ਸੀ। ਨਿਊਜ਼ੀਲੈਂਡ ਵਿਚ ਇਮੀਗਰੇਂਟ ਕਰਨ ਤੋਂ ਪਹਿਲਾਂ ਫਿਟਜ਼ਗੇਰਾਲਡ, ਬ੍ਰਿਟਿਸ਼ ਕੋਲੰਬੀਆ ਵਿਚ ਇੱਕ ਯੂਨੀਅਨ ਆਗੂ ਸੀ। ਜੋ ਉੱਥੇ ਜਾ ਕੇ ਨਿਊਜ਼ੀਲੈਂਡ ਦੀ ਪਹਿਲੀ ਸੋਸ਼ਲਿਸਟ ਪਾਰਟੀ ਦਾ ਪ੍ਰਮੁੱਖ ਆਗੂ ਬਣ ਕੇ ਉਭਰਿਆ। ਉਹ ਬ੍ਰਿਟਿਸ਼ ਕੋਲੰਬੀਆ ਵਾਪਸ ਆ ਗਿਆ ਸੀ ਅਤੇ ਇਸ ਮੌਕੇ ਉਸ ਨੇ ਸਟੇਜ਼ ਉੱਪਰ ਬਹੁਤ ਧਮਾਕਾਖੇਜ਼ ਰੰਗ ਬੰਨਿਆ। ਪਰ ਜਿੱਥੋਂ ਤੱਕ ਉਸ ਦੇ ਪੰਜਾਬੀ ਸਰੋਤਿਆਂ ਦਾ ਸਵਾਲ ਸੀ, ਉਹ ਮੁੱਖ ਨੁਕਤੇ ਤੋਂ ਪਰ੍ਹੇ ਚਲਾ ਗਿਆ ਸੀ। ਉਸ ਨੇ ਕਿਹਾ ਆਪਣੀ ਤਾਕਤ ਕਾਮਾਗਾਟਾ ਮਾਰੂ ਉੱਪਰ ਬਰਬਾਦ ਨਾ ਕਰੋ। ਆਪਣੇ ਮੁਲਕ ਵਾਪਸ ਜਾਉ ਅਤੇ ਉਥੇ ਜਾ ਕੇ ਸਰਮਾਏਦਾਰੀ ਵਿਰੁੱਧ ਲੜਾਈ ਵਿਚ ਕੁੱਦੋ। ਪਰ ਸਰੋਤਿਆਂ ਦੇ ਉਸ ਵੱਡੇ ਹਿੱਸੇ ਲਈ ਜੋ ਅੰਗਰੇਜ਼ੀ ਜ਼ਬਾਨ ਨੂੰ ਆਸਾਨੀ ਨਾਲ ਨਹੀਂ ਸਮਝ ਸਕਦੇ ਸੀ, ਇੰਨਾ ਹੀ ਕਾਫ਼ੀ ਸੀ ਕਿ ਉਹ ਸਟੇਜ ਤੋਂ ਬੋਲਿਆ ਸੀ।

ਇਸ ਮੀਟਿੰਗ ਨੇ ਸਾਬਤ ਕਰ ਦਿੱਤਾ ਸੀ। ਕਿ ਬਹੁ-ਗਿਣਤੀ ਅਤੇ ਘੱਟ-ਗਿਣਤੀ ਭਾਈਚਾਰਿਆਂ ਨੂੰ ਇਕੱਠੇ ਕਰਨਾ ਕਿੰਨਾ ਮੁਸ਼ਕਿਲ ਕੰਮ ਸੀ। ਅਸਲ ਵਿਚ ਮੀਟਿੰਗ ਆਪਣੇ ਆਪ ਹੀ ਅੰਗਰੇਜ਼ੀ ਬੋਲਣ ਵਾਲਿਆਂ ਅਤੇ ਪੰਜਾਬੀ ਬੋਲਣ ਵਾਲਿਆਂ ਦੇ ਦੋ ਧੜਿਆਂ ਵਿਚ ਵੰਡੀ ਗਈ ਸੀ। ਦੋਨਾਂ ਧੜਿਆਂ ਦੇ ਸਰੋਤਿਆਂ ਨੇ ਜੋ ਸੁਣਿਆ, ਉਸਦਾ ਉਨ੍ਹਾਂ ਲਈ ਬਿਲਕੁਲ ਅਲੱਗ-ਅਲੱਗ ਮਤਲਬ ਸੀ। ਤੱਟਈ ਕਮੇਟੀ ਦੇ ਕਈ ਮੈਂਬਰ ਜਿਵੇਂ ਸੋਹਨ ਲਾਲ ਔਲਖ, ਬਲਵੰਤ ਸਿੰਘ ਖੁਰਦਪੁਰ, ਰਾਜਾ ਸਿੰਘ ਬਾੜੀਆਂ ਕਲਾਂ ਅਤੇ ਕੁਝ ਹੋਰ ਪੰਜਾਬੀ ਭਾਸ਼ਾ ਵਿਚ ਬੋਲੇ ਉਨ੍ਹਾਂ ਦੀ ਸਾਮਰਾਜ-ਵਿਰੋਧੀ ਸੁਰ ਉਥੋਂ ਸ਼ੁਰੂ ਹੋਈ ਜਿੱਥੋਂ ਫਿਟਜ਼ਗੇਲਾਰਡ ਛੱਡ ਕੇ ਗਿਆ ਸੀ। ਯਾਨੀ ਬਿਨਾਂ ਕਿਸੇ ਲੁੱਕ-ਲਪੇਟ ਦੇ ਅਤੇ ਹੋਰ ਜ਼ਿਆਦਾ ਤਿੱਖਾ ਹਮਲਾ। ਬਾਅਦ ਵਿਚ ਹਾੱਪਕਿਨਸਨ ਨੇ ਉੱਪ-ਗ੍ਰਹਿ ਮੰਤਰੀ ਨੂੰ ਲਿਖਿਆ ਕਿ ਜਲਦੀ ਹੀ ਇਹਨਾਂ ਇਮੀਗਰੇਂਟਾਂ ਦਾ ਕੁਝ ਕਰਨਾ ਪੈਣਾ ਹੈ। ਉਸ ਨੇ ਲਿਖਿਆ ਕਿ ਜੇਕਰ ਇਹਨਾਂ ਉੱਪਰ ਕਿਸੇ ਕਾਨੂੰਨ ਦੀ ਕੋਈ ਧਾਰਾ ਲੱਗ ਸਕਦੀ ਹੈ ਤਾਂ ਇਹਨਾਂ ਨੂੰ ਦੇਸ਼-ਨਿਕਾਲਾ ਦੇ ਦੇਣਾ ਚਾਹੀਦਾ ਹੈ, ਜਿਸ ਨਾਲ ਬਾਕੀ ਦੇ ਭਾਈਚਾਰੇ ਉੱਪਰ ਕੋਈ ਸਾਕਾਰਾਤਮਿਕ ਅਸਰ ਪਵੇ।

ਹਾੱਪਕਿਨਸਨ ਦੇ ਸੀਨੀਅਰ ਅਧਿਕਾਰੀ ਮਾਲਕਮ ਰੀਡ ਦੀ ਸਮਝ ਮੁਤਾਬਕ, ਹਾਲਾਤ ਇਤਨੇ ਖਰਾਬ ਹੋ ਚੁੱਕੇ ਸਨ ਕਿ ਉਸ ਸਮੇਂ ਕਿਸੇ ਕਾਨੂੰਨੀ ਪ੍ਰਕਿਰਿਆ ਦੀ ਪ੍ਰਵਾਹ ਕਰਨ ਦੀ ਕੋਈ ਜ਼ਰੂਰਤ ਨਹੀਂ ਸੀ। ਉਹ ਐਡਵਰਡ ਬਰਡ ਦੀ ਅਰਜ਼ੀ ਜਾਂ ਅਦਾਲਤ ਦੇ ਕਿਸੇ ਵੀ ਆਦੇਸ਼ ਦੀ ਅਣਦੇਖੀ ਕਰਨਾ ਚਾਹੁੰਦਾ ਸੀ। ਉਸ ਨੇ ਓਟਾਵਾ ਸਥਿਤ ਆਪਣੇ ਆਕਾਵਾਂ ਨੂੰ ਸਿਫ਼ਾਰਸ਼ ਕੀਤੀ ਕਿ ਇਸ ਤਰਾਂ ਦੀ

ਅਣਦੇਖੀ ਕਰਨੀ ਹੀ ਪੈਣੀ ਹੈ। ਕਿਉਂਕਿ ਜੇਕਰ ਭਾਰਤੀਆਂ ਨੂੰ ਇੱਕ ਅਜ਼ਮਾਇਸ਼ੀ ਕੇਸ ਅਦਾਲਤ ਲਿਜਾਣ ਦਿੱਤਾ ਗਿਆ ਤਾਂ ਉਹ ਕੇਸ ਜਿੱਤ ਸਕਦੇ ਸਨ। ਇਹ ਇੱਕ ਇਮਾਨਦਾਰ ਪਰ ਕਠੋਰ ਸਫ਼ਾਈ ਸੀ। ਪੇਸ਼ਬੰਦੀ ਕਰਦੇ ਹੋਏ ਉਸ ਨੇ ਆਪਣੇ ਇਮੀਗਰੇਸ਼ਨ ਬੋਰਡ-ਆਫ਼-ਇਨਕੁਆਰੀ ਦੇ ਇੱਕ ਮੈਂਬਰ, ਇੰਸਪੈਕਟਰ ਥੌਮਸ ਇਲੀਅਟ (Thomas Elliott) ਨੂੰ ਕਿਸੇ ਬਹਾਨੇ ਸ਼ਹਿਰ ਤੋਂ ਬਾਹਰ ਭੇਜ ਦਿੱਤਾ ਤਾਂ ਜੁ ਬੋਰਡ ਦੀ ਕੋਈ ਮੀਟਿੰਗ ਨਾ ਹੋ ਸਕੇ। ਹੁਣ ਤੱਕ ਰੀਡ ਨੂੰ ਆਪਣੇ ਕੰਮ-ਕਾਜ ਵਿਚ ਬਹੁਤ ਖੁੱਲ੍ਹ ਮਿਲੀ ਹੋਈ ਸੀ। ਪਰ ਹੁਣ ਉਸ ਦੀ ਨਕੇਲ ਕੱਸ ਦਿੱਤੀ। ਗਈ ਸੀ। ਇਮੀਗਰੇਸ਼ਨ ਕਾਨੂੰਨ ਦੀ ਪ੍ਰਕਿਰਿਆ ਦਾ ਠੀਕ ਤਰ੍ਹਾਂ ਪਾਲਣ ਕਰਨ ਲਈ ਜ਼ਰੂਰੀ ਸੀ, ਕਿ ਬੋਰਡ-ਆਫ਼-ਇਨਕੁਆਰੀ ਦਾ ਨਿਰੀਖਣ ਪੂਰਾ ਹੋਣ ਤੋਂ ਤੁਰੰਤ ਬਾਅਦ ਫ਼ੈਸਲਾ ਦਿੱਤਾ ਜਾਵੇ, ਓਟਾਵਾ ਵਿਚਲੇ ਇਮੀਗਰੇਸ਼ਨ ਸੁਪਰਡੈਂਟ ਡਬਲਯੂ.ਡੀ.ਸਕਾਟ ਨੇ ਇਮੀਗਰੇਸ਼ਨ ਕਾਨੂੰਨ ਨੂੰ ਪੜ੍ਹ ਕੇ ਉੱਪਰ ਦੱਸੀ ਸਮਝ ਬਣਾਈ ਸੀ। ਅਤੇ 21 ਜੂਨ ਦਿਨ ਐਤਵਾਰ ਨੂੰ ਤਾਰ ਭੇਜ ਕੇ ਰੀਡ ਨੂੰ ਵੀ ਅਜਿਹਾ ਹੀ ਕਰਨ ਲਈ ਕਿਹਾ ਸੀ। ਜੇਕਰ ਮਿਸਟਰ ਰੀਡ ਦੇ ਫ਼ੈਸਲੇ, ਕਾਨੂੰਨ ਮੁਤਾਬਕ ਨਾ ਹੋਏ ਤਾਂ ਇਹਨਾਂ ਫ਼ੈਸਲਿਆਂ ਦਾ ਅਦਾਲਤੀ ਨਿਰੀਖਣ ਹੋ ਸਕਦਾ ਸੀ। ਅਤੇ ਸਕਾਟ ਨੇ ਉਸ ਨੂੰ ਇਸ ਪੱਖੋਂ ਸਾਵਧਾਨ ਰਹਿਣ ਲਈ ਚਿਤਾਵਨੀ ਵੀ ਦਿੱਤੀ ਸੀ। ਰੀਡ ਨੂੰ ਕਾਫ਼ੀ ਅਖਤਿਆਰ ਦਿੱਤੇ ਗਏ ਸਨ। ਪਰ ਅਦਾਲਤਾਂ ਦੇ ਆਦੇਸ਼ਾਂ ਦੀ ਅਣਦੇਖੀ ਕਰਨ ਦੀ ਇਜ਼ਾਜਤ ਨਹੀਂ ਦਿੱਤੀ ਜਾ ਸਕਦੀ ਸੀ। ਇੱਕ ਨੁਕਤੇ ਉੱਪਰ ਉਸ ਦੇ ਹੁਕਮ ਸਿੱਧੇ ਹੀ ਰੱਦ ਕਰ ਦਿੱਤੇ ਗਏ ਅਤੇ ਉੱਪਰ ਤੋਂ ਆਦੇਸ਼ ਆਇਆ: "ਇਲੀਅਟ ਹਰ ਵਕਤ ਹਾਜ਼ਰ ਰਹੇ।" ਕਾਰਵਾਈ ਨੂੰ ਲਟਕਾਉਣ ਲਈ, ਇਲੀਅਟ ਨੂੰ ਸ਼ਹਿਰ ਤੋਂ ਬਾਹਰ ਭੇਜਣ ਦੀ ਰੀਡ ਦੀ ਚਾਲ ਬਹੁਤ ਪ੍ਰਤੱਖ ਦੇਰੀ ਕਰਨ ਦੀ ਸੀ।

ਰੀਡ ਵੈਨਕੂਵਰ ਦੇ ਮੈਂਬਰ ਪਾਰਲੀਮੈਂਟ ਮਿਸਟਰ ਹੈਨਰੀ ਹਰਬਰਟ ਸਟੀਵਨਜ਼ ਦੇ ਜ਼ਬਰਦਸਤ ਪ੍ਰਭਾਵ ਹੇਠ ਕੰਮ ਕਰਦਾ ਸੀ। ਜੋ ਗਰਮੀ ਰੁੱਤ ਦੀਆਂ ਛੁੱਟੀਆਂ ਹੋਣ ਕਾਰਨ ਓਟਾਵਾ ਤੋਂ ਥੋੜ੍ਹੇ ਦਿਨ ਪਹਿਲਾਂ ਵੈਨਕੂਵਰ ਪਰਤਿਆ ਸੀ। ਵੈਨਕੂਵਰ ਵਿਚਲੇ ਸਾਰੇ ਇਮੀਗਰੇਸ਼ਨ ਸਟਾਫ਼ ਨੂੰ ਪਤਾ ਸੀ, ਕਿ ਹਕੀਕਤ ਵਿਚ ਫ਼ੈਸਲੇ ਸਟੀਵਨਜ਼ ਹੀ ਕਰਦਾ ਸੀ। ਅਸਲ ਵਿਚ ਇਮੀਗਰੇਸ਼ਨ ਦਫ਼ਤਰ ਅਮਲੀ ਤੌਰ 'ਤੇ ਉਸ ਦੇ ਸਥਾਨਕ ਕੰਜ਼ਰਵੇਟਿਵ ਐਸੋਸੀਏਸ਼ਨ ਦੇ ਦਫ਼ਤਰ ਦੇ ਇੱਕ ਵਿੰਗ ਵਾਂਗ ਕੰਮ ਕਰਦਾ ਸੀ। ਸਟਾਫ਼ ਦੀਆਂ ਸਾਰੀਆਂ ਨਿਯੁਕਤੀਆਂ ਐਸੋਸੀਏਸ਼ਨ ਦੀ ਕਾਰਜ-ਕਾਰਨੀ ਕਰਦੀ ਸੀ। ਕਾਮਾਗਾਟਾ ਮਾਰੂ ਉੱਪਰ 24 ਘੰਟੇ ਨਜ਼ਰ ਰੱਖਣ ਵਾਲ਼ੀ ਗਸ਼ਤੀ ਕਿਸ਼ਤੀ ਵੀ ਇੱਕ ਸਰਗਰਮ ਪਾਰਟੀ ਮੈਂਬਰ ਤੋਂ ਕਿਰਾਏ ਉੱਪਰ ਲਈ ਗਈ ਸੀ। ਅਤੇ ਰੀਡ ਨੇ ਜਦੋਂ ਕਾਮਾਗਾਟਾ ਮਾਰੂ ਲਈ ਸਪੈਸ਼ਲ ਗਾਰਡਾਂ ਵਜੋਂ ਛੇ ਹੱਟੇ-ਕੱਟੇ ਪੁਲਿਸ ਵਾਲਿਆਂ ਨੂੰ ਨਿਯੁਕਤ ਕੀਤਾ ਸੀ। ਤਾਂ ਪਾਰਟੀ ਵਫ਼ਾਦਾਰਾਂ ਨੂੰ ਨਜ਼ਰ ਅੰਦਾਜ਼ ਕਰਨ ਬਦਲੇ, ਆਪਣੇ ਬਚਾਅ ਲਈ ਬਹੁਤ ਸਫ਼ਾਈ ਦੇਣੀ ਪਈ ਸੀ।

ਹੈਰੀ ਸਟੀਵਨਜ਼ 1911 ਵਿਚ ਕੰਜ਼ਰਵੇਟਿਵ ਪਾਰਟੀ ਦੇ ਹੱਕ ਵਿਚ ਬਣੀ ਚੁਣਾਵੀਂ ਲਹਿਰ ਸਮੇਂ ਜਿੱਤ ਕੇ, ਪਹਿਲੀ ਵਾਰ ਮੈਂਬਰ ਪਾਰਲੀਮੈਂਟ ਬਣਿਆ ਸੀ। ਉਹ ਖੁਦ ਮਿਹਨਤ ਕਰਕੇ ਬਣਿਆ ਇੱਕ ਕਾਰੋਬਾਰੀ, ਸੰਸਾਰੀ ਧਰਮ-ਪ੍ਰਚਾਰਕ ਅਤੇ ਇੱਕ ਸਮਰਪਿਤ ਪਤੀ ਤੇ ਪਿਤਾ ਸੀ। ਏਸ਼ੀਅਨ ਇਮੀਗਰੇਸ਼ਨ ਉਸ ਲਈ ਮੁੱਖ ਮੁੱਦਾ ਸੀ। ਜਦ ਉਹ ਪਹਿਲੀ ਵਾਰ ਪਾਰਲੀਮੈਂਟ ਵਿਚ ਬੋਲਿਆ ਸੀ ਤਾਂ ਉਸ ਨੇ "ਇੱਕ ਗੋਰਿਆਂ ਦੇ ਮੁਲਕ" ਵਜੋਂ ਕਨੇਡਾ ਦੀ ਪਹਿਚਾਣ ਨੂੰ ਏਸ਼ੀਅਨ ਇਮੀਗਰੇਸ਼ਨ ਤੋਂ ਖਤਰੇ ਉੱਪਰ ਹੀ ਆਪਣਾ ਜ਼ਿਆਦਾ ਸਮਾਂ ਲਗਾਇਆ ਸੀ। ਉਹ ਇੰਗਲੈਂਡ ਵਿਚ ਪੈਦਾ ਹੋਇਆ ਸੀ ਅਤੇ ਏਸ਼ੀਆ ਤੇ ਏਸ਼ੀਅਨਾਂ ਤੋਂ ਦੂਰ, ਉਨਟੈਰਿਉ ਨਾਮ ਦੇ ਛੋਟੇ ਜਿਹੇ ਸ਼ਹਿਰ ਵਿਚ ਛੋਟੀ ਸੋਚ ਲੈ ਕੇ ਜਵਾਨ ਹੋਇਆ ਸੀ। ਸਟੀਵਨਜ਼ ਵਲੋਂ ਸਕੂਲ ਦੀ ਪੜ੍ਹਾਈ ਖਤਮ ਕਰ ਲੈਣ ਬਾਅਦ, ਉਸ ਦਾ ਪਿਤਾ ਪਰਿਵਾਰ ਸਮੇਤ ਬ੍ਰਿਟਿਸ਼ ਕੋਲੰਬੀਆ ਚਲਾ ਆਇਆ ਸੀ। ਅਤੇ ਜਦ ਉਹ 22 ਸਾਲ ਦਾ ਹੋਇਆ, ਤਾਂ ਸਟੀਵਨਜ਼ ਚੀਨ ਵਿਚ ਅਮਰੀਕੀ ਫੌਜ- ਜੋ ਚੀਨੀਆਂ ਵਲੋਂ ਚਲਾਏ ਜਾ ਰਹੇ ਪੱਛਮ-ਵਿਰੋਧੀ ਵਿਦਰੋਹ (ਬਾਕਸਰ ਵਿਦਰੋਹ) ਨੂੰ ਕਾਬੂ ਕਰਨ ਵਿਚ ਰੁਝੀ ਹੋਈ ਸੀ—ਦੀ ਇੱਕ ਸਹਾਇਕ ਪਲਟਨ 'ਅਮਰੀਕਨ ਸਿਵਿਲੀਅਨ ਕੋਰ' ਵਿਚ ਭਰਤੀ ਹੋ ਗਿਆ ਸੀ। ਉਹ ਚੀਨ ਵਿਚ ਇੱਕ ਸਾਲ ਤੋਂ ਵੀ ਘੱਟ ਸਮਾਂ ਰਿਹਾ। ਪਰ ਇਤਨਾ ਸਮਾਂ ਵੀ ਉਸ ਨੂੰ ਭੀੜ-ਭੜੱਕੇ, ਅਸੀਮ ਜਨ-ਸੰਖਿਆ ਅਤੇ ਚੀਨੀ ਓਪਰੇਪਣ ਦੇ ਖਿਆਲਾਂ ਨਾਲ ਪ੍ਰੇਸ਼ਾਨ ਰਹਿਣ ਲਈ ਕਾਫ਼ੀ ਸੀ।

ਉਸ ਦੇ ਚੀਨੀ ਅਨੁਭਵ ਨੇ ਸਟੀਵਨਜ਼ ਵਿਚ ਲੋੜੋਂ ਵੱਧ ਇਹ ਡਰ ਪੈਦਾ ਕਰ ਦਿੱਤਾ ਸੀ। ਕਿ ਏਸ਼ੀਅਨ ਇਮੀਗਰੇਂਟ, ਗੋਰੇ ਬ੍ਰਿਟਿਸ਼ ਕੋਲੰਬੀਅਨ ਸਮਾਜ ਉੱਪਰ ਹਾਵੀ ਹੋ ਜਾਣੇ ਸਨ। ਰੌਬਰਟ ਬਾਰਡਨ ਦੀ ਕੰਜ਼ਰਵੇਟਿਵ ਸਰਕਾਰ ਦੀ ਮਦਦ ਕਰ ਰਹੇ ਇੱਕ ਮੈਂਬਰ ਪਾਰਲੀਮੈਂਟ ਵਜੋਂ ਉਸ ਨੂੰ ਯਕੀਨ ਸੀ ਕਿ ਪਾਰਟੀ ਦੇ ਪੂਰਬੀ ਖਿੱਤੇ ਦੇ ਮੈਂਬਰ ਇਮੀਗਰੇਸ਼ਨ ਦੀ ਚੁਣੌਤੀ ਦੀ ਗੰਭੀਰਤਾ ਨੂੰ ਸਮਝ ਨਹੀਂ ਰਹੇ ਸਨ। ਬ੍ਰਿਟਿਸ਼ ਕੋਲੰਬੀਅਨ ਲੋਕਾਂ ਦੀ ਇਹ ਆਮ ਸ਼ਿਕਾਇਤ ਸੀ ਜੋ ਉਸ ਦੀ ਅਤਿ-ਸੰਵੇਦਨਸ਼ੀਲਤਾ ਦਾ ਮੁੱਖ ਸਰੋਤ ਸੀ। ਖ਼ਾਸਕਰ ਕਾਮਾਗਾਟਾ ਮਾਰੂ ਦੇ ਮਸਲੇ ਨੂੰ ਲੈ ਕੇ ਉਸ ਦੇ ਗੋਰੀ ਨਸਲ ਦੇ ਕੁਝ ਏਸ਼ੀਅਨ-ਵਿਰੋਧੀ ਵੋਟਰ ਕਹਿੰਦੇ ਰਹਿੰਦੇ ਸਨ ਕਿ ਸਰਕਾਰ ਇਸ ਮਸਲੇ ਉੱਪਰ ਢਿੱਲ-ਮੱਠ ਕਰ ਰਹੀ ਹੈ ਤੇ ਕੋਈ ਸਖ਼ਤ ਸਟੈਂਡ ਨਹੀਂ ਲੈ ਰਹੀ ਹੈ। ਭਾਵੇਂ ਜਨਤਕ ਤੌਰ 'ਤੇ ਉਹ ਇਹ ਗੱਲ ਨਹੀਂ ਮੰਨਦਾ ਸੀ। ਪਰ ਇਹ ਉਸ ਦਾ ਮੁੱਖ ਫ਼ਿਕਰ ਸੀ।

20 ਜੂਨ ਵਾਲੀ ਜਨਤਕ ਮੀਟਿੰਗ ਤੋਂ ਇੱਕ ਦਿਨ ਪਹਿਲਾਂ, ਸਟੀਵਨਜ਼ ਨੇ ਕਾਮਾਗਾਟਾ ਮਾਰੂ ਉੱਪਰ ਘਿਰੇ ਮੈਡੀਕਲ ਅਫ਼ਸਰ, ਨੌਜਵਾਨ ਡਾਕਟਰ ਰਘੂਨਾਥ ਸਿੰਘ ਨਾਲ ਮੁਲਾਕਾਤ ਕੀਤੀ ਸੀ। ਇਹ ਮੁਲਾਕਾਤ ਸਟੀਵਨਜ਼ ਲਈ ਅਜਿਹੀ ਵਿਸਥਾਰਤ ਜਾਣਕਾਰੀ ਇੱਕਠੀ ਕਰਨ ਲਈ ਵਧੀਆ ਮੌਕਾ ਸੀ। ਜਿਸ ਨਾਲ

ਪ੍ਰਧਾਨ ਮੰਤਰੀ ਨੂੰ ਜਹਾਜ਼ ਉੱਪਰਲੇ ਬੰਦਿਆਂ ਦੀ ਖ਼ਤਰਨਾਕਤਾ ਬਾਰੇ ਅਤੇ ਉਸ ਦੇ ਅਨੁਸਾਰ ਨਿਪਟਣ ਦੀ ਲੋੜ ਬਾਰੇ ਪ੍ਰਭਾਵਿਤ ਕੀਤਾ ਜਾ ਸਕੇ। ਵਿਚਾਰਾ ਡਾਕਟਰ, ਜੋ ਜਹਾਜ਼ ਉੱਪਰ ਆਪਣੀ ਹਾਲਤ ਨੂੰ ਲੈ ਕੇ ਯਕੀਨੀ ਤੌਰ 'ਤੇ ਪ੍ਰੇਸ਼ਾਨ ਸੀ, ਨੂੰ ਤੱਟ ਉੱਪਰ ਲਿਆ ਕੇ ਉਸ ਦੀ ਇਮੀਗਰੇਸ਼ਨ ਦਫ਼ਤਰ ਵਿਚ ਸਟੀਵਨਜ਼ ਨਾਲ ਜਾਣ-ਪਛਾਣ ਕਰਾਈ ਗਈ। ਜਿੱਥੇ ਉਸ ਦੀ ਕਹੀ ਹੋਈ ਹਰ ਗੱਲ ਨੂੰ ਨੋਟ ਕਰਨ ਲਈ ਇੱਕ ਸਟੈਨੋਗ੍ਰਾਫਰ ਪਹਿਲਾਂ ਹੀ ਮੌਜੂਦ ਸੀ।

"ਉਥੇ ਕੁਝ ਲੋਕਾਂ ਨੇ ਤੈਨੂੰ ਡਰਾਇਆ ਧਮਕਾਇਆ, ਕੀ ਇਹ ਗੱਲ ਸੱਚੀ ਐ?" ਸਿੱਧਾ ਹੀ ਨੁਕਤੇ ਉੱਪਰ ਆਉਂਦਿਆਂ ਸਟੀਵਨਜ਼ ਨੇ ਪੁੱਛਿਆ ਅਤੇ ਰਘੁਨਾਥ ਸਿੰਘ ਨੇ ਜਵਾਬ ਦਿੱਤਾ, ਹਾਂ ਮੈਨੂੰ ਗੁਰਦਿੱਤ ਸਿੰਘ ਨੇ ਧਮਕਾਇਆ ਅਤੇ ਉਸਦੇ ਸਾਥੀਆਂ ਨੇ ਕਿਹਾ ਕਿ ਜੇਕਰ ਮੈਂ ਤੱਟ ਉੱਪਰ ਜਾਂ ਜਹਾਜ਼ ਦੇ ਫੱਟਾ-ਰਸਤੇ ਉੱਪਰ ਗਿਆ ਤਾਂ ਉਹ ਮੈਨੂੰ ਮਾਰ ਦੇਣਗੇ। "ਉਹ ਸੋਚਦੇ ਹਨ ਕਿ ਮੈਂ ਉਨ੍ਹਾਂ ਦੇ ਵਿਰੁੱਧ ਬੋਲਿਆ ਹੈ।" ਉਸ ਦੇ ਕਹਿਣ ਮੁਤਾਬਕ ਗੁਰਦਿੱਤ ਸਿੰਘ ਇੱਕ ਚਾਲਬਾਜ਼ ਤੇ ਜ਼ਾਬਰ ਆਦਮੀ ਸੀ। ਜਿਸ ਨੇ ਮੁਸਾਫ਼ਰਾਂ ਨੂੰ ਆਪਣੀਆਂ ਸੇਵਾਵਾਂ ਵੇਚੀਆਂ ਸਨ। ਅਤੇ ਹੁਣ ਡਰਾਵੇ ਤੇ ਗਲਤ ਜਾਣਕਾਰੀ ਦੇ ਸਹਾਰੇ ਉਨ੍ਹਾਂ ਨੂੰ ਕਾਬੂ ਵਿਚ ਰੱਖ ਰਿਹਾ ਸੀ। "ਮੈਂ ਉਨ੍ਹਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ, ਉਹ ਸਭ ਮੇਰੇ ਵਿਰੁੱਧ ਹਨ" ਉਸ ਨੇ ਕਿਹਾ, "ਸਾਰੇ ਹੀ ਮੁਸਾਫ਼ਰ ਅਮਲੀ ਤੌਰ 'ਤੇ ਉਸ ਉੱਪਰ ਭਰੋਸਾ ਕਰਦੇ ਹਨ ਭਾਵੇਂ ਕਿ ਆਪਣੇ ਮਨ ਅੰਦਰ ਉਹ ਜਾਣਦੇ ਹਨ ਕਿ ਉਸਨੇ ਉਨ੍ਹਾਂ ਨਾਲ ਕੀ ਸਲੂਕ ਕੀਤਾ ਹੈ।"

ਸਟੈਨੋਗ੍ਰਾਫਰ ਦੀ ਮੌਜੂਦਗੀ ਕਾਰਨ ਘਬਰਾਹਟ ਮਹਿਸੂਸ ਕਰਦੇ ਹੋਏ, ਮੁਲਾਕਾਤ ਦੇ ਅੱਧਵਾਟੇ ਉਸ ਨੇ ਇਸ ਗੱਲਬਾਤ ਨੂੰ ਪ੍ਰਕਾਸ਼ਿਤ ਨਾ ਕੀਤੇ ਜਾਣ ਸਬੰਧੀ ਭਰੋਸਾ ਦਿਵਾਏ ਜਾਣ ਦੀ ਮੰਗ ਕੀਤੀ। ਸਟੀਵਨਜ਼ ਨੇ ਉਸ ਨੂੰ ਕਿਹਾ, "ਇਹ ਸਿਰਫ਼ ਮੇਰੇ ਤੇ ਮਿਸਟਰ ਬੌਰਡਨ ਲਈ ਹੈ।"

ਇੱਕ ਵਾਰ ਮਿਸਟਰ ਸਟੀਵਨਜ਼ ਨੇ ਇਮੀਗਰੇਸ਼ਨ ਅਧਿਕਾਰੀਆਂ ਦੇ ਵਿਉਹਾਰ ਦੀ ਪੁਸ਼ਟੀ ਕਰਾਉਣੀ ਚਾਹੀ। ਉਸਨੇ ਡਾਕਟਰ ਰਘੁਨਾਥ ਸਿੰਘ ਨੂੰ ਕਿਹਾ, "ਅਸੀਂ ਸਿਰਫ਼ ਇਹ ਜਾਣਨਾ ਚਾਹੁੰਦੇ ਹਾਂ, ਕਿ ਕੀ ਤੁਹਾਡੇ ਨਾਲ਼ ਉਸ ਤਰ੍ਹਾਂ ਦਾ ਉੱਚਿਤ ਤੇ ਜ਼ਿੰਮੇਵਾਰ ਢੰਗ ਨਾਲ ਵਿਵਹਾਰ ਕੀਤਾ ਗਿਆ ਹੈ, ਜਿਸ ਤਰ੍ਹਾਂ ਦਾ ਸਾਨੂੰ ਕਰਨਾ ਚਾਹੀਦਾ ਸੀ। ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਤੁਸੀਂ ਸੰਤੁਸ਼ਟ ਹੋ? ਅਤੇ ਜੇਕਰ ਜਹਾਜ਼ ਉੱਪਰਲੇ ਅਧਿਕਾਰੀਆਂ ਨੂੰ ਇਸ ਦਾ ਪਤਾ ਚਲੇਗਾ ਤਾਂ ਉਨ੍ਹਾਂ ਨੂੰ ਹੋਰ ਤਸੱਲੀ ਹੋਵੇਗੀ, ਦੱਸੋ, ਕੀ ਨਹੀਂ ਹੋਵੇਗੀ?" ਇਸ ਗੱਲ ਨਾਲ ਅਸਿਹਮਤ ਹੋਣ ਲਈ ਡਾਕਟਰ ਹੌਂਸਲਾ ਨਾ ਜੁੱਟਾ ਸਕਿਆ।

ਮੁਲਾਕਾਤ ਦੇ ਅਖੀਰ ਵਿਚ ਸਟੀਵਨਜ਼ ਨੇ ਪੁੱਛਿਆ, ਕਿ ਜੇਕਰ ਜਹਾਜ਼ ਉੱਪਰ ਰਸਦ ਪਹੁੰਚਾ ਦਿੱਤੀ ਜਾਵੇ ਤਾਂ ਕੀ ਮੁਸਾਫ਼ਰ ਚੁੱਪ-ਚਾਪ ਵਾਪਸ ਚਲੇ

ਜਾਣਗੇ। ਜਵਾਬ ਸੀ ਨਹੀਂ, "ਉਹ ਵਾਪਸ ਨਹੀਂ ਜਾਣਗੇ-ਉਹ ਤੱਟ ਉੱਪਰ ਉੱਤਰਨ ਲਈ ਹਰ ਸੰਭਵ ਯਤਨ ਕਰਨਗੇ।" ਇਤਨੇ ਲੰਮੇ ਇੰਤਜ਼ਾਰ ਤੋਂ ਬਾਅਦ, ਹਾਲਾਤ ਦੇ ਉਸ ਪੜਾਅ 'ਤੇ, ਡਾਕਟਰ ਰਘੂਨਾਥ ਵਲੋਂ ਕੱਢੇ ਇਸ ਸਿੱਟੇ ਨੂੰ, ਅਸੀਂ ਸਥਿਤੀ ਦੇ ਇੱਕ ਇਮਾਨਦਾਰ ਮੁਲੰਕਣ ਵਜੋਂ ਲੈ ਸਕਦੇ ਹਾਂ।

ਸਰਕਾਰੀ ਵਕੀਲਾਂ 'ਤੇ ਬਰਡ ਵਿਚਕਾਰ ਅਜ਼ਮਾਇਸ਼ੀ ਕੇਸ ਬਾਰੇ ਸਮਝੌਤਾ ਹੋਣ ਦੇ ਨਜ਼ਦੀਕ ਪਹੁੰਚਣ ਦੀ ਸਥਿਤੀ ਨੂੰ ਮਹਿਸੂਸ ਕਰਦਿਆਂ, ਸਟੀਵਨਜ਼ ਨੇ ਪ੍ਰਧਾਨ ਮੰਤਰੀ ਉੱਪਰ ਇਸ ਸਮਝੌਤੇ ਨੂੰ ਰੋਕਣ ਲਈ ਹਰ ਸੰਭਵ ਦਬਾਅ ਪਾਇਆ। 24 ਜੂਨ ਦਿਨ ਬੁੱਧਵਾਰ ਨੂੰ ਬੌਰਡਨ ਨੂੰ ਬ੍ਰਿਟਿਸ਼ ਕੋਲੰਬੀਆ ਤੋਂ ਕਈ ਟੈਲੀਗ੍ਰਾਮਾਂ ਮਿਲੀਆਂ ਜਿੰਨਾਂ ਵਿਚ ਵੈਨਕੂਵਰ ਦੇ ਮੇਅਰ (ਜੋ ਏਸ਼ੀਅਨ ਇਮੀਗਰੇਂਟਾਂ ਦਾ ਸਖ਼ਤ ਵਿਰੋਧੀ ਸੀ) ਦੀ ਉਹ ਤਾਰ ਵੀ ਸੀ। ਜਿਸ ਵਿਚ ਇੱਕ ਰਾਤ ਪਹਿਲਾਂ ਹੋਈ ਉਸ ਜਨਤਕ ਮੀਟਿੰਗ ਦਾ ਜ਼ਿਕਰ ਸੀ, ਜਿੱਥੇ ਸਟੀਵਨਜ਼ ਮੁੱਖ ਖਿੱਚ ਦਾ ਕੇਂਦਰ ਸੀ। ਮੀਟਿੰਗ ਦੇ ਖਤਮ ਹੋਣ ਤੋਂ ਕਿੰਨੀ ਦੇਰ ਬਾਅਦ ਤੱਕ ਇੱਕ ਆਵਾਜ਼ ਸਾਰਿਆਂ ਦੇ ਕੰਨਾਂ ਵਿਚ ਗੂੰਜ਼ਦੀ ਰਹੀ। ਬ੍ਰਿਟਿਸ਼ ਕੋਲੰਬੀਆ ਦੀ ਨਿਆਂ-ਪ੍ਰਣਾਲੀ ਉੱਪਰ ਕੀਤੇ ਸਟੀਵਨਜ਼ ਦੇ ਸ਼ਬਦੀ-ਹਮਲੇ ਤੋਂ ਬਾਅਦ, ਏਸ਼ੀਅਨ-ਵਿਰੋਧੀਆਂ ਨਾਲ ਭਰੇ ਹਾਲ ਵਲੋਂ ਤਾੜੀਆਂ ਦੀ ਗੜਗੜਾਹਟ ਦੀ ਆਵਾਜ਼ ਗੂੰਜਦੀ ਰਹੀ ਸਟੀਵਨਜ਼ ਬੋਲਿਆ, "ਕੁਝ ਲੋਕ ਕਹਿੰਦੇ ਹਨ ਕਿ ਤੁਸੀਂ ਅਦਾਲਤ ਦਾ ਦਰਵਾਜ਼ਾ ਕਿਉਂ ਨਹੀਂ ਖਟਖਟਾਉਂਦੇ? ਮੈਂ ਜਵਾਬ ਦਿੰਦਾ ਹਾਂ ਅਸੀਂ ਅਦਾਲਤ ਜਾਣ ਲਈ ਤਿਆਰ ਹਾਂ, ਪਰ ਜਾਣ ਲਈ ਕੋਈ ਇਮਾਨਦਾਰ ਅਦਾਲਤ ਵੀ ਤਾਂ ਹੋਵੇ।"

ਵੈਨਕੂਵਰ ਦਾ ਇੱਕ ਅਖ਼ਬਾਰ ਸ਼ਾਬਾਸ਼ ਦਾ ਹੱਕਦਾਰ ਸੀ। ਜਿਸ ਨੇ ਇਹ ਮੀਟਿੰਗ ਬੁਲਾਏ ਜਾਣ ਦੀ ਆਲੋਚਨਾ ਕੀਤੀ ਸੀ। ਅਤੇ ਜੇਕਰ ਸਟੀਵਨਜ਼ ਨੂੰ ਵੀ ਵੈਨਕੂਵਰ ਵਿਚ ਦੰਗੇ ਭੜਕਣ ਦੀ ਸੱਚਮੁੱਚ ਫ਼ਿਕਰ ਹੁੰਦੀ ਤਾਂ ਉਹ ਵੀ ਇਸ ਅਖਬਾਰ ਨਾਲ ਸਹਿਮਤ ਹੁੰਦਾ। ਖੁਸ਼ਕਿਸਮਤੀ ਨੂੰ ਭੀੜ, ਉਤੇਜ਼ਿਤ ਹੋਣ ਦੇ ਬਾਵਜੂਦ ਸ਼ਾਂਤ ਰਹੀ। ਸਿੱਖਾਂ ਦਾ ਇੱਕ ਸਮੂਹ ਜਿਨ੍ਹਾਂ ਨਾਲ ਥੋੜ੍ਹੀ-ਮੋਟੀ ਧੱਕਾ-ਮੁੱਕੀ ਵੀ ਹੋਈ ਸੀ, ਮੀਟਿੰਗ-ਹਾਲ ਪਹਿਲਾਂ ਹੀ ਪੂਰੀ ਤਰ੍ਹਾਂ ਭਰੇ ਹੋਣ ਕਾਰਨ ਵਾਪਸ ਚਲਾ ਗਿਆ ਸੀ। ਜ਼ੋਸੀਲੇ ਸੋਸ਼ਲਿਸਟ ਨੇਤਾ ਫਿਟਜ਼ਗੇਰਾਲਡ ਨਾਲ ਵੀ ਧੱਕਾ-ਮੁੱਕੀ ਹੋਈ ਸੀ। ਅਤੇ ਹੁਸੈਨ ਰਹੀਮ, ਜਿਸ ਨੇ ਮੀਟਿੰਗ-ਹਾਲ ਦੇ ਖਾਲੀ ਹੋਣ ਬਾਅਦ ਬਾਲਕੋਨੀ ਤੋਂ ਬੋਲਣ ਦੀ ਕੋਸ਼ਿਸ਼ ਕੀਤੀ, ਨੂੰ ਭੀੜ੍ਹ ਦੀਆਂ ਕਿਲਕਾਰੀਆਂ ਤੇ ਚੀਕਾਂ ਦਰਮਿਆਨ ਇੱਕ ਪੁਲਿਸ ਅਫ਼ਸਰ ਘੜੀਸ ਕੇ ਇੱਕ ਤਰਫ਼ ਲੈ ਗਿਆ ਸੀ।

ਸਭ ਮਸਲੇ ਸਿਖ਼ਰ 'ਤੇ ਪਹੁੰਚ ਰਹੇ ਸਨ। ਬੁੱਧਵਾਰ ਨੂੰ ਜਹਾਜ਼ ਉੱਪਰ ਪਾਣੀ ਦੀ ਤੋਟ ਹੋ ਗਈ ਅਤੇ ਰੀਡ ਜਿਸ ਨੂੰ ਓਟਾਵਾ ਸਰਕਾਰ ਨੇ 'ਜ਼ਰੂਰਤ ਪੈਣ 'ਤੇ' ਪਾਣੀ ਸਪਲਾਈ ਕਰਨ ਦੇ ਅਖਤਿਆਰ ਦੇ ਰੱਖੇ ਸਨ, ਨੇ ਅਜੇ 'ਜ਼ਰੂਰਤ' ਹੋਣ ਦਾ ਵਿਸ਼ਵਾਸ ਨਾ ਕੀਤਾ। ਮੁਸਾਫ਼ਰਾਂ ਨੂੰ ਹਰ-ਰੋਜ਼ 14 ਟਨ ਪਾਣੀ ਦੀ ਲੋੜ ਪੈਂਦੀ ਸੀ,

8 ਟਨ ਖਾਣਾ ਬਣਾਉਣ, ਪੀਣ ਤੇ ਨਹਾਉਣ-ਧੋਣ ਲਈ ਅਤੇ 6 ਟਨ ਜੈਨਰੇਟਰ ਚਲਾਉਣ ਲਈ ਭਾਫ਼ ਵਾਸਤੇ ਯਾਨੀ ਕੇ ਕੁਲ 28 ਡਾਲਰ ਪ੍ਰਤੀ ਦਿਨ ਦਾ ਖਰਚ, ਇਹ ਸਰਕਾਰ ਲਈ ਕੋਈ ਖਾਸ ਗੱਲ ਨਹੀਂ ਸੀ। ਜੋ ਜਹਾਜ਼ ਨੂੰ ਵਾਪਸ ਭੇਜਣ ਲਈ ਹਜ਼ਾਰਾਂ ਡਾਲਰ ਖਰਚਣ ਲਈ ਤਿਆਰ ਬੈਠੀ ਸੀ। ਪਰ ਪਾਣੀ ਦੀ ਸਪਲਾਈ ਵਿਚ ਦੇਰੀ ਕਰਨ ਵਾਲੇ ਇਸ ਹਥਿਆਰ ਨੂੰ ਰੀਡ ਨੇ ਜਾਣ ਬੁਝ ਕੇ ਕਈ ਵਾਰ ਵਰਤਿਆ ਸੀ।

24 ਜੂਨ ਨੂੰ ਰੀਡ ਨੇ ਓਟਾਵਾ ਸਰਕਾਰ ਨੂੰ ਤਾਰ ਭੇਜੀ: "ਸਰਕਾਰੀ ਸਲਾਹਕਾਰ ਪਰਖਮਈ ਕੇਸ ਨੂੰ ਅਦਾਲਤ ਲਿਜਾਣ ਲਈ ਬਹੁਤ ਕਾਹਲੇ ਹਨ। ਇਸ ਦਾ ਵਿਰੋਧ ਕਰਨ ਵਿਚ ਸਟੀਵਨਜ਼ ਮੇਰੇ ਨਾਲ ਹੈ" ਉਸ ਦਾ ਸਲਾਹਕਾਰ ਹੈਰੀ ਸਟੀਵਨਜ਼ ਅਗਲੇ ਦਿਨ ਸਵੇਰੇ 11ਵਜੇ ਰਵਾਨਾ ਹੋਣ ਵਾਲੇ ਸੀ.ਪੀ.ਆਰ ਕੰਪਨੀ ਦੇ ਜਹਾਜ਼ 'ਐਮਪ੍ਰੈਸ ਆਫ਼ ਇੰਡੀਆ' ਰਾਹੀਂ ਮੁਸਾਫ਼ਰਾਂ ਨੂੰ ਵਾਪਸ ਭੇਜਣਾ ਚਾਹੁੰਦਾ ਸੀ। ਉਹ 'ਐਮਪ੍ਰੈਸ' ਨੂੰ ਕਾਮਾਗਾਟਾ ਮਾਰੂ ਦੇ ਨਾਲ ਲਗਾ ਕੇ, ਵੱਧ ਤੋਂ ਵੱਧ ਤਾਕਤ ਦਾ ਇਸਤੇਮਾਲ ਕਰਕੇ ਅਤੇ ਵਾਪਸੀ ਯਾਤਰਾ ਲਈ ਜਹਾਜ਼ ਉੱਪਰ ਗਾਰਡ ਤਾਇਨਾਤ ਕਰਕੇ ਇਹ ਕੰਮ ਨੇਪਰੇ ਚਾੜ੍ਹਨਾ ਚਾਹੁੰਦਾ ਸੀ। ਸੀ.ਪੀ.ਆਰ. ਜਹਾਜ਼ੀ ਕੰਪਨੀ ਨੂੰ 35 ਡਾਲਰ ਪ੍ਰਤੀ ਮੁਸਾਫ਼ਰ ਦਾ ਰਿਆਇਤੀ ਕਿਰਾਇਆ ਦੇ ਕੇ ਇਸ ਕਾਰਵਾਈ 'ਤੇ ਕੁੱਲ 15000 ਡਾਲਰ ਖਰਚ ਆਉਣਾ ਸੀ। ਅਤੇ ਇੱਕ ਵਾਰ ਕਾਰਵਾਈ ਦੀ ਇਜਾਜ਼ਤ ਮਿਲਣ ਬਾਅਦ ਉਸਨੇ ਅਤੇ ਰੀਡ ਨੇ ਇਸ ਪ੍ਰੋਜੈਕਟ ਦੀਆਂ ਸਾਰੀਆਂ ਬਾਰੀਕੀਆਂ ਦਾ ਧਿਆਨ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ ਸੀ। ਦਲੀਲ ਦੇ ਤੌਰ 'ਤੇ ਉਨ੍ਹਾਂ ਨੇ ਫਿਰ ਇੱਕ ਵਾਰ ਇਸ ਮਸਲੇ ਵਿਚ ਹੋਰ ਦੇਰੀ ਹੋ ਜਾਣ ਦੀ ਸੂਰਤ ਵਿਚ ਗਲੀਆਂ ਵਿਚ ਦੰਗੇ ਭੜਕਣ ਦੇ ਖ਼ਦਸਿਆਂ ਦਾ ਦ੍ਰਿਸ਼ ਚਿਤਰਿਆ ਸੀ।

ਖੁਸ਼ਕਿਸਮਤੀ ਨੂੰ ਓਟਾਵਾ ਵਿਚ ਕਿਸੇ ਨੇ ਵੀ ਇਸ ਯੋਜਨਾ ਨੂੰ ਪਸੰਦ ਨਾ ਕੀਤਾ। ਅਤੇ ਪ੍ਰਧਾਨ ਮੰਤਰੀ ਬੌਰਡਨ ਨੇ ਇਸ ਦੀ ਨਾ-ਮਨਜ਼ੂਰੀ ਬਾਰੇ ਚਿੱਠੀ ਖੁਦ ਬੋਲ ਕੇ ਲਿਖਵਾਈ ਸੀ। ਇਸ ਵਿਚ ਖਤਰੇ ਬਹੁਤ ਵੱਡੇ ਸਨ। ਸਭ ਤੋਂ ਵੱਡੀ ਗੱਲ, ਬੌਰਡਨ ਇਮੀਗਰੇਸ਼ਨ ਵਿਭਾਗ ਦੇ ਸਹਾਇਕ ਸੁਪਰਡੈਂਟ ਮਿਸਟਰ ਈ.ਬਲੇਕ ਰੋਬਰਟਸਨ ਦੀ ਇਸ ਰਾਏ ਨਾਲ ਸਹਿਮਤ ਸੀ, ਕਿ 'ਧੋਖਾਧੜੀ ਦੀਆਂ ਚਾਲਾਂ' ਵਰਤ ਕੇ ਭਾਰਤੀਆਂ ਨੂੰ ਅਦਾਲਤਾਂ ਤੋਂ ਦੂਰ ਰੱਖਣ ਦੀਆਂ ਕੋਸ਼ਿਸ਼ਾਂ, ਚੰਗੀ ਗੱਲ ਨਹੀਂ ਸਨ। ਭਾਵੇਂ ਐਨੀ ਦੇਰ ਪਿਛੋਂ ਪਰ ਆਖਰਕਾਰ ਕੋਈ ਅਧਿਕਾਰੀ, ਕਾਨੂੰਨੀ ਪ੍ਰਕਿਰਿਆ ਦੇ ਮਾਣ-ਸਤਿਕਾਰ ਦੀ ਗੱਲ ਕਰ ਰਿਹਾ ਸੀ। ਇੱਕ ਮਹੀਨੇ ਤੋਂ ਜ਼ਿਆਦਾ ਸਮਾਂ ਗੁਜ਼ਰਨ ਬਾਅਦ, ਆਖਰ ਮੁਸਾਫ਼ਰਾਂ ਨੂੰ ਅਦਾਲਤ ਦਾ ਮੂੰਹ ਦੇਖਣ ਦਾ ਮੌਕਾ ਮਿਲਿਆ। 25 ਜੂਨ ਦਿਨ ਵੀਰਵਾਰ ਨੂੰ ਸਵੇਰੇ ਸਰਕਾਰੀ ਵਕੀਲਾਂ ਨੇ ਰੀਡ ਨੂੰ ਦੋ ਮੁਸਾਫ਼ਰਾਂ ਨੂੰ ਤੱਟ ਉੱਪਰ ਲਿਆਉਣ ਲਈ ਕਿਹਾ ਤਾਂ ਜੁ ਮੁਸਾਫ਼ਰਾਂ ਦਾ ਵਕੀਲ ਐਡਵਰਡ ਬਰਡ

ਉਨ੍ਹਾਂ 'ਚੋਂ ਇੱਕ ਨੂੰ ਚੁਣ ਕੇ ਅਜ਼ਮਾਇਸ਼ੀ ਕੇਸ ਦੀ ਪ੍ਰਕਿਰਿਆ ਸ਼ੁਰੂ ਕਰ ਸਕੇ। ਦੋ ਚੁਣੇ ਗਏ ਮੁਸਾਫ਼ਰ ਸਨ, ਹੁਸ਼ਿਆਰਪੁਰ ਜਿਲ੍ਹੇ ਦੇ ਗੁਲਪੁਰ ਪਿੰਡ ਦਾ ਰਹਿਣ ਵਾਲਾ ਮੁਨਸ਼ੀ ਸਿੰਘ ਅਤੇ ਲਾਹੌਰ ਜਿਲ੍ਹੇ ਦੇ ਸੁਰ ਸਿੰਘ ਪਿੰਡ ਦਾ ਨਰੈਣ ਸਿੰਘ। ਬਰਡ ਨੇ ਮੁਸਾਫ਼ਰਾਂ ਦੀ ਲਿਸਟ ਵਿਚੋਂ ਉਨ੍ਹਾਂ ਨੂੰ ਇਸ ਲਈ ਚੁਣਿਆ ਕਿਉਂਕਿ ਉਨ੍ਹਾਂ ਦੋਨਾਂ ਕੋਲ ਬਹੁਤ ਘੱਟ ਨਗਦੀ ਸੀ। ਜਿਸ ਕਾਰਨ ਉਹ ਬਾਕੀਆਂ ਦੀ ਨੁਮਾਇੰਦਗੀ ਕਰ ਸਕਦੇ ਸਨ- 200 ਡਾਲਰ ਕੋਲ ਹੋਣ ਅਤੇ ਲਗਾਤਾਰ ਯਾਤਰਾ ਦੇ ਨਿਯਮ ਦਾ ਪਰਖਮਈ ਕੇਸ ਬਣ ਸਕਦੇ ਸਨ। ਇੱਕ ਪੱਤਰਕਾਰ ਨੇ ਮਾਲਕਮ ਰੀਡ ਨਾਲ ਫੋਨ ਉੱਪਰ ਗੱਲ ਕੀਤੀ:

"ਇਸ ਪਰਖਮਈ ਕੇਸ ਲਈ ਬੋਰਡ ਕਦੋਂ ਮਿਲ ਰਿਹਾ ਹੈ?"

"ਉਹੋ, ਜਿਸ ਬਾਰੇ ਵਕੀਲ ਗੱਲ ਕਰ ਰਹੇ ਹਨ? ਰੀਡ ਨੇ ਪੁੱਛਿਆ ਜਿਵੇਂ ਉਸ ਨੂੰ ਪਤਾ ਹੀ ਨਾ ਹੋਵੇ ਕਿ ਕੀ ਹੋ ਰਿਹਾ ਹੈ।

"ਹਾਂ"

"ਹਾਂ, 11 ਵਜੇ ਦੀ ਕੋਈ ਗੱਲ ਹੋ ਰਹੀ ਹੈ"

ਦੁਪਹਿਰ ਸਮੇਂ ਫਿਰ ਉਸ ਨੂੰ ਇਹੀ ਸਵਾਲ ਪੁੱਛਿਆ ਗਿਆ

"ਅਸੀਂ ਇਹ ਕਾਰਵਾਈ ਇਸੇ ਸਮੇਂ ਸ਼ੁਰੂ ਕਰ ਸਕਦੇ ਹਾਂ"

ਇਸ ਕਾਰਵਾਈ ਤੋਂ ਬਚਣ ਲਈ ਉਸ ਨੇ 35 ਦਿਨ ਜਦੋਜਹਿਦ ਕੀਤੀ ਸੀ ਹੁਣ ਇਨਸਾਫ਼ ਦੀ ਪ੍ਰਕਿਰਿਆ ਨੇ ਤੇਜ਼ੀ ਫੜ ਲਈ ਸੀ। ਮੁਸਾਫ਼ਰਾਂ ਦੇ ਵਕੀਲ ਐਡਵਰਡ ਬਰਡ ਨੇ ਇਮੀਗਰੇਸ਼ਨ ਅਧਿਕਾਰੀਆਂ ਨੂੰ ਅਰਾਜਕਤਾਵਾਦੀ ਕਿਹਾ ਸੀ-ਜੋ ਖਾਸ ਤੌਰ 'ਤੇ ਮਾਲਕਮ ਰੀਡ ਲਈ ਕਿਹਾ ਸੀ। ਪਰ ਸਾਰਾ ਵਿਭਾਗ ਇਸਦੀ ਲਪੇਟ ਵਿਚ ਆ ਗਿਆ ਸੀ। ਉਸ ਨੇ ਇਸ ਸ਼ਬਦ ਨੂੰ ਇਸ ਖ਼ਾਸ ਕਾਟਵੇਂ ਪ੍ਰਭਾਵ ਕਾਰਨ ਇਸਤੇਮਾਲ ਕੀਤਾ ਸੀ। ਰਾਜਸੀ-ਅਰਾਜਕਤਾਵਾਦੀ, ਇਮੀਗਰੇਂਟਾ ਦੀ ਇੱਕ ਉਹ ਸ਼੍ਰੇਣੀ ਸੀ, ਜਿੰਨਾਂ ਨੂੰ ਕਨੇਡਾ ਤੋਂ ਬਾਹਰ ਰੱਖਣ ਦੇ ਅਖਤਿਆਰ ਇਮੀਗਰੇਸ਼ਨ ਅਧਿਕਾਰੀਆਂ ਕੋਲ ਸਨ ਅਤੇ ਰੀਡ ਨੂੰ ਇਹ ਤੁਲਨਾ ਬਿਲਕੁਲ ਚੰਗੀ ਨਹੀਂ ਲੱਗੀ ਹੋਣੀ। ਪਰ ਇਮੀਗਰੇਸ਼ਨ ਕਾਨੂੰਨ-ਜਿਵੇਂ ਰੀਡ ਇਸ ਨੂੰ ਸਮਝਦਾ ਸੀ-ਨੂੰ ਪੂਰੀ ਤਰ੍ਹਾਂ ਲਾਗੂ ਕਰਨ ਦੀ ਤੀਬਰ ਇੱਛਾ ਕਾਰਨ ਉਸਨੇ ਕਾਨੂੰਨੀ ਪ੍ਰਕਿਰਿਆ ਦੀ ਕੋਈ ਪ੍ਰਵਾਹ ਨਹੀਂ ਕੀਤੀ ਸੀ। ਉਹ ਆਪਣੀ ਹਰ ਕਾਰਵਾਈ ਦੀ ਜਾਣਕਾਰੀ ਲੰਬੇ-ਲੰਬੇ ਖਤਾਂ ਅਤੇ ਟੈਲੀਗ੍ਰਾਮਾਂ ਰਾਹੀਂ ਓਟਾਵਾ ਵਿਚ ਬੈਠੇ ਆਪਣੇ ਉੱਚ-ਅਧਿਕਾਰੀਆਂ ਨੂੰ ਭੇਜਦਾ ਰਹਿੰਦਾ ਸੀ ਅਤੇ ਉਸ ਦੇ ਅਮਲਾਂ ਦੀ ਮੁੱਖ ਜ਼ਿੰਮੇਵਾਰੀ ਇਹਨਾਂ ਅਧਿਕਾਰੀਆਂ ਸਿਰ ਆਉਂਦੀ ਸੀ। ਪਰ ਉਹ ਉਸ ਵਲੋਂ ਭੇਜੀ ਜਾਣਕਾਰੀ ਜਾਂ ਕਾਰਵਾਈ ਕਰਨ ਵਿੱਚ ਜਾਣਬੁੱਝ ਕੇ ਕੀਤੀ ਦੇਰੀ ਨੂੰ ਸਮਝਣ ਵਿਚ ਢਿੱਲੇ ਸਨ। ਅਖੀਰ ਵਿਚ ਉਨ੍ਹਾਂ ਨੇ ਠੀਕ ਫ਼ੈਸਲਾ ਲਿਆ ਅਤੇ ਰੀਡ ਨੂੰ ਹਦਾਇਤ ਕੀਤੀ ਕਿ ਕੇਸ ਨੂੰ ਚੱਲਣ ਦੇਵੇ।

***

ਅਧਿਆਏ : 7

## ਅਪੀਲ ਵਾਲੀ ਅਦਾਲਤ: ਕਨੇਡਾ ਦੀ ਨੀਤੀ ਦਰੁੱਸਤ ਕਰਾਰ

ਗੁਰਦਿੱਤ ਸਿੰਘ ਸਰਹਾਲੀ ਨੂੰ ਵਿਸ਼ਵਾਸ ਸੀ ਕਿ ਉਹ ਇੱਕ ਅਜਿਹੀ ਨੀਤੀ ਨੂੰ ਚੁਣੌਤੀ ਦੇ ਰਿਹਾ ਸੀ, ਜੋ ਨਾ ਸਿਰਫ਼ ਗ਼ੈਰ-ਵਾਜ਼ਬ ਸੀ। ਸਗੋਂ ਗ਼ੈਰ-ਕਾਨੂੰਨੀ ਵੀ ਸੀ। ਉਹ ਕਨੇਡੀਅਨ ਤੇ ਬ੍ਰਿਟਿਸ਼ ਅਦਾਲਤਾਂ ਦੀ ਹਮਾਇਤ ਉੱਪਰ ਟੇਕ ਰੱਖ ਰਿਹਾ ਸੀ। ਇੱਥੋਂ ਫੇਲ੍ਹ ਹੋਣ ਦੀ ਸੂਰਤ ਵਿਚ, ਭਾਰਤ ਵਿਚਲੀ ਜਨਤਕ ਰਾਏ ਦੇ ਦਬਾਅ ਉੱਪਰ ਟੇਕ ਸੀ। ਪਰ ਉਹ ਉਸ ਦ੍ਰਿੜ੍ਹਤਾ ਦਾ ਕਿਆਸ ਨਾ ਕਰ ਸਕਿਆ ਜਿਸ ਨਾਲ ਕਨੇਡੀਅਨ ਇਮੀਗਰੇਸ਼ਨ ਅਧਿਕਾਰੀਆਂ ਨੇ ਉਸਨੂੰ ਪੂਰਾ ਇੱਕ ਮਹੀਨਾ ਅਦਾਲਤਾਂ ਤੋਂ ਦੂਰ ਰੱਖਿਆ ਸੀ। ਨਾ ਹੀ ਉਹ ਇਹ ਅੰਦਾਜ਼ਾ ਲਗਾ ਸਕਿਆ ਸੀ। ਕਿ ਬੰਦੀ ਬਣਾ ਕੇ ਅਤੇ ਅਲਹਿਦਾ ਰੱਖ ਕੇ ਉਸਨੂੰ ਇਤਨੀ ਦੇਰ ਲਈ ਬੇਜ਼ੁਬਾਨ ਕਰ ਦਿੱਤਾ ਜਾਣਾ ਸੀ। ਹਾਲਾਤਾਂ ਨੇ ਉਸਨੂੰ ਨਿਮਾਣਾ ਬਣਾ ਕੇ, ਤਟਈ ਕਮੇਟੀ ਵਿਚਲੇ ਉਸਦੇ ਕਨੇਡੀਅਨ ਦੋਸਤਾਂ ਉੱਪਰ ਨਿਰਭਰ ਹੋਣ ਲਈ ਮਜ਼ਬੂਰ ਕਰ ਦਿੱਤਾ ਸੀ। ਤਟਈ ਕਮੇਟੀ ਦੇ ਲੋਕ ਹੀ ਫੰਡ ਇੱਕੱਠਾ ਕਰ ਰਹੇ ਸਨ, ਵਕੀਲਾਂ ਨੂੰ ਹਦਾਇਤਾਂ ਦੇ ਰਹੇ ਸਨ ਅਤੇ ਸਾਰੇ ਫ਼ੈਸਲੇ ਲੈ ਰਹੇ ਸਨ। ਅਤੇ ਉਹ ਵਾਪਰ ਰਹੀਆਂ ਘਟਨਾਵਾਂ ਬਾਰੇ ਸਿਰਫ਼ ਕਿਆਸ ਅਰਾਈਆਂ ਲਾਉਣ ਦੇ ਸਮੱਰਥ, ਉਹ ਅਤੇ ਉਸਦੇ ਮੁਸਾਫ਼ਰ ਸਾਥੀ, ਜਾਣਕਾਰੀ ਦੀ ਅਣਹੋਂਦ ਵਿਚ ਸਿਰਫ਼ ਇੰਤਜ਼ਾਰ ਕਰ ਰਹੇ ਸਨ। ਖਾਣੇ ਅਤੇ ਪਾਣੀ ਦੀ ਸਪਲਾਈ ਲਈ ਵੀ ਉਹ ਤੱਟ ਉੱਪਰ ਹੁੰਦੇ ਫ਼ੈਸਲਿਆਂ ਦੀ ਦਇਆ ਉੱਪਰ ਨਿਰਭਰ ਸਨ। ਇਹਨਾਂ ਹਾਲਾਤਾਂ ਵਿਚ ਕੀ ਉਮੀਦ ਕੀਤੀ ਜਾਂਦੀ ਸੀ। ਜਦ ਕਾਮਾਗਾਟਾ ਮਾਰੂ ਉੱਪਰ ਮਾਯੂਸੀ, ਤੇ ਮਾਨਸਿਕ ਤਣਾਅ ਵਧਿਆ ਹੋਇਆ ਹੈ। ਇਮੀਗਰੇਸ਼ਨ ਅਧਿਕਾਰੀਆਂ ਇਸ ਸਮੇਂ ਕੁਝ ਸਮਝਦਾਰੀ ਦਿਖਾਉਂਦੇ, ਸਗੋਂ ਅਧਿਕਾਰੀਆਂ ਨੇ ਹਾਲਾਤ ਦਾ ਮੁਲੰਕਣ ਬਹੁਤ ਵਧਾ-ਚੜ੍ਹਾ ਕੇ ਕੀਤਾ, ਜਿਸ ਨਾਲ ਮੁਸਾਫ਼ਰਾਂ ਦੀ ਬੇਚੈਨੀ ਹੋਰ ਵਧ ਗਈ।

ਬ੍ਰਿਟਿਸ਼ ਕੋਲੰਬੀਆ ਦੀ ਅਪੀਲ ਵਾਲੀ ਅਦਾਲਤ ਵਿਚ ਪਰਖਮਈ ਕੇਸ ਪੇਸ਼ ਕਰਨ ਸਬੰਧੀ ਪਹਿਲਾ ਕਦਮ 25 ਜੂਨ ਦਿਨ ਵੀਰਵਾਰ ਦੀ ਸਵੇਰ ਸਮੇਂ ਚੁੱਕਿਆ ਗਿਆ। ਉਸ ਦਿਨ ਥੋੜ੍ਹਾ ਦਿਨ-ਚੜ੍ਹੇ ਬਰਡ ਨੇ ਪਹਿਲੀਵਾਰ ਉਨ੍ਹਾਂ ਦੋ ਮੁਸਾਫ਼ਰਾਂ ਨੂੰ ਦੇਖਿਆ, ਜਿੰਨਾਂ ਦੇ ਨਾਮ ਇੱਕ ਰਾਤ ਪਹਿਲਾਂ ਉਸਨੇ ਜਹਾਜ਼ ਦੀ ਮੁਸਾਫ਼ਿਰ-ਲਿਸਟ 'ਚੋਂ ਚੁਣੇ ਸਨ। ਇਹ ਸਨ ਨਰੈਣ ਸਿੰਘ ਪੁੱਤਰ ਬਰਾਕਾ ਸਿੰਘ ਤੇ ਮੁਨਸ਼ੀ ਸਿੰਘ ਪੁੱਤਰ ਵਜ਼ੀਰ ਸਿੰਘ। ਬਰਡ ਨੇ ਇਹਨਾਂ ਨੂੰ ਇਸ ਲਈ ਚੁਣਿਆ ਸੀ, ਕਿਉਂਕਿ

ਇਹਨਾਂ ਕੋਲ ਬਹੁਤ ਘੱਟ ਪੈਸੇ ਸਨ– 200 ਡਾਲਰ ਵਾਲੀ ਸ਼ਰਤ ਦੇ ਨੇੜੇ-ਤੇੜੇ ਵੀ ਨਹੀਂ। ਸਰਕਾਰੀ ਵਕੀਲ ਵੀ ਇਸ ਗੱਲ ਨਾਲ ਸਹਿਮਤ ਸਨ ਕਿ ਜੋ ਮੁਸਾਫ਼ਰ ਇਸ ਸ਼ਰਤ ਨੂੰ ਪੂਰੀ ਨਹੀਂ ਕਰਦਾ ਸੀ, ਉਹ ਇੱਕ ਚੰਗਾ ਪਰਖਮਈ ਕੇਸ ਬਣ ਸਕਦਾ ਸੀ। (ਲਗਾਤਾਰ ਯਾਤਰਾ ਕਰਨ ਵਾਲੀ ਸ਼ਰਤ ਤਾਂ ਕੋਈ ਵੀ ਮੁਸਾਫ਼ਰ ਪੂਰੀ ਨਹੀਂ ਕਰਦਾ ਸੀ, ਇਸ ਲਈ ਉਸ ਸ਼ਰਤ ਦੀ ਪਰਖ ਲਈ ਕਿਸੇ ਵੀ ਮੁਸਾਫ਼ਰ ਨੂੰ ਚੁਣਿਆ ਜਾ ਸਕਦਾ ਸੀ। ਬਰਡ ਨੂੰ ਇਹਨਾਂ ਦੋਵਾਂ ਨਾਲ ਤੱਟ ਉੱਪਰ ਬਣੇ ਇਮੀਗਰੇਸ਼ਨ ਸ਼ੈੱਡ ਵਿਚ ਗੱਲਬਾਤ ਕਰਨੀ ਪਈ, ਕਿਉਂਕਿ ਰੀਡ ਨਹੀਂ ਚਾਹੁੰਦਾ ਸੀ। ਕਿ ਉਹ ਜਹਾਜ਼ ਉੱਪਰ ਜਾ ਕੇ ਮੁਸਾਫ਼ਰਾਂ ਨਾਲ ਘੁਲੇ-ਮਿਲੇ। ਜਲਦੀ ਹੀ ਟੈਲੀਗਰਾਮਾਂ ਦੇ ਆਦਾਨ-ਪ੍ਰਦਾਨ ਨਾਲ ਰੀਡ ਨੂੰ ਓਟਾਵਾ ਸਰਕਾਰ ਦੀ ਮਨਜ਼ੂਰੀ ਮਿਲ ਗਈ ਬਰਡ ਨੇ ਮੁਨਸ਼ੀ ਸਿੰਘ ਨੂੰ ਆਪਣਾ ਉਮੀਦਵਾਰ ਚੁਣਿਆ ਅਤੇ 12:30 ਵਜੇ ਇਮੀਗਰੇਸ਼ਨ ਬੋਰਡ-ਆਫ਼-ਇਨਕੁਆਰੀ ਅੱਗੇ ਪੇਸ਼ ਕਰ ਦਿੱਤਾ, ਬੋਰਡ ਵਿਚ ਮਾਲਕਮ ਰੀਡ ਅਤੇ ਹੋਵਾਰਡ ਤੇ ਇਲੀਅਟ ਨਾਮ ਦੇ ਦੋ ਹੋਰ ਇੰਸਪੈਕਟਰ ਸ਼ਾਮਲ ਸਨ। ਹਾਪਕਿਨਸਨ ਤੇ ਸਹਾਇਕ ਦੁਭਾਸ਼ੀਆ ਹੈਰੀ ਗਾਈਥਰ ਗਵਾਹੀ ਦੇਣ ਲਈ ਕੋਲ ਖੜ੍ਹੇ ਹੋਏ ਸਨ। ਮੁਸਾਫ਼ਰਾਂ 'ਚੋਂ ਮਾਸਟਰ ਭਾਨ ਸਿੰਘ ਬੜ੍ਹਿੰਗ ਨੇ ਦੁਭਾਸ਼ੀਏ ਦੇ ਤੌਰ 'ਤੇ ਕੰਮ ਕੀਤਾ। ਇਮੀਗਰੇਸ਼ਨ ਅਧਿਕਾਰੀਆਂ ਲਈ ਮੁਨਸ਼ੀ ਸਿੰਘ ਇੱਕ ਆਮ ਮੁਸਾਫ਼ਰ ਦੇ ਨਮੂਨੇ ਵਜੋਂ ਸਭ ਦੀ ਨੁਮਾਇੰਦਗੀ ਕਰਦਾ ਸੀ। ਪੰਜਾਬ ਦੇ ਹੁਸ਼ਿਆਰਪੁਰ ਜਿਲ੍ਹੇ ਦੇ ਗੁਲਪੁਰ ਪਿੰਡ ਦਾ ਰਹਿਣ ਵਾਲਾ ਇਹ ਵਿਆਹਿਆ ਹੋਇਆ 26 ਸਾਲਾ ਵਿਅਕਤੀ, ਪਿੱਛੇ ਪਿੰਡ ਵਿਚ ਆਪਣੇ ਪਰਿਵਾਰ ਵਿਚ ਆਪਣੀ ਪਤਨੀ ਤੇ ਇੱਕ ਬੱਚੀ ਨੂੰ ਛੱਡ ਕੇ ਆਇਆ ਸੀ। ਆਪਣੇ ਬਹੁਤੇ ਸਾਥੀ ਮੁਸਾਫ਼ਰਾਂ ਦੀ ਤਰ੍ਹਾਂ ਉਹ ਵੀ ਮਾੜੀ-ਮੋਟੀ ਅੰਗਰੇਜ਼ੀ ਜਾਣਦਾ ਸੀ। ਪਰ ਉਸਨੇ ਸਵਾਲਾਂ ਦੇ ਜਵਾਬ ਪੰਜਾਬੀ ਵਿੱਚ ਦਿੱਤੇ। ਉਸ ਨੇ ਕਿਹਾ ਕਿ ਉਹ ਸਿੱਧਾ ਕੱਲਕੱਤੇ ਤੋਂ ਵੈਨਕੂਵਰ ਆਉਣਾ ਚਾਹੁੰਦਾ ਸੀ। ਪਰ ਕਿਸੇ ਜਹਾਜ਼ੀ ਕੰਪਨੀ ਨੇ ਉਸਨੂੰ ਸਿੱਧਾ ਟਿਕਟ ਨਾ ਦਿੱਤਾ। ਜਿਸ ਕਾਰਨ ਉਹ ਹਾਂਗਕਾਂਗ ਪਹੁੰਚ ਗਿਆ। ਉਥੇ ਉਸਨੂੰ ਕਾਮਾਗਾਟਾ ਮਾਰੂ ਬਾਰੇ ਪਤਾ ਚੱਲਿਆ ਜੋ ਪਹਿਲਾਂ ਹੀ ਰਵਾਨਾ ਹੋ ਚੁੱਕਾ ਸੀ ਅਤੇ ਉਹ ਯੋਕੋਹਾਮਾ ਪਹੁੰਚ ਕੇ ਇਸ ਉੱਪਰ ਸਵਾਰ ਹੋਇਆ। ਕਾਮਾਗਾਟਾ ਮਾਰੂ ਉੱਪਰ ਉਸ ਦਾ ਟਿਕਟ ਨੰਬਰ 350 ਸੀ। ਜੋ ਵੇਚੀਆਂ ਗਈਆਂ ਅਖੀਰਲੀਆਂ ਟਿਕਟਾਂ 'ਚੋਂ ਸੀ। ਉਸ ਨੇ ਦੱਸਿਆ ਕਿ ਉਹ ਇੱਕ ਕਿਸਾਨ ਸੀ ਅਤੇ ਆਪਣੇ ਭਰਾ ਸਮੇਤ ਉਹ ਜ਼ਮੀਨ ਦੇ ਕੁਲ 7 ਛੋਟੇ ਟੁਕੜਿਆਂ ਦੇ ਮਾਲਕ ਸਨ। ਜਿੰਨਾਂ ਦੀ ਕੁੱਲ ਮਿਣਤੀ ਢਾਈ ਏਕੜ ਬਣਦੀ ਸੀ। ਪੰਜਾਬ ਦੇ ਪਿੰਡਾਂ ਦੇ ਮਿਆਰਾਂ ਮੁਤਾਬਕ, ਸਿੰਜਾਈ-ਖੂਹਾਂ ਨਾਲ ਲਬਰੇਜ਼ ਇਸ ਇਲਾਕੇ ਵਿਚ, ਇਹ ਇੱਕ ਚੰਗੀ-ਖ਼ਾਸੀ ਜ਼ਮੀਨੀ ਜੋਤ ਸੀ। ਕਨੇਡਾ ਦੀ ਭੋਇੰ ਦੇ ਉਲਟ, ਸੂਰਜ ਦੀ ਧੁੱਪ ਨਾਲ ਜ਼ਰਖੇਜ਼ ਬਣੀ ਇਹ ਜ਼ਮੀਨ ਸਾਲ ਵਿਚ ਦੋ-ਤਿੰਨ ਫਸਲਾਂ ਦਿੰਦੀ ਸੀ। ਉਸ ਦਾ ਇਰਾਦਾ ਸੀ, ਕਿ ਜਿਵੇਂ ਹੀ ਉਸ ਨੂੰ ਬ੍ਰਿਟਿਸ਼ ਕੋਲੰਬੀਆ ਵਿਚ ਚੰਗੀ

ਜ਼ਮੀਨ ਮਿਲੀ, ਉਸਨੇ ਤਾਰ ਰਾਹੀਂ ਪਿੰਡੋਂ ਪੈਸੇ ਮੰਗਵਾ ਕੇ ਆਪਣਾ ਖੇਤੀ-ਫਾਰਮ ਸਥਾਪਿਤ ਕਰ ਲੈਣਾ ਸੀ। ਬਰਡ ਨੇ ਉਸਨੂੰ ਪੁੱਛਿਆ ਕਿ ਉਹ ਕਨੇਡਾ ਕਿਉਂ ਆਇਆ ਹੈ? ਤਾਂ ਦੁਭਾਸ਼ੀਏ ਭਾਨ ਸਿੰਘ ਨੇ ਉਸਦਾ ਜਵਾਬ ਇਉਂ ਦੱਸਿਆ: "ਫਾਰਮਾਂ ਉੱਪਰ ਕੰਮ ਕਰਨ ਤਾਂ ਜੁ ਕੁਝ ਜ਼ਮੀਨ ਖਰੀਦ ਸਕਾਂ ਅਤੇ ਫਾਰਮ ਉੱਪਰ ਕੰਮ ਕਰਨ" ਹੈਰੀ ਗਾਈਥਰ ਨੇ ਵਿਚੋਂ ਟੋਕਿਆ: "ਉਸਨੇ ਅਜਿਹਾ ਨਹੀਂ ਕਿਹਾ, ਉਸਨੂੰ ਦੁਬਾਰਾ ਪੁਛੋ" ਅਤੇ ਮੁਨਸ਼ੀ ਸਿੰਘ ਨੇ ਖੁਦ ਅੰਗਰੇਜ਼ੀ ਵਿਚ ਜਵਾਬ ਦਿੱਤਾ: "ਖੇਤੀ ਕਰਨ ਲਈ।"

ਮੁਨਸ਼ੀ ਸਿੰਘ 20 ਪੌਂਡ ਟਿਕਟ ਉੱਪਰ ਖਰਚਣ ਤੋਂ ਬਾਅਦ ਬਾਕੀ ਬਚੇ ਸਿਰਫ਼ 9 ਪੌਂਡਾਂ ਨਾਲ ਯੋਕੋਹਾਮਾ ਤੋਂ ਚੱਲਿਆ ਸੀ। ਹੁਣ ਉਸ ਕੋਲ 6 ਪੌਂਡ ਬਚੇ ਸਨ ਜੋ 30 ਡਾਲਰ ਦੇ ਬਰਾਬਰ ਬਣਦੇ ਸਨ ਅਤੇ ਉਸ ਨੇ ਬੋਰਡ ਮੈਂਬਰਾਂ ਨੂੰ ਸੋਨੇ ਦੇ ਛੇ ਸਿੱਕੇ ਦਿਖਾਏ। ਬਰਡ ਨੇ ਉਸ ਦੀ ਭਾਰਤ ਵਿਚਲੀ ਜਾਇਦਾਦ ਦੀ ਕੀਮਤ ਬਾਰੇ ਪੁੱਛਿਆ। 25000 ਰੁਪਏ ਯਾਨੀ 8000 ਡਾਲਰ ਤੋਂ ਜ਼ਿਆਦਾ, ਉਸਦਾ ਜਵਾਬ ਸੀ। ਉਹ ਆਪਣੇ ਨਾਲ ਹੋਰ ਜਿਆਦਾ ਪੈਸਾ ਲੈ ਕੇ ਕਿਉਂ ਨਹੀਂ ਆਇਆ? ਦੁਭਾਸ਼ੀਏ ਰਾਹੀਂ ਜਵਾਬ ਮਿਲਿਆ: "ਉਹ ਕਹਿੰਦਾ ਹੈ 'ਮੈਂ ਪੜ੍ਹਿਆ ਲਿਖਿਆ ਨਹੀਂ ਹਾਂ: ਮੈਂ ਆਪਣਾ ਪੈਸਾ ਬੈਂਕਾਂ ਰਾਹੀਂ ਭੇਜਣ ਬਾਰੇ ਨਹੀਂ ਜਾਣਦਾ; ਅਤੇ ਮੈਂ ਇਸ ਕਰਕੇ ਵੀ ਜ਼ਿਆਦਾ ਪੈਸਾ ਨਹੀਂ ਲਿਆਇਆ ਕਿਉਂਕਿ ਮੈਂ ਕਈ ਦੇਸ਼ਾਂ ਵਿਚੋਂ ਦੀ ਲੰਘਣਾ ਸੀ ਅਤੇ ਰਸਤੇ ਵਿਚ ਪੈਸੇ ਦੇ ਲੁੱਟੇ ਜਾਣ ਦਾ ਡਰ ਸੀ।"

ਇਹ ਵਧੀਆ ਜਵਾਬ ਸੀ। ਅਜਿਹੇ ਹਾਲਾਤਾਂ ਵਿਚ ਮੁਨਸ਼ੀ ਸਿੰਘ ਦੇ ਕਈ ਸਾਥੀਆਂ ਨੇ ਕਮਜ਼ੋਰ ਗਵਾਹੀ ਦੇਣੀ ਸੀ। ਕਿਉਂਕਿ ਉਹ ਪੁੱਛੇ ਗਏ ਸਵਾਲ ਪਿੱਛੇ ਛੁਪੇ ਉਦੇਸ਼ ਨੂੰ ਨਹੀਂ ਸਮਝਦੇ ਸਨ ਅਤੇ ਜ਼ਾਹਰਾ ਤੌਰ 'ਤੇ ਝੂਠ ਜਾਪਦੀਆਂ ਕਹਾਣੀਆਂ ਸੁਣਾਉਂਦੇ ਜਾਂ ਆਪਣਾ ਕੇਸ ਮਜ਼ਬੂਤ ਕਰਨ ਵਾਲੀ ਗਵਾਹੀ ਨਾ ਦੇ ਸਕਦੇ। ਮੁਨਸ਼ੀ ਸਿੰਘ ਕਿਸੇ ਤਰ੍ਹਾਂ ਵੀ ਪਹਿਲਾਂ ਤੋਂ ਸਿਖਾਇਆ ਹੋਇਆ ਗਵਾਹ ਨਹੀਂ ਸੀ। ਉਸੇ ਸਵੇਰ ਤੱਟ ਉੱਪਰ ਲਿਆਏ ਜਾਣ ਕਾਰਨ ਅਤੇ ਦੁਭਾਸ਼ੀਏ ਦੀ ਮਦਦ ਨਾਲ ਇੱਕ ਅਜਿਹੇ ਵਕੀਲ ਜਿਸ ਨੂੰ ਉਸ ਨੇ ਪਹਿਲਾਂ ਕਦੇ ਨਹੀਂ ਦੇਖਿਆ ਸੀ, ਦੇ ਸਵਾਲਾਂ ਦੇ ਜਵਾਬ ਦਿੰਦੇ ਸਮੇਂ, ਪੂਰੀ ਕੋਸ਼ਿਸ਼ ਕਰ ਕੇ ਵੀ ਉਹ ਚੱਲ ਰਹੀ ਕਾਰਵਾਈ ਨੂੰ ਚੰਗੀ ਤਰਾਂ ਨਹੀਂ ਸਮਝ ਸਕਿਆ ਸੀ, ਜਿਵੇਂ ਹੀ ਉਹ ਤਹਿਕੀਕਾਤ ਕਰਨ ਵਾਲੇ ਕਮਰੇ ਵਿਚ ਦਾਖਲ ਹੋਇਆ, ਹੁਸੈਨ ਰਹੀਮ ਤੇ ਕੁਝ ਹੋਰ ਸਥਾਨਕ ਆਗੂਆਂ ਨੇ ਉਸ ਨੂੰ ਮਿਲਣ ਦੀ ਕੋਸ਼ਿਸ਼ ਕੀਤੀ। ਪਰ ਉਨ੍ਹਾਂ ਨੂੰ ਪਾਸੇ ਧੱਕ ਦਿੱਤਾ ਗਿਆ, ਉਥੇ ਹਾਜ਼ਰ ਬੰਦਿਆਂ 'ਚੋਂ ਉਹ ਸਿਰਫ਼ ਉਸਦੇ ਦੁਭਾਸ਼ੀਏ ਭਾਨ ਸਿੰਘ ਬੜਿੰਗ ਨੂੰ ਜਾਣਦਾ ਸੀ। ਜੋ ਉਸਦਾ ਇੱਕ ਸਾਥੀ ਮੁਸਾਫ਼ਿਰ, ਸਕੂਲ ਅਧਿਆਪਕ ਤੇ ਡਾਕਟਰ ਰਘੁਨਾਥ ਸਿੰਘ ਦਾ ਦੋਸਤ ਸੀ। ਉਨ੍ਹਾਂ ਵਿਚਕਾਰ ਹੁੰਦੀ ਗੱਲਬਾਤ ਨੂੰ ਹਾੱਪਕਿਨਸਨ ਤੇ ਗਾਈਥਰ ਧਿਆਨ ਨਾਲ ਸੁਣਦੇ ਅਤੇ ਜਦ ਉਹ ਕਿਸੇ ਸਵਾਲ

ਦੀ ਵਿਆਖਿਆ ਜ਼ਿਆਦਾ ਵਿਸਥਾਰ ਨਾਲ ਕਰਦਾ ਤਾਂ ਉਹ ਭਾਨ ਸਿੰਘ ਬੜਿੰਗ ਉੱਪਰ ਗਵਾਹ ਨੂੰ ਸਿਖਾਉਣ ਦਾ ਦੋਸ਼ ਲਾ ਦਿੰਦੇ।

ਜਦ ਜਿਰ੍ਹਾ ਦਾ ਸਮਾਂ ਆਇਆ ਤਾਂ ਰੌਬੀ ਰੀਡ ਦੇ ਇੱਕ ਜੂਨੀਅਰ ਭਾਈਵਾਲ ਤੇ ਇਮੀਗਰੇਸ਼ਨ ਵਿਭਾਗ ਦੇ ਵਕੀਲ ਮਿਸਟਰ ਡਬਲਯੂ.ਐਚ.ਡੀ.ਲੈਡਨਰ ਨੇ ਮੁਨਸ਼ੀ ਸਿੰਘ ਤੋਂ ਉਸ ਦੀ ਕਹਾਣੀ ਦੇ ਅਹਿਮ ਪੱਖਾਂ ਬਾਰੇ ਸਬੂਤ ਪੇਸ਼ ਕਰਨ ਦੀ ਮੰਗ ਨਾਲ ਆਪਣੀ ਗੱਲ ਸ਼ੁਰੂ ਕੀਤੀ।

"ਕੀ ਤੂੰ ਆਪਣੇ ਇਸ ਬਿਆਨ ਦੀ ਪੁਸ਼ਟੀ ਲਈ ਕੋਈ ਸਬੂਤ ਪੇਸ਼ ਕਰ ਸਕਦਾ ਹੈਂ ਕਿ ਕੱਲਕੱਤਾ ਦੀ ਕੰਪਨੀ ਨੇ ਤੈਨੂੰ ਵੈਨਕੂਵਰ ਦੀ ਸਿੱਧੀ ਟਿਕਟ ਦੇਣ ਤੋਂ ਇਨਕਾਰ ਕਰ ਦਿੱਤਾ ਸੀ?"

"ਉਸ ਕੋਲ ਹੈ"

"ਕੀ?"

"ਕਿਉਂਕਿ ਉਸ ਵਕਤ ਉਸ ਨਾਲ ਕੋਈ ਹੋਰ ਨਹੀਂ ਸੀ। ਇਸ ਲਈ ਉਹ ਕੋਈ ਗਵਾਹ ਪੇਸ਼ ਨਹੀਂ ਕਰ ਸਕਦਾ"

"ਮੈਂ ਮਹਿਸੂਸ ਕਰਦਾ ਹਾਂ ਕਿ ਇਹੀ ਗੱਲ ਉਸਦੇ ਭਾਰਤ ਤੋਂ ਰਵਾਨਾ ਹੋਣ ਦੇ ਬਿਆਨ ਉੱਪਰ ਵੀ ਲਾਗੂ ਹੁੰਦੀ ਹੈ-ਉਹ ਕਿਸੇ ਤਰ੍ਹਾਂ ਵੀ ਇਸ ਬਿਆਨ ਦੀ ਪ੍ਰੋੜ੍ਹਤਾ ਨਹੀਂ ਕਰ ਸਕਦਾ?"

"ਭਾਰਤ ਵਿਚਲੇ ਪਿੰਡ ਵਾਸੀ ਇਹ ਗੱਲ ਦੱਸ ਸਕਦੇ ਹਨ।"

"ਉਹ ਇੱਥੇ ਨਹੀਂ ਹਨ।"

"ਨਹੀਂ।"

"ਉਹ ਆਪਣੀ ਨਗਦੀ ਦੀ ਮਾਲਕੀ ਬਾਰੇ ਦਿੱਤੇ ਬਿਆਨ ਦੀ ਪ੍ਰੋੜ੍ਹਤਾ ਵੀ ਨਹੀਂ ਕਰ ਸਕਦਾ-ਉਸ ਦੇ ਆਪਣੀ ਜਾਇਦਾਦ ਦੀ ਮਾਲਕੀ ਬਾਰੇ ਅੱਜ ਦਿੱਤੇ ਗਏ ਉਸਦੇ ਬਿਆਨ ਦੀ ਪ੍ਰੋੜ੍ਹਤਾ ਨਹੀਂ ਕੀਤੀ ਜਾ ਸਕਦੀ?"

"ਉਸ ਦੇ ਪਿੰਡ ਵਿਚ ਇਹ ਸਬੂਤ ਮੌਜੂਦ ਹਨ।"

"ਇਸ ਵਕਤ ਉਸ ਕੋਲ ਕੋਈ ਸਬੂਤ ਨਹੀਂ ਹਨ।"

"ਨਹੀਂ।"

ਇਹ ਜਿਰ੍ਹਾ ਦਾ ਮੁੱਖ ਭਾਗ ਸੀ ਅਤੇ ਇਸ ਦੇ ਨਾਲ ਹੀ ਲੈਡਨਰ ਨੇ ਆਪਣੀ ਬਹਿਸ ਬੰਦ ਕਰ ਦਿੱਤੀ। ਇਮੀਗਰੇਸ਼ਨ ਬੋਰਡ ਨੇ ਤੁਰੰਤ ਹੀ ਮੁਨਸ਼ੀ ਸਿੰਘ ਦੀ ਅਰਜ਼ੀ ਨੂੰ ਰੱਦ ਕਰਨ ਬਾਰੇ ਆਪਣਾ ਫ਼ੈਸਲਾ ਸੁਣਾ ਦਿੱਤਾ। ਅਤੇ ਦੇਸ਼-ਨਿਕਾਲਾ ਦੇਣ ਲਈ ਉਸ ਨੂੰ ਬੰਦੀ ਬਣਾ ਲਿਆ। ਉੱਚ-ਅਦਾਲਤ ਵਿਚ ਅਪੀਲ ਕਰਨ ਲਈ ਲੋੜੀਦੀਂ ਸ਼ਰਤ - ਜਿਸਮਾਨੀ ਹਾਜ਼ਰੀ ਦੇ ਅਧਿਕਾਰ ਦੀ ਅਰਜ਼ੀ ਦਾ ਖਾਰਜ਼ ਹੋਣਾ - ਦੀ ਪੂਰਤੀ ਲਈ ਵਕੀਲ ਐਡਵਰਡ ਬਰਡ ਨੇ ਸਿੱਧੇ ਹੀ ਸੁਪਰੀਮ ਅਦਾਲਤ ਦੇ ਜੱਜ ਕੋਲ ਫਰਿਆਦ ਕੀਤੀ। ਇਹ ਸਭ ਉਸੇ ਸਮਝੌਤੇ ਮੁਤਾਬਕ ਹੋ ਰਿਹਾ ਸੀ। ਜੋ

ਬਰਡ ਨੇ ਸਰਕਾਰੀ ਵਕੀਲਾਂ ਨਾਲ ਕੀਤਾ ਸੀ। ਉਸੇ ਰਾਤ ਉਹ ਆਪਣੇ ਕਾਨੂੰਨੀ ਵਿਰੋਧੀ, ਸਰਕਾਰੀ ਵਕੀਲ ਦੇ ਸਾਥ ਵਿਚ, ਬ੍ਰਿਟਿਸ਼ ਕੋਲੰਬੀਆ ਦੀ ਅਪੀਲ ਵਾਲ਼ੀ ਅਦਾਲਤ ਵਿਚ ਅਪੀਲ ਕਰਨ ਲਈ, ਵਿਕਟੋਰੀਆ ਸ਼ਹਿਰ ਜਾਣ ਲਈ ਕਿਸ਼ਤੀ ਉੱਪਰ ਸਵਾਰ ਹੋਇਆ। ਮੁੱਖ ਜੱਜ ਹੰਟਰ ਵਾਲੀ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਅਦਾਲਤ ਦਾ ਕੁਝ **ਕੰਮ** ਵੰਡਾਉਣ ਲਈ 1910 ਵਿਚ ਸਥਾਪਤ ਕੀਤੀ ਗਈ ਇਹ ਅਦਾਲਤ, ਸ਼ੁਰੂ ਹੋਣ ਸਮੇਂ ਤੋਂ ਹੀ ਵਾਦ-ਵਿਵਾਦਾਂ ਵਿਚ ਘਿਰੀ ਰਹੀ ਸੀ। 'ਰੈਕਸ ਬਨਾਮ ਮੁਨਸ਼ੀ ਸਿੰਘ' ਦੇ ਸਿਰਲੇਖ ਵਾਲਾ ਇਹ ਕੇਸ ਜਿਸ ਬਾਰੇ ਵਕੀਲ ਬਰਡ ਬਹਿਸ ਕਰਨ ਜਾ ਰਿਹਾ ਸੀ, ਇਸ ਦੀ ਸਥਾਪਤੀ ਤੋਂ ਬਾਅਦ ਇਸ ਅਦਾਲਤ ਦਾ ਸਭ ਤੋਂ ਅਹਿਮ ਕੇਸ ਸੀ।

ਉਨ੍ਹਾਂ ਦੇ ਤੱਟ ਉੱਪਰਲੇ ਦੋਸਤਾਂ ਵਲੋਂ ਅਜ਼ਮਾਇਸ਼ੀ ਕੇਸ ਬਾਰੇ ਦਿੱਤੀ ਗਈ ਸਹਿਮਤੀ ਬਾਰੇ ਕਿਸੇ ਜਾਣਕਾਰੀ ਦੀ ਘਾਟ ਕਾਰਨ, ਗੁਰਦਿੱਤ ਸਿੰਘ ਸਰਹਾਲੀ ਸਮੇਤ ਕਾਮਾਗਾਟਾ ਮਾਰੂ ਦੇ ਸਾਰੇ ਮੁਸਾਫ਼ਿਰ, ਇਸ ਚੱਲ ਰਹੀ ਕਾਰਵਾਈ ਬਾਰੇ ਭੰਬਲਭੂਸੇ ਵਿਚ ਸਨ ਅਤੇ ਇਸ ਲਈ ਸਾਰੇ ਘਟਨਾਕ੍ਰਮ ਨੂੰ ਸ਼ੱਕ ਦੀ ਨਜ਼ਰ ਨਾਲ ਦੇਖ ਰਹੇ ਸਨ। ਵਕੀਲ ਐਡਵਰਡ ਬਰਡ ਨੇ ਜੋ ਕੁਝ ਵੀ ਕੀਤਾ, ਸਭ ਮੁਸਾਫ਼ਰਾਂ ਦੀ ਤਰਫ਼ੋਂ ਕੀਤਾ ਸੀ। ਪਰ ਜ਼ਰੂਰੀ ਨਹੀਂ ਕਿ ਉਨ੍ਹਾਂ ਦੀ ਰਜ਼ਾਮੰਦੀ ਨਾਲ ਕੀਤਾ ਹੋਵੇ। ਉਸਨੂੰ ਹਦਾਇਤਾਂ ਹੁਸੈਨ ਰਹੀਮ ਤੋਂ ਮਿਲਦੀਆਂ ਸਨ। ਭਾਵੇਂ ਜਹਾਜ਼ ਤੇ ਤੱਟ ਵਿਚਕਾਰ ਚਿੱਠੀਆਂ ਦਾ ਆਦਾਨ-ਪ੍ਰਦਾਨ ਹੁੰਦਾ ਰਹਿੰਦਾ ਸੀ। ਪਰ ਅਧਿਕਾਰੀ ਇਹਨਾਂ ਚਿੱਠੀਆਂ ਨੂੰ ਰੋਕ ਕੇ ਆਪਣੀ ਮਰਜ਼ੀ ਮੁਤਾਬਕ ਪੜ੍ਹ ਲੈਂਦੇ ਸਨ। ਸੰਚਾਰ ਦੇ ਕਿਸੇ ਸੁਰੱਖਿਅਤ ਤੇ ਨਿੱਜੀ ਸਰੋਤ ਦੀ ਅਣਹੋਂਦ ਵਿਚ, ਮੁਸਾਫ਼ਰਾਂ ਨੂੰ ਆਮ ਤੌਰ 'ਤੇ ਕੁਝ ਵੀ ਪਤਾ ਨਹੀਂ ਲੱਗਦਾ ਸੀ। ਜਦ ਗੁਰਦਿੱਤ ਸਿੰਘ ਨੂੰ ਚੱਲ ਰਹੀ ਕਾਰਵਾਈ ਬਾਰੇ ਪਤਾ ਚੱਲਿਆ ਤਾਂ ਉਸ ਨੇ ਇਤਰਾਜ਼ ਉਠਾਉਂਦੇ ਹੋਏ ਕਿਹਾ, ਕਿ ਜਹਾਜ਼ ਦਾ ਕਿਰਾਏਦਾਰ ਹੋਣ ਦੇ ਨਾਤੇ ਉਸਦਾ ਹੱਕ ਦੂਸਰੇ ਮੁਸਾਫ਼ਰਾਂ ਤੋਂ ਪਹਿਲਾਂ ਜਾਣ ਦਾ ਸੀ। ਪਰ ਦੂਸਰੀ ਤਰਫ਼ੋਂ ਕਿਸੇ ਨੇ ਉਸਦੇ ਇਤਰਾਜ਼ ਦੀ ਪ੍ਰਵਾਹ ਨਾ ਕੀਤੀ।

ਇਸ ਵਕਤ ਮੁਸਾਫ਼ਰਾਂ ਦਾ ਧਿਆਨ ਸਭ ਤੋਂ ਮੁੱਢਲੀ ਲੋੜ ਉੱਪਰ ਕੇਂਦਰਿਤ ਸੀ, ਖਾਰੇ ਤੇ ਗੰਧਲੇ ਪਾਣੀ ਦੇ ਰਾਖਵੇਂ ਭੰਡਾਰ ਨੂੰ ਪੀਣ ਤੋਂ ਬਾਅਦ, ਹੁਣ ਉਨ੍ਹਾਂ ਕੋਲ ਪਾਣੀ ਬਿਲਕੁਲ ਖਤਮ ਹੋ ਚੁੱਕਾ ਸੀ ਅਤੇ ਮਾਲਕਮ ਰੀਡ, ਕਾਨੂੰਨ ਦੇ ਇੱਕ-ਇੱਕ ਅੱਖਰ ਨੂੰ ਲਾਗੂ ਕਰਨ ਦੀ ਜਿੱਦ ਵਿਚ ਕਹਿ ਰਿਹਾ ਸੀ ਕਿ ਤਾਜ਼ੇ ਪਾਣੀ ਦੀ ਪੂਰਤੀ ਦੀ ਜ਼ਿੰਮੇਵਾਰੀ ਜਹਾਜ਼ ਕਿਰਾਏ ਤੇ ਦੇਣ ਵਾਲਿਆਂ, ਤਟਈ ਕਮੇਟੀ ਦੀ ਸੀ। ਉਸੇ ਸ਼ਾਮ ਮੁਸਾਫ਼ਰਾਂ ਨੇ ਗਵਰਨਰ ਜਨਰਲ ਨੂੰ ਇੱਕ ਤਾਰ ਭੇਜੀ: "ਇਮੀਗਰੇਸ਼ਨ ਵਿਭਾਗ ਨੂੰ ਪਾਣੀ ਲਈ ਬਹੁਤ ਅਰਜ਼ੋਈਆਂ ਕੀਤੀਆਂ। ਪਰ ਸਭ ਬੇਕਾਰ, ਅਜਿਹੀ ਭਿਆਨਕ ਮੌਤ ਨਾਲੋਂ ਚੰਗਾ ਹੋਵੇਗਾ ਕਿ ਗੋਲੀ ਨਾਲ ਉਡਾਉਣ ਦਾ ਆਦੇਸ਼ ਦੇ ਦੇਵੋ।" ਹੁਸੈਨ ਰਹੀਮ ਤੇ ਭਾਗ ਸਿੰਘ ਭਿੱਖੀਵਿੰਡ ਨੇ ਗਾਰਡਨਰ ਜੋਹਨਸਨ ਨੂੰ ਮਿਲ

ਕੇ ਕੁਝ ਇੰਤਜ਼ਾਮ ਕਰਨ ਦੀ ਕੋਸ਼ਿਸ਼ ਕੀਤੀ। ਪਰ ਕੋਈ ਅਗਾਊਂ ਰਕਮ ਦਾ ਭੁਗਤਾਨ ਨਾ ਕੀਤਾ ਅਤੇ ਉਸ ਰਾਤ ਕੋਈ ਸਪਲਾਈ ਨਾ ਹੋਈ। 26 ਜੂਨ ਦੀ ਸਵੇਰ ਨੂੰ ਵੀ ਰੀਡ ਨੇ, ਕੁਝ ਕਰਨ ਦੀ ਲੋੜ ਮਹਿਸੂਸ ਨਾ ਕੀਤੀ ਅਤੇ ਬਾਅਦ ਵਿਚ ਜਦੋਂ ਜਾਪਾਨੀ ਚਾਲਕ ਦਲ ਦੇ ਮੈਂਬਰਾਂ ਨੇ ਆਪਣੇ ਲਈ ਪਾਣੀ ਦਾ ਇੱਕ ਢੋਲ ਲਿਆਂਦਾ, ਤਾਂ ਕੁਝ ਮੁਸਾਫ਼ਰ ਖੋਹਣ ਲਈ ਉਸ ਢੋਲ ਉੱਪਰ ਟੁਟ ਕੇ ਪੈ ਗਏ। ਜਿਸ ਕਾਰਨ ਪਾਣੀ ਡੁੱਲ੍ਹ ਗਿਆ ਅਤੇ ਉਹ ਜਹਾਜ਼ ਦੇ ਡੈੱਕ ਉੱਪਰ ਡੁਲ੍ਹੇ ਹੋਏ ਇਸ ਪਾਣੀ ਨੂੰ ਚੱਟਦੇ ਰਹੇ। ਭਾਨ ਸਿੰਘ ਬੜ੍ਹਿੰਗ ਤੇ ਪੋਹੱਲੋ ਰਾਮ ਨੇ, ਸ਼ਾਇਦ ਦੂਸਰਿਆਂ ਦੇ ਕਹਿਣ 'ਤੇ, ਰੀਡ ਨੂੰ ਇੱਕ ਸੁਨੇਹਾ ਲਿਖ ਕੇ ਭੇਜਿਆ, ਕਿ ਜੇਕਰ ਇੱਕ ਘੰਟੇ ਦੇ ਅੰਦਰ ਪਾਣੀ ਨਾ ਭੇਜਿਆ ਗਿਆ ਤਾਂ "ਕੁਝ ਮੁਸਾਫ਼ਰ ਆਪਣਾ ਆਖਰੀ ਸਾਹ ਲੈ ਲੈਣਗੇ।" ਮਾਲਕਮ ਰੀਡ ਨੇ ਇਸ ਸੁਨੇਹੇ ਉੱਪਰ ਵਿਸ਼ਵਾਸ ਨਾ ਕੀਤਾ ਅਤੇ ਪਾਣੀ ਦੀ ਪੂਰਤੀ ਨਾ ਹੋਈ। 27 ਜੂਨ ਆ ਗਈ ਸੀ, ਜਦ ਗਾਰਡਨਰ ਜੋਹਨਸਨ ਨੇ ਹੁਸੈਨ ਰਹੀਮ ਦੇ ਭੁਗਤਾਨ ਕਰਨ ਦੇ ਵਾਅਦੇ ਉੱਪਰ ਵਿਸ਼ਵਾਸ ਕਰਕੇ 103 ਟਨ ਪਾਣੀ ਭੇਜਿਆ।

ਤਟਈ ਕਮੇਟੀ ਨੇ ਪੰਜਾਬ ਦੀਆਂ ਦੋ ਰਿਆਸਤਾਂ (ਪਟਿਆਲਾ ਤੇ ਨਾਭਾ) ਦੇ ਮਹਾਰਾਜਿਆਂ ਨੂੰ, ਸਿੱਖਾਂ ਦੀ ਕੇਂਦਰੀ ਰਾਜਸੀ ਜਥੇਬੰਦੀ ਚੀਫ ਖਾਲਸਾ ਦੀਵਾਨ ਨੂੰ ਅਤੇ ਪੰਜਾਬ ਵਿਚਲੀਆਂ ਸਾਰੀਆਂ ਸਥਾਨਕ ਸਿੱਖ ਸੁਸਾਇਟੀਆਂ (ਸਿੰਘ ਸਭਾਵਾਂ) ਨੂੰ ਸੁਨੇਹੇ ਭੇਜੇ। ਲਾਹੌਰ, ਦਿੱਲੀ ਤੇ ਅੰਮ੍ਰਿਤਸਰ ਅਤੇ ਕਈ ਹੋਰ ਥਾਂਵੀਂ ਮੀਟਿੰਗਾਂ ਹੋਈਆਂ। ਜਿੱਥੇ ਇਸ ਮਸਲੇ ਬਾਰੇ ਭਾਰਤ ਤੇ ਕਨੇਡੀਅਨ ਸਰਕਾਰ ਦੀਆਂ ਨੀਤੀਆਂ ਵਿਰੁੱਧ ਰੋਸ ਪਰਗਟ ਕਰਨ ਲਈ ਯੋਜਨਾਵਾਂ ਉਲੀਕੀਆਂ ਗਈਆਂ। ਲਾਹੌਰ ਦੀ ਮੀਟਿੰਗ ਵਿਚ ਇੱਕ ਬੁਲਾਰੇ ਨੇ ਕਿਹਾ ਕਿ ਕਨੇਡਾ ਨੂੰ ਸਮਝ ਲੈਣਾ ਚਾਹੀਦਾ ਸੀ, ਕਿ ਉਸ ਦਾ ਵਾਹ ਸਿਰਫ਼ ਕੁਝ ਸੌ ਲੋਕਾਂ ਨਾਲ ਨਹੀਂ ਸਗੋਂ 33 ਕਰੋੜ ਹਿੰਦੁਸਤਾਨੀਆਂ ਨਾਲ ਵਾਹ ਪਿਆ ਹੋਇਆ ਹੈ। ਜਾਪਾਨੀਆਂ ਤੇ ਚੀਨੀਆਂ ਨੂੰ ਸਾਮਰਾਜ ਦੇ ਰਿਆਸਤੀ ਇਲਾਕੇ ਵਿਚ ਦਾਖਲਾ ਕਿਵੇਂ ਮਿਲ ਗਿਆ। ਜਦੋਂ ਕਿ ਉਸੇ ਸ਼ਹਿਨਸ਼ਾਹ ਦੇ ਸਾਮਰਾਜ ਦੀ ਪਰਜਾ ਭਾਰਤੀਆਂ ਨੂੰ ਮਨ੍ਹਾਂ ਕੀਤਾ ਗਿਆ ਹੈ। ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਰ ਹੁਣ ਭੁੱਖ ਨਾਲ ਮਰਨ ਕਿਨਾਰੇ ਪਹੁੰਚੇ ਹੋਏ ਸਨ। ਹਾਲਾਤ ਨੂੰ ਸੁਖਾਵਾਂ ਬਣਾਉਣ ਲਈ ਭਾਰਤ ਸਰਕਾਰ ਨੇ ਕੋਈ ਕਦਮ ਕਿਉਂ ਨਹੀਂ ਚੁੱਕਿਆ ਸੀ?

ਭਾਰਤ ਵਿਚਲੇ ਅੰਗਰੇਜ਼ੀ ਅਖਬਾਰਾਂ ਨੇ, ਆਪਣੇ ਅੰਗਰੇਜ਼ੀ ਪਾਠਕਾਂ ਦੇ ਸਾਮਰਾਜੀ ਦ੍ਰਿਸ਼ਟੀਕੋਣ ਦਾ ਪ੍ਰਗਟਾਵਾ ਕਰਦਿਆਂ, ਸੁਭਾਵਿਕ ਤੌਰ'ਤੇ ਕਨੇਡਾ ਸਰਕਾਰ ਦੀ ਤਰਫ਼ਦਾਰੀ ਕੀਤੀ। ਅਤੇ ਭਾਰਤ ਸਰਕਾਰ ਨੇ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਪ੍ਰਤੀ ਗ਼ੈਰ-ਹਮਦਰਦੀ ਵਾਲਾ ਵਤੀਰਾ ਧਾਰਨ ਕਰਦਿਆਂ, ਵੈਨਕੂਵਰ ਤੋਂ ਆਉਣ ਵਾਲੀ ਹਰ ਖ਼ਬਰ ਨੂੰ ਡਰ ਦੀ ਭਾਵਨਾ ਨਾਲ ਦੇਖਿਆ। ਵਾਇਸਰਾਏ ਨੂੰ

ਖ਼ੁਦ ਖ਼ਦਸ਼ਾ ਸੀ ਕਿ ਜੇਕਰ ਪੁਲਿਸ ਦੇ ਵਹਿਸ਼ੀ ਵਤੀਰੇ ਦੀਆਂ ਖ਼ਬਰਾਂ ਕਨੇਡਾ ਤੋਂ ਪੰਜਾਬ ਪਹੁੰਚ ਗਈਆਂ ਤਾਂ ਉੱਥੇ ਵੀ ਗੜਬੜ ਹੋ ਸਕਦੀ ਸੀ। ਉਸ ਦੀਆਂ ਚਿੰਤਾਂਵਾਂ ਬਾਰੇ ਬ੍ਰਿਟਿਸ਼ ਬਸਤੀਵਾਦੀ ਸਕੱਤਰ ਰਾਹੀਂ ਕਨੇਡਾ ਸਰਕਾਰ ਨੂੰ ਅਤੇ ਸੁਪਰਡੈਂਟ ਸਕਾਟ ਰਾਹੀਂ ਮਾਲਕਮ ਰੀਡ ਨੂੰ ਸੂਚਿਤ ਕਰ ਦਿੱਤਾ ਗਿਆ।" ਗ੍ਰਹਿ ਅਧਿਕਾਰੀ ਇਸ ਖਿਆਲ ਨੂੰ ਲੈ ਕੇ ਬੇਚੈਨ ਹਨ ਕਿ ਹਿੰਦੂਆਂ ਦੇ ਗ਼ੈਰ-ਕਾਨੂੰਨੀ ਦਾਖਲੇ ਨੂੰ ਰੋਕਣ ਲਈ ਉੱਨੀ ਦੇਰ ਤਾਕਤ ਦਾ ਇਸਤੇਮਾਲ ਨਾ ਕੀਤਾ ਜਾਵੇ ਜਦ ਤੱਕ ਇਹ ਨਿਹਾਇਤ ਜ਼ਰੂਰੀ ਨਾ ਹੋ ਜਾਵੇ।" ਰੀਡ ਨੂੰ ਯਕੀਨ ਸੀ ਕਿ ਉਸਨੇ ਤੇ ਉਸਦੇ ਅਧਿਕਾਰੀਆਂ ਨੇ ਪੂਰੀ ਸ਼ਹਿਨਸ਼ੀਲਤਾ ਤੋਂ ਕੰਮ ਲਿਆ ਸੀ। ਅਤੇ ਭਾਵੇਂ ਕਿ ਉਸ ਨੇ ਵਾਅਦਾ ਕੀਤਾ ਸੀ ਕਿ ਮਸਲੇ ਦੇ ਹੱਲ ਲਈ ਉਹ ਆਪਣੇ ਅਖ਼ਤਿਆਰਾਂ ਅਤੇ ਕੂਟਨੀਤਕ ਦਾਅ-ਪੇਚਾਂ ਦਾ ਢੁੱਕਵਾਂ ਇਸਤੇਮਾਲ ਕਰੇਗਾ। ਪਰ ਨਾਲ ਹੀ ਉਸਨੇ ਆਪਣੀ ਉਸ ਚਿਤਾਵਨੀ ਨੂੰ ਵੀ ਦੁਹਰਾਇਆ ਕਿ ਮੁਸਾਫ਼ਰਾਂ ਦੇ ਤੱਟ ਉੱਪਰ ਉੱਤਰਨ ਕਾਰਨ ਗੋਰੇ ਲੋਕਾਂ ਵਲੋਂ ਦੰਗਾ ਫ਼ਸਾਦ ਕੀਤਾ ਜਾ ਸਕਦਾ ਹੈ ਅਤੇ ਅਜਿਹਾ ਹੋਣ ਉੱਪਰ ਉਸਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਦੋ ਸਰਕਾਰੀ ਵਕੀਲਾਂ ਅਤੇ ਦੋ ਮੁਨਸ਼ੀ ਸਿੰਘ ਦੇ ਵਕੀਲਾਂ ਨੇ ਵਿਕਟੋਰੀਆ ਦੀ ਅਪੀਲ ਵਾਲੀ ਅਦਾਲਤ ਦੀ ਕਾਰਵਾਈ ਵਿਚ ਹਿੱਸਾ ਲਿਆ। ਇਹ ਕਾਰਵਾਈ ਹੁਨਾਲ ਰੁੱਤ ਦੇ ਦੋ ਗਰਮ ਦਿਨ 29 ਜੂਨ ਦਿਨ ਸੋਮਵਾਰ ਤੇ 30 ਜੂਨ ਦਿਨ ਮੰਗਲਵਾਰ ਨੂੰ ਚੱਲੀ। ਰੌਬਰਟ ਕੈਸਿਡੀ (Robert Cassidy) ਜਿਸ ਨੇ ਅਤੀਤ ਵਿਚ ਜਾਪਾਨੀ ਇਮੀਗਰੇਸ਼ਨ ਸਬੰਧੀ ਅਹਿਮ ਸਥਾਨਕ ਕੇਸ ਲੜੇ ਸਨ, ਮੁਨਸ਼ੀ ਸਿੰਘ ਦੇ ਸੀਨੀਅਰ ਵਕੀਲ ਵਜੋਂ ਪੇਸ਼ ਹੋਇਆ ਉਸ ਦਾ ਸਹਾਇਕ ਜੇ.ਐਡਵਰਡ ਬਰਡ ਸੀ। ਜੋ ਰਸਮੀ ਤੌਰ 'ਤੇ ਭਾਵੇਂ ਜੂਨੀਅਰ ਵਕੀਲ ਸੀ ਪਰ ਉਸਨੂੰ ਇਸ ਕੇਸ ਬਾਰੇ ਬਹੁਤ ਜਾਣਕਾਰੀ ਸੀ ਡਬਲਯੂ.ਬੀ.ਏ. ਰਿਚੀ ਤੇ ਡਬਲਯੂ.ਐਚ.ਡੀ.ਲੈਡਨਰ (W H D Ladner) ਨੇ ਸਰਕਾਰ ਦੀ ਨੁਮਾਇੰਦਗੀ ਕੀਤੀ। ਦੋਵਾਂ ਧਿਰਾਂ ਨੇ ਬਹੁਤ ਕਾਹਲੀ ਵਿਚ ਤਿਆਰੀ ਕੀਤੀ ਸੀ ਅਤੇ ਮੁਸਾਫ਼ਰ ਧਿਰ ਉੱਪਰ ਇਸ ਕਾਹੱਲੀ ਦਾ ਅਸਰ ਸਾਫ਼ ਦਿਸਦਾ ਸੀ। "ਇਸ ਕੇਸ ਵਿਚ ਮੈਂ ਬਹੁਤ ਦੇਰੀ ਨਾਲ ਆਇਆ" ਕੈਸਿਡੀ ਨੇ ਕਿਹਾ ਜਿਸ ਨੂੰ ਜ਼ਾਹਰਾ ਤੌਰ 'ਤੇ ਆਪਣੇ ਸਾਇਲਾਂ ਦੀ ਕਿਸਮਤ ਨਾਲੋਂ ਆਪਣੇ ਇਮਾਨਦਾਰ ਕੋਸ਼ਿਸ਼ ਕਰਨ ਵਾਲੇ ਅਕਸ ਨੂੰ ਢਾਹ ਲੱਗਣ ਦਾ ਜਿਆਦਾ ਫ਼ਿਕਰ ਸੀ। "ਮੈਨੂੰ ਕੇਸ ਨੂੰ ਪੜ੍ਹਣ ਦਾ ਸਮਾਂ ਨਹੀਂ ਮਿਲਿਆ।"

ਕੈਸਿਡੀ ਕੋਲ ਬਹਿਸ ਵਿਚ ਤੁੱਕੇਬਾਜ਼ੀ ਦਾ ਸਹਾਰਾ ਲੈਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਇਸ ਵਿਚ ਉਸ ਦਾ ਕਸੂਰ ਨਹੀਂ ਸੀ। ਕਿਉਂਕਿ ਇਸ ਕੇਸ ਲਈ ਉਸ ਦੀ ਚੋਣ ਤੀਸਰੇ ਨੰਬਰ ਉੱਤੇ ਅਤੇ ਬਿਲਕੁਲ ਅਖੀਰਲੇ ਸਮੇਂ ਹੋਈ ਸੀ। ਉਸ ਨੂੰ ਨਿਯੁਕਤ ਕਰਨ ਤੋਂ ਪਹਿਲਾਂ ਤਟਈ ਕਮੇਟੀ ਨੇ ਪ੍ਰਭਾਵਸ਼ਾਲੀ ਪਰਮਾਣ-ਪੱਤਰਾਂ ਵਾਲੇ ਇੱਕ ਪਰਮੁੱਖ ਵਕੀਲ ਮਿਸਟਰ ਟੀ.ਆਰ.ਈ.ਮਕਇਨਜ਼ (T R McInnse)

ਨੂੰ ਨਿਯੁਕਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਜੋ ਸਥਾਨਕ ਸਿੱਖਾਂ ਬਾਰੇ ਖ਼ਾਸ ਜਾਣਕਾਰੀ ਹੋਣ ਦਾ ਦਾਅਵਾ ਕਰਦਾ ਸੀ। ਜਦੋਂ ਮਕਇਨਜ਼ ਨੇ ਨਾਂਹ ਕਰ ਦਿੱਤੀ ਤਾਂ ਤਟਈ ਕਮੇਟੀ ਨੇ 'ਮਕਕਰੌਸਨ ਐਂਡ ਹਾਰਪਰ' (McCrossen & Harper) ਨਾਂ ਦੀ ਕਾਨੂੰਨੀ ਫਰਮ ਨਾਲ ਸੰਪਰਕ ਕੀਤਾ, ਜੋ ਰਹੀਮ ਦੇ ਕੇਸ ਸਣੇ ਕਈ ਭਾਰਤੀ ਕੇਸਾਂ ਵਿਚ ਵਕੀਲ ਰਹੇ ਸਨ ਅਤੇ ਇਹ ਕੇਸ ਜਿੱਤੇ ਸਨ। ਮਕਇਨਜ਼ ਵਾਂਗ 'ਮਕਕਰੌਸਨ ਐਂਡ ਹਾਰਪਰ' ਨੇ ਵੀ ਨਾਂਹ ਕਰ ਦਿੱਤੀ ਅਤੇ ਉਨ੍ਹਾਂ ਵਲੋਂ ਨਾਂਹ ਕਰਨ ਦਾ ਕਾਰਨ ਬਹੁਤ ਹੈਰਾਨਕੁੰਨ ਸੀ। ਉਨ੍ਹਾਂ ਕਿਹਾ ਕਿ ਸਾਰਾ ਮਾਮਲਾ "ਕਾਨੂੰਨੀ ਪ੍ਰਕਿਰਿਆ ਦੇ ਦਾਇਰੇ ਤੋਂ ਬਾਹਰ ਚਲਾ ਗਿਆ ਹੈ।"

ਉਨ੍ਹਾਂ ਕਿਹਾ ਕਿ ਇਸ ਮਸਲੇ ਦਾ ਹੱਲ, ਕਾਨੂੰਨੀ ਲੜਾਈ ਨਹੀਂ ਸਗੋਂ ਕੂਟਨੀਤੀ ਹੈ ਅਤੇ "ਸ਼ਰੀਫ਼ ਸਾਇਲ" ਹੋਣ ਦੇ ਬਾਵਜੂਦ ਉਹ "ਜ਼ਮੀਰ ਦੀ ਆਵਾਜ਼" ਕਾਰਨ ਇਹ ਕੇਸ ਨਹੀਂ ਲੈ ਸਕਦੇ ਸਨ। ਸੰਖੇਪ ਵਿਚ ਉਨ੍ਹਾਂ ਨੂੰ ਨਹੀਂ ਲੱਗਦਾ ਸੀ। ਕਿ ਮੁਸਾਫ਼ਰਾਂ ਨੂੰ ਅਦਾਲਤ 'ਚੋਂ ਇਨਸਾਫ਼ ਮਿਲਣ ਦੀ ਕੋਈ ਉਮੀਦ ਬਾਕੀ ਸੀ

ਅਦਾਲਤ ਚਾਹੁੰਦੀ ਸੀ ਕਿ ਵਕੀਲਾਂ ਦੀ ਟੀਮ ਆਪਣੇ ਕੇਸ ਦੇ ਵੱਖ-ਵੱਖ ਪਹਿਲੂਆਂ ਨੂੰ ਆਪਸ ਵਿਚ ਵੰਡ ਲਵੇ। ਅਤੇ ਇੱਕੋ ਨੁਕਤੇ ਨੂੰ ਵਾਰ-ਵਾਰ ਉਠਾ ਕੇ ਅਦਾਲਤ ਦਾ ਸਮਾਂ ਬਰਬਾਦ ਨਾ ਕੀਤਾ ਜਾਵੇ। ਕੈਸਿਡੀ ਨੇ ਪ੍ਰੀਵੀ ਕੌਂਸਿਲ ਦੇ ਉਨ੍ਹਾਂ ਤਿੰਨ ਆਦੇਸ਼ਾਂ ਉੱਪਰ ਆਪਣਾ ਧਿਆਨ ਕੇਂਦਰਿਤ ਕੀਤਾ। ਜਿੰਨਾਂ ਦਾ ਹਵਾਲਾ ਮੁਨਸ਼ੀ ਸਿੰਘ ਦੇ ਕੇਸ ਵਿਚ ਆਇਆ ਸੀ। ਇਹ ਲਗਾਤਾਰ ਯਾਤਰਾ ਆਦੇਸ਼ (1914 ਦਾ ਪੀ.ਸੀ 23), 200 ਡਾਲਰ ਦੀ ਲੋੜ ਵਾਲਾ ਆਦੇਸ਼। (1914 ਦਾ ਪੀ.ਸੀ 24) ਅਤੇ ਬ੍ਰਿਟਿਸ਼ ਕੋਲੰਬੀਆ ਦੀਆਂ ਬੰਦਰਗਾਹਾਂ ਰਾਹੀਂ ਮਜ਼ਦੂਰਾਂ ਨੂੰ ਦੇਸ਼ ਵਿਚ ਵੜਨ ਤੋਂ ਰੋਕਣ ਲਈ ਵਕਤੀ ਆਦੇਸ਼ (1913 ਦਾ ਪੀ.ਸੀ 897) ਦੇ ਤਾਜ਼ਾ ਸੰਸਕਰਣ ਸਨ। ਬਰਡ ਨੇ ਇਮੀਗਰੇਸ਼ਨ ਕਾਨੂੰਨ (1910 ਦਾ ਸੋਧਿਆ ਸੰਸਕਰਣ) ਉੱਪਰ ਆਪਣਾ ਜ਼ੋਰ ਲਾਇਆ। ਕੈਸਿਡੀ ਨੇ ਇਹ ਸਿੱਧ ਕਰਨ ਦੀ ਕੋਸ਼ਿਸ ਕੀਤੀ ਕਿ ਪ੍ਰੀਵੀ ਕੌਂਸਿਲ ਦੇ ਆਦੇਸ਼ ਇਮੀਗਰੇਸ਼ਨ ਕਾਨੂੰਨ ਨਾਲ ਮੇਲ ਨਹੀਂ ਖਾਂਦੇ ਸਨ। ਜਿਸ ਮੰਤਵ ਲਈ ਇਹਨਾਂ ਦੀ ਸ਼ਬਦਾਵਲੀ ਵਿਚਲੇ ਫ਼ਰਕਾਂ ਨੂੰ ਉਜ਼ਾਗਰ ਕਰਨਾ ਪੈਣਾ ਸੀ। ਅਤੇ ਇਹ ਗੱਲ ਵੀ ਉਭਾਰਨੀ ਸੀ, ਕਿ ਇਹ ਫ਼ਰਕ ਮਹੱਤਵਪੂਰਨ ਸਨ। ਬਰਡ ਨੇ ਇਮੀਗਰੇਸ਼ਨ ਕਾਨੂੰਨ ਨੂੰ ਹੀ ਸੰਦੇਹ ਦੇ ਘੇਰੇ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ। ਜਿਸ ਲਈ ਉਸ ਦੀ ਮੁੱਖ ਦਲੀਲ ਸੀ, ਕਿ ਕਨੇਡਾ ਸਰਕਾਰ ਨੂੰ ਬ੍ਰਿਟਿਸ਼ ਪਰਜਾ ਨੂੰ ਬਾਹਰ ਰੱਖਣ ਦਾ ਕੋਈ ਅਧਿਕਾਰ ਨਹੀਂ ਸੀ ਅਤੇ ਇਹ ਉਹੀ ਦਲੀਲ ਸੀ ਜੋ ਕਨੇਡਾ ਵਿਚਲੇ ਦੱਖਣੀ ਏਸ਼ਿਆਈ ਲੋਕ ਕਈ ਸਾਲਾਂ ਤੋਂ ਦੇ ਰਹੇ ਸਨ।

ਕੇਸ ਦੀ ਕਾਰਵਾਈ ਦਾ ਉਤਾਰਾ ਟਾਇਪ ਕੀਤੇ 109 ਸਫ਼ਿਆਂ ਵਿਚ ਦਰਜ ਹੈ-ਇੱਕ ਸਾਫ਼ ਸ਼ੈਲੀ ਦੀ ਤਰਜ਼ਮਾਨੀ ਕਰਦੀ ਪੂਰੇ ਦੋ ਦਿਨਾਂ ਦੀ ਕਾਨੂੰਨੀ ਬਹਿਸ,

ਇੱਕ ਪਾਸੇ ਸਖ਼ਤ ਜਦੋਜਹਿਦ ਦੀ ਭਾਵਨਾ ਅਤੇ ਦੂਸਰੇ ਪਾਸੇ ਬੜੇ ਆਰਾਮ ਦਾ ਸਫ਼ਰ। ਪਹਿਲੀ ਸਵੇਰ ਕੈਸਿਡੀ ਨੇ ਅਦਾਲਤ ਨੂੰ ਸੰਬੋਧਨ ਕੀਤਾ ਅਤੇ ਉਸੇ ਸ਼ਾਮ ਨੂੰ ਸ਼ੁਰੂ ਕਰਕੇ ਬਰਡ ਅਗਲੀ ਸਵੇਰ ਤੱਕ ਬੋਲਿਆ ਫਿਰ ਸਰਕਾਰੀ ਵਕੀਲਾਂ 'ਚੋਂ ਇੱਕ ਮਿਸਟਰ ਡਬਲਯੂ.ਬੀ.ਏ ਰਿਚੀ ਨੇ ਤੇਜ਼ੀ ਨਾਲ ਸਰਕਾਰੀ ਪੱਖ ਦੀ ਵਿਆਖਿਆ ਕੀਤੀ। ਕੇਸ ਦੇ ਉਤਾਰੇ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਪਿਛਲੇ ਦਿਨਾਂ ਦੇ ਸਖ਼ਤ ਰੁਝੇਂਵਿਆਂ ਦੇ ਬਾਵਜੂਦ, ਰਿਚੀ ਆਪਣੇ ਕਾਨੂੰਨੀ ਨੁਕਤਿਆਂ ਦੀ ਪੁਸ਼ਟੀ ਲਈ ਕਈ ਤਰ੍ਹਾਂ ਦੀਆਂ ਮਿਸਾਲਾਂ ਨਾਲ ਤਿਆਰੀ ਕਰਕੇ, ਪ੍ਰਭਾਵਕਾਰੀ ਤਰੀਕੇ ਨਾਲ ਅਦਾਲਤ ਵਿਚ ਆਇਆ ਸੀ, ਆਪਣਾ ਪੱਖ ਸ਼ੁਰੂ ਕਰਦੇ ਹੀ ਉਸ ਨੇ ਆਪਣੇ ਮੇਜ਼ ਉੱਪਰ ਲਾਇਬ੍ਰੇਰੀ ਤੋਂ ਲਿਆਂਦੀਆਂ ਕਾਨੂੰਨ ਦੀਆਂ 71 ਕਿਤਾਬਾਂ ਖੋਲ੍ਹਕੇ ਰੱਖ ਦਿੱਤੀਆਂ-ਇੱਕ ਅਜਿਹਾ ਪ੍ਰਪੰਚ ਜੋ ਵਕੀਲਾਂ ਵਲੋਂ ਆਪਣੇ ਕੇਸ ਦਾ ਵਜ਼ਨ ਦਿਖਾਉਣ ਅਤੇ ਜੱਜਾਂ ਨੂੰ ਪ੍ਰਭਾਵਿਤ ਕਰਨ ਲਈ ਅਕਸਰ ਵਰਤਿਆ ਜਾਂਦਾ ਹੈ। ਬਿਨਾਂ ਕਿਸੇ ਰੋਕ-ਟੋਕ ਤੋਂ ਜੱਜਾਂ ਨੇ ਰਿਚੀ ਨੂੰ ਉਸ ਦੀ ਭਾਰੀ ਭਰਕਮ ਪੇਸ਼ਕਾਰੀ ਖਤਮ ਕਰਨ ਲਈ ਖੁੱਲ੍ਹਾ ਵਕਤ ਦਿੱਤਾ। ਜਦ ਜੱਜਾਂ ਨੇ ਦਖਲ ਦੇਣਾ ਸ਼ੁਰੂ ਕੀਤਾ ਤਾਂ ਇਹ ਜ਼ਾਹਰ ਹੋਣ ਲੱਗਿਆ ਕਿ ਉਹ ਰਿਚੀ ਵਲੋਂ ਉਠਾਏ ਨੁਕਤਿਆਂ ਨਾਲ ਸਹਿਮਤ ਸਨ ਅਤੇ ਪਹਿਲਾਂ ਤੋਂ ਹੀ ਪਰਤੱਖ ਨੁਕਤਿਆਂ ਨੂੰ ਛੱਡ ਦੇਣ ਲਈ ਅਤੇ ਜਲਦੀ ਕਰਨ ਲਈ ਕਹਿ ਰਹੇ ਸਨ। ਉਹ ਕਿਸੇ ਨੁਕਤੇ ਦੀ ਜ਼ਿਆਦਾ ਘੋਖ ਸਿਰਫ਼ ਉਸ ਹਾਲਾਤ ਵਿਚ ਕਰਦੇ ਸਨ। ਜਦ ਕੋਈ ਨੁਕਤਾ ਜ਼ਿਆਦਾ ਪੇਚੀਦਾ ਹੁੰਦਾ ਸੀ ਅਤੇ ਉਹ ਇਸ ਨੂੰ ਜ਼ਿਆਦਾ ਸਪੱਸ਼ਟ ਕਰਨਾ ਚਾਹੁੰਦੇ ਸਨ, ਨਾ ਕਿ ਇਸ ਲਈ ਕਿ ਉਹ ਉਸ ਨੁਕਤੇ ਬਾਰੇ ਸਰਕਾਰੀ ਵਕੀਲ ਦੀ ਰਾਏ ਨਾਲ ਅਸਹਿਮਤ ਹੁੰਦੇ ਸਨ। ਇਸ ਦੇ ਉਲਟ ਮੁਨਸ਼ੀ ਸਿੰਘ ਦੇ ਕੇਸ ਦੀ ਪੇਸ਼ਕਾਰੀ ਸਮੇਂ, ਕੈਸਿਡੀ ਤੇ ਬਰਡ ਨੂੰ ਜੱਜਾਂ ਦੇ ਸਵਾਲਾਂ ਦੀ ਬੁਛਾਰ ਦਾ ਸਾਹਮਣਾ ਕਰਨਾ ਪਿਆ, ਅਤੇ ਸਵਾਲ ਵੀ ਅਜਿਹੇ, ਜੋ ਵਕੀਲਾਂ ਦੀਆਂ ਦਲੀਲਾਂ ਨੂੰ ਖਾਰਜ਼ ਕਰਦੇ ਸਨ। ਖ਼ਾਸ ਤੌਰ 'ਤੇ ਬਰਡ, ਕਈ ਵਾਰੀ ਹੌਸਲਾ ਹਾਰਦਾ ਜਾਪਿਆ। ਉਹ ਜ਼ਾਹਰਾ ਤੌਰ 'ਤੇ ਦਲੀਲਾਂ ਜੁਟਾਉਣ ਲਈ ਹੱਥ-ਪੈਰ ਮਾਰਦਾ ਲੱਗਿਆ ਅਤੇ ਉਸ ਨੇ ਇਹ ਗੱਲ ਕਬੂਲੀ ਵੀ ਇੱਕ ਨੁਕਤੇ ਉੱਪਰ ਉਸ ਨੇ ਕਿਹਾ, "ਮੈਂ ਹਰ ਤਰਫ਼ੋਂ ਦਲੀਲ ਜੁਟਾਉਣ ਦੀ ਕੋਸ਼ਿਸ ਕੀਤੀ ਹੈ।" ਇੱਕ ਹੋਰ ਵਾਰ ਉਸਨੇ ਸ਼ਿਕਾਇਤ ਕੀਤੀ, "ਇਸ ਕੇਸ ਵਿਚ ਬਹੁਤ ਕਾਹਲੀ ਕੀਤੀ ਗਈ ਹੈ। ਕਾਰਵਾਈ ਦੇ ਖਤਮ ਹੋਣ 'ਤੇ ਬਰਡ ਤੇ ਕੈਸਿਡੀ ਜ਼ਰੂਰ ਇਹ ਗੱਲ ਜਾਣਦੇ ਹੋਏ ਬਾਹਰ ਆਏ ਹੋਣਗੇ ਕਿ ਅਦਾਲਤ ਫ਼ੈਸਲਾ ਉਨ੍ਹਾਂ ਦੇ ਵਿਰੁੱਧ ਕਰਨ ਜਾ ਰਹੀ ਸੀ, ਉਨ੍ਹਾਂ ਲਈ ਇਹ ਅਦਾਲਤ ਬਿਲਕੁਲ ਦੋਸਤਾਨਾ ਨਹੀਂ ਸੀ।

ਅਦਾਲਤ ਨੇ ਆਪਣਾ ਫ਼ੈਸਲਾ ਅਗਲੇ ਸੋਮਵਾਰ ਯਾਨੀ 6 ਜੁਲਾਈ ਤੱਕ ਲਈ ਰਾਖਵਾਂ ਰੱਖ ਲਿਆ। ਜਿਸ ਕਾਰਨ ਮੁਸਾਫ਼ਰਾਂ ਦੀ ਵੈਨਕੂਵਰ ਦੀ ਗੋਦੀ ਵਿਚ ਉਡੀਕ 33 ਦਿਨ ਤੱਕ ਲੰਬੀ ਹੋ ਗਈ। ਜਦ ਉਸ ਸੋਮਵਾਰ ਨੂੰ ਫ਼ੈਸਲਾ ਆਇਆ,

ਤਾਂ ਇਹ ਸਰਵਸੰਮਤ ਫ਼ੈਸਲਾ ਸੀ। ਅਦਾਲਤ-ਆਫ਼-ਅਪੀਲ ਦੇ ਪੰਜਾਂ ਜੱਜਾਂ ਨੇ ਇੱਕ ਮੱਤ ਹੋ ਕੇ ਫ਼ੈਸਲਾ ਦਿੱਤਾ ਕਿ ਇਮੀਗਰੇਸ਼ਨ ਕਾਨੂੰਨ ਸੰਵਿਧਾਨਕ ਤੌਰ 'ਤੇ ਦਰੁਸਤ ਸੀ ਅਤੇ ਮੁਨਸ਼ੀ ਸਿੰਘ ਨੂੰ ਦੇਸ਼-ਨਿਕਾਲਾ ਦੇਣ ਵਾਲੇ ਕੇਸ ਵਿਚ ਕੌਂਸਿਲ ਦੇ ਜਿੰਨਾਂ ਆਦੇਸ਼ਾਂ ਦਾ ਜ਼ਿਕਰ ਆਇਆ ਸੀ, ਉਹ ਸਾਰੇ ਇਮੀਗਰੇਸ਼ਨ ਕਾਨੂੰਨ ਦੇ ਅਨੁਸਾਰ ਸਨ। ਉਨ੍ਹਾਂ ਨੇ ਪਾਇਆ ਕਿ ਹਰ ਇੱਕ ਆਦੇਸ਼ ਵਿਚ ਅਜਿਹੀਆਂ ਸ਼ਰਤਾਂ ਮੌਜੂਦ ਸਨ, ਜਿੰਨਾਂ ਦੀ ਪੂਰਤੀ ਮੁਨਸ਼ੀ ਸਿੰਘ ਨਹੀਂ ਕਰ ਰਿਹਾ ਸੀ। ਜਿਸ ਕਾਰਨ ਉਸ ਦਾ ਕਨੇਡਾ ਵਿਚ ਦਾਖਲ ਹੋਣਾ ਗ਼ੈਰ-ਕਾਨੂੰਨੀ ਸੀ ਉਨ੍ਹਾਂ ਜੱਜਾਂ ਨੇ ਪਾਇਆ ਕਿ ਮੁਨਸ਼ੀ ਸਿੰਘ ਦੇ ਕੇਸ ਦੀ ਸੁਣਵਾਈ ਕਰਨ ਵਾਲੇ 'ਇਮੀਗਰੇਸ਼ਨ ਬੋਰਡ-ਆਫ਼-ਇਨਕੁਆਰੀ' ਨੇ ਇਮੀਗਰੇਸ਼ਨ ਕਾਨੂੰਨ ਦੀਆਂ ਧਾਰਾਵਾਂ ਤੇ ਨਿਰਦੇਸ਼ਾਂ ਅਨੁਸਾਰ ਕੰਮ ਕੀਤਾ ਸੀ।

ਮੁਨਸ਼ੀ ਸਿੰਘ ਤੇ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਲਈ ਅਗਲਾ ਕਾਨੂੰਨੀ ਕਦਮ-ਜੋ ਉਨ੍ਹਾਂ ਨੇ ਨਹੀਂ ਚੁੱਕਿਆ-ਓਟਾਵਾ ਵਿਚ ਕਨੇਡਾ ਦੀ ਸੁਪਰੀਮ ਅਦਾਲਤ ਨੂੰ ਅਤੇ ਫਿਰ ਲੰਡਨ ਵਿਚ ਬ੍ਰਿਟਿਸ਼ ਪ੍ਰੀਵੀ ਕੌਂਸਿਲ ਦੀ ਜੁਡੀਸ਼ੀਅਲ ਕਮੇਟੀ ਨੂੰ ਅਪੀਲ ਕਰਨ ਦਾ ਬਣਦਾ ਸੀ। (ਜੁਡੀਸ਼ੀਅਲ ਕਮੇਟੀ, 1933 ਤੱਕ, ਕਨੇਡੀਅਨ ਫੌਜਦਾਰੀ ਕੇਸਾਂ ਲਈ ਤੇ 1949ਤੱਕ ਕਨੇਡੀਅਨ ਦੀਵਾਨੀ ਕੇਸਾਂ ਲਈ, ਅਪੀਲ ਕਰਨ ਲਈ ਸਭ ਤੋਂ ਉੱਚ ਅਦਾਲਤ ਸੀ।) ਕਨੇਡਾ ਦੀ ਸੁਪਰੀਮ ਅਦਾਲਤ ਨੇ ਸਤੰਬਰ ਮਹੀਨੇ ਤੱਕ ਨਹੀਂ ਖੁੱਲ੍ਹਣਾ ਸੀ ਅਤੇ ਲੰਡਨ ਸਥਿਤ ਜੁਡੀਸ਼ੀਅਲ ਕਮੇਟੀ ਵਿਚ ਕੇਸ ਲੱਗਣ ਦੀ ਸੰਭਾਵਨਾ, ਉਸ ਸਾਲ ਦੇ ਅਖੀਰ ਤੱਕ ਵੀ ਬਹੁਤ ਘੱਟ ਸੀ। ਅਦਾਲਤਾਂ ਰਾਹੀਂ ਕਾਨੂੰਨੀ ਚਾਰਾਜ਼ੋਈ ਜਾਰੀ ਨਾ ਰੱਖਣ ਵਾਲਾ ਬਹੁਤ ਮਾਯੂਸਕੁੰਨ ਫ਼ੈਸਲਾ, ਸਥਾਨਕ ਦੱਖਣੀ ਏਸ਼ਿਆਈ ਭਾਈਚਾਰੇ ਦੀ ਨੁੰਮਾਇੰਦਗੀ ਕਰਨ ਵਾਲੀ ਤਟਈ ਕਮੇਟੀ ਨੇ ਲਿਆ ਸੀ। ਜਹਾਜ਼ ਦੀ ਵੈਨਕੂਵਰ ਵਿਚ ਆਮਦ ਸਮੇਂ ਤੋਂ ਹੀ ਉਹ ਬਹੁਤ ਉਦਾਰਤਾ ਨਾਲ ਸਾਰਾ ਖਰਚ ਉਠਾਉਂਦੇ ਆ ਰਹੇ ਸਨ। ਪਰ ਇਹ ਫ਼ੈਸਲਾ ਖੁਦ ਮੁਸਾਫ਼ਰਾਂ ਨੇ ਵੀ ਮਨਜ਼ੂਰ ਕਰ ਲਿਆ ਸੀ। ਸਾਰਾ ਮਾਮਲਾ ਇਹਨਾਂ ਗੱਲਾਂ ਉੱਪਰ ਨਿਰਭਰ ਕਰਦਾ ਸੀ, ਕਿ ਤਟਈ ਕਮੇਟੀ ਲਗਾਤਾਰ ਹੋਰ ਕਿੰਨਾ ਪੈਸਾ ਇੱਕਠਾ ਕਰ ਸਕਦੀ ਸੀ। ਅਖੀਰ ਵਿਚ ਉਨ੍ਹਾਂ ਦੇ ਕਾਮਯਾਬ ਹੋ ਜਾਣ ਦੀ ਕਿੰਨੀ ਕੁ ਸੰਭਾਵਨਾ ਸੀ ਅਤੇ ਮੁਸਾਫ਼ਰ ਜਹਾਜ਼ ਉੱਪਰ ਚੱਲ ਰਹੇ ਮੁਸ਼ਕਿਲ ਹਾਲਾਤਾਂ ਨੂੰ ਹੋਰ ਕਿੰਨੀ ਦੇਰ ਸਹਿਣ ਕਰ ਸਕਦੇ ਸਨ। ਹਕੀਕਤ ਇਹ ਸੀ ਕਿ ਉਨ੍ਹਾਂ ਕੋਲ ਹੋਰ ਚਲਦੇ ਰਹਿਣ ਲਈ ਸਾਧਨ ਤੇ ਦਮ ਨਹੀਂ ਸਨ। ਜਿਸ ਕਾਰਨ ਬ੍ਰਿਟਿਸ਼ ਕੋਲੰਬੀਆ ਦੀ ਅਪੀਲ-ਅਦਾਲਤ ਦੇ ਫ਼ੈਸਲੇ ਨੂੰ ਆਖਰੀ ਫ਼ੈਸਲਾ ਮੰਨਣ ਲਈ ਮਜ਼ਬੂਰ ਹੋਣਾ ਪਿਆ ਸੀ।

ਜੇਕਰ ਉਨ੍ਹਾਂ ਨੇ ਕਾਨੂੰਨੀ ਪ੍ਰਕਿਰਿਆ ਦੇ ਅਖੀਰ ਤੱਕ ਜਾਣ ਦਾ ਫ਼ੈਸਲਾ ਕੀਤਾ ਹੁੰਦਾ, ਤਾਂ ਕਾਮਯਾਬੀ ਦੀ ਕਿੰਨੀ ਕੁ ਸੰਭਾਵਨਾ ਸੀ। ਬ੍ਰਿਟਿਸ਼ ਸਾਮਰਾਜ ਦੀ

ਪਰਜਾ ਨੂੰ ਕਨੇਡਾ ਸਰਕਾਰ ਵਲੋਂ ਅਲਹਿਦਾ ਨਾ ਰੱਖ ਸਕਣ ਵਾਲੀ ਦਲੀਲ ਨੂੰ ਉੱਚ ਅਦਾਲਤਾਂ ਵਲੋਂ ਮੰਨ ਲੈਣ ਦੀ ਸੰਭਾਵਨਾ ਵੀ, ਬੀ.ਸੀ ਅਦਾਲਤ-ਆਫ਼-ਅਪੀਲ ਨਾਲੋਂ ਵੱਧ ਨਹੀਂ ਸੀ। ਕਿਉਂਕਿ ਇਹ ਦਲੀਲ਼ ਕਨੇਡੀਅਨ ਪਾਰਲੀਮੈਂਟ ਦੀ ਇਮੀਗਰੇਸ਼ਨ ਬਾਰੇ ਪ੍ਰਭੁਤਾ ਦੇ ਵਿਰੋਧ ਵਿਚ ਜਾਂਦੀ ਸੀ। ਜਦ ਕਿ ਕਾਨੂੰਨ, ਪੂਰਵ-ਮਿਸਾਲਾਂ ਤੇ ਸਿਆਸਤ ਮੁਤਾਬਕ, ਇਮੀਗਰੇਸ਼ਨ ਉੱਪਰ ਕਨੇਡਾ ਸਰਕਾਰ ਦਾ ਪੂਰਾ ਅਧਿਕਾਰ ਸੀ। ਬ੍ਰਿਟਿਸ਼ ਸਰਕਾਰ ਤੇ ਬ੍ਰਿਟਿਸ਼ ਪਾਰਲੀਮੈਂਟ ਨੇ ਹੁਣ ਇਹਨਾਂ ਮਾਮਲਿਆਂ ਵਿਚ ਦਖਲ ਨਹੀਂ ਦੇਣਾ ਸੀ। ਜਿੰਨਾਂ ਮਾਮਲਿਆਂ ਬਾਰੇ ਕਨੇਡਾ ਸਰਕਾਰ ਪਿਛਲੇ ਪੰਜਾਹ ਸਾਲ ਤੋਂ ਵੀ ਜ਼ਿਆਦਾ ਅਰਸੇ ਤੋਂ, ਬਗੈਰ ਕਿਸੇ ਰੋਕ-ਟੋਕ ਦੇ, ਆਪਣੇ ਤੌਰ ’ਤੇ ਫ਼ੈਸਲੇ ਲੈ ਰਹੀ ਸੀ।

ਮੁਸਾਫ਼ਰਾਂ ਦੇ ਵਕੀਲਾਂ ਦੀ ਉਨ੍ਹਾਂ ਤਕਨੀਕੀ ਦਲੀਲਾਂ ਦੇ ਆਧਾਰ ’ਤੇ ਕਾਮਯਾਬ ਹੋਣ ਦੀ ਸੰਭਾਵਨਾ ਜ਼ਿਆਦਾ ਸੀ। ਉਹ ਦਲੀਲਾਂ, ਜੋ ਇਮੀਗਰੇਸ਼ਨ ਕਾਨੂੰਨ ਅਤੇ ਕੌਂਸਿਲ ਦੇ ਆਦੇਸ਼ਾਂ ਜਾਂ ਉਸ ਕਾਨੂੰਨ ਦੇ ਅਖਤਿਆਰ ਅਧੀਨ ਬਣਾਈਆਂ ਗਈਆਂ ਸਨ। ਨਿਯਮਾਂ ਵਿਚਲੇ ਵਖਰੇਂਵਿਆਂ ਨੂੰ ਉਜਾਗਰ ਕਰਦੀਆਂ ਹੋਣ, ਅਤੀਤ ਵਿਚ ਅਜਿਹੀਆਂ ਦਲੀਲਾਂ ਕੰਮ ਆਈਆਂ ਸਨ। ਜੇਕਰ ਉਨ੍ਹਾਂ ਕੋਲ ਲੰਡਨ ਵਿਚਲੀ ਜੁਡੀਸ਼ੀਅਲ ਕਮੇਟੀ ਦਾ ਫ਼ੈਸਲਾ ਆਉਣ ਤੱਕ ਇੰਤਜ਼ਾਰ ਕਰਨ ਲਈ ਸਾਧਨ ਤੇ ਇੱਛਾ-ਸ਼ਕਤੀ ਹੁੰਦੀ ਤਾਂ ਮੁਸਾਫ਼ਰ ਸ਼ਾਇਦ ਇਸ ਆਧਾਰ ਉੱਪਰ ਜਿੱਤ ਸਕਦੇ ਸਨ। (ਪਰ ਸਬੂਤਾਂ ਅਨੁਸਾਰ ਉਨ੍ਹਾਂ ਦੇ ਹਾਰਨ ਦੀ ਸੰਭਾਵਨਾ ਜ਼ਿਆਦਾ ਸੀ) ਪਿਛਲੇ ਸਾਲ ਦੇ ਪਾਨਾਮਾ ਮਾਰੂ ਦੇ ਮੁਸਾਫ਼ਰਾਂ ਵਾਂਗ, ਉਨ੍ਹਾਂ ਦੇ ਜਿੱਤਣ ਦਾ ਇਨਾਮ ਹੋਣਾ ਸੀ, ਕਨੇਡਾ ਵਿਚ ਦਾਖਲਾ। ਪਰ ਇਹ ਸਿਰਫ਼ ਉਨ੍ਹਾਂ ਦੀ ਖੁਦ ਲਈ ਜਿੱਤ ਹੋਣੀ ਸੀ, ਉਨ੍ਹਾਂ ਦੇ ਸਾਰੇ ਦੇਸ਼ ਵਾਸੀਆਂ ਲਈ ਆਮ ਜਿੱਤ ਨਹੀਂ ਹੋਣੀ ਸੀ। ਅਦਾਲਤ ਵਲੋਂ ਉਠਾਏ ਇਤਰਾਜ਼ਾਂ ਨੂੰ ਦੂਰ ਕਰਨ ਲਈ ਕਨੇਡਾ ਸਰਕਾਰ ਨੇ ਬਿਨਾ ਸ਼ੱਕ ਇੱਕ ਵਾਰ ਫਿਰ ਕਾਨੂੰਨ ਵਿਚ ਸੋਧਾਂ ਕਰ ਦੇਣੀਆਂ ਸਨ। ਤਾਂ ਜੁ ਭਾਰਤ ਤੋਂ ਆਉਣ ਵਾਲੇ ਇਮੀਗਰੇਂਟਾਂ ਲਈ ਦੇਸ਼ ਦਾ ਬੂਹਾ ਬੰਦ ਰੱਖਿਆ ਜਾ ਸਕੇ। ਇਹ ਉਹ ਸਮਾਂ ਤੇ ਸਥਾਨ ਸੀ। (ਅਧਿਕਾਰਾਂ ਤੇ ਆਜ਼ਾਦੀਆਂ ਦਾ ਕਨੇਡੀਅਨ ਫ਼ਰਮਾਨ ਲਾਗੂ ਕਰਨ ਤੋਂ ਬਹੁਤ ਪਹਿਲਾਂ।) ਜਦੋਂ ਅਦਾਲਤਾਂ ਦੀ ਨਹੀਂ ਸਗੋਂ ਸਰਕਾਰਾਂ ਤੇ ਵਿਧਾਨ ਪਾਲਿਕਾ ਦੀ ਚਲਦੀ ਸੀ। ਸਿੱਕੇਬੰਦ ਹਕੀਕਤ ਇਹ ਸੀ ਕਿ ਕਨੇਡਾ ਸਰਕਾਰ ਨੇ ਏਸ਼ੀਆ ਤੋਂ ਆਉਣ ਵਾਲੇ ਇਮੀਗਰੇਂਟਾਂ ਲਈ ਆਪਣੀਆਂ ਸਰਹੱਦਾਂ ਉਦੋਂ ਤੱਕ ਬੰਦ ਰੱਖੀਆਂ ਜਦ ਤੱਕ ਉਥੋਂ ਦੀ ਜਨਤਾ ਦੀ ਮਨੋ-ਬਿਰਤੀ ਵਿਚ ਤਬਦੀਲੀ ਨਹੀਂ ਆਈ। ਅਤੇ ਅਜਿਹੀ ਤਬਦੀਲੀ ਦੀ ਪ੍ਰਕਿਰਿਆ ਸਿੱਖਿਆ ਤੇ ਸਮਝਦਾਰੀ ਦੇ ਦਿਸਹੱਦੇ ਵਿਸ਼ਾਲ ਹੋਣ ਨਾਲ ਸਿਰੇ ਚੜ੍ਹਦੀ ਹੈ, ਜਿਸ ਲਈ ਕਈ ਦਹਾਕਿਆਂ ਦਾ ਸਮਾਂ ਲੱਗ ਜਾਂਦਾ ਹੈ।

ਇੱਕ ਫ਼ੈਸਲੇ ਲਈ ਜੋ ਅਖੀਰ ਵਿਚ ਨਿਰਣਾਤਮਕ ਨਿਕਲਿਆ, ਮੁਸਾਫ਼ਰਾਂ ਨੂੰ

33 ਦਿਨ ਦੀ ਲੱਕ ਭੰਨਵੀਂ ਇੰਤਜ਼ਾਰ ਕਰਨੀ ਪਈ ਅਤੇ ਉਸ ਇੰਤਜ਼ਾਰ ਦੇ ਅਖੀਰਲੇ ਹਫ਼ਤੇ, ਬਹੁਤ ਤਣਾਅਪੂਰਨ ਹਾਲਾਤ ਪੈਦਾ ਹੋ ਗਏ ਸਨ। ਮੁਸਾਫ਼ਰ ਤਟਈ ਕਮੇਟੀ ਵਲੋਂ 11 ਜੂਨ ਨੂੰ ਭੇਜੀ ਹੋਈ ਰਸਦ ਖਤਮ ਕਰ ਚੁੱਕੇ ਸਨ। ਜਿੰਨੀ ਦੇਰ ਕੁਝ ਮੁਸਾਫ਼ਰਾਂ ਦੀ ਜੇਬ ਵਿਚ ਨਗਦੀ ਸੀ, ਉਹ ਇਮੀਗਰੇਸ਼ਨ ਅਧਿਕਾਰੀਆਂ ਨੂੰ ਸ਼ਹਿਰ ਜਾ ਕੇ ਉਨ੍ਹਾਂ ਲਈ ਖਾਣਾ ਲਿਆਉਣ ਲਈ ਕਹਿ ਦਿੰਦੇ ਸਨ। ਜਿਸ ਗੱਲ ਨੂੰ ਅਧਿਕਾਰੀ ਮੰਨ ਲੈਂਦੇ ਸਨ। ਵੈਨਕੂਵਰ ਦੇ ਕੁਝ ਸਿੱਖ ਵਿਅਕਤੀਗਤ ਤੌਰ 'ਤੇ ਵੀ ਇਮੀਗਰੇਸ਼ਨ ਦਫ਼ਤਰ ਤੱਕ ਖਾਣਾ ਲੈ ਆਉਂਦੇ ਸਨ। ਸੋ ਖਾਣਾ ਜਹਾਜ਼ ਤੱਕ ਪਹੁੰਚ ਰਿਹਾ ਸੀ। ਕੋਈ ਭੁੱਖਾ ਨਹੀਂ ਮਰ ਰਿਹਾ ਸੀ। ਪਰ ਮੁਸਾਫ਼ਰ ਇੱਕ ਵਕਤ ਦੇ ਖਾਣੇ ਤੋਂ ਬਾਅਦ ਅਗਲੇ ਵਕਤ ਦੇ ਖਾਣੇ ਦੇ ਇੰਤਜ਼ਾਰ ਵਿਚ ਰਹਿੰਦੇ ਸਨ ਅਤੇ ਉਨ੍ਹਾਂ 'ਚੋਂ ਕਈ ਮੁਸਾਫ਼ਰਾਂ ਨੇ ਗੁਰਦਿੱਤ ਸਿੰਘ ਤੋਂ, ਉਸਨੂੰ ਮੋਜੀ ਵਿਖੇ ਦਿੱਤੇ ਪੈਸਿਆਂ ਦੀ ਵਾਪਸੀ ਦੀ ਮੰਗ ਕੀਤੀ। ਇਹ ਪੈਸੇ ਉਸ ਦੀ ਅਲਮਾਰੀ ਵਿਚ ਬੰਦ ਸਨ। ਪਰ ਉਸਨੇ ਜਵਾਬ ਦਿੱਤਾ ਕਿ ਉਨ੍ਹਾਂ ਦੇ ਤੱਟ ਉੱਪਰ ਉੱਤਰਨ ਤੋਂ ਪਹਿਲਾਂ ਇਹ ਪੈਸੇ ਨਹੀਂ ਮਿਲਣੇ ਸਨ।

ਅਜਿਹੀਆਂ ਹਾਲਤਾਂ ਵਿਚ 3 ਜੁਲਾਈ ਦਿਨ ਸ਼ੁਕਰਵਾਰ ਨੂੰ ਚਾਰ ਭਾਰਤੀ ਵਿਅਕਤੀ ਜਿੰਨਾਂ 'ਚੋਂ ਤਿੰਨ ਨਨੈਮੋ (Nanaimo) ਨਾਮ ਦੇ ਕਸਬੇ ਤੋਂ ਸਨ, ਇਮੀਗਰੇਸ਼ਨ ਦਫ਼ਤਰ ਵਿਚ ਆਏ ਅਤੇ ਕਿਹਾ ਕਿ ਉਹ ਜਹਾਜ਼ ਉੱਪਰਲੇ ਆਪਣੇ ਉਨ੍ਹਾਂ ਦੋਸਤਾਂ ਨੂੰ ਮਿਲਣਾ ਚਾਹੁੰਦੇ ਸਨ, ਜਿੰਨਾਂ ਨੇ ਸ਼ਿਕਾਇਤ ਕੀਤੀ ਸੀ ਕਿ ਗੁਰਦਿੱਤ ਸਿੰਘ ਉਨ੍ਹਾਂ ਦੇ ਪੈਸੇ ਦੱਬੀ ਬੈਠਾ ਸੀ। ਜਹਾਜ਼ ਉੱਪਰ ਇਸ ਤਰ੍ਹਾਂ ਦੀ ਧੜ੍ਹੇਬੰਦੀ ਨੂੰ ਇਮੀਗਰੇਸ਼ਨ ਅਧਿਕਾਰੀ ਉਤਸ਼ਾਹਿਤ ਕਰਨਾ ਚਾਹੁੰਦੇ ਸਨ, ਇਸ ਲਈ ਉਹ ਮੁਲਾਕਾਤੀਆਂ ਨੂੰ ਕਿਸ਼ਤੀ ਰਾਹੀਂ ਕਾਮਾਗਾਟਾ ਮਾਰੂ ਉੱਪਰ ਲੈ ਗਏ। ਜਦ ਉਹ ਜਹਾਜ਼ ਦੇ ਨਜ਼ਦੀਕ ਪਹੁੰਚੇ ਤਾਂ ਕਈ ਮੁਸਾਫ਼ਰ ਨਾਹਰੇ ਲਾਉਂਦੇ ਤੇ ਗਾਉਂਦੇ ਹੋਏ ਜਹਾਜ਼ ਦੇ ਜੰਗਲਿਆਂ ਕੋਲ ਆ ਗਏ। ਗੱਲਬਾਤ ਸੰਭਵ ਨਹੀਂ ਸੀ ਕਿਉਂਕਿ ਕੁਝ ਮੁਸਾਫ਼ਰ ਆਪਣੇ ਦੋਸਤਾਂ ਨੂੰ ਜੀ ਆਇਆਂ ਕਹਿਣ ਲਈ ਜਹਾਜ਼ ਦੇ ਫੱਟਾ-ਲਾਂਘੇ ਤੱਕ ਆ ਗਏ ਸਨ। ਅਤੇ ਸਹਾਇੱਕ ਹਿੰਦੂ ਦੁਭਾਸ਼ੀਏ ਗਾਈਥਰ ਨੇ ਉਨ੍ਹਾਂ 'ਚੋਂ ਪੰਜਾਂ ਨੂੰ ਕਿਸ਼ਤੀ ਦੇ ਉੱਪਰ ਤੱਕ ਆਉਣ ਦੀ ਇਜਾਜ਼ਤ ਦੇ ਦਿੱਤੀ। ਗੁਰਦਿੱਤ ਸਿੰਘ ਸਰਹਾਲੀ ਸਭ ਕੁਝ ਦੇਖ ਰਿਹਾ ਸੀ। ਉਸ ਨੂੰ ਪਤਾ ਸੀ ਇਮੀਗਰੇਸ਼ਨ ਵਿਭਾਗ ਵਲੋਂ ਨਿਯੁਕਤ ਕੀਤਾ ਗਿਆ ਇੱਕ ਸਿੱਖ ਵਿਅਕਤੀ, ਕਿਸ਼ਤੀ ਉੱਪਰ ਪਹੁੰਚੇ ਹੋਏ ਮੁਸਾਫ਼ਰਾਂ 'ਚੋਂ ਕਿਸੇ ਇੱਕ ਜਾਂ ਦੋ ਮੁਸਾਫ਼ਰਾਂ ਦਾ ਰਿਸ਼ਤੇਦਾਰ ਸੀ। ਉਸ ਨੂੰ ਕਿਸੇ ਸਾਜ਼ਿਸ਼ ਦੀ ਬੋਅ ਆਈ। ਇਹ ਸੋਚਦੇ ਹੋਏ ਕਿ ਉਹ ਪੰਜ ਮੁਸਾਫ਼ਰ ਉਸ ਵਿਰੁੱਧ ਚੱਲੀ ਜਾ ਰਹੀ ਕਿਸੇ ਚਾਲ ਨਾਲ ਸੰਬੰਧਿਤ ਦਸਤਾਵੇਜ਼ਾਂ ਉੱਪਰ ਦਸਤਖਤ ਕਰਨ ਲਈ ਕਿਸ਼ਤੀ ਉੱਪਰ ਗਏ ਸਨ। ਉਸਨੇ ਜਹਾਜ਼ ਦਾ ਫੱਟਾ-ਲਾਂਘਾ ਉੱਪਰ ਚੁੱਕਣ ਦਾ ਹੁਕਮ ਦੇ ਦਿੱਤਾ, ਜਿਸ ਕਾਰਨ ਉਹ ਪੰਜੇ ਮੁਸਾਫ਼ਰ ਕਿਸ਼ਤੀ ਉੱਪਰ ਹੀ ਰਹਿ

ਗਏ।

ਉਨ੍ਹਾਂ ਪੰਜਾਂ ਮੁਸਾਫ਼ਰਾਂ ਨੂੰ ਸਾਰੀ ਰਾਤ ਕਿਸ਼ਤੀ ਉੱਪਰ ਹੀ ਗੁਜ਼ਾਰਨੀ ਪਈ ਸ਼ਨੀਵਾਰ ਦੀ ਸਵੇਰ ਨੂੰ ਮਾਲਕਮ ਰੀਡ ਤੇ ਹਾੱਪਕਿਨਸਨ ਨੇ ਕੈਪਟਨ ਯਾਮਾਮੋਟੋ ਨੂੰ ਘੇਰ ਲਿਆ। ਜਿਸ ਨੇ ਪਿਛਲੀ ਰਾਤ ਤੱਟ ਉੱਪਰ ਬਿਤਾਈ ਸੀ। ਜੋ ਇੱਕ ਅਜਿਹੀ ਸਹੂਲਤ ਸੀ ਜਿਸ ਤੋਂ ਸਾਰੇ ਮੁਸਾਫ਼ਰਾਂ ਤੇ ਚਾਲਕ ਦਲ ਦੇ ਬਹੁਤੇ ਮੈਂਬਰਾਂ ਨੂੰ ਵਾਂਝੇ ਰੱਖਿਆ ਗਿਆ ਸੀ। ਉਹ ਚਾਹੁੰਦੇ ਸਨ ਕਿ ਯਾਮਾਮੋਟੋ ਪੁਲਿਸ ਬੁਲਾਏ, ਆਪਣੇ ਚਾਲਕ ਦਲ ਦੇ ਮੈਂਬਰਾਂ ਨੂੰ ਇੱਕੱਠਾ ਕਰੇ ਅਤੇ ਤਾਕਤ ਦੀ ਵਰਤੋਂ ਨਾਲ ਉਨ੍ਹਾਂ ਪੰਜਾਂ ਮੁਸਾਫ਼ਰਾਂ ਨੂੰ ਵਾਪਸ ਜਹਾਜ਼ ਉੱਪਰ ਭੇਜੇ। ਉਨ੍ਹਾਂ ਕਿਹਾ ਕਿ ਜਹਾਜ਼ ਦੀ ਕਮਾਨ ਉਸ ਕੋਲ ਹੈ, ਗੁਰਦਿੱਤ ਸਿੰਘ ਕੋਲ ਨਹੀਂ। ਉਨ੍ਹਾਂ ਕਿਹਾ ਕਿ"ਜਦੋਂ ਜਹਾਜ਼ ਦਾ ਕਪਤਾਨ ਹੁਕਮ ਦਿੰਦਾ ਹੈ ਕਿ ਫੱਟਾ-ਲਾਂਘਾਂ ਥੱਲੇ ਸੁਟੋ ਤਾਂ ਜੋ ਵੀ ਆਦਮੀ ਉਸ ਹੁਕਮ ਦੇ ਅਮਲ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਹੈ, ਉਹ ਕਪਤਾਨ ਦੇ ਹੁਕਮ ਦੀ ਉਲੰਘਣਾ ਕਰਦਾ ਹੈ।"

ਇੱਕ ਦੁਭਾਸ਼ੀਏ ਦੀ ਸਹਾਇਤਾ ਨਾਲ ਯਾਮਾਮੋਟੋ ਨੇ ਗੁਰਦਿੱਤ ਸਿੰਘ ਨਾਲ ਗੱਲ ਕਰਨ ਲਈ ਇੱਕ ਦਿਨ ਦਾ ਸਮਾਂ ਮੰਗਿਆ। ਉਸ ਨੇ ਕਿਹਾ ਕਿ ਮੁਸਾਫ਼ਰ ਬਹੁਤ ਉਤੇਜਿਤ ਹਨ ਅਤੇ ਭਾਵੇਂ ਕਿ ਗੁਰਦਿੱਤ ਸਿੰਘ ਨੂੰ ਕੋਈ ਸਮਝ ਨਹੀਂ ਸੀ ਅਤੇ ਕਦੇ-ਕਦੇ ਇਉਂ ਲਗਦਾ ਸੀ ਕਿ "ਉਸ ਦਾ ਦਿਮਾਗ ਥੋੜ੍ਹਾ ਹਿੱਲ ਗਿਆ ਸੀ। ਪਰ ਉਸਨੂੰ ਲੱਗਦਾ ਸੀ ਕਿ ਗੁਰਦਿੱਤ ਸਿੰਘ ਨੇ ਅਦਾਲਤ ਦੇ ਹੁਕਮਾਂ ਦੀ ਤਾਮੀਲ ਕਰਨੀ ਸੀ ਅਸਲ ਵਿਚ ਮੁਸਾਫ਼ਰ ਤਾਂ ਪਹਿਲਾਂ ਹੀ ਵਾਪਸ ਜਾਣ ਲਈ ਆਪਣਾ ਸਮਾਨ ਬੰਨ ਰਹੇ ਸਨ।

ਮਾਲਕਮ ਰੀਡ ਤੇ ਦੂਸਰੇ ਸਥਾਨਕ ਅਧਿਕਾਰੀਆਂ ਦੇ ਖਿਆਲ ਭਿੰਨ-ਭਿੰਨ ਸਨ। ਉਨ੍ਹਾਂ ਨੂੰ ਪੱਕਾ ਯਕੀਨ ਸੀ ਕਿ ਸਿੱਖ ਕਨੇਡਾ ਦੇ ਕਾਨੂੰਨਾਂ ਨੂੰ ਟਿੱਚ ਸਮਝਦੇ ਸਨ। ਅਤੇ ਜੇਕਰ ਉਹ ਅਦਾਲਤ ਵਿਚ ਕੇਸ ਹਾਰ ਗਏ ਤਾਂ ਜਹਾਜ਼ ਤੋਂ ਛਾਲਾਂ ਮਾਰਨ ਦੀ ਕੋਸ਼ਿਸ ਕਰਨਗੇ। ਪਿਛਲੇ ਸਾਲ ਨਵੰਬਰ ਵਿਚ ਪਾਨਾਮਾ ਮਾਰੂ ਦੇ ਚਾਰ ਮੁਸਾਫ਼ਰਾਂ ਦੀ ਵਿਕਟੋਰੀਆ ਦੇ ਬੰਦੀ ਘਰ 'ਚੋਂ ਭੱਜ ਜਾਣ ਦੀ ਘਟਨਾ ਦੀ ਚੀਸ ਅਜੇ ਤੱਕ ਰੜਕਦੀ ਸੀ। ਜਿਸ ਕਾਰਨ ਇਹਨਾਂ ਪੰਜ ਫਸੇ ਹੋਏ ਮੁਸਾਫ਼ਰਾਂ ਦੇ ਸੰਕਟ ਵਾਰੇ, ਰੀਡ ਬਹੁਤ ਸੰਭਲ ਕੇ ਪ੍ਰਤੀਕਰਮ ਦੇ ਰਿਹਾ ਸੀ। ਉਸ ਦੇ ਅਖ਼ਤਿਆਰਾਂ ਦੀ ਪਰਖ ਕੀਤੀ ਜਾ ਰਹੀ ਸੀ ਅਤੇ ਉਸ ਨੂੰ ਇਹ ਗੱਲ ਪਸੰਦ ਨਹੀਂ ਸੀ। ਕੈਪਟਨ ਨੂੰ 48 ਘੰਟੇ ਦਾ ਸਮਾਂ ਦੇਣ ਬਾਰੇ ਉਸ ਨੂੰ ਸਮਝ ਸੀ। ਪਰ ਕੋਈ ਸਿੱਟਾ ਨਿਕਲਣ ਦੀ ਉਮੀਦ ਨਹੀਂ ਸੀ

ਉਸ ਸਵੇਰ ਗੁਰਦਿੱਤ ਸਿੰਘ ਸਰਹਾਲੀ ਦੇ ਨਾਂ ਲਿਖੀ ਇੱਕ ਚਿੱਠੀ ਲੈਣ ਵਾਸਤੇ, ਯਾਮਾਮੋਟੋ, ਹੁਸੈਨ ਰਹੀਮ ਦੇ ਚਾਈਨਾ ਟਾਊਨ ਵਿਚਲੇ ਦਫ਼ਤਰ ਵਿਚ ਗਿਆ ਸੀ। ਜੋ ਅਧਿਕਾਰੀਆਂ ਦੀ ਨਜ਼ਰ ਵਿਚ ਇੱਕ ਖਤਰਨਾਕ ਕਾਰਵਾਈ

ਸੀ। ਹਾੱਪਕਿਨਸਨ ਨੂੰ ਇਸ ਗੱਲ ਦਾ ਪਤਾ ਵਿਭਾਗ ਦੇ ਜਾਪਾਨੀ ਦੁਭਾਸ਼ੀਏ ਮਿਸਟਰ ਯੋਸ਼ੀ (Yoshi) ਤੋਂ ਲੱਗਿਆ ਸੀ। ਹਾੱਪਕਿਨਸਨ ਨੂੰ, ਅਪ੍ਰੈਲ ਮਹੀਨੇ ਵਿਚ, ਜਾਪਾਨ ਦੇ ਸ਼ਹਿਰ ਸ਼ਿਮੋਨੋਸੇਕੀ (Shimonoseki) ਵਿਚ ਦਿੱਤੇ ਗਏ ਰਾਤ ਦੇ ਖਾਣੇ ਬਾਰੇ ਪਹਿਲਾਂ ਹੀ ਪਤਾ ਸੀ-ਉਹ ਰਾਤ ਦੇ ਖਾਣੇ ਜੋ ਸੈਤੋ ਤੇ ਦੂਸਰੇ ਜਾਪਾਨੀ ਕਾਰੋਬਾਰੀਆਂ ਨੇ ਗੁਰਦਿੱਤ ਸਿੰਘ ਨੂੰ ਦਿੱਤਾ ਸੀ ਅਤੇ ਜਿੱਥੇ ਉਨ੍ਹਾਂ ਨੇ ਯੂਰਪੀਅਨ ਸਾਮਰਾਜਵਾਦੀਆਂ ਦਾ ਵਿਰੋਧ ਕਰਨ ਲਈ, ਭਾਰਤੀਆਂ ਨਾਲ ਨਿੱਘੇ ਸਬੰਧ ਹੋਣ ਬਾਰੇ ਦੋਸਤਾਨਾ ਤਕਰੀਰਾਂ ਕੀਤੀਆਂ ਸਨ।

ਹਾੱਪਕਿਨਸਨ, ਰੀਡ ਤੇ ਸਟੀਵਨਜ਼ ਲਈ ਸਬੂਤਾਂ ਦੇ ਇਹ ਟੁਕੜੇ, ਇੱਕ ਖਾਸ ਤਰਤੀਬ ਵਿਚ ਰੱਖ ਕੇ ਵੇਖਣ ਬਾਅਦ ਇੱਕ ਬਹੁਤ ਖਤਰਨਾਕ ਤਸਵੀਰ ਬਣਦੀ ਸੀ। ਕਾਮਾਗਾਟਾ ਮਾਰੂ ਕਾਂਡ ਪਿੱਛੇ ਜਾਪਾਨੀ ਤੇ ਭਾਰਤੀ ਸਾਜ਼ਿਸ਼ ਦੀ ਤਸਵੀਰ। ਉਸੇ ਸ਼ਾਮ ਹਾੱਪਕਿਨਸਨ ਨੇ ਦੁਭਾਸ਼ੀਏ ਯੋਸ਼ੀ ਨੂੰ ਹੋਰ ਸਬੂਤ ਇਕੱਠੇ ਕਰਨ ਲਈ ਭੇਜਿਆ। ਅਤੇ ਯੋਸ਼ੀ ਇੱਕ ਚੀਨੀ ਰੈਸਟੋਰੈਂਟ ਵਿਚ ਗੱਲਬਾਤ ਕੀਤੇ ਜਾਣ ਦੀ ਖ਼ਬਰ ਲੈ ਕੇ ਆਇਆ। ਉਸ ਨੇ ਯਾਮਾਮੋਟੋ ਤੇ ਵੈਨਕੂਵਰ ਵਿਚ ਸਥਿਤ ਜਾਪਾਨੀ ਕੌਂਸਲਰ ਮਿਸਟਰ ਵਾਈ.ਏ.ਹੋਰੀ ਵਿਚਕਾਰ, ਆਪਣੇ ਨਾਲ ਲੱਗਦੇ ਕੈਬਿਨ ਵਿਚ ਹੋ ਰਹੀ ਗੱਲਬਾਤ ਨੂੰ ਕੰਨ ਲਾ ਕੇ ਸੁਣਿਆ ਸੀ, ਉਹ ਇੱਕ ਦੂਜੇ ਨੂੰ ਪੁੱਛ ਰਹੇ ਸਨ, ਕੀ ਕਪਤਾਨ ਨੂੰ ਇਹ ਗੱਲ ਮੰਨ ਲੈਣੀ ਚਾਹੀਦੀ ਸੀ, ਕਿ ਉਹ ਮੁਸਾਫ਼ਰਾਂ ਨੂੰ ਕਾਬੂ ਵਿਚ ਨਹੀਂ ਰੱਖ ਸਕਿਆ ਸੀ? ਕੀ ਮੰਨ ਲੈਣਾ ਜ਼ਿਆਦਾ ਦਰੁਸਤ ਰਹੇਗਾ ਜਾਂ ਨਾ ਮੰਨਣਾ? "ਜੇਕਰ ਅਜਿਹਾ ਸਮਾਂ ਆਇਆ" ਹੋਰੀ ਨੇ ਅਹੰਕਾਰ ਨਾਲੋਂ ਸਿਆਣਪ ਨੂੰ ਤਰਜੀਹ ਦਿੰਦੇ ਹੋਏ ਕਿਹਾ, "ਮੰਨ ਲੈਣਾ ਜ਼ਿਆਦਾ ਠੀਕ ਰਹੇਗਾ।" ਯੋਸ਼ੀ ਨੂੰ ਉਥੇ ਦੇਖ ਕੇ ਉਨ੍ਹਾਂ ਆਪਣੇ ਕੋਲ ਬੁਲਾ ਲਿਆ, ਜਿਸ ਨੇ ਕਪਤਾਨ ਨੂੰ ਪੁੱਛਿਆ ਕਿ ਉਹ ਰਹੀਮ ਨੂੰ ਮਿਲਣ ਕਿਉਂ ਗਿਆ। ਯਾਮਾਮੋਟੋ ਨੇ ਸਫ਼ਾਈ ਦਿੱਤੀ ਕਿ ਉਸ ਨੇ ਮੁਸਾਫ਼ਰਾਂ ਨੂੰ ਸ਼ਾਂਤ ਕਰਨ ਲਈ ਉਸ ਕੋਲੋਂ ਇੱਕ ਚਿੱਠੀ ਲਿਖਵਾਈ ਸੀ। ;ਜਹਾਜ਼ ਉੱਪਰ ਜਾਣ ਤੋਂ ਪਹਿਲਾਂ, ਉਹ ਇਹ ਚਿੱਠੀ ਇਮੀਗਰੇਸ਼ਨ ਅਧਿਕਾਰੀਆਂ ਨੂੰ ਦਿਖਾ ਦੇਵੇਗਾ। ਇਹ ਸਾਰਾ ਕੁਝ ਯੋਸ਼ੀ ਨੇ ਹਾੱਪਕਿਨਸਨ ਨੂੰ ਦੱਸ ਦਿੱਤਾ। ਇਸ ਦਾ ਮਤਲਬ ਸੀ ਕਿ ਯਾਮਾਮੋਟੋ ਜੋ ਇਸ ਤਿੱਖੀ ਮੁਠ-ਭੇੜ ਦੇ ਕੇਂਦਰ ਵਿਚ ਫਸ ਗਿਆ ਸੀ, ਖ਼ੁਦ ਨੂੰ ਸਲਾਮਤ ਰੱਖਣ ਦੀ ਪ੍ਰਵਿਰਤੀ ਦੇ ਨਾਲ-ਨਾਲ, ਮੁਸਾਫ਼ਰਾਂ ਲਈ ਵੀ ਹਮਦਰਦੀ ਰੱਖਦਾ ਸੀ। ਪਰ ਰੀਡ ਤੇ ਹਾੱਪਕਿਨਸਨ, ਇਸ ਸਾਰੇ ਘਟਨਾਕ੍ਰਮ ਦੀ ਤਹਿ ਹੇਠਾਂ ਇੱਕ ਡੂੰਘੀ ਅੰਤਰਰਾਸ਼ਟਰੀ ਜਾਪਾਨੀ-ਭਾਰਤੀ ਸਾਜ਼ਿਸ਼ ਦੇ ਹੋਣ ਦੀ ਕਲਪਨਾ ਕਰਦੇ ਸਨ।

ਪੰਜ ਵਿਸਥਾਪਿਤ ਮੁਸਾਫ਼ਰਾਂ ਨੇ-ਜਿਨਾਂ ਨੂੰ ਸ਼ਾਮ ਸਮੇਂ ਪ੍ਰਕਾਸ਼ਿਤ ਹੁੰਦੇ ਇੱਕ ਅਖਬਾਰ ਦੇ ਪੱਤਰਕਾਰ ਨੇ "ਬੇਆਸਰਾ ਸਿੰਘ" ਦਾ ਨਾਂ ਦੇ ਦਿੱਤਾ ਸੀ-ਸ਼ੁਕਰਵਾਰ, ਸ਼ਨੀਵਾਰ ਤੇ ਐਤਵਾਰ ਦੀਆਂ ਰਾਤਾਂ, ਇਮੀਗਰੇਸ਼ਨ ਵਿਭਾਗ ਦੀ 'ਵਿਨਾਮੈਅ'



*10 . 6 ਜੁਲਾਈ 1914 ਨੂੰ 5 ਯਾਤਰੀ ਜਿਨ੍ਹਾਂ ਨੂੰ ਤਰਦੇ ਫਟੇ ਉਤੇ ਇੰਤਜਾਰ ਕਰਨੀ ਪਈ, ਨਾਲ ਹੈ ਇਮੀਗਰੇਸ਼ਨ ਗਾਰਡ ਜੇਮਝ ਕਵਿਨਲੇ*

(Winamac) ਨਾਮ ਦੀ ਕਿਸ਼ਤੀ ਦੀ ਉੱਪਰਲੀ ਡੈੱਕ ਉੱਪਰ ਗੁਜ਼ਾਰੀਆਂ। ਦਿਨ ਸਮੇਂ ਉਨ੍ਹਾਂ ਨੂੰ ਵਿਭਾਗ ਦੀ ਇੱਕ ਛੋਟੀ ਕਿਸ਼ਤੀ ਵਿਚ ਰੱਖਿਆ ਜਾਂਦਾ ਅਤੇ ਕੁਝ ਸਮੇਂ ਲਈ ਉਨ੍ਹਾਂ ਨੂੰ, ਕੋਲੇ ਦੇ ਜਹਾਜ਼ਾਂ ਨੂੰ ਬੰਨਣ ਲਈ ਵਰਤੇ ਜਾਂਦੇ ਲਕੜੀ ਦੇ ਤੈਰਦੇ ਭਾਰੀ ਪਲੇਟਫਾਰਮਾਂ ਉੱਪਰ ਭੇਜ ਦਿੱਤਾ ਜਾਂਦਾ। ਕਾਮਾਗਾਟਾ ਮਾਰੂ ਦੇ ਵਿਸ਼ੇਸ਼ ਸੁਰੱਖਿਆ ਦਸਤੇ ਦੇ ਇੱਕ ਛੇ ਫੁੱਟ ਚਾਰ ਇੰਚ ਉੱਚੇ ਤੇ ਵਰਦੀ ਧਾਰੀ ਗਾਰਡ ਕੋਲ ਖੜ੍ਹਿਆਂ ਉਨ੍ਹਾਂ ਪੰਜਾਂ ਦੀ, ਇੱਕ ਉਤਸ਼ਾਹੀ ਫੋਟੋਗ੍ਰਾਫਰ ਨੇ ਇੱਕ ਫੋਟੋ ਖਿੱਚ ਲਈ। ਆਇਰਸ਼ ਮੂਲ ਤੇ ਜੇਮਜ਼ ਕਿੰਉਨੀ (James Quinney) ਨਾਮ ਵਾਲਾ ਇਹ ਮਿਲਣਸਾਰ ਸੁਰੱਖਿਆ ਗਾਰਡ, ਉਸ ਗਰਮੀ ਦੀ ਰੁੱਤ ਵਿਚ ਆਪਣੀ ਨਾ-ਸ਼ੁਕਰੀ ਡਿਊਟੀ ਦੇ ਬਾਵਜੂਦ, ਲੱਗਦਾ ਸੀ ਕਿ ਮੁਸਾਫ਼ਰਾਂ ਦਰਮਿਆਨ ਬਹੁਤ ਹਰਮਨ ਪਿਆਰਾ ਸੀ। ਸੋਮਵਾਰ ਸਵੇਰੇ ਪੁਲਿਸ ਨੂੰ ਬੁਲਾਉਣ ਤੋਂ ਪਹਿਲਾਂ ਰੀਡ ਨੇ ਕਪਤਾਨ ਯਾਮਾਮੋਟੋ ਦੀ ਮੌਜੂਦਗੀ ਵਿਚ, ਜਹਾਜ਼ੀ ਏਜੰਟ ਗਾਰਡਨਰ ਜੌਹਨਸਨ ਨਾਲ ਗੱਲਬਾਤ ਕੀਤੀ। ਪਰ ਜੌਹਨਸਨ ਨੇ ਕਪਤਾਨ ਦੀ ਤਰਫ਼ਦਾਰੀ ਕੀਤੀ। ਯਾਮਾਮੋਟੋ ਵਾਂਗ ਉਹ ਵੀ ਇਹੀ ਸੋਚਦਾ ਸੀ ਕਿ ਅਦਾਲਤ ਦੇ ਫ਼ੈਸਲੇ ਬਾਰੇ ਜਾਣਕਾਰੀ ਮਿਲਣ 'ਤੇ, ਮੁਸਾਫ਼ਰ ਵਾਪਸ ਜਾਣ ਲਈ ਤਿਆਰ ਹੋ ਜਾਣਗੇ। ਭਾਵੇਂ ਕਿ ਉਸ ਪਲ ਤੱਕ ਮੁਸਾਫਰ ਅਜੇ ਵੀ ਆਸਵੰਦ ਸਨ। ਜੋਹਨਸਨ ਨੇ ਕਿਹਾ ਕਿ, "ਉਹ ਸੋਚਦੇ ਹਨ ਕਿ ਕਿਸੇ ਸਮੇਂ ਵੀ ਉਨ੍ਹਾਂ ਨੂੰ ਤੱਟ ਉੱਪਰ ਉੱਤਰਨ ਦੀ ਇਜ਼ਾਜਤ ਦੇਣ ਬਾਰੇ ਸੁਨੇਹਾ ਮਿਲ ਸਕਦਾ ਹੈ।"

6 ਜੁਲਾਈ ਦਿਨ ਸੋਮਵਾਰ ਦੀ ਸਵੇਰ ਦੇ ਪਿਛਲੇ ਪਹਿਰ ਅਦਾਲਤ-ਆਫ਼-

ਅਪੀਲ ਨੇ ਆਪਣਾ ਫ਼ੈਸਲਾ ਦਿੱਤਾ, ਜਿਸ ਵਿਚ ਬੈਂਚ ਦੇ ਪੰਜੇ ਜੱਜਾਂ ਨੇ ਇਮੀਗਰੇਸ਼ਨ ਕਾਨੂੰਨ ਤੇ ਕੌਂਸਿਲ ਦੇ ਆਦੇਸ਼ਾਂ ਨੂੰ ਵਾਜਬ ਕਰਾਰ ਦਿੱਤਾ ਸੀ। ਉਸੇ ਸ਼ਾਮ ਅਦਾਲਤ ਦੇ ਫ਼ੈਸਲੇ ਨੂੰ ਵਿਸਥਾਰ ਸਹਿਤ ਦੱਸਣ ਲਈ ਰੀਡ, ਬਰਡ ਨੂੰ ਨਾਲ ਲੈ ਕੇ ਕਾਮਾਗਾਟਾ ਮਾਰੂ ਜਹਾਜ਼ ਉੱਪਰ ਪਹੁੰਚਿਆ ਸੀ। ਉਨ੍ਹਾਂ ਦੇਖਿਆ ਕਿ ਸਮੁੰਦਰ ਵਿਚ ਤੈਰ ਰਹੀਆਂ ਲਕੜੀਆਂ ਨੂੰ ਉਠਾ ਕੇ, ਉਨ੍ਹਾਂ ਤੋਂ ਘੜ੍ਹੇ ਗਏ ਸੋਟਿਆਂ ਨੂੰ ਹੱਥਾਂ ਵਿਚ ਫੜ੍ਹੀ ਖੜ੍ਹੇ ਮੁਸਾਫ਼ਿਰ, ਆ ਰਹੀ ਮੁਸੀਬਤ ਲਈ ਪਹਿਲਾਂ ਹੀ ਤਿਆਰੀ ਕਰੀ ਬੈਠੇ ਸਨ। ਅਤੇ ਅਜੇ ਤੱਕ ਵੀ ਜਹਾਜ਼ ਤੋਂ ਬਾਹਰ ਰਹਿ ਗਏ। ਪੰਜ ਬੰਦਿਆਂ ਨੂੰ ਵਾਪਸ ਜਹਾਜ਼ ਉੱਪਰ ਲੈਣ ਲਈ ਤਿਆਰ ਨਹੀਂ ਸਨ। ਪਰ ਸਮੁੰਦਰ ਕਿਨਾਰੇ ਜ਼ਿਆਦਾ ਰੌਲਾ ਪੈ ਰਿਹਾ ਸੀ। ਉਸ ਸਵੇਰ ਪੰਜ ਵਿਛੜੇ ਮੁਸਾਫ਼ਰਾਂ ਨੂੰ ਲਿਜਾ ਰਹੀ 'ਵਿਨਾਮੈਅ' ਨਾਮ ਦੀ ਇਮੀਗਰੇਸ਼ਨ ਵਿਭਾਗ ਦੀ ਕਿਸ਼ਤੀ, ਸੀ.ਪੀ.ਆਰ.ਕੰਪਨੀ ਦੇ ਜਹਾਜ਼ੀ-ਘਾਟ ਦੇ ਨੇੜ੍ਹਿਉਂ ਗੁਜ਼ਰੀ। ਕੰਢੇ ਉੱਪਰ ਖੜ੍ਹੇ ਪ੍ਰਤੱਖ ਦਰਸ਼ੀਆਂ ਨੇ ਅੰਦਾਜ਼ਾ ਲਾਇਆ ਕਿ ਭਾਰਤੀ ਅਦਾਲਤ ਵਿਚ ਕੇਸ ਜਿੱਤ ਗਏ ਸਨ ਅਤੇ ਇਹ ਪਹਿਲਾਂ ਜੱਥਾ ਤੱਟ ਉੱਪਰ ਉੱਤਰਨ ਜਾ ਰਿਹਾ ਸੀ। ਗੁੱਸੇ ਵਿਚ ਨਾਹਰੇ ਲਾਉਂਦੇ ਤੇ ਹੱਥ ਹਿੱਲਾਉਂਦੇ ਹੋਏ ਗੋਰੀ ਨਸਲ ਦੇ ਦੋ-ਤਿੰਨ ਸੌ ਆਦਮੀ ਕੰਢੇ ਉੱਪਰ ਲਾਈਨਾਂ ਲਾ ਕੇ ਖੜ੍ਹੇ ਹੋ ਗਏ ਸਨ। ਇਸ ਘਟਨਾ ਨੂੰ ਦੇਖ ਕੇ ਕਾਮਾਗਾਟਾ ਮਾਰੂ ਵਲ ਜਾ ਰਹੇ ਰੀਡ ਦਾ ਗੁੱਸਾ ਹੋਰ ਵਧ ਗਿਆ ਸੀ। ਵਿਨਾਮੈਕ ਕਿਸ਼ਤੀ ਦੇ ਡੈੱਕ ਉੱਪਰ ਖੜ੍ਹੇ ਹੋ ਕੇ ਬੋਲਦੇ ਹੋਏ, ਮੁਸਾਫ਼ਰਾਂ ਦੇ ਵਕੀਲ ਬਰਡ ਨੇ ਇਹ ਬੁਰੀ ਖ਼ਬਰ ਉਨ੍ਹਾਂ ਨੂੰ ਸੁਣਾਈ ਅਦਾਲਤ ਦਾ ਫ਼ੈਸਲਾ ਉਨ੍ਹਾਂ ਦੇ ਵਿਰੁੱਧ ਗਿਆ ਸੀ। ਉਹ ਆਪਣਾ ਕੇਸ ਹਾਰ ਚੁੱਕੇ ਸਨ।

ਬਹੁਤ ਤਿੱਖੇ ਵਿਰੋਧ ਦੀ ਆਸ਼ੰਕਾ ਕਰਦੇ ਹੋਏ, ਮਾਲਕਮ ਰੀਡ ਸਿੱਧਾ ਵੈਨਕੂਵਰ ਦੇ ਮੇਅਰ ਕੋਲ ਗਿਆ। ਜਿਸ ਨੇ ਪੰਜ ਵਿਛੜੇ ਮੁਸਾਫ਼ਰਾਂ ਨੂੰ ਵਾਪਸ ਜਹਾਜ਼ ਉੱਪਰ ਭੇਜਣ ਲਈ ਲੋੜੀਂਦਾ ਪੁਲਿਸ ਬਲ ਮੁਹੱਈਆ ਕਰਾਉਣ ਦਾ ਵਾਅਦਾ ਕੀਤਾ। ਰੀਡ ਨੂੰ ਜਾਪਾਨੀ ਕਪਤਾਨ ਜਾਂ ਜਾਪਾਨੀ ਸਰਕਾਰ ਦੇ ਨੁਮਾਇੰਦੇ ਤੋਂ ਸਹਿਯੋਗ ਮਿਲਣ ਦੀ ਉਮੀਦ ਸੀ। ਪਰ ਅਜਿਹਾ ਨਾ ਹੋਇਆ। ਜਦੋਂ ਕਪਤਾਨ ਯਾਮਾਮੋਟੋ ਤੇ ਜਾਪਾਨੀ ਕੌਂਸਲਰ ਹੋਰੀ ਨੇ ਪੁਲਿਸ ਬਲ ਦੀ ਵਰਤੋਂ ਲਈ ਮਨਜ਼ੂਰੀ ਦੇਣ ਤੋਂ ਇਨਕਾਰ ਕਰ ਦਿੱਤਾ, ਰੀਡ ਨੇ ਕਪਤਾਨ ਨੂੰ ਇੱਕ ਪੱਤਰ ਸੌਂਪਿਆ। ਪ੍ਰਭਾਵੀ ਤੌਰ 'ਤੇ ਇਸ ਪੱਤਰ ਵਿਚ ਲਿਖਿਆ ਸੀ ਕਿ ਸਹਿਯੋਗ ਕਰਨ ਵਿਚ ਅਸਫ਼ਲ ਰਹਿ ਕੇ, ਯਾਮਾਮੋਟੋ ਨੇ ਆਪਣੇ ਆਪ ਨੂੰ ਇਮੀਗਰੇਸ਼ਨ ਕਾਨੂੰਨ ਦੀ ਉਲੰਘਣਾ ਕਰਨ ਦੇ ਦੋਸ਼ ਦਾ ਸਹਿਭਾਗੀ ਬਣਾ ਲਿਆ ਹੈ। ਰੀਡ ਹਰ ਹਾਲਤ ਵਿਚ ਅਗਲੇਰੀ ਕਾਰਵਾਈ ਕਰਨ ਲਈ ਤਿਆਰ ਸੀ ਅਤੇ ਇਹ ਖਬਰ ਸਾਰੇ ਸ਼ਹਿਰ ਵਿਚ ਫ਼ੈਲ ਗਈ ਸੀ। ਰਾਤੀਂ 8 ਵਜੇ ਤੋਂ ਥੋੜ੍ਹੀ ਦੇਰ ਬਾਅਦ ਜਦੋਂ ਤੱਕ ਸੰਭਾਵੀ ਮਨ-ਪ੍ਰਚਾਵੇ ਲਈ ਕਾਫ਼ੀ ਭੀੜ ਸਮੁੰਦਰ ਕੰਢੇ ਇਕੱਠੀ ਹੋ ਚੁੱਕੀ ਸੀ, ਰੀਡ ਕਾਮਾਗਾਟਾ ਮਾਰੂ ਉੱਪਰ ਗਿਆ। ਰੱਸੀ ਵਾਲੀ ਪੌੜੀ ਪਹਿਲਾਂ ਹੀ ਜਹਾਜ਼ ਦੇ ਇੱਕ ਤਰਫ਼ ਤੋਂ ਲਟਕ ਰਹੀ ਸੀ। ਜਿਸ ਤੋਂ ਸਾਫ਼



*11. ਕਾਮਾਗਾਟਾ ਮਾਰੂ ਦੇ ਡੈਕ ਤੇ ਕਤਾਰਬੰਦ ਯਾਤਰੂ ਜੁਲਾਈ 1914.*

ਜ਼ਾਹਰ ਹੁੰਦਾ ਸੀ। ਕਿ ਮੁਸਾਫ਼ਰ ਲੜਨਾ ਨਹੀਂ ਚਾਹੁੰਦੇ ਸਨ। ਗੁਰਦਿੱਤ ਸਿੰਘ ਸਰਹਾਲੀ ਗੱਲਬਾਤ ਕਰਨੀ ਚਾਹੁੰਦਾ ਸੀ "ਹੁਣ ਮੈਂ ਤੁਹਾਨੂੰ ਸੋਚਣ ਲਈ ਸਿਰਫ਼ ਦੋ ਮਿੰਟ ਦਾ ਸਮਾਂ ਦਿੰਦਾ ਹਾਂ।" ਕਿਸ਼ਤੀ ਦੇ ਡੈੱਕ ਉੱਪਰ ਖੜ੍ਹਾ ਹੋ ਕੇ ਰੀਡ ਦਹਾੜਿਆ, "ਦੋ ਮਿੰਟ ਬਾਅਦ ਮੈਂ ਪੁਲਿਸ ਭੇਜ ਦੇਵਾਂਗਾ।" ਗੁਰਦਿੱਤ ਸਿੰਘ ਨੇ ਹੱਥ ਖੜ੍ਹੇ ਕਰ ਦਿੱਤੇ ਅਤੇ ਪੰਜੇ ਜਣੇ ਜਹਾਜ਼ ਉੱਪਰ ਚੜ੍ਹ ਗਏ ਜਿਥੋਂ ਤੱਕ ਰੀਡ ਦਾ ਸਬੰਧ ਸੀ, ਉਸਦੀ ਧਮਕੀ ਨੇ ਆਪਣਾ ਅਸਰ ਦਿਖਾ ਦਿੱਤਾ ਸੀ।

ਇਸ ਸਾਰੇ ਘਟਨਾਕ੍ਰਮ ਦੌਰਾਨ, ਸੰਵਾਦ ਦੀ ਅਣਹੋਂਦ ਇੱਕ ਬਹੁਤ ਗ਼ਮਗੀਨ ਪਹਿਲੂ ਸੀ। ਇਹ ਧਾਰਨਾ ਕਨੇਡਾ ਤੇ ਭਾਰਤ ਦੀਆਂ ਬਸਤੀਵਾਦੀ ਸਰਕਾਰਾਂ ਵਿਚਕਾਰ ਹੁੰਦੀ ਬਹਿਸ ਲਈ ਵੀ ਸੱਚੀ ਸੀ ਅਤੀਤ ਵਿਚ 1908 ਵਿਚ, ਭਾਰਤ ਦੇ ਵਾਇਸਰਾਏ ਨੇ ਕਨੇਡਾ ਵੱਲ ਹੋ ਰਹੇ ਭਾਰਤੀ ਇਮੀਗਰੇਸ਼ਨ ਨੂੰ ਨਿਯਮਬੱਧ ਕਰਨ ਲਈ, ਪਾਸਪੋਰਟ ਪ੍ਰਣਾਲੀ ਸ਼ੁਰੂ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਜਾਪਾਨ ਨੇ ਇਹ ਪ੍ਰਣਾਲੀ ਲਾਗੂ ਕਰ ਦਿੱਤੀ ਸੀ। ਅਤੇ ਇਹ ਇੱਕ ਅਜਿਹਾ ਸਮਝੌਤਾ ਸੀ ਜੋ, ਸਾਰਿਆਂ ਲਈ ਬਿਹਤਰ ਹੋਣਾ ਸੀ। ਪੂਰੀ ਅਲਿਹਦਗੀ ਤੋਂ ਵਿਡੰਬਨਾ ਇਹ ਕਿ ਕਾਮਾਗਾਟਾ ਮਾਰੂ ਕਾਂਡ ਖਤਮ ਹੋਣ ਬਾਅਦ ਹੀ ਵਾਇਸਰਾਏ ਤੇ ਉਸਦੀ ਕੌਂਸਿਲ ਨੇ ਸੋਚਣਾ ਸ਼ੁਰੂ ਕੀਤਾ। ਕਿ ਸ਼ਾਇਦ ਪਾਸਪੋਰਟ ਸਿਸਟਮ ਵਾਲਾ ਵਿਚਾਰ ਚੰਗਾ ਸੀ। ਜਦ ਕਾਮਾਗਾਟਾ ਮਾਰੂ ਵੈਨਕੂਵਰ ਪਹੁੰਚਿਆ ਸੀ ਤਾਂ ਇੱਕ ਨਰਮ ਦਲੀਆ ਸਿੱਖ ਕਾਰਕੁੰਨ ਡਾਕਟਰ ਸੁੰਦਰ ਸਿੰਘ, ਕਨੇਡਾ ਦੀ ਇਮੀਗਰੇਸ਼ਨ ਨੀਤੀ ਵਿਚ ਨਰਮੀ ਲਿਆਉਣ ਲਈ ਗੱਲਬਾਤ ਦੀ ਕੋਸ਼ਿਸ਼ ਕਰਨ ਲਈ ਓਟਾਵਾ ਗਿਆ ਸੀ। ਉਹ ਚਾਹੁੰਦਾ ਸੀ ਕਿ ਸਰੋਕਾਰ ਰੱਖਦੀਆਂ ਪ੍ਰਮੁੱਖ ਧਿਰਾਂ ਜਿਵੇਂ ਕਿ ਭਾਰਤੀ ਇਮੀਗਰੇਂਟ, ਮਜ਼ਦੂਰ ਨੁਮਾਇੰਦੇ ਅਤੇ ਮਨਿਉਂਸਲ ਕਮੇਟੀਆਂ ਆਦਿ ਇਕੱਠੇ ਬੈਠ

ਕੇ ਇੱਕ ਅਜਿਹੀ ਨੀਤੀ ਤਿਆਰ ਕਰਨ ਜਿਸ ਅਧੀਨ ਸੀਮਿਤ ਇਮੀਗਰੇਸ਼ਨ ਹੋ ਸਕੇ। ਓਟਾਵਾ ਵਿਚ ਉਸਨੇ ਇਮੀਗਰੇਸ਼ਨ ਤੇ ਵਿਦੇਸ਼ ਵਿਭਾਗਾਂ ਦੇ ਅਧਿਕਾਰੀਆਂ ਨਾਲ ਗੱਲ ਕੀਤੀ ਪਰ ਕੋਈ ਸਫ਼ਲਤਾ ਨਾ ਮਿਲੀ। ਨਾ ਓਟਾਵਾ ਅਤੇ ਨਾ ਹੀ ਵੈਨਕੂਵਰ ਵਿਚ ਅਧਿਕਾਰੀ ਇਹ ਸੋਚਣ ਲਈ ਤਿਆਰ ਸਨ, ਕਿ ਸਰੋਕਾਰੀ ਧਿਰਾਂ ਦੀ ਮੀਟਿੰਗ, ਕਾਮਾਗਾਟਾ ਮਾਰੂ ਦੀ ਚੁਣੌਤੀ ਦਾ ਜਵਾਬ ਹੋ ਸਕਦੀ ਸੀ।

***

ਅਧਿਆਏ: 8

## ਬਲ ਪ੍ਰਯੋਗ : ਪੁਲਿਸ ਨੂੰ ਭਾਜੜਾਂ

ਅਦਾਲਤ-ਆਫ਼-ਅਪੀਲ ਦਾ ਫ਼ੈਸਲਾ ਆਉਣ ਤੋਂ ਬਾਅਦ, ਬੇਆਸਰਾ ਹੋਇਆ ਕਾਮਾਗਾਟਾ ਮਾਰੂ 17 ਦਿਨ ਤੱਕ ਵੈਨਕੂਵਰ ਦੀ ਬੰਦਰਗਾਹ ਵਿਚ ਖੜ੍ਹਾ ਰਿਹਾ, ਜਿੰਨੀ ਦੇਰ ਤੱਕ ਇਹ ਸਮੁੰਦਰ ਕਿਨਾਰੇ ਤੋਂ ਦਿਸਣਯੋਗ ਦੂਰੀ 'ਤੇ ਰਿਹਾ। ਇਮੀਗਰੇਸ਼ਨ ਇਮਾਰਤ ਦੀਆਂ ਖਿੜਕੀਆਂ ਦੇ ਬਿਲਕੁੱਲ ਸਾਹਮਣੇ-ਉਤਸੁਕ ਭੀੜ ਲਈ ਇਹ ਦੇਖੇ ਜਾਣ ਵਾਲਾ ਇੱਕ ਬੇਰੋਕ ਖਿੱਚ ਪਾਊ ਨਜ਼ਾਰਾ ਸੀ। ਅਤੇ ਲੱਗਦਾ ਸੀ ਕਿ ਹੁਣ ਇਹ ਕਿਤੇ ਨਹੀਂ ਜਾਣ ਵਾਲਾ। ਇਸ ਦਾ ਦੋਸ਼ ਪੂਰੀ ਤਰ੍ਹਾਂ ਇਮੀਗਰੇਸ਼ਨ ਅਧਿਕਾਰੀਆਂ ਦੇ ਸਿਰ ਉੱਪਰ ਸੀ। ਭਾਵੇਂ ਕਿ ਉਹ ਇਹ ਦੋਸ਼ ਕਬੂਲਦੇ ਨਹੀਂ ਸਨ, ਇੱਥੋਂ ਤੱਕ ਕਿ ਪਛਾਣਦੇ ਵੀ ਨਹੀਂ ਸਨ। ਉਹ ਤੱਟਈ ਕਮੇਟੀ ਤੇ ਜਹਾਜ਼ ਦੇ ਆਗੂਆਂ ਬਾਰੇ ਅੱਤ ਦੀ ਸ਼ੰਕਾ ਨਾਲ ਅੰਨੇ ਹੋਏ ਫਿਰਦੇ ਸਨ। ਹੁਸੈਨ ਰਹੀਮ ਤੇ ਭਾਗ ਸਿੰਘ ਭਿੱਖੀਵਿੰਡ ਜਿਹੇ ਕਮੇਟੀ ਮੈਂਬਰਾਂ ਉੱਪਰ ਸ਼ੱਕ ਕਰਨ ਦਾ ਉਨ੍ਹਾਂ ਦਾ ਕਈ ਸਾਲ ਦਾ ਪੁਰਾਣਾ ਇਤਿਹਾਸ ਸੀ ਅਤੇ ਸਮੇਂ ਦੇ ਨਾਲ-ਨਾਲ, ਇਹ ਸਬੰਧ ਬਦ ਤੋਂ ਬਦਤਰ ਹੀ ਹੋਏ ਸਨ।

ਕਾਮਾਗਾਟਾ ਮਾਰੂ ਦੇ ਪਹੁੰਚਣ ਬਾਅਦ, ਉਹ ਮੁੱਠੀ ਭਰ ਨਰਮ ਦਲੀ ਤੇ ਸਾਲਸੀ ਆਵਾਜ਼ਾਂ ਕੁੱਝ ਬੋਲ ਸਕਦੀਆਂ ਸਨ, ਹੁਣ ਬਿਲਕੁਲ ਹੀ ਚੁੱਪ ਹੋ ਗਈਆਂ। ਇਹ ਵਰਤਾਰਾ ਨਸਲੀ ਦੀਵਾਰ ਦੇ ਦੋਨੋਂ ਤਰਫ਼ ਵਾਪਰਿਆ। ਪਾਦਰੀ ਲੂਇਸ ਡਬਲਯੂ ਹਾਲ ਜਿਸ ਨੇ ਲਗਾਤਾਰ ਕਈ ਸਾਲ ਤੱਕ ਸਿੱਖਾਂ ਦੀ ਵਕਾਲਤ ਕੀਤੀ ਸੀ, ਜਹਾਜ਼ ਦੇ ਕਨੇਡੀਅਨ ਪਾਣੀਆਂ ਵਿਚ ਦਾਖਲ ਹੋਣ ਦੀ ਪਹਿਲੀ ਸਵੇਰ ਨੂੰ, ਮੁਸਾਫ਼ਰਾਂ ਨੂੰ ਮਿਲਣ ਦੀ ਕੋਸ਼ਿਸ਼ ਕਰਨ ਬਾਅਦ ਬਿਲਕੁਲ ਚੁੱਪ ਹੋ ਕੇ ਬੈਠ ਗਿਆ ਸੀ। ਜ਼ਾਹਰਾ ਤੌਰ 'ਤੇ, ਉਸ ਨੇ ਮਹਿਸੂਸ ਕੀਤਾ ਕਿ ਦੋਵਾਂ ਧਿਰਾਂ 'ਚੋਂ ਕਿਸੇ ਨੂੰ ਉਸਦੀ ਜ਼ਰੂਰਤ ਨਹੀਂ ਸੀ ਅਤੇ ਪਾਸੇ ਖੜ੍ਹ ਕੇ ਦੇਖਣ ਤੋਂ ਇਲਾਵਾ ਉਸ ਦਾ ਕੋਈ ਰੋਲ ਨਹੀਂ ਸੀ। ਉਸ ਦਾ ਦੋਸਤ, ਇੱਕ ਨਰਮ ਦਲੀਆ ਸਿੱਖ ਕਾਰਕੁੰਨ ਡਾਕਟਰ ਸੁੰਦਰ ਸਿੰਘ ਅਤੇ ਉਸਦੇ ਕਈ ਸਾਥੀ-ਕਪੂਰ ਸਿੰਘ ਖਰੌਦੀ, ਕਰਤਾਰ ਸਿੰਘ ਹੁੰਦਲ, ਪਿਆਰਾ ਸਿੰਘ ਲੰਗੇਰੀ ਤੇ ਕਈ ਹੋਰ-ਕਾਮਾਗਾਟਾ ਮਾਰੂ ਦੇ ਪਹੁੰਚਣ ਦੇ ਥੋੜ੍ਹੀ ਦੇਰ ਬਾਅਦ ਕਨੇਡਾ ਦੇ ਪੂਰਬੀ ਤੱਟ ਵੱਲ ਜਾ ਕੇ ਛੂ-ਮੰਤਰ ਹੋ ਗਏ ਸਨ। ਉਹ ਮੁਸਾਫ਼ਰਾਂ ਦੀ ਮਦਦ ਕਰਨੀ ਚਾਹੁੰਦੇ ਸਨ, ਪਰ ਤੱਟਈ ਕਮੇਟੀ ਦੇ ਹਮਦਰਦਾਂ ਦੀਆਂ ਖ਼ਤਰਨਾਕ ਚਿਤਾਵਨੀਆਂ ਤੋਂ ਬਾਅਦ ਉਹ ਖਿਸਕ ਗਏ ਸਨ। ਇਹ

ਚਿਤਾਵਨੀਆਂ ਭਾਈਚਾਰੇ ਵਿੱਚ ਫੁੱਟ ਦਾ ਪ੍ਰਤੀਕ ਸਨ ਜੋ ਸੰਕਟ ਸਮੇਂ ਹੋਰ ਗੰਭੀਰ ਹੋ ਗਈ ਸੀ। ਡਾਕਟਰ ਸੁੰਦਰ ਸਿੰਘ ਤੇ ਉਸਦੇ ਸਾਥੀਆਂ ਨੂੰ ਜਾਪਿਆ ਕਿ ਉਨ੍ਹਾਂ ਨੂੰ ਇੱਕ ਪਾਸੇ ਧੱਕ ਦਿੱਤਾ ਗਿਆ ਸੀ ਅਤੇ ਧਮਕਾਇਆ ਜਾ ਰਿਹਾ ਸੀ। ਜਿਸ ਕਾਰਨ ਉਹ ਇੱਕ ਪਾਸੇ ਹੋ ਕੇ ਬੈਠ ਗਏ ਸਨ। ਇਮੀਗਰੇਸ਼ਨ ਵਿਭਾਗ ਦੇ ਪ੍ਰਮੁੱਖ ਸਥਾਨਿਕ ਤੇ ਕੌਮੀ ਅਧਿਕਾਰੀਆਂ ਦੇ ਰੌਂਅ ਉੱਪਰ ਪਿੱਛਲਖੁਰੀ ਝਾਤ ਮਾਰੀਏ ਤਾਂ ਲਗਦਾ ਹੈ ਕਿ ਨਰਮ ਦਲੀਆਂ ਦੇ ਉੱਥੇ ਰਹਿਣ ਨਾਲ ਵੀ ਕੋਈ ਫ਼ਰਕ ਨਹੀਂ ਪੈਣਾ ਸੀ।

ਕਾਮਾਗਾਟਾ ਮਾਰੂ ਦੀ ਵਾਪਸੀ ਦੇ ਰਾਹ ਵਿਚ ਪ੍ਰਤੱਖ ਰੋੜਾ ਪੈਸੇ ਦੀ ਕਮੀ ਸੀ, ਪਰ ਵਿਸ਼ਵਾਸ ਤੇ ਰਹਿਮਦਿਲੀ ਦੀ ਘਾਟ ਵੀ ਸੀ। ਮੁਸਾਫ਼ਰਾਂ ਅਤੇ ਉਨ੍ਹਾਂ ਨੂੰ ਜਹਾਜ਼ ਤੱਕ ਮਹਿਦੂਦ ਰੱਖਣ ਵਾਲੇ ਜ਼ਿੰਮੇਵਾਰ ਅਧਿਕਾਰੀਆਂ ਵਿਚਕਾਰ ਕੋਈ ਗੱਲਬਾਤ ਨਹੀਂ ਹੋ ਰਹੀ ਸੀ। ਕਈ ਹਫ਼ਤਿਆਂ ਦੇ ਇਕੱਠੇ ਹੋਏ ਕੂੜੇ-ਕਰਕਟ ਦੇ ਢੇਰ ਜਹਾਜ਼ ਦੇ ਡੈੱਕ ਉੱਪਰ ਖਿਲਰੇ ਪਏ ਸਨ। ਜਾਪਾਨੀ ਚਾਲਕ ਦਲ ਨੇ ਕੁਝ ਸਮੇਂ ਲਈ ਜਹਾਜ਼ ਨੂੰ ਸਾਫ਼ ਰੱਖਣ ਦੀ ਕੋਸ਼ਿਸ਼ ਕੀਤੀ, ਪਰ ਅਖੀਰ ਉਹ ਵੀ ਹੱਥ ਖੜ੍ਹੇ ਕਰ ਗਏ। ਹਾੱਪਕਿਨਸਨ ਨੇ 3 ਜੁਲਾਈ ਨੂੰ ਗੇੜਾ ਮਾਰਿਆ ਅਤੇ ਰਿਪੋਰਟ ਦਿੱਤੀ ਕਿ ਜਹਾਜ਼ ਉੱਪਰ ਮਹਾਂਮਾਰੀ ਫ਼ੈਲ ਸਕਦੀ ਸੀ। ਫਿਰ ਵੀ ਸਫ਼ਾਈ ਲਈ ਕੁਝ ਨਾ ਕੀਤਾ ਗਿਆ। ਇਹ ਜ਼ਿੰਮੇਵਾਰੀ ਦਾ ਮਸਲਾ ਸੀ। ਕੂੜ੍ਹਾ-ਕਰਕਟ ਉਠਾਉਣ ਦਾ ਖਰਚਾ ਕੌਣ ਭਰੇਗਾ? ਪਰ ਕਿਸੇ ਨੇ ਵੀ ਇਸ ਤੱਥ ਬਾਰੇ ਕੋਈ ਟਿੱਪਣੀ ਨਾ ਕੀਤੀ ਕਿ ਮੁਸਾਫ਼ਰਾਂ, ਜੋ ਰੀਡ ਦੇ ਕਹਿਣ ਮੁਤਾਬਕ, "ਸਾਡੇ ਕਾਨੂੰਨਾਂ ਦੀ ਉਲੰਘਣਾ ਕਰਨ ਦੀ ਜਾਣਬੁਝ ਕੇ ਕੀਤੀ ਗਈ ਖੁਲ੍ਹੱਮ-ਖੁੱਲੀ ਕੋਸ਼ਿਸ਼" ਵਿੱਚ ਹਿੱਸੇਦਾਰ ਸਨ, ਨੇ ਕੂੜ੍ਹਾ-ਕਰਕਟ ਸਮੁੰਦਰ ਵਿਚ ਨਾ ਸੁੱਟਣ ਬਾਰੇ ਸਥਾਨਕ ਨਿਯਮਾਂ ਦਾ ਪੂਰੀ ਸਾਵਧਾਨੀ ਨਾਲ ਪਾਲਣ ਕੀਤਾ ਸੀ।

ਅਪੀਲ ਵਾਲੀ ਅਦਾਲਤ ਵਿਚ ਹਾਰ ਜਾਣ ਤੋਂ ਬਾਅਦ, ਕੀ ਉਨ੍ਹਾਂ ਨੇ ਬਗੈਰ ਕੋਈ ਗੜਬੜ ਕੀਤੇ ਚੁੱਪ-ਚਾਪ ਘਰ ਚਲੇ ਜਾਣਾ ਸੀ? ਫ਼ੈਸਲਾ ਆਉਣ ਤੋਂ ਅਗਲੇ ਦਿਨ ਯਾਨੀ 7 ਜੁਲਾਈ ਦਿਨ ਮੰਗਲਵਾਰ ਨੂੰ ਮੁਸਾਫ਼ਰਾਂ ਦਾ ਵਕੀਲ ਮਿਸਟਰ ਐਡਵਰਡ ਬਰਡ ਗੁਰਦਿੱਤ ਸਿੰਘ ਸਰਹਾਲੀ ਨੂੰ ਮਿਲਣ ਲਈ ਗਿਆ। ਸਰਕਾਰੀ ਵਕੀਲਾਂ ਦੇ ਦਬਾਅ ਕਾਰਨ ਮਾਲਕਮ ਰੀਡ ਵੱਲੋਂ ਮਨਜ਼ੂਰ ਕੀਤੀ ਗਈ ਇਹ ਮੀਟਿੰਗ, ਉਨ੍ਹਾਂ ਦੀ ਦੂਜੀ ਅਤੇ ਨਿੱਜੀ ਤੌਰ 'ਤੇ ਹੋਣ ਵਾਲੀ ਪਹਿਲੀ ਮੀਟਿੰਗ ਸੀ। ਇਸ ਮੀਟਿੰਗ ਤੋਂ ਬਾਅਦ, ਐਡਵਰਡ ਬਰਡ, ਗੁਰਦਿੱਤ ਸਿੰਘ ਸਰਹਾਲੀ ਤੇ ਪੰਜ ਮੁਸਾਫ਼ਰਾਂ ਦੀ ਕਮੇਟੀ ਦੁਆਰਾ ਦਸਤਖਤ ਕੀਤਾ ਹੋਇਆ ਇੱਕ ਪੱਤਰ ਲੈ ਕੇ ਆਇਆ। ਪੱਤਰ ਵਿਚ ਲਿਖਿਆ ਸੀ ਕਿ ਉਨ੍ਹਾਂ ਨੇ ਅਦਾਲਤ ਦੇ ਫ਼ੈਸਲੇ ਨੂੰ ਸਵੀਕਾਰ ਕਰਨ ਦਾ ਵਿਹਾਰਕ ਫ਼ੈਸਲਾ ਕੀਤਾ ਸੀ ਅਤੇ ਆਪਣੀ ਵਾਪਸੀ ਲਈ, ਅਮਲੀ ਸ਼ਰਤਾਂ ਬਾਰੇ ਸੋਚ ਰਹੇ ਸਨ। "ਮਿਸਟਰ ਜੇ.ਈ.ਬਰਡ, ਇਸ ਪੱਤਰ ਰਾਹੀਂ ਅਸੀਂ ਤੁਹਾਨੂੰ ਹਦਾਇਤ ਦਿੰਦੇ ਹਾਂ ਕਿ ਕਾਮਾਗਾਟਾ ਮਾਰੂ ਉੱਪਰ ਮੌਜੂਦ ਸਾਰੇ

ਮੁਸਾਫ਼ਰਾਂ ਲਈ 'ਬੋਰਡ-ਆਫ਼-ਇਨਕੁਆਰੀ' ਦੇ ਅਧਿਕਾਰ ਦਾ ਤਿਆਗ ਕਰ ਦਿੱਤਾ ਜਾਵੇ ਅਤੇ ਸਾਡੀ ਗੱਲਬਾਤ ਦੌਰਾਨ ਬਹਿਸ ਅਧੀਨ ਆਈਆਂ ਯੋਜਨਾਵਾਂ 'ਚੋਂ ਕਿਸੇ ਇਕ ਯੋਜਨਾ ਅਧੀਨ ਜਾਂ ਹੋਰ ਜੋ ਵੀ ਤੁਸੀਂ ਕਰ ਸਕਦੇ ਹੋ, ਉਸ ਬਾਰੇ ਗੱਲਬਾਤ ਕਰਕੇ, ਕਾਮਾਗਾਟਾ ਮਾਰੂ ਦੀ ਹਾਂਗਕਾਂਗ ਵਾਪਸੀ ਦਾ ਇੰਤਜ਼ਾਮ ਕੀਤਾ ਜਾਵੇ।"

ਜਦੋਂ ਉਹ ਕਹਿ ਰਹੇ ਸਨ ਕਿ ਉਹ ਬੋਰਡ-ਆਫ਼-ਇਨਕੁਆਰੀ ਦੇ ਅਧਿਕਾਰ ਦਾ ਤਿਆਗ ਕਰ ਰਹੇ ਸਨ ਤਾਂ ਇਸ ਦਾ ਮਤਲਬ ਸੀ ਕਿ ਉਹ ਆਪਣੀ ਮਰਜ਼ੀ ਨਾਲ ਵਾਪਸ ਚਲੇ ਜਾਣ ਲਈ ਤਿਆਰ ਸਨ। ਅਸਲ ਵਿਚ ਮੁਨਸ਼ੀ ਸਿੰਘ ਹੀ ਇਕੱਲਾ ਅਜਿਹਾ ਮੁਸਾਫ਼ਰ ਹੋਣਾ ਸੀ, ਜਿਸ ਵਿਰੁੱਧ ਦੇਸ਼-ਨਿਕਾਲੇ ਦਾ ਹੁਕਮ ਜਾਰੀ ਹੋਇਆ ਹੋਣਾ ਸੀ। ਬਾਕੀਆਂ 'ਚੋਂ ਬਹੁਤਿਆਂ ਨੇ ਬਿਨਾਂ ਕੋਈ ਉਜ਼ਰ ਕੀਤੇ ਵਾਪਸ ਚਲੇ ਜਾਣਾ ਸੀ। ਭਾਵੇਂ ਦੇਖਣ ਨੂੰ ਇਹ ਗੱਲ ਸਰਲ ਨਜ਼ਰ ਆਉਂਦੀ ਸੀ ਪਰ ਇਸ ਪ੍ਰਕਿਰਿਆ ਨਾਲ ਅਜਿਹੇ ਨੁਕਤੇ ਖੜ੍ਹੇ ਰਹਿਣੇ ਸਨ ਜਿੰਨਾਂ ਦਾ ਹੱਲ ਜਲਦੀ ਨਹੀਂ ਸੀ ਹੋਣਾ। ਇਮੀਗਰੇਂਟ ਨਾ ਹੋਣ ਦੀ ਹੈਸੀਅਤ ਦਾ ਦਾਅਵਾ ਕਰਦਿਆਂ, ਡਾਕਟਰ ਰਘੁਨਾਥ ਸਿੰਘ ਨੇ ਦੂਜੇ ਮੁਸਾਫ਼ਰਾਂ ਦੇ ਨਾਲ ਵਾਪਸ ਜਾਣ ਲਈ ਸਹਿਮਤੀ ਨਹੀਂ ਦਿੱਤੀ ਸੀ।

ਇਹ ਵਿਵਾਦਪੂਰਨ ਫ਼ੈਸਲਾ ਸੀ ਕਿਉਂਕਿ ਮੁਸਾਫ਼ਰਾਂ ਦੀ ਬਹੁਗਿਣਤੀ ਉਸ ਨੂੰ ਗ਼ਦਾਰ ਸਮਝਦੀ ਸੀ ਅਤੇ ਉਸ ਨੂੰ ਮਿਲ ਰਹੇ ਵਿਸ਼ੇਸ਼ ਵਿਵਹਾਰ ਦੇ ਉਹ ਵਿਰੁੱਧ ਸਨ। ਸਕੂਲ ਮਾਸਟਰ ਭਾਨ ਸਿੰਘ ਬੜਿੰਗ ਅਤੇ ਇੱਕ ਹੋਰ ਮੁਸਾਫ਼ਰ ਜਿਸ ਨੂੰ ਤੱਟ ਉੱਪਰ ਉਤਾਰੇ ਜਾਣ ਦੀ ਉਮੀਦ ਸੀ, ਦੂਸਰਿਆਂ ਦੇ ਡਰ ਕਾਰਨ ਹਾਲ ਦੀ ਘੜੀ ਚੁੱਪ ਸਨ। ਗੁਰਦਿੱਤ ਸਿੰਘ ਖੁਦ ਆਪਣੇ ਛੇ ਸਾਲ ਦੇ ਪੁੱਤਰ ਸਮੇਤ ਵੈਨਕੂਵਰ ਵਿਚ ਉੱਤਰਨ ਲਈ ਵਿਸ਼ੇਸ਼ ਇਜ਼ਾਜਤ ਚਾਹੁੰਦਾ ਸੀ ਤਾਂ ਕਿ ਕਨੇਡਾ ਵਿੱਚ ਦੋ ਹਫ਼ਤੇ ਗੁਜ਼ਾਰਣ ਬਾਅਦ ਉਹ ਲੰਡਨ ਦੇ ਰਸਤੇ ਭਾਰਤ ਵਾਪਸ ਜਾ ਸਕੇ। ਹੋਰ ਕਿਸੇ ਨੇ ਉੱਤਰਨ ਦੀ ਅਗਿਆ ਨਹੀਂ ਮੰਗੀ ਸੀ।

ਵੱਡਾ ਸਵਾਲ ਇਹ ਸੀ ਕਿ ਉਹ ਵਾਪਸ ਕਿਵੇਂ ਜਾਣਗੇ ਅਤੇ ਵਾਪਸੀ ਦਾ ਖਰਚਾ ਕੌਣ ਉਠਾਏਗਾ। ਆਪਣੇ ਸਾਇਲਾਂ, ਹੁਸੈਨ ਰਹੀਮ ਤੇ ਭਾਗ ਸਿੰਘ ਭਿੱਖੀਵਿੰਡ ਦੀ ਹਦਾਇਤ ਅਨੁਸਾਰ ਐਡਵਰਡ ਬਰਡ ਨੇ ਦਲੀਲ਼ ਦਿੱਤੀ ਕਿ ਸਰਕਾਰ ਇਸ ਜਹਾਜ਼ ਦੇ ਮੁਸਾਫ਼ਰਾਂ ਨਾਲ ਵੀ ਉਵੇਂ ਵਿਵਹਾਰ ਕਰੇ ਜਿਵੇਂ ਕਿਸੇ ਦੂਜੀ ਜਹਾਜ਼ੀ ਕੰਪਨੀ ਦੇ ਮੁਸਾਫ਼ਰਾਂ ਨਾਲ ਕਰਦੀ ਸੀ। ਉਸ ਨੇ ਦਲੀਲ ਦਿੱਤੀ ਕਿ ਸਿਰਫ਼ ਇਸ ਆਧਾਰ 'ਤੇ ਕਿ ਇਹਨਾਂ ਬੰਦਿਆਂ ਨੇ ਆਪਣੇ ਭਾਈਚਾਰੇ ਦੀ ਸੇਵਾ ਲਈ ਕਾਮਾਗਾਟਾ ਮਾਰੂ ਜਹਾਜ਼ ਨੂੰ ਕਿਰਾਏ ਉੱਪਰ ਲਿਆ ਸੀ, ਸਰਕਾਰ ਕੋਲ ਇਹਨਾਂ ਬੰਦਿਆਂ ਦੇ ਇਕ ਕਾਰੋਬਾਰੀ ਦੇ ਤੌਰ 'ਤੇ ਨਿਹਿਤ ਹਿਤਾਂ ਨੂੰ ਕੁੱਚਲਣ ਦਾ ਕੋਈ ਅਧਿਕਾਰ ਨਹੀਂ ਸੀ। ਉਨ੍ਹਾਂ ਨੇ ਕਿਹਾ ਕਿ ਜਹਾਜ਼ ਉੱਪਰ ਕੋਲਾ ਲੱਦਿਆ ਹੋਇਆ ਸੀ, ਜਿਸ ਨੂੰ

ਉਤਾਰ ਕੇ ਵਾਪਸੀ ਸਮੇਂ, ਇਹਨਾਂ ਨੇ ਅਣਘੜੀ ਇਮਾਰਤੀ ਲੱਕੜੀ ਲੈ ਕੇ ਜਾਣੀ ਸੀ। ਬਰਡ ਨੇ ਵਾਅਦਾ ਕੀਤਾ ਕਿ ਜੇਕਰ ਅਧਿਕਾਰੀ ਕਾਮਾਗਾਟਾ ਮਾਰੂ ਨੂੰ ਬੰਦਰਗਾਹ ਦੇ ਘਾਟ ਉੱਪਰ ਆਉਣ ਦੀ ਇਜ਼ਾਜਤ ਦੇਣ ਤਾਂ ਉਹ ਮੁਸਾਫ਼ਰਾਂ ਦੇ ਉਤਰ ਕੇ ਨਾ ਭੱਜਣ ਦੀ ਜ਼ਾਮਨੀ ਦੇਣ ਨੂੰ ਤਿਆਰ ਸੀ। ਇਸ ਤਜ਼ਵੀਜ ਦੇ ਬਦਲ ਵਿੱਚ, ਜੇਕਰ ਸਰਕਾਰ ਇਹਨਾਂ ਦੇ ਕੁੱਲ ਬਣਦੇ 20000 ਡਾਲਰ ਦੇ ਕਿਰਾਏ ਦਾ ਭੁਗਤਾਨ ਕਰ ਦਿੰਦੀ ਸੀ ਤਾਂ ਉਹ ਜਹਾਜ਼ ਵਿਚ ਮਾਲ-ਭਾੜ੍ਹਾ ਭਰ ਕੇ ਲਿਜਾਣ ਦੇ ਆਪਣੇ ਅਧਿਕਾਰ ਦਾ ਤਿਆਗ ਕਰਨ ਲਈ ਤਿਆਰ ਸਨ ਅਤੇ ਜਹਾਜ਼ 24 ਘੰਟਿਆਂ ਜਾਂ ਵੱਧ ਤੋਂ ਵੱਧ ਇੱਕ ਹਫ਼ਤੇ ਦੇ ਅਖੀਰ ਤਕ ਰਵਾਨਾ ਹੋਣ ਨੂੰ ਤਿਆਰ ਸੀ।

ਬਰਡ ਨੇ ਕਿਹਾ ਕਿ ਉਸਦੇ ਕਲਾਇੰਟ ਇਕ ਸਦਾਚਾਰੀ ਵਿਸ਼ਵਾਸ ਦੇ ਸਹਾਰੇ ਇਥੇ ਆਏ ਸਨ ਅਤੇ ਇਸ ਲਈ ਨਿਆਂਪੂਰਨ ਨਜ਼ਰਸਾਨੀ ਦੇ ਹੱਕਦਾਰ ਸਨ। ਆਖਰਕਾਰ ਹਾਂਗਕਾਂਗ ਦੇ ਗਵਰਨਰ ਐਫ.ਐਚ..ਮੇਅ ਨੇ ਜਹਾਜ਼ ਨੂੰ ਰਵਾਨਾ ਹੋਣ ਦੀ ਪ੍ਰਵਾਨਗੀ ਦਿੱਤੀ ਸੀ ਅਤੇ ਇਹ ਪ੍ਰਵਾਨਗੀ ਕਨੇਡਾ ਸਰਕਾਰ ਤੋਂ ਇਸਦੀ ਰਾਏ ਲੈਣ ਦੀ ਕੋਸ਼ਿਸ਼ ਕਰਨ ਬਾਅਦ ਦਿੱਤੀ ਗਈ ਸੀ। ਬਰਡ ਨੇ ਹੁਣ ਹਾਂਗਕਾਂਗ ਦੀ ਇੱਕ ਕਾਨੂੰਨੀ ਸੰਸਥਾ ਦੁਆਰਾ ਗੁਰਦਿੱਤ ਸਿੰਘ ਦੇ ਨਾਮ ਲਿਖੀ ਇੱਕ ਚਿੱਠੀ ਦਿਖਾਈ ਜੋ ਜਹਾਜ਼ ਦੇ ਰਵਾਨਾ ਹੋਣ ਤੋਂ ਪਹਿਲਾਂ ਲਿਖੀ ਗਈ ਸੀ। ਇਸ ਵਿਚ ਲਿਖਿਆ ਸੀ ਕਿ "ਜਿੱਥੋਂ ਤੱਕ ਇਸ ਬਸਤੀ ਦਾ ਸਵਾਲ ਹੈ।" ਜੇਕਰ ਕੋਈ ਭਾਰਤੀ ਵਿਅਕਤੀ, ਇੱਥੋਂ ਵੈਨਕੂਵਰ ਜਾਣਾ ਚਾਹੁੰਦਾ ਹੈ ਤਾਂ ਉਸ ਉੱਪਰ ਕੋਈ ਬੰਦਸ਼ ਨਹੀਂ ਹੈ।

ਗੁਰਦਿੱਤ ਸਿੰਘ ਨੇ ਇਸ ਪੱਤਰ ਨੂੰ ਆਪਣੇ ਕੈਬਿਨ 'ਚੋਂ ਕੱਢਣ ਲਈ ਹੁਣ ਤੱਕ ਇੰਤਜ਼ਾਰ ਕੀਤਾ ਸੀ ਅਤੇ ਬਰਡ ਨੇ ਇਹ ਚਿੱਠੀ ਝੱਟਪਟ ਪ੍ਰੈਸ ਨੂੰ ਜਾਰੀ ਕਰ ਦਿੱਤੀ ਸੀ। ਇਹ ਸੱਚ ਸੀ ਕਿ ਇਸ ਚਿੱਠੀ ਵਿਚ ਸਿਰਫ਼ ਹਾਂਗਕਾਂਗ ਦੇ ਨਿਯਮਾਂ ਦਾ ਹਵਾਲਾ ਦਿੱਤਾ ਗਿਆ ਸੀ ਅਤੇ ਕਨੇਡੀਅਨ ਕਾਨੂੰਨ ਬਾਰੇ ਕੁਝ ਵੀ ਨਹੀਂ ਕਿਹਾ ਗਿਆ ਸੀ। ਪਰ ਇਹ ਗੱਲ ਬਹਿਸ ਦਾ ਵਿਸ਼ਾ ਬਣ ਗਈ ਕਿ ਕੀ ਗੁਰਦਿੱਤ ਸਿੰਘ ਨੇ ਇਸਦਾ ਗਲਤ ਮਤਲਬ ਕੱਢ ਲਿਆ ਸੀ ਜਾਂ ਨਹੀਂ। ਇਸ ਸਿੱਖ ਆਗੂ ਨੇ ਜਾਪਾਨ ਵਿਚ 9000 ਡਾਲਰ ਦੀ ਜਮ੍ਹਾਂ ਰਕਮ ਵਾਲ਼ੀ ਆਪਣੀ ਬੈਂਕ ਪਾਸ ਬੁੱਕ ਇੱਕ ਸਬੂਤ ਵਜੋਂ ਇਹ ਦਿਖਾਉਣ ਲਈ ਪੇਸ਼ ਕੀਤੀ ਸੀ ਕਿ ਉਹ ਇੱਕ ਕਾਰੋਬਾਰੀ ਵਿਅਕਤੀ ਸੀ ਅਤੇ ਇੱਕ ਕਾਰੋਬਾਰੀ ਨੂੰ ਕਾਰੋਬਾਰ ਕਰਨ ਲਈ, ਤੱਟ ਉੱਪਰ ਆਉਣ ਤੋਂ ਰੋਕਣ ਵਾਲੇ ਅਧਿਕਾਰੀ, ਲੋਕਾਂ ਦੀਆਂ ਨਜ਼ਰਾਂ ਵਿਚ ਗਿਰ ਜਾਣੇ ਚਾਹੀਦੇ ਸਨ।

ਸ਼ਾਮ ਦੇ ਇੱਕ ਅਖਬਾਰ ਨੇ ਸੁਝਾਅ ਦਿੱਤਾ ਕਿ ਕਨੇਡੀਅਨ ਲੋਕ ਉਦਾਰ-ਚਿੱਤ ਹੋਣ ਦੀ ਸਮੱਰਥਾ ਰੱਖਦੇ ਸਨ। ਅਖਬਾਰ ਨੇ ਲਿਖਿਆ: "ਮਿਸਟਰ ਗੁਰਦਿੱਤ ਸਿੰਘ ਨੇ ਲੜਾਈ ਛੱਡ ਦਿੱਤੀ ਹੈ ਅਤੇ ਉਹ ਵਾਪਸ ਘਰ ਜਾ ਰਿਹਾ ਹੈ। ਇਹ

ਸ਼ਾਇਦ ਮੰਨਣਾ ਪਵੇਗਾ ਕਿ ਉਹ ਇੱਕ ਚੰਗਾ ਖਿਲਾੜੀ ਹੈ। ਅਤੇ ਉਸਨੇ ਆਪਣਾ ਖੇਲ੍ਹ ਅਖੀਰ ਤੱਕ ਖੇਲ੍ਹਿਆ। ਜਦੋਂ ਕੋਈ ਵਿਅਕਤੀ ਹਾਰ ਜਾਂਦਾ ਹੈ ਤੇ ਆਪਣੀ ਹਾਰ ਬਗੈਰ ਕਿਸੇ ਰੌਲੇ-ਰੱਪੇ ਤੋਂ ਸਵੀਕਾਰ ਕਰ ਲੈਂਦਾ ਹੈ। ਤਾਂ ਇਸ ਨੂੰ ਸਿਰਫ਼ ਸੱਚੀ ਖੇਲ੍ਹ ਭਾਵਨਾ ਨਾਲ ਖੇਲ੍ਹਣ ਵਾਲਾ ਖਿਲਾੜੀ ਹੀ ਮਹਿਸੂਸ ਕਰ ਸਕਦਾ ਹੈ, ਕਿ ਉਸ ਨੂੰ ਜਿੱਤਣ ਵਾਲਾ ਉਸ ਬਾਰੇ ਕੋਈ ਮੰਦ ਭਾਵਨਾ ਨਹੀਂ ਰੱਖਦਾ। ਗੁਰਦਿੱਤ ਸਿੰਘ ਵਲੋਂ ਆਪਣੀ ਪੂਰੀ ਵਾਹ ਲਾਉਣ ਦੇ ਇਵਜ਼ ਵਜੋਂ, ਕਨੇਡਾ ਸਰਕਾਰ ਉਸ ਨਾਲ ਕੋਈ ਵੈਰ-ਭਾਵ ਨਹੀਂ ਰੱਖਦੀ।"

ਵੈਨਕੂਵਰ ਦੇ ਪ੍ਰਭਾਵੀ ਇਮੀਗਰੇਸ਼ਨ ਅਧਿਕਾਰੀ ਮਿਸਟਰ ਮਾਲਕਮ ਰੀਡ ਉੱਪਰ ਇਹਨਾਂ ਗੱਲਾਂ ਦਾ ਕੋਈ ਅਸਰ ਨਹੀਂ ਸੀ। ਉਸ ਦੇ ਓਟਾਵਾ ਵਿਚਲੇ ਸੁਆਮੀਆਂ ਨੇ, ਮਾਲ ਉਤਾਰਨ ਲਈ ਜਹਾਜ਼ ਨੂੰ ਘਾਟ ਉੱਪਰ ਲੱਗ ਜਾਣ ਦੀ ਇਜਾਜ਼ਤ ਦੇ ਦੇਣੀ ਸੀ। ਪਰ ਮਾਲਕਮ ਰੀਡ ਨੂੰ ਗੁਰਦਿੱਤ ਸਿੰਘ ਜਾਂ ਉਸਦੇ ਵਕੀਲ ਐਡਵਰਡ ਬਰਡ ਜਾਂ ਹੁਸੈਨ ਰਹੀਮ ਉੱਪਰ ਬਿਲਕੁਲ ਵਿਸ਼ਵਾਸ ਨਹੀਂ ਸੀ। ਬਰਡ ਨੂੰ ਮੇਰਾ ਜਵਾਬ ਹੈ, ਉਸਨੇ ਇਮੀਗਰੇਸ਼ਨ ਵਿਭਾਗ ਦੇ ਸੁਪਰਡੈਂਟ ਨੂੰ ਲਿਖਿਆ, "ਅਸੀਂ ਆਪਣੀ ਸੁਰੱਖਿਆ ਕਰਣੀ ਕਰੀਏ।"

ਰੀਡ, ਜਹਾਜ਼ ਨੂੰ ਘਾਟ ਉੱਪਰ ਲਗਾਉਣ ਦੀ ਇਜ਼ਾਜਤ ਦੇਣ ਲਈ ਕੀਤੀ ਬੇਨਤੀ ਨੂੰ, ਸਾਰੇ ਮੁਸਾਫ਼ਰਾਂ ਵਲੋਂ ਤੱਟ ਉੱਪਰ ਉਤਰ ਕੇ ਭੱਜ ਜਾਣ ਲਈ, ਮੌਕਾ ਲੱਭਣ ਦੇ ਬਹਾਨੇ ਵਜੋਂ ਦੇਖਦਾ ਸੀ ਅਤੇ ਬੋਰਡ-ਆਫ਼-ਇਨਕੁਆਰੀ ਦੇ ਹੱਕ ਦੇ ਤਿਆਗ ਦੀ ਪੇਸ਼ਕਸ਼ ਨੂੰ, ਇਸੇ ਯੋਜਨਾ ਨੂੰ ਛੁਪਾਉਣ ਦੇ ਯਤਨ ਵਜੋਂ ਲੈਂਦਾ ਸੀ। ਜਿੱਥੋਂ ਤੱਕ ਰੀਡ ਦਾ ਸਬੰਧ ਸੀ, ਉਹ ਸਦਾ ਇਹੀ ਸਮਝਦਾ ਰਿਹਾ ਸੀ ਕਿ ਗੁਰਦਿੱਤ ਸਿੰਘ ਨੂੰ ਕਾਨੂੰਨ ਦੀ ਪੂਰੀ ਜਾਣਕਾਰੀ ਸੀ ਅਤੇ ਉਹ ਇਸ ਤੋਂ ਬਚ ਨਿਕਲਣਾ ਚਾਹੁੰਦਾ ਸੀ। ਅੱਗੇ ਹੋਰ, ਇਹ ਜਾਨਣ ਤੋਂ ਬਾਅਦ ਕਿ ਕਿਰਾਏਦਾਰ ਕੋਲ ਜਾਪਾਨ ਵਿਚ 9000 ਡਾਲਰ ਦੀ ਰਕਮ ਜਮ੍ਹਾਂ ਸੀ। ਰੀਡ ਨੇ, ਜਦ ਤੱਕ ਬਿਲਕੁਲ ਜ਼ਰੂਰੀ ਨਾ ਹੋਵੇ, ਤਦ ਤੱਕ, ਸਰਕਾਰੀ ਪੈਸਾ ਖਰਚ ਕਰਨ ਦੀ ਤਜ਼ਵੀਜ ਉੱਪਰ ਵੀ ਇਤਰਾਜ਼ ਖੜ੍ਹਾ ਕਰ ਦਿੱਤਾ। ਉਸ ਦੇ ਧਿਆਨ ਵਿਚ ਇਮੀਗਰੇਸ਼ਨ ਕਾਨੂੰਨ ਦੀਆਂ ਧਾਰਾਵਾਂ 44 ਤੇ 45 ਸਨ, ਜਿਨ੍ਹਾਂ ਅਨੁਸਾਰ, ਦੇਸ਼-ਨਿਕਾਲੇ ਵਾਲੇ ਇਮੀਗਰੇਂਟਾਂ ਨੂੰ ਖਾਣਾ ਖਵਾਉਣ ਅਤੇ ਵਾਪਸ ਲੈ ਕੇ ਜਾਣ ਦੀ ਜ਼ਿੰਮੇਵਾਰੀ, ਉਨ੍ਹਾਂ ਇਮੀਗਰੇਂਟਾਂ ਨੂੰ ਲੈ ਕੇ ਆਉਣ ਵਾਲੀ ਜਹਾਜ਼ੀ ਕੰਪਨੀ ਦੀ ਨਿਸ਼ਚਿਤ ਕੀਤੀ ਗਈ ਸੀ। ਰੀਡ ਦੀ ਨਿੱਜੀ ਰਾਏ ਇਹ ਸੀ ਕਿ ਜੇਕਰ ਸੰਭਵ ਹੋਵੇ ਤਾਂ ਇਹਨਾਂ ਧਾਰਾਵਾਂ ਨੂੰ ਲਾਗੂ ਕਰਨਾ ਚਾਹੀਦਾ ਸੀ।

ਰੀਡ ਉਸ ਸ਼ੰਕਾ ਬਾਰੇ ਵੀ ਆਪਣੀ ਪ੍ਰਤੀਕਿਰਿਆ ਦੇ ਰਿਹਾ ਸੀ ਜਿਸ ਨੂੰ ਉਹ ਇੱਕ ਬਹੁਤ ਖ਼ਤਰਨਾਕ ਸਾਜ਼ਿਸ਼ ਸਮਝਦਾ ਸੀ। ਹਾੱਪਕਿਨਸਨ ਤੋਂ ਮਿਲੀ ਜਾਣਕਾਰੀ ਨਾਲ ਉਹ ਸਹਿਮਤ ਸੀ ਕਿ ਗੁਰਦਿੱਤ ਸਿੰਘ ਸਰਹਾਲੀ ਦੇ ਤੱਟ ਉੱਪਰਲੇ ਦੋਸਤ

ਦੇਸ਼-ਧਰੋਹੀ ਸਨ ਅਤੇ ਕਾਮਾਗਾਟਾ ਮਾਰੂ ਪ੍ਰਯੋਜਨ ਦੇਸ਼-ਧਰੋਹ ਦੀ ਕਵਾਇਦ ਸੀ। ਉਸਨੂੰ ਜਾਣਕਾਰੀ ਸੀ, ਕਿ ਕਨੇਡਾ ਪਹੁੰਚਣ ਸਮੇਂ ਰਹੀਮ ਦੀ ਜੇਬ ਵਿਚੋਂ ਬੰਬ ਬਣਾਉਣ ਦੀ ਸਿੱਖਿਆ ਦੇਣ ਵਾਲੀਆਂ ਲਿਖਤਾਂ ਮਿਲੀਆਂ ਸਨ। ਰਹੀਮ ਨੂੰ ਬਾਅਦ ਵਿਚ ਕਿਹਾ ਸੀ ਕਿ ਉਸ ਕੋਲੋਂ ਮਿਲੀਆਂ ਛਪੀਆਂ ਹਦਾਇਤਾਂ ਬਾਰੇ ਭੇਤ ਵਾਲੀ ਕੋਈ ਵੀ ਗੱਲ ਨਹੀਂ ਸੀ। ਕੋਈ ਵੀ ਵਿਅਕਤੀ ਇਹਨਾਂ ਹਦਾਇਤਾਂ ਨੂੰ, ਰਸਾਇਣ ਵਿਗਿਆਨ ਦੇ ਪਾਠਕ੍ਰਮ ਦੀ ਕਿਸੇ ਵੀ ਕਿਤਾਬ 'ਚੋਂ ਦੇਖ ਸਕਦਾ ਸੀ। ਰੀਡ ਵਾਸਤੇ ਇਹ ਸਭ ਗੱਲਾਂ, ਇੱਕ ਵਿਉਂਤਵੱਧ ਕਾਰਵਾਈ ਦਾ ਹਿੱਸਾ ਸਨ। ਇਸ ਤੋਂ ਵੀ ਅੱਗੇ, ਇਮੀਗਰੇਸ਼ਨ ਏਜੰਟ ਸੋਚਦਾ ਸੀ, ਕਿ ਉਸ ਕੋਲ ਇਸ ਗੱਲ ਦੇ ਸਬੂਤ ਮੌਜੂਦ ਸਨ ਕਿ ਇਹ ਲੋਕ ਉਸਦਾ ਕਤਲ ਕਰਨ ਦੀ ਸਾਜ਼ਿਸ਼ ਰਚ ਰਹੇ ਸਨ।

ਅਪੀਲ ਵਾਲੀ ਅਦਾਲਤ ਦੇ ਫ਼ੈਸਲੇ ਦੇ ਦੋ ਦਿਨ ਬਾਅਦ, ਯਾਨੀ 8 ਜੁਲਾਈ ਦਿਨ ਬੁੱਧਵਾਰ ਨੂੰ ਹਾੱਪਕਿਨਸਨ ਦੇ ਇੱਕ ਮੁਖ਼ਬਰ ਨੇ ਇੱਕ ਗੱਲਬਾਤ ਬਾਰੇ ਖਬਰ ਦਿੱਤੀ ਜੋ ਉਸ ਨੇ, ਉਸੇ ਦੁਪਹਿਰ-ਬਾਅਦ 3 ਵਜੇ ਇੱਕ ਗਲੀ ਵਿਚ ਚੋਰੀ-ਛੁਪੇ ਸੁਣੀ ਸੀ। ਇਹ ਗੱਲਬਾਤ ਤੱਟਈ ਕਮੇਟੀ ਦੇ ਤਿੰਨ ਮੈਂਬਰਾਂ, ਹੁਸੈਨ ਰਹੀਮ, ਸੋਹਨ ਲਾਲ ਔਲਖ ਅਤੇ ਮੁਹੰਮਦ ਅਕਬਰ ਸੀਕਰੀਵਾਲ ਜੋ ਤਿੰਨੋਂ ਹੀ ਗ਼ੈਰ-ਸਿੱਖ ਸਨ, ਵਿਚਕਾਰ ਹੋਈ ਸੀ। ਇਸ ਗੱਲਬਾਤ ਦੀ ਰਿਪੋਰਟ ਦੇਣ ਵਾਲਾ ਅਤੇ ਫਾਇਲਾਂ ਵਿਚ ਦਰਜ਼ ਇਹ ਇੱਕ ਹੋਰ ਦਸਤਾਵੇਜ਼ ਹੈ ਜੋ ਤੱਟਈ ਕਮੇਟੀ ਤੇ ਇਮੀਗਰੇਸ਼ਨ ਵਿਭਾਗ ਦੇ ਸਬੰਧਾਂ ਵਿਚ ਵਧ ਰਹੀ ਕੁੜੱਤਣ ਤੇ ਸ਼ੱਕ ਦਾ ਪ੍ਰਤੀਕ ਹੈ। ਪਰ ਇਸ ਦਸਤਾਵੇਜ਼ ਨੂੰ ਸੰਦੇਹ ਦੀ ਨਜ਼ਰ ਨਾਲ ਪੜ੍ਹਿਆ ਜਾਣਾ ਚਾਹੀਦਾ ਹੈ। ਕੋਈ ਵੀ ਵਿਅਕਤੀ ਪੁੱਛ ਸਕਦਾ ਹੈ ਕਿ ਇਹ ਕਿੰਨੀ ਕੁ ਗੰਭੀਰ ਸਾਜ਼ਿਸ਼ ਹੋਵੇਗੀ, ਜਿਸ ਬਾਰੇ ਸ਼ਰੇਆਮ ਗਲੀ ਵਿਚ ਖੜ੍ਹ ਕੇ ਇਸ ਪ੍ਰਕਾਰ ਵਿਚਾਰ ਵਟਾਂਦਰਾ ਕੀਤਾ ਗਿਆ ਕਿ ਇੱਕ ਇਮੀਗਰੇਂਟ ਸੂਹੀਆ ਵੀ ਸੁਣ ਸਕਿਆ। ਇਹ ਗੱਲਬਾਤ ਸ਼ਾਇਦ ਜਾਣ-ਬੁੱਝ ਕੇ ਸੁਣਾਏ ਜਾਣ ਲਈ ਕੀਤੀ ਗਈ ਸੀ। ਪਰ ਸਮਝਿਆ ਜਾ ਸਕਦਾ ਸੀ ਕਿ ਰੀਡ ਤੇ ਹਾੱਪਕਿਨਸਨ ਨੇ ਇਸ ਰਿਪੋਰਟ ਨੂੰ ਹਲਕੇ ਢੰਗ ਨਾਲ ਨਹੀਂ ਲਿਆ ਅਤੇ ਬਾਅਦ ਵਿਚ ਵਾਪਰੀਆਂ ਘਟਨਾਵਾਂ ਨੇ ਇਸ ਨੂੰ ਇੱਕ ਮਨਹੂਸ ਸੰਦਰਭ ਅਤੇ ਭਾਵ-ਅਰਥ ਪ੍ਰਦਾਨ ਕਰ ਦਿੱਤਾ।

ਪਰ ਇੱਕ ਪੱਖਪਾਤੀ ਸਰੋਤ ਤੋਂ ਮਿਲੀ ਇਸ ਰਿਪੋਰਟ ਨੂੰ, ਵੱਧ ਤੋਂ ਵੱਧ ਦੂਸਰੇ ਦਰਜੇ ਦੀ ਜਾਣਕਾਰੀ ਕਿਹਾ ਜਾ ਸਕਦਾ ਸੀ ਅਤੇ ਕਿਸੇ ਨੂੰ ਸਜ਼ਾ ਕਰਾਉਣ ਲਈ ਇਹ ਕਾਫ਼ੀ ਨਹੀਂ ਸੀ। ਹਾੱਪਕਿਨਸਨ ਦੇ ਮੁਖ਼ਬਰ ਨੇ ਹੇਠ ਦਿੱਤੀ ਰਿਪੋਰਟ ਇਮੀਗਰੇਸ਼ਨ ਵਿਭਾਗ ਨੂੰ ਦਿੱਤੀ:

ਮੁਹੰਮਦ ਅਕਬਰ : ਤੂੰ ਮਿਸਟਰ ਰੀਡ ਤੇ ਹਾੱਪਕਿਨਸਨ ਬਾਰੇ ਕੀ ਸੋਚਦਾ ਹੈਂ?

ਸੋਹਨ ਲਾਲ : ਇਹ ਦੋਵੇਂ ਵਿਅਕਤੀ ਬਹੁਤ ਵੱਡੇ ਡਾਕੂ ਹਨ ਇਹਨਾਂ ਨੇ ਸਾਡੀਆਂ ਸਾਰੀਆਂ ਉਮੀਦਾਂ ਅਤੇ ਕਿਆਸੇ ਹੋਏ ਕੰਮ ਬਰਬਾਦ ਕਰ ਦਿੱਤੇ ਹਨ।

ਰਹੀਮ : ਸਾਡੇ ਲਈ ਇਹ ਸ਼ਰਮ ਵਾਲੀ ਗੱਲ ਹੈ, ਇੱਥੇ ਬਹੁਤ ਸਾਰੇ ਹਿੰਦੂ ਰਹਿੰਦੇ ਹਨ, ਜੇਕਰ ਉਨ੍ਹਾਂ ਲਈ ਦੋ ਤਿੰਨ ਮਰ ਜਾਣਗੇ ਤਾਂ ਕੋਈ ਅਫ਼ਸੋਸ ਵਾਲੀ ਗੱਲ ਨਹੀਂ

ਮੁਹੰਮਦ ਅਕਬਰ : ਸਾਨੂੰ ਇਸ ਬਾਰੇ ਤੱਟਈ ਕਮੇਟੀ ਵਿਚ ਗੱਲਬਾਤ ਕਰਨੀ ਚਾਹੀਦੀ ਹੈ। ਇਸ ਕੰਮ ਲਈ ਮੈਂ ਇੱਕ ਬੰਦੇ ਨੂੰ ਤਿਆਰ ਕਰ ਸਕਦਾ ਹਾਂ, ਪਰ ਉਹ ਲਾਲਚੀ ਬਹੁਤ ਹੈ।

ਰਹੀਮ : ਅਸੀਂ ਪੈਸੇ ਇਕੱਠੇ ਕਰਕੇ ਉਸਨੂੰ ਦੋ ਤਿੰਨ ਹਜ਼ਾਰ ਡਾਲਰ ਦੇ ਸਕਦੇ ਹਾਂ, ਤੂੰ ਉਸ ਬੰਦੇ ਨੂੰ ਤਿਆਰ ਕਰ।

ਮੁਹੰਮਦ ਅਕਬਰ : ਹਾਂ ਠੀਕ ਹੈ, ਮੈਂ ਇਸ ਲਈ ਕੋਸ਼ਿਸ਼ ਕਰਾਂਗਾ।

ਸੋਹਨ ਲਾਲ: ਮੈਨੂੰ ਲੱਗਦਾ ਹੈ ਕਿ ਮੈਂ ਵੀ ਇੱਕ ਬੰਦੇ ਨੂੰ ਤਿਆਰ ਕਰਨ ਲਈ ਕੋਸ਼ਿਸ਼ ਕਰ ਸਕਦਾ ਹਾਂ। ਸਾਨੂੰ ਇਸ ਬਾਰੇ ਕਮੇਟੀ ਵਿਚ ਦੱਸ ਦੇਣਾ ਚਾਹੀਦਾ ਹੈ।

ਰਹੀਮ: ਧਿਆਨ ਰੱਖੋ, ਕੋਈ ਹੋਰ ਸਾਡੀ ਗੱਲਬਾਤ ਨਾ ਸੁਣ ਲਵੇ।

ਮੁਹੰਮਦ ਅਕਬਰ : ਮੈਂ ਸੋਚਦਾ ਹਾਂ ਕਿ ਸਾਨੂੰ ਪਹਿਲਾਂ ਇਸ ਬਾਰੇ ਵੱਖਰੇ ਤੌਰ 'ਤੇ ਭਾਗ ਸਿੰਘ ਨਾਲ ਗੱਲ ਕਰਨੀ ਚਾਹੀਦੀ ਹੈ, ਅਤੇ ਉਸ ਬਾਅਦ ਕਮੇਟੀ ਵਿਚ ਵਿਚਾਰ ਵਟਾਂਦਰਾ ਕਰਨਾ ਚਾਹੀਦਾ ਹੈ।

ਰਹੀਮ :ਤੇਰੇ ਕੀ ਵਿਚਾਰ ਨੇ ਇਸ ਬਾਰੇ ਸੋਹਨ ਲਾਲ?

ਸੋਹਨ ਲਾਲ : ਜਿਵੇਂ ਤੁਹਾਨੂੰ ਚੰਗਾ ਲੱਗੇ।

ਰਹੀਮ : ਅਸੀਂ ਸੋਮਵਾਰ ਨੂੰ ਮਿਲਾਂਗੇ ਅਤੇ ਸੋਮਵਾਰ ਨੂੰ ਇਨਾਮ ਦਾ ਇੰਤਜ਼ਾਮ ਵੀ ਕਰ ਲਵਾਂਗੇ।

ਸੋਹਨ ਲਾਲ :ਕੀ ਤੈਨੂੰ ਨੀ ਲੱਗਦਾ ਕਿ ਮੁਹੰਮਦ ਅਕਬਰ ਸ਼ਾਹ ਇਹ ਕੰਮ ਕਰ ਦੇਵੇਗਾ?

ਰਹੀਮ :ਨਹੀਂ, ਉਹ ਨਹੀਂ ਕਰ ਸਕਦਾ। ਅਸੀ ਸੋਸ਼ਲਿਸਟ ਪਾਰਟੀ 'ਚੋਂ ਕੋਈ ਗੋਰਾ ਬਦਮਾਸ਼ ਲੱਭਾਂਗੇ, ਮੈਂ ਕੋਸ਼ਿਸ਼ ਕਰਾਂਗਾ ਤੇ ਜੇਕਰ ਕੋਈ ਮਿਲਿਆ ਤਾਂ ਤੁਹਾਨੂੰ ਦੱਸ ਦੇਵਾਂਗਾ।

ਮੁਹੰਮਦ ਅਕਬਰ :ਠੀਕ ਐ, ਮੈਂ ਜਾ ਰਿਹਾ ਹਾਂ, ਸੋਮਵਾਰ ਨੂੰ ਮਿਲਾਂਗੇ।

ਰਹੀਮ/ਸੋਹਨ ਲਾਲ : ਬੰਦੇ ਮਾਤਰਮ।

ਭਵਿੱਖ ਦੀ ਕਿਸੇ ਲੋੜ ਨੂੰ ਧਿਆਨ ਵਿਚ ਰੱਖਦਿਆਂ ਜਿਵੇਂ ਕਿਸੇ ਦੇਸ਼-ਨਿਕਾਲੇ ਜਾਂ ਫੌਜਦਾਰੀ ਕੇਸ ਵਿਚ ਪੇਸ਼ ਕਰਨ ਲਈ ਜਾਂ ਫਿਰ ਆਪਣੀ ਕਿਸੇ ਕਾਰਵਾਈ ਨੂੰ ਵਾਜਬ ਠਹਿਰਾਉਣ ਲਈ, ਵੈਨਕੂਵਰ ਦੇ ਇਮੀਗਰੇਸ਼ਨ ਵਿਭਾਗ ਨੇ ਅਜਿਹੀਆਂ ਖਤਰਨਾਕ ਖਬਰਾਂ ਅਤੇ ਰਿਪੋਰਟਾਂ ਦੀ ਇੱਕ ਫਾਇਲ ਬਣਾ ਰੱਖੀ ਸੀ। ਰੀਡ ਨੂੰ ਹਾੱਪਕਿਨਸਨ ਤੋਂ ਪਤਾ ਲੱਗਿਆ ਸੀ ਕਿ ਵਿਕਟੋਰੀਆ ਵਿਚ ਭਾਰਤੀ ਲੋਕ ਬੰਬ ਬਣਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਵਿਕਟੋਰੀਆ ਦੇ ਇੱਕ ਸਟੋਰ ਤੋਂ,

25 ਸਵੈ-ਚਾਲਿਕ ਪਿਸਤੌਲ ਖਰੀਦਣ ਦੀ ਕੋਸ਼ਿਸ਼ ਕੀਤੀ ਗਈ ਸੀ। ਅਤੇ ਵਾਸ਼ਿੰਗਟਨ ਸੂਬੇ ਦੇ ਪੋਰਟ ਐਂਗਲਜ਼ ਸ਼ਹਿਰ ਵਿਚ ਸਿੱਖ ਇਮੀਗਰੇਂਟ ਪਿਸਤੌਲ ਖਰੀਦਣ ਦੀ ਯੋਜਨਾ ਬਣਾ ਰਹੇ ਸਨ। ਕੁਝ ਸਮੇਂ ਤੋਂ ਉਸਦੀ ਇਹ ਸਮਝ ਬਣ ਰਹੀ ਸੀ ਕਿ ਭਾਰਤੀ ਲੋਕ ਹਥਿਆਰ ਖਰੀਦਣ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਇਹਨਾਂ ਦੀ ਵਰਤੋਂ ਦੇ ਮੰਤਵਾਂ ਬਾਰੇ ਬਹੁਤ ਖਤਰਨਾਕ ਗੱਲਾਂ ਕਰ ਰਹੇ ਸਨ। ਤਿੰਨ ਹਫ਼ਤੇ ਪਹਿਲਾਂ ਹਾੱਪਕਿਨਸਨ ਦੇ ਇੱਕ ਸੂਹੀਏ, ਬੇਲਾ ਸਿੰਘ ਜਿਆਨ ਨੇ ਦਾਅਵਾ ਕੀਤਾ ਸੀ, ਕਿ ਇੱਕ ਸਥਾਨਕ ਸਿੱਖ, ਮੇਵਾ ਸਿੰਘ ਲੋਪੋਕੇ ਨੇ ਉਸਨੂੰ ਜ਼ਮੀਨ ਜਾਇਦਾਦ ਜਾਂ ਭਾਰਤ ਦੀ ਟਿਕਟ ਸਮੇਤ 500 ਡਾਲਰ ਦੇਣ ਦੀ ਪੇਸ਼ਕਸ਼ ਕੀਤੀ ਸੀ। ਜਿਵੇਂ ਬੇਲਾ ਸਿੰਘ ਨੇ ਦੱਸਿਆ ਇਹ ਪੇਸ਼ਕਸ਼ ਉਸ ਵਲੋਂ, ਇਮੀਗਰੇਸ਼ਨ ਵਿਭਾਗ ਤੋਂ ਦੂਰੀ ਬਣਾਈ ਰੱਖਣ ਲਈ ਦਿੱਤੀ ਜਾਣੀ ਸੀ। ਉਸ ਨੇ ਦੱਸਿਆ ਕਿ ਮੇਵਾ ਸਿੰਘ ਨੇ ਉਸ ਨੂੰ ਧਮਕੀ ਦਿੱਤੀ ਸੀ, ਕਿ "ਜੇਕਰ ਤੂੰ ਆਪਣਾ ਮੌਜੂਦਾ ਕੰਮ ਨਹੀਂ ਛੱਡਦਾ ਤਾਂ ਤੈਨੂੰ ਤੇ ਪੂਰੇ ਇਮੀਗਰੇਸ਼ਨ ਵਿਭਾਗ ਨੂੰ ਗੋਲੀਆਂ ਨਾਲ ਉਡਾ ਦਿੱਤਾ ਜਾਵੇਗਾ।" ਮਾਲਕਮ ਰੀਡ ਨੇ ਇਸ ਧਮਕੀ ਨੂੰ ਬਹੁਤ ਗੰਭੀਰਤਾ ਨਾਲ ਲਿਆ। ਉਸ ਨੇ ਕਿਸੇ ਦੀ ਇਸ ਗੱਲ ਉੱਪਰ ਗੌਰ ਨਹੀਂ ਕੀਤਾ, ਕਿ ਜਿਨ੍ਹਾਂ ਬੰਦਿਆਂ ਦੀਆਂ ਗੱਲਾਂ ਵਿਚ ਉਹ ਆ ਰਿਹਾ ਸੀ, ਉਹ ਬਹੁਤ ਵੱਡੇ ਚਾਲਬਾਜ਼ ਸਨ ਅਤੇ ਉਨ੍ਹਾਂ ਦੀਆਂ ਗੱਲਾਂ ਦਾ ਕੌਡੀ ਮੁੱਲ ਨਹੀਂ ਸੀ।

ਉਸਦੇ ਅਜਿਹੇ ਵਿਹਾਰ ਦੇ ਬਾਵਜੂਦ, ਓਟਾਵਾ ਸਰਕਾਰ ਉਮੀਦ ਕਰਦੀ ਸੀ ਕਿ ਰੀਡ ਘੱਟੋ-ਘੱਟ ਕਾਨੂੰਨ ਦੇ ਬਾਹਰੀ ਸਰੂਪ ਦੀ ਪਾਲਣਾ ਦਾ ਧਿਆਨ ਰੱਖੇ। ਓਟਾਵਾ ਵਿਚਲੇ ਇਮੀਗਰੇਸ਼ਨ ਸੁਪਰਡੈਂਟ ਮਿਸਟਰ ਡਬਲਯੂ.ਡੀ.ਸਕਾਟ ਨੇ ਸਾਰੀ ਗਰਮੀ ਰੁੱਤ ਦੌਰਾਨ, ਮਾਲਕਮ ਰੀਡ ਨੂੰ ਖੁੱਲ੍ਹੀ ਛੁੱਟੀ ਦੇ ਰੱਖੀ ਸੀ। ਲਿਖਤੀ ਪ੍ਰਮਾਣਾਂ ਦੀ ਸਾਂਭ-ਸੰਭਾਲ ਲਈ ਪੱਕੇ ਅਸੂਲੀ ਅਕਸ ਵਾਲੇ ਰੀਡ ਨੇ ਆਪਣੇ ਵਿਭਾਗ ਤੋਂ ਕੋਈ ਵੀ ਗੱਲ ਛੁਪਾ ਕੇ ਨਹੀਂ ਰੱਖੀ ਸੀ। ਹਰ ਦਿਨ ਅਤੇ ਘੋਰ ਸੰਕਟ ਦੇ ਸਮੇਂ ਹਰ ਘੰਟੇ ਵੀ, ਲੰਬੀਆਂ ਚਿੱਠੀਆਂ ਤੇ ਤਾਰਾਂ ਦੀ ਸ਼ਕਲ ਵਿਚ, ਉਸ ਦੀਆਂ ਰਿਪੋਰਟਾਂ ਲਗਾਤਾਰ ਓਟਾਵਾ ਪਹੁੰਚਦੀਆਂ ਰਹਿੰਦੀਆਂ ਸਨ। ਵਿਵਹਾਰਕ ਤੌਰ 'ਤੇ, ਜਾਣਕਾਰੀ ਦੀ ਮਾਤਰਾ ਇਤਨੀ ਜ਼ਿਆਦਾ ਹੁੰਦੀ ਸੀ, ਕਿ ਓਟਾਵਾ ਵਿਚ ਸਕਾਟ ਹਰ ਜਾਣਕਾਰੀ ਦੀ ਅਹਿਮੀਅਤ ਨੂੰ ਉਤਨੀ ਗਹਿਰਾਈ ਤੱਕ ਸਮਝ ਨਾ ਸਕਦਾ ਜਿੰਨੀ ਗਹਿਰਾਈ ਤੱਕ ਉਸਨੂੰ ਸਮਝਣਾ ਚਾਹੀਦਾ ਸੀ। ਅਤੇ ਜਹਾਜ਼ ਦੇ ਬੰਦਰਗਾਹ ਵਿਚ ਪਹਿਲੇ ਚਾਰ ਹਫ਼ਤੇ ਦੇ ਠਹਿਰਾਉ ਸਮੇਂ, ਰੀਡ ਵਲੋਂ ਅੜਿੱਕਾ ਖੜ੍ਹਾ ਕਰਨ ਲਈ ਵਰਤੇ ਗਏ ਹੱਥਕੰਡਿਆਂ ਨੂੰ, ਸਕਾਟ ਦਾ ਕੋਈ ਸਹਿਯੋਗੀ ਵੀ ਪੂਰੀ ਤਰ੍ਹਾਂ ਨਾ ਸਮਝ ਸਕਿਆ। ਕਿਹਾ ਜਾ ਸਕਦਾ ਸੀ ਕਿ ਸਕਾਟ ਮਸਲੇ ਦੀ ਪੂਰੀ ਗਹਿਰਾਈ ਤੱਕ ਨਹੀਂ ਗਿਆ ਸੀ। ਪਰ ਜਦ ਉਸਨੂੰ ਅਸਲੀਅਤ ਦਾ ਪਤਾ ਲੱਗਿਆ ਤਾਂ ਉਸ ਦੀ ਜ਼ਬਾਨ ਜ਼ਰੂਰਤ ਤੋਂ ਜ਼ਿਆਦਾ ਕੌੜੀ ਹੋ ਗਈ ਸੀ। ਰੀਡ ਹੁਣ ਬਿਨਾ ਬੋਰਡ-

ਨਿਰੀਖਣ ਦੇ ਮੁਸਾਫ਼ਰਾਂ ਨੂੰ ਵਾਪਸ ਭੇਜਣਾ ਚਾਹੁੰਦਾ ਸੀ। ਕਿਉਂਕਿ ਉਸਨੂੰ ਨਿਰੀਖਣ ਕਾਰਨ ਹੋਰ ਦੇਰੀ ਹੋ ਜਾਣ ਦਾ ਖ਼ਦਸ਼ਾ ਸੀ। ਪਰ ਇਮੀਗਰੇਸ਼ਨ ਕਾਨੂੰਨ ਅਨੁਸਾਰ ਬੋਰਡ-ਨਿਰੀਖਣ ਜ਼ਰੂਰੀ ਸੀ। "ਮੈਂ ਰੀਡ ਦੇ ਸੁਝਾਅ ਨਾਲ ਸਹਿਮਤ ਨਹੀਂ ਹਾਂ" ਸਕਾਟ ਨੇ ਗ੍ਰਹਿ ਮੰਤਰੀ ਨੂੰ ਸਲਾਹ ਦਿੱਤੀ ਸੀ, "ਬੋਰਡ ਨਿਰੀਖਣ ਦੀ ਪਰਕਿਰਿਆ ਪੂਰੀ ਕਰਨ ਲਈ, ਵਾਰ-ਵਾਰ ਦਿੱਤੀਆਂ ਹਦਾਇਤਾਂ ਦੇ ਬਾਵਜੂਦ, ਮੈਨੂੰ ਸਮਝ ਨਹੀਂ ਪੈਂਦੀ ਕਿ ਇਹ ਕੰਮ ਅਜੇ ਤੱਕ ਹੋਇਆ ਕਿਉਂ ਨਹੀਂ।"

ਜਵਾਬ ਸਿੱਧਾ ਸੀ। ਰੀਡ ਆਪਣੇ ਵਿਰੋਧੀਆਂ ਨੂੰ ਅਦਾਲਤ ਵਿਚ ਜਾਣ ਦਾ ਮੌਕਾ ਨਹੀਂ ਦੇਣਾ ਚਾਹੁੰਦਾ ਸੀ। ਹੁਣ ਓਟਾਵਾ ਸਰਕਾਰ ਨੇ ਉਸ ਨੂੰ ਹਦਾਇਤ ਦਿੱਤੀ ਸੀ ਕਿ ਜਿੰਨਾਂ ਜਲਦੀ ਹੋ ਸਕੇ, ਉਹ ਇਸ ਕੰਮ ਨੂੰ ਨਿਬੇੜੇ। ਪ੍ਰਕਿਰਿਆ ਤੇਜ਼ ਕਰਨ ਲਈ, ਉਹ ਬੋਰਡ ਮੈਂਬਰਾਂ ਨੂੰ ਜਹਾਜ਼ ਉੱਪਰ ਲੈ ਗਿਆ ਸੀ। 9 ਜੁਲਾਈ ਦਿਨ ਵੀਰਵਾਰ ਨੂੰ ਦੁਪਹਿਰ ਬਾਅਦ, ਉਹ ਇੰਸਪੈਕਟਰਾਂ ਹਾੱਪਕਿਨਸਨ, ਹੋਵਾਰਡ ਤੇ ਇਲੀਅਟ; ਵਿਭਾਗ ਦੇ ਵਕੀਲ ਡਬਲਯੂ.ਐਚ.ਡੀ.ਲੈਡਨਰ; ਇਮੀਗਰੇਸ਼ਨ ਦੇ ਇੱਕ ਕਾਨੂੰਨੀ ਨੁਮਾਇੰਦੇ, ਬਰਡ ਦੇ ਦਫ਼ਤਰ 'ਚੋਂ ਨੌਜਵਾਨ ਵਕੀਲ ਐਲਮਰ ਪਰੈਟ (Aylmer Pratt) ਅਤੇ ਦੋ ਸਟੈਨੋਗ੍ਰਾਫ਼ਰਾਂ- ਜਿੰਨਾਂ ਲਈ ਪ੍ਰੈਸ ਨੇ "ਕੁੜੀਆਂ" ਸ਼ਬਦ ਵਰਤਿਆ- ਨੂੰ ਨਾਲ ਲੈ ਕੇ ਜਹਾਜ਼ ਦੇ ਫੱਟਾ-ਲਾਂਘੇ ਉੱਪਰ ਪਹੁੰਚ ਗਿਆ। ਉਸ ਨੂੰ ਰਾਸ਼ਨ ਵੀ ਨਾਲ ਲੈ ਕੇ ਆਉਣਾ ਚਾਹੀਦਾ ਸੀ। 27 ਜੂਨ ਨੂੰ ਜਹਾਜ਼ ਉੱਪਰ ਭੇਜਿਆ ਗਿਆ ਪਾਣੀ ਦਸ ਦਿਨ ਦੀ ਲੋੜ ਜੋਗਾ ਸੀ। ਜੋ ਮੰਗਲਵਾਰ ਨੂੰ ਮੁੱਕ ਚੁੱਕਿਆ ਸੀ। ਇਸ ਦੇ ਇਲਾਵਾ ਮੁਸਾਫ਼ਰ ਕਹਿ ਰਹੇ ਸਨ ਕਿ ਉਨ੍ਹਾਂ ਨੇ ਸੋਮਵਾਰ ਸਵੇਰ ਤੋਂ ਲੈ ਕੇ ਕੁਝ ਨਹੀਂ ਖਾਧਾ ਸੀ। ਤਿੰਨ ਦਿਨ ਤੋਂ ਉਹ ਰਾਸ਼ਨ ਦੀ ਮੰਗ ਕਰ ਰਹੇ ਸਨ। ਪਰ ਉਸ ਪਲ ਤੱਕ ਕੋਈ ਰਸਦ ਨਹੀਂ ਪਹੁੰਚੀ ਸੀ। ਜਿਸ ਪਲ, ਰੀਡ ਆਪਣੇ ਦਲ ਸਮੇਤ ਉਤੇਜਿਤ ਭੀੜ ਨੂੰ ਪਾਸੇ ਧੱਕਦਾ ਹੋਇਆ, ਫੱਟਾ-ਲਾਂਘੇ ਤੋਂ ਹਾਲ-ਕਮਰੇ ਤੱਕ ਪਹੁੰਚ ਗਿਆ ਸੀ।

ਜਹਾਜ਼ ਉੱਪਰ ਹੋਣ ਵਾਲਾ ਇਹ ਸਰਕਾਰੀ ਦੌਰਾ, ਛੇਤੀ ਹੀ ਖਟਾਸ ਵਿਚ ਪੈ ਗਿਆ ਸੀ। ਰੀਡ ਦੇ ਬੁਲਾਉਣ 'ਤੇ, ਗੁਰਦਿੱਤ ਸਿੰਘ ਸਰਹਾਲੀ ਤੇ ਉਸਦਾ ਸਕੱਤਰ ਦਲਜੀਤ ਸਿੰਘ ਕਾਉਣੀ ਸਭਾ-ਹਾਲ ਵਿਚ ਪਧਾਰੇ। ਪਰ ਜਦ ਰੀਡ ਨੇ ਉਨ੍ਹਾਂ ਨੂੰ ਦੱਸਿਆ ਕਿ ਸਰਕਾਰ ਨਿਰੀਖਣ ਬੋਰਡ ਦੀ ਕਾਰਵਾਈ ਮੁਕੰਮਲ ਕਰਨਾ ਚਾਹੁੰਦੀ ਸੀ, ਉਨ੍ਹਾਂ ਨੇ ਸਹਿਯੋਗ ਕਰਨ ਤੋਂ ਇਨਕਾਰ ਕਰ ਦਿੱਤਾ। ਅਜਿਹੀ ਕਾਰਵਾਈ ਵਿਚ ਉਨ੍ਹਾਂ ਦੀ ਕੋਈ ਦਿਲਚਸਪੀ ਨਹੀਂ ਸੀ। ਜਿਸ ਦੇ ਨਤੀਜੇ ਦੇ ਨਾਂਹ ਵਾਚਕ ਹੋਣ ਬਾਰੇ ਪਹਿਲਾਂ ਹੀ ਪੱਕਾ ਪਤਾ ਸੀ ਅਤੇ ਇਹ ਗੱਲ ਉਨ੍ਹਾਂ ਨੇ ਆਪਣੇ ਵਕੀਲ ਨੂੰ ਵੀ ਕਹਿ ਦਿੱਤੀ ਸੀ। ਉਹ ਇਸ ਗੱਲ ਦੇ ਵੀ ਵਿਰੁੱਧ ਸਨ ਕਿ ਦੋ ਚੁਗਲਖ਼ੋਰ, ਯਾਨੀ ਡਾਕਟਰ ਰਘੁਨਾਥ ਸਿੰਘ ਤੇ ਭਾਨ ਸਿੰਘ ਬੜਿੰਗ, ਤੱਟ ਉੱਪਰ ਉੱਤਰ ਜਾਣ। ਜਦ ਕਿ ਬਾਕੀ ਸਭ ਮੁਸਾਫ਼ਰਾਂ ਨੂੰ ਵਾਪਸ ਭੇਜਿਆ ਜਾ ਰਿਹਾ ਸੀ।

ਹਾੱਪਕਿਨਸਨ ਨੇ ਜਹਾਜ਼ ਦੇ ਡੈੱਕ ਦੇ ਪਿਛਲੇ ਪਾਸੇ ਇਕੱਠੇ ਹੋਏ ਸਾਰੇ ਮੁਸਾਫ਼ਰਾਂ ਨੂੰ ਸਾਰੀ ਪ੍ਰਕਿਰਿਆ ਬਾਰੇ ਸਮਝਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਆਪਣੀ ਗੱਲ 'ਤੇ ਅੜੇ ਰਹੇ। ਅਤੇ ਜਦ ਉਸ ਨੇ ਸਹਿਮਤੀ ਪ੍ਰਗਟਾਉਣ ਲਈ ਹੱਥ ਖੜ੍ਹੇ ਕਰਨ ਲਈ ਕਿਹਾ ਤਾਂ ਕਿਸੇ ਨੇ ਵੀ ਹੱਥ ਖੜ੍ਹੇ ਨਾ ਕੀਤੇ। ਯਾਨੀ ਕੋਈ ਵੀ ਨਿਰੀਖਣ ਬੋਰਡ ਅੱਗੇ ਪੇਸ਼ ਹੋਣ ਲਈ ਸਹਿਮਤ ਨਹੀਂ ਸੀ। ਡਾਕਟਰ ਰਘੁਨਾਥ ਸਿੰਘ ਨੂੰ ਕੈਬਿਨ ਵਿਚ ਬੰਦ ਕਰ ਦਿੱਤਾ ਗਿਆ ਸੀ, ਇਸ ਲਈ ਉਸ ਦੀ ਕੋਈ ਵੋਟ ਨਹੀਂ ਸੀ। ਫਿਰ ਵੀ, ਇਸ ਵਕਤ ਰੀਡ ਜਹਾਜ਼ ਉੱਪਰ ਹਾਜ਼ਰ ਸੀ। ਜਿੱਥੇ ਉਹ ਕਾਫ਼ੀ ਦੇਰ ਤੋਂ ਨਹੀਂ ਆਇਆ ਸੀ। ਕਿਸੇ ਬੁਲਾਰੇ ਨੇ ਸੁਝਾਅ ਦਿਤਾ ਕਿ ਉਸਨੂੰ ਮੁਸਾਫ਼ਰਾਂ ਦੀ ਗੱਲ ਸੁਣਨੀ ਚਾਹੀਦੀ ਸੀ ਅਤੇ ਉਹ ਮੁਸਾਫ਼ਰਾਂ ਦੀ ਕਮੇਟੀ ਨਾਲ, ਸਭਾ-ਹਾਲ ਵਿਚ ਗੱਲ ਕਰਨ ਲਈ ਤਿਆਰ ਹੋ ਗਿਆ। ਹਾੱਪਕਿਨਸਨ ਦੇ ਸੁਝਾਅ 'ਤੇ ਸਟੈਨੋਗ੍ਰਾਫ਼ਰਾਂ ਨੇ ਗੱਲਬਾਤ ਨੋਟ ਕਰਨੀ ਸ਼ੁਰੂ ਕਰ ਦਿੱਤੀ, ਤਾਂ ਜੋ ਲਿਖਤੀ ਪ੍ਰਮਾਣ ਰੱਖਿਆ ਜਾ ਸਕੇ। ਮੀਟਿੰਗ ਦੇ ਸ਼ੁਰੂ ਵਿਚ ਹੀ ਮੁਸਾਫ਼ਰਾਂ ਨੇ ਰੀਡ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਰਾਤ 9 ਵਜੇ ਤੱਕ ਰਾਸ਼ਨ ਨਾ ਪਹੁੰਚਿਆ ਤਾਂ ਉਹ ਸੁਰੱਖਿਆ ਕਿਸ਼ਤੀਆਂ ਉਤਾਰ ਕੇ ਤੱਟ ਵਲ ਕੂਚ ਕਰਨ ਲਈ ਤਿਆਰ ਬੈਠੇ ਸਨ। ਉਹ ਉਸੇ ਵਕਤ ਖ਼ੁਦ ਜਹਾਜ਼ ਦੀ ਤਲਾਸ਼ੀ ਲੈ ਕੇ ਦੇਖ ਸਕਦਾ ਸੀ। ਕਿ ਉਨ੍ਹਾਂ ਦੇ ਖਾਣ ਜਾਂ ਪੀਣ ਲਈ ਕੋਈ ਵਸਤ ਮੌਜੂਦ ਨਹੀਂ ਸੀ।

ਰੀਡ ਮਸਲੇ ਨੂੰ ਹੋਰ ਤੂਲ ਨਹੀਂ ਦੇਣਾ ਚਾਹੁੰਦਾ ਸੀ। "ਜਹਾਜ਼ ਦੀ ਤਲਾਸ਼ੀ ਲੈਣ ਦੀ ਕੋਈ ਜ਼ਰੂਰਤ ਨਹੀਂ। ਉਨ੍ਹਾਂ ਦੀ ਤਰਫ਼ੋਂ ਮੈਂ ਪਹਿਲਾਂ ਹੀ ਮੇਅਰ ਨਾਲ ਗੱਲਬਾਤ ਕਰ ਲਈ ਹੈ। ਅਸੀਂ ਕੋਸ਼ਿਸ ਕਰਾਂਗੇ ਤੇ ਛੇਤੀ ਤੋਂ ਛੇਤੀ ਮਸਲੇ ਦਾ ਹੱਲ ਲੱਭਣ ਦੀ ਕੋਸ਼ਿਸ ਕਰਾਂਗੇ, ਜੇ ਸੰਭਵ ਹੋਇਆ ਤਾਂ ਅੱਜ ਰਾਤ ਨੂੰ ਹੀ।"

ਹਾੱਪਕਿਨਸਨ ਵਿਚੋਂ ਹੀ ਬੋਲਿਆ, "ਉਹ ਜਾਨਣਾ ਚਾਹੁੰਦੇ ਹਨ ਕਿ ਮੇਅਰ ਨੇ ਕੀ ਕਿਹਾ।"

ਮੇਅਰ ਨੇ ਕਿਹਾ, "ਉਸਨੂੰ ਜਾਪਾਨੀ ਵਣਜ-ਦੂਤ ਨਾਲ ਸਲਾਹ ਕਰਨੀ ਪਵੇਗੀ।"

ਇਸ ਤਰ੍ਹਾਂ ਦੀ ਟਾਲ-ਮਟੋਲ ਨਾਲ ਕਿਸੇ ਨੂੰ ਵੀ ਸ਼ਾਂਤ ਨਹੀਂ ਕੀਤਾ ਜਾ ਸਕਦਾ ਸੀ। ਇੱਕ ਕਮੇਟੀ ਮੈਂਬਰ ਨੇ ਅੰਗਰੇਜ਼ੀ ਜ਼ੁਬਾਨ ਵਿਚ ਸਿੱਧੇ ਹੀ ਰੀਡ ਨਾਲ ਗੱਲ ਕੀਤੀ:"ਤਿੰਨ ਦਿਨ ਤੋਂ ਇਹ ਮਸਲਾ ਲਟਕ ਰਿਹਾ ਹੈ ਅਤੇ ਅਸੀਂ ਭੁੱਖੇ ਮਰ ਰਹੇ ਹਾਂ। ਜੇਕਰ ਸਲਾਹ-ਮਸ਼ਵਰੇ ਇਸੇ ਤਰ੍ਹਾਂ ਚਲਦੇ ਰਹੇ ਤਾਂ ਕੋਈ ਅਮਲ ਹੋਣ ਤੱਕ ਅਸੀਂ ਭੁੱਖ ਨਾਲ ਸੱਚਮੁੱਚ ਮਰ ਜਾਂਵਾਂਗੇ।"

ਰੀਡ ਨੇ ਕਿਹਾ ਕਿ ਜੇ ਅੱਜ ਰਾਤ ਇਸ ਮੁਸ਼ਕਿਲ ਦਾ ਨਾ ਹੱਲ ਹੋਇਆ, ਤਾਂ ਅਗਲੀ ਸਵੇਰ ਜ਼ਰੂਰ ਹੋ ਜਾਵੇਗਾ। ਉਨ੍ਹਾਂ ਦਾ ਵਕੀਲ ਇਸ ਬਾਰੇ ਕੋਸ਼ਿਸ਼ ਕਰ ਰਿਹਾ ਸੀ ਅਧਿਕਾਰੀ ਪੂਰੀ ਵਾਹ ਲਾ ਦੇਣਗੇ ਤਾਂ ਜੁ ਉਨ੍ਹਾਂ ਲਈ ਇਸੇ ਵਕਤ ਪਾਣੀ ਦਾ

ਇੰਤਜ਼ਾਮ ਹੋ ਜਾਵੇ। ਪਰ ਦੇਰੀ ਬਹੁਤ ਹੋ ਚੁੱਕੀ ਸੀ। "ਕੱਲ੍ਹ ਤੱਕ ਲਈ ਉਨ੍ਹਾਂ ਨੂੰ ਕਿੰਨੇ ਪਾਣੀ ਦੀ ਜ਼ਰੂਰਤ ਸੀ? ਇਸ ਦਾ ਇੰਤਜ਼ਾਮ ਤਾਂ ਹੁਣੇ ਹੋ ਜਾਵੇਗਾ"

ਇਹ ਗੱਲ ਸੁਣ ਕੇ ਸਾਂਪੁਰਾ ਪਿੰਡ ਵਾਲਾ ਅਮਰ ਸਿੰਘ ਭੜ੍ਹਕ ਉਠਿਆ। ਉਹ ਅਠਾਹਰਵੀਂ ਸਦੀ ਵਿਚ ਹੋਂਦ ਚ ਆਏ ਸਿੱਖਾਂ ਦੇ ਇੱਕ ਖਾੜਕੂ ਨਿਹੰਗ ਫਿਰਕੇ ਨਾਲ ਸਬੰਧਿਤ ਨਿਹੰਗ ਸਿੰਘ ਸੀ। ਉਸ ਦਾ ਵਿਲੱਖਣ ਕੱਦ-ਕਾਠ, ਇਤਿਹਾਸਕ ਕਾਲ ਦੀ ਗਲਤੀ ਦਾ ਅਹਿਸਾਸ ਕਰਾਉਂਦਾ ਪਹਿਰਾਵਾ, ਲੋਹੇ ਦੇ ਚੱਕਰਾਂ ਨਾਲ ਸ਼ਿੰਗਾਰੀ ਗੂੜ੍ਹੇ ਨੀਲੇ ਰੰਗ ਦੀ ਭਾਰੀ ਪੱਗੜੀ, ਗੂੜ੍ਹੇ ਰੰਗ ਦੀ ਪੁਸ਼ਾਕ ਅਤੇ ਪੇਟੀ ਵਿਚ ਪਾ ਕੇ ਮੋਢੇ 'ਤੇ ਲਟਕਾਈ ਵਿੰਗੀ ਤੇ ਲੰਮੀ ਤਲਵਾਰ ਨਾਲ, ਸਜਾਏ ਕਿ ਉਸ ਵਿਲੱਖਣ ਦਿੱਖ ਵਾਲੇ ਸਿੱਖ ਦੀ ਗੱਲ ਦਾ ਪ੍ਰਭਾਵ ਦੇਖੇ ਹੀ ਬਣਦਾ ਸੀ।

"ਮੈਂ ਚਾਹੁੰਦਾ ਹਾਂ ਕਿ ਤੂੰ ਵੀ ਉਸੇ ਹਾਲਾਤ ਵਿਚ ਇੱਥੇ ਰਹੇਂ ਜਿਸ ਤਰ੍ਹਾਂ ਪਿਛਲੇ ਤਿੰਨ ਦਿਨ ਤੋਂ ਅਸੀਂ ਬਿਨਾਂ ਪਾਣੀ ਤੋਂ ਰਹਿ ਰਹੇ ਹਾਂ। ਤਾਂ ਕਿ ਵਿਅਕਤੀਗਤ ਤੌਰ 'ਤੇ ਤੈਨੂੰ ਵੀ ਪਤਾ ਲੱਗੇ ਕਿ ਪਾਣੀ ਤੋਂ ਬਿਨਾਂ ਕਿਸ ਤਰ੍ਹਾਂ ਮਹਿਸੂਸ ਹੁੰਦਾ ਹੈ। ਅਤੇ ਅਜਿਹੇ ਹਾਲਾਤ ਵਿਚ ਸਮੂਹਕ ਤੌਰ 'ਤੇ ਬੰਦਿਆਂ ਦਾ ਕੀ ਹਾਲ ਹੋਇਆ ਹੋਵੇਗਾ। ਤੈਨੂੰ ਪਾਣੀ ਵੀ ਮਿਲ ਰਿਹਾ ਹੈ ਤੇ ਤਿੰਨ ਵਕਤ ਦਾ ਖਾਣਾ ਵੀ, ਸਾਨੂੰ ਕੁਝ ਨਹੀਂ ਮਿਲ ਰਿਹਾ। ਜੇਕਰ ਤੈਨੂੰ ਤਿੰਨ-ਚਾਰ ਘੰਟੇ ਲਈ ਵੀ ਭੁੱਖਾ ਰਹਿਣਾ ਪਵੇ ਤਾਂ ਆਪਣੇ ਖਾਣ ਵਾਸਤੇ ਝੱਟ ਕੋਈ ਨਾ ਕੋਈ ਇੰਤਜ਼ਾਮ ਕਰ ਲਵੇਂ। ਪਰ ਸਾਨੂੰ ਤਾਂ ਕੁਝ ਖਾਧੇ ਨੂੰ, ਤਿੰਨ ਦਿਨ ਤੋਂ ਵੀ ਜ਼ਿਆਦਾ ਸਮਾਂ ਹੋ ਗਿਆ ਹੈ। ਜਦੋਂ ਤੋਂ ਇਹ ਜਹਾਜ਼ ਇੱਥੇ ਆਇਆ ਹੈ, ਤੂੰ ਸ਼ਾਇਦ ਤਿੰਨ ਵਾਰ ਇੱਥੇ ਆਇਆ ਹੈਂ। ਅਸੀਂ ਕਈ ਮਸਲਿਆਂ ਬਾਰੇ ਤੈਨੂੰ ਚਿੱਠੀਆਂ ਲਿਖੀਆਂ ਅਤੇ ਸ਼ਿਕਾਇਤਾਂ ਕੀਤੀਆਂ। ਅਸੀਂ ਜਹਾਜ਼ ਉੱਪਰ ਆਉਣ ਵਾਲੇ ਅਫ਼ਸਰਾਂ ਤੋਂ ਪਤਾ ਕਰਦੇ ਸੀ ਤਾਂ ਉਨ੍ਹਾਂ ਦਾ ਇੱਕੋ ਜਵਾਬ ਹੁੰਦਾ ਸੀ, "ਮਿਸਟਰ ਰੀਡ ਇਸ ਮਸਲੇ ਬਾਰੇ ਕੁਝ ਕਰ ਰਹੇ ਹਨ, ਜਾਂ ਫਿਰ ਕਹਿ ਦਿੰਦੇ ਸਨ। "ਮੈਨੂੰ ਨਹੀਂ ਪਤਾ " ਤੂੰ ਇਸ ਜਹਾਜ਼ ਉੱਪਰ ਸਿਰਫ਼ ਤਿੰਨ ਵਾਰ ਆਇਆ ਹੈਂ ਅਤੇ ਹੁਣ ਜਦ ਆ ਗਿਆ ਹੈਂ ਤਾਂ ਅਸੀਂ ਤੈਨੂੰ ਉੱਨੀ ਦੇਰ ਨਹੀਂ ਜਾਣ ਦੇਣਾ, ਜਿੰਨੀ ਦੇਰ ਤੱਕ, ਰਾਸ਼ਨ ਤੇ ਪਾਣੀ ਭੇਜਣ ਵਾਲਾ ਤੇਰਾ ਵਾਅਦਾ ਪੂਰਾ ਨਹੀਂ ਹੋ ਜਾਂਦਾ।"

ਇਹ ਸ਼ਬਦ ਭਾਵੇਂ ਬਹੁਤ ਧਮਕੀ ਭਰੇ ਸਨ, ਪਰ ਇਹ, ਬੋਲਣ ਵਾਲੇ ਦੀ ਮਨਸ਼ਾ ਦੀ ਹਕੀਕੀ ਨੁਮਾਇੰਦਗੀ ਨਹੀਂ ਕਰਦੇ ਸਨ। ਇਹਨਾਂ ਸ਼ਬਦਾਂ ਪਿਛੇ ਛੁਪੇ ਭਾਵ-ਅਰਥਾਂ ਤੋਂ, ਲੰਘ ਚੁੱਕੇ 7 ਹਫ਼ਤਿਆਂ ਦੌਰਾਨ, ਮੁਸਾਫ਼ਰਾਂ ਦੇ ਉਸ ਉੱਚੇ-ਸੁੱਚੇ ਚਾਲ-ਚਲਨ ਬਾਰੇ ਬਹੁਤ ਕੁਝ ਪਤਾ ਚੱਲਦਾ ਸੀ। ਜਿਸ ਕਾਰਨ ਰੀਡ ਆਪਣੀ ਟੀਮ ਵਿਚ ਔਰਤਾਂ ਨੂੰ ਵੀ ਸ਼ਾਮਲ ਕਰਕੇ ਲੈ ਆਉਂਦਾ ਸੀ। ਹੁਣ ਵੀ ਜਦੋਂ ਔਰਤ ਸਟੈਨੋਗ੍ਰਾਫਰਾਂ ਨੂੰ ਸੁਰੱਖਿਆ ਕਾਰਨਾਂ ਕਰਕੇ ਕਿਸ਼ਤੀ ਉੱਪਰ ਭੇਜ ਦਿੱਤਾ ਗਿਆ ਸੀ, ਕਿਸੇ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਨਹੀਂ ਕੀਤੀ ਸੀ। ਤੱਟ ਉੱਪਰ ਪੱਤਰਕਾਰਾਂ

ਨੇ ਸਮਝਿਆ ਕਿ ਕੋਈ ਭਿਆਨਕ ਘਟਨਾ ਵਾਪਰ ਗਈ ਹੈ। ਉਨ੍ਹਾਂ ਦੇ ਸਵਾਲਾਂ ਦੇ ਜਵਾਬ ਵਿਚ ਦੱਸਿਆ ਗਿਆ ਕਿ ਮੁਸਾਫ਼ਰ ਹਿੰਸਾ ਕਰਨ ਲਈ ਉਤਾਰੂ ਸਨ ਅਤੇ ਹਾੱਪਕਿਨਸਨ ਦੀਆਂ ਕੂਟਨੀਤਿਕ ਚਾਲਾਂ ਕਾਰਨ, ਲੜਾਈ-ਝਗੜਾ ਹੋਣ ਦੇ ਕੁਝ ਮੌਕੇ ਟਾਲ ਦਿੱਤੇ ਗਏ ਸਨ। ਰੀਡ ਨੇ ਅਮਰ ਸਿੰਘ ਨਿਹੰਗ ਦੇ ਸ਼ਬਦਾਂ ਨੂੰ ਧਮਕੀ ਦੇ ਤੌਰ 'ਤੇ ਲਿਆ ਸੀ। ਉਸ ਨੂੰ ਵਿਸ਼ਵਾਸ ਹੋ ਗਿਆ ਸੀ ਕਿ ਸਭਾ-ਹਾਲ ਦਾ ਮੁੱਖ ਦਰਵਾਜ਼ਾ ਉਸਨੂੰ ਲੰਘਣ ਤੋਂ ਰੋਕਣ ਲਈ ਬੰਦ ਕਰ ਦਿੱਤਾ ਹੈ ਅਤੇ ਆਪਣੇ ਸਵੈਮਾਨ ਨੂੰ ਸੰਭਾਲਦਿਆਂ, ਉਹ ਪਿਛਲੇ ਦਰਵਾਜ਼ੇ ਰਾਹੀਂ ਬਾਹਰ ਚੁੱਪ-ਚਾਪ ਨਿਕਲਿਆ ਅਤੇ ਡੈੱਕ ਉੱਪਰਲੀ ਭੀੜ ਨੂੰ ਚੀਰਦਾ ਹੋਇਆ ਫੱਟਾ-ਲਾਂਘੇ ਤੱਕ ਪਹੁੰਚ ਗਿਆ। ਪਾਣੀ ਅਤੇ ਖਾਣੇ ਦੀ ਆਰਜ਼ੀ ਤੌਰ 'ਤੇ ਪੂਰਤੀ ਦੀ ਪੇਸ਼ਕਸ਼ ਕਰਨ ਬਾਰੇ, ਹਾੱਪਕਿਨਸਨ ਦੀ ਸਲਾਹ ਨੂੰ ਸਵੀਕਾਰ ਕਰਕੇ, ਰੀਡ ਕਿਸ਼ਤੀ ਛੱਡਣ ਦੇ ਤਿੰਨ ਘੰਟੇ ਬਾਅਦ, ਫਿਰ ਵਾਪਸ ਉਸੇ ਕਿਸ਼ਤੀ ਵਿਚ ਪਹੁੰਚ ਗਿਆ ਸੀ।

ਆਪਣੇ ਵਾਅਦੇ ਅਨੁਸਾਰ, ਰੀਡ ਆਪਣੇ ਕਈ ਅਧਿਕਾਰੀਆਂ ਤੇ ਸਥਾਨਕ ਪੁਲਿਸ ਦੇ ਇੱਕ ਇੰਸਪੈਕਟਰ ਸਮੇਤ, ਡੇਢ ਦਿਨ ਲਈ ਲੋੜੀਂਦਾ ਆਟਾ, ਬੰਦ ਗੋਭੀ ਅਤੇ ਪਾਣੀ ਲੈਕੇ ਉਸੇ ਸ਼ਾਮ ਵਾਪਸ ਪਹੁੰਚ ਗਿਆ ਸੀ। ਆਪਣੀ ਸੁਰੱਖਿਅਤ ਕਿਸ਼ਤੀ ਤੋਂ ਬੋਲਦੇ ਹੋਏ ਉਸ ਨੇ ਕਿਹਾ ਕਿ ਸਰਕਾਰ ਆਪਣੇ ਵਾਅਦੇ ਤੋਂ ਨਹੀਂ ਮੁਕਰੀ, ਪਰ ਰਾਸ਼ਨ ਮੁਹੱਈਆ ਕਰਵਾਉਣ ਦੀ ਜ਼ਿੰਮੇਵਾਰੀ ਅਜੇ ਵੀ ਜਹਾਜ਼ ਦੇ ਮਾਲਕਾਂ, ਕਿਰਾਏਦਾਰ ਅਤੇ ਕਪਤਾਨ ਦੀ ਬਣਦੀ ਸੀ। ਉਸਨੇ ਕਿਹਾ ਕਿ ਉਸਨੂੰ ਅਫ਼ਸੋਸ ਹੈ ਕਿ ਹਾਂਗਕਾਂਗ ਤੇ ਵੈਨਕੂਵਰ ਵਿਚਲੇ ਵਕੀਲ਼ਾਂ ਨੇ ਮੁਸਾਫ਼ਰਾਂ ਨੂੰ, ਅਦਾਲਤਾਂ ਵਿਚ ਕੇਸ ਜਿੱਤ ਜਾਣ ਦੇ ਝੂਠੇ ਵਾਅਦਿਆਂ ਨਾਲ ਗੁੰਮਰਾਹ ਕੀਤਾ ਹੈ। ਅਤੇ ਉਸ ਨੇ ਉਨ੍ਹਾਂ ਨੂੰ ਯਾਦ ਕਰਵਾਇਆ ਕਿ ਉਹ ਸ਼ਹਿਰ ਦੇ ਕਾਨੂੰਨ ਅਤੇ ਸਥਾਨਕ ਪੁਲਿਸ ਦੀ ਪ੍ਰਭੂਤਾ ਦੇ ਅਧੀਨ ਸਨ। ਬਾਅਦ ਵਿਚ ਉਸ ਨੇ ਰਾਸ਼ਨ ਨੂੰ ਜਹਾਜ਼ ਦੇ ਡੈੱਕ ਉੱਪਰ ਪਹੁੰਚਾਉਣ ਲਈ ਆਦੇਸ਼ ਦੇ ਦਿੱਤਾ। ਇੱਕ ਚੱਪੂ ਵਾਲੀ ਕਿਸ਼ਤੀ ਰਾਹੀਂ ਉਥੇ ਪਹੁੰਚੇ ਪੱਤਰਕਾਰ, ਮੁਸਾਫ਼ਰਾਂ ਵਲੋਂ ਰਾਸ਼ਨ ਮਿਲਣ'ਤੇ ਦਿਖਾਏ ਗਏ ਸਨਿਮਰ ਵਤੀਰੇ ਨੂੰ ਦੇਖ ਕੇ ਹੈਰਾਨ ਰਹਿ ਗਏ ਸਨ। ਸਥਾਨਕ ਰੋਜ਼ਾਨਾ ਅਖਬਾਰ 'ਨਿਊਜ਼-ਐਡਵਰਟਾਈਜ਼ਰ' ਦਾ ਪੱਤਰਕਾਰ ਕਿਸੇ ਤਰ੍ਹਾਂ ਜਹਾਜ਼ ਉੱਪਰ ਪਹੁੰਚਣ ਵਿਚ ਕਾਮਯਾਬ ਹੋ ਗਿਆ ਸੀ। ਜੋ ਕਿ ਜਹਾਜ਼ ਦੇ ਵੈਨਕੂਵਰ ਪਹੁੰਚਣ ਤੋਂ ਬਾਅਦ, ਇੰਝ ਕਰਨ ਵਾਲਾ ਪਹਿਲਾ ਪੱਤਰਕਾਰ ਸੀ। ਉਸ ਨੇ ਜਹਾਜ਼ ਦੇ ਅਗਲੇ ਸਿਰੇ ਤੋਂ ਪਿਛਲੇ ਸਿਰੇ ਤੱਕ ਗੇੜਾ ਲਾਇਆ, ਇੱਕ ਬਾਰੀ ਵਿਚੋਂ ਝਾਕ ਕੇ, ਥੱਲੇ ਸੌਣ ਵਾਲੇ ਫੱਟਿਆਂ ਦੀਆਂ ਕਤਾਰਾਂ ਦੇਖੀਆਂ ਅਤੇ ਗੁਰਦਵਾਰੇ ਦੇ ਦਰਸ਼ਨ ਵੀ ਕੀਤੇ ਜਿੱਥੇ ਕਈ ਵਿਅਕਤੀ ਅਰਦਾਸ ਕਰ ਰਹੇ ਸਨ। ਉਸ ਨੇ ਦੇਖਿਆ ਕਿ ਜਹਾਜ਼ ਬਹੁਤ ਸਾਫ਼ ਸੀ ਅਤੇ ਡੈੱਕ ਉੱਪਰ ਰਾਖ ਨਾਲ ਢਕੇ ਹੋਏ ਕੂੜੇ-ਕਰਕਟ ਦੇ ਢੇਰ ਦੀ ਗੰਧ ਵੀ ਉਨ੍ਹੀ ਬਦਬੂਦਾਰ ਨਹੀਂ ਸੀ, ਜਿੰਨਾ ਇਸ ਬਾਰੇ ਉਸ ਨੂੰ ਦੱਸਿਆ ਗਿਆ

ਸੀ। ਮੁਸਾਫ਼ਰ ਪੂਰੀ ਤਰ੍ਹਾਂ ਮਿਲਣਸਾਰ ਨਹੀਂ ਸਨ, ਪਰ ਇਤਨੇ ਵੈਰ-ਭਾਵੀ ਵੀ ਨਹੀਂ ਸਨ। ਉਸ ਨੇ ਦਲਜੀਤ ਸਿੰਘ ਕਾਉਣੀ-ਜਿਸਦਾ ਇਸ ਪੱਤਰਕਾਰ ਨੇ ਇੱਕ ਦੁਰਬਲ ਤੇ ਸੂਖਮਭਾਵੀ ਵਿਅਕਤੀ ਵਜੋਂ ਵਰਨਣ ਕੀਤਾ-ਨੂੰ ਪੁੱਛਿਆ ਕਿ ਉਸਨੂੰ ਕਿਹੜਾ ਵਿਅਕਤੀ ਸਭ ਤੋਂ ਜ਼ਿਆਦਾ ਵਿਰੋਧੀ ਵਤੀਰੇ ਵਾਲਾ ਲੱਗਿਆ। ਦਲਜੀਤ ਸਿੰਘ ਦਾ ਜਵਾਬ ਬਹੁਤ ਸਾਵਧਾਨੀ ਭਰਿਆ ਅਤੇ ਸਮਝੌਤਾਵਾਦੀ ਤਰਜ਼ ਵਾਲਾ ਸੀ:

"ਸਾਡੇ ਕੋਲ ਕਨੇਡੀਅਨ ਲੋਕਾਂ ਦੇ ਰੌਂਅ ਤੇ ਵਤੀਰੇ ਬਾਰੇ ਸ਼ਿਕਾਇਤ ਕਰਨ ਦਾ ਕੋਈ ਕਾਰਨ ਮੌਜੂਦ ਨਹੀਂ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਸਾਨੂੰ ਅਦਾਲਤਾਂ ਤੋਂ ਇਨਸਾਫ਼ ਮਿਲਿਆ ਹੈ ਅਤੇ ਇਸ ਬਾਰੇ ਸਾਨੂੰ ਕੋਈ ਸ਼ਿਕਾਇਤ ਨਹੀਂ ਹੈ। ਪਰ ਸਾਨੂੰ ਆਪਣੀ ਖੁਦ ਦੀ ਸਰਕਾਰ ਉੱਪਰ ਬਹੁਤ ਗਿਲਾ ਹੈ, ਜੋ ਇੰਨੀ ਵੀ ਮਜ਼ਬੂਤ ਨਹੀਂ ਹੈ ਕਿ ਇਹ ਸੁਨਿਸ਼ਚਿਤ ਕਰਾ ਸਕੇ ਕਿ ਬ੍ਰਿਟਿਸ਼ ਪਰਜਾ ਹੋਣ ਦੇ ਨਾਤੇ, ਹਿੰਦੂਆਂ ਨੂੰ ਸਾਮਰਾਜ ਵਿਚ ਕਿਤੇ ਵੀ ਜਾ ਕੇ ਰਹਿਣ ਦੀ ਇਜ਼ਾਜਤ ਹੋਵੇ।"

(ਦੂਜੇ) ਦਿਨ ਦੇ 'ਵੈਨਕੂਵਰ ਸਨ' ਨਾਮ ਦੇ ਅਖਬਾਰ ਦੀ ਸੰਪਾਦਕੀ ਪੜ੍ਹ ਕੇ ਪ੍ਰਤੀਤ ਹੁੰਦਾ ਸੀ, ਕਿ ਨਗਰ-ਪਾਲਕਾ ਤੇ ਸੰਘੀ ਅਧਿਕਾਰੀਆਂ ਵਲੋਂ, ਮੁਸਾਫ਼ਰਾਂ ਦੀ ਭਲਾਈ ਪ੍ਰਤੀ ਦਿਖਾਈ ਗਈ ਨਿਰਦਇਤਾ ਨੇ ਕੁਝ ਕਨੇਡਾ ਵਾਸੀਆਂ ਨੂੰ ਮਾਯੂਸ ਕੀਤਾ ਸੀ। ਰੀਡ ਨੇ ਖ਼ਾਸ ਤੌਰ 'ਤੇ ਅਤੇ ਬਿਨਾਂ ਕਿਸੇ ਠੋਸ ਕਾਰਨ ਦੇ, ਮੁਸਾਫ਼ਰਾਂ ਦੇ ਹਾਲਾਤ ਪ੍ਰਤੀ ਬੇਰੁਖੀ ਦਿਖਾਈ, ਕਿਉਂਕਿ ਰਾਸ਼ਨ ਦੀ ਪੂਰਤੀ ਦਾ ਆਦੇਸ਼ ਦੇਣ ਨਾਲ ਸਰਕਾਰ ਨੂੰ ਕੋਈ ਫ਼ਰਕ ਨਹੀਂ ਪੈਂਣਾ ਸੀ। ਸਰਕਾਰ ਆਪਣੇ ਖਰਚ ਦੀ ਭਰਪਾਈ ਲਈ ਕਦੇ ਵੀ, ਜਹਾਜ਼ ਦੇ ਮਾਲਕਾਂ ਵਿਰੁੱਧ ਕਾਨੂੰਨੀ ਕਾਰਵਾਈ ਕਰ ਸਕਦੀ ਸੀ। ਹਕੀਕਤ ਵਿਚ, ਰੀਡ ਨੇ ਰਾਸ਼ਨ ਦੇ ਖਰਚੇ ਦਾ ਬਿਲ ਅਗਲੀ ਸਵੇਰ ਹੀ, ਜਹਾਜ਼ ਦੇ ਕਪਤਾਨ ਯਾਮਾਮੋਟੋ ਨੂੰ ਭੇਜ ਦਿੱਤਾ ਸੀ। ਉਪ ਮੰਤਰੀ ਨੂੰ ਲਿਖੇ ਪੱਤਰ ਵਿਚ ਆਪਣੀ ਕਾਰਵਾਈ ਬਾਰੇ ਸਪੱਸ਼ਟ ਕਰਦਿਆਂ ਹਾੱਪਕਿਨਸਨ ਨੇ ਲਿਖਿਆ ਸੀ ਕਿ ਉਸਨੂੰ ਯਕੀਨ ਸੀ ਕਿ ਸਰਕਾਰ ਇਹ ਬਿਲਕੁਲ ਨਹੀਂ ਚਾਹੁੰਦੀ ਸੀ ਕਿ ਮੁਸਾਫ਼ਰ ਭੁੱਖ ਨਾਲ ਮਰ ਜਾਣ। ਇਸ ਯਕੀਨ ਵਿਚ ਕਿਸੇ ਸ਼ੱਕ ਦੀ ਗੁੰਜ਼ਾਇਸ਼ ਬਾਰੇ ਸੋਚਣਾ ਵੀ ਇੱਕ ਅਜੀਬ ਗੱਲ ਹੋਵੇਗੀ। ਹਾੱਪਕਿਨਸਨ ਤੱਟ ਤੇ ਜਹਾਜ਼ ਉੱਪਰਲੇ ਗਰਮ ਖਿਆਲੀ ਆਗਊਆਂ ਦੀ ਚੁੱਕ ਵਿਚ ਆਏ ਹੋਏ ਅਤੇ ਉਤਸ਼ਾਹਿਤ ਕੀਤੇ ਹੋਏ ਮੁਸਾਫ਼ਰਾਂ ਵਲੋਂ, ਵਧੇਰੇ ਤਿੱਖੀ ਤੇ ਗੰਭੀਰ ਲੜਾਈ ਕੀਤੇ ਜਾਣ ਦੀ ਸੰਭਾਵਨਾ ਬਾਰੇ ਸੋਚ ਕੇ ਚਿੰਤਿਤ ਸੀ। ਟੇਢੇ ਢੰਗ ਨਾਲ ਰੀਡ ਦੀ ਆਲੋਚਨਾ ਕਰਦਿਆਂ ਉਸ ਨੇ ਅੱਗੇ ਲਿਖਿਆ ਕਿ "ਉਹ ਹਰ ਸੰਭਵ ਕੋਸ਼ਿਸ਼ ਕਰ ਰਿਹਾ ਸੀ ਕਿ ਮੁਸਾਫ਼ਰਾਂ ਤੇ ਸਰਕਾਰੀ ਅਧਿਕਾਰੀਆਂ ਵਿਚਕਾਰ ਕੋਈ ਜਿਸਮਾਨੀ ਟੱਕਰ ਨਾ ਹੋਵੇ"

ਰੀਡ ਨੇ ਕਾਮਾਗਾਟਾ ਮਾਰੂ ਉੱਪਰ ਖੁਦ ਦੀ ਹੋਈ ਝਾੜ੍ਹ-ਝੰਬ ਤੋਂ ਕੋਈ ਸਬਕ

ਨਹੀਂ ਸਿੱਖਿਆ ਸੀ। 10 ਜੁਲਾਈ ਦਿਨ ਵੀਰਵਾਰ ਨੂੰ ਵੈਨਕੂਵਰ ਇਮੀਗਰੇਸ਼ਨ ਵਿਭਾਗ ਨੇ, ਮੁਸਾਫ਼ਰਾਂ ਵੱਲੋਂ ਜਾਂਚ ਵਿਚ ਹਿੱਸਾ ਲੈਣ ਤੋਂ ਇਨਕਾਰ ਕਰਨ ਦਾ ਹਵਾਲਾ ਦੇ ਕੇ, ਦੇਸ਼-ਨਿਕਾਲੇ ਦੇ ਦਸਤਾਵੇਜ਼ ਤਿਆਰ ਕਰ ਲਏ। ਜਹਾਜ਼ ਦੀ ਵਾਪਸੀ ਦੌਰਾਨ ਲੋੜੀਂਦੇ ਰਾਸ਼ਨ ਬਾਰੇ, ਕਿਸੇ ਨੇ ਵੀ ਕੋਈ ਵਾਅਦਾ ਜਾਂ ਇੰਤਜ਼ਾਮ ਨਹੀਂ ਕੀਤਾ ਸੀ। ਹਾਲਾਤ ਦੀ ਵਧੇਰੇ ਜਾਣਕਾਰੀ ਰੱਖਣ ਵਾਲੇ ਲੋਕ ਸਮਝਦੇ ਸਨ ਕਿ ਰਾਸ਼ਨ ਦਾ ਇੰਤਜ਼ਾਮ ਸਰਕਾਰ ਨੂੰ ਕਰਨਾ ਪੈਣਾ ਸੀ। ਪਰ ਬਦਕਿਸਮਤੀ ਨੂੰ ਓਟਾਵਾ ਵਿਚ ਬੈਠੇ ਅਧਿਕਾਰੀਆਂ ਨੂੰ ਹਾਲਾਤ ਦੀ ਪੂਰੀ ਜਾਣਕਾਰੀ ਨਹੀਂ ਸੀ। ਅਤੇ ਰੀਡ ਅਜਿਹਾ ਸ਼ਖਸ ਨਹੀਂ ਸੀ ਜੋ ਇਹ ਜਾਣਕਾਰੀ ਦਿੰਦਾ। ਇਸ ਦੀ ਬਜਾਏ, ਉਸ ਦਾ ਪੂਰਾ ਧਿਆਨ ਤੱਟਈ ਕਮੇਟੀ ਦੇ ਮੈਂਬਰਾਂ, ਹੁਸੈਨ ਰਹੀਮ ਤੇ ਭਾਗ ਸਿੰਘ ਭਿੱਖੀਵਿੰਡ ਉੱਪਰ ਕੇਂਦਰਿਤ ਸੀ। ਉਸ ਕੋਲ ਚਿੰਤਾ ਕਰਨ ਦੇ ਠੋਸ ਕਾਰਨ ਮੌਜੂਦ ਸਨ। ਆਪਣੇ ਪੈਸੇ ਦੀ ਵਾਪਸੀ ਲਈ, ਉਹ ਜਹਾਜ਼ ਨੂੰ ਬੰਦੀ ਬਣਾਉਣ ਵਾਸਤੇ, ਕਾਨੂੰਨੀ ਕਾਰਵਾਈ ਕਰਨ ਦੀ ਧਮਕੀ ਦੇ ਰਹੇ ਸਨ। ਉਸ ਨੇ ਅਜਿਹੀਆਂ ਰਿਪੋਰਟਾਂ ਵੀ ਸੁਣ ਰੱਖੀਆਂ ਸਨ ਕਿ ਕੁਝ ਮੁਸਾਫ਼ਰਾਂ ਨੇ ਛੋਟੇ ਹਵਾਈ ਜਹਾਜ਼ ਦਾ ਇੰਤਜ਼ਾਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਸਨ ਅਤੇ ਤੱਟ ਉੱਪਰ ਪਹੁੰਚਾਉਣ ਲਈ ਪੰਜ ਪੌਂਡ ਪ੍ਰਤੀ ਵਿਅਕਤੀ ਦੇਣ ਦੀ ਪੇਸ਼ਕਸ਼ ਕੀਤੀ ਸੀ। ਅਜਿਹੀਆਂ ਅਫ਼ਵਾਹਾਂ ਵੀ ਹਵਾ ਵਿਚ ਸਨ ਕਿ ਸਾਰੇ ਮੁਸਾਫ਼ਰਾਂ ਦੇ ਇੱਕ ਸਾਥ ਭੱਜ ਨਿਕਲ ਜਾਣ ਦੀ ਕਾਰਵਾਈ ਉੱਪਰ ਪਰਦਾ ਪਾਉਣ ਲਈ, ਜਹਾਜ਼ ਉੱਪਰ ਪਏ ਹੋਏ ਕੋਲੇ ਨੂੰ ਅੱਗ ਲਾਉਣ ਦੀ ਯੋਜਨਾ ਬਣਾਈ ਜਾ ਰਹੀ ਸੀ। ਰੀਡ ਨੂੰ ਅਜਿਹਾ ਹੋ ਜਾਣ ਦੀ ਆਸ਼ੰਕਾ ਸੀ। ਅਤੇ ਇਸ ਨੂੰ ਰੋਕਣ ਲਈ ਉਹ ਸਿਰਫ਼ ਬਲ ਪ੍ਰਯੋਗ ਉੱਪਰ ਭਰੋਸਾ ਕਰਦਾ ਸੀ। ਜਹਾਜ਼ ਉੱਪਰਲੇ ਵਿਅਕਤੀਆਂ ਨੂੰ ਉਸ ਨੇ ਕੋਈ ਭਰੋਸਾ ਨਹੀਂ ਸੀ ਦਿੱਤਾ। ਪੂਰੇ ਪ੍ਰਸ਼ਾਂਤ ਮਹਾਂਸਾਗਰ ਨੂੰ ਪਾਰ ਕਰਨ ਦੀ ਗੱਲ ਤਾਂ ਇੱਕ ਪਾਸੇ, ਉਨ੍ਹਾਂ ਨੂੰ ਇਥੋਂ ਤੱਕ ਵੀ ਪਤਾ ਨਹੀਂ ਸੀ ਕਿ 24 ਘੰਟੇ ਬਾਅਦ, ਉਨ੍ਹਾਂ ਨੂੰ ਖਾਣਾ ਮਿਲਣਾ ਵੀ ਸੀ ਜਾਂ ਨਹੀਂ।

ਉਹ ਹੋਰ ਪ੍ਰਸਿਥਿਤੀਆਂ ਵਿਚ ਕਿਵੇਂ ਵੀ ਵਿਚਰਦਾ ਹੋਵੇ ਪਰ ਇਹਨਾਂ ਹਾਲਾਤਾਂ ਨੇ ਮਾਲਕਮ ਰੀਡ ਦੇ ਵਤੀਰੇ ਦੇ ਝਗੜਾਲੂ ਪੱਖ ਨੂੰ ਉਜਾਗਰ ਕਰ ਦਿੱਤਾ ਸੀ ਅਤੇ ਵੈਨਕੂਵਰ ਵਿਚ ਅਜਿਹਾ ਕੋਈ ਵਿਅਕਤੀ ਨਹੀਂ ਸੀ ਜੋ ਇਹ ਚਾਹੁੰਦਾ ਹੋਵੇ ਜਾਂ ਇਸ ਯੋਗ ਹੋਵੇ ਕਿ ਉਸ ਨੂੰ ਥੋੜ੍ਹਾ ਨਰਮ ਰਵੱਈਆ ਅਖਤਿਆਰ ਕਰਨ ਦੀ ਸਲਾਹ ਦੇ ਦਿੰਦਾ। ਇਹ ਵਿਅਕਤੀ ਹਾੱਪਕਿਨਸਨ ਹੋ ਸਕਦਾ ਸੀ। ਪਰ ਉਹ ਤਾਂ ਰੁਤਬੇ ਅਨੁਸਾਰ ਉਸ ਦਾ ਅਧੀਨ-ਕਰਮਚਾਰੀ ਸੀ। ਐੱਚ.ਐੱਚ.ਸਟੀਵਨਜ਼ ਨੇ ਤਾਂ ਇਹ ਸਲਾਹ ਬਿਲਕੁਲ ਹੀ ਨਹੀਂ ਦੇਣੀ ਸੀ। ਆਖਿਰਕਾਰ ਅਜਿਹੀ ਸਲਾਹ ਦੇਣ ਵਾਲੇ ਲੋਕ, ਓਟਾਵਾ ਵਿਚਲੇ ਉਸ ਦੇ ਸੀਨੀਅਰ-ਅਧਿਕਾਰੀ ਹੀ ਹੋ ਸਕਦੇ ਸਨ।

ਰਾਸ਼ਨ ਦੇ ਭੁਗਤਾਨ ਵਾਲੀ ਗੁੰਝਲ ਦਾ ਅੰਤ ਕਰਨ ਦੀ ਲੋੜ ਸੀ। ਪਰ ਰੀਡ

ਤੇ ਸਟੀਵਨਜ਼ ਵਿਚ, ਇਸ ਤੱਥ ਨੂੰ ਸਵੀਕਾਰ ਕਰਨ ਲਈ ਲੋੜੀਂਦੀ ਸਦਭਾਵਨਾ ਦੀ ਘਾਟ ਸੀ। ਸੋ 9 ਜੁਲਾਈ ਨੂੰ ਭੇਜੇ ਗਏ ਖਾਣੇ ਤੇ ਪਾਣੀ ਦੇ ਛੋਟੇ ਜਿਹੇ ਖਰਚੇ ਦਾ ਬਿਲ ਵੀ, ਕਪਤਾਨ ਯਾਮਾਮੋਟੋ ਨੂੰ ਭੇਜ ਦਿੱਤਾ ਗਿਆ। ਉਸ ਨੇ ਇਹ ਬਿਲ ਅਸਵੀਕਾਰ ਕਰ ਦਿੱਤਾ ਅਤੇ ਏਜੰਟ ਗਾਰਡਨਰ ਜੌਹਨਸਨ ਵਲੋਂ ਜਹਾਜ਼ ਦੇ ਮਾਲਕਾਂ ਲਈ ਨਿਯੁਕਤ ਕੀਤੇ ਵਕੀਲ, ਮਿਸਟਰ ਸਰ ਚਾਰਲਸ ਹਿਬਰਟ ਟੱਪਰ ਦੀ ਇਸ ਮਸਲੇ ਬਾਰੇ ਸਲਾਹ ਮੰਗੀ ਟੱਪਰ ਨੇ ਛੋਟੇ- ਮੋਟੇ ਪਿਆਦਿਆਂ ਨੂੰ ਲਾਂਭੇ ਛੱਡਦਿਆਂ, ਸਿੱਧਾ ਪ੍ਰਧਾਨ ਮੰਤਰੀ ਮਿਸਟਰ ਰੌਬਰਟ ਬੋਰਡਨ ਨੂੰ ਅਪੀਲ ਕੀਤੀ। ਟੱਪਰ ਬੋਰਡਨ ਦਾ ਪੁਰਾਣਾ ਦੋਸਤ ਸੀ। ਤੇ ਹੈਲੀਫੈਕਸ ਸ਼ਹਿਰ ਵਿਚ ਰਹਿਣ ਸਮੇਂ ਉਸ ਦੀ ਕਾਨੂੰਨੀ ਸੰਸਥਾ ਦਾ ਹਿੱਸੇਦਾਰ ਰਿਹਾ ਸੀ। ਸਭ ਤੋਂ ਅਹਿਮ ਗੱਲ, ਟੱਪਰ ਤੇ ਉਸਦੇ ਪਿਤਾ ਨੇ ਹੀ ਬੋਰਡਨ ਨੂੰ ਸਿਆਸਤ ਵਿਚ ਲੈ ਕੇ ਆਦਾਂ, ਉਸ ਨੂੰ ਅੱਗੇ ਵਧਾਇਆ ਅਤੇ ਨੈਸ਼ਨਲ ਕੰਜ਼ਰਵੇਟਿਵ ਪਾਰਟੀ ਦੀ ਮੂਹਰਲੀ ਲੀਡਰਸ਼ਿਪ ਵਿਚ ਥਾਂ ਦਿਵਾਈ ਸੀ। ਟੱਪਰ ਪ੍ਰਭਾਵੀ ਰਸੂਖ ਰੱਖਣ ਵਾਲਾ ਇੱਕ ਧੜੱਲੇਦਾਰ ਸਿਆਸੀ ਆਗੂ ਸੀ। ਇਸ ਲਈ ਜਦ 10 ਜੁਲਾਈ ਦਿਨ ਸ਼ੁਕਰਵਾਰ ਨੂੰ ਉਸਨੇ ਪ੍ਰਧਾਨ ਮੰਤਰੀ ਨੂੰ ਇਹ ਲਿਖਦੇ ਹੋਏ ਤਾਰ ਦਿੱਤੀ, ਕਿ ਭਾਵੇਂ ਉਸਦੀ ਕਾਨੂੰਨੀ ਸੰਸਥਾ, ਜਾਪਾਨੀ ਮਾਲਕਾਂ ਦੀ ਨੁਮਾਇੰਦਗੀ ਕਰਦੀ ਸੀ ਪਰ "ਮੈਂ ਤੁਹਾਨੂੰ ਆਪਣੀ ਨਿੱਜੀ ਹੈਸੀਅਤ ਵਿਚ ਸੰਬੋਧਨ ਕਰ ਰਿਹਾ ਹਾਂ, ਤਾਂ ਉਸ ਨੂੰ ਕੋਈ ਸਾਰਥਕ ਸਿੱਟਾ ਨਿਕਲਣ ਦੀ ਪੱਕੀ ਉਮੀਦ ਸੀ।

ਮੰਗਲਵਾਰ ਤੱਕ ਰੀਡ ਨੂੰ ਉਹ ਸਾਰੀ ਕਾਰਵਾਈ ਕਰਨ ਲਈ ਆਦੇਸ਼ ਦੇ ਦਿੱਤਾ ਗਿਆ ਜਿਸ ਦੀ ਸਿਫ਼ਾਰਸ਼ ਟੱਪਰ ਨੇ ਪ੍ਰਧਾਨ ਮੰਤਰੀ ਕੋਲ ਕੀਤੀ ਸੀ। ਇਸ ਦਾ ਮਤਲਬ ਸੀ ਕਿ ਵਾਪਸੀ ਯਾਤਰਾ ਲਈ ਲੋੜੀਂਦੇ ਰਾਸ਼ਨ ਦਾ ਭੁਗਤਾਨ, ਕਨੇਡਾ ਸਰਕਾਰ ਨੇ ਕਰਨਾ ਸੀ। ਇਹ ਨਿਹਾਇਤ ਜ਼ਰੂਰੀ ਰਿਆਇਤ ਸੀ। ਪਰ ਇਸ ਉੱਪਰ ਵੀ ਇੱਕ ਸ਼ਰਤ ਲਗਾ ਦਿੱਤੀ ਗਈ ਸੀ। ਸਰਕਾਰ ਇਹ ਰਸਦ ਕਾਮਾਗਾਟਾ ਮਾਰੂ ਨੂੰ ਕਨੇਡਾ ਦੀ ਪੰਜ ਕਿਲੋਮੀਟਰ ਵਾਲੀ ਸੀਮਾ ਤੋਂ ਬਾਹਰ ਚਲੇ ਜਾਣ ਬਾਅਦ ਹੀ ਦੇਵੇਗੀ, ਯਾਨੀ ਸਮੁੰਦਰੀ ਰਸਤੇ ਵੈਨਕੂਵਰ ਸ਼ਹਿਰ ਤੋਂ 250 ਕਿਲੋਮੀਟਰ ਦੀ ਦੂਰੀ ਉਤੇ। ਇਸ ਸ਼ਰਤ ਪਿੱਛੇ ਮਨਸ਼ਾ ਇਹ ਸੀ ਕਿ ਮੁਸਾਫ਼ਰ ਇਸ ਵਾਅਦੇ ਨੂੰ ਮੰਨਦੇ ਹੋਏ, ਇੰਨੀ ਦੂਰੀ ਤੱਕ ਜਾ ਕੇ ਸਦ-ਵਿਸ਼ਵਾਸ ਦਾ ਪ੍ਰਗਟਾਵਾ ਕਰਨ। ਇਹ ਸਮਝੌਤਾਕਾਰੀ ਵਿਚਾਰ ਟੱਪਰ ਦੇ ਦਿਮਾਗ ਦੀ ਉਪਜ ਸੀ। ਪਰ 250 ਕਿਲੋਮੀਟਰ ਬਹੁਤ ਵੱਡਾ ਫ਼ਾਸਲਾ ਸੀ ਅਤੇ ਮੁਸਾਫ਼ਰਾਂ ਨੂੰ ਇਹ ਤਜ਼ਵੀਜ ਨਾਲ ਸਹਿਮਤ ਕਰਨਾ ਬਹੁਤ ਮੁਸ਼ਕਿਲ ਸੀ।

ਓਟਾਵਾ ਵਿਚਲੇ ਉਸ ਦੇ ਸੀਨੀਅਰ ਅਧਿਕਾਰੀਆਂ ਵਲੋਂ ਮਹੀਨਾ ਭਰ ਪਹਿਲਾਂ ਦਿੱਤੇ ਗਏ, ਅਖਤਿਆਰਾਂ ਦੇ ਆਧਾਰ 'ਤੇ, ਰੀਡ, ਆਖਰਕਾਰ ਹੁਣ ਹਰ ਰੋਜ਼ ਇੱਕ ਦਿਨ ਦਾ ਰਾਸ਼ਨ ਸਪਲਾਈ ਕਰਨ ਲੱਗ ਪਿਆ ਸੀ। 9 ਜੁਲਾਈ ਦਿਨ ਵੀਰਵਾਰ

ਤੋਂ, ਉਹ ਹਰ ਰੋਜ਼ ਕੁਝ ਟਨ ਪਾਣੀ ਭੇਜ ਰਿਹਾ ਸੀ। ਭਾਵੇਂ ਕਿ ਬਿਲਾਂ ਦਾ ਭੁਗਤਾਨ ਨਹੀਂ ਕਰ ਰਿਹਾ ਸੀ। ਸ਼ਨੀਵਾਰ ਨੂੰ ਉਸ ਦੇ ਅਧਿਕਾਰੀਆਂ ਨੇ ਜਹਾਜ਼ ਉੱਪਰ, ਖਾਣੇ ਦੀ ਇੱਕ ਹੋਰ ਆਰਜ਼ੀ ਸਪਲਾਈ ਭੇਜੀ। ਮੁਸਾਫ਼ਰਾਂ ਵੱਲੋਂ ਵਿਸ਼ੇਸ਼ ਤੌਰ 'ਤੇ ਅਰਜ਼ਾਂ ਕੀਤੀਆਂ ਗਈਆਂ ਵਸਤਾਂ ਦੀ ਲੰਬੀ ਸੂਚੀ ਨੂੰ ਲਾਂਭੇ ਰਖਦੇ ਹੋਏ ਸਿਰਫ਼ ਆਟਾ, ਬੰਦ ਗੋਭੀ ਤੇ ਚੌਲ ਭੇਜੇ ਗਏ। ਮੁਸਾਫ਼ਰਾਂ ਨੇ ਮੱਖਣ ਦੇ ਖਤਮ ਹੋਣ ਬਾਰੇ ਜ਼ਿਆਦਾ ਸ਼ਿੱਦਤ ਨਾਲ ਸ਼ਿਕਾਇਤ ਕੀਤੀ ਸੀ। ਜਿਸ ਨਾਲ ਉਨ੍ਹਾਂ ਨੇ ਖਾਣਾ ਬਣਾਉਣਾ ਹੁੰਦਾ ਸੀ ਅਤੇ ਆਟੇ ਦੀ ਘਟੀਆ ਕੁਆਲਿਟੀ ਬਾਰੇ ਵੀ ਦੱਸਿਆ ਸੀ। ਜਿਸ ਨੂੰ ਖਾ ਕੇ ਉਹ ਬਿਮਾਰ ਪੈ ਜਾਂਦੇ ਸਨ। ਅਸਲ ਵਿਚ ਮੈਦਾ ਸਪਲਾਈ ਕੀਤਾ ਜਾਂਦਾ ਸੀ, ਆਟਾ ਨਹੀਂ, ਜੋ ਕਿ ਭਾਰਤੀ ਤਰਜ਼ ਦੀਆਂ ਰੋਟੀਆਂ ਬਣਾਉਣ ਲਈ ਜ਼ਰੂਰੀ ਸੀ। ਉਨ੍ਹਾਂ ਨੂੰ ਆਪਣੇ ਪੀਣ, ਖਾਣਾ ਬਣਾਉਣ ਤੇ ਜੈਨਰੇਟਰ ਚਲਾਉਣ ਲਈ ਲੋੜੀਂਦਾ ਪਾਣੀ ਵੀ, ਪੂਰੀ ਮਾਤਰਾ ਵਿਚ ਨਹੀਂ ਮਿਲਦਾ ਸੀ। ਜਿਸ ਕਾਰਨ ਉਨ੍ਹਾਂ ਨੂੰ ਰੋਸ਼ਨੀ ਵਾਲੇ ਬੱਲਬਾਂ ਤੇ ਫ਼ਲੱਸ਼ਾਂ ਵਿਚ ਤਾਜ਼ਾ ਪਾਣੀ ਦੀ ਸਪਲਾਈ ਕਰਨ ਵਾਲੇ ਪੰਪਾਂ ਨੂੰ, ਲਗਾਤਾਰ ਤਿੰਨ ਰਾਤਾਂ ਲਈ ਬੰਦ ਰੱਖਣਾ ਪਿਆ ਸੀ।

ਮੁਸਾਫ਼ਰਾਂ ਨੇ ਰੀਡ ਨੂੰ ਜਹਾਜ਼ ਉੱਪਰ ਸਿਹਤ ਸਬੰਧੀ ਮੁਸ਼ਕਿਲਾਂ ਤੋਂ ਜਾਣੂ ਕਰਵਾਇਆ। ਡੈੱਕ ਉੱਪਰ ਪਏ ਕੂੜੇ-ਕਰਕਟ ਕਾਰਨ ਮੱਖੀਆਂ ਤੇ ਚੂਹਿਆਂ ਦੀ ਭਰਮਾਰ ਅਤੇ ਖਾਣੇ ਤੇ ਕਸਰਤ ਦੀ ਘਾਟ ਕਾਰਨ ਫ਼ੈਲ ਰਹੀਆਂ ਬਿਮਾਰੀਆਂ ਬਾਰੇ ਯਾਦ ਕਰਵਾਇਆ। ਅਖੀਰ ਨੂੰ ਸਿਹਤ ਵਿਭਾਗ ਦੇ ਇੱਕ ਕਰਮਚਾਰੀ ਨੇ ਜਹਾਜ਼ ਦਾ ਦੌਰਾ ਕੀਤਾ। ਬਿਜਲੀ ਦੇ ਕੱਟਾਂ ਅਤੇ ਪਾਣੀ ਦੇ ਘੱਟ ਦਬਾਅ ਦੀਆਂ ਵਕਤੀ ਘਾਟਾਂ ਕਾਰਨ ਹਾਲਾਤ ਹੋਰ ਖਰਾਬ ਹੋ ਗਏ ਸਨ। ਸਿਹਤ ਕਰਮਚਾਰੀ ਨੇ ਆਪਣੀ ਰਿਪੋਰਟ ਵਿਚ ਲਿਖਿਆ:

"ਮੈਂ ਉੱਪਰਲੇ ਡੈੱਕ ਉੱਪਰ ਰਾਖ ਤੇ ਕੂੜੇ ਦਾ ਇੱਕ ਬਹੁਤ ਵੱਡਾ ਢੇਰ ਲੱਗਿਆ ਦੇਖਿਆ। ਫਲੱਸ਼ਾਂ ਬਹੁਤ ਗੰਦੀਆਂ ਸਨ ਅਤੇ ਇਹਨਾਂ ਨੂੰ ਖੁਲ੍ਹੇ ਪਾਣੀ ਨਾਲ ਧੋਣ ਦੀ ਜ਼ਰੂਰਤ ਸੀ। ਪਰ ਕੂੜੇ ਦੇ ਢੇਰਾਂ ਕਾਰਨ, ਫਲੱਸ਼ਾਂ ਵਿਚ ਛੱਡਿਆ ਪਾਣੀ, ਗੰਦ-ਮੰਦ ਨੂੰ ਰਾਖ ਦੇ ਢੇਰ ਵਿਚ ਹੀ ਜਮ੍ਹਾਂ ਕਰੇਗਾ। ਨੀਚੇ ਵਾਲੇ ਡੈੱਕ ਉੱਪਰ ਭੀੜ-ਭੜੱਕਾ ਜ਼ਿਆਦਾ ਹੈ, ਫ਼ਰਸ਼ ਗੰਦੇ ਹਨ ਅਤੇ ਬਿਮਾਰੀ ਕਾਰਨ ਕੁਝ ਹਿੰਦੂ, ਫ਼ਰਸ਼ ਉੱਪਰ ਹੀ ਖੰਘਾਰ ਸੁੱਟ ਰਹੇ ਹਨ ਮੇਰਾ ਸੁਝਾਅ ਹੈ ਕਿ ਜਹਾਜ਼ ਨੂੰ ਚੰਗੀ ਤਰ੍ਹਾਂ ਸਾਫ਼ ਕਰਕੇ ਚੂਨੇ ਦੇ ਪਾਣੀ ਨਾਲ ਧੋਤਾ ਜਾਵੇ। ਅੱਗੇ ਹੋਰ, ਜੇਕਰ ਸੰਭਵ ਹੋਵੇ ਤਾਂ ਸਾਰੇ ਹਿੰਦੂਆਂ ਨੂੰ ਪੱਤਣ-ਰੋਕ ਸਟੇਸ਼ਨ ਉੱਪਰ ਉਤਾਰ ਕੇ ਜਹਾਜ਼ ਨੂੰ ਚੰਗੀ ਤਰ੍ਹਾਂ ਧੂੰਆਂ ਦਿਤਾ ਜਾਵੇ, ਲੱਕੜੀ ਨੂੰ ਰਗੜ ਰਗੜ ਸਾਫ਼ ਕੀਤਾ ਜਾਵੇ ਅਤੇ ਸੌਣ ਵਾਲੇ ਫੱਟਿਆਂ ਨੂੰ ਚੂਨਾ ਪਾਣੀ ਨਾਲ ਧੋਇਆ ਜਾਵੇ।"

ਹੌਲੀ-ਹੌਲੀ ਰੀਡ ਤੇ ਉਸਦੇ ਸਾਥੀ ਅਧਿਕਾਰੀ, ਪੂਰੇ ਦ੍ਰਿੜ੍ਹ ਹੋ ਕੇ, ਮੁਸਾਫ਼ਰਾਂ

ਨਾਲ ਸਿੱਧੀ ਟੱਕਰ ਲੈਣ ਦੀ ਤਿਆਰੀ ਕਰ ਰਹੇ ਸਨ। 17 ਜੁਲਾਈ ਦਿਨ ਸ਼ੁਕਰਵਾਰ ਤੱਕ ਰਾਹਦਾਰੀ ਤੇ ਦੇਸ਼-ਨਿਕਾਲੇ ਸਬੰਧੀ ਸਾਰੇ ਦਸਤਾਵੇਜ਼ ਤਿਆਰ ਹੋ ਗਏ ਸਨ। ਅਤੇ ਜਹਾਜ਼ ਉੱਪਰ 42 ਟਨ ਪਾਣੀ ਪਹੁੰਚਾ ਦਿੱਤਾ ਗਿਆ ਸੀ। ਰੀਡ ਨੇ ਜਹਾਜ਼ ਨੂੰ ਘਾਟ ਉੱਪਰ ਲੱਗਣ ਦੀ ਮਨਜ਼ੂਰੀ ਨਾ ਦਿੱਤੀ ਅਤੇ ਹੁਸੈਨ ਰਹੀਮ ਤੇ ਭਾਗ ਸਿੰਘ ਭਿੱਖੀਵਿੰਡ ਨਾਲ ਜਹਾਜ਼ ਦਾ ਮਾਲ ਉਤਾਰਨ ਬਾਰੇ ਕਿਸੇ ਤਰ੍ਹਾਂ ਦੀਆਂ ਸ਼ਰਤਾਂ ਬਾਰੇ ਕੋਈ ਗੱਲਬਾਤ ਨਾ ਕੀਤੀ। ਉਹ ਇਸ ਬਾਰੇ ਗੱਲਬਾਤ ਨਹੀਂ ਕਰਨਾ ਚਾਹੁੰਦਾ ਸੀ। ਨਾ ਹੀ ਉਸ ਨੇ ਅਜੇ ਤੱਕ ਵਾਪਸੀ ਵਾਲੇ ਖਾਣੇ ਦੀ ਖਰੀਦ ਕੀਤੀ ਸੀ। ਉਹ ਅਖੀਰਲੇ ਪਲ ਤੱਕ ਇੰਤਜ਼ਾਰ ਕਰਨਾ ਚਾਹੁੰਦਾ ਸੀ ਅਤੇ ਮੁਸਾਫ਼ਰਾਂ ਕੋਲ ਹੁਣ ਪਿਛਲੀ ਸਵੇਰ ਸਪਲਾਈ ਕੀਤੇ 50 ਡਾਲਰ ਕੀਮਤ ਦੇ ਖਾਣੇ ਦੀ ਰਹਿੰਦ-ਖੂੰਹਦ ਹੀ ਬਾਕੀ ਸੀ। ਭਾਵੇਂ ਮਜ਼ਬੂਰੀ ਅਧੀਨ ਉਸਨੂੰ ਕਰਨਾ ਪਿਆ। ਪਰ ਰੀਡ ਨੂੰ ਰਵਾਨਗੀ ਤੋਂ ਪਹਿਲਾਂ ਜਹਾਜ਼ ਉੱਪਰ ਪਾਣੀ ਸਪਲਾਈ ਕੀਤੇ ਜਾਣ ਦਾ ਪਛਤਾਵਾ ਸੀ। ਪਰ ਪੰਜ ਕਿਲੋਮੀਟਰ ਵਾਲੀ ਹੱਦ ਤੱਕ ਛੋਟੀਆਂ ਕਿਸ਼ਤੀਆਂ ਨਾਲ ਪਾਣੀ ਪਹੁੰਚਾਉਣਾ ਅਸੰਭਵ ਸੀ। ਉਸਨੇ ਓਟਾਵਾ ਨੂੰ ਤਾਰ ਭੇਜੀ, "ਜੇਕਰ ਕੋਈ ਅਣਕਿਆਸਿਆ ਅੜਿੱਕਾ ਨਾ ਲੱਗਿਆ ਤਾਂ ਉਮੀਦ ਹੈ ਕਿ ਰਵਾਨਗੀ ਅੱਜ ਬਾਅਦ ਦੁਪਹਿਰ ਤੋਂ ਥੋੜ੍ਹੀ ਦੇਰ ਬਾਅਦ ਹੋ ਜਾਵੇਗੀ।"

ਮਾਲਕਮ ਰੀਡ ਦੇ ਦ੍ਰਿਸ਼ਟੀਕੋਣ ਤੋਂ, ਜ਼ਰੂਰੀ ਤੌਰ 'ਤੇ ਕਰਨ ਵਾਲਾ ਇੱਕ ਅਖੀਰੀ ਕੰਮ ਸੀ, ਡਾਕਟਰ ਰਘੁਨਾਥ ਸਿੰਘ, ਉਸਦੀ ਪਤਨੀ ਤੇ ਬੱਚੇ ਨੂੰ ਜਹਾਜ਼ ਤੋਂ ਉਤਾਰਨਾ। ਘੱਟੋ-ਘੱਟ ਉਨ੍ਹਾਂ ਲਈ ਤਾਂ ਅਗਨੀ-ਪ੍ਰੀਖਿਆ ਖਤਮ ਹੋ ਰਹੀ ਸੀ। ਜਦੋਂ ਤੋਂ ਉਸ ਨੇ ਇਮੀਗਰੇਸ਼ਨ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਸੀ, ਉਦੋਂ ਤੋਂ ਡਾਕਟਰ ਆਪਣੇ ਸਾਥੀ ਮੁਸਾਫ਼ਰਾਂ ਦੀਆਂ ਅੱਖਾਂ ਵਿਚ ਰੜਕਦਾ ਸੀ। ਗੁਰਦਿੱਤ ਸਿੰਘ ਨੇ ਰੀਡ ਨੂੰ ਚਿਤਾਵਨੀ ਦਿੱਤੀ ਸੀ ਕਿ ਜੇਕਰ ਉਹ ਕਾਮਾਗਾਟਾ ਮਾਰੂ ਉੱਪਰ ਸ਼ਾਂਤੀ ਚਾਹੁੰਦਾ ਹੈ ਤਾਂ ਉਹ ਡਾਕਟਰ ਨਾਲ ਵਿਸ਼ੇਸ਼ ਰਿਆਇਤੀ ਵਰਤਾਉ ਨਾ ਕਰੇ। ਅਤੇ ਰਘੁਨਾਥ ਸਿੰਘ ਨੇ ਕਈ ਵਾਰ ਸ਼ਿਕਾਇਤ ਕੀਤੀ ਕਿ ਉਸਦੀ ਜਾਨ ਨੂੰ ਖ਼ਤਰਾ ਹੈ। 9 ਜੁਲਾਈ ਦੀ ਸ਼ਾਮ ਨੂੰ ਉਸ ਨੇ ਆਪਣੇ ਕੈਬਿਨ ਦੀ ਬਾਰੀ ਵਿਚੋਂ ਦੀ, ਜਿੱਥੇ ਕਿ ਉਸ ਨੂੰ ਬੰਦ ਰੱਖਿਆ ਗਿਆ ਸੀ, ਰੀਡ ਨੂੰ ਚੀਕ-ਚੀਕ ਕੇ ਅਰਜ਼ਾਂ ਕੀਤੀਆਂ ਸਨ। ਦੋ ਦਿਨ ਬਾਅਦ ਡਾਕਟਰ ਨੇ ਲਿਖਿਆ, "ਉਹ ਕਿਸੇ ਸਮੇਂ ਵੀ ਮੇਰੇ ਉੱਪਰ ਹਮਲਾ ਕਰ ਸਕਦੇ ਹਨ। ਤੈਨੂੰ ਕੋਈ ਤਰਸ ਨਹੀਂ ਆਉਂਦਾ? ਰੱਬ ਦਾ ਵਾਸਤਾ, ਮੈਨੂੰ ਇਸ ਮੁਸੀਬਤ ਤੋਂ ਬਚਾਉ ਅਤੇ ਇਸ ਜਹਾਜ਼ ਤੋਂ ਬਾਹਰ ਭੇਜੋ।" ਰੀਡ ਨੇ ਇਹਨਾਂ ਅਰਜ਼ਾਂ ਨੂੰ ਜ਼ਿਆਦਾ ਗੰਭੀਰਤਾ ਨਾਲ ਨਾ ਲਿਆ। ਪਰ ਡਾਕਟਰ ਨੂੰ ਇੱਕ ਸੀਟੀ ਦੇ ਕੇ ਹਦਾਇਤ ਕੀਤੀ ਕਿ ਜੇਕਰ ਉਸ ਉੱਪਰ ਹਮਲਾ ਹੋਵੇ ਤਾਂ ਉਹ ਇਹ ਸੀਟੀ ਵਜਾ ਦੇਵੇ। ਜਿਸ ਨੂੰ ਸੁਣ ਕੇ ਇਮੀਗਰੇਸ਼ਨ ਕਿਸ਼ਤੀਆਂ ਰਾਹੀਂ ਗਸ਼ਤ ਲਾ ਰਹੇ ਸੁਰੱਖਿਆ ਗਾਰਡ ਉਸ ਦੇ ਬਚਾਅ ਲਈ ਤੁਰੰਤ ਆ ਜਾਣਗੇ। ਉਸ

ਘਟਨਾ ਤੋਂ ਛੇ ਦਿਨ ਬਾਅਦ ਰਘੁਨਾਥ ਸਿੰਘ ਤੇ ਉਸ ਦਾ ਪਰਿਵਾਰ ਠੀਕ-ਠਾਕ ਹਾਲਤ ਵਿਚ ਤੱਟ ਉੱਪਰ ਉਤਰ ਗਿਆ ਸੀ। ਭਾਨ ਸਿੰਘ ਬੜਿੰਗ ਤੇ ਇੱਕ ਹੋਰ ਮੁਸਾਫ਼ਰ ਜਿਨ੍ਹਾਂ ਨੇ ਗ਼ੈਰ-ਇਮੀਗਰੇਂਟ ਹੈਸੀਅਤ ਦਾ ਦਾਅਵਾ ਕੀਤਾ, ਨੂੰ ਉੱਤਰਨ ਦੀ ਇਜਾਜ਼ਤ ਨਾ ਮਿਲੀ।

ਜਹਾਜ਼ ਦਾ ਏਜੰਟ ਮਿਸਟਰ ਗਾਰਡਨਰ ਜੌਹਨਸਨ, ਕਸਟਮ ਤੇ ਇਮੀਗਰੇਸ਼ਨ ਵਿਭਾਗ ਵਲੋਂ ਜਾਰੀ ਕੀਤੇ ਸਾਰੇ ਦਸਤਾਵੇਜ਼ ਲੈ ਕੇ ਕਾਮਾਗਾਟਾ ਮਾਰੂ ਉੱਪਰ ਪਹੁੰਚ ਗਿਆ। ਉਸਨੂੰ ਹਦਾਇਤ ਦਿੱਤੀ ਗਈ ਸੀ ਕਿ ਉਹ ਜਹਾਜ਼ ਦਾ ਲੰਗਰ ਚੁੱਕੇ ਅਤੇ ਵਾਪਸ ਆ ਜਾਵੇ। ਜੌਹਨਸਨ ਨੇ ਮੁਸਾਫ਼ਰਾਂ ਨੂੰ ਸੰਬੋਧਨ ਕੀਤਾ ਕਿ ਉਸ ਨੂੰ ਅਫ਼ਸੋਸ ਹੈ ਕਿ ਉਨ੍ਹਾਂ ਨੂੰ ਵਾਪਸ ਭੇਜਿਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਇਹ ਵੀ ਦੱਸਿਆ ਕਿ ਵਾਪਸੀ ਯਾਤਰਾ ਲਈ ਰਾਸ਼ਨ ਪੰਜ ਕਿਲੋਮੀਟਰ ਦੀ ਸੀਮਾ ਉੱਪਰ ਪਹੁੰਚਦੇ ਹੀ ਮਿਲ ਜਾਣਾ ਸੀ। ਪੂਰੀ ਤਰ੍ਹਾਂ ਸ਼ੰਕਾ-ਗ੍ਰਸਤ ਮੁਸਾਫ਼ਰਾਂ ਨੇ ਜਵਾਬ ਦਿੱਤਾ ਕਿ ਉਨ੍ਹਾਂ ਨੂੰ ਕੱਲਕੱਤੇ ਪਹੁੰਚਣ ਤੱਕ ਦਾ ਰਾਸ਼ਨ ਚਾਹੀਦਾ ਹੈ ਅਤੇ ਕਨੇਡੀਅਨ ਅਧਿਕਾਰੀਆਂ ਉੱਪਰ ਉਨ੍ਹਾਂ ਦਾ ਕੋਈ ਵਿਸ਼ਵਾਸ ਨਹੀਂ ਹੈ। ਤਕਰੀਬਨ 7:30 ਵਜੇ ਸ਼ਾਮ ਜੌਹਨਸਨ ਵਾਪਸ ਤੱਟ ਉੱਪਰ ਪਹੁੰਚ ਗਿਆ। ਮੁਸਾਫ਼ਰਾਂ ਲਈ ਉਸ ਦੇ ਆਖਰੀ ਸ਼ਬਦ ਸਨ ਕਿ ਜੇਕਰ ਉਸ ਦੀ ਸਲਾਹ ਮੰਨ ਕੇ ਉਹ ਆਪਣੇ ਆਪ ਵਾਪਸ ਨਾ ਗਏ ਤਾਂ ਉਨ੍ਹਾਂ ਨੂੰ ਬਲ-ਪੂਰਵਕ ਵਾਪਸ ਭੇਜਿਆ ਜਾਵੇਗਾ।

ਗਰਮੀ ਰੁੱਤ ਦੇ ਪੂਰੇ ਅਰਸੇ ਦੌਰਾਨ ਵਾਰ ਵਾਰ ਹੋਈਆਂ ਮਾਯੂਸੀਆਂ ਕਾਰਨ, ਮੁਸਾਫ਼ਰਾਂ ਕੋਲ ਅਧਿਕਾਰੀਆਂ ਨਾਲ ਸਹਿਯੋਗ ਕਰਨ ਦਾ ਕੋਈ ਕਾਰਨ ਮੌਜੂਦ ਨਹੀਂ ਸੀ, ਇਸ ਲਈ ਜਹਾਜ਼ ਰਵਾਨਾ ਨਾ ਹੋਇਆ। ਇਸ ਕੁਤਾਹੀ ਦਾ ਦੋਸ਼ ਇਮੀਗਰੇਸ਼ਨ ਅਧਿਕਾਰੀਆਂ ਅਤੇ ਐਚ.ਐਚ.ਸਟੀਵਨਜ਼ ਨੇ ਕਪਤਾਨ ਯਾਮਾਮੋਟੋ ਸਿਰ ਮੜ੍ਹਿਆ ਅਤੇ ਸਟੀਵਨਜ਼ ਵਲੋਂ ਉਸ ਰਾਤ ਭੇਜੀ ਤਾਰ ਰਾਹੀਂ, ਪ੍ਰਧਾਨ ਮੰਤਰੀ ਨੂੰ ਵੀ ਅਜਿਹਾ ਹੀ ਦੱਸਿਆ ਗਿਆ। "ਕਪਤਾਨ ਦੇ ਰਵੱਈਏ ਨੂੰ ਦੇਖ ਕੇ ਮੈਨੂੰ ਪੱਕਾ ਯਕੀਨ ਹੋ ਗਿਆ ਹੈ ਕਿ ਉਹ ਗੁਰਦਿੱਤ ਸਿੰਘ ਨਾਲ ਮਿਲਿਆ ਹੋਇਆ ਹੈ ਅਤੇ ਜਾਣਬੁਝ ਕੇ ਸਰਕਾਰ ਤੇ ਇਮੀਗਰੇਸ਼ਨ ਅਧਿਕਾਰੀਆਂ ਨੂੰ ਧੋਖਾ ਦੇ ਰਿਹਾ ਹੈ।" ਜਾਪਾਨੀ ਕੌਂਸਲਰ ਮਿਸਟਰ ਹੋਰੀ ਨੂੰ ਦਖ਼ਲ ਦੇਣ ਲਈ ਕੀਤੀ ਗਈ ਅਪੀਲ ਦੇ ਅਸਫਲ ਹੋਣ ਬਾਅਦ, ਰੀਡ ਕਪਤਾਨ ਨਾਲ ਗੱਲ ਕਰਨ ਲਈ ਖੁਦ ਕਾਮਾਗਾਟਾ ਮਾਰੂ ਉੱਪਰ ਗਿਆ। ਭਾਵੇਂ ਰਾਤ ਦਾ ਇੱਕ ਵੱਜ ਚੁੱਕਾ ਸੀ, ਉਸ ਨੇ ਦੇਖਿਆ ਕਿ ਮੁਸਾਫ਼ਰ ਅਜੇ ਜਾਗਦੇ ਸਨ ਅਤੇ ਹੱਥਾਂ ਵਿਚ ਸੋਟੇ ਫੜ੍ਹੀਂ, ਡੈੱਕ ਉੱਪਰ ਗਸ਼ਤ ਲਾ ਰਹੇ ਸਨ। ਉਨ੍ਹਾਂ ਨੇ ਫੱਟਾ-ਲਾਂਘੇ ਨੂੰ ਨੀਵਾਂ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਕੁਝ ਦੇਰ ਦੀ ਤੂੰ-ਤੂੰ, ਮੈਂ-ਮੈਂ ਤੋਂ ਬਾਅਦ, ਜਹਾਜ਼ ਦੇ ਕਪਤਾਨ ਨੂੰ, ਜੋ ਉਸ ਵਕਤ ਸੌਂ ਰਿਹਾ ਸੀ। ਉਥੇ ਹੀ ਬੁਲਾ ਦਿੱਤਾ ਅਤੇ ਅੱਧ-ਪਚੱਧੇ ਕਪੜੇ ਪਹਿਨੀਂ, ਉਹ ਡੈੱਕ ਉੱਪਰ ਹਾਜ਼ਰ ਹੋਇਆ, "ਜੇਕਰ ਤੂੰ ਜਹਾਜ਼ ਦਾ ਕੁਝ ਨਹੀਂ ਕਰ ਸਕਦਾ" ਰੀਡ ਨੇ

ਉਸ ਨੂੰ ਕਿਹਾ, "ਤਾਂ ਮੈਨੂੰ ਦੱਸ ਦੇ" ਯਾਮਾਮੋਟੋ ਨੇ ਜਵਾਬ ਦਿੱਤਾ ਕਿ ਉਹ ਕੁਝ ਨਹੀਂ ਕਰ ਸਕਦਾ, "ਕਿਉਂਕਿ ਭਾਰਤੀ ਲੋਕ ਗਿਣਤੀ ਵਿਚ ਬਹੁਤ ਜ਼ਿਆਦਾ ਹਨ ਅਤੇ ਮੈਂ ਅੱਜ ਕੁੱਝ ਨਹੀਂ ਕਰ ਸਕਦਾ।" ਮੁਸਾਫ਼ਰਾਂ ਦੀ ਇਸ ਚਿਤਾਵਨੀ ਦੇ ਬਾਵਜੂਦ ਕਿ ਜੇਕਰ ਉਹ ਜਹਾਜ਼ ਤੋਂ ਉਤਰ ਕੇ ਚਲਾ ਗਿਆ ਤਾਂ ਅੱਜ ਦੀ ਰਾਤ ਉਸ ਨੂੰ ਵਾਪਸ ਜਹਾਜ਼ ਉੱਪਰ ਨਹੀਂ ਆਉਣ ਦਿੱਤਾ ਜਾਵੇਗਾ। ਉਹ ਰੀਡ ਨਾਲ ਤੱਟ ਉੱਪਰ ਚਲਾ ਗਿਆ। ਸਵੇਰੇ ਤਿੰਨ ਵਜੇ ਰੀਡ ਉਸਨੂੰ ਟੈਕਸੀ ਰਾਹੀਂ, ਵੈਨਕੂਵਰ ਦੇ ਦੱਖਣੀ ਪਾਸੇ ਸਥਿਤ ਜੌਹਨਸਨ ਦੇ ਘਰ ਲੈ ਗਿਆ। ਉਥੇ ਦੋ ਸਰਕਾਰੀ ਵਕੀਲਾਂ ਤੇ ਗਾਰਡਨਰ ਜੌਹਨਸਨ ਦੀ ਮਦਦ ਨਾਲ, ਰੀਡ ਤੇ ਸਟੀਵਨਜ਼ ਨੇ ਉਸਨੂੰ ਪੁਲਿਸ ਬੁਲਾਉਣ ਦੀ ਤਜ਼ਵੀਜ ਨਾਲ ਸਹਿਮਤ ਕਰਾਉਣ ਦੀ ਕੋਸ਼ਿਸ਼ ਕੀਤੀ। ਯਾਮਾਮੋਟੋ ਜ਼ਿੰਮੇਵਾਰੀ ਨਹੀਂ ਲੈਣੀ ਚਾਹੁੰਦਾ ਸੀ। ਅਤੇ ਆਖਰ ਰੀਡ ਨੇ ਫ਼ੈਸਲਾ ਕੀਤਾ ਕਿ ਉਸ ਸਮੇਂ ਸੌਂ ਜਾਣਾ ਹੀ ਬਿਹਤਰ ਹੈ ਇਸ ਲਈ ਗੱਲਬਾਤ ਸਵੇਰੇ 9 ਵਜੇ ਤੱਕ ਲਈ ਮੁਲਤਵੀ ਕਰ ਦਿੱਤੀ ਗਈ।

ਇਸ ਅਰਸੇ ਦੌਰਾਨ, ਰੀਡ, ਹਾੱਪਕਿਨਸਨ ਤੇ ਸਟੀਵਨਜ਼ ਦੇ ਖ਼ਦਸ਼ੇ, ਸੱਚ ਹੁੰਦੇ ਜਾਪੇ। ਉਨ੍ਹਾ ਨੂੰ ਵਿਸ਼ਵਾਸ ਸੀ ਕਿ ਕਾਮਾਗਾਟਾ ਮਾਰੂ ਕਾਂਡ ਪਿੱਛੇ ਸੀਏਟਲ ਤੇ ਸਨਫਰਾਂਸਿਸਕੋ ਵਿਚਲੇ ਗ਼ਦਰੀ ਖਾੜਕੂਆਂ ਦਾ ਹੱਥ ਸੀ। ਇਸ ਲਈ ਉਸ ਸ਼ਾਮ ਕਾਮਾਗਾਟਾ ਮਾਰੂ ਇੰਜਨ ਵਿਚ ਭਾਫ਼ ਭਰੇ ਜਾਣ ਦੀ ਕਾਰਵਾਈ ਦਾ ਬਹੁਤ ਬੇਸਬਰੀ ਨਾਲ ਇੰਤਜ਼ਾਰ ਕਰਨ ਸਮੇਂ, ਉਸ ਵਕਤ ਮਿਲ ਰਹੀਆਂ ਖਬਰਾਂ ਨੂੰ ਸੁਣ ਕੇ ਉਨ੍ਹਾਂ ਨੂੰ ਕੋਈ ਵਿਸ਼ੇਸ਼ ਹੈਰਾਨੀ ਨਾ ਹੋਈ। ਸੁਮਾਸ (ਸ਼ੁਮਉਸ) ਸੀਮਾ ਉੱਪਰ ਜੋ ਕਿ ਵੈਨਕੂਵਰ ਤੋਂ ਸਿਰਫ਼ 80 ਕਲੋਮੀਟਰ ਦੂਰ ਸੀ, ਇੱਕ ਅਮਰੀਕੀ ਇਮੀਗਰੇਸ਼ਨ ਅਧਿਕਾਰੀ ਨੇ ਚਾਰ ਸਿੱਖਾਂ ਨੂੰ ਅਮਰੀਕਾ ਵਿਚ ਦਾਖਲ ਹੋਣ ਦੀ ਆਗਿਆ ਦੇ ਦਿੱਤੀ ਸੀ। ਇਹਨਾਂ ਇਮੀਗਰੇਂਟਾ ਨੇ ਕਿਹਾ ਸੀ ਕਿ ਉਨ੍ਹਾਂ ਨੇ ਥੋੜ੍ਹੇ ਸਮੇਂ ਲਈ ਇੱਕ ਦੋਸਤ ਨੂੰ ਮਿਲਣ ਜਾਣਾ ਹੈ। ਕੁਝ ਘੰਟੇ ਬਾਅਦ ਉਨ੍ਹਾਂ ਚਾਰਾਂ 'ਚੋਂ ਇੱਕ ਇੱਕੱਲਾ ਹੀ ਬ੍ਰਿਟਿਸ਼ ਕੋਲੰਬੀਆ ਦੀ ਤਰਫ਼ ਮੁੜ ਆਇਆ ਸੀ। ਉਹ ਸੀਮਾ ਉੱਪਰਲੇ ਜੰਗਲਾਂ ਵਿਚੋਂ ਦੀ ਅਜੇ ਆਪਣਾ ਰਸਤਾ ਹੀ ਲੱਭ ਰਿਹਾ ਸੀ ਕਿ ਉਸ ਦਾ ਸਾਹਮਣਾ ਸੂਬਾਈ ਪੁਲਿਸ ਦੇ ਇੱਕ ਸਿਪਾਹੀ ਨਾਲ ਹੋ ਗਿਆ। ਜਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਉਸ ਕੋਲੋਂ ਦੋ ਸਵੈ-ਚਾਲਿਤ ਰਿਵਾਲਵਰ ਤੇ 300 ਗੋਲੀਆਂ ਬਰਾਮਦ ਕੀਤੀਆਂ ਗਈਆਂ, ਜੋ ਜ਼ਾਹਰਾ ਤੌਰ 'ਤੇ ਅਮਰੀਕਾ ਵਿਚੋਂ ਖਰੀਦੀਆਂ ਗਈਆਂ ਸਨ। ਅਮਰੀਕੀ ਇਮੀਗਰੇਸ਼ਨ ਅਧਿਕਾਰੀਆਂ ਨੇ ਜਲਦੀ ਹੀ ਉਸਦੇ ਬਾਕੀ ਤਿੰਨਾਂ ਸਾਥੀਆਂ ਨੂੰ ਅਮਰੀਕੀ ਇਲਾਕੇ 'ਚੋਂ ਗ੍ਰਿਫ਼ਤਾਰ ਕਰ ਲਿਆ। ਜਿੰਨਾਂ ਕੋਲੋਂ ਸਵੈ-ਚਾਲਿਤ ਪਿਸਤੌਲ ਤੇ ਗੋਲਾ ਬਾਰੂਦ ਬਰਾਮਦ ਹੋਇਆ। "ਦੋਸਤ" ਜਿਸ ਨੂੰ ਇਹ ਚਾਰੇ ਮਿਲੇ ਸਨ, ਬਾਅਦ ਦੀ ਪੜ੍ਹਤਾਲ ਵਿਚ ਤਾਰਕਨਾਥ ਦਾਸ ਨਿਕਲਿਆ। ਇਹ ਉਹੀ ਤਾਰਕਨਾਥ ਦਾਸ ਸੀ ਜਿਸ ਦੀਆਂ ਕਨੇਡਾ ਤੇ ਅਮਰੀਕਾ

ਵਿਚਲੀਆਂ ਗਤੀਵਿਧੀਆਂ ਉੱਪਰ, ਹਾੱਪਕਿਨਸਨ ਦੀ ਲਗਾਤਾਰ ਸੰਨ 1908 ਤੋਂ ਲੈ ਕੇ ਉਸ ਸਮੇਂ ਤੱਕ ਨਜ਼ਰ ਸੀ। ਤਾਰਕਨਾਥ ਦਾਸ ਨਾਲ ਹੋਰ ਕੋਈ ਨਹੀਂ ਸਗੋਂ ਭਗਵਾਨ ਸਿੰਘ ਜੱਖ ਨਾਂ ਦਾ ਉਹ ਇਨਕਲਾਬੀ ਗ੍ਰੰਥੀ ਸੀ, ਜਿਸ ਨੂੰ ਨਵੰਬਰ 1913 ਵਿਚ ਕਨੇਡਾ ਤੋਂ ਬਾਹਰ ਕੱਢ ਦਿੱਤਾ ਗਿਆ ਸੀ। ਉਸੇ ਬਸੰਤ ਰੁੱਤੇ, ਯੋਕੋਹਾਮਾ ਵਿਚ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੂੰ ਮਿਲਣ ਬਾਅਦ, ਉਹ ਹੋਨੋਲੂਲੂ ਦੇ ਰਸਤੇ ਸਨਫਰਾਂਸਿਸਕੋ ਪਹੁੰਚ ਗਿਆ ਸੀ।

ਵੈਨਕੂਵਰ ਵਿਚ ਇਮੀਗਰੇਸ਼ਨ ਅਧਿਕਾਰੀਆਂ ਕੋਲ, ਗ਼ਦਰੀਆਂ ਦੁਆਰਾ ਕੀਤੀ ਜਾ ਰਹੀ ਸ਼ਾਜ਼ਿਸ਼ ਬਾਰੇ ਸਬੂਤ ਇਕੱਠੇ ਹੋ ਰਹੇ ਸਨ। ਕਨੇਡੀਅਨ ਇਲਾਕੇ 'ਚੋਂ ਗ੍ਰਿਫ਼ਤਾਰ ਕੀਤਾ ਸਿੱਖ, ਮੇਵਾ ਸਿੰਘ ਲੋਪੋਕੇ ਸੀ। ਜਿਸ ਨੇ, ਕਿਹਾ ਜਾਂਦਾ ਸੀ ਕਿ ਕੁਝ ਹਫ਼ਤੇ ਪਹਿਲਾਂ ਹਾੱਪਕਿਨਸਨ ਦੇ ਇੱਕ ਮੁਖ਼ਬਰ ਬੇਲਾ ਸਿੰਘ ਜਿਆਨ ਨੂੰ ਧਮਕੀ ਦਿੱਤੀ ਸੀ ਅਮਰੀਕਨਾਂ ਵਲੋਂ, ਬਗੈਰ ਕੋਈ ਦੋਸ਼ ਆਇਦ ਕੀਤੇ, ਥੋੜ੍ਹੇ ਚਿਰ ਲਈ ਗ੍ਰਿਫ਼ਤਾਰ ਕੀਤੇ ਉਸ ਦੇ ਸਾਥੀਆਂ ਵਿਚ, ਗ੍ਰੰਥੀ ਤੇ ਸਰਗਰਮ ਕਾਰਕੁੰਨ ਬਲਵੰਤ ਸਿੰਘ ਖੁਰਦਪੁਰ ਅਤੇ ਵੈਨਕੂਵਰ ਗੁਰਦਵਾਰਾ ਸੁਸਾਇਟੀ ਦਾ ਪ੍ਰਧਾਨ ਤੇ ਕਾਮਾਗਾਟਾ ਮਾਰੂ ਦਾ ਸਹਿ-ਕਿਰਾਏਦਾਰ ਭਾਗ ਸਿੰਘ ਭਿੱਖੀਵਿੰਡ ਸ਼ਾਮਲ ਸਨ। ਉਨ੍ਹਾਂ ਨਾਲ ਦਾ ਤੀਸਰਾ ਸ਼ਖ਼ਸ, ਇੱਕ ਹੋਰ ਸ਼ੱਕੀ ਗ਼ਦਰੀ ਕਾਰਕੁੰਨ, ਵਿਕਟੋਰੀਆ ਦਾ ਰਹਿਣ ਵਾਲਾ ਮਿਸਟਰ ਹਰਨਾਮ ਸਿੰਘ ਕਾਹਰੀ-ਸਾਹਰੀ ਸੀ। ਅਧਿਕਾਰੀਆਂ ਨੂੰ ਕੋਈ ਸ਼ੱਕ ਨਹੀਂ ਸੀ। ਕਿ ਉਨ੍ਹਾਂ ਦੁਆਰਾ ਖਰੀਦੇ ਗਏ ਹਥਿਆਰ ਕਾਮਾਗਾਟਾ ਮਾਰੂ ਕਾਂਡ ਲਈ ਵਰਤੇ ਜਾਣੇ ਸਨ। ਇਹ ਗੱਲ ਸੱਚੀ ਹੋ ਸਕਦੀ ਸੀ। ਪਰ ਇਹਨਾਂ ਹਥਿਆਰਾਂ ਨੂੰ ਖਰੀਦਣ ਦਾ ਫ਼ੈਸਲਾ ਯਕਦਮ ਇੱਕ ਪਲ ਵਿਚ ਕੀਤਾ ਗਿਆ ਜਾਪਦਾ ਸੀ। ਬਗੈਰ ਤੁਰੰਤ ਵਰਤੋਂ ਕਰਨ ਦੀ ਕਿਸੇ ਯੋਜਨਾ ਦੇ, ਇਹ ਹਥਿਆਰ ਅਮਰੀਕਾ ਵਿਚ ਕਾਨੂੰਨੀ ਤੌਰ 'ਤੇ ਖਰੀਦੇ ਗਏ ਸਨ ਅਤੇ ਕਾਨੂੰਨ ਦੀ ਉਲੰਘਣਾ ਕਰਨ ਵਾਲਾ ਇੱਕੋ-ਇੱਕ ਬੰਦਾ ਮੇਵਾ ਸਿੰਘ ਲੋਪੋਕੇ ਸੀ ਅਤੇ ਉਹ ਉਲੰਘਣਾ ਵੀ ਗ਼ੈਰ-ਕਾਨੂੰਨੀ ਤੌਰ 'ਤੇ ਸੀਮਾ ਪਾਰ ਕਰਨ ਦੀ ਸੀ, ਹਥਿਆਰ ਬਰਾਮਦਗੀ ਦੀ ਨਹੀਂ।

ਇਸ ਤਰ੍ਹਾਂ ਦੇ ਹਾਲਾਤ ਬਣੇ ਹੋਏ ਸਨ ਜਦ ਰੀਡ ਨੇ ਫ਼ੈਸਲਾ ਕੀਤਾ ਕਿ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਵਿਰੁੱਧ ਬਲ ਪ੍ਰਯੋਗ ਕਰਨ ਦਾ ਸਮਾਂ ਆ ਗਿਆ ਹੈ। ਸੌਣ ਲਈ ਬਹੁਤ ਥੋੜ੍ਹਾ ਸਮਾਂ ਮਿਲਣ ਦੇ ਬਾਵਜੂਦ, ਉਹ ਸ਼ਨੀਵਾਰ ਸਵੇਰੇ, ਕਪਤਾਨ ਯਾਮਾਮੋਟੋ ਨਾਲ ਗੱਲਬਾਤ ਕਰਨ ਦੇ ਤਹਿ ਸਮੇਂ ਤੋਂ ਵੀ ਪਹਿਲਾਂ, ਆਪਣੇ ਦਫ਼ਤਰ ਪਹੁੰਚ ਗਿਆ ਸੀ। "ਅਸੀਂ ਜਹਾਜ਼ ਦੇ ਕਪਤਾਨ ਦੇ ਪਹੁੰਚਣ ਦੀ ਉਡੀਕ ਕਰ ਰਹੇ ਹਾਂ", ਉਸ ਨੇ ਭਵਿੱਖ ਲਈ ਪ੍ਰਮਾਣ ਰੱਖਣ ਲਈ ਇੱਕ ਕਾਗਜ਼ ਉੱਪਰ ਇਹ ਸ਼ਬਦ ਲਿਖੇ, "ਕਪਤਾਨ ਦੇ ਆਉਣ 'ਤੇ ਅਗੇ ਗੱਲਬਾਤ ਹੋਵੇਗੀ ਅਤੇ ਬੰਦਰਗਾਹ ਦਾ ਇਸ ਜਹਾਜ਼ ਤੋਂ ਖਹਿੜਾ ਛੁਡਾਉਣ ਲਈ, ਕੋਈ ਸਖ਼ਤ

ਅਖੀਰੀ ਕਦਮ ਚੁੱਕਿਆ ਜਾਵੇਗਾ। ਕਪਤਾਨ ਨੂੰ ਪੁਲਿਸ ਬੁਲਾਉਣ ਲਈ ਮਜ਼ਬੂਰ ਕਰਨ ਵਾਸਤੇ, ਉਸ ਦੇ ਦਿਮਾਗ ਵਿਚ ਦੋ ਸਖ਼ਤ ਤਜ਼ਵੀਜਾਂ ਘੁੰਮ ਰਹੀਆਂ ਸਨ: ਪਹਿਲੀ, ਭਾਰੀ ਜੁਰਮਾਨਾ ਕਰਨ ਦੀ ਧਮਕੀ ਅਤੇ ਦੂਜੀ ਕਠੋਰ ਚਿਤਾਵਨੀ ਕਿ ਜੇਕਰ ਹੋਰ ਦੇਰੀ ਹੋਈ ਤਾਂ ਸਰਕਾਰ ਰਾਸ਼ਨ ਸਪਲਾਈ ਕਰਨ ਵਾਲੀ ਆਪਣੀ ਪੇਸ਼ਕਸ਼ ਵਾਪਸ ਲੈ ਸਕਦੀ ਹੈ। ਯਾਮਾਮੋਟੋ ਨੂੰ ਆਪਣਾ ਫ਼ੈਸਲਾ ਕਰਨ ਲਈ 6 ਵਜੇ ਸ਼ਾਮ ਤੱਕ ਦਾ ਸਮਾਂ ਦਿੱਤਾ ਗਿਆ। ਵਣਜ਼ ਦੂਤ ਹੋਰੀ ਜੋ ਕਿ ਇਸ ਮੀਟਿੰਗ ਵਿਚ ਹਾਜ਼ਰ ਸੀ, ਨੇ ਇਹ ਕਹਿੰਦਿਆਂ ਇਤਰਾਜ਼ ਕੀਤਾ ਕਿ ਉਸਨੂੰ ਜਾਪਾਨ ਸਰਕਾਰ ਨਾਲ ਸਲਾਹ ਕਰਨ ਲਈ ਸਮਾਂ ਚਾਹੀਦਾ ਹੈ। ਪਰ ਰੀਡ ਤੇ ਉਸਦੇ ਵਕੀਲਾਂ ਨੇ ਜਵਾਬ ਦਿੱਤਾ ਕਿ ਇਸ ਦੀ ਕੋਈ ਜ਼ਰੂਰਤ ਨਹੀਂ ਹੈ। ਉਸ ਸ਼ਾਮ ਇੱਕ ਵਾਰ ਫਿਰ ਟੈਲੀਫੋਨ ਰਾਹੀਂ ਜਹਾਜ਼ ਰਵਾਨਗੀ ਦੇ ਮਸਲੇ ਬਾਰੇ ਯਾਦ ਕਰਾਉਂਦਿਆਂ, ਇਮੀਗਰੇਸ਼ਨ ਵਿਭਾਗ ਦੇ ਵਕੀਲ ਮਿਸਟਰ ਲੈਡਨਰ ਨੇ ਕਪਤਾਨ ਨੂੰ ਕਿਹਾ, "ਮੈਨੂੰ ਬਿਲਕੁਲ ਨਹੀਂ ਲੱਗਦਾ ਕਿ ਇਹ ਮਸਲਾ ਕਿਸੇ ਤਰ੍ਹਾਂ ਵੀ ਤੁਹਾਡੀ ਸਰਕਾਰ ਨਾਲ ਸਬੰਧ ਰੱਖਦਾ ਹੈ।"

ਇਸ ਬਾਅਦ ਜੋ ਹੋਇਆ ਉਹ ਦੋ ਧਿਰਾਂ ਵਿਚਕਾਰ ਹੋਈ ਗਹਿਗੱਚ ਲੜਾਈ ਸੀ। ਜਿਸ ਵਿਚ ਇੱਕ ਧਿਰ ਤਿਆਰੀ-ਰਹਿਤ ਤੇ ਬੇਲੋੜੇ-ਸਾਹਸ ਨਾਲ ਲਬਰੇਜ਼ ਹਮਲਾਵਰ ਪਾਰਟੀ ਸੀ। ਅਤੇ ਦੂਸਰੀ ਧਿਰ ਪੂਰੀ ਤਰ੍ਹਾਂ ਜਥੇਬੰਦ ਤੇ ਉਦੇਸ਼-ਪਰੇਰਿਤ ਮੁਸਾਫ਼ਰਾਂ ਦਾ ਝੁੰਡ ਸੀ। ਜਿਸ ਵਿਚ ਕਈ ਸਾਬਕਾ ਸਿੱਖ ਫੌਜੀ ਵੀ ਸ਼ਾਮਲ ਸਨ। ਇਤਿਹਾਸ ਵਿਚ ਇਹ ਲੜਾਈ ਇੱਕ ਹਾਸੋਹੀਣੀ-ਲੜਾਈ ਦੇ ਤੌਰ 'ਤੇ ਮਸ਼ਹੂਰ ਹੋਈ। ਪਰ ਫਿਰ ਵੀ ਇਹ ਬਹੁਤ ਖਤਰਨਾਕ ਲੜਾਈ ਸੀ। ਸ਼ੁਰੂਆਤ ਸ਼ਾਮ 5 ਵਜ ਕੇ 15 ਮਿੰਟ 'ਤੇ ਹੋਈ। ਜਦ ਯਾਮਾਮੋਟੋ ਇੱਕ ਕਿਸ਼ਤੀ ਰਾਹੀਂ ਕਾਮਾਗਾਟਾ ਮਾਰੂ ਕੋਲ ਪਹੁੰਚਿਆ। ਉਹ ਅਧਿਕਾਰੀਆਂ ਦੀ ਇਸ ਤਜ਼ਵੀਜ਼ ਨਾਲ ਸਹਿਮਤ ਹੋ ਕੇ ਆਇਆ ਸੀ ਕਿ ਜੇਕਰ ਮੁਸਾਫ਼ਰਾਂ ਨੇ ਜਹਾਜ਼ ਨੂੰ ਚੱਲਣ ਨਾ ਦਿੱਤਾ ਤਾਂ ਪੁਲਿਸ ਨੂੰ ਸੰਕੇਤ ਦੇਣ ਲਈ ਉਸਨੇ ਇੱਕ ਲਾਲ ਝੰਡਾ ਲਹਿਰਾਉਣਾ ਸੀ। ਪਰ ਜਦੋਂ ਕਿਸ਼ਤੀ ਜਹਾਜ਼ ਦੇ ਨੇੜੇ ਪਹੁੰਚੀ ਤਾਂ ਯਾਮਾਮੋਟੋ ਨੂੰ ਇੱਕ ਫੁਰਨਾ ਫੁਰਿਆ "ਜੇਕਰ ਮੈਂ ਜਹਾਜ਼ ਉੱਪਰ ਜਾਣ ਤੋਂ ਬਾਅਦ ਝੰਡਾ ਲਹਿਰਾਇਆ ਤਾਂ ਮੁਸਾਫ਼ਰ ਗਿਣਤੀ ਵਿਚ ਮੈਥੋਂ ਬਹੁਤ ਜ਼ਿਆਦਾ ਹਨ। ਉਸ ਨੇ ਸਾਥ ਜਾ ਰਹੇ ਅਧਿਕਾਰੀ ਨੂੰ ਕਿਹਾ "ਤੁਸੀਂ ਜਾਉ ਅਤੇ ਰੀਡ ਨੂੰ ਤੁਰੰਤ ਪੁਲਿਸ ਭੇਜਣ ਲਈ ਕਹੋ, ਜੇ ਹੋ ਸਕੇ ਤਾਂ 200 ਪੁਲਿਸ ਵਾਲੇ ਭੇਜੇ ਜਾਣ, ਪਰ ਆਪਣੇ ਵਾਅਦੇ ਮੁਤਾਬਕ ਮੈਂ ਲਾਲ ਝੰਡਾ ਨਹੀਂ ਲਹਿਰਾ ਸਕਦਾ। ਮਾਲਕਮ ਰੀਡ ਦਿਨ ਦੀ ਰੋਸ਼ਨੀ ਦੇ ਰਹਿੰਦੇ ਜਹਾਜ਼ ਉੱਪਰ ਚੜ੍ਹਨਾ ਚਾਹੁੰਦਾ ਸੀ। ਪਰ ਸ਼ਨੀਵਾਰ ਦੀ ਸ਼ਾਮ ਹੋਣ ਕਾਰਨ, ਜ਼ਿਆਦਾ ਪੁਲਿਸ ਬਲ ਸ਼ਹਿਰ ਵਿਚ ਤੈਨਾਤ ਸਨ, ਜਿਸ ਕਾਰਨ ਪੁਲਿਸ ਮੁਖੀ ਨੇ ਕਿਹਾ ਕਿ ਉਹ ਸਿਰਫ਼ 10 ਪੁਲਿਸ ਮੁਲਾਜ਼ਮ ਹੀ ਭੇਜ ਸਕਦਾ ਹੈ। ਜਹਾਜ਼ ਉੱਪਰ ਧਾਵਾ ਬੋਲਣ ਦਾ ਸਮਾਂ ਐਤਵਾਰ ਸਵੇਰੇ ਇੱਕ

ਵਜੇ ਦਾ ਨਿਸ਼ਚਿਤ ਕੀਤਾ ਗਿਆ ਸੀ। ਜਿਸ ਸਮੇਂ ਤੱਕ ਕਾਫ਼ੀ ਸਾਰੇ ਪੁਲਿਸ ਮੁਲਾਜ਼ਮਾਂ ਨੇ ਆਪਣੀ ਪਹਿਲੀ ਸ਼ਿਫ਼ਟ ਖਤਮ ਕਰ ਲੈਣੀ ਸੀ। ਤੀਹ ਦਿਨਾਂ ਦੇ ਸਫ਼ਰ ਲਈ ਲੋੜੀਂਦੀ, 6000 ਡਾਲਰ ਦੇ ਮੁੱਲ ਦੀ ਰਸਦ, ਗੋਦੀ ਯਾਨੀ ਬੰਦਰਗਾਹ ਵਿਚ ਉਪਲਬਧ ਸਭ ਤੋਂ ਵੱਡੀ ਕਿਸ਼ਤੀ 'ਸੀ ਲਾਇਨ' ਵਿਚ ਲੱਦਣ ਲਈ ਘਾਟ ਉੱਪਰ ਪਹੁੰਚਾ ਦਿੱਤੀ ਗਈ ਸੀ। ਚੱਲ ਰਹੀ ਕਾਰਵਾਈ ਨੂੰ ਦੇਖਣ ਲਈ ਇਮੀਗਰੇਸ਼ਨ ਦਫ਼ਤਰ ਦੇ ਆਸ-ਪਾਸ ਘੁੰਮ ਰਹੇ ਤਮਾਸ਼ਬੀਨਾਂ ਵਿਚ ਹੁਣੇ ਆਜ਼ਾਦ ਹੋਇਆ ਡਾਕਟਰ ਰਘੁਨਾਥ ਸਿੰਘ ਵੀ ਸੀ।

ਰੋਜ਼ਾਨਾ 'ਨਿਊਜ਼-ਐਡਵਰਟਾਈਜ਼ਰ' ਅਖਬਾਰ ਦੇ ਪੱਤਰਕਾਰ ਨੇ ਉਸਨੂੰ ਪੁਛਿਆ ਕਿ ਕੀ ਮੁਸਾਫ਼ਰਾਂ ਕੋਲ ਹਥਿਆਰ ਸਨ। ਉਸ ਨੇ ਜਵਾਬ ਦਿੱਤਾ ਕਿ ਉਹ ਪੂਰੀ ਤਰ੍ਹਾਂ ਹਥਿਆਰਬੰਦ ਨਹੀਂ ਸਨ। ਪਰ ਉਨ੍ਹਾਂ ਕੋਲ ਕੁਝ ਰਿਵਾਲਵਰ ਅਤੇ ਕਾਫ਼ੀ ਗਿਣਤੀ ਵਿਚ ਵੱਡੇ ਚਾਕੂ ਸਨ।

ਅੱਧੀ ਰਾਤ ਬਾਅਦ ਹਾਲਾਤ ਜ਼ਿਆਦਾ ਗੰਭੀਰ ਹੋਣੇ ਸ਼ੁਰੂ ਹੋ ਗਏ। ਜਦੋਂ 'ਕੰਮ' ਖਤਮ ਕਰਨ ਲਈ ਬੇਤਾਬ 125 ਪੁਲਿਸ ਮੁਲਾਜ਼ਮਾਂ ਦਾ ਇੱਕ ਜਥਾ ਆਪਣੇ ਮੁਖੀ ਦੀ ਰਹਿਨੁਮਾਈ ਵਿਚ ਤੱਟ ਉੱਪਰ ਆ ਧਮਕਿਆ। ਉਨ੍ਹਾਂ 'ਚੋਂ ਕੁੱਝ ਪਿਛਲਾ ਸਾਰਾ ਦਿਨ ਡਿਊਟੀ ਉੱਪਰ ਰਹੇ ਸਨ ਅਤੇ ਕੁਝ ਕੁ ਨੇ ਆਪਣੀ ਸ਼ਿਫ਼ਟ ਅਜੇ ਹੁਣੇ ਸ਼ੁਰੂ ਕੀਤੀ ਸੀ, ਅਤੇ ਦੂਸਰੇ ਕੰਮਾਂ ਤੋਂ ਹਟਾ ਕੇ ਲਿਆਂਦੇ ਗਏ ਸਨ। ਰੀਡ ਨੇ ਪਹਿਲਾਂ ਹੀ ਆਪਣੇ 35 ਵਿਸ਼ੇਸ਼ ਇਮੀਗਰੇਸ਼ਨ ਅਧਿਕਾਰੀਆਂ ਨੂੰ ਤਾਇਨਾਤ ਕਰ ਦਿੱਤਾ ਸੀ। ਜਿਨ੍ਹਾਂ ਨੂੰ, ਉਸ ਨੇ ਆਪਣੀ ਮਿਲਟਰੀ ਰੈਜੀਮੈਂਟ 'ਸੀਫੋਰਥ-ਹਾਈਲੈਂਡਰਜ਼' ਤੋਂ ਉਧਾਰ ਲਈਆਂ ਗਈਆਂ 'ਰਾਸ' ਮਾਰਕਾ ਰਾਈਫਲਾਂ ਨਾਲ ਲੈਸ ਕਰ ਦਿੱਤਾ ਸੀ। ਪੁਲਿਸ ਮੁਲਾਜ਼ਮਾਂ ਕੋਲ ਰਿਵਾਲਵਰ ਤੇ ਡੰਡੇ ਸਨ।

ਰਾਤ ਦੇ ਇੱਕ ਵੱਜਣ ਤੋਂ ਥੋੜ੍ਹੀ ਦੇਰ ਪਹਿੱਲਾਂ, ਹਾੱਪਕਿਨਸਨ ਨੇ ਮੁਸਾਫ਼ਰਾਂ ਨਾਲ ਅਖੀਰੀ ਮੌਕੇ ਦੀ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ। ਰਾਤ ਦੇ 12:58 ਵਜੇ ਉਹ ਇੱਕ ਛੋਟੀ ਕਿਸ਼ਤੀ ਰਾਹੀਂ ਕਾਮਾਗਾਟਾ ਮਾਰੂ ਦੇ ਨਜ਼ਦੀਕ ਪੁੱਜਿਆ ਅਤੇ ਉਸ ਨੇ ਗੁਰਦਿੱਤ ਸਿੰਘ ਸਰਹਾਲੀ ਨੂੰ ਆਵਾਜ਼ ਮਾਰੀ। ਹਨੇਰੇ 'ਚੋਂ ਆਵਾਜ਼ਾਂ ਆਈਆਂ ਕਿ ਗੁਰਦਿੱਤ ਸਿੰਘ ਸਰਹਾਲੀ ਉਸ ਨਾਲ ਗੱਲ ਨਹੀਂ ਕਰੇਗਾ ਅਤੇ ਜਹਾਜ਼ ਅਤੇ ਮੁਸਾਫ਼ਰ ਉੱਨੀ ਦੇਰ ਗੋਦੀ ਨਹੀਂ ਛੱਡਣਗੇ ਜਿੰਨੀ ਦੇਰ ਹੁਸੈਨ ਰਹੀਮ ਤੇ ਭਾਗ ਸਿੰਘ ਭਿੱਖੀਵਿੰਡ ਤੋਂ ਲਿਖਤੀ ਮਨਜ਼ੂਰੀ ਨਹੀਂ ਮਿਲ ਜਾਂਦੀ ਜਾਂ ਉਨ੍ਹਾਂ ਨਾਲ ਜਾਤੀ ਤੌਰ 'ਤੇ ਗੱਲਬਾਤ ਨਹੀਂ ਹੋ ਜਾਂਦੀ।

ਕੁਝ ਮਿੰਟ ਬਾਅਦ ਜ਼ਬਰਦਸਤੀ ਜਹਾਜ਼ ਉੱਪਰ ਚੜ੍ਹਨ ਦੀ ਇੱਕ ਬਚਕਾਨਾ ਕੋਸ਼ਿਸ਼ ਹੋਈ। ਠੀਕ ਇੱਕ ਵਜੇ ਪੁਲਿਸ ਤੇ ਮਾਲਕਮ ਰੀਡ ਦਾ ਵਿਸ਼ੇਸ਼ ਦਲ 'ਸੀ ਲਾਇਨ' ਨਾਂ ਦੀ ਵੱਡੀ ਕਿਸ਼ਤੀ ਉੱਪਰ ਸਵਾਰ ਹੋ ਗਿਆ। ਬਹੁਤ ਸਾਰੇ ਪੱਤਰਕਾਰ ਵੀ ਇਸ ਉੱਪਰ ਚੜ੍ਹ ਗਏ। ਉਤਸ਼ਾਹਿਤ ਹੋਏ ਐਚ. ਐਚ. ਸਟੀਵਨਜ਼ ਤੇ ਇਮੀਗਰੇਸ਼ਨ

ਵਿਭਾਗ ਦਾ ਵਕੀਲ ਡਬਲਯੂ.ਐਚ.ਡੀ ਲੈਡਨਰ ਵੀ ਨਾਲ ਹੋ ਗਏ। ਇਸ਼ਾਰਾ ਮਿਲਣ ਕਾਰਨ, ਹਾੱਪਕਿਨਸਨ ਜਹਾਜ਼ ਤੋਂ ਵਾਪਸ ਮੁੜ ਆਇਆ। ਅਤੇ ਠੀਕ 1:15 ਵਜੇ 'ਸੀ ਲਾਇਨ' ਘਾਟ ਤੋਂ ਚਲ ਪਈ। ਥੋੜ੍ਹਾ ਚਿਰ ਪਹਿਲਾਂ, ਉਸੇ ਸ਼ਾਮ ਨੂੰ ਹਾੱਪਕਿਨਸਨ, ਰਾਤ ਸਮੇਂ ਕਾਮਾਗਾਟਾ ਮਾਰੂ ਉੱਪਰ ਕਿਸੇ ਤਰ੍ਹਾਂ ਦੀ ਕਾਰਵਾਈ ਦੀ ਕੋਸ਼ਿਸ਼ ਕਰਨ ਦੇ ਵਿਰੋਧ 'ਚ ਬੋਲਿਆ ਸੀ। ਸਬੰਧਿਤ ਅਧਿਕਾਰੀਆਂ 'ਚੋਂ ਸਿਰਫ਼ ਉਹ ਹੀ ਇਕੱਲਾ ਅਜਿਹਾ ਵਿਅਕਤੀ ਸੀ ਜੋ ਹਾਲਾਤ ਨੂੰ ਭਾਰਤੀ ਸਰਕਾਰ ਦੇ ਨਜ਼ਰੀਏ ਤੋਂ ਦੇਖਦਾ ਸੀ। ਇਸੇ ਨਜ਼ਰੀਏ ਕਾਰਨ ਉਹ ਪੂਰੀ ਤਰ੍ਹਾਂ ਜਾਗਰੂਕ ਸੀ ਕਿ ਵੈਨਕੂਵਰ ਵਿਚ ਪੁਲਿਸ ਤੇ ਪੰਜਾਬੀਆਂ ਵਿਚਕਾਰ ਟਾਕਰਾ ਹੋਣ ਦੀਆਂ ਖਬਰਾਂ, ਪੰਜਾਬ ਵਿਚ ਸਰਕਾਰ ਵਿਰੋਧੀ ਮਹੌਲ ਨੂੰ ਅੱਗ ਲਾ ਸਕਦੀਆਂ ਸਨ। ਜਨਤਾ ਦੀਆਂ ਨਜ਼ਰਾਂ 'ਚ ਨਾ ਆਉਣ ਅਤੇ ਆਪਣੇ ਸੀਨੀਅਰ ਅਧਿਕਾਰੀਆਂ ਦੇ ਹੁਕਮਾਂ ਦੀ ਪਾਲਣਾ ਕਰਨ ਵਾਲੇ ਲਾਭਕਾਰੀ ਗੁਣ, ਹਾੱਪਕਿਨਸਨ ਨੇ ਆਪਣੀ ਪੁਲਿਸ ਟ੍ਰੇਨਿੰਗ ਦੌਰਾਨ ਗ੍ਰਹਿਣ ਕਰ ਲਏ ਸਨ। ਪੱਤਰਕਾਰਾਂ ਨਾਲ ਗੱਲ ਕਰਦੇ ਸਮੇਂ ਉਹ ਆਪਣੇ ਸ਼ਬਦਾਂ ਦਾ ਬਹੁਤ ਖਿਆਲ ਰੱਖਦਾ ਸੀ ਅਤੇ ਆਪਣੇ ਸਹਿਕਰਮੀਆਂ ਨਾਲ ਗੱਲਬਾਤ ਕਰਨ ਸਮੇਂ, ਉਹ ਮਾਲਕਮ ਰੀਡ ਨਾਲ ਆਪਣੇ ਮੱਤਭੇਦਾਂ ਬਾਰੇ ਭਾਵੇਂ ਬੋਲ ਦਿੰਦਾ ਸੀ। ਪਰ ਇਹ ਗੱਲਾਂ ਓਟਾਵਾ ਸਰਕਾਰ ਨਾਲ ਹੁੰਦੀ ਖਤੋ-ਖਿਤਾਬਤ ਵਿਚੋਂ ਗਾਇਬ ਰਹਿੰਦੀਆਂ ਸਨ। ਉਸ ਸ਼ਾਮ ਰੀਡ ਤੇ ਸਟੀਵਨਜ਼ ਦੇ ਬਿਲਕੁਲ ਵਿਰੋਧ ਵਿਚ ਖੜ੍ਹਾ, ਉਹ ਇਸ ਕਾਰਨ ਸੰਤੁਸ਼ਟੀ ਮਹਿਸੂਸ ਕਰ ਰਿਹਾ ਸੀ ਕਿ ਉਹ ਆਪਣੇ ਵਿਚਾਰ ਉਨ੍ਹਾਂ ਨੂੰ ਲਿਖਤੀ ਰੂਪ ਵਿਚ ਸੌਂਪ ਚੁੱਕਾ ਸੀ। ਰੀਡ ਦਾ ਬੇਅਸਰ ਸੁਝਾਅ ਸੀ ਕਿ ਜ਼ਿਆਦਾ ਰੋਸ਼ਨੀ ਹੋ ਜਾਣ ਤੱਕ ਪੁਲਿਸ ਨੂੰ ਆਪਣੀ ਕਾਰਵਾਈ ਰੋਕ ਦੇਣੀ ਚਾਹੀਦੀ ਹੈ। ਪਰ ਕਿਸੇ ਵਿਰੋਧ ਦੀ ਆਸ਼ੰਕਾ ਤੋਂ ਰਹਿਤ ਪੁਲਿਸ-ਮੁਖੀ ਮਿਸਟਰ ਮਕਲੈਨਨ, ਹੋਰ ਇੰਤਜ਼ਾਰ ਨਹੀਂ ਕਰਨਾ ਚਾਹੁੰਦਾ ਸੀ। 160 ਬੰਦਿਆਂ ਦੇ ਪੁਲਿਸ ਬਲ ਨੂੰ ਜ਼ਰੂਰਤ ਤੋਂ ਜ਼ਿਆਦਾ ਸਮਝਣ ਵਾਲੇ ਉਸਦੇ ਮੁਲਾਜ਼ਮ, ਬਹੁਤ ਉੱਚੀ ਹਵਾ 'ਚ ਸਨ ਅਤੇ ਇਸ 'ਮਾੜੀ-ਮੋਟੀ ਕਾਰਵਾਈ' ਨੂੰ ਮਨ-ਪ੍ਰਚਾਵੇ ਦਾ ਜ਼ਰੀਆ ਸਮਝਦੇ ਸਨ।

ਮੁਹਿੰਮ ਮਨ-ਪ੍ਰਚਾਵਾ ਹੋਣ ਦੀ ਥਾਂ ਬਹੁਤ ਖਤਰਨਾਕ ਖੇਡ੍ਹ ਹੋ ਨਿਬੜੀ। 'ਸੀ-ਲਾਇਨ' ਉੱਪਰ ਲੱਗੀ ਖੋਜ-ਬੱਤੀ ਚਲਾਉਣ 'ਤੇ ਦੇਖਿਆ ਗਿਆ ਕਿ ਨਾਹਰੇ ਲਾਉਂਦੇ ਤੇ ਸੋਟੇ ਲਹਿਰਾਉਂਦੇ ਮੁਸਾਫ਼ਿਰ, ਜਹਾਜ਼ ਦੇ ਜੰਗਲੇ ਨਾਲ ਕਤਾਰਾਂ ਬਣਾਈ ਖੜ੍ਹੇ ਸਨ। ਕਪਤਾਨ ਯਾਮਾਮੋਟੋ ਅਤੇ ਚਾਲਕ ਦਲ ਦੇ ਬਾਕੀ ਜਾਪਾਨੀ ਮੈਂਬਰ ਕਿਧਰੇ ਦਿਖਾਈ ਨਹੀਂ ਦੇ ਰਹੇ ਸਨ। ਉਹ ਆਪਣੇ ਕੈਬਿਨਾਂ ਵਿਚ ਬੈਠੇ ਸਨ। ਇੱਕ ਮੁਸਾਫ਼ਰ ਨੇ ਪੰਜਾਬੀ ਵਿਚ ਹਾੱਪਕਿਨਸਨ ਨੂੰ ਚਿਤਾਵਨੀ ਦਿੱਤੀ, ਕਿ ਉਹ ਲੜਨ ਲਈ ਤਿਆਰ ਬਰ ਤਿਆਰ ਹਨ: "ਇਹ ਜਹਾਜ਼ ਇੱਥੇ ਹੀ ਰਹੇਗਾ ਅਤੇ ਕਿਧਰੇ ਨਹੀਂ ਜਾਏਗਾ। ਜੇਕਰ ਤੁਸੀਂ ਲੜਨਾ ਚਾਹੁੰਦੇ ਹੋ ਤਾਂ ਭਾਰਤੀ ਲੋਕ ਤੁਹਾਨੂੰ

ਦਿਖਾਉਣਗੇ ਕਿ ਕਿਵੇਂ ਲੜੀਦਾ ਹੈ। ਜੇਕਰ ਤੁਸੀਂ ਚਾਲਾਕੀ ਕਰੋਗੇ ਤਾਂ ਅਸੀਂ ਛਾਲਾਂ ਮਾਰ ਕੇ ਤੁਹਾਡੀਆਂ ਕਿਸ਼ਤੀਆਂ ਵਿਚ ਆ ਕੇ ਤੁਹਾਨੂੰ ਸਬਕ ਸਿਖਾਵਾਂਗੇ। ਭਾਰਤੀ ਲੋਕ ਡਰਨ ਵਾਲੇ ਨਹੀਂ।" ਇਹ ਫੋਕੀ ਘੁਰਕੀ ਨਹੀਂ ਸੀ, ਭਾਵੇਂ ਮੁਸਾਫ਼ਰਾਂ ਨੇ ਕਿਸ਼ਤੀ ਨੂੰ ਹਿਲਾ ਕੇ, ਇਸ ਨੂੰ ਜਹਾਜ਼ ਤੋਂ ਦੂਰ ਕਰਨ ਦੀ ਕੋਸ਼ਿਸ਼ ਕੀਤੀ, ਪਰ ਪੁਲਿਸ ਪਾਰਟੀ ਨੇ ਇੱਕ ਹੁੱਕ ਦੇ ਸਹਾਰੇ ਕਿਸ਼ਤੀ ਨੂੰ ਜਹਾਜ਼ ਨਾਲ ਨਰੜ ਲਿਆ ਸੀ ਅਤੇ ਜਦੋਂ ਇੱਕ ਮੁਸਾਫ਼ਰ ਨੇ ਕੁਹਾੜੀ ਨਾਲ ਹਮਲਾ ਕਰਨਾ ਚਾਹਿਆ ਤਾਂ ਪੁਲਿਸ ਨੇ ਪਾਣੀ ਦੀ ਬੌਸ਼ਾਰ ਕਰਨ ਵਾਲੀ ਪਾਇਪ ਤਿਆਰ ਕਰ ਲਈ। ਪੰਪ ਚਾਲੂ ਹੋਣ 'ਤੇ ਮਕਲੈਨਨ ਨੇ, ਠੰਢੇ ਪਾਣੀ ਦੀਆਂ ਬੌਸ਼ਾਰਾਂ ਜੰਗਲੇ ਵਲ ਸੇਧਿਤ ਕਰਨ ਲਈ ਕਿਹਾ, ਜਿਸ ਕਾਰਨ ਕੁਹਾੜੀ ਵਾਲਾ ਮੁਸਾਫ਼ਰ ਜੰਗਲੇ ਤੋਂ ਦੂਰ ਚਲਾ ਗਿਆ। ਪਰ ਪੁਲਿਸ ਦਾ ਹੱਥ ਥੋੜ੍ਹੀ ਦੇਰ ਲਈ ਹੀ ਉੱਪਰ ਰਿਹਾ, ਕਿਉਂਕਿ ਪਾਣੀ ਦੀਆਂ ਬੌਸ਼ਾਰਾਂ ਦਾ ਦਬਾਅ ਬਹੁਤ ਤੇਜ਼ ਹੋਣ ਕਾਰਨ ਸਾਹਮਣੇ ਖੜ੍ਹਨਾ ਬਹੁਤ ਮੁਸ਼ਕਿਲ ਸੀ।

ਮੁਸਾਫ਼ਰਾਂ ਨੇ ਕੋਲੇ, ਅੰਗਿਆਰ ਤੇ ਕਬਾੜ ਦੀ ਟੁੱਟ-ਭੱਜ ਸਟੋਰ 'ਚੋਂ ਲਿਆ ਕੇ ਡੈੱਕ ਉੱਪਰ ਇੱਕਠੀ ਕਰ ਰੱਖੀ ਸੀ। ਜੀਵਨ-ਕਿਸ਼ਤੀਆਂ ਵਿਚ ਸਟੋਰ ਕੀਤੇ ਅਤੇ ਡੈੱਕ ਉੱਪਰ ਢੇਰ ਕੀਤੇ ਇਸ ਸਮਾਨ ਨੇ ਇੱਕ ਵੱਡੇ ਅਸਲੇਖਾਨੇ ਦਾ ਰੂਪ ਲੈ ਲਿਆ ਸੀ। ਕਾਮਾਗਾਟਾ ਮਾਰੂ ਦੇ ਜੰਗਲਿਆਂ ਕੋਲ ਖੜ੍ਹੇ ਹੋਏ ਮੁਸਾਫ਼ਰ 'ਸੀ ਲਾਇਨ' ਦੇ ਡੈੱਕ ਤੋਂ ਪੰਜ ਮੀਟਰ ਉੱਚੀ ਥਾਂ ਉੱਪਰ ਖੜ੍ਹੇ ਸਨ। ਅਤੇ ਇਸ ਬਿਹਤਰ ਉੱਚੀ ਸਥਿਤੀ ਕਾਰਨ ਉਨ੍ਹਾਂ ਨੇ ਨੀਵੀਂ ਥਾਂ ਖੜ੍ਹੇ ਪੁਲਿਸ ਮੁਲਾਜ਼ਮਾਂ ਉੱਪਰ ਕੋਲੇ, ਲੋਹੇ ਆਦਿ ਦੀਆਂ ਸਖ਼ਤ ਚੀਜ਼ਾਂ ਨਾਲ ਅਜਿਹਾ ਤਾਬੜਤੋੜ ਹਮਲਾ ਕੀਤਾ ਕਿ ਉਹ ਜਵਾਬੀ ਹਮਲਾ ਕਰਨ ਦੀ ਸਥਿਤੀ 'ਚ ਨਾ ਰਹੇ। ਇਮੀਗਰੇਸ਼ਨ ਵਿਭਾਗ ਦੇ ਵਿਸ਼ੇਸ਼ ਦਲ ਦੇ ਮੈਂਬਰ ਜੋ ਕਿਸ਼ਤੀ ਦੀ ਅਗਲੀ ਤਰਫ਼ ਖੜ੍ਹੇ ਸਨ, ਥੋੜ੍ਹੇ ਲੁਕੇ ਹੋਣ ਕਾਰਨ ਗੰਭੀਰ ਚੋਟਾਂ ਲੱਗਣ ਤੋਂ ਬਚ ਗਏ। ਪਰ ਪੁਲਿਸ ਵਾਲੇ ਸਿੱਧੀ ਮਾਰ ਹੇਠ ਸਨ। ਉਨ੍ਹਾਂ 'ਚੋਂ ਇੱਕ ਜਣਾ, ਇੱਟ ਵੱਜਣ ਕਾਰਨ ਬੇਹੋਸ਼ ਹੋ ਗਿਆ। ਚਾਰ ਪੰਜ ਦੇ ਸਿਰਾਂ ਉੱਪਰ ਚੋਟਾਂ ਲੱਗੀਆਂ ਇੱਕ ਹੋਰ ਬਾਂਹ ਦੀ ਸੱਟ ਕਾਰਨ ਨਕਾਰਾ ਹੋ ਗਿਆ ਸੀ। ਕਿਸ਼ਤੀ ਦੀਆਂ ਬਾਰੀਆਂ ਟੁੱਟਣ ਕਾਰਨ, ਸ਼ੀਸੇ ਦੇ ਬਿਖਰੇ ਟੁਕੜਿਆਂ ਨੇ ਕਿਸ਼ਤੀ ਦੇ ਕਪਤਾਨ ਸਮੇਤ ਕਈਆਂ ਦੇ ਚਿਹਰਿਆਂ ਨੂੰ ਲਹੂ-ਲੁਹਾਣ ਕਰ ਦਿੱਤਾ ਸੀ। ਪੁਲਿਸ ਮੁਖੀ ਮਕਲੈਨਨ ਪਾਣੀ ਵਾਲੀ ਪਾਇਪ ਫੜੀਂ, ਆਪਣੀ ਜਗ੍ਹਾ 'ਤੇ ਡੱਟਿਆ ਰਿਹਾ। ਪਰ ਉਸਦੇ ਮੁਲਾਜ਼ਮ, ਸਿੱਧੀ ਮਾਰ ਤੋਂ ਬਚਣ ਲਈ, ਕਿਸ਼ਤੀ ਦੇ ਇੱਕੋ ਤਰਫ਼ ਇਕੱਠੇ ਹੋ ਗਏ। ਜਿਸ ਕਾਰਨ, ਕਿਸ਼ਤੀ ਖਤਰਨਾਕ ਸਥਿਤੀ ਵਿਚ ਇੱਕ ਪਾਸੇ ਝੁਕ ਗਈ ਚੀਕ-ਚਿਹਾੜ੍ਹਾ ਪੈ ਗਿਆ, "ਖੱਬੇ ਪਾਸੇ ਰਹੋ, ਨਹੀਂ ਤਾਂ ਸਾਰੇ ਡੁੱਬ ਜਾਵਾਂਗੇ" ਅਤੇ ਕਈ ਗੁੱਸੇ ਵਿਚ ਚੀਕੇ, "ਕਿਸ਼ਤੀ ਨੂੰ ਜਹਾਜ਼ ਤੋਂ ਦੂਰ ਲੈ ਕੇ ਜਾਉ, ਕਪਤਾਨ ਇਸ ਨੂੰ ਤੋਰਦਾ ਕਿਉਂ ਨਹੀਂ"?

ਇੱਕ ਬੰਦੂਕਧਾਰੀ ਨੇ-ਜਿਸ ਦੀ ਪਹਿਚਾਣ ਬਾਅਦ ਵਿਚ ਕੁਝ ਬੰਦਿਆਂ ਨੇ ਹਰਨਾਮ ਸਿੰਘ ਖਾਲੜਾ ਵਜੋਂ ਕੀਤੀ, ਜੋ ਇੱਕ ਸਾਬਕਾ ਫੌਜੀ ਤੇ ਪੰਜ ਮੈਂਬਰੀ ਮੁਸਾਫ਼ਰ ਕਮੇਟੀ ਦਾ ਮੈਂਬਰ ਸੀ-ਬਗੈਰ ਨਿਸ਼ਾਨਾ ਸਾਧੇ, ਕਾਮਾਗਾਟਾ ਮਾਰੂ ਤੋਂ ਤਿੰਨ-ਚਾਰ ਚਿਤਾਵਨੀ ਫਾਇਰ ਕੀਤੇ। ਇਸ ਹਫ਼ੜਾ-ਤਫ਼ੜੀ ਵਿਚ ਵੀ, ਇਹਨਾਂ ਫਾਇਰਾਂ ਦੀ ਕੰਨ-ਚੀਰਵੀਂ ਆਵਾਜ਼ ਸਾਫ਼ ਪਹਿਚਾਣੀ ਗਈ। 'ਵੈਨਕੂਵਰ ਸਨ' ਤੇ 'ਵੈਨਕੂਵਰ ਡੇਲੀ ਵਰਡ' ਨਾਂ ਦੇ ਦੋਨਾਂ ਅਖਬਾਰਾਂ ਨੇ ਅਗਲੇ ਦਿਨ ਇਹ ਖਬਰ ਪ੍ਰਕਾਸ਼ਤ ਕੀਤੀ। ਅਤੇ ਮਾਲਕਮ ਰੀਡ ਨੇ ਓਟਾਵਾ ਨੂੰ ਤਾਰ ਰਾਹੀਂ ਭੇਜੀ ਆਪਣੀ ਰਿਪੋਰਟ ਵਿਚ ਵੀ ਇਨ੍ਹਾਂ ਦਾ ਜ਼ਿਕਰ ਕੀਤਾ ਸੀ। ਪੁਲਿਸ ਮੁਲਾਜ਼ਮਾਂ ਨੂੰ ਪੂਰਵ-ਆਦੇਸ਼ ਸਨ ਕਿ ਰਿਵਾਲਵਰ ਬਾਹਰ ਨਹੀਂ ਕੱਢਣੇ ਅਤੇ ਮੁਖੀ ਮਕਲੈਨਨ ਲਗਾਤਾਰ ਉਨ੍ਹਾਂ ਨੂੰ ਡਟੇ ਰਹਿਣ ਲਈ ਪੁਕਾਰਦਾ ਰਿਹਾ। ਅਗਲੇ ਦਿਨ ਦਲਜੀਤ ਸਿੰਘ ਕਾਉਣੀ ਨੇ ਦਾਅਵਾ ਕੀਤਾ ਕਿ ਅਸਲ ਵਿਚ ਪੁਲਿਸ ਨੇ ਕਈ ਵਾਰ ਗੋਲੀ ਚਲਾਈ ਸੀ। ਪਰ ਇਹ ਕਿਸੇ ਦੇ ਲੱਗੀ ਨਹੀਂ ਸੀ। ਘਟਨਾ ਤੋਂ ਕਈ ਸਾਲ ਬਾਅਦ ਇਸ ਬਾਰੇ ਲਿਖਦਿਆਂ, ਗੁਰਦਿੱਤ ਸਿੰਘ ਸਰਹਾਲੀ ਨੇ ਵੀ ਅਜਿਹਾ ਹੀ ਕੁਝ ਲਿਖਿਆ ਸੀ। (ਉਸ ਨੇ ਖੁਦ ਬਹੁਤਾ ਕੁਝ ਨਹੀਂ ਦੇਖਿਆ ਹੋਣਾ ਕਿਉਂਕਿ ਸੁਰੱਖਿਆ ਕਾਰਨਾਂ ਕਰਕੇ ਉਸਦੇ ਸਾਥੀਆਂ ਨੇ ਉਸ ਨੂੰ ਕੈਬਿਨ ਵਿਚ ਬੰਦ ਕਰ ਦਿੱਤਾ ਸੀ। ਜਿਸ ਦੀ ਮੋਰੀ ਵਿਚੋਂ ਜੋ ਸੰਭਵ ਸੀ, ਉਹ ਦੇਖਦਾ ਰਿਹਾ ਸੀ। ਹੁਣ ਇੱਕ ਸਦੀ ਦੇ ਅਰਸੇ ਬਾਅਦ ਲੋਕ ਇਸ ਘਟਨਾ ਦੇ ਵੱਖ-ਵੱਖ ਪ੍ਰਸੰਗ ਬਿਆਨ ਕਰ ਸਕਦੇ ਹਨ। ਪਰ ਅਸਲੀ ਸਚਾਈ ਬਿਆਨ ਨਹੀਂ ਕੀਤੀ ਜਾ ਸਕਦੀ)। ਕਿਸ਼ਤੀ ਤੇ ਜਹਾਜ਼ ਦਰਮਿਆਨ ਗੰਢਾਂ ਵਾਲੀ ਰੱਸੀ ਦੇ ਬੰਨੇ ਜਾਣ ਤੋਂ ਸਿਰਫ਼ 15 ਮਿੰਟ ਬਾਅਦ, ਇੱਕ ਪੁਲਿਸ ਮੁਲਾਜ਼ਮ ਇਸ ਨੂੰ ਕੱਟਣ ਵਿਚ ਕਾਮਯਾਬ ਹੋ ਗਿਆ। ਭੰਨੀ-ਤੋੜੀ ਹੋਈ ਅਤੇ ਕੋਲੇ ਦੀ ਤਾਬੜ-ਤੋੜ ਮਾਰ ਕਾਰਨ ਬਦਰੰਗ ਹੋਈ ਕਿਸ਼ਤੀ ਜਦੋਂ ਜਹਾਜ਼ ਤੋਂ ਦੂਰ ਭੱਜਣ ਲੱਗੀ ਤਾਂ ਕਾਮਾਗਾਟਾ ਮਾਰੂ ਉੱਪਰ ਖੜ੍ਹੇ ਮੁਸਾਫ਼ਰ ਚਾਂਗੜ੍ਹਾਂ ਮਾਰਨ ਲੱਗੇ।

ਮੁਸਾਫ਼ਰ ਇਸ ਮੁਕਾਬਲੇ ਲਈ ਤਿਆਰ ਸਨ। ਗਰਮੀਆਂ ਦੀ ਪੂਰੀ ਰੁੱਤ ਦੌਰਾਨ, ਤੱਟ ਉੱਪਰ ਖੜ੍ਹਾ ਇੱਕ ਸਿੱਖ ਸੰਕੇਤਕ, ਜਿਸ ਦੇ ਹੱਥਾਂ ਵਿਚ ਸੰਕੇਤੀ ਝੰਡੇ ਫੜ੍ਹੇ ਹੋਏ ਸਨ, ਉਨ੍ਹਾਂ ਨੂੰ ਸੰਕੇਤਾਂ ਰਾਹੀਂ ਖਬਰਾਂ ਪਹੁੰਚਾਉਂਦਾ ਰਿਹਾ ਸੀ। ਸੰਕੇਤਕਾਰੀ ਵੈਨਕੂਵਰ ਦੇ ਸ਼ਾਨਦਾਰ ਸਟੈਨਲੇ ਪਾਰਕ ਵਿਚ, ਜਹਾਜ਼ ਤੋਂ ਨਜ਼ਰ ਪੈਂਦੀ ਕਿਸੇ ਥਾਂ ਉੱਪਰ ਖੜ੍ਹਾ ਹੋ ਕੇ ਉੱਨੀ ਦੇਰ ਸੰਕੇਤ ਕਰਦਾ ਰਹਿੰਦਾ ਜਿੰਨੀ ਦੇਰ ਉਸ ਦਾ ਪਤਾ ਚੱਲਣ 'ਤੇ ਪੁਲਿਸ ਨਾ ਪਹੁੰਚ ਜਾਂਦੀ। ਇਸ ਪ੍ਰਕਾਰ ਮੁਸਾਫ਼ਰਾਂ ਨੂੰ, ਜਹਾਜ਼ ਉੱਪਰ ਧਾਵਾ ਕਰਨ ਲਈ ਸ਼ਹਿਰ ਵਿਚ ਚੱਲ ਰਹੀਆਂ ਤਿਆਰੀਆਂ ਦੀ, ਅਗਾਊਂ ਖਬਰ ਪਹੁੰਚ ਚੁੱਕੀ ਸੀ। ਭਾਵੇਂ ਉਨ੍ਹਾਂ ਨੂੰ ਹੁਣ ਕਨੇਡਾ ਵਿਚ ਦਾਖਲ ਹੋਣ ਦੀ ਕੋਈ ਉਮੀਦ ਨਹੀਂ ਸੀ। ਪਰ ਡਰ ਸੀ ਕਿ ਕਿਤੇ ਪ੍ਰਸ਼ਾਂਤ ਮਹਾਂਸਾਗਰ ਪਾਰ ਦੀ ਕਈ ਹਫ਼ਤਿਆਂ ਦੀ ਯਾਤਰਾ ਲਈ ਲੋੜੀਂਦਾ ਰਾਸ਼ਨ ਦਿੱਤੇ ਬਿਨਾਂ ਹੀ, ਉਨ੍ਹਾਂ ਨੂੰ ਭਜਾ

ਨਾ ਦਿੱਤਾ ਜਾਵੇ। ਹਾੱਪਕਿਨਸਨ ਤੋਂ ਇਲਾਵਾ ਹੋਰ ਕਿਸੇ ਅਧਿਕਾਰੀ ਨੇ ਉਨ੍ਹਾਂ ਨਾਲ ਸਿੱਧੀ ਗੱਲਬਾਤ ਨਹੀਂ ਕੀਤੀ ਸੀ ਅਤੇ ਆਖਰੀ ਪਲਾਂ ਵਿਚ ਕੀਤੀ ਗਈ ਉਸ ਦੀ ਗੱਲਬਾਤ ਦਾ ਤੌਰ ਤਰੀਕਾ ਵੀ ਧਮਕੀ ਦੇਣ ਵਾਂਗ ਸੀ। ਜੇਕਰ ਉਹ ਜਾਣ ਲਈ ਨਾ ਮੰਨੇ ਤਾਂ ਪੁਲਿਸ ਉਨ੍ਹਾਂ ਨੂੰ ਮਨਵਾਏਗਾ ਉਨ੍ਹਾਂ ਨੇ ਕੋਈ ਰਸਦ ਨਹੀਂ ਦੇਖੀ ਸੀ ਅਤੇ ਨਾ ਹੀ ਉਨ੍ਹਾਂ ਨੂੰ ਯਕੀਨ ਸੀ ਕਿ ਰਸਦ ਆ ਰਹੀ ਸੀ। ਉਨ੍ਹਾਂ ਵਲੋਂ ਪੂਰੀ ਦ੍ਰਿੜ੍ਹਤਾ ਨਾਲ ਆਪਣੇ ਜਹਾਜ਼ ਦੀ ਸੁਰੱਖਿਆ ਕਰਨ ਦੀ ਕਾਰਵਾਈ ਦੀ ਉਮੀਦ ਕੀਤੀ ਜਾਣੀ ਚਾਹੀਦੀ ਸੀ। ਪਰ ਵੈਨਕੂਵਰ ਦੇ ਇਮੀਗਰੇਸ਼ਨ ਵਿਭਾਗ ਅਤੇ ਸ਼ਹਿਰ ਦੀ ਨਗਰ-ਪਾਲਿਕਾ ਵਿਚ ਮੌਜੂਦ ਵਿਰੋਧੀ, ਉਨ੍ਹਾਂ ਨੂੰ ਸਿਰਫ਼ ਕਾਨੂੰਨ ਤੋੜਨ ਵਾਲੇ ਅਤੇ ਸਿਆਸੀ ਮੁਸੀਬਤਾਂ ਖੜ੍ਹੀਆਂ ਕਰਨ ਵਾਲੇ ਕਲੇਸ਼ੀ ਸਮਝਦੇ ਸਨ।

***

ਅਧਿਆਇ 9

## ਭੈ ਭੀਤ ਕਰਨਾ:
## ਜਲ ਸੈਨਾ ਦੇ ਇੱਕ ਗਸ਼ਤੀ ਜਹਾਜ਼ ਦਾ ਸਾਹਮਣਾ

ਐੱਚ.ਐੱਚ.ਸਟੀਵਨਜ਼ ਅਤੇ ਮਾਲਕਮ ਰੀਡ ਨੇ ਕਾਮਾਗਾਟਾ ਮਾਰੂ ਦੇ ਯਾਤਰੂਆਂ ਨੂੰ 'ਕਾਨੂੰਨ ਤੋੜਨ ਵਾਲੇ' ਕਹਿਣ 'ਚ ਕੋਈ ਰੱਬੀ ਜ਼ੁਲਮ ਨਾ ਸਮਝਿਆ ਭਾਵੇਂ ਸਟੀਵਨਜ਼ ਅਤੇ ਰੀਡ ਉਹ ਵਿਅਕਤੀ ਸਨ, ਜਿਨ੍ਹਾਂ ਨੇ ਅਦਾਲਤਾਂ ਤੋਂ ਬਚਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਉਸ ਤੋਂ ਵੀ ਵੱਧ ਮਹਿਸੂਸ ਕੀਤਾ ਜਿੰਨਾ ਕਿ ਸਬੂਤਾਂ ਤੇ ਅਧਾਰਤ ਉੱਚਿਤ ਠਹਿਰਾਇਆ ਜਾ ਸਕਦਾ ਸੀ। ਜੋ ਉਨ੍ਹਾਂ ਨੇ ਬਰਤਾਨੀਆ ਵਿਰੋਧੀ ਭਾਵਨਾਵਾਂ ਅਤੇ ਯਾਤਰੀਆਂ ਅਤੇ ਤੱਟਈ ਕਮੇਟੀ ਦਰਮਿਆਨ ਸਰਗਰਮੀਆਂ ਤੋਂ ਪ੍ਰਾਪਤ ਕੀਤਾ। ਇਸ ਗੱਲ ਨੇ ਉਨ੍ਹਾਂ ਨੂੰ ਸਮਝੌਤੇ ਪ੍ਰਤੀ ਬੇਦਿਲ ਬਣਾ ਦਿੱਤਾ, ਅਤੇ ਉਸ ਜ਼ਬਰਦਸਤ ਹਮਾਇਤ– ਭਾਵੇਂ ਸਰਵਸੰਮਤੀ ਨਾਲੋਂ ਘੱਟ - ਨੇ ਜੋ ਉਨ੍ਹਾਂ ਨੂੰ ਆਮ ਜਨਤਾ ਅਤੇ ਵੈਨਕੂਵਰ ਦੀ ਸ਼ਹਿਰੀ ਅਗਵਾਈ ਤੋਂ ਮਿਲੀ, ਸਖਤ ਕਦਮ ਚੁੱਕਣ ਲਈ ਬਜ਼ਿੱਦ ਕਰ ਦਿੱਤਾ। ਇਸੇ ਗੱਲ 'ਤੇ ਉਨ੍ਹਾਂ ਨੇ ਓਟਾਵਾ ਨਾਲ ਆਪਣੇ ਸਾਰੇ ਸੂਚਨਾ ਦੇ ਆਦਾਨ ਪ੍ਰਦਾਨ ਦੌਰਾਨ ਜ਼ੋਰ ਦਿੱਤਾ ਹੈ। ਪ੍ਰਧਾਨ ਮੰਤਰੀ ਅਤੇ ਉਸ ਦਾ ਸਲਾਹਕਾਰ ਆਪਣੇ ਤੌਰ ਤੇ ਬੜੀ ਤੀਬਰਤਾ ਨਾਲ ਕਾਮਾਗਾਟਾਮਾਰੂ ਮਾਮਲੇ ਦੁਆਰਾ ਚਿੰਤਤ ਸਨ, ਅਤੇ ਉਸ ਦੇ ਦ੍ਰਿਸ਼ ਤੋਂ ਦੂਰੀ ਦੀ ਵਜ੍ਹਾ ਕਰਕੇ ਬੇਚੈਨੀ ਭਰੀ ਅਸੁਵਿਧਾਜਨਕ ਹਾਲਤ ਵਿੱਚ ਸਨ।

ਖ਼ੁਸ਼ਕਿਸਮਤੀ ਨਾਲ, ਇਸ ਦੂਰੀ ਨੇ ਉਨ੍ਹਾਂ ਨੂੰ ਇਸ ਮਾਮਲੇ ਨੂੰ ਇੱਕ ਹੱਦ ਤੱਕ ਨਿਖੇੜੇ ਵਾਲੇ ਢੰਗ ਨਾਲ ਵੇਖਣ 'ਚ ਮਦਦ ਕੀਤੀ, ਅਤੇ ਉਹ ਜੋ ਵੈਨਕੂਵਰ 'ਚ ਜਨਤਕ ਰਾਇ ਤੋਂ ਉਨ੍ਹਾਂ ਨੇ ਜਾਣਿਆ ਅਤੇ ਜੋ ਨਸੀਹਤ ਉਹ ਲੰਦਨ ਤੋਂ ਪ੍ਰਾਪਤ ਕਰ ਰਹੇ ਸਨ, ਵਿੱਚ ਸੰਤੁਲਨ ਬਣਾ ਰਹੇ ਸਨ। ਉਹ ਇਸੇ ਨੂੰ ਨਜਿੱਠਣ ਵਿੱਚ ਲੱਗੇ ਹੋਏ ਸਨ, ਜਦੋਂ 18-19 ਜੁਲਾਈ ਦੀ ਰਾਤ ਨੂੰ ਪੁਲੀਸ ਦੇ ਯਾਤਰੀਆਂ ਨਾਲ ਇੱਕ ਅਸਫਲ ਟਕਰਾਅ ਨੇ ਇੱਕ ਬੇਲੋੜੇ ਸੰਕਟ 'ਚ ਹੋਰ ਤੇਜ਼ੀ ਲਿਆਉਣ ਦਾ ਡਰ ਖੜ੍ਹਾ ਕਰ ਦਿੱਤਾ।

ਸ਼ਵੇਰੇ 2 ਵਜੇ ਸਮੁੰਦਰੀ ਕਿਨਾਰੇ 'ਤੇ ਪਰਤਣ ਤੋਂ ਕੁਝ ਪਲ ਬਾਅਦ ਸਟੀਵਨਜ਼ ਨੇ ਪ੍ਰਧਾਨ ਮੰਤਰੀ ਨੂੰ ਤਾਰ ਭੇਜੀ: "ਜਹਾਜ਼ ਉੱਪਰ ਹਿੰਦੂ ਪ੍ਰਤੱਖ ਤੌਰ ਤੇ ਸਿਰਲੱਥ ਇਨਕਲਾਬੀਆਂ ਵਾਂਗ ਹਨ ਅਤੇ ਕਾਨੂੰਨ ਨੂੰ ਲਲਕਾਰਨ ਲਈ ਦ੍ਰਿੜ ਹਨ। ਸਖ਼ਤ



*13. ਸੱਜੇ ਮਿਡਲ ਵਿਚ ਹੈ ਲੜਾਕਾ ਨੇਵੀ ਦਾ ਜਹਾਜ ਰੈਨਬੋ, ਦੂਰ ਦਿਸ ਰਿਹਾ ਹੈ ਕਾਮਾਗਾਟਾ ਮਾਰੂ 21 ਜੁਲਾਈ 1914 (vpl 6229)*

ਰੁੱਖ ਅਪਣਾਉਣਾ ਜਰੂਰੀ ਹੈ ਅਤੇ ਐੱਚ ਐੱਮ ਸੀ ਐੱਸ ਰੇਨਬੋ ਜਾਂ ਕਿਸੇ ਜਲ ਸੈਨਾ ਵਿਭਾਗ ਦੇ ਜਹਾਜ਼ ਨੂੰ ਸਥਿਤੀ ਆਪਣੇ ਹੱਥ ਹੇਠ ਲੈਣ ਲਈ ਵਿਸਥਾਰਤ ਤਾਕੀਦ ਕੀਤੀ ਜਾਵੇ।" ਵੈਨਕੂਵਰ ਟਾਪੂ 'ਤੇ ਐਸਕਿਯੀਮਾੱਲਟ (Esquimaultte) ਵਿਖੇ ਸ਼ਾਂਤਮਹਾਂਸਾਗਰ ਦੇ ਕਿਨਾਰੇ ਤੇ ਖੜ੍ਹਾ ਰੈਨਬੋ ਅਤੇ ਹਾਲੀਫੈਕਸ ਵਿਖੇ ਅੰਧਮਹਾਂਸਾਗਰ 'ਚ ਐੱਚ ਐੱਮ ਸੀ ਐੱਸ ਨੀਓਬੇ (Niobe) ਬਰਤਾਨੀਆਂ ਤੋਂ 1911 'ਚ ਪ੍ਰਾਪਤ ਕੀਤੇ ਗਏ ਅੱਧੋਰਾਣੇ ਗਸ਼ਤੀ ਜਹਾਜ਼ ਸਨ। ਕਨੇਡਾ ਦੀ ਭਰੂਣ ਰੂਪੀ ਸਮੁੱਚੀ ਜਲਸੈਨਾ ਇਨ੍ਹਾਂ ਦੀ ਹੀ ਬਣੀ ਹੋਈ ਸੀ। ਕਈ ਮਹੀਨਿਆਂ ਤੋਂ ਰੈਨਬੋ ਲੰਗਰ ਸੁੱਟੀਂ ਖੜ੍ਹਾ ਸੀ, ਅਤੇ ਭਾਵੇਂ ਇਸ ਨੇ ਕੌਮਾਂਤਰੀ ਸੀਲ ਦੇ ਸ਼ਿਕਾਰ ਵਾਲੇ ਪਾਣੀਆਂ 'ਚ ਗਸ਼ਤ ਕਰਨ ਲਈ ਜਲਦੀ ਹੀ ਬੇਰਿਗ (Bering) ਸਾਗਰ ਦੀ ਸਮੁੰਦਰੀ ਯਾਤਰਾ ਤੇ ਜਾਣਾ ਸੀ, ਇਹ ਅਜੇ ਅਜੇਹੀ ਡਿਊਟੀ ਦੇ ਅਯੋਗ ਸੀ ਅਤੇ ਇਸ ਕੋਲ ਸਿਰਫ਼ 47 ਆਦਮੀਆਂ ਅਤੇ ਅਫ਼ਸਰਾਂ ਦਾ ਜਹਾਜ਼ੀ ਅਮਲਾ ਸੀ। ਹੋਇਆ ਇਸ ਤਰਾਂ ਕਿ ਨੀਓਬ ਦੇ 76 ਆਦਮੀਆਂ ਦਾ ਦੇਸ਼ ਭਰ 'ਚ ਤਬਾਦਲਾ ਕੀਤਾ ਜਾ ਰਿਹਾ ਸੀ, ਅਤੇ ਇਤਫਾਕਨ, ਉਨ੍ਹਾਂ ਨੇ 20 ਜੁਲਾਈ ਬਾਅਦ ਦੁਪਹਿਰ ਵੈਨਕੂਵਰ ਪਹੁੰਚਣਾ ਸੀ। ਬਾਕੀ ਦੇ ਜਹਾਜ਼ੀ ਅਮਲੇ ਦੀ ਪੂਰਤੀ ਬਰਤਾਨੀਆਂ ਵੱਲੋਂ ਹੋਣੀ ਸੀ ਅਤੇ ਇਹ ਅਜੇ ਭੇਜਿਆ ਨਹੀਂ ਗਿਆ ਸੀ। ਲੋੜ ਤੋਂ ਘੱਟ ਆਦਮੀਆਂ ਵਾਲਾ ਅਤੇ ਮੁਰੰਮਤ ਤੋਂ ਸੱਖਣਾ, 3600 ਟਨ ਦਾ ਰੈਨਬੋ ਅਜੇ ਵੀ ਸਭ ਤੋਂ ਤਾਕਤਵਰ ਜਹਾਜ਼ ਸੀ। ਜੋ ਉਪਲਬਧ ਸੀ। ਲਗਭਗ ਕਾਮਾਗਾਟਾ ਮਾਰੂ ਦੇ ਸਮਾਨ ਅਕਾਰ ਦਾ ਜੰਗੀ ਜਹਾਜ਼ ਇਸ

ਨੂੰ 1911'ਚ ਪਰਿਸ ਰੁਪਰਟ (Prince Rupert) ਵਿੱਚ ਹੜਤਾਲੀਆਂ ਨੂੰ ਭੈ ਭੀਤ ਕਰਨ ਲਈ ਵਰਤਿਆ ਗਿਆ ਸੀ, ਅਤੇ ਸਟੀਵਨਜ਼ ਹੁਣ ਚਾਹੁੰਦਾ ਸੀ ਕਿ ਸਰਕਾਰ ਇਸਦੀ ਪੰਜਾਬੀ ਇਮੀਗਰੇਂਟਾਂ ਦੇ ਖ਼ਿਲਾਫ਼ ਵਰਤੋਂ ਕਰੇ।

ਕਾਮਾਗਾਟਾਮਾਰੂ ਤੋਂ ਛੁਟਕਾਰਾ ਪਾਉਣ 'ਚ ਹੋਈ ਦੇਰੀ ਤੋਂ ਖਿੱਝੇ ਹੋਏ ਪ੍ਰਧਾਨਮੰਤਰੀ ਬਾੱਰਡਨ ਨੇ ਨਿੱਜੀ ਤੌਰ ਤੇ ਫ਼ੈਸਲਾ ਕਰ ਲਿਆ ਸੀ ਕਿ ਭਵਿੱਖ 'ਚ ਸਰਕਾਰ ਦੇ ਹੱਥ ਮਜ਼ਬੂਤ ਕਰਨ ਲਈ ਇਮੀਗਰੇਸ਼ਨ ਐਕਟ ਨੂੰ ਸੋਧਣਾ ਪਵੇਗਾ। ਪਰੰਤੂ ਬਰਤਾਨਵੀ ਬਸਤੀਵਾਦੀ ਸਕੱਤਰ ਉਸ ਨੂੰ ਚੇਤਾਵਨੀ ਦੇ ਰਿਹਾ ਸੀ ਕਿ ਕਨੇਡਾ ਵਿੱਚ ਖ਼ੂਨ ਖਰਾਬੇ ਦੇ, ਭਾਰਤ ਵਿੱਚ ਨੁਕਸਾਨਦੇਹ ਨਤੀਜੇ ਹੋਣਗੇ। ਬਾੱਰਡਨ ਨੇ ਆਪਣੇ ਆਪ ਨੂੰ ਵਿਰੋਧੀ ਨਸੀਹਤ ਦੇ ਦਬਾਅ ਹੇਠ ਪਾਇਆ। ਤਾਕਤ ਦਾ ਪ੍ਰਦਰਸ਼ਨ ਕੀਤਾ ਜਾਵੇ ਜਾਂ ਸੰਜਮ ਵਰਤਿਆ ਜਾਵੇ, ਅਤੇ ਉਸ ਨੇ ਵਿਚਕਾਰਲਾ ਰਸਤਾ ਚਾਹਿਆ। ਇਸ ਸਮੇਂ ਤੱਕ ਉਸ ਨੇ ਮਹਿਸੂਸ ਕਰ ਲਿਆ ਸੀ। ਕਿ ਉਹ ਵੈਨਕੂਵਰ ਵਿੱਚ ਸਥਾਨਕ ਇਮੀਗਰੇਸ਼ਨ ਏਜੰਟ ਅਤੇ ਸਥਾਨਕ ਐਮ ਪੀ ਦੇ ਫ਼ੈਸਲੇ ਤੇ ਨਿਰਭਰ ਨਹੀਂ ਕਰ ਸਕਦਾ ਆਪਣੇ ਸਾੱਲਿਸਿਟਰ ਜਨਰਲ, ਆਰਥਰ ਮੇਗਨ (Arthur Meighan) ਨਾਲ ਸਲਾਹ ਮਸ਼ਵਰੇ ਪਿੱਛੋਂ ਉਸ ਨੇ ਰੈਨਬੋ ਉਪਲਬਧ ਕਰਾਉਣ ਅਤੇ ਇਸੇ ਸਮੇਂ ਖੇਤੀਬਾੜੀ ਮੰਤਰੀ ਮਾਰਟਿਨ ਬੁਰੈਲ (Marten Burrell) ਨੂੰ ਦੱਖਣੀ-ਕੇਂਦਰੀ ਬ੍ਰਿਟਿਸ਼ ਕੋਲੰਬੀਆ 'ਚ ਉਸ ਦੇ ਘਰ ਤਾਰ ਭੇਜਣ ਦਾ ਫ਼ੈਸਲਾ ਕਰ ਲਿਆ, "ਇਸ ਨੂੰ ਬੇਹੱਦ ਲੋੜੀਂਦਾ ਸਮਝੋ ਕਿ ਤੁਸੀਂ ਫੌਰੀ ਤੌਰ ਤੇ ਵੈਨਕੂਵਰ ਨੂੰ ਚਾਲੇ ਪਾਓ ਅਤੇ ਸਥਿਤੀ ਬਾਰੇ ਸੂਚਿਤ ਕਰੋ।"

ਬੁਰੈਲ ਬ੍ਰਿਟਿਸ਼ ਕੋਲੰਬੀਆ ਤੋਂ ਇੱਕੋ ਇੱਕ ਸੰਘੀ ਕੈਬਨਿਟ ਮੰਤਰੀ ਸੀ। ਉਹ ਜਾਤੀ ਅਤੇ ਸਿਆਸੀ ਦੋਵਾਂ ਤਰ੍ਹਾਂ ਨਾਲ ਪ੍ਰਧਾਨ ਮੰਤਰੀ ਦੇ ਨੇੜੇ ਸੀ। ਭਾਵੇਂ ਜਨਮ ਤੋਂ ਅੰਗਰੇਜ਼ ਸੀ, ਉਹ ਬ੍ਰਿਟਿਸ਼ ਕੋਲੰਬੀਆ ਦੇ ਓਕਾਨਾਗਨ (Okanagan) ਇਲਾਕੇ ਵਿੱਚ ਵੱਡਾ ਹੋਇਆ ਸੀ। ਗਰੈਂਡ ਫਾੱਕਸ, ਬੀ ਸੀ ਉਸ ਦਾ ਘਰ ਸੀ। ਜਿੱਥੇ ਉਹ ਰਾਜ ਵਿੱਚ ਸਭ ਤੋਂ ਵਿਸ਼ਾਲ ਸੇਬ ਦੇ ਬਗੀਚੇ ਅਤੇ ਨਰਸਰੀ ਵਾਲਾ ਇੱਕ ਪ੍ਰਭਾਵਸ਼ਾਲੀ ਕਿਸਾਨ ਸੀ। ਵਧੇਰੇ ਮਹੱਤਵਪੂਰਨ ਗੱਲ ਇਹ ਸੀ ਕਿ ਉਹ ਇੱਕ ਦਹਾਕੇ ਤੋਂ ਸਥਾਨਕ ਅਤੇ ਕੌਮੀ ਰਾਜਨੀਤੀ ਵਿੱਚ ਸ਼ਾਮਿਲ ਰਿਹਾ ਸੀ ਅਤੇ ਆਰੰਭ ਤੋਂ ਬਾੱਰਡਨ ਦਾ ਮਜ਼ਬੂਤ ਜੋਟੀਦਾਰ ਰਿਹਾ ਸੀ। ਜਦੋਂ ਬਾੱਰਡਨ ਨੂੰ ਕਿਸੇ ਅਜਿਹੇ ਕੱਦਾਵਰ ਦੀ ਜ਼ਰੂਰਤ ਸੀ, ਜਿਸ ਤੇ ਉਸ ਨੂੰ ਭਰੋਸਾ ਹੁੰਦਾ ਅਤੇ ਜੋ ਇੱਕ ਦਿਨ ਵਿੱਚ ਦ੍ਰਿਸ਼ ਤੇ ਅਪੜ ਸਕਦਾ ਤਾਂ ਬੁਰੈਲ ਹੀ ਉਸ ਦੀ ਪ੍ਰਤੱਖ ਅਤੇ ਇੱਕੋ ਇੱਕ ਚੋਣ ਸੀ। ਅਤੇ ਬੁਰੈਲ ਨੇ 24 ਘੰਟੇ ਦੂਰ ਵੈਨਕੂਵਰ ਨੂੰ ਜਾਣ ਵਾਲੀ ਰਾਤ ਦੀ ਗੱਡੀ ਮਿਲਾਉਣ ਵਾਲੇ ਓਕਾਨਾਗਨ ਲੇਕ ਸਟੀਮਰ ਪਕੜਨ 'ਚ ਕੋਈ ਸਮਾਂ ਨਾ ਗੁਆਇਆ।

ਨਾਲੋ ਨਾਲ, ਪ੍ਰਧਾਨ ਮੰਤਰੀ ਬਾੱਰਡਨ ਰੈਨਬੋ ਨੂੰ ਵੈਨਕੂਵਰ ਭੇਜ ਰਿਹਾ ਸੀ। ਜਿਵੇਂ ਕਿ ਸਟੀਵਨਜ਼ ਨੇ ਮੰਗ ਕੀਤੀ ਸੀ, ਇਹ ਫ਼ੈਸਲੇ ਸਨ ਜੋ ਉਹ ਕਾਹਲੀ ਵਿੱਚ



*14. ਤੱਟਈ ਕਮੇਟੀ ਦੇ ਮੈਂਬਰ ਹੁਸੈਨ ਰਹੀਮ (ਹੇਟ ਪਹਿਨੇ) ਮਿਤ ਸਿੰਘ (ਪੌੜੀ ਤੇ) 22 ਜੁਲਾਈ 1914 ਨੂੰ ਕਾਮਾਗਾਟਾ ਮਾਰੂ 'ਤੇ*

ਲੈ ਰਿਹਾ ਸੀ। ਸੋਮਵਾਰ ਦੀ ਸਵੇਰ ਨੂੰ ਉਸ ਨੂੰ ਓਟਾਵਾ ਵਿੱਚ ਕੋਈ ਜਲਸੈਨਾ ਦਾ ਅਫ਼ਸਰ ਨਾ ਮਿਲ ਸਕਿਆ, ਪਰੰਤੂ ਉਹ ਸਮੁੰਦਰੀ ਅਤੇ ਮੱਛੀ ਪਾਲਣ ਮੰਤਰੀ ਡਗਲਸ ਹੇਜ਼ਨ (Dougles Hazen) ਨਾਲ ਸੰਪਰਕ ਕਰਨ ਵਿੱਚ ਸਫਲ ਹੋ ਗਿਆ। ਜੋ ਪੂਰਵੀ ਸਮੁੰਦਰੀ ਕਿਨਾਰੇ 'ਤੇ ਮੌਂਨੇਟਨ (Moneton) ਤੋਂ ਹਾਲੀਫੈਕਸ ਜਾਣ ਵਾਲੇ ਇੱਕ ਸਟੀਮਰ 'ਤੇ ਸਵਾਰ ਸੀ। ਰੈਨਬੋ ਦੇ ਕਮਾਂਡਰ ਨੂੰ ਸ਼ਾਮ ਨੂੰ ਚੌਕਸ ਕਰ ਦਿੱਤਾ ਗਿਆ ਸੀ, ਅਤੇ ਉਸ ਵੱਲੋਂ ਵਾਪਸੀ ਸੁਨੇਹਾ ਆਇਆ ਕਿ ਗਸ਼ਤੀ ਜਹਾਜ਼ ਨੂੰ ਅਸਾਨੀ ਨਾਲ ਸੰਭਾਲਿਆ ਨਹੀਂ ਜਾਂਦਾ ਅਤੇ ਸ਼ਾਇਦ ਕਾਮਾਗਾਟਾ ਮਾਰੂ 'ਤੇ ਸਵਾਰ ਹੋਣ ਵਰਗੀ ਨਾਜ਼ੁਕ ਕਾਰਵਾਈ ਲਈ ਵਰਤਿਆ ਨਹੀਂ ਜਾ ਸਕਦਾ।

"ਪਰੰਤੂ ਉਸ ਦੀ ਮੌਜੂਦਗੀ ਦਾ ਨੈਤਿਕ ਅਸਰ ਹੋ ਸਕਦਾ ਸੀ", ਹੈਜਨ ਨੇ ਸੂਚਨਾ ਦਿੱਤੀ। ਬਾੱਰਡਨ ਨੇ, ਇਹ ਜਾਣਕੇ ਕਿ ਉਪਲਬਧ ਜਹਾਜ਼ੀ ਅਮਲਾ ਬਹੁਤ ਥੋੜਾ ਹੈ, ਵੈਨਕੂਵਰ ਤੋਂ ਜਲ ਥਲੀ ਫੌਜੀਆਂ (ਮੇਰੀਨਜ਼) ਦੇ ਤੌਰ ਤੇ ਮਿਲੀਸ਼ੀਆ ਵਾਲੰਟੀਅਰਾਂ ਨੂੰ ਲਿਆਉਣ ਲਈ ਮਿਲੀਸ਼ੀਆ ਵਿਭਾਗ ਨਾਲ ਤਾਲਮੇਲ ਕੀਤਾ। ਸੋਮਵਾਰ ਦੀ ਸਵੇਰ ਨੂੰ, ਗੋਤਾਂਖੋਰਾਂ ਨੇ ਗਸ਼ਤੀ ਜਹਾਜ਼ ਦੇ ਢਾਂਚੇ ਦੀ ਜਾਂਚ ਪੜਤਾਲ ਕੀਤੀ। ਇਸ ਨੂੰ ਬਹੁਤ ਗੰਦਾ ਪਾਇਆ ਅਤੇ ਇੱਕ ਛੋਟਾ ਜਿਹਾ ਸੁਰਾਖ

ਦੇਖਿਆ। ਲੇਕਿਨ ਇਸ ਦੇ ਚੰਗੀ ਹਾਲਤ 'ਚ ਹੋਣ ਬਾਰੇ ਐਲਾਨ ਕਰ ਦਿੱਤਾ। ਉਸ ਸ਼ਾਮ ਨੂੰ ਉਸ ਨੇ, ਘੱਟ ਦਬਾਅ ਹੇਠ ਮੱਧਮ ਗਤੀ ਨਾਲ ਚਲਦਿਆਂ, ਕਿਉਂਕਿ ਇਸ ਦੀਆਂ ਭੱਠੀਆਂ ਦੀ ਸੁਰੱਖਿਆ ਪਰਖ ਨਹੀਂ ਕੀਤੀ ਗਈ ਸੀ, ਵੈਨਕੂਵਰ ਲਈ ਚਾਲੇ ਪਾ ਦਿੱਤੇ।

ਕਾਮਾਗਾਟਾ ਉਪਰਲੇ ਯਾਤਰੀ ਭੁੱਖੇ ਸਨ। ਪਰ ਸੰਘਰਸ਼ ਲਈ ਤਿਆਰ ਸਨ। ਦਲਜੀਤ ਸਿੰਘ ਕਾਉਣੀ ਨੇ ਤੱਟਈ ਕਮੇਟੀ ਨੂੰ ਇੱਕ ਨੋਟ ਵਿੱਚ, ਜੋ ਇਮੀਗਰੇਸ਼ਨ ਵਿਭਾਗ ਵੱਲੋਂ ਰਸਤੇ ਵਿੱਚ ਪਕੜ ਲਿਆ ਗਿਆ, ਲਿਖਿਆ:

"ਜੇਕਰ ਅਸੀਂ ਤੁਹਾਨੂੰ ਆਪਣੀਆਂ ਸਾਰੀਆਂ ਪਰੇਸ਼ਾਨੀਆਂ ਦੱਸੀਏ, ਇਹ ਤੁਹਾਨੂੰ ਪ੍ਰੇਸ਼ਾਨ ਕਰਨਾ ਹੋਵੇਗਾ। ਉਹ ਸਾਨੂੰ ਜ਼ਬਰਦਸਤੀ ਜਲਾਵਤਨ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਉਹ ਤੁਹਾਨੂੰ ਬਾਅਦ 'ਚ ਕਹਿਣਗੇ ਕਿ ਜਹਾਜ਼ ਯਾਤਰੀਆਂ ਦੁਆਰਾ ਲਿਜਾਇਆ ਗਿਆ ਸੀ। ਇਸ ਸਵੇਰ ਲਗ ਭਗ 1:30 ਵਜੇ ਇੱਕ ਧੂਹਣ ਵਾਲੀ ਕਿਸ਼ਤੀ (ਟਗ ਬੋਟ) ਪੁਲਿਸ ਨਾਲ ਭਰੀ ਹੋਈ ਆਈ ਅਤੇ ਉਨ੍ਹਾਂ ਨੇ ਭੈ ਭੀਤ ਕਰਕੇ ਜਹਾਜ਼ ਤੇ ਸਵਾਰ ਹੋਣਾ ਚਾਹਿਆ। ਗੁਰੂ ਦੀ ਮਦਦ ਨਾਲ ਅਸੀਂ ਜਿੱਤ ਗਏ, ਅਤੇ ਆਪਣੇ ਝੰਡੇ ਦਾ ਮਾਣ ਰੱਖਿਆ। ਅਸੀਂ ਮਰਨ ਮਾਰਨ ਲਈ ਤਿਆਰ ਹਾਂ। ਅਸੀਂ ਤੁਹਾਡੇ ਹੁਕਮਾਂ ਬਿਨਾਂ ਕਿਸ਼ਤੀ ਪਰ੍ਹਾਂ ਨਹੀਂ ਲਿਜਾਵਾਂਗੇ ਅਤੇ ਸਿਰਫ਼ ਤਦ ਹੀ, ਜਦ ਉਹ ਪਹਿਲਾਂ ਕਿਸ਼ਤੀ ਉੱਪਰ ਰਸਦ ਪਾਣੀ ਰੱਖਣਗੇ।"

ਐਤਵਾਰ ਨੂੰ ਯਾਤਰੀ ਜੰਗਲਿਆਂ ਦੇ ਨਾਲ ਲੱਕੜ ਦੀਆਂ ਰੁਕਾਵਟਾਂ ਖੜ੍ਹੀਆਂ ਕਰਦਿਆਂ ਅਤੇ ਆਪਣੇ ਕੋਲੇ ਦੇ ਲੜਣ ਲਈ ਤਿਆਰ ਭੰਡਾਰ ਨੂੰ ਪਰਿਪੂਰਨ ਕਰਦਿਆਂ ਰੁੱਝੇ ਰਹੇ। ਇੱਕ ਤਿਆਰ ਬਰ ਤਿਆਰ ਰੋਕ ਨਾਲ ਉਨ੍ਹਾਂ ਨੇ ਪੁਲਿਸ ਦੀਆਂ ਰਾਤ ਦੇ ਸਮੇਂ ਦੀਆਂ ਚੌਕਸੀ ਵਾਲੀਆਂ ਕਿਸ਼ਤੀਆਂ ਨੂੰ ਦੂਰ ਰੱਖਿਆ। ਉਨ੍ਹਾਂ ਨੇ ਕਪਤਾਨ ਨੂੰ ਇਹ ਚੇਤਾਵਨੀ ਦਿੱਤੀ ਕਿ ਜੇਕਰ ਉਸ ਨੇ ਦੁਬਾਰਾ ਪੁਲਿਸ ਬੁਲਾਈ ਤਾਂ ਉਹ ਜਾਨ ਮਾਲ ਦੇ ਨੁਕਸਾਨ ਲਈ ਜ਼ਿੰਮੇਵਾਰ ਹੋਵੇਗਾ। 18 ਜੁਲਾਈ ਤੋਂ ਉਨ੍ਹਾਂ ਨੂੰ ਭੋਜਨ ਮੁਹੱਈਆ ਨਹੀਂ ਕਰਾਇਆ ਗਿਆ ਸੀ। ਜਦੋਂ ਉਨ੍ਹਾਂ ਨੂੰ ਇੱਕ ਸਮੇਂ ਦੇ ਖਾਣੇ ਲਈ ਚੋਖਾ ਦਿੱਤਾ ਗਿਆ ਸੀ। "ਤਿੰਨ ਦਿਨਾਂ ਤੋਂ ਅਸੀਂ ਸਾਰੇ ਭੁੱਖੇ ਹਾਂ", ਉਹ ਚਾਹੁੰਦੇ ਸਨ ਕਿ ਤੱਟਈ ਕਮੇਟੀ ਇਹ ਜਾਣੇ ਕਿ "ਇਮੀਗਰੇਸ਼ਨ ਵਿਭਾਗ ਸਾਨੂੰ ਰਸਤੇ 'ਚ ਭੁੱਖ ਨਾਲ ਮਾਰਨ ਲਈ ਸਟੀਮਰ ਨਾਲ ਪਰ੍ਹਾਂ ਲਿਜਾਣਾ ਚਾਹੁੰਦਾ ਹੈ।"

ਉਹ ਲਲਕਾਰਨ ਵਾਲੇ ਸਨ, ਪਰੰਤੂ ਉਨ੍ਹਾਂ ਦੇ ਵਿਰੋਧੀ ਦ੍ਰਿੜ ਸਨ। ਸੋਮਵਾਰ ਸਵੇਰ ਨੂੰ ਹਾੱਪਕਿਨਸਨ ਨਿਡਰਤਾ ਨਾਲ ਕਾਮਾਗਾਟਾ ਮਾਰੂ ਤੇ ਗਵਰਨਰ ਜਨਰਲ ਦੀ ਇੱਕ ਤਾਰ ਦੇਣ ਲਈ ਆਇਆ, ਜਿਸ ਵਿਚ ਯਾਤਰੀਆਂ ਦੀ ਅਪੀਲ ਦੀ ਰਸਮੀਂ ਅਸਵੀਕਾਰ ਦਿੱਤੀ ਗਈ ਸੀ।

ਉਹ ਗੱਲਬਾਤ ਕਰਨ ਲਈ ਥੋੜ੍ਹੇ ਚਿਰ ਲਈ ਰੁਕਿਆ। ਜਦੋਂ ਐੱਚ.

ਐੱਚ.ਸਟੀਵਨਜ਼ ਨੇ ਇਮੀਗਰੇਸ਼ਨ ਵਿਭਾਗ ਦੀ ਕਿਸ਼ਤੀ ਤੋਂ ਸੁਰੱਖਿਅਤਾ ਨਾਲ ਚਿੱਲਾ ਕੇ ਹਦਾਇਤਾਂ ਦਿੱਤੀਆਂ। ਗੱਲਬਾਤ ਹਾੱਪਕਿਨਸਨ ਦੇ ਇਸ ਵਾਅਦੇ ਨਾਲ ਸਮਾਪਤ ਹੋ ਗਈ ਕਿ ਯਾਤਰੀਆਂ ਨੂੰ ਉਦੋਂ ਤੱਕ ਭੋਜਨ ਨਹੀਂ ਮਿਲੇਗਾ ਜਦੋਂ ਤੱਕ ਉਹ ਵਧੇਰੇ ਤਰਕਸੰਗਤ ਮਾਨਸਿਕ ਸਥਿਤੀ ਵਿੱਚ ਨਹੀਂ ਆ ਜਾਂਦੇ।

ਇਸੇ ਹਠਧਰਮੀ ਵਾਲੇ ਢੰਗ ਨਾਲ ਰੀਡ ਨੇ ਦੋ ਇਮੀਗਰੇਸ਼ਨ ਅਫ਼ਸਰਾਂ ਨੂੰ ਇੱਕ ਪੱਤਰ ਦੇ ਕੇ ਹੁਸੈਨ ਰਾਹੀਮ ਦੇ ਦਫਤਰ ਭੇਜਿਆ। ਜਿਸ ਤੇ ਉਸ ਨੇ ਯਾਤਰੀਆਂ ਨੂੰ ਚਲੇ ਜਾਣ ਲਈ ਅਧਿਕਾਰਿਤ ਕਰਨ ਲਈ ਦਸਤਖਤ ਕਰਨੇ ਸਨ। ਅਫ਼ਸਰਾਂ ਨੇ ਕੋਈ ਦਲੀਲ ਪਰਵਾਨ ਨਹੀਂ ਕਰਨੀ ਸੀ। ਸਿਵਾਏ ਇਹ ਕਹਿਣ ਦੇ: "ਅਸੀਂ ਚਾਹੁੰਦੇ ਹਾਂ ਤੁਸੀਂ ਇਸ ਪੱਤਰ ਤੇ ਦਸਤਖਤ ਕਰੋਂ, ਤਦ ਅਸੀਂ ਇਹ ਜਾਨਣ ਦੀ ਹਾਲਤ ਵਿੱਚ ਹੋਵਾਂਗੇ ਕਿ ਤੁਹਾਡਾ ਰੁੱਖ ਕੀ ਹੈ। ਕਾਮਾਗਾਟਾ ਮਾਰੂ ਦੀ ਤੱਟਈ ਕਮੇਟੀ ਤੁਹਾਨੂੰ ਉਨ੍ਹਾਂ ਦੀ ਰਵਾਨਗੀ ਲਈ ਆਖਰੀ ਮੁਸ਼ਕਲ ਸਮਝਦੀ ਹੈ ਅਤੇ ਤੁਹਾਡੀ ਰਜ਼ਾਮੰਦੀ ਬਿਨਾਂ ਉਹ ਨਹੀਂ ਜਾਣਗੇ। ਅਸੀਂ ਹੁਣ ਤੁਹਾਨੂੰ ਦਸਤਖਤ ਕਰਨ ਲਈ ਇਹ ਪੱਤਰ ਪੇਸ਼ ਕਰਦੇ ਹਾਂ।" ਕਿਸੇ ਲਈ ਇਹ ਹੈਰਾਨੀ ਵਾਲੀ ਗੱਲ ਨਹੀਂ ਸੀ ਕਿ ਰਾਹੀਮ ਨੇ ਇਨਕਾਰ ਕਰ ਦਿੱਤਾ।

ਇਹ ਸਭ ਕੁਝ ਖਤਰਨਾਕ ਢੰਗ ਨਾਲ ਸਿੱਧਮ-ਸਿੱਧੇ ਟਕਰਾ ਵੱਲ ਵਧ ਰਿਹਾ ਸੀ। ਵੈਨਕੂਵਰ ਦੇ ਮੇਅਰ ਅਤੇ ਮਜਿਸਟਰੇਟ ਮਿਲੀਸ਼ੀਆ ਨੂੰ ਬੁਲਾਉਣ ਰਾਹੀਂ ਹਰਕਤ ਵਿੱਚ ਆ ਗਏ। ਜਿਸ ਨੇ ਤਣਾਅ ਅਤੇ ਉਤੇਜਨਾ ਹੋਰ ਵਧਾ ਦਿੱਤੀ। 21 ਜੁਲਾਈ ਮੰਗਲਵਾਰ ਨੂੰ ਦਿਨ ਚੜ੍ਹਦੇ ਨਾਲ ਉਹ ਤਿੰਨ ਸਥਾਨਕ ਵਾਲੰਟੀਅਰ ਰੈਜੀਮੈਂਟਾਂ ਤੋਂ 204 ਖਾਸ ਮੌਕਿਆਂ ਵਾਲੇ ਸਿਪਾਹੀਆਂ ਦਾ ਦਸਤਾ ਲੈ ਆਏ। ਸਵੇਰ ਦੇ 7 ਵਜੇ ਇਹ ਮਿਲੀਸ਼ੀਆ ਆਦਮੀ ਸੀ ਪੀ ਆਰ ਘਾਟ ਪ੍ਰਣਾਲੀ ਦੇ ਪੱਛਮੀ ਸਿਰੇ ਤੇ ਪੁਲ (ਪਾਇਰ) ਏ ਦੇ ਬਿਲਕੁਲ ਦੱਖਣ ਵਿੱਚ ਇੱਕ ਟਿਕਾਣੇ ਨੂੰ ਕੂਚ ਕਰ ਗਏ। ਜਿਉਂ ਹੀ ਉਹ ਸੰਗਠਿਤ ਹੋਏ, ਇਤਫਾਕੀਆ ਦਰਸ਼ਕਾਂ ਦੀ ਇੱਕ ਵੱਡੀ ਭੀੜ ਤਟੀ ਨਗਰ ਹਿਸੇ (waterfront)) 'ਤੇ ਇਕੱਠੀ ਹੋ ਗਈ ਸੀ। 8:15 ਤੋਂ ਥੋੜ੍ਹੀ ਦੇਰ ਪਿਛੋਂ ਗਸ਼ਤੀ ਜਹਾਜ਼ ਰੈਨਬੋ ਤੰਗ ਰਸਤਿਉਂ ਆਇਆ ਅਤੇ ਕਾਮਾਗਾਟਾਮਾਰੂ ਦੇ ਦੱਖਣ-ਪੱਛਮ ਵਿੱਚ ਕੁੱਝ ਸੌ ਗਜ਼ ਦੀ ਦੂਰੀ ਤੇ ਠਹਿਰ ਗਿਆ। ਮਾਲਕਮ ਰੀਡ, ਐੱਚ.ਐੱਚ.ਸਟੀਵਨਜ਼, ਅਤੇ ਮਿਲੀਸ਼ੀਆ ਅਫ਼ਸਰ ਰੈਨਬੋ ਦੇ ਕਮਾਂਡਰ ਵਾਲਟਰ ਹਾੱਜ਼, (Walter Hose) ਜੋ ਇੱਕ ਪੇਸ਼ਾਵਰ ਅੰਗਰੇਜ਼ ਜਲ ਸੈਨਾ ਅਫ਼ਸਰ ਸੀ ਤੇ ਹੁਣ ਨਵੀਂ ਕਨੇਡੀਅਨ ਜਲ ਸੈਨਾ ਸੇਵਾ ਵਿਚ ਸੀ, (ਹਾੱਜ਼ ਨੇ ਬਾਅਦ ਵਿੱਚ ਕਨੇਡੀਅਨ ਜਲ ਸੈਨਾ ਵਿੱਚ ਇੱਕ ਰੀਅਰ ਐਡਮਿਰਲ ਦੇ ਤੌਰ ਤੇ ਕਮਾਂਡ ਸੰਭਾਲੀ ਸੀ) ਨਾਲ ਸਲਾਹ ਮਸ਼ਵਰਾ ਕਰਨ ਲਈ ਭੱਜੇ ਭੱਜੇ ਆਏ।

ਕਮਾਂਡਰ ਹਾੱਜ਼ ਨੇ, ਜੋ ਬਰਤਾਨਵੀ ਜਲ ਸੈਨਾ ਵਿੱਚ ਸੇਵਾ ਕਰ ਚੁੱਕਾ ਸੀ, ਤੇ ਪੇਸ਼ਾਵਰ ਢੰਗ ਨਾਲ ਸਥਿਤੀ ਨੂੰ ਦੇਖਿਆ ਅਤੇ ਉਸ ਦੀ ਉਮਰ ਦੇ 14 ਸਾਲ ਦੀ

ਅਜੇਹੀ ਕਾਰਵਾਈ ਵਿੱਚ ਕੋਈ ਰੁੱਚੀ ਨਹੀਂ ਸੀ। ਜਿਸ ਦਾ ਸੁਝਾਅ ਰੀਡ ਅਤੇ ਸਟੀਵਨਜ਼ ਦੇ ਰਹੇ ਸਨ। ਉਸ ਨੇ ਅਜੇਹੇ ਕੁਝ ਦੀ ਰੂਪ ਰੇਖਾ ਬਣਾਈ ਜੋ ਕੁੱਝ ਕੀਤਾ ਜਾ ਸਕਦਾ ਸੀ। ਪਰੰਤੂ ਉਹ ਇਸ ਕਾਰਵਾਈ ਦੀ ਵਕਾਲਤ ਨਹੀਂ ਕਰ ਰਿਹਾ ਸੀ। ਉਹ ਰੈਨਬੋ ਨੂੰ ਕਾਮਾਗਾਟਾ ਮਾਰੂ ਦੇ ਨਾਲ ਨਾਲ ਚਲਾ ਕੇ, ਜਹਾਜ਼ ਨੂੰ ਕਿਸ਼ਤੀ ਨਾਲ ਜੋੜਨ ਵਾਲੇ ਤਿੰਨ ਫੱਟੇ ਸੁੱਟ ਸਕਦਾ ਸੀ, ਅਤੇ ਆਪਣੇ ਜਲਥਲੀ ਸੈਨਿਕਾਂ ਅਤੇ ਮਿਲੀਸ਼ੀਆ ਨੂੰ ਸੰਗੀਨਾਂ ਨਾਲ ਲੈਸ ਕਰਕੇ ਜਹਾਜ਼ ਉੱਪਰ ਭੇਜ ਸਕਦਾ ਸੀ। ਉਹ ਗੋਲੀ ਨਹੀਂ ਚਲਾਉਣਗੇ, ਜਦ ਤਕ ਇਹ ਸਾਬਤ ਨਹੀਂ ਹੋ ਜਾਂਦਾ ਕਿ ਯਾਤਰੀਆਂ ਕੋਲ ਚੋਖੀ ਮਾਤਰਾ ਵਿੱਚ ਹਥਿਆਰ ਹਨ। ਜਿਸ ਦੀ ਤਸੱਲੀ ਪੂਰਨ ਢੰਗ ਨਾਲ ਜਾਣਕਾਰੀ ਦੀ ਕਿਸੇ ਨੂੰ ਆਸ ਨਹੀਂ ਸੀ। ਜੇਕਰ ਯਾਤਰੀ ਵਿਰੋਧ ਕਰਨਗੇ ਤਾਂ ਹਰੇਕ ਫੱਟੇ 'ਤੇ ਦੋ ਅੱਗ ਬੁਝਾਊ ਨਲ ਸਨ, ਜਿਹਨਾਂ ਨਾਲ ਯਾਤਰੀਆਂ ਨੂੰ ਬਿਨਾਂ ਚੋਟ ਪਹੁੰਚਾਏ ਕਾਬੂ ਕਰਨ ਦੀ ਉਸ ਨੂੰ ਆਸ ਸੀ। ਪਰੰਤੂ ਉਸਨੂੰ ਇਸ ਟਕਰਾ ਦੇ ਅਸਾਨੀ ਨਾਲ ਲੰਘ ਜਾਣ ਦੀ ਆਸ ਨਹੀਂ ਸੀ। ਉਹ ਸੋਚਦਾ ਸੀ ਕਿ ਇਸ ਵਿਚ ਮਨੁੱਖੀ ਜੀਵਨ ਦੇ ਨੁਕਸਾਨ ਨਾਲ ਭਾਰੀ ਕੀਮਤ ਦੇਣੀ ਪੈ ਸਕਦੀ ਹੈ। ਸਟੀਵਨਜ਼ ਅਤੇ ਰੀਡ ਉਸ ਦੀ ਚਿੰਤਾ ਤੇ ਕੰਨ ਧਰਦੇ ਨਹੀਂ ਜਾਪਦੇ ਸਨ। ਪਰੰਤੂ ਉਸਨੇ ਕਾਫੀ ਜ਼ੋਰ ਨਾਲ ਕਿਹਾ ਕਿ ਉਹ ਭਾਰਤੀ ਤੱਟਈ ਕਮੇਟੀ ਨਾਲ ਮੁੜ ਤੋਂ ਗੱਲਬਾਤ ਕਰਨ ਦਾ ਯਤਨ ਕਰਨ।

ਕੁੱਝ ਵੈਨਕੂਵਰ ਵਾਲਿਆਂ ਲਈ, ਇਹ ਸ਼ਾਇਦ ਕਿਸੇ ਵੱਡੇ ਮਨੋਰੰਜਨ ਨਾਲੋਂ ਵੱਧ ਕੁੱਝ ਨਹੀਂ ਸੀ। ਵਕਤੀ ਤੌਰ ਤੇ ਕਿਸੇ ਸਥਾਨਕ ਸਿਨੇਮਾ ਵਿਖੇ ਤਾਜ਼ਾ ਮੌਨ ਫਿਲਮ ਨਾਲੋਂ ਵਧੇਰੇ ਆਕਰਸ਼ਣ ਸੀ। ਰੈਨਬੋ 'ਤੇ 12 ਵੱਡੇ ਬੋਰ ਵਾਲੀਆਂ ਤੋਪਾਂ (ਗੰਨਜ਼) ਅਤੇ ਕਈ ਮਸ਼ੀਨ ਗੰਨਾਂ ਲੱਗੀਆਂ ਹੋਈਆਂ ਸਨ, ਜਿਹੜੀਆਂ ਸਾਰੀਆਂ ਕਾਹਲੀ ਨਾਲ ਦੁਬਾਰਾ ਲੱਦੀਆਂ ਗਈਆਂ ਸਨ ਜਾਂ ਪਿਛਲੇ ਹਿੱਸੇ ਤੋਂ ਇੱਕ ਦਿਨ ਪਹਿਲਾਂ ਹੀ ਖੋਲ੍ਹੀਆਂ ਗਈਆਂ ਸਨ। ਕਾਮਾਗਾਟਾਮਾਰੂ ਵੱਲ ਸੇਧਿਤ ਜਹਾਜ਼ ਦੇ ਇੱਕ ਪਾਸੇ ਲੱਗੀਆਂ ਤੋਪਾਂ ਸਵੇਰ ਦੇ ਲੱਗਭਗ10 ਵਜੇ ਨੰਗੀਆਂ ਕੀਤੀਆਂ ਗਈਆਂ ਸਨ। ਮਹਾਂ ਨਗਰ ਇਮਾਰਤ ਦੀ ਉਪਰਲੀ ਮੰਜ਼ਲ, ਜਿੱਥੇ ਉਸ ਦੇ ਵਕੀਲਾਂ ਮੈਕਨੀਲ, ਬਰਡ, ਮੈਕਡਾੱਨਲਡ ਤੇ ਡਾਰਲਿੰਗ ਦੇ ਦਫਤਰ ਸਨ, ਤੋਂ ਦੇਖਦਿਆਂ ਹੁਸੈਨ ਰਹੀਮ ਨੇ ਕਿਹਾ, "ਇਹ ਮਹਿਜ਼ ਇੱਕ ਵੱਡਾ ਮਜ਼ਾਕ ਹੈ, ਉਹ ਇਸਨੂੰ ਦੋ ਗੋਲਿਆਂ ਨਾਲ ਡੁਬੋ ਸਕਦੇ ਹਨ। ਉਹ ਤੰਗ ਜਿਹੀ ਖਾੜੀ ਦੇ ਉਪਰੋਂ ਦੀ ਦਿਖਾਈ ਦੇ ਰਹੀਆਂ ਮੁੱਖ ਸ਼ਹਿਰੀ ਇਮਾਰਤਾਂ ਦੀਆਂ ਖਿੜਕੀਆਂ ਤੱਕ ਆਇਆ ਸਿਰਫ਼ ਇੱਕ ਮਹਿਮਾਨ ਸੀ। "ਕਾਰੋਬਾਰ ਲਈ ਦਫਤਰ ਨੂੰ ਕਾਲ ਕਰਨ ਦਾ ਕੋਈ ਫਾਇਦਾ ਨਹੀਂ ਹੈ। ਸਾਰੇ ਕਲਰਕ ਖਿੜਕੀਆਂ ਵਿੱਚ ਹਨ।" ਡਾਕ ਘਰ ਦੀਆਂ ਛੱਤਾਂ, ਅਤੇ ਪਾਣੀ ਨੇੜਲੀਆਂ ਦੂਸਰੀਆਂ ਵੱਡੀਆਂ ਇਮਾਰਤਾਂ, ਅਤੇ ਕੁੱਝ ਹੋਰ ਵਧੇਰੇ ਪਿਛਲੀਆਂ ਇਮਾਰਤਾਂ ਵੀ ਦਰਸ਼ਕਾਂ ਨਾਲ ਭਰੀਆਂ ਪਈਆਂ ਸਨ। ਬੰਦਰਗਾਹ ਵੱਲ ਨੂੰ ਖੁੱਲਣ

ਵਾਲੀਆਂ ਗਲੀਆਂ ਦੇ ਸਿਰਿਆਂ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਇਕੱਠੇ ਹੋਏ ਸਨ, ਅਤੇ ਹਜ਼ਾਰਾਂ ਹੋਰ ਜਹਾਜ਼ਾਂ ਦੀਆਂ ਘਾਟਾਂ ਅਤੇ ਪੁਲਾਂ ਵੱਲ ਧੱਕੇ ਗਏ ਸਨ। ਵੈਨਕੂਵਰ ਨੇ ਇਹ ਦ੍ਰਿਸ਼ ਦੇਖਣ ਲਈ ਉਸ ਦਿਨ ਛੁੱਟੀ ਕਰ ਲਈ ਸੀ।

ਇਸ ਤਰ੍ਹਾਂ ਲਗਦਾ ਸੀ। ਕਿ ਹਰ ਕੋਈ ਇੱਕ ਗੈਸ ਨਾਲ ਚੱਲਣ ਵਾਲੀ ਕਿਸ਼ਤੀ, ਇੱਕ ਜਲ ਯਾਤਰਾ ਵਾਲੀ ਕਿਸ਼ਤੀ, ਜਾਂ ਇੱਕ ਛੋਟੀ ਹਲਕੀ ਕਿਸ਼ਤੀ ਸਮੇਤ ਪਾਣੀ 'ਤੇ ਆ ਗਿਆ ਹੋਵੇ। ਜਿਸ ਨੇ ਗਸ਼ਤੀ ਇਮੀਗਰੇਟ ਕਿਸ਼ਤੀ ਅਤੇ ਧੂਹਣ ਵਾਲੀ 35 ਬੰਦੂਕਧਾਰੀਆਂ ਵਾਲੀ, 'ਸੀ. ਲਾਇਨ' ਲਈ ਦਰਸ਼ਕਾਂ ਦੀ ਭੀੜ ਇੱਕਠੀ ਕਰ ਦਿੱਤੀ ਸੀ। ਅਤੇ ਇਕ ਖਤਰਾ ਵੀ ਖੜ੍ਹਾ ਕਰ ਦਿੱਤਾ ਸੀ। ਇਨ੍ਹਾਂ ਛੋਟੀਆਂ ਕਿਸ਼ਤੀਆਂ ਤੇ ਸਵਾਰ ਕਿਸੇ ਹੋਰ ਨਾਲੋਂ ਵਧੇਰੇ ਉਤਸੁਕ ਸਨ। ਇੱਥੋਂ ਤੱਕ ਕਿ ਜਦੋਂ ਉਨ੍ਹਾਂ ਨੂੰ ਰਸਤੇ 'ਚੋਂ ਪਰ੍ਹਾਂ ਰਹਿਣ ਲਈ ਕਿਹਾ ਜਾ ਰਿਹਾ ਸੀ ਤਾਂ ਉਹ, ਮਲਾਹਾਂ ਨਾਲ ਗੱਲਾਂ ਬਾਤਾਂ ਕਰਨ ਅਤੇ ਇਹ ਦੇਖਣ ਲਈ ਕਿ ਸਿੱਖ ਕਿਹੋ ਜਿਹੇ ਦਿਖਾਈ ਦਿੰਦੇ ਹਨ, ਰੈਨਬੋ ਅਤੇ ਕਾਮਾਗਾਟਾ ਮਾਰੂ ਦੇ ਨੇੜੇ ਆ ਗਏ।

ਕਾਮਾਗਾਟਾ ਮਾਰੂ ਉਪਰ ਇਕ ਵੱਖਰਾ ਸਿਲਸਲਾ ਸੀ। ਯਾਤਰੀਆਂ ਵਿੱਚੋਂ ਇੱਕ ਕਰਤਾਰ ਸਿੰਘ ਮੇਹਲੀ ਨੂੰ, 62 ਸਾਲਾਂ ਬਾਅਦ ਜਦੋਂ ਉਹ ਆਪਣੇ 90 ਵਿਆਂ ਵਿੱਚ ਸੀ, ਹੁਣ ਵੀ ਸਾਫ ਸਾਫ ਚੇਤੇ ਸੀ। ਉਸ ਸਵੇਰ ਦੌਰਾਨ, ਉਸ ਨੇ ਕਿਹਾ, ਯਾਤਰੀ ਖਾਮੋਸ਼ ਸਨ। ਉਹ ਢਹਿੰਦੀ ਕਲਾ ਵਿੱਚ ਸਨ; ਉਹ ਡਰੇ ਹੋਏ ਸਨ, ਅਤੇ ਕੁੱਝ ਹਰ ਘੜੀ ਟੱਟੀਆਂ ਵੱਲ ਦੌੜ ਰਹੇ ਸਨ। ਦੁਪਹਿਰ ਵੇਲੇ ਜਦੋਂ ਜਹਾਜ਼ ਉਪਰਲੇ ਪੁਲ ਉੱਤੇ ਬੱਚੇ ਖੇਡ ਰਹੇ ਸਨ, ਤਾਂ ਬਾਕੀ ਦੇ ਯਾਤਰੀਆਂ ਨੇ ਜਹਾਜ਼ ਦੇ ਪਿਛਲੇ ਹਿੱਸੇ ਦੇ ਮੁੱਖ ਫਰਸ਼ 'ਤੇ ਇੱਕ ਮੀਟਿੰਗ ਕੀਤੀ। ਜਹਾਜ਼ ਉੱਪਰ ਦੋ ਪੇਂਡੂ ਸੰਗੀਤਕਾਰ ਸਨ, ਇੱਕ ਕੋਲ ਢੱਡ - ਜੋ ਕਿ ਇੱਕ ਪਤਲੇ ਲੱਕ ਵਾਲਾ ਚਾਰ ਇੰਚ ਦਾ ਹੱਥ ਨਾਲ ਪਕੜਿਆ ਜਾਣ ਵਾਲਾ ਢੋਲ ਸੀ ਅਤੇ ਦੂਸਰੇ ਪਾਸ ਸੱਤ ਤਾਰਾਂ ਵਾਲੀ ਸਾਰੰਗੀ ਸੀ। ਉਨ੍ਹਾਂ ਨੇ ਇੱਕ ਜੋਸ਼ੀਲੇ, ਦੇਸ਼ ਭਗਤੀ ਵਾਲੇ ਅਤੇ ਇਤਿਹਾਸਕ ਯੁੱਧ ਦੇ ਗੀਤ ਨਾਲ ਹਰ ਇੱਕ ਨੂੰ ਚੜ੍ਹਦੀ ਕਲਾ ਵਿੱਚ ਲੈ ਆਂਦਾ। ਇਹ ਇੱਕ ਅਜਿਹੇ ਨਾਇਕ ਬਾਰੇ ਸੀ ਜਿਸ ਨੇ ਇਸ ਉਪਦੇਸ਼ ਦਾ ਪਾਲਣ ਸੀ। "ਜੇ ਤੋ ਪ੍ਰੇਮ ਖੇਲਨ ਕਾ ਚਾਉ, ਸਿਰ ਧਰ ਤਲੀ ਗਲੀ ਮੋਰੀ ਆਉ।" ਇੱਕ ਬੁਲਾਰਾ ਉਨ੍ਹਾਂ ਨੂੰ ਉੱਨੀ ਦੇਰ ਤਕ ਲੜਨ ਲਈ, ਜਿੰਨੀ ਦੇਰ ਕਿ ਉਹ ਲੜ ਸਕਦੇ ਸਨ, ਜ਼ੋਰਦਾਰ ਢੰਗ ਨਾਲ ਉਤਸ਼ਾਹਤ ਕਰਨ ਲਈ ਉੱਠ ਖੜ੍ਹਾ ਹੋਇਆ। ਅਤੇ ਉਨ੍ਹਾਂ ਸਾਰਿਆਂ ਨੇ ਦ੍ਰਿੜ ਨਿਸ਼ਚਾ ਕੀਤਾ ਕਿ ਜਦੋਂ ਉਹ ਲੜ ਨਹੀਂ ਸਕਣਗੇ, ਉਹ ਨੀਚੇ ਭੱਠੀਵਾਲੇ ਕਮਰੇ ਵਿੱਚ ਜਾਣਗੇ, ਕੋਲੇ ਉਪਰ ਤੇਲ ਪਾਉਣਗੇ ਅਤੇ ਅੱਗ ਲਗਾ ਦੇਣਗੇ ਜਿਹੜੀ ਉਨ੍ਹਾਂ ਦੇ ਹਮਲਾਵਰਾਂ ਨੂੰ ਵੀ ਉਨ੍ਹਾਂ ਦੇ ਨਾਲ ਹੀ ਅਪਣੀ ਲਪੇਟ ਵਿਚ ਲੈ ਲਵੇਗੀ। ਉਹ ਜਿਹੜੇ ਕਾਮਾਗਾਟਾ ਮਾਰੂ ਦੁਆਲੇ ਮੌਜ ਮੇਲੇ ਵਾਲੀਆਂ ਕਿਸ਼ਤੀਆਂ ਤੋਂ ਦੇਖ ਰਹੇ ਸਨ। ਉਹ ਇਹਨਾਂ ਸ਼ਬਦਾਂ ਨੂੰ ਸਮਝ ਨਾ ਸਕੇ। ਲੇਕਿਨ ਇਸ ਬਾਰੇ

ਉਨ੍ਹਾਂ ਨੂੰ ਕੋਈ ਸ਼ੰਕਾ ਨਹੀਂ ਸੀ, ਕਿ ਇਹ ਜੰਗ ਬਾਰੇ ਸਭਾ ਹੈ ਕਿ ਯਾਤਰੀ ਅਪਣੀ ਰਾਏ ਬਣਾ ਰਹੇ ਹਨ- ਜਾਂ ਚਾਹੁੰਦੇ ਹਨ ਕਿ ਹਰ ਕੋਈ ਇਸ ਤਰਾਂ ਸੋਚੇ। ਮਾਰਟਿਨ ਬੁਰੈਲ, ਖੇਤੀਬਾੜੀ ਮੰਤਰੀ, ਉਸ ਸਵੇਰ ਓਕਾਨਾਗਨ ਤੋਂ ਪਹੁੰਚਿਆ ਅਤੇ ਤੇਜ਼ੀ ਨਾਲ ਖੁਦ ਮੋਟੀ ਮੋਟੀ ਜਾਣਕਾਰੀ ਲਈ। ਸ਼ੁਰੂ 'ਚ ਉਸ ਨੇ ਮਾਲਕਮ ਰੀਡ ਦੇ ਜ਼ੋਰਦਾਰ ਅਤੇ ਬੇਸਬਰੀ ਭਰੇ ਦਾਅਵੇ ਨੂੰ ਪ੍ਰਵਾਨ ਕਰ ਲਿਆ ਕਿ ਇੱਕ ਹੋਰ ਦਿਨ ਲੰਘ ਜਾਣ ਤੋਂ ਪਹਿਲਾਂ ਜਹਾਜ਼ 'ਤੇ ਕਬਜ਼ਾ ਕਰਨ ਲਈ ਕੁੱਝ ਕਰਨਾ ਪਵੇਗਾ। ਫਿਰ ਵੀ ਜਦੋਂ ਬੁਰੈਲ ਨੇ ਰੈਨਬੋ ਤੇ ਜਾ ਕੇ ਦੇਖਿਆ, ਕਮਾਂਡਰ ਵਾਲਟਰ ਹੋਜ਼ ਨੇ ਉਸ ਨੂੰ ਦੱਸਿਆ ਕਿ ਇਸ ਗੱਲ ਦੀ ਉਸ ਨੂੰ ਹੈਰਾਨੀ ਨਹੀਂ ਹੋਵੇਗੀ ਕਿ ਤਾਕਤ ਨਾਲ ਜਹਾਜ਼ 'ਤੇ ਕਬਜ਼ਾ ਕਰਨ ਦੀ ਕੀਮਤ 100 ਮਨੁੱਖੀ ਜਾਨਾਂ ਹੋਵੇਗੀ। ਦੁਪਹਿਰ ਤੋ ਕੁਝ ਪਹਿਲਾਂ ਉਹ ਇਸ ਸੰਜੀਦਾ ਵਿਚਾਰ ਨਾਲ, ਰਜ਼ਾਮਦ ਹੋ ਕੇ ਸਮੁੰਦਰੀ ਕਿਨਾਰੇ ਨੂੰ ਪਰਤ ਗਿਆ, ਕਿ ਹਰੇਕ ਦੀ ਭਲਾਈ ਦੇ ਹਿਤ ਵਿੱਚ ਹੈ ਕਿ ਛੋਟਾਂ ਦਿੱਤੀਆਂ ਜਾਣ।

ਜਦੋਂ ਉਸ ਨੇ ਭਾਰਤੀ ਤੱਟਈ ਕਮੇਟੀ ਨਾਲ ਗੱਲਬਾਤ ਸ਼ੁਰੂ ਕੀਤੀ ਤਾਂ ਉਸ ਦੇ ਮਨ ਤੇ ਇਕ ਅਨਿਸ਼ਚਿਤਾ ਭਾਰੂ ਸੀ। ਇਹ ਗੱਲਬਾਤ ਅੱਗੇ ਵਧਣ ਵੱਲ ਇੱਕ ਨਾਜ਼ਕ ਕਦਮ ਸੀ, ਅਤੇ ਬੁਰੈਲ ਦੀ ਨਵੀਂ ਅਪਣਾਈ ਸੁਚੇਤਤਾ, ਗੱਲਬਾਤ ਦੀ ਸਫਲਤਾ ਲਈ ਜੀਵਨਦਾਤਾ ਸਾਬਤ ਹੋਈ। ਤੱਟਈ ਕਮੇਟੀ ਦਖਲ ਅੰਦਾਜ਼ੀ ਕਰਨ ਤੋਂ ਇਨਕਾਰ ਕਰਦੀ ਰਹੀ ਸੀ, ਅਤੇ ਸਵੇਰ ਦੇ 11:00 ਵਜੇ, ਸਟੀਵਨਜ਼ ਅਤੇ ਰੀਡ, ਹਾੱਪਕਿਨਜ਼ ਨੂੰ ਯਾਤਰੀਆਂ ਨੂੰ ਆਖਰੀ ਚੇਤਾਵਨੀ ਦੇਣ ਲਈ ਭੇਜ ਚੁੱਕੇ ਸਨ। ਪਰੰਤੂ ਉਸ ਨੇ ਕਦੇ ਵੀ ਚੇਤਾਵਨੀ ਨਾ ਦਿੱਤੀ ਕਿਉਂਕਿ ਉੱਥੇ ਇੱਕ ਉਤਸ਼ਾਹਜਨਕ ਮੌਕਾ ਮੌਜੂਦ ਸੀ। ਕੁਝ ਸਥਾਨਕ ਭਾਰਤੀਆਂ ਨੇ, ਇਸ ਉਲਝਣ ਦੇ ਹੱਲ ਦੀ ਤਲਾਸ਼ ਕਰਦਿਆਂ, ਆਪਣੇ ਆਪ ਨੂੰ ਰਹੀਮ ਨਾਲ ਗੱਲਬਾਤ ਕਰਨ ਲਈ ਪੇਸ਼ ਕੀਤਾ। ਲਗਭਗ 11:30 ਵਜੇ, ਏ.ਐੱਚ.ਮੈਕਨੀਲ (A H MacNeill), ਐਡਵਾਰਡ ਬਰਡ ਦੀ ਕਾਨੂੰਨੀ ਫਰਮ 'ਚ ਸੀਨੀਅਰ ਭਾਈਵਾਲ, ਰਾਹੀਂ ਬੁਰੈਲ ਨੇ ਫੋਨ 'ਤੇ ਰਹੀਮ ਤੱਕ ਪਹੁੰਚ ਕੀਤੀ। ਬੁਰੈਲ ਇਕੱਲਾ ਨਹੀਂ ਸੀ, ਉਸ ਦੇ ਨਾਲ ਮਾਲਕਮ ਰੀਡ, ਰੋਬੇ ਰੀਡ (ਵਕੀਲ), ਅਤੇ ਐੱਚ. ਐੱਚ. ਸਟੀਵਨਜ਼ ਸਨ। ਰਹੀਮ ਹੁਣ ਯਾਤਰੀਆਂ ਨਾਲ ਤਰਕ ਕਰਨ ਲਈ ਡੈਲੀਗੇਸ਼ਨ ਲੈਕੇ ਜਾਣ ਲਈ ਸਹਿਮਤ ਸੀ। ਜੇਕਰ ਪਹਿਲਾਂ ਉਨ੍ਹਾਂ ਨੂੰ ਜਹਾਜ਼ ਤੇ ਭੋਜਨ ਲਿਜਾਣ ਵਾਸਤੇ ਦਿੱਤਾ ਜਾਂਦਾ। "ਉਨ੍ਹਾਂ ਭੁੱਖੇ ਅੱਧ ਭੁਖੇ ਲੋਕਾਂ ਨਾਲ ਦਲੀਲਬਾਜ਼ੀ ਕਰਨ ਦਾ ਕੋਈ ਫਾਇਦਾ ਨਹੀਂ," ਉਸ ਨੇ ਕਿਹਾ, "ਜਦ ਤੱਕ ਉਨ੍ਹਾਂ ਨੂੰ ਭੋਜਨ ਨਹੀਂ ਮਿਲਦਾ ਅਤੇ ਸੋਚਣ ਲਈ ਸਮਾਂ ਨਹੀਂ ਮਿਲਦਾ।" ਮਾਲਕਮ ਰੀਡ ਅਤੇ ਸਟੀਵਨਜ਼ ਦਾ ਮਨ ਵਿਚਾਰ ਵਟਾਂਦਰੇ ਨੂੰ ਤੋੜਨ ਦਾ ਸੀ, ਅਤੇ ਬੁਰੈਲ, ਅਜੇ ਵੀ ਹਾਲਾਤ ਦੀ ਛਾਣਬੀਣ ਕਰਦਿਆਂ, ਸਹਿਮਤ ਹੋਣ ਦਾ ਝੁਕਾਅ ਰੱਖਦਾ ਸੀ। ਜਦ ਕਿ ਰਸਦ ਪਾਣੀ ਦਾ

ਇੱਕ ਵੱਡਾ ਭੰਡਾਰ ਜਹਾਜ਼ ਦੀ ਘਾਟ ਤੇ ਪਿਆ ਸੀ, ਅਤੇ ਖੇਤੀਬਾੜੀ ਮੰਤਰੀ ਸੋਚਦਾ ਸੀ ਕਿ ਸਥਿਤੀ ਨੂੰ ਅਸਾਨ ਬਣਾਉਣ ਲਈ ਇਸ ਵਿੱਚੋਂ ਕੁੱਝ ਫੌਰੀ ਤੌਰ ਤੇ ਯਾਤਰੀਆਂ ਨੂੰ ਦਿੱਤਾ ਜਾ ਸਕਦਾ ਹੈ। ਰਹੀਮ ਅਤੇ ਉਸ ਦੀ ਤੱਟਈ ਕਮੇਟੀ ਨੂੰ ਦੱਸਿਆ ਗਿਆ ਸੀ ਕਿ ਉਨ੍ਹਾਂ ਨੂੰ ਇੱਕਦਮ ਜਹਾਜ਼ ਤੇ ਲਿਜਾਇਆ ਜਾਵੇਗਾ ਅਤੇ ਉਨ੍ਹਾਂ ਨੂੰ ਇਮੀਗਰੇਸ਼ਨ ਵਿਭਾਗ ਦੇ ਸਟੋਰ ਵਿੱਚੋਂ ਖੁਰਾਕੀ ਸਾਮਾਨ ਕੁੱਝ ਲਿਜਾਣ ਦੀ ਆਗਿਆ ਹੋਵੇਗੀ, ਪਰੰਤੂ ਉਨ੍ਹਾਂ ਉੱਤੇ 1:30 ਵਜੇ ਤੱਕ ਕਾਰਵਾਈ ਨਹੀ ਹੋਵੇਗੀ।

ਇਸ ਗੱਲਬਾਤ ਵਿੱਚ ਮੇਜ਼ ਦੇ ਦੋਵੇਂ ਪਾਸੇ ਇੱਕ ਇੱਕ, ਦੋ ਤਾਜ਼ਾ ਅਵਾਜ਼ਾਂ ਬੁਰੈਲ ਅਤੇ ਮੈਕਨੀਲ ਦੀਆਂ ਸਨ। ਦੋਵਾਂ ਵਿੱਚੋਂ ਹਰੇਕ ਨੇ ਬਿਨਾਂ ਤਾਕਤ ਦੀ ਵਰਤੋਂ ਕੀਤਿਆਂ ਟਕਰਾਅ ਦਾ ਹੱਲ ਕਰਨ ਲਈ ਵਿਸ਼ਾਲ ਯੋਗਦਾਨ ਪਾਇਆ ਸੀ। ਮੈਕਨੀਲ ਨੇ ਕੁੱਝ ਦਿਨ ਪਹਿਲਾਂ ਬਰਡ ਤੋਂ ਕਾਮਾਗਾਟਾ ਮਾਰੂ ਦੀ ਫਾਈਲ ਲੈ ਲਈ ਸੀ। ਕੜਾਕੇ ਦੀ ਗਰਮੀ ਦੇ ਮੌਸਮ ਪਿੱਛੋਂ ਯਾਤਰੀਆਂ ਦਾ ਮੁੱਖ ਸਮਰਥਕ, ਬਰਡ ਅਚਾਨਕ ਅਪਣੇ ਪਰਿਵਾਰ ਨਾਲ ਛੁੱਟੀ ਤੇ ਚਲਾ ਗਿਆ। ਬਰਡ ਦੀਆਂ ਯਾਦਾਂ ਤੋਂ, ਜਿਹੜੀਆਂ ਉਸ ਨੇ ਕਈ ਸਾਲ ਪਹਿਲਾਂ ਲਿਖੀਆਂ ਅਤੇ ਜਿਹੜੀਆਂ ਉਸ ਦੇ ਪੋਤਰੇ ਨੇ ਫਿਲਮ ਨਿਰਮਾਤਾ ਅਲੀ ਕਾਜ਼ਮੀ ਲਈ ਨਕਲ ਕੀਤੀਆਂ ਸਨ। ਅਸੀਂ ਜਾਣਦੇ ਹਾਂ ਕਿ ਬਰਡ ਨੂੰ ਜਨਤਾ ਦੇ ਨਾਰਾਜ਼ ਮੈਂਬਰਾਂ ਵੱਲੋਂ ਪੱਤਰ ਅਤੇ ਫੋਨ ਰਾਹੀਂ ਧਮਕੀਆਂ ਅਤੇ ਚੇਤਾਵਨੀਆਂ ਮਿਲੀਆਂ ਸਨ ਅਤੇ ਉਹ ਆਪਣੇ ਪਰਿਵਾਰ ਦੀ ਸੁਰੱਖਿਆ ਲਈ ਕਸਬੇ 'ਚੋਂ ਬਾਹਰ ਚਲੇ ਗਏ ਸਨ।

ਮੈਕਨੀਲ ਇਸ ਕਾਰਜ ਲਈ ਇੱਕ ਨਵੇਂ ਅਤੇ ਕੀਮਤੀ ਸੰਪਦਾ ਲੈ ਆਇਆ। ਕਾਨੂੰਨੀ ਭਾਈਵਾਲਾਂ ਦੇ ਤੌਰ ਤੇ ਬਰਡ ਅਤੇ ਮੈਕਨੀਲ ਵੱਖਰੇ ਵੱਖਰੇ ਖੇਤਰਾਂ ਵਿੱਚੋਂ ਸਨ। ਇੱਕ ਅਜਿਹਾ ਇੰਤਜ਼ਾਮ ਜੋ ਕਾਨੂੰਨੀ ਕਾਰੋਬਾਰ ਦੇ ਵਿਸ਼ਾਲ ਦਾਇਰੇ ਨੂੰ ਸ਼ਾਮਿਲ ਕਰਨ ਦਾ ਕੰਮ ਕਰ ਗਿਆ। ਉਨ੍ਹਾਂ ਨੇ ਇੱਕ ਦੂਜੇ ਦੀ ਨਕਲ ਨਾ ਕੀਤੀ। ਬਰਡ ਜੋ ਇੱਕ ਸਮਾਜਵਾਦੀ ਸੀ, ਤੋਂ ਉਲਟ ਮੈਕਨੀਲ ਇੱਕ ਕਨਜ਼ਰਵੇਟਿਵ ਸੀ। ਜਿਸ ਦਾ ਮਤਲਬ ਸੀ ਕਿ ਉਹ ਪ੍ਰਧਾਨ ਮੰਤਰੀ ਬਾੱਰਡਨ ਦੀ ਪਾਰਟੀ ਦੀ ਹਮਾਇਤ ਕਰਦਾ ਸੀ। ਕਾਮਾਗਾਟਾ ਮਾਰੂ ਦੇ ਸਮੇਂ ਉਹ ਵੈਨਕੂਵਰ ਬਾਰ ਐਸੋਸੀਏਸ਼ਨ ਦਾ ਪ੍ਰਧਾਨ ਸੀ ਅਤੇ ਪ੍ਰਧਾਨ ਮੰਤਰੀ ਦੇ ਸਾਬਕਾ ਕਾਨੂੰਨੀ ਭਾਈਵਾਲ ਸਰ ਚਾਰਲਸ ਹਿਬਰਟ ਟੱਪਰ ਨਾਲ ਨੇੜਤਾ ਨਾਲ ਕੰਮ ਕਰ ਰਿਹਾ ਸੀ ਅਤੇ ਪ੍ਰਧਾਨ ਮੰਤਰੀ ਅਤੇ ਟੱਪਰ ਵਾਂਗ ਉਹ ਮੈਰੀਟਾਇਮਰ ਸੀ। ਜਿਸ ਦੇ ਹਾਲੀਫੈਕਸ ਦੇ ਸ਼ਹਿਰ ਨਾਲ ਮਜ਼ਬੂਤ ਸੰਬੰਧ ਸਨ। ਓਟਾਵਾ ਵਿੱਚ ਪ੍ਰਧਾਨ ਮੰਤਰੀ ਨੂੰ ਖੁਦ ਸਿੱਧੇ ਤੌਰ ਤੇ ਸੰਬੋਧਨ ਕਰਨ ਤੋਂ ਪਹਿਲਾਂ ਉਹ ਕਈ ਘੰਟਿਆਂ ਤੋਂ ਕਾਮਾਗਾਟਾ ਮਾਰੂ ਦੇ ਯਾਤਰੀਆਂ ਦੀ ਨੁੰਮਇੰਦਗੀ ਨਹੀਂ ਕਰ ਰਿਹਾ ਸੀ। ਉਹ ਜਾਣਦਾ ਸੀ, ਕਿ ਇਹ ਅਨਿਯਮਤ ਹੈ, ਕਿ ਉਹ ਸਥਾਨਕ ਲੋਕਾਂ, ਜਿਨ੍ਹਾਂ ਨਾਲ ਉਹ ਨਜਿੱਠ ਰਿਹਾ ਹੈ, ਦੇ ਸਿਰਾਂ ਦੇ ਉਪਰੋਂ

ਦੀ ਦੂਰ ਜਾ ਰਿਹਾ ਹੈ। ਪਰੰਤੂ ਉਹ ਜਾਣਦਾ ਸੀ, ਕਿ ਉਸ ਪਾਸ ਹੋਰ ਕੋਈ ਚਾਰਾ ਨਹੀਂ ਹੈ। ਉਸ ਦਾ ਤਾਰ ਵਾਲਾ ਸੰਦੇਸ਼ ਸੰਖੇਪ ਪਰ ਵਜ਼ਨਦਾਰ ਸੀ। ਮੈਕਨੀਲ ਚਾਹੁੰਦਾ ਸੀ ਕਿ ਪ੍ਰਧਾਨ ਮੰਤਰੀ ਕੋਈ ਵੀ ਸਖਤ ਕਦਮ ਚੁੱਕਣ ਤੋਂ ਪਹਿਲਾਂ "ਅਸਲੀ ਸਥਿਤੀ" ਦਾ ਅਜ਼ਾਦ ਰੂਪ 'ਚ ਜਾਇਜ਼ਾ ਲਏ। ਇਸ ਤੋਂ ਉਸ ਦਾ ਮਤਲਬ ਸੀ ਕਿ ਬਾੱਰਡਨ ਉਸ 'ਤੇ ਨਿਰਭਰ ਨਹੀਂ ਕਰ ਸਕਦਾ ਸੀ। ਜੋ ਕੁੱਝ ਉਸ ਨੂੰ ਉਸ ਦੇ ਇਮੀਗਰੇਸ਼ਨ ਅਫ਼ਸਰਾਂ ਵੱਲੋਂ ਦੱਸਿਆ ਜਾ ਰਿਹਾ ਸੀ।

ਜਦੋਂ ਬੁਰੈਲ ਦ੍ਰਿਸ਼ ਤੇ ਪਹੁੰਚਿਆ, ਮੈਕਨੀਲ, ਤੱਟਈ ਕਮੇਟੀ ਵੱਲੋਂ, ਉਸ ਦੀ ਸ਼ਾਂਤ ਕਰ ਦੇਣ ਵਾਲੀ ਮੌਜੂਦਗੀ ਦੀ ਪ੍ਰਸ਼ੰਸਾ ਕਰਨ ਲਈ ਕਾਹਲਾ ਸੀ। ਇਹ ਮਾਲਕਮ ਰੀਡ ਅਤੇ ਐੱਚ.ਐੱਚ.ਸਟੀਵਨਜ਼ ਦੀ ਭੜਕੀ ਹੋਈ ਟੀਮ 'ਤੇ ਰੋਕ ਸੀ। 1:30 ਵਾਲੀ ਆਖਰੀ ਸਮਾਂ ਹੱਦ (ਡੈੱਡ ਲਾਈਨ) ਤੋਂ ਥੋੜ੍ਹੀ ਦੇਰ ਪਿੱਛੋਂ ਰਹੀਮ ਅਤੇ ਉਸ ਦੀ ਤੱਟਈ ਕਮੇਟੀ ਦੇ 9 ਮੈਂਬਰ ਇਮੀਗਰੇਸ਼ਨ ਦਫਤਰ ਵਿਚ ਜਾ ਹਾਜ਼ਰ ਹੋਏ। ਇਮੀਗਰੇਸ਼ਨ ਅਫ਼ਸਰਾਂ ਨੇ ਉਨ੍ਹਾਂ ਨੂੰ ਰਸਦ ਦਿਖਾਈ। ਉਨ੍ਹਾਂ ਨੂੰ ਉਸ ਤਾਕਤ ਦੇ ਨਾਲ, ਜਿਸ ਦਾ ਕਿ ਉਨ੍ਹਾਂ ਨੂੰ ਸਾਹਮਣਾ ਸੀ, ਪ੍ਰਭਾਵਿਤ ਕਰਨ ਲਈ ਮਾਲਕਮ ਰੀਡ ਉਨ੍ਹਾਂ ਨੂੰ ਉਸ ਮਿਲੀਸ਼ੀਆ ਦੀਆਂ ਕਤਾਰਾਂ ਦੇ ਕੋਲ ਦੀ ਲੈ ਕੇ ਗਿਆ ਜੋ ਜਹਾਜ਼ੀ ਘਾਟ ਦੇ ਨਾਲ ਨਾਲ ਸੰਗੀਨਾਂ ਤਾਣੀ ਖੜ੍ਹੇ ਸਨ। ਮਾਲਕਮ ਰੀਡ ਵੱਲੋਂ ਉਨ੍ਹਾਂ ਦੇ ਜਹਾਜ਼ ਤੇ ਸਵਾਰ ਹੋਣ ਦੇ ਦਰਜ ਕੀਤੇ ਸਮੇਂ 2:25 ਤੋਂ ਰਹੀਮ ਅਤੇ ਉਸ ਦੀ ਤੱਟਈ ਕਮੇਟੀ ਦੇ ਮੈਂਬਰਾਂ ਨੂੰ ਜਹਾਜ਼ ਉੱਪਰ ਇੱਕ ਘੰਟਾ ਦਿੱਤਾ ਗਿਆ। ਇੱਕ ਘੰਟੇ ਦੇ ਅੰਤ ਤੇ ਉਨ੍ਹਾਂ ਨੇ ਐਲਾਨ ਕੀਤਾ ਕਿ ਉਨ੍ਹਾਂ ਨੇ ਗੁਰਦਿੱਤ ਸਿੰਘ ਸਿਰਹਾਲੀ ਨਾਲ ਇੱਕ ਹੱਲ ਕੱਢ ਲਿਆ ਹੈ, ਲੇਕਿਨ ਉਨ੍ਹਾਂ ਨੂੰ ਸਲਾਹ ਮਸ਼ਵਰਾ ਕਰਨ ਲਈ ਸ਼ਹਿਰ ਦੇ ਬਾਹਰ ਆਪਣੇ ਸਾਲਿਸਿਟਰ ਮੈਕਨੀਲ ਕੋਲ ਜਾਣ ਦੀ ਲੋੜ ਹੈ। ਸ਼ਾਮ ਦੇ 5:00 ਵਜੇ ਤੋਂ ਕੁਝ ਚਿਰ ਪਹਿਲਾਂ ਉਹ ਮੈਕਨੀਲ ਅਤੇ ਮੰਗਾਂ ਦੇ ਅਜਿਹੇ ਸਮੂਹ ਨਾਲ ਵਾਪਸ ਪਰਤੇ, ਜੋ ਰੈਨਬੋ ਉੱਪਰਲੀਆਂ 6 ਇੰਚ ਮੂੰਹ ਵਾਲੀਆਂ ਤੋਪਾਂ ਅਤੇ ਮਿਲੀਸ਼ੀਆ ਦੀਆਂ ਨੰਗੀਆਂ ਸੰਗੀਨਾਂ ਦੇ ਬਾਵਜੂਦ, ਉਨ੍ਹਾਂ ਵੱਲੋਂ ਪਹਿਲਾਂ ਕਹੀ ਗਈ ਕਿਸੇ ਵੀ ਗੱਲ ਨਾਲੋਂ ਵਧੇਰੇ ਕਮਜ਼ੋਰ ਨਹੀਂ ਸੀ। ਉਨ੍ਹਾਂ ਕੋਲ ਰੀਡ ਵੱਲੋਂ ਪਹਿਲਾਂ ਹੀ ਖਰੀਦੀ ਗਈ ਸੂਚੀ ਨਾਲੋਂ ਦੁੱਗਣੀ ਰਸਦ ਦੀ ਸੂਚੀ ਸੀ। ਉਨ੍ਹਾਂ ਨੇ ਕਿਹਾ ਕਿ ਯਾਤਰੀ ਕੋਲਕਾਤਾ ਨੂੰ ਵਾਪਸ ਭੇਜੇ ਜਾਣਾ ਚਾਹੁੰਦੇ ਹਨ, ਨਾ ਕਿ ਹਾਂਗਕਾਂਗ ਨੂੰ। ਅਤੇ ਉਹ ਅਜੇ ਵੀ ਆਸ ਕਰਦੇ ਹਨ ਕਿ ਸਰਕਾਰ ਉਹ ਪੈਸੇ ਉਨ੍ਹਾਂ ਨੂੰ ਵਾਪਸ ਕਰ ਦੇਵੇ ਜੋ ਉਨ੍ਹਾਂ ਨੇ ਕਿਰਾਏਨਾਮੇ ਦੀਆਂ ਬੰਦਸ਼ਾਂ ਦੀ ਪੂਰਤੀ ਹਿਤ ਖਰਚ ਕੀਤੇ ਹਨ।

ਸਾਰੀਆਂ ਗਰਮੀਆਂ ਦੌਰਾਨ, ਮਾਲਕਮ ਰੀਡ ਨੇ ਛੋਟਾਂ ਦੇਣ ਤੋਂ ਇਨਕਾਰ ਕੀਤਾ ਸੀ। ਇਸ ਗੱਲ ਨਾਲ ਸਹਿਮਤ ਹੋਏ ਨੇ ਕਿ ਯਾਤਰੀ ਅਤੇ ਰਹੀਮ ਅਤੇ ਉਸ ਦੇ ਮਿੱਤਰ ਉਨ੍ਹਾਂ ਨੂੰ ਦਿੱਤੇ ਗਏ ਹਰ ਮੌਕੇ ਦਾ ਲਾਹਾ ਲੈਣਗੇ। ਰੀਡ ਨੂੰ ਆਪਣੀ



*15. ਵਾਪਿੰਗ ਤੱਟ ਤੇ ਕਾਮਾਗਾਟਾ ਮਾਰੂ ਦੇ ਦਵਾਲੇ ਚਲ ਰਹੀ ਕਾਰਵਾਈ ਨੂੰ ਵਾਚਦੀ ਭੀੜ ਜੁਲਾਈ 1914*

ਜ਼ਿੰਦਗੀ ਲਈ ਖਤਰਾ ਰਹਿੰਦਾ ਸੀ। ਉਸ ਦੇ ਪਰਿਵਾਰ ਨੂੰ ਸ਼ਹਿਰ ਤੋਂ ਬਾਹਰ ਭੇਜ ਦਿੱਤਾ ਗਿਆ ਸੀ ਅਤੇ ਉਸ ਦੇ ਘਰ ਦੀ ਰਾਤ ਸਮੇਂ ਰਾਖੀ ਕੀਤੀ ਜਾਂਦੀ ਸੀ। ਇਹ ਹੈਰਾਨੀ ਦੀ ਗੱਲ ਨਹੀਂ ਸੀ ਕਿ ਰੀਡ ਅਤੇ ਉਸ ਦਾ ਮਿੱਤਰ ਸਟੀਵਨਜ਼ ਗੱਲਬਾਤ ਨਾਲੋਂ ਭੈ ਭੀਤ ਕਰਨ ਤੇ ਵਧੇਰੇ ਨਿਰਭਰਤਾ ਰਖਦੇ ਸਨ। ਫਿਰ ਵੀ ਮਾਰਟਿਨ ਬੁਰੈਲ ਕੁਝ ਵਧੇਰੇ ਖੁੱਲੇ ਮਨ ਨਾਲ ਅਤੇ ਤਾਕਤ ਦੀ ਵਰਤੋਂ ਬਾਰੇ ਅਸਲੀ ਅਦੇਸ਼ਿਆਂ ਨਾਲ ਦ੍ਰਿਸ਼ ਤੇ ਆਇਆ। ਉਹ ਜਾਣਦਾ ਸੀ ਕਿ ਪ੍ਰਧਾਨ ਮੰਤਰੀ ਚਾਹੁੰਦਾ ਹੈ ਕਿ ਕਾਮਾਗਾਟਾ ਮਾਰੂ, ਘੱਟ ਤੋਂ ਘੱਟ ਸੰਭਵ ਦੇਰੀ ਨਾਲ ਅਤੇ ਕਿਸੇ ਵੀ ਬੇਲੋੜੀ ਹਿੰਸਾ ਤੋਂ ਬਿਨਾਂ ਚਲਾ ਜਾਵੇ। ਅਤੇ ਉਹ ਕੁੱਝ ਹਜ਼ਾਰ ਡਾਲਰਾਂ ਦੇ ਮੁੱਲ ਦੀ ਰਸਦ ਤੇ ਜਾਭਾਂ ਦਾ ਭੇੜ ਕਰਨ ਵਿੱਚ ਕੋਈ ਭਲਾਈ ਨਹੀਂ ਸਮਝਦਾ ਸੀ, ਜੇਕਰ ਇਹ ਸਮਝੌਤੇ ਵਿੱਚ ਰੁਕਾਵਟ ਬਣੇ। ਜਦੋਂ ਤੱਟਈ ਕਮੇਟੀ ਨੇ ਇਸ ਨੁਕਤੇ ਤੇ ਜ਼ੋਰ ਦਿੱਤਾ ਤਾਂ ਬੁਰੈਲ ਪੂਰੀ ਤਰ੍ਹਾਂ ਰਜ਼ਾਮੰਦ ਹੋ ਗਿਆ ਅਤੇ ਉਨ੍ਹਾਂ ਦੀ ਰਸਦ ਵੀ ਪੂਰੀ ਸੂਰੀ ਪਰਵਾਨ ਕਰ ਲਈ। ਉਹ ਯਾਤਰੀਆਂ ਨੂੰ ਕੋਲਕਾਤੇ ਨੂੰ ਵਾਪਸ ਭੇਜਣ ਨਾਲ ਪੂਰੀ ਤਰਾਂ ਸਹਿਮਤ ਨਾ ਹੁੰਦਾ, ਪਰੰਤੂ ਉਸ ਨੇ ਚਾਰਟਰ ਦੇ ਪੈਸਿਆਂ ਦੇ ਨਾਜ਼ਕ ਮਸਲੇ ਤੇ ਅਸਲੀ ਰੂਪ 'ਚ ਕੋਈ ਕੌਡੀ ਦੇਣ ਦਾ ਵਾਅਦਾ ਕੀਤੇ ਬਿਨਾਂ ਸਰਕਾਰ ਦੀ ਸਥਿਤੀ ਨੂੰ ਨਰਮ ਕਰਨ ਦਾ ਢੰਗ ਲੱਭਣ ਦਾ ਯਤਨ ਕੀਤਾ। ਉੱਤਰ ਸੀ ਤੱਟਈ ਕਮੇਟੀ ਦੇ ਦਾਅਵੇ ਨੂੰ ਵਿਚਾਰਨ ਦੀ ਪੇਸ਼ਕਸ਼ ਕਰਨਾ। ਅਤੇ ਇਸ ਨੂੰ ਮੈਕਨੀਲ ਨੂੰ ਆਪਣੇ ਮੁਵੱਕਲਾਂ ਨੂੰ ਦਿਖਾਉਣ ਲਈ ਲਿਖਤੀ ਰੂਪ ਵੀ ਦੇ ਦਿੱਤਾ। ਕੁੰਜੀਵਤ ਵਾਕ ਇਸ ਤਰ੍ਹਾਂ ਸੀ: "ਸਰਕਾਰ ਦੇ ਇੱਕ ਮੈਂਬਰ ਦੇ ਤੌਰ ਤੇ, ਮੈਂ ਪ੍ਰਧਾਨ ਮੰਤਰੀ ਨੂੰ ਤਾਰ ਭੇਜ ਕੇ ਕਹਾਂਗਾ ਕਿ ਇਹਨਾਂ

ਦਾਅਵਿਆਂ ਦੀ ਇੰਮਪੀਰੀਅਲ ਕਮਿਸ਼ਨਰ ਦੁਆਰਾ ਪੂਰੀ ਤਰ੍ਹਾਂ ਜਾਂਚ ਹੋਣੀ ਚਾਹੀਦੀ ਹੈ। ਅਤੇ ਤਾਕੀਦ ਕਰਾਂਗਾ ਕਿ ਉਨ੍ਹਾਂ ਸਾਰਿਆਂ ਪ੍ਰਤੀ ਪੂਰਾ ਅਤੇ ਹਮਦਰਦੀ ਭਰਿਆ ਧਿਆਨ ਦਿੱਤਾ ਜਾਵੇ, ਜਿਹੜੇ ਉਦਾਰ ਵਿਵਹਾਰ ਦੇ ਕਾਬਲ ਹਨ।" ਮੋੜਵੇਂ ਰੂਪ 'ਚ ਯਾਤਰੀਆਂ ਨੂੰ ਜਹਾਜ਼ ਦਾ ਕਬਜ਼ਾ ਕਪਤਾਨ ਨੂੰ ਦੇਣ ਅਤੇ ਸ਼ਾਂਤਮਈ ਢੰਗ ਨਾਲ ਏਸ਼ੀਆ ਨੂੰ ਪਰਤਣ ਲਈ ਫੌਰੀ ਤੌਰ ਤੇ ਸਹਿਮਤ ਹੋਣਾ ਪਵੇਗਾ।" ਬੁਰੈਲ ਨੇ ਇਨ੍ਹਾਂ ਸ਼ਰਤਾਂ ਉੱਪਰ ਫ਼ੈਸਲਾ ਲੈਣ ਲਈ ਬਹੁਤ ਹੀ ਥੋੜ੍ਹਾ ਸਮਾਂ ਲਿਆ ਸੀ। ਅਤੇ ਇਹ 5:00 ਵਜੇ ਤੋਂ ਥੋੜ੍ਹਾ ਚਿਰ ਪਿੱਛੋਂ ਦੀ ਗੱਲ ਹੈ, ਜਦੋਂ ਮੈਕਨੀਲ ਨੇ ਉਨ੍ਹਾਂ ਨੂੰ ਰਜ਼ਾਮੰਦ ਹੋ ਜਾਣ ਲਈ ਮਨਾਉਣ ਵਾਸਤੇ ਖੁਦ ਤੱਟਈ ਕਮੇਟੀ ਨਾਲ ਬੰਦ ਕਮਰਾ ਮੀਟਿੰਗ ਕੀਤੀ।

ਸਮੁੰਦਰੀ ਤੱਟ ਵਾਲੇ ਪਾਸਿਉਂ ਦੇਖਦਿਆਂ ਵੈਨਕੂਵਰ ਵਾਸੀਆਂ ਲਈ ਇਹ ਧੀਮੀਂ ਗਤੀ ਵਾਲਾ ਲੌਢਾ ਵੇਲਾ ਸੀ। ਕੋਈ ਨਜ਼ਾਰਾ ਮਿਸ ਨਾ ਹੋ ਜਾਵੇ, ਇਸ ਦੇ ਡਰ ਨੇ ਉਨ੍ਹਾਂ ਨੂੰ ਉਥੇ ਚਿਪਕਾ ਰੱਖਿਆ ਸੀ ਅਤੇ ਨੇੜੇ ਦੇ ਕੌਫੀ ਹਾਊਸ, ਛੋਟੇ ਲੜਕਿਆਂ ਦੀ ਇੱਕ ਕਤਾਰ ਦਾ ਸਵਾਗਤ ਕਰ ਰਹੇ ਸਨ, ਜਿਨ੍ਹਾਂ ਨੂੰ ਉਨ੍ਹਾਂ ਦੇ ਬਜ਼ੁਰਗਾਂ ਨੇ ਭੋਜਨ ਲਈ ਭੇਜਿਆ ਸੀ, ਜੋ ਆਪਣੀਆਂ ਲਾਹੇਵੰਦ ਥਾਵਾਂ ਮੱਲੀ ਖੜ੍ਹੇ ਸਨ। ਬੰਦਰਗਾਹ ਉੱਪਰ ਭੀੜ ਸੀ। ਜਿੰਨੀ ਕਿ ਕਦੇ ਹੁੰਦੀ ਹੈ। ਅਤੇ ਇਕ ਵਡੇ ਕਨੇਡੀਅਨ-ਆਸਟਰੇਲੀਅਨ ਯਾਤਰੀ ਜਹਾਜ਼, ਆਰ.ਐਮ.ਐਸ.ਨਿਆਗਰਾ ਨੂੰ, ਜੋ ਸ਼ਾਮ ਦੇ ਲਗਭਗ 4 ਵਜੇ ਪਹੁੰਚ ਰਿਹਾ ਸੀ, ਛੋਟੀਆਂ ਕਿਸ਼ਤੀਆਂ ਵਿੱਚੋਂ ਦੀ ਆਪਣੀ ਗੋਦੀ ਤੱਕ ਰਸਤਾ ਬਣਾਉਣ ਵਿੱਚ ਮੁਸ਼ਕਲ ਆ ਰਹੀ ਸੀ। "ਸਮੁੰਦਰੀ ਤੱਟ ਵਾਲੇ ਪਾਸੇ ਭਾਰੀ ਭੀੜ ਅਤੇ ਬਿਨਾਂ ਸ਼ੱਕ ਜਨਤਕ ਭਾਵਨਾਂ ਨੂੰ ਫੌਰੀ ਹੱਲ ਦੀ ਲੋੜ ਹੋਵੇਗੀ, ਮਾਰਟਿਨ ਬੁਰੈਲ ਨੇ, ਸਥਾਨਕ ਅਧਿਕਾਰੀਆਂ ਦੇ ਨਜ਼ਰੀਏ ਨੂੰ ਵਿਚਾਰਦਿਆਂ, ਜੋ ਸਮੁੰਦਰੀ ਕਿਨਾਰੇ ਉੱਪਰ ਦੰਗੇ ਨੂੰ ਕਾਮਾਗਾਟਾ ਮਾਰੂ ਖ਼ਿਲਾਫ਼ ਤੁਰੰਤ ਕਾਰਵਾਈ ਲਈ ਜ਼ੋਰਦਾਰ ਕਾਰਨ ਦੇ ਤੌਰ ਤੇ ਦੇਖਦੇ ਸਨ, ਦਿਨ 'ਚ ਬਹੁਤ ਪਹਿਲਾਂ ਹੀ ਪ੍ਰਧਾਨ ਮੰਤਰੀ ਨੂੰ ਸੂਚਿਤ ਕਰ ਦਿੱਤਾ ਸੀ, ਪੱਤਰਕਾਰਾਂ ਨੇ ਭੀੜ ਵਿੱਚੋਂ ਦੀ ਲੰਘਦਿਆਂ ਉਨ੍ਹਾਂ ਨੂੰ ਆਉਣ ਵਾਲੇ ਦ੍ਰਿਸ਼, ਜੋ ਅਜੇ ਆਇਆ ਨਹੀਂ ਸੀ, ਲਈ ਬੇਚੈਨ ਪਾਇਆ ਸੀ। ਪਰੰਤੂ ਲੋਕ ਦੇਖਣ ਲਈ ਆਏ ਸਨ, ਨਾ ਕਿ ਹਿੱਸਾ ਲੈਣ ਲਈ। ਅੱਜ ਦੀ ਸ਼ਬਦਾਵਲੀ 'ਚ ਉਹ ਸਿਰਫ਼ ਨਜ਼ਾਰਾ ਦੇਖਣ ਵਾਲੇ ਤਮਾਸ਼ਬੀਨ (Lookie Loos) ਸਨ। ਕਾਮਾਗਾਟਾ ਮਾਰੂ ਦੇ ਨੇੜੇ ਪਾਣੀ ਵਿਚਲਿਆਂ ਲੋਕਾਂ ਨੇ ਸਿੱਖਾਂ ਨੂੰ ਉਤੇਜਿਤ ਕੀਤਾ ਅਤੇ ਉਹਨਾਂ ਨੇ ਤਮਾਸ਼ਬੀਨਾ ਤੇ ਵਿਅੰਗ ਅਤੇ ਕੁੱਝ ਮਖੌਲ ਕਸੇ। ਅਤੇ ਸਮੁੰਦਰ ਦੇ ਕਿਨਾਰੇ ਜਦੋਂ ਕੋਈ ਸਿੱਖ ਸੀ ਪੀ ਆਰ ਡਿੱਪੂ ਦੇ ਪ੍ਰਵੇਸ਼ ਦੁਆਰ ਦੇ ਨੇੜੇ ਖੜ੍ਹੇ ਸੈਂਕੜੇ ਲੋਕਾਂ ਮੂਹਰੇ ਪੰਜਾਬੀ 'ਚ ਬੋਲਣ ਲਈ ਖੜ੍ਹਾ ਹੁੰਦਾ ਸੀ ਤਾਂ ਕੋਈ ਸ਼ੋਰ ਸ਼ਰਾਬਾ ਨਹੀਂ ਹੁੰਦਾ ਸੀ।

5:30 ਵਜੇ, ਇਸ ਤਰਾਂ ਲਗਦਾ ਸੀ ਕਿ ਕਾਰਵਾਈ ਹੋਵੇਗੀ। ਜਿਉਂ ਹੀ

ਦਾ ਫ਼ੈਸਲਾ ਕਰ ਲਿਆ ਸੀ, ਅਤੇ ਯਾਤਰੀਆਂ ਨੂੰ ਦੱਸਣ ਜਾ ਰਹੇ ਸਨ। ਉਹ ਅੱਧੇ ਘੰਟੇ ਤੋਂ ਜਹਾਜ਼ 'ਤੇ ਸਨ। ਜਦੋਂ ਯਾਮਾਮੋਟੋ ਰਹੀਮ ਦੇ ਦਸਤਖਤ ਵਾਲੇ ਇੱਕ ਪੱਤਰ ਦਾ ਖਰੜਾ ਲੈ ਕੇ ਜਹਾਜ਼ ਦੇ ਫਰਸ਼ 'ਤੇ ਆ ਪ੍ਰਗਟ ਹੋਇਆ, ਜੋ ਰਵਾਨਗੀ ਦੀ ਤਿਆਰੀ ਲਈ ਭਾਫ਼ ਪੈਦਾ ਕਰਨ ਲਈ ਕੈਪਟਨ ਨੂੰ ਅਧਿਕਾਰਿਤ ਕਰਦਾ ਸੀ। ਉਹ ਇਸ ਨੂੰ ਸਟੀਵਨਜ਼, ਰੀਡ, ਹਾੱਪਕਿਨਸਨ, ਅਤੇ ਮਿਲੀਸ਼ੀਆ ਬ੍ਰਗੇਡੀਅਰ ਜੇ. ਡੱਫ ਨੂੰ ਦਿਖਾਉਣ ਲਈ ਲਾਂਘੇ ਦੀਆਂ ਪੌੜੀਆਂ ਤੋਂ ਹੇਠਾਂ ਨੂੰ ਦੌੜਿਆ। ਉੱਪਰ ਵੱਲ ਨੂੰ ਦੇਖਦਿਆਂ ਹਰ ਕੋਈ ਧੂੰਏਂ ਦੀਆਂ ਚਿਮਨੀਆਂ 'ਚੋਂ ਧੂੰਏਂ ਦੇ ਝੋਂਕੇ ਨਿਕਲਦੇ ਦੇਖ ਸਕਦਾ ਸੀ। ਜਦੋਂ ਇਮੀਗਰੇਸ਼ਨ ਵਿਭਾਗ ਦੀ ਕਿਸ਼ਤੀ ਨੂੰ ਕਾਮਾਗਾਟਾ ਮਾਰੂ ਨਾਲ ਬੰਨਿਆ ਗਿਆ, ਕਈ ਯਾਤਰੀਆਂ ਨੇ ਨੇਕ ਦਿਲੀ ਨਾਲ ਪੁੱਛਿਆ ਕਿ ਐਤਵਾਰ ਦੀ ਸਵੇਰ ਦੇ ਮੁਕਾਬਲੇ ਦੌਰਾਨ ਕਿਸ ਨੂੰ ਚੋਟ ਆਈ ਸੀ ਅਤੇ ਕਿੰਨੇ ਗੰਭੀਰ ਰੂਪ 'ਚ। ਅਤੇ ਉਨ੍ਹਾਂ ਨੇ ਰਾਹਤ ਦਾ ਪ੍ਰਗਟਾਵਾ ਕੀਤਾ। ਜਦੋਂ ਇਮੀਗਰੇਸ਼ਨ ਅਧਿਕਾਰੀਆਂ ਨੇ, ਜਿਨ੍ਹਾਂ ਨੂੰ ਉਹ ਨਾਂ ਤੋਂ ਜਾਣਦੇ ਸਨ, ਸੰਕੇਤ ਦਿੱਤਾ ਕਿ ਉਨ੍ਹਾਂ ਨੂੰ ਤਾਂ ਸਿਰਫ਼ ਮਾਮੂਲੀ ਚੋਟਾਂ ਆਈਆਂ ਹਨ। ਉਨ੍ਹਾਂ ਨੇ ਖਾਸ ਤੌਰ ਤੇ ਵਿਸ਼ੇਸ਼ ਸੰਤਰੀ, ਉੱਚੇ ਲੰਮੇ, ਆਇਰਲੈਂਡੀ ਆਦਮੀ, ਜੇਮਜ਼ ਕਵਿਨੀ ਬਾਰੇ ਪੁਛਿਆ। ਜਿਸ ਦੀ ਮਿਲਾਪੜੀ ਸ਼ਖਸ਼ੀਅਤ ਦੀ ਉਹ ਪ੍ਰਸ਼ੰਸਾ ਕਰਦੇ ਸਨ। ਹੁਣ ਕਿਉਂਕਿ ਉਨ੍ਹਾਂ ਦੀਆਂ ਸ਼ਰਤਾਂ ਮੰਨ ਲਈਆਂ ਗਈਆਂ ਸਨ ਤਾਂ ਉਨ੍ਹਾਂ ਨੇ ਕੋਈ ਦੁਸ਼ਮਣੀ ਨਾ ਦਿਖਾਈ। ਜਿਉਂ ਹੀ ਕਿਸ਼ਤੀ ਨੂੰ ਪਰ੍ਹਾਂ ਲਿਜਾਇਆ ਗਿਆ ਉਨ੍ਹਾਂ ਨੇ ਆਪਣੀ ਅਲਵਿਦਾ ਕਹੀ ਅਤੇ ਪ੍ਰਤੱਖ ਤੌਰ ਤੇ ਉਸ ਢੰਗ ਤੋਂ ਖ਼ੁਸ਼ ਹੋਇਆਂ ਨੇ, ਜਿਸ ਢੰਗ ਨਾਲ ਕਿ ਮਾਮਲਾ ਹੱਲ ਕੀਤਾ ਗਿਆ ਸੀ, ਜ਼ੋਰਦਾਰ ਢੰਗ ਨਾਲ ਬੱਲੇ ਬੱਲੇ ਕਰਨੀ ਸ਼ੁਰੂ ਕਰ ਦਿੱਤੀ।

ਹੁਣ ਜੋ ਵਾਪਰ ਚੁੱਕਾ ਸੀ ਉਸ ਦਾ ਮੁਲੰਕਣ ਸ਼ੁਰੂ ਹੋਇਆ। ਇੱਕ ਅਜਿਹੀ ਪ੍ਰਕਿਰਿਆ ਜੋ ਅੱਜ ਤੱਕ ਜਾਰੀ ਹੈ। ਮਾਰਟਿਨ ਬੁਰੈਲ ਨੇ ਸਰਕਾਰ ਦੇ ਕਾਨੂੰਨੀ ਸਲਾਹਕਾਰ ਰੌਬੀ ਰੀਡ ਵੱਲ ਰੁੱਖ ਕੀਤਾ ਅਤੇ ਕਿਹਾ, "ਸ਼੍ਰੀਮਾਨ ਰੀਡ, ਇਹ ਮੇਰੀ ਜ਼ਿੰਦਗੀ ਦਾ ਸਭ ਤੋਂ ਡਰਾਉਣਾ ਦਿਨ ਹੈ। ਅਜਿਹਾ ਇੱਕ ਹੋਰ ਦਿਨ ਮੈਨੂੰ ਮਾਰ ਦੇਵੇਗਾ।" ਰੌਬੀ ਰੀਡ ਨੇ ਉੱਤਰ ਦਿੱਤਾ, "ਸ਼੍ਰੀਮਾਨ ਬੁਰੈਲ, ਹੁਣ ਤੁਸੀਂ ਉਸ ਹਾਲਾਤ ਬਾਰੇ ਸਭ ਕੁੱਝ ਜਾਣਦੇ ਹੋ, ਜਿਸ ਵਿੱਚੋਂ ਅਸੀਂ ਦੋ ਲੰਬੇ ਮਹੀਨਿਆਂ ਤੋਂ ਲੰਘੇ ਹਾਂ।" ਅਤੇ ਬੁਰੈਲ ਨੇ ਕਿਹਾ, "ਸ਼੍ਰੀ ਮਾਨ ਰੀਡ, ਹਾਂ ਹੁਣ ਮੈਂ ਜਾਣਦਾ ਹਾਂ।" ਸਥਾਨਕ ਅਧਿਕਾਰੀਆਂ ਦੀਆਂ ਨਜ਼ਰਾਂ ਵਿੱਚ ਬੁਰੈਲ ਇੱਕ ਭੋਲਾ ਭਾਲਾ ਟੰਗ ਅੜਾਊ ਸੀ। ਅਤੇ ਭਾਵੇਂ ਉਸ ਦੇ ਆਉਣ ਤੋਂ ਕੁਝ ਘੰਟਿਆਂ ਦੇ ਅੰਦਰ ਹੀ ਗਤੀਰੋਧ ਟੁੱਟ ਗਿਆ ਸੀ। ਉਹ ਆਪਣੇ ਆਪ ਕੋਲ ਜਾਂ ਕਿਸੇ ਹੋਰ ਕੋਲ ਇਹ ਪ੍ਰਵਾਨ ਨਹੀਂ ਕਰਨਗੇ ਕਿ ਉਸ ਦੀਆਂ ਛੋਟਾਂ ਸਹਾਈ ਰਹੀਆਂ ਹਨ। ਬੁਰੈਲ ਨੇ ਪਰਧਾਨ ਮੰਤਰੀ ਨੂੰ

ਸ਼ੁਭ ਸਮਾਚਾਰ ਦੇਣ ਲਈ ਤਾਰ ਭੇਜੀ "ਸਥਿਤੀ ਬਹੁਤ ਜ਼ਿਆਦਾ ਚਿੰਤਾ ਵਾਲੀ ਅਤੇ ਨਾਜ਼ੁਕ ਰਹੀ ਹੈ," ਉਸ ਨੇ ਸੂਚਨਾ ਦਿੱਤੀ, "ਪਰੰਤੂ ਆਸ ਕਰਦਾਂ ਹਾਂ ਇਹ ਮਾਣ ਵਾਲੀ ਸ਼ਾਤੀ ਹੈ।" ਸਟੀਵਨਜ਼ ਨੇ ਨਤੀਜੇ ਦਾ ਸਿਹਰਾ ਰੈਨਬੋ ਦੀ ਮੌਜੂਦਗੀ ਨੂੰ ਦਿੰਦਿਆਂ ਇੱਕ ਵੱਖਰੀ ਤਾਰ ਭੇਜੀ।

"ਬਿਲਕੁੱਲ ਦ੍ਰਿੜ ਵਿਸ਼ਵਾਸ਼ ਨਾਲ, ਕਿ ਇਹ ਭਾਗਾਂ ਵਾਲਾ ਅੰਤ ਨਾ ਹੋਇਆਂ ਹੁੰਦਾ, ਜੇਕਰ ਤਾਕਤ ਦੇ ਪ੍ਰਦਰਸ਼ਨ ਦੀ ਵਰਤੋਂ ਨਾ ਕੀਤੀ ਹੁੰਦੀ, ਜਿਹੋ ਜਹੀ ਅਸੀਂ ਤਲਬ ਕੀਤੀ ਸੀ। ਇਸ ਨੇ ਆਗੂਆਂ ਨੂੰ ਹੋਸ਼ 'ਚ ਲੈ ਆਂਦਾ ਅਤੇ ਇੱਕ ਵਾਰ ਜਦੋਂ ਉਹ ਰਜ਼ਾਮੰਦ ਹੋ ਗਏ। ਦੂਸਰੇ ਤਾਂ ਫਿਰ ਬੱਚਿਆਂ ਵਾਂਗ ਸਨ।"

ਇਸੇ ਸਮੇਂ ਤੱਟਈ ਕਮੇਟੀ ਸਨਫਰਾਂਸਿਸਕੋ ਵਿਚਲੇ ਆਪਣੇ ਗਦਰੀ ਮਿੱਤਰਾਂ ਨੂੰ ਤਾਰ ਭੇਜ ਰਹੀ ਸੀ। "ਨਿੱਡਰ ਯਾਤਰੀਆਂ ਨੇ ਪਹਿਲਾ ਅੱਧੀ ਰਾਤ ਦਾ ਹਮਲਾ ਪਛਾੜ ਦਿੱਤਾ ਸੀ, ਅਤੇ ਅੱਜ ਜਲਥਲੀ ਫੌਜੀਆਂ ਦਾ ਸਾਹਮਣਾ ਕਰਨ ਲਈ ਤਿਆਰ ਸਨ। ਪਰੰਤੂ ਖ਼ੂਨ ਖਰਾਬੇ ਨੂੰ ਟਾਲਣ ਲਈ ਹਿੰਦੂ ਤੱਟਈ ਕਮੇਟੀ ਨੇ ਸਮਝੌਤਾ ਕਰ ਲਿਆ। ਇਮੀਗਰੇਸ਼ਨ ਵਿਭਾਗ ਵਾਪਸੀ ਯਾਤਰਾ ਲਈ ਕੱਲ੍ਹ ਨੂੰ ਰਸਦ ਮੁੱਹਈਆ ਕਰਵਾਏਗਾ। ਬੇ-ਹਥਿਆਰੇ ਯਾਤਰੀਆਂ ਖ਼ਿਲਾਫ਼ ਗਸ਼ਤੀ ਜਹਾਜ਼ ਲਿਆਉਣ ਤੇ ਲੋਕ ਹੱਸੇ ਸਨ। ਇਹ ਅਣਮਨੁੱਖੀ ਵਿਵਹਾਰ ਹਰ ਕਿਤੇ ਜਾਣਿਆ ਜਾਵੇਗਾ। ਜਹਾਜ਼ ਕੱਲ੍ਹ ਨੂੰ ਯਾਤਰਾ ਤੇ ਨਿਕਲ ਸਕਦਾ ਹੈ।"

ਇਹ ਸੰਭਵ ਹੈ ਕਿ ਯਾਤਰੀ ਆਪਣਾ ਦਾਅਵਾ ਤਿਆਗ ਗਏ ਹੁੰਦੇ। ਜਿਵੇਂ ਹੀ ਰੈਨਬੋ ਆਪਣੇ ਪੁਲ ਵਾਲੇ ਫੱਟੇ (gangplanks) ਨੀਚੇ ਉਤਾਰਦਾ। ਬੁਰੈਲ ਨੂੰ ਅਹਿਸਾਸ ਸੀ, ਕਿ ਸਟੀਵਨਜ਼ ਅਤੇ ਇਮੀਗਰੇਸ਼ਨ ਅਧਿਕਾਰੀ ਇਸ ਗੱਲ ਤੇ ਵਿਸ਼ਵਾਸ ਕਰਦੇ ਸਨ ਅਤੇ ਉਹ ਇਹ ਸੋਚਦੇ ਸਨ ਕਿ ਉਹ ਬੇਲੋੜਾ ਝੁਕ ਗਿਆ ਹੈ। ਖਾਸ ਕਰਕੇ ਚਾਰਟਰ ਨਾਲ ਹੋਏ ਨੁਕਸਾਨ ਸੰਬੰਧੀ ਤੱਟਈ ਕਮੇਟੀ ਦੇ ਦਾਅਵਿਆਂ ਦੇ ਸਵਾਲ 'ਤੇ ਉਸ ਦੇ ਆਪਣੇ ਮਨ ਵਿੱਚ ਉਸ ਨੂੰ ਕੋਈ ਸ਼ੰਕਾ ਨਹੀਂ ਸੀ ਕਿ ਉਸ ਦਾ ਜਾਂਚ ਦਾ ਵਾਅਦਾ ਇੱਕ ਮਹੱਤਵ ਪੂਰਨ ਮੋੜ ਰਿਹਾ ਸੀ ਅਤੇ ਸਰਕਾਰ ਨੂੰ ਜਹਾਜ਼ ਤੇ ਤਾਕਤ ਨਾਲ ਕਬਜ਼ਾ ਕਰਨ ਦੀ ਇੱਕ ਬੇਹੱਦ ਜ਼ੋਖ਼ਮ ਭਰੀ ਕੋਸ਼ਿਸ਼ ਤੋਂ ਬਚਾਇਆ ਸੀ। ਭਾਰਤੀਆਂ ਦੇ ਵਕੀਲ ਵੀ ਇਸ ਤਰ੍ਹਾਂ ਹੀ ਸੋਚਦੇ ਸਨ। ਏ.ਐਚ.ਮੈਕਨੀਲ ਨੇ ਅਗਲੇ ਦਿਨ ਪ੍ਰਧਾਨ ਮੰਤਰੀ ਨੂੰ ਲਿਖਿਆ:

"ਇਹ ਬੜੀ ਭਾਗਾਂ ਵਾਲੀ ਗੱਲ ਸੀ ਕਿ ਮਾਣਯੋਗ ਸ਼੍ਰੀ ਬੁਰੈਲ ਬ੍ਰਿਟਿਸ਼ ਕੋਲੰਬੀਆ ਵਿੱਚ ਸੀ, ਅਤੇ ਨਾਜ਼ੁਕ ਸਮੇ ਮੌਕੇ ਤੇ ਪਹੁੰਚ ਗਿਆ। ਮੈਂ ਤੁਹਾਨੂੰ ਭਰੋਸਾ ਦੁਆ ਸਕਦਾ ਹਾਂ ਕਿ ਅਗਰ ਇੱਥੇ ਸ਼੍ਰੀ ਬੁਰੈਲ ਦੀ ਮੌਜੂਦਗੀ ਨਾ ਹੁੰਦੀ ਤਾਂ ਸੰਭਵ ਹੈ ਕੋਈ ਵੀ ਸਮਝੌਤਾ ਨਾ ਹੋਇਆ ਹੁੰਦਾ। ਸਥਾਨਕ ਇਮੀਗਰੇਂਟ ਲੋਕਾਂ ਅਤੇ ਸਥਾਨਕ ਰਾਜਨੀਤੀਵਾਨਾ ਦਾ ਰਵੱਈਆ ਅਜਿਹਾ ਸੀ, ਜੋ ਕੋਈ ਵੀ ਸ਼ਰਤਾਂ ਤੇ ਕਿਸੇ ਵੀ ਗੱਲਬਾਤ ਜਾਂ ਸਮਝੌਤੇ ਨੂੰ ਪ੍ਰਵਾਨ ਨਹੀਂ ਕਰਦੇ ਸਨ। ਮੇਰਾ ਖਿਆਲ ਹੈ ਕਿ ਜਾਂਚ

ਇਸ ਗੱਲ ਦਾ ਖੁਲਾਸਾ ਕਰ ਦੇਵੇਗੀ ਕਿ ਕਾਮਾਗਾਟਾ ਮਾਰੂ ਉੱਪਰਲੇ ਲੋਕਾਂ ਦੁਆਰਾ ਕਦੇ ਵੀ ਰਾਤ ਦੇ ਹਮਲੇ ਦਾ ਮੌਕਾ ਨਹੀਂ ਆਇਆ ਸੀ। ਕੁੱਝ ਹਲਕੇ ਦਰਜੇ ਦੀ ਕੂਟਨੀਤੀ ਦੇ ਅਭਿਆਸ ਜ਼ਰੀਏ ਅਤੇ ਜਹਾਜ਼ ਉਪਰਲੇ ਲੋਕਾਂ ਅਤੇ ਕਿਨਾਰੇ ਉੱਪਰਲੇ ਉਨ੍ਹਾਂ ਦੇ ਦੋਸਤਾਂ ਦਾ ਖਿਆਲ ਕਰਦਿਆਂ ਬਹੁਤ ਸੌਖਿਆਂ ਹੀ ਟਾਲਿਆ ਜਾ ਸਕਦਾ ਸੀ।"

ਪੂਰਬੀ ਸਮੇਂ ਅਨੁਸਾਰ ਲਗਭਗ ਸਵੇਰ ਦੇ 1:00 ਵਜੇ ਪ੍ਰਧਾਨ ਮੰਤਰੀ ਨੂੰ ਰਾਹਤ ਨਾਲ ਨਤੀਜੇ ਦੀ ਜਾਣਕਾਰੀ ਮਿਲੀ। ਗੱਲਬਾਤ ਦੇ ਹਰ ਪੜਾਅ ਤੇ ਬੁਰੈਲ ਉਸ ਨੂੰ ਤਾਰਾਂ ਭੇਜਦਾ ਰਿਹਾ ਸੀ, ਅਤੇ ਮੋੜਵੇਂ ਰੂਪ 'ਚ ਉਸ ਨੇ ਵੈਨਕੂਵਰ ਨੂੰ ਕਈ ਤਾਰਾਂ ਭੇਜਿਆਂ ਸਨ। ਸਥਿਤੀ ਫਿਰ ਵੀ ਅਜਿਹੀ ਰਹੀ ਸੀ, ਜਿਸ ਨੂੰ ਬਾੱਰਡਨ ਓਟਾਵਾ ਤੋਂ ਕਾਬੂ ਹੇਠ ਨਹੀਂ ਕਰ ਸਕਦਾ ਸੀ, ਅਤੇ ਉਹ ਇੱਕ ਚਿੰਤਾਪੂਰਨ ਦਿਨ ਬਿਤਾ ਚੁੱਕਾ ਸੀ ਓਟਾਵਾ ਵਿੱਚ ਲਗਭਗ ਰਾਤ ਦੇ ਖਾਣੇ ਦੇ ਸਮੇਂ, ਵੈਨਕੂਵਰ 'ਚ ਆਰੰਭਿਕ ਲੌਢੇ ਵੇਲੇ ਦੇ ਸਮੇਂ-ਉਸ ਨੂੰ ਬੁਰੈਲ ਤੋਂ ਇੱਕ ਤਾਰ ਮਿਲੀ ਸੀ। ਕਿ ਰੈਨਬੋ ਦੀਆਂ ਗੰਨਾਂ ਦੀ ਵਰਤੋਂ ਨਹੀਂ ਕੀਤੀ ਜਾਵੇਗੀ "ਜੇਕਰ ਅਤਿ ਜਰੂਰੀ ਨਾ ਹੋਇਆ।" ਚੌਕਸ ਹੋਏ ਬਾੱਰਡਨ ਨੇ ਉੱਤਰ ਦਿੱਤਾ: "ਸੋਚ ਨਹੀਂ ਸਕਦਾ ਕਿ ਰੈਨਬੋ ਦੀਆਂ ਗੰਨਾਂ ਸੰਭਵ ਤੌਰ ਤੇ ਜ਼ਰੂਰੀ ਹੋ ਸਕਦੀਆਂ ਹਨ। ਅਸੀਂ ਸਹਿਮਤ ਹਾਂ ਕਿ ਜਹਾਜ਼ ਨੂੰ ਜਰੂਰ ਕਾਬੂ ਕੀਤਾ ਜਾਵੇ। ਪਰੰਤੂ ਅਸੀਂ ਐਨੇ ਸਿਰੇ ਦੇ ਕਦਮ ਦੇ ਖ਼ਿਲਾਫ਼ ਹਾਂ" ਸਾਢੇ ਚਾਰ ਘੰਟਿਆਂ ਬਾਅਦ ਬੁਰੈਲ ਦੀ ਵਿਆਖਿਆ ਆਈ, ਗੰਨਾਂ ਦੀ ਵਰਤੋਂ ਕਰਨ ਦਾ ਕੋਈ ਇਰਾਦਾ ਨਹੀਂ ਰਿਹਾ ਹੈ। ਜਦੋਂ ਤੱਕ ਯਾਤਰੀ ਪੂਰੀ ਤਰਾਂ ਹਥਿਆਰਬੰਦ ਨਾ ਹੋਣ, ਜਿਸ ਦੀ "ਬਹੁਤ ਘਟ ਸੰਭਾਵਨਾ" ਹੈ। ਪ੍ਰਧਾਨ ਮੰਤਰੀ ਸੰਕਟ ਦੇ ਸਾਮਰਾਜੀ ਪਸਾਰ ਤੋਂ ਬਹੁਤ ਫਿਕਰਮੰਦ ਸੀ-ਜਿੰਨੇ ਕਿ ਸਟੀਵਨਜ਼ ਅਤੇ ਦੂਸਰੇ ਸਥਾਨਕ ਲੋਕ ਨਹੀਂ ਸਨ। ਭਾਰਤ ਦੇ ਵਇਸਰਾਏ ਨੇ ਰਾੱਇਟਰ ਦੀ ਇੱਕ ਰਿਪੋਰਟ ਪੜ੍ਹੀ ਸੀ ਕਿ ਕਨੇਡੀਅਨ ਸਰਕਾਰ ਫੌਜੀ ਤਾਕਤ ਦੀ ਵਰਤੋਂ ਕਰਨ ਦਾ ਇਰਾਦਾ ਰੱਖਦੀ ਹੈ, ਅਤੇ ਉਸ ਨੇ ਭਾਰਤੀ ਦਫਤਰ ਨੂੰ ਚੇਤਾਵਨੀ ਦਿੱਤੀ ਸੀ ਕਿ "ਇਸ ਦਾ ਭਾਰਤ ਵਿੱਚ ਬਹੁਤ ਬੁਰਾ ਅਸਰ ਹੋਵੇਗਾ।" ਜੇਕਰ ਇਹ ਰਸਦ ਦਾ ਸੁਆਲ ਹੈ, ਉਸ ਨੇ ਅੱਗੇ ਕਿਹਾ, "ਇਹ ਉਨ੍ਹਾਂ ਨੂੰ ਦੇਣੀ ਬਹੁਤ ਉੱਚਿਤ ਹੋਵੇਗੀ।"

ਉਸ ਦੀ ਫਿਕਰਮੰਦੀ ਬਰਤਾਨਵੀ ਬਸਤੀਵਾਦੀ ਸਕੱਤਰ ਰਾਹੀਂ ਕਨੇਡੀਅਨ ਸਰਕਾਰ ਨੂੰ ਦੱਸ ਦਿੱਤੀ ਗਈ ਸੀ। "ਜਦੋਂ ਕਿ ਜਹਾਜ਼ ਬਰਤਾਨਵੀ ਪਾਣੀਆਂ ਵਿੱਚ ਹੈ ਨਿਰਸੰਦੇਹ ਤਾਕਤ ਦੀ ਵਰਤੋਂ ਤੋਂ ਗੁਰੇਜ ਕਰਨਾ ਬਹੁਤ ਲੋੜੀਂਦਾ ਹੈ, ਜਿਸ ਦਾ ਪੰਜਾਬ ਵਿੱਚ ਬੇਹੱਦ ਬੁਰਾ ਅਸਰ ਪਵੇਗਾ।" ਬਾੱਰਡਨ ਜਾਣਦਾ ਸੀ ਕਿ ਬਰਤਾਨਵੀ ਦੁਨੀਆਂ ਦੀਆਂ ਨਜ਼ਰਾਂ ਹਾਲ ਦੀ ਘੜੀ ਵੈਨਕੂਵਰ ਤੇ ਕੇਂਦਰਿਤ ਹਨ। ਸੋ ਉਸ ਨੇ ਰਾਹਤ ਨਾਲ ਇਹ ਸਮਾਚਾਰ ਪ੍ਰਾਪਤ ਕੀਤਾ ਕਿ ਹਰੇਕ ਚੀਜ਼ ਦਾ ਸ਼ਾਤੀਪੂਰਵਕ ਹੱਲ ਕੱਢ ਲਿਆ ਗਿਆ ਹੈ। ਉਸ ਨੇ ਬੁਰੈਲ ਵੱਲੋ ਦਿੱਤੀਆਂ

ਗਈਆਂ ਛੋਟਾਂ ਤੇ ਸੁਆਲ ਨਾ ਉਠਾਇਆ। ਇੱਥੋਂ ਤੱਕ ਕਿ ਦੇਖਣ 'ਚ ਇਸ ਸੰਕਟ ਦਾ ਹੱਲ ਹੋ ਚੁੱਕਣ ਪਿੱਛੋਂ ਵੀ ਇਸ ਨੇ ਦੁਬਾਰਾ ਖਤਰਾ ਖੜ੍ਹਾ ਕਰ ਦਿੱਤਾ ਅਤੇ ਸਮੱਸਿਆ ਮੁੱਖ ਤੌਰ ਤੇ ਇਮੀਗਰੇਸ਼ਨ ਅਧਿਕਾਰੀਆਂ ਨਾਲ ਸੀ। ਵਿਸ਼ੇਸ ਤੌਰ ਤੇ ਉਨ੍ਹਾਂ ਦੇ ਬੇਰੋਕ ਸ਼ੰਕਿਆਂ ਨਾਲ। ਇੱਥੋਂ ਤੱਕ ਕਿ ਜਦੋਂ ਜਹਾਜ਼ ਦੀ ਰਵਾਨਗੀ ਦੀਆਂ ਤਿਆਰੀਆਂ ਵੀ ਅੱਗੇ ਵਧ ਗਈਆਂ ਸਨ। ਸ਼ਾਮ ਦੇ ਲਗਭਗ 6:30 ਵਜੇ ਯਾਤਰੀਆਂ ਨੇ ਜਪਾਨੀ ਅਮਲੇ ਨੂੰ ਜਹਾਜ਼ ਦੇ ਕਮਰੇ ਵਿੱਚ ਜਾਣ ਦੀ ਆਗਿਆ ਦੇ ਦਿੱਤੀ ਸੀ, ਅਤੇ ਉਸੇ ਸ਼ਾਮ ਇਮੀਗਰੇਸ਼ਨ ਅਧਿਕਾਰੀਆਂ ਨੇ ਰਸਦ ਭੇਜਣੀ ਸ਼ੁਰੂ ਕਰ ਦਿੱਤੀ ਸੀ। ਮਿਲੀਸ਼ੀਆ ਨੇ ਚਾਲੇ ਪਾ ਦਿੱਤੇ ਸਨ ਅਤੇ ਸ਼ਾਮ ਦੇ 8:30 ਵਜੇ ਵਿਦਾ ਕਰ ਦਿੱਤੀ ਗਈ ਸੀ, ਅਤੇ ਉਸ ਤੋਂ ਕੁਝ ਚਿਰ ਪਿੱਛੋਂ ਦਰਸ਼ਕਾਂ ਨੇ ਅੰਤਮ ਰੂਪ 'ਚ ਕਾਰਵਾਈ ਦੀ ਆਸ ਛੱਡ ਦਿੱਤੀ ਸੀ ਅਤੇ ਘਰਾਂ ਨੂੰ ਖਿਸਕਣੇ ਸ਼ੁਰੂ ਹੋ ਗਏ ਸਨ। ਲਦਾਈ ਦਾ ਕੰਮ ਸਵੇਰ ਤੋਂ ਲੈਕੇ ਬੁੱਧਵਾਰ 22 ਜੁਲਾਈ ਦੇ ਲੌਢੇ ਵੇਲੇ ਵੀ ਜਾਰੀ ਰਿਹਾ। ਜਿਵੇਂ ਹੀ ਵਸਤਾਂ ਦਾ ਭਰਿਆ ਇੱਕ ਟਰੱਕ ਤੋਂ ਪਿਛੋਂ ਦੂਸਰਾ ਟਰੱਕ ਘਾਟ ਤੇ ਖਾਲੀ ਹੁੰਦਾ ਰਿਹਾ ਅਤੇ ਜਹਾਜ਼ ਖਿੱਚਣ ਵਾਲੀ ਕਿਸ਼ਤੀ, 'ਸੀ ਲਾਇਨ' ਦੁਆਰਾ ਕਾਮਾਗਾਟਾ ਮਾਰੂ ਤੇ ਤਬਦੀਲ ਕੀਤਾ ਜਾਂਦਾ ਰਿਹਾ। ਵੀਹ ਟਨ ਚੁੱਲ੍ਹੇ ਵਾਲੀ ਲੱਕੜੀ ਦੀ ਜ਼ਰੂਰਤ ਪੂਰਤੀ ਦਾ ਆਦੇਸ਼ ਦਿੱਤਾ ਗਿਆ ਸੀ ਅਤੇ ਇਸ ਨੂੰ ਇੱਕ ਬੇੜੀ ਦੁਆਰਾ ਖਿੱਚ ਕੇ ਲਿਜਾਇਆ ਗਿਆ ਸੀ।

ਤਦ ਇੱਕ ਨਾਜ਼ਕ ਸਥਿਤੀ ਪੈਦਾ ਹੋ ਗਈ, ਜੋ ਅਧਿਕਾਰੀਆਂ ਵੱਲੋਂ ਸੰਜਮ ਅਤੇ ਨਰਮਾਈ ਦੀ ਮੰਗ ਕਰਦੀ ਸੀ, ਪਰ ਅਜਿਹੇ ਗੁਣਾਂ ਦੀ ਉਨਾਂ ਵਿਚ ਬਹੁਤ ਥੁੜ੍ਹ ਸੀ। ਜਿਉਂ ਹੀ ਇਹ ਸਮਾਚਾਰ ਆਲੇ ਦੁਆਲੇ ਫੈਲਿਆ ਕਿ ਜਹਾਜ਼ ਸੱਚਮੁੱਚ ਜਾ ਰਿਹਾ ਹੈ ਵੱਡੀ ਗਿਣਤੀ 'ਚ ਭਾਰਤੀ, ਇਮੀਗਰੇਸ਼ਨ ਦਫਤਰ, ਜਹਾਜ਼ ਉੱਪਰ ਆਪਣੇ ਮਿੱਤਰਾਂ ਕੋਲ ਜਾਣ ਦੀ ਆਗਿਆ ਲੈਣ ਲਈ ਬੇਨਤੀ ਕਰਨ ਆਏ। ਰੀਡ ਲੌਢੇ ਵੇਲੇ ਦੇਰ ਨਾਲ ਤਦ ਤੱਕ ਇਨਕਾਰ ਕਰੀਂ ਗਿਆ ਜਦ ਉਹ ਉਨ੍ਹਾਂ ਨੂੰ ਇਮੀਗਰੇਸ਼ਨ ਕਿਸ਼ਤੀ ਦੇ ਫਰਸ਼ ਤੋਂ 10 ਦੇ ਸਮੂਹਾਂ ਵਿੱਚ ਪੰਜ ਮਿੰਟ ਗੱਲਬਾਤ ਕਰਨ ਲਈ ਜਾਣ ਦੇਣ ਲਈ ਸਹਿਮਤ ਹੋਇਆ। ਮਿੱਤ ਸਿੰਘ ਪੰਡੋਰੀ, ਸਕੱਤਰ ਗੁਰਦਵਾਰਾ, ਨੇ ਜਹਾਜ਼ ਤੇ ਦੋ ਔਰਤਾਂ ਲੈ ਕੇ ਜਾਣ ਦੀ ਆਗਿਆ ਮੰਗੀ ਸੀ। ਕਿਉਂਕਿ ਹੁਣ ਉੱਥੇ ਅਜੇ ਵੀ ਇੱਕ ਔਰਤ ਬਾਕੀ ਰਹਿ ਗਈ ਸੀ। ਜਦੋਂ ਕਿ ਸ਼੍ਰੀਮਤੀ ਰਘੁਨਾਥ ਸਿੰਘ ਜਹਾਜ਼ ਤੋਂ ਉੱਤਰ ਚੁੱਕੀ ਸੀ। ਇੱਕੋ ਇੱਕ ਔਰਤ ਕਿਸ਼ਨ ਕੌਰ ਸੀ, ਟਿੰਮੋਵਾਲ ਦੇ ਸੁੰਦਰ ਸਿੰਘ ਦੀ ਪਤਨੀ, ਅਤੇ ਦੋ ਬੱਚਿਆਂ ਦੀ ਮਾਂ ਸੀ। ਜੋ ਆਪਣੇ ਮਾਪਿਆਂ ਦੇ ਨਾਲ ਜਹਾਜ਼ ਤੇ ਸਨ। ਪਰੰਤੂ ਜਦੋਂ ਮਿੱਤ ਸਿੰਘ ਕਿਸ਼ਨ ਕੌਰ ਨੂੰ ਮਿਲਣ ਵਾਲੀਆਂ ਔਰਤ ਮੁਲਾਕਾਤੀਆਂ ਨੂੰ ਇਮੀਗਰੇਸ਼ਨ ਦਫਤਰ ਲੈ ਕੇ ਆਇਆ, ਰੀਡ ਨੇ ਸੋਚਿਆ ਕਿ ਉਹ ਸ਼ੱਕੀ ਢੰਗ ਨਾਲ ਭਾਰੀ ਜਾਪਦੀਆਂ ਹਨ ਅਤੇ, ਇਹ ਕਲਪਨਾ ਕਰਦਿਆਂ ਕਿ ਉਨ੍ਹਾਂ ਕੋਲ ਹਥਿਆਰ ਜਾਂ ਅਸਲਾ ਹੋ ਸਕਦਾ ਹੈ, ਉਨ੍ਹਾਂ

ਨੂੰ ਜਾਣ ਨਹੀਂ ਦੇਵੇਗਾ। ਬਦਲੇ ਵਿੱਚ, ਜਦੋਂ ਮਿੱਤ ਸਿੰਘ ਅਤੇ ਰਹੀਮ ਸਥਾਨਕ ਭਾਰਤੀਆਂ ਦੇ ਚੌਥੇ ਗਰੁੱਪ ਨਾਲ ਮੁਲਾਕਾਤ ਕਰਨ ਲਈ ਜਹਾਜ਼ ਤੇ ਗਏ, ਉਨ੍ਹਾਂ ਦੋਨਾਂ ਨੇ ਜੰਗਲੇ ਉੱਪਰ ਝੁਕੇ ਹੋਏ ਯਾਤਰੀਆਂ ਦੇ ਬਾਹਰ ਨੂੰ ਫੈਲੇ ਹੋਏ ਹੱਥਾਂ ਤੱਕ ਪਹੁੰਚ ਕੀਤੀ ਅਤੇ ਕਾਮਾਗਾਟਾ ਮਾਰੂ ਉੱਪਰ ਚੜ੍ਹ ਗਏ। ਰੀਡ ਨੇ ਇਸ ਨੂੰ ਵਿਸ਼ਵਾਸ਼ ਘਾਤ ਸਮਝਿਆ ਅਤੇ ਉਸ ਨੇ ਅਗਲੀਆਂ ਸਾਰੀਆਂ ਮੁਲਾਕਾਤਾਂ ਰੋਕ ਦਿੱਤੀਆਂ ਹੁੰਦੀਆਂ, ਲੇਕਿਨ ਹਾੱਪਕਿਨਸਨ ਨੇ ਉਸ ਨੂੰ ਨਰਮ ਹੋਣ ਲਈ ਮਨਾਇਆ ਅਤੇ ਬਾਰਾਂ ਦਾ ਇੱਕ ਹੋਰ ਗਰੁੱਪ ਲੈ ਕੇ ਜਾਣ ਦੀ ਆਗਿਆ ਦਿੱਤੀ ਗਈ।

ਹੁਣ ਸ਼ਾਮ ਦੇ ਲਗਭਗ 6:30 ਵਜੇ ਦਾ ਸਮਾਂ ਸੀ। ਜਹਾਜ਼ 23 ਜੁਲਾਈ ਵੀਰਵਾਰ ਨੂੰ ਸੁਵੱਖਤੇ 5:00 ਵਜੇ ਦੇ ਜਵਾਰ ਭਾਟੇ ਨਾਲ ਯਾਤਰਾ ਤੇ ਚੱਲਣ ਵਾਲਾ ਸੀ। ਰਸਦ ਸਾਰੀ ਜਹਾਜ਼ ਉੱਪਰ ਸੀ, ਅਤੇ ਕਾਮਾਗਾਟਾ ਮਾਰੂ ਉੱਥੋਂ ਚੁੱਪਚਾਪ ਖਿਸਕ ਜਾਣ ਲਈ ਤਿਆਰ ਲੱਗਦਾ ਸੀ। ਫਿਰ ਵੀ ਰੀਡ ਨੇ ਇੱਕ ਹੋਰ ਸੰਕਟ ਖੜ੍ਹਾ ਕਰਨ ਦਾ ਬੰਦੋਬਸਤ ਕਰ ਲਿਆ। ਜਪਾਨੀ ਸਲਾਹਕਾਰ ਸ਼੍ਰੀ ਹੋਰੀ ਉਸ ਕੋਲ ਰਹੀਮ ਦੇ ਸਹਿ-ਕਿਰਾਏਦਾਰ ਭਾਗ ਸਿੰਘ ਭਿੱਖੀਵਿੰਡ ਵੱਲੋਂ ਇੱਕ ਤਾਰ ਲੈ ਆਇਆ, ਜੋ ਹੁਣ ਸੰਯੁਕਤ ਰਾਜ ਵਿੱਚ ਨਜ਼ਰਬੰਦ ਸੀ। ਜਿੱਥੇ ਉਸ ਨੂੰ ਉਦੋਂ ਤੋਂ ਕਨੇਡੀਅਨ ਅਧਿਕਾਰੀਆਂ ਦੀ ਅਰਜ਼ੀ ਤੇ ਰੱਖਿਆ ਗਿਆ ਸੀ, ਜਦੋਂ 17 ਜੁਲਾਈ ਨੂੰ ਉਸ ਨੂੰ ਰਿਵਾਲਵਰਾਂ ਅਤੇ ਅਸਲੇ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ।

ਰਹੀਮ ਨੇ ਜਹਾਜ਼ ਦੀ ਰਵਾਨਗੀ ਨੂੰ ਸਿਰਫ਼ ਆਪਣੇ ਨਾਂ ਤੇ ਹੀ ਨਹੀਂ ਬਲਕਿ ਭਾਗ ਸਿੰਘ ਦੇ ਨਾਂ ਤੇ ਵੀ ਅਧਿਕਾਰਿਤ ਕੀਤਾ ਸੀ। ਫਿਰ ਵੀ ਇਹ ਤਾਰ ਭਾਗ ਸਿੰਘ ਵੱਲੋਂ ਸੀ, ਜਿਸ ਵਿੱਚ ਇਹ ਐਲਾਨ ਕੀਤਾ ਗਿਆ ਸੀ ਕਿ ਉਸ ਨੇ ਆਪਣੀ ਪ੍ਰਵਾਨਗੀ ਨਹੀਂ ਦਿੱਤੀ ਸੀ ਅਤੇ ਨਾ ਹੀ ਕਿਸੇ ਕੋਲ ਉਸ ਦਾ ਮੁਖਤਿਆਰਨਾਮਾ ਹੈ। ਇਸ ਸੰਦੇਸ਼ ਨੂੰ ਨਜ਼ਰਅੰਦਾਜ਼ ਕਰਨਾ ਪੈਣਾ ਸੀ। ਪਰ ਇਸ ਨੇ ਰੀਡ ਦੀ ਬੇਚੈਨੀ ਵਧਾ ਦਿੱਤੀ। ਉਹ ਭਾਰਤੀਆਂ ਦੇ ਵਕੀਲ ਤੇ ਵਿਸ਼ਵਾਸ ਨਹੀਂ ਕਰਦਾ ਸੀ ਅਤੇ ਇਸ ਗੱਲ ਤੋਂ ਡਰਦਾ ਸੀ ਕਿ ਉਹ ਕੀਤੇ ਗਏ ਸਮਝੌਤੇ ਤੋਂ ਪਿੱਛੇ ਹਟ ਸਕਦੇ ਹਨ। ਉਹ ਮਿਥੇ ਹੋਏ ਸਮੇਂ ਤੋ ਪਹਿਲਾਂ ਜਹਾਜ਼ ਨੂੰ ਬੰਦਰਗਾਹ 'ਚੋਂ ਬਾਹਰ ਲਿਜਾਣਾ ਜ਼ਰੂਰੀ ਸਮਝਦਾ ਸੀ। ਇੱਕ ਅਜਿਹੀ ਰਾਇ ਜਿਸ ਦੀ ਅੱਧੇ ਘੰਟੇ ਦੇ ਵਿੱਚ ਵਿੱਚ ਪੁਸ਼ਟੀ ਕੀਤੀ ਜਾਣੀ ਸੀ। ਜਦੋਂ ਸਹਾਇਕ ਹਿੰਦੂ ਦੁਭਾਸ਼ੀਆ, ਗਵਾਇਥਰ ਉਸ ਪਾਸ ਯਾਤਰੀਆਂ ਵੱਲੋਂ ਇੱਕ ਰੁੱਕਾ ਲੈ ਆਇਆ।

"ਸ਼੍ਰੀ ਮਾਨ ਜੀ, ਅਸੀਂ ਮਾਣ ਨਾਲ ਤੁਹਾਨੂੰ ਸੂਚਿਤ ਕਰਦੇ ਹਾਂ ਕਿ ਜਹਾਜ਼ ਸਵੇਰੇ 5:00 ਵਜੇ ਚੱਲਣ ਲਈ ਤਿਆਰ ਹੈ ਅਤੇ ਸਾਡੇ ਪਾਸ ਰਸਦ ਵਿੱਚ ਅੰਡਿਆਂ ਅਤੇ ਮੀਟ ਦੀ ਖੁਰਾਕ ਨਹੀਂ ਹੈ, ਜੋ ਇੰਨੀ ਲੰਬੀ ਯਾਤਰਾ ਤੇ ਸਾਡੇ ਲਈ ਬਹੁਤ ਜਰੂਰੀ ਹੈ। ਅਸੀਂ ਤੁਹਾਨੂੰ ਕੁੱਝ ਜਿੰਦਾ ਭੇਢਾਂ ਭੇਜਣ ਲਈ ਬੇਨਤੀ ਕਰਦੇ ਹਾਂ, ਨਹੀਂ ਤਾਂ ਇਹ ਕੱਲ੍ਹ ਨੂੰ ਸਵੇਰੇ ਸਵੱਖਤੇ ਜਾਣ ਦੇ ਸਮਰੱਥ ਨਹੀਂ ਹੋ ਸਕੇਗਾ। ਨੋਟ:

ਆਟਾ ਗੁੱਨ੍ਹਣ ਲਈ ਪਿੱਤਲ ਦੀਆਂ ਤਿੰਨ ਵੱਡੀਆਂ ਪਰਾਤਾਂ (ਬਰਤਨ) ਭੇਜਣਾ।"

ਰੀਡ ਨੇ ਮੁੱਢਲੇ ਤੌਰ ਤੇ ਲਗਭਗ 2500 ਪੌਂਡ ਡੱਬਾ ਬੰਦ ਸਾਮਨ ਮੱਛੀ, ਇੱਕ ਚੰਗੀ ਬੀ ਸੀ ਉਤਪਾਦ, ਖਰੀਦ ਲਈ ਸੀ। ਜਦੋਂ ਯਾਤਰੀਆਂ ਨੇ ਇਤਰਾਜ਼ ਕੀਤਾ। ਇਹ ਉਹ ਭੋਜਨ ਨਹੀਂ ਸੀ ਜੋ ਉਹ ਖਾਂਦੇ ਸਨ। ਉਸ ਨੇ ਬਿਨਾਂ ਕੋਈ ਬਦਲ ਪ੍ਰਾਪਤ ਕੀਤਿਆਂ ਇਹ ਥੋਕ ਵਿਕਰੇਤਾਵਾਂ ਨੂੰ ਮੋੜ ਦਿੱਤੀ। ਇਹ ਆਸ ਕਰਦਿਆਂ ਕਿ ਸਿੱਖ ਸ਼ੁੱਧ ਵੈਸ਼ਨੂੰ ਖਾਣੇ ਨਾਲ ਸਾਰ ਲੈਣਗੇ। ਉਨ੍ਹਾਂ ਕੋਲ ਆਟਾ, ਆਲੂ, ਚਾਵਲ, ਦਾਲ, ਗੋਭੀ, ਗਾਜਰਾਂ, ਪਿਆਜ਼, ਮੱਖਣ, ਆਚਾਰ, ਕੜ੍ਹੀਪਾਊਡਰ, ਅਦਰਕ, ਖੰਡ, ਨਮਕ, ਕਾਲੀ ਮਿਰਚ ਅਤੇ ਚਾਹ ਸਨ, ਜੋ ਉਹ ਚੋਖੇ ਸਮਝਦਾ ਸੀ। ਇਸ ਆਖਰੀ ਮੰਗ ਦੀ ਉਸ ਨੇ ਰਵਾਨਗੀ 'ਚ ਦੇਰੀ ਕਰਨ ਦੀ ਇੱਕ ਹੋਰ ਚਾਲ ਦੇ ਤੌਰ ਤੇ ਵਿਆਖਿਆ ਕੀਤੀ ਜਾਂ ਕਰਨੀ ਚਾਹੀ ਅਤੇ ਉਸ ਨੇ ਫੌਰੀ ਤੌਰ ਤੇ ਮਿਲੀਸ਼ੀਆ ਅਫ਼ਸਰਾਂ ਨਾਲ ਸੰਪਰਕ ਸਾਧ ਲਿਆ। ਅਤੇ ਉਨਾਂ ਨੂੰ ਇੱਕ ਵਾਰ ਫਿਰ ਆਪਣੀ ਸੈਨਾ ਬੁਲਾਉਣ ਲਈ ਅਤੇ ਸੀ। ਪੀ ਆਰ ਨਜ਼ਰਬੰਦ ਸ਼ੈੱਡ ਹੇਠਾਂ ਤਿਆਰ ਬਰ ਤਿਆਰ ਰੱਖਣ ਲਈ ਕਿਹਾ। ਉਹ ਰੈਨਬੋ ਨੂੰ ਜਾਂਦੇ ਰਸਤੇ 'ਤੇ ਸੀ। ਜਦੋਂ ਉਸ ਨੇ ਨਾਲੋ ਨਾਲ ਹਾੱਪਕਿਨਸਨ ਦੀ ਕਿਸ਼ਤੀ ਨੂੰ ਵੀ ਖਿੱਚ ਲਿਆ ਅਤੇ ਹਿੰਦੂ ਦੁਭਾਸ਼ੀਏ ਨੂੰ ਕਮਾਂਡਰ ਹੋਜ਼ ਨਾਲ ਗੱਲ ਕਰਨ ਲਈ ਉਸ ਦੇ ਨਾਲ ਆਉਣ ਲਈ ਕਿਹਾ। ਉਸ ਨੇ ਕਿਹਾ ਕਿ ਉਹ ਇਨ੍ਹਾਂ ਲੋਕਾਂ ਨਾਲ ਕਿਸੇ ਹੋਰ ਅਗਲੀ ਵਾਰਤਾਲਾਪ ਦੇ ਹੱਕ ਵਿੱਚ ਨਹੀਂ ਖੜ੍ਹਨ ਜਾ ਰਿਹਾ ਅਤੇ ਉਸ ਦਾ ਇਰਾਦਾ ਹੈ ਕਿ ਕਾਮਾਗਾਟਾ ਮਾਰੂ ਨੂੰ ਲੰਗਰ ਉਠਾਉਣ ਅਤੇ ਚਲੇ ਜਾਣ ਲਈ 15 ਮਿੰਟ ਦਿੱਤੇ ਜਾਣ। ਤਾਕਤ ਨੂੰ ਭਾਰੂ ਹੋਣਾ ਪੈਣਾ ਸੀ। ਹਾੱਪਕਿਨਸਨ ਇਸ ਦਾ ਹਿੱਸਾ ਨਹੀਂ ਬਣਨਾ ਚਾਹੁੰਦਾ ਸੀ। ਸੋ ਰੀਡ ਨੂੰ ਸਖਤ ਕਾਰਵਾਈ ਕਰਨ ਤੋਂ ਪਹਿਲਾਂ, ਬੁਰੈਲ, ਸਟੀਵਨਜ਼ ਅਤੇ ਦੋਨਾਂ ਧਿਰਾਂ ਦੇ ਵਕੀਲਾਂ ਨੂੰ ਬੁਲਾਉਣ ਅਤੇ ਉਨ੍ਹਾਂ ਨਾਲ ਸਲਾਹ ਕਰਨ ਦੀ ਚੇਤਾਵਨੀ ਦੇ ਕੇ, ਕਿਨਾਰੇ ਵੱਲ ਨੂੰ ਕੂਚ ਕਰ ਗਿਆ।

ਦਿਨ ਵੇਲੇ, ਇਮੀਗਰੇਸ਼ਨ ਦਫਤਰ ਅਤੇ ਸਮੁੰਦਰੀ ਘਾਟ ਤੇ ਵੱਡੀ ਗਿਣਤੀ 'ਚ ਭਾਰਤੀਆਂ ਦੇ ਇਕੱਠੇ ਹੋਣ ਨੇ ਭੀੜਾਂ ਨੂੰ ਆਕਰਸ਼ਤ ਕੀਤਾ, ਪਰੰਤੂ ਪਹਿਲੇ ਦਿਨ ਵਾਲੇ ਪੈਮਾਨੇ ਤੇ ਨਹੀਂ, ਜਦੋਂ ਕਾਰਵਾਈ ਦੀ ਵਧੇਰੇ ਸੰਭਾਵਨਾ ਸੀ। ਸ਼ਾਮ ਵੇਲੇ ਮਿਲੀਸ਼ੀਆ ਲਿਆਕੇ ਰੀਡ ਨੇ ਉਸ ਸੰਭਾਵਨਾ ਨੂੰ ਦੁਬਾਰਾ ਸਿਰਜ ਦਿੱਤਾ। ਅਫ਼ਵਾਹਾਂ ਤੇਜ਼ੀ ਨਾਲ ਫੈਲੀਆਂ। ਬਿਨਾਂ ਕਿਸੇ ਅਧਾਰ ਤੋਂ ਕਹਾਣੀਆਂ ਛਪੀਆਂ। ਜਿਵੇਂ ਸ਼ਾਮ ਦੇ ਇੱਕ ਅਖਬਾਰ ਵਿੱਚ ਖਬਰ ਦਿੱਤੀ ਗਈ ਕਿ ਜਪਾਨੀ ਅਮਲੇ ਨੂੰ ਜਹਾਜ਼ ਤੋਂ ਪਾਣੀ ਵਿੱਚ ਸੁੱਟ ਦਿੱਤਾ ਗਿਆ ਅਤੇ ਇੱਕ ਕਨੇਡੀਅਨ ਪਾਇਲਟ ਨੂੰ ਬੰਦੀ ਬਣਾਇਆ ਹੋਇਆ ਸੀ, ਆਦਿ। ਹਜ਼ਾਰਾਂ ਲੋਕ ਆਇਰਸ਼ ਫਿਊਜ਼ਿਲੀਅਰਜ਼, ਦ ਸੀਫੋਰਥ ਹਾਈਲੈਂਡਰਜ਼, ਅਤੇ ਡਿਊਕ ਆੱਫ ਕਨਾੱਟਜ਼ ਓਨ ਰਾਇਫਲਜ਼ ਦੇ ਦੋ ਸੌ ਆਦਮੀਆਂ ਦੇ ਪਿੱਛੇ ਪਿੱਛੇ ਸਮੁੰਦਰੀ ਤਟ ਵਾਲੇ ਪਾਸੇ ਆ

ਗਏ। ਮਿਲੀਸ਼ੀਆ ਫੌਰੀ ਤੌਰ ਤੇ ਉਨ੍ਹਾਂ ਭੀੜਾਂ ਨੂੰ ਕਾਬੂ ਹੇਠ ਰੱਖਣ ਦੇ ਕੰਮ 'ਚ ਜੁੱਟ ਗਈ, ਜਿਨ੍ਹਾਂ ਨੂੰ ਇਸ ਨੇ ਖੁਦ ਆਕਰਸ਼ਤ ਕੀਤਾ ਸੀ। ਜਿਉਂ ਹੀ ਗਿਣਤੀ ਵਧੀ ਅਧਿਕਾਰੀ ਵਧੇਰੇ ਫਿਕਰਮੰਦ ਹੋ ਗਏ, ਅਤੇ ਬੁਰੈਲ ਨੂੰ ਦਬਾਅ ਮਹਿਸੂਸ ਕਰਦਿਆਂ ਇਹ ਨਿਸ਼ਚਾ ਹੋ ਗਿਆ ਕਿ ਜਨਤਾ ਹੋਰ ਵਧੇਰੇ ਦੇਰੀ ਨੂੰ ਬਰਦਾਸ਼ਤ ਨਹੀਂ ਕਰੇਗੀ।

ਮਾਲਕਮ ਰੀਡ, ਰੈਨਬੋ ਤੋਂ ਪਰਤਦਿਆਂ ਬਰੈਲ, ਸਟੀਵਨਜ਼, ਬ੍ਰਗੇਡੀਅਰ ਡੱਫ ਸਟੂਅਰਟ ਅਤੇ ਰੌਬੀ ਰੀਡ ਨੂੰ ਮਿਲਿਆ, ਜਿਨ੍ਹਾਂ ਨੂੰ ਹਾੱਪਕਿਨਸਨ ਨੇ ਚੌਕੰਨਾ ਕਰ ਦਿੱਤਾ ਸੀ। ਉਹ ਸਹਿਮਤ ਹੋ ਗਏ ਕਿ ਕਾਮਗਾਟਾ ਮਾਰੂ ਨੂੰ ਸਵੇਰ ਦੇ 5:00 ਵਜੇ ਤੱਕ ਰੁਕਣ ਦਿੱਤਾ ਜਾਵੇ, ਜਿਹੜਾ ਸਮਾਂ ਕਿ ਮੁੱਢਲੇ ਰੂਪ 'ਚ ਨਿਸ਼ਚਤ ਕੀਤਾ ਗਿਆ ਸੀ, ਪਰ ਜੇਕਰ ਇਸ ਤੋਂ ਪਿੱਛੋਂ ਕੋਈ ਹਿਚਕਚਾਹਟ ਹੋਵੇ ਤਾਂ ਰੈਨਬੋ ਅਤੇ ਮਿਲੀਸ਼ੀਆ ਨੂੰ ਕਾਰਵਾਈ ਕਰਨੀ ਚਾਹੀਦੀ ਹੈ। ਜਦੋਂ ਏ.ਐਚ. ਮੈਕਨੀਲ, ਭਾਰਤੀਆਂ ਦਾ ਵਕੀਲ, ਇਸ ਸਲਾਹ ਮਸ਼ਵਰੇ ਵਿੱਚ ਸ਼ਾਮਲ ਹੋਇਆ ਉਸ ਨੇ ਅਧਿਕਾਰੀਆਂ ਨੂੰ ਕਿਸੇ ਹੋਰ ਵਧੇਰੇ ਛੋਟਾਂ ਦੇ ਵਿਰੁੱਧ ਪਾਇਆ ਅਤੇ ਇਹ ਵਿਸ਼ਵਾਸ਼ ਕਰਦਿਆਂ ਕਿ ਉਹ ਲੋੜੋਂ ਵੱਧ ਪ੍ਰਤੀਕਰਮ ਕਰ ਰਹੇ ਹਨ, ਖੁਦ ਉਹ ਚੀਜ਼ਾਂ ਖਰੀਦਣ ਦੀ ਪੇਸ਼ਕਸ਼ ਕੀਤੀ ਜੋ ਯਾਤਰੀ ਚਾਹੁੰਦੇ ਸਨ। ਉਸ ਸਮੇਂ ਹੁਣ ਲਗਭਗ ਰਾਤ ਦੇ 11:00 ਵਜੇ ਸਨ। ਜੋ ਕੁੱਝ ਉਹ ਪ੍ਰਾਪਤ ਕਰ ਸਕਦਾ ਸੀ, ਉਹ ਸਨ ਅੰਡੇ ਲੇਕਿਨ ਉਸ ਨੇ ਤਿੰਨ ਬਕਸੇ ਖਰੀਦ ਲਏ ਅਤੇ ਤੱਟਈ ਕਮੇਟੀ ਦੇ ਮੈਂਬਰਾਂ ਸਮੇਤ ਅੱਧੀ ਰਾਤ ਨੂੰ ਉਨ੍ਹਾਂ ਨੂੰ ਕਾਮਾਗਾਟਾ ਮਾਰੂ ਤੇ ਲੈ ਆਇਆ। ਉਹ ਪੱਤਰਕਾਰਾਂ ਨੂੰ ਇਹ ਦੱਸਣ ਲਈ ਵਾਪਸ ਆਇਆ ਕਿ ਜਹਾਜ਼ ਉੱਪਰ ਕੋਈ ਗੜਬੜ ਨਹੀਂ: ਯਾਤਰੀ ਧੱਕੜ ਨਹੀਂ, ਅਤੇ ਜਿੱਥੋਂ ਤੱਕ ਉਸ ਨੇ ਦੇਖਿਆ ਹੈ, ਉਹ ਸਮਝੌਤੇ ਅਨੁਸਾਰ ਜਾਣ ਨੂੰ ਤਿਆਰ ਹਨ। ਅਸਲ ਵਿੱਚ ਉਨ੍ਹਾਂ 'ਚੋਂ ਕੁੱਝ ਜਹਾਜ਼ ਦੇ ਭੱਠੀ ਵਾਲੇ ਕਮਰੇ ਵਿੱਚ ਅਮਲੇ ਦੀ ਮਦਦ ਕਰ ਰਹੇ ਸਨ, ਅਤੇ ਕਪਤਾਨ ਯਾਮਾਮੋਟੋ ਸਮੁੰਦਰੀ ਕਿਨਾਰੇ ਉੱਪਰ ਬਜਾਏ ਗਏ ਅਲਾਰਮ ਬਾਰੇ ਜਾਣ ਕੇ ਹੈਰਾਨ ਸੀ।

ਤੱਟਈ ਕਮੇਟੀ ਦੇ ਮੈਂਬਰਾਂ ਨੂੰ ਰਾਤ ਦੇ ਬਾਕੀ ਸਮੇਂ ਲਈ ਕਾਮਾਗਾਟਾ ਮਾਰੂ ਉੱਪਰ ਠਹਿਰਨ ਦੀ ਆਗਿਆ ਦਿੱਤੀ ਗਈ। ਸਵੇਰੇ 4:00 ਵਜੇ, ਹਾੱਪਕਿਨਸਨ, ਜਿਸ ਨੇ 'ਸੀ ਲਾਇਨ' ਦੇ ਫੱਟੇ ਉੱਪਰ ਘੰਟਾ ਭਰ ਕੁ ਨੀਂਦ ਲਈ ਸੀ, ਉਨ੍ਹਾਂ ਨੂੰ ਲੈ ਕੇ ਜਾਣ ਲਈ ਵਾਪਸ ਆਇਆ। ਕੁੱਝ ਯਾਤਰੀ ਅਜੇ ਵੀ ਕਿਸ਼ਤੀ ਤੋਂ ਲੱਕੜੀਆਂ ਉੱਪਰ ਸੁੱਟ ਰਹੇ ਸਨ ਅਤੇ ਹਿੰਦੂ ਦੁਭਾਸ਼ੀਏ ਨੇ ਉਨ੍ਹਾਂ ਨੂੰ ਕਾਹਲੀ ਕਰਨ ਦੀ ਚੇਤਾਵਨੀ ਦਿੱਤੀ ਸੀ। ਜੇਕਰ ਉਹ ਜਾਣ ਦੇ ਸਮੇਂ ਤੱਕ ਇਨ੍ਹਾਂ ਨੂੰ ਜਹਾਜ਼ ਉੱਪਰ ਲੱਦਣਾ ਚਾਹੁੰਦੇ ਸਨ। ਇਹ ਠੰਡੀ ਸਵੇਰ ਸੀ, ਉਤੇ ਪਹੁ ਫੁਟਾਲੇ ਤੋਂ ਪਹਿਲਾਂ ਦੀ ਰੌਸ਼ਨੀ ਵਿੱਚ ਯਾਤਰੀਆਂ ਨੇ ਤੇਜ਼ੀ ਨਾਲ ਕੰਮ ਕੀਤਾ। ਆਖਰੀ ਟੁਕੜਾ 5:00 ਵਜੇ ਤੋਂ ਥੋੜ੍ਹਾ ਪਹਿਲਾਂ ਸੁਟਿਆ ਗਿਆ, ਅਤੇ ਉਸੇ ਘੜੀ ਇੰਜਨ ਚਲਾ ਦਿੱਤੇ ਗਏ ਉਹ ਆਦਮੀ ਜੋ ਕਿਸ਼ਤੀ ਤੇ ਕੰਮ ਕਰ ਰਹੇ ਸਨ ਹੱਥ ਪੈਰ ਮਾਰ ਕੇ ਭਾਫ਼ ਵਾਲੇ

ਜਹਾਜ਼ ਤੇ ਚੜ੍ਹ ਗਏ, ਅਤੇ ਸੂਰਜ ਚੜ੍ਹਨ ਤੋਂ ਕੁੱਝ ਮਿੰਟ ਪਿੱਛੋਂ 5:10 ਤੇ ਉਸ ਜਹਾਜ਼ ਨੇ ਲੰਗਰ ਉਠਾਉਣਾ ਸ਼ੁਰੂ ਕਰ ਦਿੱਤਾ। ਜਿਉਂ ਹੀ ਕਾਮਾਗਾਟਾ ਮਾਰੂ ਚੱਲਿਆ ਯਾਤਰੀਆਂ ਨੇ ਇੱਕ ਪਾਸੇ ਝੁਕਦਿਆਂ 'ਸੀ ਲਾਇਨ' ਉਤੇ ਅਵਾਜ਼ਾਂ ਕਸੀਆਂ ਅਤੇ ਕਈਆਂ ਨੇ ਆਪਣੇ ਜੁੱਤੇ ਅਤੇ ਬੂਟ ਉਤਾਰ ਲਏ ਅਤੇ ਉਨ੍ਹਾਂ ਨੂੰ ਹਿਲਾਇਆ। ਹਾੱਪਕਿਨਸਨ ਨੇ ਦਰਸਾਇਆ ਕਿ ਇਹ ਮਾਲਕਮ ਰੀਡ ਵੱਲ ਸੇਧਿਤ ਅਪਮਾਨ ਜਨਕ ਇਸ਼ਾਰਾ ਸੀ। ਸੀ ਪੀ ਆਰ ਘਾਟਾਂ ਦੇ ਉੱਪਰ ਸਮੁੰਦਰੀ ਕਿਨਾਰੇ ਦੇ ਨਾਲ ਨਾਲ ਫੈਲੀ ਭੀੜ ਨੇ ਅੰਤ ਨੂੰ ਅਨੁਭਵ ਕਰ ਲਿਆ ਸੀ ਕਿ ਕੋਈ ਉਤੇਜਨਾ ਵਾਲੀ ਗੱਲ ਨਹੀਂ ਹੋਣ ਜਾ ਰਹੀ। ਜਦੋਂ ਉਨ੍ਹਾਂ ਨੇ ਭਾਫ਼ ਵਾਲੇ ਜਹਾਜ਼ ਨੂੰ ਇੱਕ ਅਜਿਹੀ ਥਾਂ ਤੇ ਅਲੋਪ ਹੁੰਦੇ ਦੇਖ ਲਿਆ, ਜਿੱਥੇ ਉਹ, ਰੈਨਬੋ ਅਤੇ ਸੀ ਲਾਇਨ ਸਮੇਤ ਅਤੇ ਦੋ ਕਿਸ਼ਤੀਆਂ ਉਸ ਦੇ ਪਿੱਛੇ ਸਨ, ਤੰਗ ਰਸਤਿਆਂ ਵਿੱਚ ਨੂੰ ਚਲਾ ਗਿਆ ਸੀ।

ਭਾਨ ਸਿੰਘ ਬੜਿੰਗ, ਜਿਸ ਨੇ ਜ਼ਮੀਨ 'ਤੇ ਉਤਰਨ ਦੀ ਵਿਸ਼ੇਸ਼ ਆਗਿਆ ਮੰਗੀ ਸੀ, ਨੇ ਛਾਲ ਮਾਰਨ ਦਾ ਵਾਅਦਾ ਕੀਤਾ ਸੀ, ਅਤੇ 'ਸੀ ਲਾਇਨ' ਉਸ ਨੂੰ ਪਾਣੀ 'ਚੋਂ ਖਿੱਚਣ ਲਈ ਤਿਆਰ ਨਾਲ ਨਾਲ ਚੱਲ ਰਿਹਾ ਸੀ। ਉਸ ਨੇ ਵਿਦਿਆਰਥੀ ਦੇ ਤੌਰ ਤੇ ਗੈਰ-ਇਮੀਗਰੇਸ਼ਨ ਦੇ ਰੁਤਬੇ ਦੀ ਮੰਗ ਕੀਤੀ ਸੀ, ਇੱਕ ਅਜਿਹਾ ਦਾਅਵਾ ਜਿਸ ਦਾ ਗੁਰਦਿੱਤ ਸਿੰਘ ਸਰਹਾਲੀ ਨੇ ਖੰਡਨ ਕੀਤਾ ਸੀ, ਇਹ ਮੰਨਦਿਆਂ ਕਿ ਉਹ ਇੱਕ ਮੁਖਬਰ ਹੋਣ ਦਾ ਇਨਾਮ ਪ੍ਰਾਪਤ ਕਰ ਰਿਹਾ ਹੈ। ਇਸ ਗੱਲ ਨੂੰ ਯਕੀਨੀ ਬਣਾਉਣ ਲਈ ਕਿ ਉਹ ਕੋਈ ਵਿਸ਼ੇਸ਼ ਸਲੂਕ ਪ੍ਰਾਪਤ ਨਾ ਕਰੇ, ਉਸ ਦੇ ਸਾਥੀ ਯਾਤਰੀਆਂ ਨੇ ਉਸ ਨੂੰ ਫਰਸ਼ ਤੋਂ ਨੀਚੇ ਰੱਖਿਆ ਹੋਇਆ ਸੀ। ਰਾਤ ਵੇਲੇ ਉਸ ਨੂੰ ਹੱਥਕੜੀਆਂ ਪਹਿਨਾਈਆਂ ਜਾਂਦੀਆਂ ਸਨ। ਜਦੋਂ ਅਧਿਕਾਰੀਆਂ ਨੇ ਰਘੂਨਾਥ ਸਿੰਘ ਨੂੰ ਕਾਬੂ ਕੀਤਾ ਸੀ ਤਾਂ ਉਸ ਨੂੰ ਵੀ ਕਾਬੂ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਸੀ। ਭਾਨ ਸਿੰਘ ਮਾਲਕਮ ਰੀਡ ਨੂੰ ਨਿਰਾਸ਼ਾਜਨਕ ਰੁੱਕੇ ਭੇਜ ਰਿਹਾ ਸੀ" "ਉਨ੍ਹਾਂ ਨੇ ਮੈਨੂੰ ਰਸਤੇ 'ਚ ਮਾਰ ਦੇਣ ਦੀ ਧਮਕੀ ਦਿੱਤੀ ਹੈ।" (ਇਹ ਹੋਇਆ ਨਾ) ਉਸ ਨੇ ਕਿਹਾ ਕਿ ਉਹ ਆਪਣਾ ਕਿਰਾਇਆ ਦੇ ਦੇਵੇਗਾ, ਜੇਕਰ ਉਸ ਨੂੰ ਕਾਮਾਗਾਟਾ ਮਾਰੂ ਤੋਂ ਉਤਰਨ ਅਤੇ ਸੀ ਪੀ ਆਰ ਕਿਸ਼ਤੀ ਲੈਣ ਦੀ ਆਗਿਆ ਦਿੱਤੀ ਗਈ: "ਮੈਂ ਜਾਂਗਲੀਆਂ ਦੇ ਇਸ ਅਨਪੜ੍ਹ ਸਮੂਹ ਨਾਲ ਅਪਣੀ ਜ਼ਿੰਦਗੀ ਖਰਾਬ ਨਹੀਂ ਕਰਨਾ ਚਹੁੰਦਾ।" ਉਸ ਲਿਫਾਫੇ ਦੇ ਉੱਪਰ, ਜਿਸ ਵਿੱਚ ਉਸ ਦਾ ਆਖਰੀ ਰੁੱਕਾ ਸੀ, ਉਸ ਨੇ ਲਿਖਿਆ ਸੀ, "ਜਿਉਂ ਹੀ ਜਹਾਜ ਰਵਾਨਾ ਹੋਵੇਗਾ, ਮੈਂ ਛਾਲ ਮਾਰ ਜਾਵਾਂਗਾ, ਕਿਉਂ ਜੋ ਮੈਂ ਆਪਣੀ ਜਾਨ ਬਚਾਉਣੀ ਚਾਹੁੰਦਾ ਹਾਂ"

'ਸੀ ਲਾਇਨ', ਕਾਮਾਗਾਟਾਮਾਰੂ ਦੇ ਨਾਲ ਪਾੱਇੰਟ ਗਰੇ (Point Grey) ਤੱਕ ਗਿਆ। ਵੈਨਕੂਵਰ ਦੀ ਬੰਦਰਗਾਹ ਤੋਂ ਦਸ ਜਾਂ ਗਿਆਰਾਂ ਕਿਲੋਮੀਟਰ ਦੀ ਦੂਰੀ ਤੱਕ ਇੱਕ ਹਵਾ ਭਰੀ ਪੇਟੀ ਤਿਆਰ ਬਰ ਤਿਆਰ ਰੱਖੀ ਗਈ। ਭਾਨ ਸਿੰਘ

ਦੀ ਵੱਡੀ ਛਾਲ ਲਈ ਇੱਕ ਫੋਟੋਗ੍ਰਾਫਰ ਧੂਹਣ ਵਾਲੀ ਕਿਸ਼ਤੀ ਦੇ ਸਿਖਰ ਤੇ ਇੰਤਜ਼ਾਰ ਕਰਦਾ ਸੀ। ਪਰੰਤੂ ਉਹ ਕਦੇ ਵੀ ਦਿਖਾਈ ਨਾ ਦਿੱਤਾ। ਜਿਉਂ ਹੀ ਜਹਾਜ਼ ਉਪਖਾੜੀ ਨੂੰ ਪਿੱਛੇ ਛੱਡ ਗਿਆ ਅਤੇ ਜਾਰਜੀਆ ਦੇ ਜਲਡਮਰੂ ਮੱਧ (Straite of Georgia) ਵਿੱਚ ਦਾਖਲ ਹੋਇਆ, 'ਸੀ ਲਾਇਨ' (Sea Lion) ਵਾਪਸ ਪਰਤ ਗਿਆ ਜਦੋਂ ਕਿ ਰੈਨਬੋ ਜਾਰਜੀਆ ਜਲਡਮਰੂ ਮੱਧ ਵਿੱਚੋਂ, ਗਲਫ ਟਾਪੂਆਂ (Gulf Island) ਕੋਲ ਦੀ, ਫਿਰ ਵਿਕਟੋਰੀਆ ਸ਼ਹਿਰ ਕੋਲ ਦੀ, ਜੁਆਨ ਡ ਫਿਊਕਾ ਜਲ ਡਮਰੂ ਮੱਧ (Strait of Juan de Fuca) ਵਿੱਚੋਂ ਦੀ ਲੱਗਭਗ 200 ਕਿਲੋਮੀਟਰ ਤੱਕ ਚਲਦਾ ਰਿਹਾ। ਦੋ ਖਾੜੀ ਟਾਪੂਆਂ ਵਿਚਕਾਰ ਇੱਕ ਤੰਗ ਰਸਤੇ ਦੇ ਐਕਟਿਵ ਪਾਸ ਦੇ ਤੇਜ਼ ਚਲਦੇ ਪਾਣੀਆਂ ਵਿੱਚ ਦੋ ਜਪਾਨੀ ਮਲਾਹਾਂ ਨੇ ਛਾਲਾਂ ਮਾਰ ਦਿੱਤੀਆਂ, ਜਿਨ੍ਹਾਂ ਨੂੰ ਅੱਧ ਡੁੱਬਿਆਂ ਨੂੰ ਰੈਨਬੋ ਦੀ ਇੱਕ ਕਿਸ਼ਤੀ ਨੇ ਚੁੱਕ ਲਿਆ। ਇਸੇ ਸਥਾਨ ਤੇ ਦੋ ਮਹੀਨੇ ਪਹਿਲਾਂ ਯਾਤਰਾ ਤੇ ਆਉਣ ਸਮੇਂ ਇੱਕ ਹੋਰ ਜਪਾਨੀ ਮਲਾਹ ਨੇ ਛਾਲ ਮਾਰ ਦਿੱਤੀ ਸੀ। ਕਿਸੇ ਵੀ ਪੰਜਾਬੀ ਨੇ ਅਜਿਹਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ, ਨਾ ਆਉਂਦੇ ਸਮੇਂ ਨਾ ਜਾਂਦੇ ਹੋਇਆਂ, ਭਾਵੇਂ ਮਾਲਕਮ ਰੀਡ ਅਤੇ ਉਸ ਦੇ ਅਮਲੇ ਨੂੰ ਇਸ ਦੀ ਸਾਰੀ ਗਰਮੀ ਦੀ ਰੁੱਤ ਚਿੰਤਾ ਰਹੀ ਸੀ। ਜਦੋਂ ਦੋਨੋ ਜਹਾਜ਼ ਕੇਪ ਫਲੈਟਰੀ (Cape Flattery) ਤੋਂ ਪਰੇ ਕੌਮਾਂਤਰੀ ਪਾਣੀਆਂ 'ਚ ਪਹੁੰਚ ਗਏ, ਉਹ ਇੱਕ ਦੂਜੇ ਤੋਂ ਵੱਖ ਹੋ ਗਏ ਅਤੇ ਕਾਮਾਗਾਟਾ ਮਾਰੂ ਇਕੱਲਾ ਹੀ ਸ਼ਾਂਤ ਮਹਾਂਸਾਗਰ ਵਿੱਚ ਚਲਾ ਗਿਆ। ਉਸ ਨੇ ਯੋਕੋਹਾਮਾ ਦੇ ਰਸਤੇ ਆਪਣੇ ਟਿਕਾਣੇ ਹਾਂਗਕਾਂਗ ਜਾਣਾ ਸੀ। ਯਾਤਰੀਆਂ ਨੇ ਕੋਸ਼ਿਸ਼ ਕੀਤੀ ਸੀ ਕਿ ਕਨੇਡੀਅਨ ਸਰਕਾਰ ਉਨ੍ਹਾਂ ਨੂੰ ਧੁਰ ਕੱਲਕਾਤੇ ਭੇਜ ਦੇਵੇ। ਪਰੰਤੂ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਇਹ ਸੰਭਵ ਨਹੀਂ ਹੈ। ਜਿਉਂ ਹੀ ਕਾਮਾਗਾਟਾ ਮਾਰੂ ਵੈਨਕੂਵਰ 'ਚੋਂ ਬਾਹਰ ਨਿੱਕਲਿਆ ਇੱਕ ਤਾਰ ਹਾਂਗਕਾਂਗ ਦੇ ਗਵਰਨਰ ਵੱਲੋਂ ਓਟਾਵਾ ਪਹੁੰਚੀ ਜੋ ਇਮੀਗਰੇਂਟਾਂ ਨੂੰ ਵਾਪਸ ਨਹੀਂ ਚਹੁੰਦਾ ਸੀ ਅਤੇ ਸੁਝਾਅ ਦਿੱਤਾ ਕਿ ਉਨ੍ਹਾਂ ਨੂੰ ਸਿੱਧਾ ਭਾਰਤ ਵਾਪਸ ਭੇਜ ਦਿੱਤਾ ਜਾਵੇ। ਉਸ ਨੇ ਬਿਆਨ ਕੀਤਾ, "ਇਹ ਯਕੀਨੀ ਹੈ ਕਿ ਆਦਮੀਆਂ ਦੀ ਵਿਸ਼ਾਲ ਬਹੁਗਿਣਤੀ ਲਈ ਇੱਥੇ ਕੋਈ ਰੁਜ਼ਗਾਰ ਨਹੀਂ ਹੋਵੇਗਾ।"

ਕਨੇਡਾ ਤੋਂ ਕੁੱਟਿਲਤਾ ਪੂਰਨ ਜਵਾਬ ਅਇਆ। ਕਿਉਂਕਿ ਜਹਾਜ ਹਾਂਗਕਾਂਗ ਤੋਂ ਆਇਆ ਸੀ, ਕਨੇਡੀਅਨ ਸਰਕਾਰ "ਇਸ ਦੇ ਯਾਤਰੀਆਂ ਨੂੰ ਕਿਸੇ ਹੋਰ ਥਾਂ ਲਈ ਜਲਾਵਤਨ ਕਰਨ ਦਾ ਹੁਕਮ" ਨਹੀਂ ਦੇ ਸਕਦੀ "ਨਾ ਹੀ ਜਹਾਜ਼ ਨੂੰ ਇਨ੍ਹਾਂ ਨੂੰ ਕਿਸੇ ਹੋਰ ਥਾਂ ਲਿਜਾਣ ਲਈ ਮਜਬੂਰ" ਕਰ ਸਕਦੀ ਹੈ। ਬਾੱਰਡਨ ਦੀ ਸਰਕਾਰ, ਜੋ ਕਾਮਾਗਾਟਾ ਮਾਰੂ ਦੀ ਫੌਰੀ ਰਵਾਨਗੀ ਬਾਰੇ ਮਾਰਚ ਵਿੱਚ ਦਿੱਤੀ ਚੇਤਾਵਨੀ ਲਈ ਗਵਰਨਰ ਮੇ ਪ੍ਰਤੀ ਅਕ੍ਰਿਤਘਣ ਸੀ, ਉਸ ਨੂੰ ਜਹਾਜ਼ ਦੀ ਵਾਪਸੀ ਦੀ ਪਸ਼ੇਮਾਨੀ ਤੋਂ ਬਚਾਉਣ ਲਈ ਖੁਦ ਕ੍ਰਿਪਾ ਨਹੀਂ ਕਰੇਗੀ।

ਕਨੇਡੀਅਨ ਜਨਤਾ ਲਈ ਮਾਮਲਾ ਖਤਮ ਹੋ ਚੁੱਕਾ ਸੀ, ਅਤੇ ਪਾਠਕਾਂ ਨੇ

ਕੁੱਝ ਅੰਤਿਮ ਟੀਕਾ ਟਿੱਪਣੀਆਂ ਲਈ ਸੰਪਾਦਕੀ ਪੰਨਿਆਂ ਵੱਲ ਰੁੱਖ ਕਰ ਲਿਆ ਸੀ। ਕਈ ਪੂਰਬੀ ਕਨੇਡੀਅਨ ਅਖ਼ਬਾਰ ਸਰਕਾਰੀ ਕਾਰਵਾਈਆਂ ਦੇ ਅਲੋਚਕ ਸਨ, ਖਾਸ ਤੌਰ ਤੇ 19 ਜੁਲਾਈ ਨੂੰ ਸਵੇਰੇ ਸਵੇਰੇ ਪੁਲਿਸ ਦੀ ਵਰਤੋਂ ਦੇ, ਅਤੇ ਸਥਾਨਕ ਵਿਰੋਧੀ ਧਿਰ ਦੇ। ਅਖ਼ਬਾਰ 'ਵੈਨਕੂਵਰ ਸਨ' ਵਿੱਚ ਐਚ.ਐਚ.ਸਟੀਵਨਜ਼ ਅਤੇ ਬਾੱਰਡਨ ਸਰਕਾਰ ਉੱਪਰ ਤਿੱਖਾ ਹਮਲਾ ਕੀਤਾ ਗਿਆ ਸੀ। ਜਿਸ ਨੇ ਦਾਅਵਾ ਕੀਤਾ ਸੀ ਕਿ ਲਿਬਰਲ ਸਰਕਾਰ ਨੇ ਇਹ ਮਾਮਲਾ "ਬਿਨਾਂ ਹਿੰਸਾ, ਧਮਕੀਆਂ ਦੀ ਵਰਤੋਂ ਕੀਤਿਆਂ ਜਾਂ ਤਾਕਤ ਦਾ ਪ੍ਰਦਰਸ਼ਨ ਕੀਤਿਆਂ" ਨਜਿੱਠ ਲਿਆ ਹੁੰਦਾ। ਇਕ ਉਪਦੇਸ਼ਕ ਸਟੀਵਨਜ਼, ਮਹੱਤਵਪੂਰਨ ਮੈਥੋਡਿਸਟਾਂ (Methodist) ਅਤੇ ਪਰੈੱਸਬਾਈਟੇਰੀਅਨ(Presbyterian) ਪਾਦਰੀਆਂ ਦੇ ਪੱਤਰ ਇਕੱਤਰ ਕਰਕੇ ਆਪਣਾ ਬਚਾਓ ਕਰਨ ਦੇ ਸਮਰੱਥ ਹੋ ਗਿਆ ਸੀ। ਇਹਨਾਂ ਵਿੱਚ ਉਸ ਵੱਲੋਂ ਨਿਭਾਈ ਗਈ ਭੂਮਿਕਾ ਦੀ ਸ਼ਲਾਘਾ ਕੀਤੀ ਗਈ ਸੀ। ਇੱਥੋਂ ਤੱਕ ਕਿ ਸਨ (Sun) ਨੇ ਵੀ ਇਹ ਪੈਂਤੜਾ ਲਿਆ ਕਿ ਸਰਕਾਰ ਦੀ ਬਦਇੰਜ਼ਾਮੀ ਦੀ ਹਾਲਤ ਵਿੱਚ ਰੈਨਬੋ ਨੂੰ ਬੁਲਾਉਣਾ ਜ਼ਰੂਰੀ ਬਣ ਗਿਆ ਸੀ। ਇਸ ਵਿੱਚ ਮੈਕਨੀਲ ਦੀ ਰਾਇ ਕਿ "ਥੋੜ੍ਹੀ ਹਲਕੇ ਪੱਧਰ ਦੀ ਕੂਟਨੀਤੀ ਅਤੇ ਗੌਰ ਵੀ ਕਾਫੀ ਰਹੇ ਹੋ ਸਕਦੇ ਸਨ" ਪਰ ਇਸ ਦੀ ਕੋਈ ਝਲਕ ਨਜ਼ਰ ਨਹੀਂ ਆਈ ਸੀ।

ਕਨੇਡੀਅਨ ਸਰਕਾਰ ਨੇ ਇੱਕ ਵਿਸ਼ੇਸ਼ ਕਮਿਸ਼ਨਰ ਦੁਆਰਾ ਕੀਤੀ ਇੱਕੋ ਵਿਅਕਤੀ ਵਾਲੀ ਜਾਂਚ ਨਾਲ ਇਸ ਮਾਮਲੇ ਦਾ ਭੋਗ ਪਾ ਦਿੱਤਾ। ਇਸ ਨੇ ਜਹਾਜ਼ ਦੇ ਕਿਰਾਏਨਾਮੇ ਨਾਲ ਮਾਰਟਿਨ ਬੁਰੈਲ ਵੱਲੋਂ ਤੱਟਈ ਕਮੇਟੀ ਨਾਲ ਉਨ੍ਹਾਂ ਨੂੰ ਪਏ ਘਾਟੇ ਦੇ ਮੁਆਵਜ਼ੇ ਲਈ ਕੀਤੇ ਦਾਅਵਿਆਂ ਦੀ ਜਾਂਚ ਕਰਨ ਲਈ ਕੀਤੇ ਵਾਅਦੇ ਦੀ ਪੂਰਤੀ ਕਰਨੀ ਸੀ। ਬੁਰੈਲ ਨੂੰ ਯਕੀਨ ਸੀ, ਕਿ ਇਹ ਵਾਅਦਾ ਕਾਮਾਗਾਟਾ ਮਾਰੂ ਦੇ ਰਵਾਨਾ ਹੋਣ ਤੋਂ ਪਹਿਲਾਂ ਸੰਕਟ ਦਾ ਹੱਲ ਕਰਨ 'ਚ ਨਿਰਣਾਇਕ ਰਿਹਾ ਸੀ, ਅਤੇ ਉਸ ਨੇ ਇਸ ਦਾ ਸਨਮਾਨ ਕਰਨ ਲਈ ਸਰਕਾਰ ਤੇ ਜ਼ੋਰ ਪਾਇਆ। ਗ੍ਰਹਿ ਮੰਤਰੀ ਨੇ ਜਿਸ ਆਦਮੀ ਨੂੰ ਜਾਂਚ ਲਈ ਲੱਭਿਆ ਉਹ ਭਾਰਤ ਬਾਰੇ ਪੁਰਾਣਾ ਤਜ਼ਰਬੇਕਾਰ, ਹਰਬਰਟ ਕਨਿੰਘਮ ਕਲਾੱਗਸਟਾਊਨ (Herbert Cunningham Clogstoun) ਸੀ। ਜੇਕਰ ਕੋਈ ਪ੍ਰਭਾਵਸ਼ਾਲੀ ਭਾਰਤੀ ਰਾਜ ਸੇਵਾ (ਸਿਵਲ ਸਰਵਿਸ) ਦੇ ਤਜ਼ਰਬੇ ਵਾਲੇ ਬੀ ਸੀ ਬਸ਼ਿੰਦੇ ਦੀ ਭਾਲ ਕਰ ਰਿਹਾ ਹੋਵੇ, ਤਾਂ ਉਸ ਵਿੱਚ ਸ਼ਲਾਘਾਯੋਗ ਯੋਗਤਾਵਾਂ ਸਨ। ਉਹ ਬੰਗਾਲ ਪੁਲਿਸ ਵਿੱਚ, ਅਤੇ ਭਾਰਤੀ ਵਿਦੇਸ਼ ਸੇਵਾ ਵਿੱਚ, ਅਤੇ ਇੱਕ ਤੋਂ ਬਾਅਦ ਦੂਸਰੀ ਛੋਟੀਆਂ ਰਿਆਸਤਾਂ, ਜਿਵੇਂ ਅੱਜਕਲ ਦਾ ਰਾਜਸਥਾਨ ਹੈ, ਵਿੱਚ ਬਰਤਾਨਵੀ ਨੁਮਾਇੰਦੇ ਦੇ ਤੌਰ ਤੇ ਸੇਵਾ ਕਰ ਚੁੱਕਾ ਸੀ। ਉਹ ਆਪਣੀ ਭਾਰਤੀ ਜੀਵਨ ਯਾਤਰਾ ਦਾ ਅੰਤ ਇੰਦੌਰ ਦੇ ਕਿਸ਼ੋਰ ਮਹਾਰਾਜਾ ਹੋਲਕਰ ਦੇ ਨਿੱਜੀ ਅਧਿਆਪਕ ਦੇ ਪ੍ਰਭਾਵਸ਼ਾਲੀ ਰੁਤਬੇ ਨਾਲ ਕਰ ਚੁੱਕਾ ਸੀ। 1914 ਵਿੱਚ ਉਹ 67 ਸਾਲ ਦਾ ਸੀ, ਅਤੇ ਸੇਵਾ ਨਵਿਰਤੀ ਦੀ

ਹਾਲਤ ਵਿੱਚ ਵੈਨਕੂਵਰ ਟਾਪੂ ਤੇ ਰਹਿ ਰਿਹਾ ਸੀ, ਜਿੱਥੇ ਉਹ ਕਾਓਵਿਚਨ ਘਾਟੀ (Cowichan Valley) ਵਿੱਚ 79 ਏਕੜ ਜਾਇਦਾਦ ਦਾ ਮਾਲਕ ਸੀ।

ਕਲਾੱਗਸਟਾਊਨ ਨੇ ਆਪਣੇ ਜਾਂਚ ਆਯੋਗ ਦਾ ਆਰੰਭ ਸਤੰਬਰ ਦੇ ਅੰਤ ਵਿਚ ਕੀਤਾ। ਉਸ ਨੇ ਮਾਲਕਮ ਰੀਡ ਅਤੇ ਐਚ.ਐਚ.ਸਟੀਵਨਜ਼ ਨਾਲ ਨੇੜਤਾ ਨਾਲ ਕੰਮ ਕੀਤਾ ਅਤੇ ਗੁਰਦਿੱਤ ਸਿੰਘ ਦੇ ਵੱਡੇ ਅਲੋਚਕ ਡਾ.ਰਘੁਨਾਥ ਸਿੰਘ ਨੂੰ ਆਪਣਾ ਇੱਕੋ ਇੱਕ ਸਕੱਤਰ ਲਗਾਇਆ। ਜਿਸ ਨੇ ਆਪਣੇ ਪਰਿਵਾਰ ਸਮੇਤ ਅਜੇ ਵੈਨਕੂਵਰ ਨਹੀਂ ਛੱਡਿਆ ਸੀ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਨਵੰਬਰ ਦੇ ਪਹਿਲੇ ਹਫਤੇ 'ਚ ਸਮਾਪਤ ਕੀਤੀ ਗਈ ਰਿਪੋਰਟ ਵਿੱਚ ਸਿਫਾਰਿਸ਼ ਕਰ ਦਿੱਤੀ ਕਿ ਤੱਟਈ ਕਮੇਟੀ ਨੂੰ ਕੋਈ ਮੁਆਵਜ਼ਾ ਨਾ ਮਿਲੇ। ਫਿਰ ਵੀ, ਜੋ ਕੁਝ ਉਸ ਨੇ ਲਿਖਿਆ, ਉਹ ਸਮੁੱਚੇ ਤੌਰ ਤੇ ਇੱਕ ਪਾਸੜ ਨਹੀਂ ਸੀ। ਉਸ ਨੇ ਵਿਸ਼ਾਲ ਭਾਰਤੀ ਭਾਈਚਾਰੇ ਨਾਲ ਹਮਦਰਦੀ ਪ੍ਰਗਟ ਕੀਤੀ ਅਤੇ ਸਮਾਨ ਰੂਪ ਵਿੱਚ ਆਪਣੀ ਫਿਟਕਾਰ ਭਾਈਚਾਰੇ ਵਿੱਚ ਇਮੀਗਰੇਸ਼ਨ ਵਿਭਾਗ ਦੇ ਮੁਖ਼ਬਰਾਂ, ਅਤੇ ਤੱਟਈ ਕਮੇਟੀ ਦੇ ਮੈਂਬਰਾਂ ਵੱਲ ਸੇਧਿਤ ਕੀਤੀ। ਜਿਸ ਸਮੇਂ ਤੱਕ ਉਸ ਨੇ ਰਿਪੋਰਟ ਸਮਾਪਤ ਕੀਤੀ ਵੈਨਕੂਵਰ ਵਿੱਚ ਭਾਰਤੀਆਂ ਦਰਮਿਆਨ ਹਿੰਸਾ ਦਾ ਧਮਾਕਾ ਹੋ ਗਿਆ ਸੀ। ਕਾਮਾਗਾਟਾ ਮਾਰੂ ਦਾ ਇੱਕ ਅਪ੍ਰਤੱਖ ਨਤੀਜਾ, ਜਿਸ ਨੇ ਉਸ ਸਭ ਕਾਸੇ ਨੂੰ ਰੰਗ ਦੇ ਦਿੱਤਾ। ਜੋ ਵੀ ਉਸ ਨੇ ਲਿਖਿਆ ਪਰੰਤੂ ਉਹ ਬਿਨਾਂ ਸ਼ੱਕ ਸਹੀ ਸੀ। ਜਦੋਂ ਉਸ ਨੇ ਕਿਹਾ ਕਿ ਸਥਾਨਕ ਭਾਰਤੀਆਂ ਦੀ ਬਹੁ ਗਿਣਤੀ ਸ਼ੱਕ-ਸ਼ੁਬੇ 'ਤੇ ਅਧਾਰਿਤ ਆਪਣੇ ਭਾਈਚਾਰੇ 'ਚ ਖੂੰਖਾਰ ਵਿਰੋਧੀ ਧੜਿਆਂ ਵਿੱਚ ਵੰਡੀ ਗਈ ਹੈ।

***

ਅਧਿਆਇ 10

# ਵਾਪਸੀ : ਇੱਕ ਦੁਖਾਂਤਿਕ ਘਰ ਵਾਪਸੀ



*16 ਕਾਮਾਗਾਟਾ ਮਾਰੂ ਵੇਨਕੂਵਰ ਬੰਦਰਗਾਹ ਤੋਂ ਵਾਪਸ ਮੁੜਦੇ ਹੋਏ, (23 ਜੁਲਾਈ 1914)*

ਜਦੋਂ ਕਾਮਾਗਾਟਾ ਮਾਰੂ ਨੇ ਕਨੇਡਾ ਦੇ ਪਾਣੀਆਂ ਨੂੰ ਛੱਡਿਆ, ਕਨੇਡੀਅਨ ਅਧਿਕਾਰੀਆਂ ਨੇ ਰਾਹਤ ਮਹਿਸੂਸ ਕੀਤੀ। ਹਾਲਾਂ ਕਿ ਬਰਤਾਨੀਆਂ ਦੁਆਰਾ ਚਲਾਈ ਜਾਣ ਵਾਲੀ ਭਾਰਤੀ ਸਰਕਾਰ ਲਈ ਕਹਾਣੀ ਸਮਾਪਤ ਨਹੀਂ ਹੋਈ ਸੀ। ਜੇਕਰ ਇਸ ਨੂੰ ਅੱਗੇ ਗਲਤ ਢੰਗ ਨਾਲ ਨਜਿੱਠਿਆ ਜਾਵੇਗਾ -ਜਿਵੇਂ ਕਿ ਅੱਗੇ ਚਲ ਕੇ ਹੋਇਆ – ਤਾਂ ਇਹ (ਅੰਗਰੇਜ਼) ਭਾਰਤ ਸਰਕਾਰ ਦੀ ਗਲਤੀ ਹੋਵੇਗੀ। ਨਿਰਪੱਖਤਾ ਨਾਲ ਇਹ ਗੱਲ ਵੀ ਸ਼ਾਮਿਲ ਕਰ ਲੈਣੀ ਚਾਹੀਦੀ ਹੈ, ਕਿ ਭਾਰਤ ਸਰਕਾਰ ਨੇ ਜਹਾਜ਼ ਅਤੇ ਯਾਤਰੀਆਂ ਬਾਰੇ ਜੋ ਵੀ ਸੂਚਨਾ ਪ੍ਰਾਪਤ ਕੀਤੀ ਸੀ, ਉਹ ਬਹੁਤੀ ਸਰਕਾਰੀ ਸਰੋਤਾਂ ਦੁਆਰਾ ਕਨੇਡਾ ਤੋਂ ਆਈ ਸੀ ਇਸ ਸੂਚਨਾ ਨੇ ਪਹਿਲਾਂ ਹੀ

ਦਿੱਲੀ ਵਿੱਚ ਚਿੰਤਾ ਪੈਦਾ ਕਰ ਦਿੱਤੀ ਸੀ। ਇਸ ਸੰਬੰਧ ਵਿੱਚ, ਕਨੇਡਾ ਦਾ ਗਵਰਨਰ ਜਨਰਲ ਜੋ ਲੰਡਨ ਅਤੇ ਦਿੱਲੀ ਨਾਲ ਸੰਚਾਰ ਲਈ ਸਰਕਾਰੀ ਸਰੋਤ ਸੀ, ਇੱਕ ਸੰਗੀਨ ਕਿਸਮ ਦਾ ਪ੍ਰਭਾਵਸ਼ਾਲੀ ਵਿਅਕਤੀ ਸੀ।

1914 ਵਿੱਚ ਗਵਰਨਰ ਜਨਰਲ ਇੱਕ ਸ਼ਾਹੀ ਰਾਜਕੁਮਾਰ ਸੀ। ਆਰਥਰ, ਕਨਾਟ ਦਾ ਡਿਊਕ, (Duke of Connaught) ਰਾਣੀ ਵਿਕਟੋਰੀਆ ਦਾ ਸੱਤਵਾਂ ਬੱਚਾ ਅਤੇ ਰਾਜ ਜਾਰਜ ਪੰਜਵੇਂ ਦਾ ਇੱਕ ਜਿੰਦਾ ਚਾਚਾ। ਉਹ ਇੱਕ ਪੇਸ਼ੇਵਰ ਸਿਪਾਹੀ ਸੀ। ਉਮਰ ਦੇ ਹਿਸਾਬ ਮੱਧ ਸੱਠਵਿਆਂ ਦਾ ਸੀ ਅਤੇ ਉਸ ਨੇ ਬਹੁਤ ਸਾਰੇ ਬਸਤੀਵਾਦੀ ਅਹੁਦਿਆਂ ਤੇ, ਸਮੇਤ ਚਾਰ ਸਾਲ ਬੰਬਈ ਫੌਜ ਦੇ ਮੁੱਖ ਕਮਾਂਡਰ ਦੇ, ਸੇਵਾ ਕੀਤੀ ਸੀ। ਦਿੱਲੀ ਦਾ ਕਨਾਟ ਪਲੇਸ ਉਸ ਦੇ ਨਾਂ 'ਤੇ ਹੀ ਰੱਖਿਆ ਹੈ। ਉਹ ਭਾਰਤ ਨਾਲ ਆਪਣੇ ਜਨੂੰਨੀ ਲਗਾਓ 'ਚ ਬਰਤਾਨਵੀ ਹਾਕਮ ਜਮਾਤ ਦਾ ਖਾਸ ਨਮੂਨਾ ਸੀ ਅਤੇ ਉਸ ਨੇ ਆਪਣੇ ਓਟਾਵਾ ਦਫਤਰ ਤੋਂ ਕਾਮਾਗਾਟਾ ਮਾਰੂ ਮਾਮਲੇ ਦੀ ਬਹੁਤ ਹੀ ਨੇੜਿਉਂ ਪੈਰਵਾਈ ਕੀਤੀ ਸੀ। ਇਸ ਦਾ ਮਤਲਬ ਸੀ ਕਿ ਉਨ੍ਹਾਂ ਸਾਰੀਆਂ ਰਿਪੋਰਟਾਂ ਨੂੰ ਧਿਆਨ ਪੂਰਵਕ ਪੜ੍ਹਨਾ, ਜਿਹੜੀਆਂ ਉਸ ਪਾਸ ਵੈਨਕੂਵਰ ਤੋਂ ਆਉਂਦੀਆਂ ਸਨ। ਵਿਸ਼ੇਸ਼ ਤੌਰ ਤੇ ਉਹ ਜਿਹੜੀਆਂ ਇੰਸਪੈਕਟਰ ਹਾੱਪਕਿਨਸਨ ਤੋਂ ਆਉਂਦੀਆਂ ਸਨ।

ਕਾਮਾਗਾਟਾ ਮਾਰੂ ਸ਼ਾਂਤ ਮਹਾਂਸਾਗਰ ਦੇ ਮੱਧ ਵਿਚਕਾਰ ਸੀ। ਜਦੋਂ ਕਨਾਟ ਦੇ ਡਿਊਕ ਨੇ ਲੰਦਨ ਵਿੱਚ ਬਸਤੀਵਾਦੀ ਸਕੱਤਰ ਨੂੰ ਤਾਰ ਭੇਜੀ। ਉਹ ਇੱਕ ਸੁਆਲ ਦਾ ਜੁਆਬ ਦੇ ਰਿਹਾ ਸੀ ਕਿ ਜਹਾਜ਼ ਉਪਰ ਕੌਣ ਹੈ। ਜਿਹੜਾ ਕਿ ਅਸਲ ਵਿੱਚ ਸੰਭਾਵੀ ਗੜਬੜ ਕਰਨ ਵਾਲਿਆਂ ਬਾਰੇ ਸੀ-ਅਤੇ ਉਸ ਨੇ ਇੱਸ ਉੱਤਰ ਦਿੱਤਾ, ਜਿਸ ਨੇ ਜ਼ੋਰਦਾਰ ਚੌਕਸੀ ਪੈਦਾ ਕਰ ਦਿੱਤੀ। ਇਸ ਤਾਰ ਵਿੱਚ ਉਸ ਨੇ ਕਾਮਾਗਾਟਾ ਮਾਰੂ ਅਤੇ ਇਨਕਲਾਬੀ ਗਦਰ ਪਾਰਟੀ ਵਿੱਚਕਾਰ ਸੰਬੰਧ ਦੇ ਵਿਚਾਰ ਨੂੰ ਦੁਹਰਾਇਆ ਸੀ। ਇਹ ਬਰਤਾਨੀਆਂ ਵੱਲੋਂ ਜਰਮਨੀ ਉੱਪਰ ਜੰਗ ਦੇ ਐਲਾਨ ਤੋਂ ਪਹਿਲੀ ਸ਼ਾਮ ਸੀ। ਅਜਿਹਾ ਐਲਾਨ ਜਿਹੜਾ ਬਰਤਾਨੀਆ ਅਤੇ ਬਰਤਾਨਵੀ ਸਲਤਨਤ ਨੂੰ ਪਹਿਲੇ ਵਿਸ਼ਵ ਯੁੱਧ ਵਿੱਚ ਲੈ ਆਇਆ। ਕਨਾਟ ਨੇ ਇਸ ਤਾਰ ਵਿੱਚ ਕਿਹਾ "ਇੱਥੇ ਇਹ ਸੋਚਿਆ ਜਾਂਦਾ ਹੈ ਕਿ ਰਾਜਨੀਤਕ ਅੰਦੋਲਨਕਾਰੀਆਂ ਜਾਂ ਗੁਪਤ ਇਨਕਲਾਬੀ ਸਭਾਵਾਂ ਨੇ ਕਾਮਾਗਾਟਾ ਮਾਰੂ ਦੀ ਯਾਤਰਾ ਲਈ ਪੈਸਾ ਦਿੱਤਾ" ਉਸ ਨੇ ਦੱਸਿਆ ਕਿ ਇਨ੍ਹਾਂ ਦਾ ਮਕਸਦ ਭਾਰਤ ਵਿੱਚ ਬਰਤਾਨਵੀ ਰਾਜ ਵਿਰੁੱਧ ਅੰਦੋਲਨ ਖੜ੍ਹਾ ਕਰਨਾ ਸੀ। ਇਹ ਹਾੱਪਕਿਨਸਨ ਦਾ ਅੰਦਾਜ਼ਾ ਰਿਹਾ ਸੀ, ਅਤੇ ਕਨਾਟ ਇਸ ਦੀ ਤਾਈਦ ਕਰ ਰਿਹਾ ਸੀ। ਬਰਤਾਨਵੀ ਨਜ਼ਰਾਂ 'ਚ ਮਸਲੇ ਨੂੰ ਹੋਰ ਵਧੇਰੇ ਬਦਸ਼ਗਨਾ ਬਣਾਉਣ ਵਾਲੀ ਗੱਲ ਇਹ ਹੋਈ, ਕਿ ਬਰਤਾਨੀਆ ਦੇ ਯੁੱਧ ਦੇ ਐਲਾਨ ਕਰਨ ਵਾਲੇ ਦਿਨਾਂ ਵਿੱਚ ਹੀ ਕੈਲੇਫੋਰਨੀਆਂ ਵਿੱਚ ਗਦਰ ਪਾਰਟੀ ਨੇ ਹਥਿਆਰਾਂ ਲਈ ਇੱਕ ਖੁੱਲ੍ਹਾ ਸੱਦਾ ਦੇ ਦਿੱਤਾ। ਜਿਸ ਨੇ ਬਰਤਾਨਵੀ ਅਤੇ ਭਾਰਤੀ

ਸਰਕਾਰਾਂ ਵਿੱਚ ਕਾਮਾਗਾਟਾ ਮਾਰੂ ਦੇ ਆਗੂਆਂ ਬਾਰੇ ਸ਼ੰਕੇ ਵਧਾ ਦਿੱਤੇ।

ਯਾਤਰੀਆਂ ਦੀ ਭਲਾਈ ਦੇ ਰੂਪ 'ਚ, ਉਨ੍ਹਾਂ ਦੀ ਏਸ਼ੀਆ ਨੂੰ ਵਾਪਸੀ ਦਾ ਸਮਾਂ ਹੋਰ ਬਦਤਰ ਨਹੀਂ ਹੋ ਸਕਦਾ ਸੀ। ਜਦੋਂ 16 ਅਗਸਤ ਨੂੰ ਉਹ ਜਪਾਨ ਪਹੁੰਚੇ, ਉਨ੍ਹਾਂ ਨੂੰ ਦੁਨੀਆਂ ਹਿਲਾਉਣ ਵਾਲੀਆਂ ਘਟਨਾਵਾਂ ਦਾ ਕੋਈ ਖਿਆਲ ਨਹੀਂ ਸੀ। ਜੋ ਉਨ੍ਹਾਂ ਦੇ ਸਮੁੰਦਰ ਵਿਚ ਹੋਣ ਸਮੇਂ ਵਾਪਰ ਚੁੱਕੀਆਂ ਸਨ। ਉਨ੍ਹਾਂ ਨੂੰ ਤਾਜ਼ਾ ਜਾਣਕਾਰੀ ਫੌਰੀ ਤੌਰ ਤੇ ਸੋਹਣ ਸਿੰਘ ਭਕਨਾ ਵੱਲੋਂ ਦਿੱਤੀ ਗਈ, ਜੋ ਗਦਰ ਪਾਰਟੀ ਦੀ ਸਿਰਜਨਾ ਕਰਨ 'ਚ ਮੁੱਖ ਚਾਲਕ ਸਨ ਅਤੇ ਪਹਿਲੇ ਜਨਰਲ ਸਕੱਤਰ ਲਾਲਾ ਹਰਦਿਆਲ ਦੇ ਨਾਲ ਕੰਮ ਕਰ ਰਹੇ ਸਨ, ਅਤੇ ਇਸ ਦੇ ਪਹਿਲੇ ਪ੍ਰਧਾਨ ਸਨ। ਸੋਹਣ ਸਿੰਘ ਨੂੰ 200 ਸਵੈਚਾਲਿਤ ਪਿਸਤੌਲਾਂ ਅਤੇ ਅਸਲੇ ਦੀਆਂ 2000 ਗੋਲੀਆਂ ਸਮੇਤ ਉਸ ਦੇ ਗਦਰੀ ਸਾਥੀਆਂ ਵੱਲੋਂ ਯੋਕੋਹਾਮਾ ਵਿਖੇ ਕਾਮਾਗਾਟਾ ਮਾਰੂ ਨੂੰ ਮਿਲਣ ਲਈ ਭੇਜਿਆ ਗਿਆ ਸੀ। ਉਹ ਇਮੀਗਰੈਂਟ ਜਹਾਜ਼ ਦੀ ਭਾਰਤ ਨੂੰ ਵਾਪਸੀ ਦਾ ਲਾਹਾ ਉਥੋਂ ਦੇ ਗਦਰ ਹਮਾਇਤੀਆਂ ਨੂੰ ਹਥਿਆਰ ਭੇਜਣ ਲਈ ਲੈਣਾ ਚਾਹੁੰਦੇ ਸਨ। ਇਹ ਬਰਤਾਨਵੀਆਂ ਖ਼ਿਲਾਫ਼ ਸੰਭਾਵਿਤ ਬਗਾਵਤ ਵੱਲ ਇੱਕ ਛੋਟਾ ਜਿਹਾ ਕਦਮ ਸੀ। ਭਵਿੱਖ ਵਿੱਚ ਆਉਣ ਵਾਲੇ ਕੁੱਝ ਸਾਲਾਂ ਜਾਂ ਸ਼ਾਇਦ ਇੱਕ ਦਹਾਕੇ ਲਈ ਅਸਪਸ਼ਟ ਰੂਪ 'ਚ ਤਜਵੀਜ਼ ਕੀਤਾ ਗਿਆ ਕਦਮ। ਸੋਹਣ ਸਿੰਘ 21 ਜੁਲਾਈ ਨੂੰ ਸਨਫਰਾਂਸਿਸਕੋ ਤੋਂ ਚੱਲਿਆ ਸੀ ਅਤੇ 8 ਅਗਸਤ ਨੂੰ ਕਾਮਾਗਾਟਾ ਮਾਰੂ ਤੋਂ ਪਹਿਲਾਂ ਯੋਕੋਹਾਮਾ ਪਹੁੰਚਿਆ ਸੀ। ਜਦੋਂ ਉਹ ਸਮੁੰਦਰ ਵਿਚ ਹੀ ਸੀ ਤਾਂ ਇੱਕ ਬਾਲਕਨ ਸੰਕਟ ਵਿਸ਼ਵ ਟਕਰਾਅ ਦਾ ਰੂਪ ਲੈ ਗਿਆ ਸੀ।

ਕੈਲੇਫੋਰਨੀਆ ਅੰਦਰਲੇ ਸੋਹਣ ਸਿੰਘ ਭਕਨਾ ਦੇ ਸਾਥੀਆਂ ਨੇ ਤੇਜ਼ੀ ਵਿਚ ਫ਼ੈਸਲਾ ਕਰ ਲਿਆ ਕਿ ਬਰਤਾਨੀਆਂ ਖ਼ਿਲਾਫ਼ ਚੋਟ ਮਾਰਨ ਦਾ ਇਹੀ ਸਮਾਂ ਹੈ। ਉਨ੍ਹਾਂ ਦੇ ਦੇਸ਼ ਭਗਤੀ ਦੇ ਜੋਸ਼ ਪਿੱਛੇ ਗਹਿਰੀ ਸੋਚ ਵਿਚਾਰ ਨਹੀਂ ਸੀ ਅਤੇ ਵਿਸ਼ੇਸ਼ ਗੱਲਾਂ ਬਾਰੇ ਕੋਈ ਵਿਚਾਰ ਚਰਚਾ ਨਹੀਂ ਕੀਤੀ ਗਈ ਸੀ ਅੱਗੇ ਵਧਣ ਦਾ ਪ੍ਰਤੱਖ ਰਸਤਾ, ਜਿਵੇਂ ਕਿ ਉਨ੍ਹਾਂ ਨੇ ਦੇਖਿਆ, ਸਿੱਖ ਸਿਪਾਹੀਆਂ ਵਿੱਚ ਬਗਾਵਤ ਭੜਕਾਉਣ ਅਤੇ ਸਮੁੰਦਰੋਂ ਪਾਰ ਸਿੱਖ ਇਨਕਲਾਬੀਆਂ ਦੀ ਵਾਪਸੀ ਨੂੰ ਉਤਸ਼ਾਹਿਤ ਕਰਨ ਰਾਹੀਂ ਸੀ। ਇਹ ਆਮ ਵਿਚਾਰ ਸੀ, ਜਿਸ ਦੇ ਪਿੱਛੇ ਕੋਈ ਮਹਾਨ ਯੋਜਨਾ ਨਹੀਂ ਸੀ। ਸਿਪਾਹੀਆਂ ਦੀ ਇਨਕਲਾਬੀ ਉਦੇਸ਼ ਪ੍ਰਤੀ ਹਮਦਰਦੀ ਦਾ ਜਾਂ ਭਾਰਤ ਵਿੱਚ ਜਨਤਕ ਹਮਾਇਤ ਦਾ ਕੋਈ ਜਾਇਜ਼ਾ ਨਹੀਂ ਸੀ ਅਤੇ ਬਰਤਾਨਵੀ ਅਧਿਕਾਰੀਆਂ ਦੇ ਸੰਭਾਵਿਤ ਮੋੜਵੀਂ ਕਾਰਵਾਈ ਦੀ ਕੋਈ ਕਿਆਸ ਬੰਦੀ ਵੀ ਨਹੀਂ ਕੀਤੀ ਸੀ। ਪਰੰਤੂ ਤਾਜ਼ਾ ਸਮਾਚਾਰ ਮੁਤਾਬਕ ਹਥਿਆਰਾਂ ਲਈ ਸੱਦਾ ਅਮਰੀਕਾ ਤੋਂ ਪ੍ਰਾਪਤ ਹੋਇਆ ਸੀ। ਜਿਹੜਾ ਸੋਹਣ ਸਿੰਘ ਨੇ ਕਾਮਾਗਾਟਾ ਮਾਰੂ ਦੇ ਯਾਤਰੀਆਂ ਤਕ ਪਹੁੰਚਾਉਣੇ ਸਨ।

ਯੋਕੋਹਾਮਾ ਵਿੱਚ ਯਾਤਰੀਆਂ ਦੀ ਕਮੇਟੀ ਦੇ ਦੋ ਮੈਂਬਰ, ਦਲਜੀਤ ਸਿੰਘ

ਕਾਉਣੀ ਅਤੇ ਹਰਨਾਮ ਸਿੰਘ ਗੁੱਜਰਵਾਲ, ਸੋਹਣ ਸਿੰਘ ਭਕਨਾ ਪਾਸ ਹੋਟਲ ਵਿਚ ਆਏ। ਅਗਲੇ ਦਿਨ, ਸੋਹਣ ਸਿੰਘ, ਗਦਰ ਪਾਰਟੀ ਦੇ ਸਾਹਿਤ ਸਮੇਤ ਜਹਾਜ਼ ਤੇ ਆਏ ਅਤੇ ਇਹ ਸੰਦੇਸ਼ ਵੀ ਸਾਂਝਾ ਕੀਤਾ ਕਿ ਸਮੁੰਦਰੋਂ ਪਾਰਲੇ ਭਾਰਤੀਆਂ ਨੂੰ ਹੁਣ ਆਉਣ ਵਾਲੀ ਜੱਦੋਜਹਿਦ ਲਈ ਘਰ ਵਪਿਸ ਜਾਣਾ ਚਾਹੀਦਾ ਹੈ। ਰਾਤ ਸਮੇਂ ਉਹ ਪਿਸਤੌਲ ਜਿਹੜੇ ਸੋਹਣ ਸਿੰਘ ਨੇ ਹੋਟਲ ਵਿੱਚ ਜਮ੍ਹਾਂ ਕੀਤੇ ਸਨ। ਜਹਾਜ਼ ਉੱਪਰ ਲਿਆਂਦੇ ਗਏ ਅਤੇ ਜਪਾਨੀ ਅਮਲੇ ਦੇ ਇੱਕ ਤੀਜੇ ਇੰਜੀਨੀਅਰ ਦੀ ਮਦਦ ਨਾਲ ਛੁਪਾ ਦਿੱਤੇ ਗਏ। ਸਿਵਾਏ ਗੁਰਦਿੱਤ ਸਿੰਘ ਦੇ ਸਭ ਤੋਂ ਨੇੜਲੇ ਸਾਥੀਆਂ ਦੇ ਇਸ ਦਾ ਸਹੀ ਸਥਾਨ ਸਾਰਿਆਂ ਲਈ ਇੱਕ ਭੇਦ ਸੀ। ਪਰੰਤੂ ਜਹਾਜ਼ ਉੱਪਰ ਹਰ ਕੋਈ ਜਾਣਦਾ ਸੀ ਕਿ ਕੀ ਹੋ ਰਿਹਾ ਹੈ। ਜਦੋਂ ਕਿ ਯਾਤਰੀਆਂ ਨੇ ਗਦਰ ਪਾਰਟੀ ਨਾਲ ਇਸ ਪੱਧਰ ਦੀ ਮਦੱਦ ਤਸਵਰ ਨਹੀਂ ਕੀਤੀ ਸੀ। ਸਮੇਤ ਇਸ ਦੇ ਨਾਲ ਜੁੜੇ ਜੋਖ਼ਮਾਂ ਦੇ, ਖਾਸ ਤੌਰ ਤੇ ਇਸ ਮੌਕੇ-ਉਨ੍ਹਾਂ ਨੇ ਆਪਣੇ ਨੇਤਾਵਾਂ ਨਾਲ ਖੜ੍ਹਦਿਆਂ ਇਸ ਨੂੰ ਬਿਨਾਂ ਰੋਸ ਪ੍ਰਗਟਾਏ ਪ੍ਰਵਾਨ ਕਰ ਲਿਆ। ਇਹ ਉਸ ਸਭ ਕਾਸੇ ਤੋਂ ਪ੍ਰਤੱਖ ਹੈ, ਜੋ ਬਾਅਦ 'ਚ ਵਾਪਰਿਆ ਕਿ ਜ਼ਿਆਦਾਤਰ ਯਾਤਰੀ ਭਾਰਤ ਵਿੱਚ ਬਗਾਵਤ ਦੀ ਗੱਲ ਨੂੰ ਕੁਦਰਤੀ ਸਾਵਧਾਨੀ ਨਾਲ ਸੁਣ ਰਹੇ ਸਨ। ਉਸ ਸੰਭਾਵਨਾ ਤੇ ਅਧਾਰਿਤ ਆਪਣੀਆਂ ਨਿੱਜੀ ਯੋਜਨਾਵਾਂ ਨਹੀਂ ਬਣਾ ਰਹੇ ਸਨ।

ਇਸ ਸਮੇਂ, ਕਾਮਾਗਾਟਾ ਮਾਰੂ ਦਾ ਅੰਤਿਮ ਟਿਕਾਣਾ ਇੱਕ ਵੱਡੀ ਅਨਿਸ਼ਚਿਤਤਾ ਸੀ। ਯਾਤਰੀਆਂ ਨੇ ਕਨੇਡਾ ਸਰਕਾਰ ਤੋਂ ਮੰਗ ਕੀਤੀ ਸੀ ਕਿ ਉਨ੍ਹਾਂ ਨੂੰ ਸਿੱਧਾ ਭਾਰਤ ਨੂੰ ਭੇਜਿਆ ਜਾਵੇ। ਜਿਸ ਨਾਲ ਜਹਾਜ਼ ਤੇ ਸਵਾਰ ਹਰੇਕ ਦੇ ਹਿੱਤਾਂ ਦੀ ਪਾਲਣਾ ਹੋਣੀ ਸੀ। ਬਹੁ ਗਿਣਤੀ ਯਾਤਰੀ ਘਰ ਪਰਤਣਾ ਚਾਹੁੰਦੇ ਸਨ। ਦੂਸਰੇ ਰਸਤੇ ਤੇ ਪੈਂਦੀਆਂ ਦੂਰ ਪੂਰਬੀ ਬੰਦਰਗਾਹਾਂ ਤੇ ਉੱਤਰ ਸਕਦੇ ਸਨ। ਪਰੰਤੂ ਕਨੇਡਾ ਸਰਕਾਰ ਨੇ ਉਨ੍ਹਾਂ ਨੂੰ ਇਨਾ ਕੁ ਰਸਦ ਪਾਣੀ ਦਿੱਤਾ ਸੀ। ਜੋ ਸਿਰਫ਼ ਹਾਂਗਕਾਂਗ ਤੱਕ ਚੱਲ ਸਕਦਾ ਸੀ। ਜੋ ਜਹਾਜ਼ ਦੀ ਰਵਾਨਗੀ ਦੀ ਮੁੱਢਲੀ ਬੰਦਰਗਾਹ ਸੀ। ਅਤੇ ਜਿਸ ਸਮੇਂ ਤੱਕ ਉਹ ਕਨੇਡਾ ਤੋਂ ਚੱਲੇ ਉਸ ਸਮੇਂ ਹਾਂਗਕਾਂਗ ਦੀ ਸਰਕਾਰ ਉਨ੍ਹਾਂ ਨੂੰ ਵਾਪਸ ਨਹੀ ਲੈਣਾ ਚਹੁੰਦੀ ਸੀ। ਕਿਉਂਕਿ ਜ਼ਾਹਰਾ ਤੌਰ ਤੇ ਉਹ ਬਸਤੀ ਬੇਰੁਜ਼ਗਾਰੀ ਦਾ ਸੰਕਟ ਝੱਲ ਰਹੀ ਸੀ। ਹਾਂਗਕਾਂਗ ਦੇ ਬਸਤੀਵਾਦੀ ਸਕੱਤਰ ਦਾ ਇੱਕ ਪੱਤਰ ਯੋਕੋਹਾਮਾ ਵਿਖੇ ਗੁਰਦਿੱਤ ਸਿੰਘ ਸਰਹਾਲੀ ਦੀ ਇੰਤਜ਼ਾਰ ਕਰ ਰਿਹਾ ਸੀ। ਜਿਸ ਵਿੱਚ ਇਹ ਧਮਕੀ ਦਿੱਤੀ ਗਈ ਸੀ ਕਿ ਜੇਕਰ ਉਹ ਉਥੇ ਉਤਰੇ ਤਾਂ ਉਨ੍ਹਾਂ ਨੂੰ ਅਵਾਰਾਗਰਦੀ ਵਿਚ ਗਰਿਫਤਾਰ ਕਰ ਲਿਆ ਜਾਵੇਗਾ। ਗੁਰਦਿੱਤ ਸਿੰਘ ਨੇ ਯੋਕੋਹਾਮਾ ਵਿਖੇ ਸਥਾਨਕ ਬਰਤਾਨਵੀ ਸਲਾਹਕਾਰ ਨੂੰ ਲਿਖਿਆ ਕਿ ਉਸ ਦੇ ਸਾਥੀ ਭਾਰਤ ਦੀ ਕਿਸੇ ਵੀ ਬੰਦਰਗਾਹ ਨੂੰ ਜਾਣ ਦੇ ਇੱਛਕ ਹਨ। ਜੇਕਰ ਉਨ੍ਹਾਂ ਨੂੰ ਰਸਦ ਪਾਣੀ ਮੁਹੱਈਆ ਕਰਾਇਆ ਜਾਵੇ। ਸਲਾਹਕਾਰ ਨੇ ਬਿਨਾਂ ਕਿਸੇ ਹਦਾਇਤਾਂ ਦੇ, ਬਿਨਾਂ ਕਿਸੇ ਪਹਿਲਕਦਮੀ ਦੇ, ਅਤੇ ਬਿਨਾਂ ਕਿਸੇ ਹਮਦਰਦੀ ਦੇ, ਮਦਦ ਕਰਨ

ਲਈ ਕੁੱਝ ਨਹੀਂ ਕੀਤਾ।

ਯਾਤਰੀ ਜਪਾਨ ਵਿੱਚ ਫਸੇ ਹੋਣ ਦੇ ਹਾਲਾਤ ਦਾ ਸਾਹਮਣਾ ਕਰ ਰਹੇ ਸਨ। ਪਹਿਲੀ ਧਮਕੀ, ਜਿਸ ਦੀ ਕੁੱਝ ਕੁ ਗੁਰਦਿੱਤ ਸਿੰਘ ਨੇ ਕਿਆਸ ਕੀਤੀ ਹੋ ਸਕਦੀ ਸੀ, ਉਹ ਜਪਾਨੀ ਮਾਲਕਾਂ ਵੱਲੋਂ ਆਈ ਕਾਮਾਗਾਟਾ ਮਾਰੂ ਦੇ ਜਪਾਨੀ ਪਾਣੀਆਂ ਵਿੱਚ ਹੋਣ ਕਰਕੇ, ਉਨ੍ਹਾਂ ਨੇ ਇਸ ਦੀ ਵਾਪਸੀ ਦੀ ਮੰਗ ਕੀਤੀ ਅਤੇ ਉਨ੍ਹਾਂ ਵਿੱਚੋਂ ਇੱਕ ਅਕੀਰਾ ਨਗਾਟਾ (Akira Nagata) ਨੇ ਅਪ੍ਰੈਲ ਵਿੱਚ ਮੋਜੀ ਵਿੱਚ ਖਰੀਦੇ ਗਏ ਕੋਲੇ ਲਈ 8000 ਯੈੱਨ (4000 ਡਾਲਰ) ਦਾ ਦਾਅਵਾ ਕੀਤਾ। ਇਨ੍ਹਾਂ ਕਾਰਨਾਂ ਕਰਕੇ ਮਾਲਕਾਂ ਨੇ ਜਹਾਜ਼ ਦੇ ਕਪਤਾਨ ਨੂੰ ਜਹਾਜ਼ ਨੂੰ ਸਮੁੰਦਰੀ ਕਿਨਾਰੇ ਦੇ ਨਾਲ ਨਾਲ ਉਨ੍ਹਾਂ ਦੀ ਬੰਦਰਗਾਹ ਕੋਬੇ ਲਿਆਉਣ ਦਾ ਹੁਕਮ ਦਿੱਤਾ। ਜਹਾਜ਼ 18 ਅਗਸਤ ਨੂੰ ਯੋਕੋਹਾਮ ਤੋਂ ਚੱਲਿਆ ਅਤੇ ਤਿੰਨ ਦਿਨ ਬਾਅਦ ਕੋਬੇ ਪਹੁੰਚਿਆ। ਇੱਕ ਵਾਰ ਕੋਬੇ ਪਹੁੰਚਣ ਤੇ ਮਾਲਕਾਂ ਨੇ ਜਹਾਜ਼ ਨੂੰ ਬਿਜਲੀ ਪਾਣੀ ਦੀ ਸਪਲਾਈ ਬੰਦ ਕਰ ਦਿੱਤੀ। ਜਦੋਂ ਕਿ ਉਨ੍ਹਾਂ ਦੇ ਏਜੰਟ ਨੇ ਯਾਤਰੀਆਂ ਨੂੰ ਜਹਾਜ ਤੋਂ ਜਬਰਦਸਤੀ ਉਤਾਰਨ ਦੀ ਧਮਕੀ ਦਿੱਤੀ। ਉਸ ਨੇ ਇੱਕ ਮਹੱਤਵਪੂਰਨ ਗੱਲ ਦਾ ਇਕਬਾਲ ਕੀਤਾ ਕਿ ਮਾਲਕ ਉਨ੍ਹਾਂ ਨੂੰ ਹਾਂਗਕਾਂਗ ਤੱਕ ਦੀ ਆਵਾਜਾਈ ਮੁਹੱਈਆ ਕਰਾਉਣ ਲਈ ਦੇਣਦਾਰ ਹਨ ਅਤੇ ਮਾਲਕ ਇਹ ਇੱਕ ਹੋਰ ਜਹਾਜ਼ ਤੇ ਮੁਹਈਆ ਕਰਾਉਣ ਬਾਰੇ ਗੱਲ ਕਰ ਰਹੇ ਸਨ। ਹੁਣ ਅਮਲੇ ਦੇ ਰਵਈਏ ਵਿੱਚ ਤਬਦੀਲੀ ਸੀ। ਇਹ ਇਸ ਤਰਾਂ ਸੀ, ਜਿਵੇਂ ਕਿ ਯਾਤਰਾ ਸਮਾਪਤ ਹੋ ਗਈ ਹੋਵੇ ਅਤੇ ਉਨ੍ਹਾਂ ਲਈ ਰਜ਼ਾਮੰਦ ਹੋਣ ਦਾ ਕੋਈ ਕਾਰਨ ਨਾ ਬਣਦਾ ਹੋਵੇ। ਪਰੰਤੂ ਕਿਉਂਕਿ ਯਾਤਰੀ ਸਮੁੰਦਰੀ ਕਿਨਾਰੇ 'ਤੇ ਜਾਣ ਲਈ ਅਜ਼ਾਦ ਸਨ। ਉਨ੍ਹਾਂ ਦੀ ਸਥਿਤੀ ਹੁਣ ਉਨ੍ਹੀ ਮੁਸ਼ਕਲ ਨਹੀਂ ਸੀ। ਜਿੰਨੀ ਕਿ ਵੈਨਕੂਵਰ ਵਿਚਲੇ ਸਭ ਤੋਂ ਭੈੜੇ ਦਿਨਾਂ ਵੇਲੇ ਸੀ।

ਮਹੀਨਿਆਂ ਬੱਧੀ ਯਾਤਰੀ ਇਨਕਲਾਬੀ ਪ੍ਰਚਾਰ ਪ੍ਰਸਾਰ ਦੇ ਮਹੌਲ 'ਚ ਰਹੇ ਸਨ ਅਤੇ ਕਨੇਡਾ ਵਿਚਲੇ ਉਨ੍ਹਾਂ ਦੇ ਬਦਕਿਸਮਤ ਅਨੁਭਵ ਨੇ ਜ਼ਿਆਦਾਤਰ ਉਸ ਸਭ ਕਾਸੇ ਦੀ, ਜੋ ਕੁਝ ਉਨ੍ਹਾਂ ਨੇ ਸੁਣਿਆ ਸੀ ਦੀ ਪੁਸ਼ਟੀ ਕਰ ਦਿੱਤੀ ਹੋਵਗੀ। ਫਿਰ ਵੀ, ਉਹ ਵਿਅਕਤੀਗਤ ਰੂਪ 'ਚ ਅਜੇ ਵੀ ਵਿਵਹਾਰਿਕ ਫੈਸਲੇ ਕਰ ਰਹੇ ਸਨ। 18 ਯੋਕੋਹਾਮਾ ਵਿਖੇ ਅਤੇ 15 ਕੋਬੇ ਵਿਖੇ ਜਹਾਜ਼ ਛੱਡ ਕੇ ਚਲੇ ਗਏ ਸਨ। ਇਨ੍ਹਾਂ ਵਿੱਚੋਂ ਕੁੱਝ ਘਰ ਜਾਣ ਲਈ ਕੋਈ ਹੋਰ ਰਸਤਾ ਲੱਭ ਰਹੇ ਸਨ। ਕੁਝ ਸ਼ੰਘਾਈ, ਹਾਂਗਕਾਂਗ, ਜਾਂ ਦੂਰ ਪੂਰਬ ਵਿੱਚ ਕਿਤੇ ਹੋਰ ਕੰਮ ਲੱਭਣਾ ਚਾਹੁੰਦੇ ਸਨ। ਸਿਰਫ਼ ਕੁੱਝ ਕੁ ਨੇ ਹੀ ਗਦਰ ਜਦੋ ਜਹਿਦ ਵਿੱਚ ਸਰਗਰਮ ਹੋਣ ਦਾ ਫ਼ੈਸਲਾ ਕੀਤਾ ਸੀ। ਇਨ੍ਹਾਂ ਵਿੱਚ ਗੁਰਦਿੱਤ ਸਿੰਘ ਦੇ ਦੋ ਲੈਫਟੀਨੈਂਟ ਬੀਰ ਸਿੰਘ ਸੁਹਾਗ ਅਤੇ ਰਾਵਲਪਿੰਡੀ ਦਾ ਹਰਨਾਮ ਸਿੰਘ ਸ਼ਾਮਿਲ ਸਨ। ਉੱਤਰੀ ਅਮਰੀਕਾ ਦੇ ਗਦਰੀਆਂ ਦੀ ਬਦੌਲਤ ਇਸ ਜੋੜੇ ਪਾਸ ਭਾਰਤ ਵਿੱਚ ਯੋਜਨਾਬੱਧ ਬਗਾਵਤ ਲਈ ਆਦਮੀ ਇਕੱਠੇ ਕਰਨ ਲਈ

ਸ਼ੰਗਾਈ ਅਤੇ ਹਾਂਗਕਾਂਗ ਜਾਣ ਲਈ ਧਨ ਰਾਸ਼ੀ ਸੀ। ਉਨ੍ਹਾਂ ਨੇ ਗੁਰਦਿੱਤ ਸਿੰਘ ਅਤੇ ਆਮ ਤੌਰ ਤੇ ਦੂਸਰੇ ਯਾਤਰੀਆਂ ਦੇ ਅਸ਼ੀਰਵਾਦ ਨਾਲ ਇਕੱਲਿਆਂ ਹੀ ਚਾਲੇ ਪਾ ਦਿੱਤੇ। ਭਾਵੇਂ ਉਹ ਕੁੱਝ ਅਜਿਹਾ ਕਰ ਰਹੇ ਸਨ, ਜਿਸ ਨੂੰ ਦੂਸਰਿਆਂ ਨੇ ਨਾ ਕਰਨ ਦਾ ਫੈਸਲਾ ਕੀਤਾ ਸੀ

ਉਪਲਬੱਧ ਸਬੂਤ ਦੇ ਅਧਾਰ ਤੇ, ਗੁਰਦਿੱਤ ਸਿੰਘ ਦੀ ਕਾਮਾਗਾਟਾ ਮਾਰੂ ਦੀ ਸਾਹਸੀ ਕਾਰਵਾਈ ਵਾਲੇ 5 ਮਹੀਨਿਆਂ ਦੀ ਆਰਥਿਕ ਸਥਿਤੀ ਦਾ ਸਹੀ ਹਿਸਾਬ ਲਾਉਣਾ ਅਸੰਭਵ ਹੈ। ਉਹ ਹੁਣ ਮੰਗੇ ਮੁੱਲ ਤੇ 8000 ਯੈੱਨ ਦਾ ਜਹਾਜ਼ ਖਰੀਦਣਾ ਚਹੁੰਦਾ ਸੀ ਅਤੇ ਪ੍ਰਤੱਖ ਤੌਰ ਤੇ ਉਸ ਪਾਸ ਅਜਿਹਾ ਕਰਨ ਲਈ ਸ੍ਰੋਤ ਵੀ ਸਨ। ਉਸ ਦੇ ਬੁਲਾਰਿਆਂ ਨੇ ਜਪਾਨ ਵਿੱਚ ਅੰਗਰੇਜ਼ੀ ਭਾਸ਼ੀ ਪਰੈੱਸ ਨੂੰ ਦੱਸਿਆ ਕਿ ਯਾਤਰੀਆਂ ਦੀ ਹਾਲਤ ਇੰਨੀ ਤਰਸਯੋਗ ਹੈ ਕਿ ਉਨ੍ਹਾਂ ਪਾਸ ਮੱਦਦ ਲਈ ਭਾਰਤ ਤਾਰ ਭੇਜਣ ਜੋਗੇ ਸਾਧਨ ਵੀ ਨਹੀਂ ਹਨ। ਇਹ ਪ੍ਰਚਾਰ ਪ੍ਰਸਾਰ ਸੀ। ਗੁਰਦਿੱਤ ਸਿੰਘ ਨੇ ਪੈਸਾ ਗੁੱਪਤ ਰੱਖਿਆ ਹੋਇਆ ਸੀ ਅਤੇ ਜਪਾਨ ਵਿੱਚ ਪਹੁੰਚਣ ਤੋਂ ਲੈਕੇ ਉਸ ਨੇ ਹੋਰ ਵਧੇਰੇ ਪ੍ਰਾਪਤ ਕਰ ਲਿਆ ਸੀ। ਹਜ਼ਾਰਾਂ ਡਾਲਰ ਕਨੇਡਾ ਅਤੇ ਸੰਯੁਕਤ ਰਾਜ ਤੋਂ ਉਸ ਦੇ ਗਦਰੀ ਦੋਸਤਾਂ ਨੇ ਭੇਜੇ। ਉਸ ਦੀਆਂ ਯੋਜਨਾਵਾਂ ਵੈਨਕੂਵਰ ਵਿੱਚ ਉਸ ਆਖਰੀ ਰਾਤ ਨੂੰ ਬਣਾਈਆ ਗਈਆਂ ਸਨ, ਜਦੋਂ ਹੁਸੈਨ ਰਹੀਮ, ਮਿੱਤ ਸਿੰਘ ਪੰਡੋਰੀ ਅਤੇ ਸਾਹਿਲ ਕਮੇਟੀ ਦੇ ਦੂਸਰੇ ਮੈਂਬਰਾਂ ਨੂੰ ਕਈ ਘੰਟੇ ਜਹਾਜ਼ ਉੱਪਰ ਠਹਿਰਨ ਦੀ ਆਗਿਆ ਮਿਲ ਗਈ ਸੀ। ਇਕੱਠਿਆਂ ਉਹ ਸਹਿਮਤ ਹੋ ਗਏ ਸਨ, ਕਿ ਉਨ੍ਹਾਂ ਨੂੰ ਕਾਮਾਗਾਟਾ ਮਾਰੂ ਖਰੀਦਣ ਦਾ ਯਤਨ ਕਰਨਾ ਚਾਹੀਂਦਾ ਹੈ ਤਾਂ ਕਿ ਕਨੇਡਾ ਦੇ ਕਾਨੂੰਨ ਅਨੁਸਾਰ ਜਹਾਜ਼ ਨੂੰ ਕੋਲਕਾਤਾ ਤੋਂ ਸਿੱਧਾ ਕਨੇਡਾ ਲਿਆ ਸਕਣ। ਉਨ੍ਹਾਂ ਨੇ ਕਨੇਡਾ ਸਰਕਾਰ ਨਾਲ ਨਿਬੇੜਾ ਨਹੀਂ ਕੀਤਾ ਸੀ ਅਤੇ ਨਾ ਹੀ ਹਾਰ ਪ੍ਰਵਾਨ ਕੀਤੀ ਸੀ। ਕੋਬੇ ਵਿੱਚ ਗੁਰਦਿੱਤ ਸਿੰਘ ਨੇ ਜਹਾਜ਼ ਲਈ ਇੱਕ ਪੇਸ਼ਕਸ਼ ਕੀਤੀ ਅਤੇ ਸਾਟੋ ਤੋਂ ਖਰੀਦ ਦੀਆਂ ਸ਼ਰਤਾਂ ਤਹਿ ਕਰਨ ਵਾਲਾ ਇੱਕ ਪੱਤਰ ਪ੍ਰਾਪਤ ਕੀਤਾ। ਇਸੇ ਵਜ੍ਹਾ ਕਰਕੇ ਉਹ ਹਰੇਕ ਕਾਣੀ ਕੌਡੀ ਵੀ ਜੋ ਉਸ ਪਾਸ ਸੀ ਸਾਂਭ ਕੇ ਰੱਖ ਰਿਹਾ ਸੀ।

ਹੁਣ ਉਸ ਦੇ ਪਾਸ ਯਾਤਰੀਆਂ 'ਚ ਸ਼ਾਮਿਲ ਹੋਏ ਸਿੰਧੀ ਭਰਾਵਾਂ 'ਚੋਂ ਇੱਕ ਜਣਾ, ਉਸ ਦੇ ਮੁੱਖ ਬੁਲਾਰੇ ਦੇ ਤੌਰ ਤੇ ਸੀ। ਉਹ ਕੋਬੇ ਵਿਚਲੇ ਛੋਟੇ ਜਿਹੇ ਲੇਕਿਨ ਖੁਸ਼ਹਾਲ ਭਾਰਤੀ ਵਪਾਰਿਕ ਭਾਈਚਾਰੇ ਨਾਲ ਸੰਬੰਧਿਤ ਸਨ। ਉਹ ਸਿੱਖ ਨਹੀਂ ਸਨ, ਪਰੰਤੂ ਅਜੋਕੇ ਪਾਕਿਸਤਾਨ ਦੇ ਸਿੰਧ ਪ੍ਰਾਂਤ ਵਿੱਚ ਹੈਦਰਾਬਾਦ ਵਿੱਚ ਵਸੇ ਪੰਜਾਬੀ ਭਾਈਚਾਰੇ 'ਚੋਂ ਉੱਚ ਜਾਤੀ ਦੇ ਖੱਤਰੀ ਹਿੰਦੂ ਸਨ। ਵੱਡਾ ਭਰਾ, 23 ਸਾਲਾ ਜਵਾਹਰ ਮੱਲ ਮਨਸੁਖਾਨੀ ਬੀ. ਏ. ਪੜ੍ਹਿਆ ਸੀ ਤੇ ਸਰਗਰਮ ਕਾਰਜਕਰਤਾ ਸੀ। ਉਸ ਦਾ ਛੋਟਾ ਭਰਾ, 17 ਸਾਲਾ ਨਾਰਾਇਣ ਦਾਸ, ਪਿਛੋਕੜ ਵਿੱਚ ਰਿਹਾ। ਜਵਾਹਰਮੱਲ ਮਨਸੁਖਾਨੀ ਨੇ, ਜਿਸ ਨੂੰ ਬਾਅਦ ਦੇ ਜੀਵਨ ਵਿੱਚ ਸਵਾਮੀ

ਗੋਬਿੰਦਾ ਨੰਦ ਦੇ ਤੌਰ ਤੇ ਜਾਣਿਆ ਗਿਆ, ਆਖਰਕਾਰ ਕਾਮਾਗਾਟਾ ਮਾਰੂ ਬਾਰੇ ਸਿੰਧੀ ਵਿੱਚ ਇੱਕ ਕਿਤਾਬਚਾ ਲਿਖਿਆ। ਕੋਬੇ ਵਿੱਚ ਉਹ ਗੁਰਦਿੱਤ ਸਿੰਘ ਅਤੇ ਯਾਤਰੀਆਂ ਦੇ ਮੁੱਖ ਬੁਲਾਰੇ ਦੇ ਤੌਰ ਤੇ ਅੱਗੇ ਆਇਆ। ਇਹ ਜਪਾਨੀ ਅਤੇ ਬਰਤਾਨਵੀ ਪਰੈੱਸ ਅਤੇ ਬਰਤਾਨਵੀ ਅਧਿਕਾਰੀਆਂ ਨਾਲ ਨਜਿੱਠਣ ਲਈ ਸੀ। ਉਸ ਨੇ ਯਾਤਰੀਆਂ ਦੇ ਅਤੇ ਕੋਬੇ ਵਿੱਚ ਭਾਰਤੀ ਭਾਈਚਾਰੇ ਦੇ ਮੈਂਬਰਾਂ ਦੇ ਮੁਜ਼ਾਹਰੇ ਜਥੇਬੰਦ ਕੀਤੇ। ਬਾਅਦ ਦੇ ਦਿਨਾਂ 'ਚ ਉਨ੍ਹਾਂ 150 ਜਣਿਆਂ ਨੇ ਕਸਬੇ ਦੁਆਲੇ ਜ਼ਬਰਦਸਤ ਮਾਰਚ ਕੀਤਾ। ਗੁਰਦਿੱਤ ਸਿੰਘ ਫੁੱਲਾਂ ਨਾਲ ਲੱਦਿਆ ਇੱਕ ਦੋ-ਪਹੀਆ ਰਿਕਸ਼ੇ ਤੇ ਸਵਾਰ ਹੋ ਕੇ ਨਾਲ ਨਾਲ ਚੱਲ ਰਿਹਾ ਸੀ। ਉਨ੍ਹਾਂ ਨੇ ਕੋਬੇ ਵਿੱਚ ਬਰਤਾਨਵੀ ਕਾਂਉਸਲ ਦੇ ਦਫਤਰ ਮੂਹਰੇ ਸਮਾਪਤੀ ਕੀਤੀ ਜਿੱਥੇ ਦਾ ਕਾਂਉਸਲ ਜਨਰਲ ਜਪਾਨੀ ਬੋਲਣ ਵਾਲਾ ਰਾਲਫ ਜੀ.ਈ. ਫੱਾਸਟਰ(Ralph G E Forster) ਸੀ। ਉਸ ਦੇ ਪਿਛਲੇ ਕੁੱਝ ਸਾਲ ਪਹਿਲਾਂ ਦੇ ਕਾਂਉਸਲੀ ਅਨੁਭਵ ਵਿੱਚ ਸ਼੍ਰੀ ਲੰਕਾ ਦੇ ਪ੍ਰਵਾਸੀਆਂ ਦੀ ਮਦਦ ਕਰਨਾ ਸ਼ਾਮਿਲ ਸੀ ਜੋ ਜਪਾਨ ਵਿੱਚ ਕੰਗਾਲ ਹੋ ਗਏ ਸਨ।

ਕਾਮਾਗਾਟਾ ਮਾਰੂ ਦੇ ਯਾਤਰੀਆਂ ਵੱਲੋਂ ਉਸ ਦੇ ਦਫਤਰ ਮੂਹਰੇ ਸ਼ੋਰ ਸ਼ਰਾਬਾ ਪਾਉਣ ਨਾਲ ਫਾਰੱਸਟਰ ਪ੍ਰਭਾਵਿਤ ਹੋ ਗਿਆ ਸੀ ਅਤੇ ਕੁੱਝ ਕੁ ਭੈ ਭੀਤ ਵੀ, ਪਰੰਤੂ ਅਜੇ ਵੀ ਚੋਖਾ ਸ਼ਾਂਤ ਸੀ। ਉਸ ਨੇ ਡੈਲੀਗੇਸ਼ਨ ਅੰਦਰ ਬੁਲਾ ਲਿਆ ਨੌਜਵਾਨ ਜਵਾਹਰਮੱਲ ਮਨਸੁਖਾਨੀ ਦੇ ਨਾਲ 30 ਸਿੱਖ ਪ੍ਰਵੇਸ਼ ਦੁਆਰ ਰਾਹੀਂ ਆਏ ਜਿਨ੍ਹਾਂ ਨੂੰ ਚਾਹ ਵਰਤਾਈ ਗਈ। ਇਸ ਮਿਲਣੀ ਦੁਰਾਨ ਫਾੱਸਟਰ ਨੇ ਮਨਸੁਖਾਨੀ ਨੂੰ ਇੱਕ ਬਹੁਤ ਹੀ ਖਤਰਨਾਕ ਵਿਅਕਤੀ ਦੇ ਤੌਰ ਤੇ ਅੰਗਿਆ। ਫਿਰ ਵੀ ਉਹ ਉਸ ਨਾਲ ਡੈਲੀਗੇਸ਼ਨ ਅਤੇ ਮਾਲਕਾਂ ਦੇ ਏਜੰਟ ਸਾਟੋ ਨਾਲ ਬੈਠਿਆ। ਸਿੱਟੇ ਵਜੋਂ ਉਸ ਨੇ ਵਿਲੀਅਮ ਕਨਿੰਘਮ ਗਰੀਨ (Willium Conyngham Greene), ਜੋ ਕਿ ਟੋਕੀਓ ਵਿੱਚ ਵਿਸ਼ਾਲ ਤਜ਼ਰਬੇ ਵਾਲਾ ਇੰਗਲੈਂਡ ਦਾ ਰਾਜਦੂਤ ਸੀ, ਨੂੰ ਤਾਰ ਭੇਜੀ। ਜਿਸ ਵਿਚ ਇਹ ਸਿਫਾਰਿਸ਼ ਕੀਤੀ ਕਿ ਕਾਮਾਗਾਟਾ ਮਾਰੂ ਦੇ ਯਾਤਰੀਆਂ ਨੂੰ ਵਿਤੀ ਸਹਾਇਤਾ ਮਿਲੇ। ਕਨਿੰਘਮ ਗਰੀਨ ਨੇ ਉਸ ਨੂੰ ਭਾਰਤ ਸਰਕਾਰ ਨਾਲ ਸਿੱਧੀ ਗੱਲਬਾਤ ਕਰਨ ਲਈ ਅਧਿਕਾਰਿਤ ਕਰ ਦਿੱਤਾ ਅਤੇ 27 ਅਗਸਤ ਅਤੇ ਮੁੜ 30 ਅਗਸਤ ਨੂੰ ਫਾੱਸਟਰ ਨੇ ਫੌਰੀ ਤਾਰਾਂ ਭੇਜਿਆ।

ਕਾਂਉਸਲਰ ਫਾੱਸਟਰ ਨੇ ਭਾਰਤ ਸਰਕਾਰ ਨੂੰ 19000 ਯੈੱਨ ਲਈ ਕਿਹਾ ਸੀ, ਜੋ ਕਾਮਾਗਾਟ ਮਾਰੂ ਦੀ ਜਪਾਨ ਤੋਂ ਭਾਰਤ ਦੀ 20 ਤੋਂ 25 ਦਿਨਾਂ ਤੱਕ ਦੀ ਯਾਤਰਾ ਲਈ ਰਸਦ ਪਾਣੀ ਅਤੇ ਕੋਲੇ ਲਈ ਅਕੀਰਾ ਨਗਾਟਾ ਵੱਲੋਂ ਕੀਤੇ ਦਾਅਵੇ ਦੀ ਪੂਰਤੀ ਲਈ ਕਾਫੀ ਸੀ। ਬਿਨਾਂ ਸਮਾਂ ਬਰਬਾਦ ਕੀਤਿਆਂ ਜਾਂ ਅੰਕੜੇ ਤੇ ਸੁਆਲ ਕੀਤਿਆਂ ਭਾਰਤੀ ਸਰਕਾਰ ਨੇ ਅਦਾਇਗੀ ਨੂੰ ਅਧਿਕਾਰਿਤ ਕਰ ਦਿੱਤਾ। ਇਸ ਵਿੱਚ ਵਿਦੇਸ਼ 'ਚ ਦੁਖੀ ਬਰਤਾਨਵੀ ਭਾਰਤੀ ਨਾਗਰਿਕਾਂ ਦੀਆਂ ਲੋੜਾਂ ਦੀ ਪੂਰਤੀ

ਨਾਲੋਂ ਕੁਝ ਵਧੇਰੇ ਸ਼ਾਮਿਲ ਸੀ। ਜੇਕਰ ਕਾਮਾਗਾਟਾ ਮਾਰੂ ਉੱਪਰਲੇ ਆਦਮੀਆਂ ਨੂੰ ਜਪਾਨ ਵਿੱਚ ਤਿਆਗ ਦਿੱਤਾ ਗਿਆ ਹੁੰਦਾ ਤਾਂ ਸਰਕਾਰ ਭਾਰਤ ਵਿੱਚ ਜ਼ਬਰਦਸਤ ਜਨਤਕ ਪ੍ਰਤੀਕਰਮ ਦੀ ਆਸ ਕਰ ਸਕਦੀ ਸੀ। ਉਨ੍ਹਾਂ ਨੂੰ ਉਹ ਕੁੱਝ ਦੇਣਾ, ਜੋ ਉਹ ਮੰਗਦੇ ਸਨ, ਇੱਕ ਸਸਤਾ ਅਤੇ ਤਰਜੀਹੀ ਬਦਲ ਸੀ। ਭਾਰਤ ਦੀ ਸਰਕਾਰ ਤੋਂ ਅਧਿਕਾਰਿਤ ਹੋਣ ਤੇ ਫਾੱਸਟਰ ਨੇ 9000 ਯੈੱਨ ਸਿੱਧੇ ਤੌਰ ਤੇ ਯਾਤਰੀਆਂ ਨੂੰ ਰਸਦ ਪਾਣੀ ਲਈ ਦੇ ਦਿੱਤੇ ਅਤੇ ਬੁੱਧਵਾਰ 2 ਸਤੰਬਰ ਨੂੰ ਉਹ ਯਾਤਰਾ ਲਈ ਤਿਆਰ ਹੋ ਗਏ। ਜਦੋਂ ਅਜੇ ਉਹ ਸਮੁੰਦਰ ਦੇ ਕਿਨਾਰੇ ਦੇ ਕੋਲ ਹੀ ਸਨ ਤਾਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਭਾਰਤ ਦੀ ਸਰਕਾਰ ਨੇ ਉਨ੍ਹਾਂ ਦਾ ਟਿਕਾਣਾ ਚੇਨੱਈ ਨਿਸ਼ਚਿਤ ਕੀਤਾ ਹੈ, ਨਾ ਕਿ ਕੋਲਕਾਤਾ। ਲਗਭਗ 3 ਕਿੱਲੋਮੀਟਰ ਸਮੁੰਦਰ ਵਿਚ ਜਾਣ ਤੇ ਉਨ੍ਹਾਂ ਨੇ ਅਮਲੇ ਨੂੰ ਲੰਗਰ ਸੁੱਟਣ ਲਈ ਮਜ਼ਬੂਰ ਕਰ ਦਿੱਤਾ ਅਤੇ ਸਿਰਫ਼ ਲਾਂਘੇ ਦੇ ਪੇਪਰ ਤਬਦੀਲ ਕਰਨ ਤੋਂ ਬਾਅਦ ਹੀ ਜਾਣ ਲਈ ਸਹਿਮਤ ਹੋਏ। ਆਖਰ ਨੂੰ ਕਾਮਾਗਾਟਾ ਮਾਰੂ ਵੀਰਵਾਰ, 3 ਸਤੰਬਰ ਨੂੰ ਕੋਬੇ ਤੋਂ ਚੱਲਿਆ।

8 ਸਤੰਬਰ ਨੂੰ ਵਾਇਸਰਾਏ ਲਾਰਡ ਹਾਰਡਿੰਗ ਨੇ, ਗਰਮੀਆਂ ਦੇ ਮੌਸਮ ਦੀ ਰਾਜਧਾਨੀ ਸ਼ਿਮਲਾ ਵਿਖੇ ਨਵੇਂ ਸ਼ੈਸ਼ਨ ਦੀ ਸ਼ੁਰੂਆਤ ਤੇ ਆਪਣੀ ਵਿਧਾਨ ਪ੍ਰੀਸ਼ਦ ਨੂੰ ਸੰਬੋਧਨ ਕੀਤਾ। ਉਹ ਯੁੱਧ ਬਾਰੇ ਅਤੇ ਕਾਮਾਗਾਟਾ ਮਾਰੂ ਬਾਰੇ ਬੋਲਿਆ। ਉਹ ਬਾਦਸ਼ਾਹ ਨੂੰ "ਬਰਤਾਨਵੀ ਅਤੇ ਭਾਰਤੀ ਬਲਾਂ ਦੀ ਸਭ ਤੋਂ ਵਧੀਆ ਅਤੇ ਸਭ ਤੋਂ ਵਿਸ਼ਾਲ ਫੌਜੀ ਤਾਕਤ" ਜੋ ਕਦੇ ਭਾਰਤ ਦੇ ਸਮੁੰਦਰੀ ਕਿਨਾਰਿਆਂ ਤੋਂ ਗਈ ਸੀ, ਦੀ ਪੇਸ਼ਕਸ਼ ਕਰ ਚੁੱਕਾ ਸੀ। ਉਸ ਨੇ ਭਾਰਤੀਆਂ ਨੂੰ ਕਿਹਾ ਕਿ ਉਹ "ਆਪਣੇ ਉਦੇਸ਼ ਨਾਲ ਇਨਸਾਫ਼ ਕਰਨ ਹਿੱਤ ਅਤੇ ਇਸ ਭਰੋਸੇ ਨਾਲ, ਕਿ ਰੱਬ ਸਹੀ ਦੀ ਰਾਖੀ ਕਰੇਗਾ। ਹਰ ਹਾਲਾਤ ਵਿੱਚ ਏਕਤਾ, ਸਵੈ-ਕੁਰਬਾਨੀ ਅਤੇ ਅਡੋਲ ਵਿਸ਼ਵਾਸ਼ ਦਾ ਰੱਵਈਆ ਦੁਨੀਆਂ ਨੂੰ ਦਿਖਾਉਣ।" ਕਾਮਾਗਾਟਾ ਮਾਰੂ ਦਾ ਤਾਜ਼ਾ ਇਤਿਹਾਸ ਇੱਕ ਉਲਝਣ ਸੀ। ਜਿਸ ਨੂੰ ਉਸ ਨੇ ਖਾਰਜ਼ ਕਰਨ ਦੀ ਕੋਸ਼ਿਸ਼ ਕੀਤੀ। ਅਰਧ ਸੱਚਾਈਆਂ ਨਾਲ ਇਸ ਗੱਲ ਤੋਂ ਮੁਨਕਰ ਹੁੰਦਿਆਂ, ਕਿ ਭਾਰਤ ਦੀ ਕਿਸੇ ਵੀ ਰਾਜ (ਡੋਮਿਨੀਅਨ) ਖ਼ਿਲਾਫ਼ ਸ਼ਿਕਾਇਤ ਨਹੀ ਸੀ। ਜਾਂ ਕੋਈ ਵਿਤਕਰੇ ਦੀ ਨੀਤੀ ਲਾਗੂ ਸੀ। ਜਿਹੜੀ ਇਕੱਲੇ ਭਾਰਤੀਆਂ ਖ਼ਿਲਾਫ਼ ਸੇਧਿਤ ਸੀ। ਗਲਤ ਢੰਗ ਨਾਲ ਦਾਅਵਾ ਕਰਦਿਆਂ ਕਿ ਕਨੇਡਾ ਦਾ ਅਧਿਆਦੇਸ਼ (ਹੁਕਮਨਾਮੇ) ਲਾਗੂ ਸੀ, ਜੋ ਸਾਰੇ ਕਿਰਤੀਆਂ ਨੂੰ ਬਾਹਰ ਰੱਖਦਾ ਸੀ। ਭਾਵੇਂ ਉਹ ਯੂਨਾਈਟਡ ਕਿੰਗਡਮ (ਇੰਗਲੈਂਡ) ਤੋਂ ਵੀ ਹੋਣ। ਉਸ ਨੇ ਪ੍ਰੀਸ਼ਦ ਨੂੰ ਦੱਸਿਆ ਕਿ ਹਰ ਕਿਸੇ ਨੂੰ ਕਾਮਾਗਾਟਾ ਮਾਰੂ ਦੇ ਯਾਤਰੀਆਂ ਦੁਆਰਾ ਝੱਲੀ ਗਈ ਬੇਆਰਾਮੀ ਤੇ ਅਫਸੋਸ ਹੋਣਾ ਚਾਹੀਦਾ ਹੈ। ਪਰੰਤੂ ਉਸ ਨੇ ਕਿਹਾ, ਯਾਤਰਾ ਦੇ ਸੰਗਠਨ ਕਰਤਾ "ਅਪਰਾਧਿਕ ਰੂਪ 'ਚ ਜ਼ਿੰਮੇਵਾਰ" ਹਨ। ਕਿਉਂਕਿ "ਉਨ੍ਹਾਂ ਨੂੰ ਪੂਰਨ ਤੌਰ ਤੇ ਚੰਗੀ ਤਰਾਂ ਜਾਣੂ ਹੋਣਾ ਚਾਹੀਦਾ ਸੀ। ਕਿ ਦਾਖਲੇ ਤੋਂ ਇਨਕਾਰ ਕੀਤਾ ਜਾਵੇਗਾ।"

ਲਾੱਰਡ ਹਾਰਡਿੰਗ ਇੱਕ ਵਿਧਾਨਕ ਸੰਸਥਾ ਨੂੰ ਸੰਬੋਧਨ ਕਰ ਰਿਹਾ ਸੀ। ਜਿਸ ਵਿੱਚ 38 ਅਧਿਕਾਰੀ ਅਤੇ ਨਾਮਜ਼ਦ ਵਿਅਕਤੀ ਸਨ। ਜੋ ਸਾਰੇ ਯੂਰਪੀਅਨ ਸਨ। 27 ਚੁਣੇ ਹੋਏ ਮੈਂਬਰ, ਜੋ ਲਗਭਗ ਸਾਰੇ ਭਾਰਤੀ ਸਨ। (ਪੰਜ ਸਾਲ ਪਹਿਲਾਂ ਕੋਈ ਵੀ ਚੁਣਿਆ ਹੋਇਆ ਭਾਰਤੀ ਮੈਂਬਰ ਨਹੀਂ ਸੀ ) ਬੰਗਾਲ ਦਾ ਸੁਰਿੰਦਰ ਨਾਥ ਬੈਨਰਜੀ ਅਤੇ ਖਾਨ ਬਹਾਦਰ ਮੀਰ ਅਸਦ ਅਲੀ ਖਾਨ, ਜੋ ਚੇਨੱਈ ਦੇ ਮੁਸਲਮਾਨ ਭਾਈਚਾਰੇ ਦੀ ਨੁੰਮਇੰਦਗੀ ਕਰਦੇ ਸਨ, ਨੇ ਜਾਣਨਾ ਚਾਹਿਆ ਕਿ ਭਾਰਤੀ ਸਰਕਾਰ ਨੇ ਕਾਮਾਗਾਟਾ ਮਾਰੂ ਦੇ ਯਾਤਰੀਆਂ ਨਾਲ ਵਿਵਹਾਰ ਬਾਰੇ ਕੀ ਕੀਤਾ ਹੈ ਅਤੇ ਭਵਿੱਖ ਵਿੱਚ ਭਾਰਤੀ ਪ੍ਰਵਾਸੀਆਂ ਨਾਲ ਵਧੇਰੇ ਚੰਗੇ ਵਿਵਹਾਰ ਦੀ ਪ੍ਰਾਪਤੀ ਲਈ ਕੀ ਕਰਨ ਦਾ ਸੁਝਾਉ ਰੱਖਦੀ ਹੈ। ਜੋ ਉੱਤਰ ਉਨ੍ਹਾਂ ਨੂੰ ਮਿਲੇ, ਕੋਈ ਬਹੁਤਾ ਇਸ ਮਸਲੇ ਤੇ ਰੋਸ਼ਨੀ ਪਾਉਣ ਵਾਲੇ ਨਹੀਂ ਸਨ। ਵਾਇਸਰਾਏ ਨੇ ਇਹ ਪੈਂਤੜਾ ਲੈ ਲਿਆ ਸੀ ਕਿ ਜਿੰਨਾ ਚਿਰ ਯਾਤਰੀਆਂ ਦਾ ਮਾਮਲਾ ਕਨੇਡਾ ਦੀਆਂ ਅਦਾਲਤਾਂ 'ਚ ਹੈ ਉਨ੍ਹਾਂ ਚਿਰ ਉਸ ਦੀ ਸਰਕਾਰ ਵੱਲੋਂ ਦਖਲ ਅੰਦਾਜ਼ੀ ਕਰਨ ਦੀ ਕੋਈ ਤੁੱਕ ਨਹੀਂ ਬਣਦੀ। ਜਦੋਂ ਕਨੇਡਾ ਵਾਲੇ ਹਥਿਆਰਬੰਦ ਤਾਕਤ ਦੀ ਵਰਤੋਂ ਬਾਰੇ ਵਿਚਾਰ ਰਹੇ ਸਨ ਤਾਂ ਉਸ ਨੇ ਦਖਲਅੰਦਾਜੀ ਕੀਤੀ ਸੀ ਅਤੇ ਉਸ ਨੇ ਦਰਸਾਇਆ ਕਿ ਕੋਈ ਵੀ ਤਾਕਤ ਨਹੀਂ ਵਰਤੀ ਗਈ ਸੀ। ਸਭ ਕੁਝ ਇਹੀ ਸੀ ਜੋ ਉਹ ਅਤੇ ਉਸ ਦੇ ਅਧਿਕਾਰੀ ਕਹਿਣਾ ਚਾਹ ਰਹੇ ਸਨ।

ਹਾਲਾਤ ਦਾ ਇੱਕ ਪੱਖ ਅਜਿਹਾ ਸੀ। ਜਿਹੜਾ ਕਿ ਵਾਇਸਰਾਏ ਲਾਰਡ ਹਾਰਡਿੰਗ ਜਨਤਕ ਨਹੀਂ ਕਰਨਾ ਚਾਹੁੰਦਾ ਸੀ। ਕਿਉਂਕਿ ਇਹ ਸਰਕਾਰ ਦੀਆਂ ਮੁਸ਼ਕਲਾਂ ਦਾ ਹੀ ਪ੍ਰਚਾਰ ਕਰੇਗਾ। ਹਾੱਪਕਿਨਸਨ ਦੀਆਂ ਰਿਪੋਰਟਾਂ ਦੀ ਬਦੌਲਤ ਉਹ ਜਾਣਦਾ ਸੀ ਕਿ ਉੱਤਰੀ ਅਮਰੀਕਾ ਦੇ ਭਾਰਤੀ ਇਨਕਲਾਬੀ ਬਗਾਵਤ ਦਾ ਝੰਡਾ ਬੁਲੰਦ ਕਰਨ ਲਈ ਜਨਤਕ ਵਾਪਸੀ ਦਾ ਪ੍ਰਬੰਧ ਕਰ ਰਹੇ ਹਨ। ਉਹ ਜਾਣਦਾ ਸੀ ਕਿ ਬਰਤਾਨੀਆਂ ਦੇ ਯੁੱਧ ਦੇ ਐਲਾਨ ਤੋਂ ਕੁਝ ਦਿਨ ਪਿੱਛੋਂ ਇਨਕਲਾਬੀ ਮੰਤਵ ਲਈ ਆਦਮੀ ਭਰਤੀ ਕਰਨ ਅਤੇ ਧਨ ਲਈ, ਫਰੈਜਨੋ, ਸਟਾੱਕਟਨ ਅਤੇ ਸੈਕਰਾਮੈਨਟੋ, ਕੈਲੇਫੋਰਨੀਆ ਅਤੇ ਪੋਰਟਲੈਂਡ, ਔਰੇਗਨ ਵਿਖੇ ਮੀਟਿੰਗਾਂ ਹੋਈਆਂ ਸਨ। ਹਾੱਪਕਿਨਸਨ ਨੇ 11 ਸਤੰਬਰ ਤੱਕ ਇਸ ਸਰਗਰਮੀ ਬਾਰੇ ਸੂਚਨਾ ਦਿੱਤੀ ਸੀ ਅਤੇ ਬਾਅਦ ਵਿੱਚ ਉਸ ਨੇ ਵਿਕਟੋਰੀਆ ਤੋਂ 22 ਅਗਸਤ ਨੂੰ ਸੀ ਪੀ ਆਰ ਦੇ ਐਮਪ੍ਰੈਸ ਆੱਫ ਇੰਡੀਆ ਰਾਹੀਂ ਜਾਣ ਵਾਲੇ 26, ਵੈਨਕੂਵਰ ਤੋਂ 25 ਅਗਸਤ ਨੂੰ ਸ਼ਿਜ਼ੂਕਾ ਮਾਰੂ ਰਾਹੀਂ ਜਾਣ ਵਾਲੇ 19 ਅਤੇ ਸਨ ਫਰਾਂਸਿਸਕੋ ਤੋਂ 29 ਅਗਸਤ ਨੂੰ ਪੈਸੇਫਿਕ ਮੇਲ ਸਟੀਮਸ਼ਿੱਪ ਕੋ. ਦੇ ਕੋਰੀਆ ਰਾਹੀਂ ਜਾਣ ਵਾਲੇ 63 ਇਨਕਲਾਬੀਆਂ ਦੀ ਪਛਾਣ ਕੀਤੀ ਸੀ। ਅਗਾਊਂ ਚੇਤਾਵਨੀ ਪ੍ਰਾਪਤ, ਵਾਇਸਰਾਏ ਨੇ ਇੱਕ ਵਿਸ਼ੇਸ਼ ਹੁਕਮਨਾਮੇ ਰਾਹੀਂ ਦੇਸ਼ ਵਿੱਚ ਦਾਖਲ ਹੋਣ ਵਾਲੇ ਕਿਸੇ ਵੀ ਵਿਅਕਤੀ ਨੂੰ ਗ੍ਰਿਫਤਾਰ ਕਰਨ ਦੀ ਸ਼ਕਤੀ ਹਾਸਲ ਕਰ ਲਈ ਸੀ। ਜੇਕਰ ਇਹ ਰਾਜ ਦੀ ਸੁਰੱਖਿਆ ਹਿੱਤ

ਜਾਂ ਸ਼ਾਂਤੀ ਦੀ ਰਾਖੀ ਲਈ ਜ਼ਰੂਰੀ ਸਮਝਿਆ ਜਾਵੇ ਤਾਂ ਇਹ ਅਧਿਆਦੇਸ਼ ਰਾਹੀਂ ਕਾਨੂੰਨੀ ਘੁਸਪੈਂਠ ਸੀ। ਜਿਸ ਨੂੰ 5 ਸਤੰਬਰ ਨੂੰ ਕਾਨੂੰਨੀ ਜਾਮਾ ਪਹਿਨਾ ਦਿਤਾ ਗਿਆ ਸੀ।

ਇਸ ਪ੍ਰਸੰਗ ਵਿੱਚ ਕਾਮਾਗਾਟਾ ਮਾਰੂ ਇੱਕ ਜਾਣਿਆ ਪਹਿਚਾਣਿਆ ਸਮੁੰਦਰੀ ਜਹਾਜ਼ ਸੀ। ਜਦੋਂ ਇਹ ਅਜੇ ਕੋਬੇ ਵਿੱਚ ਸੀ। ਭਾਰਤੀ ਸਰਕਾਰ ਨੇ ਕਾਂਉਸਲ ਜਨਰਲ ਫਾੱਸਟਰ ਨੂੰ ਕਿਸੇ ਵੀ ਗੜਬੜ ਕਰਨ ਵਾਲਿਆਂ ਦੇ ਨਾਂ ਤਾਰ ਰਾਹੀਂ ਭੇਜਣ ਨੂੰ ਕਹਿ ਦਿੱਤਾ ਸੀ।(ਇੱਕੋ ਇੱਕ ਵਿਅਕਤੀ ਜਿਸ ਨੂੰ ਉਹ ਪਛਾਣ ਸਕਦਾ ਸੀ। ਉਹ ਸਿੰਧ ਤੋਂ ਵਿਦਿਆਰਥੀ ਪ੍ਰੋਫੈਸਰ ਜ਼ਵਾਹਰਮੱਲ ਮਨਸੁਖਾਨੀ ਸੀ। ਇਸ ਲਈ ਉਸ ਦਾ ਨਾਂ ਲੈਣ ਵਿੱਚ ਉਸ ਨੂੰ ਕੋਈ ਹਿਚਕਚਾਹਟ ਨਹੀਂ ਸੀ।) ਭਾਰਤੀ ਸਰਕਾਰ ਨੇ ਬਾਕੀ ਰਹਿੰਦੇ ਰਸਤੇ ਲਈ ਯਾਤਰੀਆਂ ਦੇ ਨਾਲ ਯਾਤਰਾ ਤੇ ਜਾਣ ਲਈ ਅਫ਼ਸਰ ਭੇਜਣ ਬਾਰੇ ਸੋਚਿਆ, ਪਰੰਤੂ ਪ੍ਰਤੱਖ ਤੌਰ ਤੇ ਇਸ ਲਈ ਚੋਖਾ ਸਮਾਂ ਨਹੀਂ ਸੀ। ਫਿਰ ਵੀ ਜਦੋਂ ਕਾਮਾਗਾਟ ਮਾਰੂ 16 ਸਤੰਬਰ ਨੂੰ ਸਿੰਘਾਪੁਰ ਪਹੁੰਚਿਆ, ਇਹ ਇੱਕ ਜਾਣ ਪਹਿਚਾਣ ਵਾਲਾ ਜਹਾਜ਼ ਸੀ ਅਤੇ ਬਰਤਾਨਵੀ ਅਧਿਕਾਰੀਆਂ ਨੇ ਇਸ ਦੇ ਕਿਸੇ ਵੀ ਯਾਤਰੀ ਨੂੰ ਸਮੁੰਦਰ ਦੇ ਕਿਨਾਰੇ ਤੇ ਜਾਣ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ। ਕਈ ਆਦਮੀ ਜਹਾਜ਼ ਤੋਂ ਉਤਰਨਾ ਚਾਹੁੰਦੇ ਸਨ। ਕੁੱਝ ਰੁਜ਼ਗਾਰ ਲੱਭਣ ਦੀ ਆਸ ਨਾਲ ਅਤੇ ਮਨਸੁਖਾਨੀ ਭਰਾ ਮੁੰਬਈ ਲਈ ਜਹਾਜ਼ ਬਦਲਣੇ ਚਾਹੁੰਦੇ ਸਨ, ਜੋ ਉਨਾਂ ਦੇ ਘਰ ਹੈਦਰਾਬਾਦ ਨੂੰ ਜਾਣ ਵਾਲੇ ਰਸਤੇ ਤੇ ਪੈਂਦਾ ਸੀ। ਪਰੰਤੂ ਸਿੰਘਾਪੁਰ ਵਿਖੇ ਸਭ ਤੋਂ ਨੇੜੇ ਦਾ ਲੰਗਰ ਸੁੱਟਣ ਦਾ ਸਥਾਨ ਬਾਹਰ ਜਲ-ਡਮਰੂ-ਮੱਧਾਂ ਵਿੱਚ 5 ਕਿੱਲੋਮੀਟਰ ਦੀ ਦੂਰੀ ਤੇ ਸੀ। ਗੁਰਦਿੱਤ ਸਿੰਘ ਸਰਹਾਲੀ ਨੇ ਸਿੰਘਾਪੁਰ ਅਤੇ ਮਲਾਇਆ ਰਾਜਾਂ ਦਾ ਲੰਬੇ ਸਮੇਂ ਤੱਕ ਵਾਸੀ ਰਿਹਾ ਹੋਣ ਕਰਕੇ ਆਪਣਾ ਨਿੱਜੀ ਸਮਾਨ ਚੁੱਕਣ ਲਈ ਸਮੁੰਦਰ ਦੇ ਕਿਨਾਰੇ ਤੇ ਆਉਣਾ ਚਾਹਿਆ। ਪਰੰਤੂ ਉਸ ਨੂੰ ਆਗਿਆ ਨਾ ਦਿੱਤੀ ਗਈ। ਦੋ ਜਾਂ ਤਿੰਨ ਦਿਨਾਂ ਪਿੱਛੋਂ, ਯਾਤਰੀਆਂ ਨੇ ਫ਼ੈਸਲਾ ਕੀਤਾ ਕਿ ਹੋਰ ਵਧੇਰੇ ਦੇਰੀ ਨਾਲ ਕੁੱਝ ਵੀ ਫਾਇਦਾ ਹੋਣ ਵਾਲਾ ਨਹੀਂ ਹੈ। ਸਿੰਘਾਪੁਰ ਦੇ ਅਧਿਕਾਰੀ ਆਪਣਾ ਦਾਅਵਾ ਨਹੀਂ ਤਿਆਗ ਰਹੇ ਸਨ-ਅਤੇ 19 ਸਤੰਬਰ ਨੂੰ, ਕਾਮਾਗਾਟਾ ਮਾਰੂ ਨੇ ਆਪਣੀ ਯਾਤਰਾ ਦਾ ਆਖਰੀ ਪੜਾ ਸ਼ੁਰੂ ਕੀਤਾ।

ਯਾਤਰੀ ਯੁੱਧ ਸਮੇਂ ਦੇ ਸਮੁੰਦਰਾਂ ਵਿੱਚੋਂ ਦੀ ਜਾ ਰਹੇ ਸਨ। ਪਰੰਤੂ ਉਨ੍ਹਾਂ ਦੀ ਗਦਰ ਪਾਰਟੀ ਦੇ ਕਾਰਜ ਕਰਤਾਵਾਂ ਦੁਆਰਾ ਰੱਖਿਆ ਕੀਤੀ ਗਈ ਸੀ। ਜਿਨ੍ਹਾਂ ਨੇ ਜਾਪਾਨ ਵਿਚਲੇ ਜਰਮਨ ਦੂਤਘਰ ਨਾਲ ਸੰਪਰਕ ਕਰ ਲਿਆ ਸੀ। ਪਹਿਲੇ ਵਿਸ਼ਵ ਯੁੱਧ ਨੂੰ ਇੱਕ ਮਹੀਨਾ ਹੋ ਚੁੱਕਾ ਸੀ। ਜਰਮਨਾਂ ਨੇ ਆਪਣੇ ਅਹਿਮ ਸਮੁੰਦਰੀ ਤਾਕਤ ਸੰਗਠਿਤ ਗਸ਼ਤੀ ਜਹਾਜ਼ (ਕਰੂਜ਼ਰ) ਐਸ ਐਮ ਐਸ ਐਮਡਨ, (SMS Emden) ਨੂੰ ਚੁੱਪਚਾਪ ਚੀਨੀ ਸਮੁੰਦਰ ਤੋਂ ਹਿੰਦ ਮਹਾਂਸਾਗਰ 'ਚ ਭੇਜ ਦਿੱਤਾ। ਜਦੋਂ ਕਾਮਾਗਾਟਾ

ਮਾਰੂ ਮਾਲੱਕਾ ਜਲਡਮਰੂ-ਮੱਧ (Strait of Mallaca) ਵਿਚੋਂ ਦੀ ਲੰਘਿਆ, ਅਤੇ ਇਸ ਨੇ ਅੰਡੇਮਾਨ ਸਾਗਰ ਅਤੇ ਬੰਗਾਲ ਦੀ ਖਾੜੀ ਨੂੰ ਪਾਰ ਕੀਤਾ ਤਾਂ ਐਮਡਨ ਆਪਣੇ ਸ਼ਿਕਾਰ ਦੀ ਟੋਹ ਵਿੱਚ ਸੀ। ਇਹ ਕੋਲਕਾਤਾ ਤੋਂ ਆ ਰਹੇ 5 ਜਹਾਜ਼ਾਂ (ਸਟੀਮਰਾਂ) ਨੂੰ ਡੁਬੋਣ ਲਈ ਪਹਿਲੀ ਵਾਰ 15 ਸਤੰਬਰ ਨੂੰ ਹੁਗਲੀ ਦਰਿਆ ਦੇ ਮੁਹਾਣੇ ਦੇ ਨੇੜੇ ਦਿਖਾਈ ਦਿੱਤਾ ਸੀ। ਆਉਣ ਵਾਲੇ ਦੋ ਹਫਤਿਆਂ ਦੌਰਾਨ ਇਹ ਬੰਗਾਲ ਦੀ ਖਾੜੀ 'ਚ ਘੁੰਮਦਾ ਰਿਹਾ। ਇਸਨੇ ਰੰਗੂਨ ਦੇ ਨੇੜੇ ਪਹੁੰਚ ਰਹੀ ਛੇਵੀਂ ਪੋਤ ਨੂੰ ਡੁਬੋਇਆ, ਚੇਨੱਈ 'ਤੇ ਗੋਲੇ ਦਾਗੇ ਅਤੇ ਪਾਂਡੀਚਰੀ ਤੋਂ ਦਿਖਾਈ ਦਿੰਦਾ ਹੋਇਆ ਖੁੱਲ੍ਹੇ ਤੌਰ ਤੇ ਗੁਜ਼ਰਿਆ। ਤਿੰਨ ਬਰਤਾਨਵੀ ਗਸ਼ਤੀ ਜਹਾਜ਼ ਇਸ ਨਾਲ ਰਲਣ ਵਿੱਚ ਅਸਮਰਥ ਰਹੇ ਅਤੇ ਇਸ ਨੂੰ ਰਾਤ ਨੂੰ ਦਲੇਰਾਨਾ ਢੰਗ ਨਾਲ ਸ਼ਕਤੀਸ਼ਾਲੀ ਰੌਸ਼ਨੀਆਂ ਵਿੱਚ, ਜਿਨ੍ਹਾਂ ਨਾਲ ਇਹ ਮੀਲਾਂ ਦੂਰ ਤੱਕ ਦਿਖਾਈ ਦਿੰਦਾ ਸੀ, ਕੋਲਾ ਲੈਂਦੇ ਨੂੰ ਦੇਖਿਆ ਗਿਆ। ਕੋਲਕਾਤਾ ਦੀ ਬੰਦਰਗਾਹ ਤੇ ਜਹਾਜ਼ਾਂ ਦਾ ਆਉਣਾ ਜਾਣਾ ਕਾਫੀ ਘਟਾ ਦਿੱਤਾ ਗਿਆ ਸੀ ਅਤੇ ਸਿੱਟੇ ਵਜੋਂ ਗੋਦੀਆਂ ਤੇ ਕੰਮ ਕਰਨ ਵਾਲੀ ਇਤਫਾਕੀਆ ਕਾਮਿਆਂ ਦੀ ਵੱਡੀ ਗਿਣਤੀ ਕੰਮ ਤੋਂ ਵਿਹਲੀ ਹੋ ਗਈ ਸੀ। ਇਹ ਇੱਕ ਅਜਿਹਾ ਸੰਕਟ ਸੀ। ਜਿਸ ਦੀ ਡਿਸਟ੍ਰਿਕਟ ਚੈਰੀਟੇਬਲ ਸੋਸਾਇਟੀ ਨੇ ਭੋਜਨ ਦੀ ਖਰੀਦ ਲਈ ਸਵੈਇੱਛਤ ਚੰਦਿਆਂ ਨਾਲ ਪੂਰਤੀ ਕਰਨ ਦੀ ਕੋਸ਼ਿਸ਼ ਕੀਤੀ ਸੀ। ਬੰਗਾਲ ਦੀ ਖਾੜੀ ਵਿੱਚ ਕਿਸੇ ਥਾਂ ਕਾਮਾਗਾਟਾ ਮਾਰੂ, ਐਮਡਨ ਤੋਂ ਅੱਗੇ ਲੰਘਿਆ। ਉਨ੍ਹਾਂ ਨੇ ਸੰਕੇਤਾਂ ਦਾ ਵਟਾਂਦਰਾ ਕੀਤਾ ਅਤੇ ਵਿਰੋਧੀ ਦਿਸ਼ਾਵਾਂ 'ਚ ਚੱਲਣਾ ਜਾਰੀ ਰੱਖਿਆ।

ਯੁੱਧ, ਗਦਰ ਦਾ ਹਥਿਆਰਾਂ ਦਾ ਸੱਦਾ, ਕਾਮਾਗਾਟਾ ਮਾਰੂ ਨੂੰ ਸ਼ਾਮਿਲ ਕਰਦੀਆਂ ਗਦਰ ਦੀਆਂ ਕਹਾਣੀਆਂ ਅਤੇ ਕੋਲਕਾਤਾ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ, ਭਾਰਤ ਸਰਕਾਰ ਨੂੰ ਚੌਕਸ ਕਰਨ ਲਈ ਕਾਫੀ ਵਧਕੇ ਕਾਰਣ ਸਨ। ਇਸ ਚੌਕਸੀ ਨੇ ਇੱਕ ਸੀਨੀਅਰ ਕਰਿਮੀਨਲ ਇਨਟੈਲੀਜੈਂਸ ਡਿਪਾਰਟਮੈਂਟ ਅਫ਼ਸਰ, ਡੇਵਿਡ ਪੈਟਰੀ (David Patrie) ਨੂੰ ਦੋ ਹਫਤਿਆਂ ਲਈ ਖੁਲਾਸਾ ਕਰਨ ਲਈ ਭਾਰਤ ਦੀ ਗਰਮੀਆਂ ਦੀ ਰਾਜਧਾਨੀ ਸ਼ਿਮਲਾ ਭੇਜਿਆ ਸੀ। ਇਹੀ ਡੇਵਿਡ ਪੈਟਰੀ, ਜੋ ਬੈਨਫਸ਼ਾਇਰ(Banffshire) ਤੋਂ ਇੱਕ ਸਕਾਟ ਸੀ ਅਤੇ ਐਬਰਡੀਨ (Aberdeen) ਯੂਨੀਵਰਸਿਟੀ ਦਾ ਪੜ੍ਹਿਆ ਸੀ, ਬਰਤਾਨੀਆਂ ਦੀ ਕਾਊਂਟਰ ਇਨਟੈਲੀਜੈਂਸ ਏਜੰਸੀ। ਐਮ ਆਈ 5 ਦਾ ਦੂਜੇ ਵਿਸ਼ਵ ਯੁੱਧ ਦਾ ਮੁਖੀ ਬਣਿਆ। 1914 ਵਿੱਚ ਉਹ ਪਹਿਲਾਂ ਹੀ ਚੜ੍ਹਤ 'ਚ ਸੀ ਅਤੇ ਕਾਮਾਗਾਟਾ ਮਾਰੂ ਨਾਲ ਸੰਬੰਧਿਤ ਉਸ ਦੀ ਭੂਮਿਕਾ ਨੇ ਉਸ ਨੂੰ ਪੇਸ਼ੇ ਵਜੋਂ ਕੋਈ ਨੁਕਸਾਨ ਨਹੀਂ ਪਹੁੰਚਾਇਆ ਜਾਪਦਾ। ਇਸ ਦੇ ਬਾਵਜੂਦ ਕਿ ਉਸ ਨੇ ਇੱਕ ਰਿਸਣ ਵਾਲਾ ਜ਼ਖਮ ਖਾਧਾ ਅਤੇ ਇਸ ਕਰਕੇ ਤੰਦਰੁਸਤੀ ਲਈ ਛੁੱਟੀ ਤੇ ਰਿਹਾ। ਕਿਸੇ ਹੋਰ ਸਥਾਨ ਤੇ ਅਤੇ ਕਿਸੇ ਹੋਰ ਸਮੇਂ, ਕਾਮਾਗਾਟਾ ਮਾਰੂ ਵਰਗੇ ਗਲਤ ਢੰਗ ਨਾਲ ਨਜਿੱਠੇ ਮਾਮਲੇ ਵਿੱਚ ਉਸ ਦੀ

ਭੂਮਿਕਾ ਨੌਕਰੀ ਵਿਚ ਨੁਕਸਾਨ ਦੇਹ ਵੀ ਹੋ ਸਕਦੀ ਸੀ। ਪਰੰਤੂ ਕਿਸਮਤ ਨਾਲ ਉਸ ਨਾਲ ਏਦਾਂ ਨਹੀਂ ਸੀ ਹੋਇਆ।

ਪੈਟਰੀ ਲੁਧਿਆਣਾ ਤੋਂ ਕੋਲਕਾਤਾ 25 ਪੰਜਾਬੀ ਪੁਲਿਸ ਕਾਂਸਟੇਬਲ, ਇੱਕ ਚੋਟੀ ਦੇ ਪੁਲਿਸ ਕਰਮਚਾਰੀ ਡਿਪਟੀ ਸੁਪਰਡੈਂਟ ਸੁੱਖਾ ਸਿੰਘ ਅਤੇ ਦੋ ਯੂਰਪੀ ਪੁਲਿਸ ਅਫ਼ਸਰਾਂ ਨੂੰ ਨਾਲ ਲੈ ਕੇ ਪੁਹੰਚਿਆ ਸੀ। ਪੁਖਤਾ ਪਥਪ੍ਰਦਰਸ਼ਨ ਅਤੇ ਸਲਾਹ ਮਸ਼ਵਰੇ ਲਈ ਰਾਬਰਟ ਹੰਫਰੀ (Robert Humphrey)ਨੂੰ ਵੀ ਨਾਲ ਲੈ ਆਇਆ। ਉਹ ਪੰਜਾਬ ਦੇ ਹੁਸ਼ਿਆਰਪੁਰ ਜਿਲ੍ਹੇ ਦਾ ਡਿਪਟੀ ਕਮਿਸ਼ਨਰ ਸੀ। ਹੰਫਰੀ ਪੰਜਾਬ ਵਿੱਚ 20 ਸਾਲ ਦੀ ਸਰਕਾਰੀ ਸੇਵਾ ਦੇ ਤਜਰਬੇ ਵਾਲਾ, ਕੋਰਕ (Cork) ਅਤੇ ਕੈਂਬਰਿਜ ਦਾ ਪੜ੍ਹਿਆ, ਇਕ ਅਇਰਲੈਂਡ ਵਾਸੀ ਸੀ। ਇਸ ਤੋਂ ਵੱਧ ਮਹੱਤਵਪੂਰਨ, ਉਸ ਦੀ ਮਨਮੋਹਕਤਾ ਅਤੇ ਉਸਤਾਦੀ ਲਈ ਸ਼ੁਹਰਤ ਕਰਕੇ ਇਸ ਮਿਸ਼ਨ ਵਿਚ ਸ਼ਾਮਿਲ ਕੀਤਾ ਗਿਆ ਸੀ। ਭਾਰਤ ਦੀ ਸਰਕਾਰ ਕਾਮਾਗਾਟਾ ਮਾਰੂ ਦੇ ਯਾਤਰੀਆਂ ਬਾਰੇ ਇੰਨੀ ਫਿਕਰਮੰਦ ਸੀ, ਕਿ ਉਨ੍ਹਾਂ ਦੀ ਪਹੁੰਚ ਦਾ ਪ੍ਰਬੰਧ ਅਗਿਆਤ ਜੂਨੀਅਰ ਅਧਿਕਾਰੀਆਂ 'ਤੇ ਨਹੀਂ ਛੱਡ ਸਕਦੀ ਸੀ।

ਪੈਟਰੀ ਨੇ ਕੋਲਕਾਤਾ ਵਿੱਚ ਬੰਗਾਲ ਦੇ ਸੀਨੀਅਰ ਅਧਿਕਾਰੀਆਂ ਨਾਲ ਪੁਨਰ ਵਿਚਾਰ ਕੀਤੀ ਕਿ ਯਾਤਰੀਆਂ ਨਾਲ ਕੀ ਕੀਤਾ ਜਾਵੇ। ਜਿਵੇਂ ਕਿ ਉਸ ਨੇ ਇੱਕ ਗੁੱਪਤ ਦਸਤਾਵੇਜ਼ ਵਿੱਚ ਵਿਆਖਿਆ ਕੀਤੀ। ਜੋ ਇਸ ਤੱਥ ਦੇ ਤੁਰੰਤ ਬਾਅਦ ਲਿਖਿਆ ਗਿਆ ਸੀ। ਜਹਾਜ਼ ਉਪਰਲੇ ਆਦਮੀਆਂ ਬਾਰੇ, ਸਮੇਤ ਗੁਰਦਿੱਤ ਸਿੰਘ ਸਰਹਾਲੀ ਦੇ, ਪੁਲਿਸ ਨੂੰ ਲਗਭਗ ਕੁੱਝ ਪਤਾ ਨਹੀਂ ਸੀ। ਪੰਜਾਬੀ ਪੁਲਿਸ ਨੇ ਪਿੰਡਾਂ ਵਿੱਚ ਜਾਂਚ ਪੜਤਾਲਾਂ ਕੀਤੀਆਂ ਸਨ ਪਰੰਤੂ ਕੁੱਝ ਹੱਥ ਪੱਲੇ ਨਹੀਂ ਪਿਆ ਸੀ। ਅਧਿਕਾਰੀਆਂ ਪਾਸ ਜੋ ਮੁੱਖ ਸਰੋਤ ਸੀ। ਉਹ ਜਹਾਜ਼ ਦੇ ਡਾਕਟਰ ਰਘੂਨਾਥ ਸਿੰਘ ਦਾ ਲਿਖਤੀ ਬਿਆਨ ਸੀ। ਜੋ ਕਨੇਡਾ ਤੋਂ ਭੇਜਿਆ ਗਿਆ ਸੀ। ਇਹ ਗੁੰਮਰਾਹਕੁੰਨ ਸਾਬਿਤ ਹੋਇਆ। ਕਿਉਂਕਿ ਇਹ ਯਾਤਰੀਆਂ ਵਿੱਚ ਗੁਰਦਿੱਤ ਸਿੰਘ ਸਰਹਾਲੀ ਪ੍ਰਤੀ ਦੁਸ਼ਮਣੀ ਹੋਣ ਦਾ ਜ਼ਿਕਰ ਕਰਦਾ ਸੀ। ਜਿਸ ਦੀ ਕੋਈ ਹੋਂਦ ਨਹੀਂ ਸੀ। ਜੋ ਥੋੜ੍ਹੀ ਬਹੁਤੀ ਸੂਚਨਾ ਉਨ੍ਹਾਂ ਪਾਸ ਸੀ, ਉਸ ਦੇ ਅਧਾਰ ਤੇ ਪੈਟਰੀ ਅਤੇ ਦੂਸਰੇ ਅਧਿਕਾਰੀਆਂ ਨੇ ਮੰਨ ਲਿਆ ਕਿ ਸਿਰਫ਼ ਮੁੱਠੀਭਰ ਯਾਤਰੀ ਸ਼ਰਾਰਤ ਕਰਨ ਵਾਲੇ ਹਨ। ਬਾਕੀ ਦੇ ਨੁਕਸਾਨ ਰਹਿਤ ਹਨ। ਫਿਰ ਵੀ ਸਧਾਰਨ ਤੌਰ ਤੇ ਉਨ੍ਹਾਂ ਨੂੰ ਜਹਾਜ਼ ਤੋਂ ਉਤਰਨ ਅਤੇ ਖਿੰਡ ਪੁੰਡ ਜਾਣ ਦੇਣ ਬਾਰੇ, ਜਿਵੇਂ ਕਿ ਯਾਤਰੀ ਚਾਹੁੰਦੇ ਸਨ, ਕੁੱਝ ਨਾ ਸੋਚਿਆ। ਪੈਟਰੀ ਅਤੇ ਉਸ ਦੇ ਨਾਲ ਦੇ ਅਧਿਕਾਰੀ ਸਹਿਮਤ ਸਨ ਕਿ ਯਾਤਰੀਆਂ ਨੂੰ ਕਾਬੂ ਹੇਠ ਰੱਖਣਾ ਚਾਹੀਦਾ ਹੈ। ਇਸ ਦਾ ਕਾਰਨ ਇਹ ਸੀ ਕਿ ਵਾਇਸਰਾਇ ਤੋਂ ਲੈ ਕੇ ਭਾਰਤ ਦੀ ਸਰਕਾਰ, ਯਾਤਰੀਆਂ ਵੱਲੋਂ ਉਸ ਵਿਵਹਾਰ ਖ਼ਿਲਾਫ਼ ਜੋ ਉਨ੍ਹਾਂ ਨਾਲ ਕਨੇਡਾ ਵਿੱਚ ਹੋਇਆ ਸੀ, ਕਿਸੇ ਵੀ ਜਥੇਬੰਦਕ ਪ੍ਰਦਰਸ਼ਨ ਨੂੰ ਰੋਕਣ ਲਈ ਦ੍ਰਿੜ ਸੀ। ਇਹ ਜਨਤਕ ਰੋਸ ਬਾਰੇ ਸਰਕਾਰ ਦੀ ਨੀਤੀ ਉਸ ਦੀ

ਆਪਣੀ ਅਸੁਰੱਖਿਆ 'ਚੋਂ ਪੈਦਾ ਹੋਈ ਸੀ।

ਜਿਹੜੀ ਯੋਜਨਾ ਪੈਟਰੀ ਅਤੇ ਹੰਫਰੀਜ਼ ਨੇ ਬੰਗਾਲ ਦੇ ਸੀਨੀਅਰ ਅਧਿਕਾਰੀਆਂ ਨਾਲ ਮਿਲਕੇ ਬਣਾਈ ਉਹ ਕੋਲਕਾਤਾ ਪਹੁੰਚਣ ਤੋਂ ਪਹਿਲਾਂ ਯਾਤਰੀਆਂ ਨੂੰ ਕਾਮਾਗਾਟਾ ਮਾਰੂ ਤੋਂ ਉਤਾਰਨ ਦੀ ਸੀ। ਬਹੁਤੇ ਯਾਤਰੀਆਂ ਨੂੰ ਸਰਕਾਰੀ ਖਰਚੇ ਤੇ ਇੱਕ ਵਿਸ਼ੇਸ਼ ਗੱਡੀ ਰਾਹੀਂ ਘਰਾਂ ਨੂੰ ਭੇਜਣ ਦਾ ਵਿਚਾਰ ਸੀ। ਪਰੰਤੂ ਇਸ ਦੇ ਨਾਲ ਇਹ ਦ੍ਰਿੜ ਇਰਾਦਾ ਵੀ ਜੁੜਿਆ ਹੋਇਆ ਸੀ, ਕਿ ਜੋ ਕੋਈ ਵੀ ਅੰਦੋਲਨਕਰਤਾ ਲੱਗੇ ਉਸ ਨੂੰ ਗ੍ਰਿਫਤਾਰ ਕਰ ਲਿਆ ਜਾਵੇ ਅਤੇ ਲੁਧਿਆਣਾ ਦੀਆਂ ਫੌਜੀ ਬੈਰਕਾਂ ਵਿੱਚ ਨਜ਼ਰਬੰਦ ਕਰ ਦਿੱਤਾ ਜਾਵੇ। ਪੈਟਰੀ ਅਤੇ ਦੂਸਰੇ ਅਧਿਕਾਰੀਆਂ ਨੇ ਯਾਤਰੀਆਂ ਨੂੰ ਉਤਾਰਨ ਲਈ ਕਈ ਸੰਭਵ ਥਾਵਾਂ ਬਾਰੇ ਵਿਚਾਰ ਚਰਚਾ ਕੀਤੀ ਸੀ। ਜੋ ਸਾਰੀਆਂ ਵਿਸ਼ਾਲ ਹੁਗਲੀ ਦਰਿਆ ਦੇ ਬੰਗਾਲ ਦੀ ਖਾੜੀ ਉਤਲੇ ਮੁਹਾਣੇ ਅਤੇ ਕੋਲਕਾਤਾ ਵਿਚਕਾਰ ਸਨ। ਦੋ ਥਾਵਾਂ ਜੋ ਉਨ੍ਹਾਂ ਨੇ ਵਿਚਾਰੀਆਂ, ਦਰਿਆ ਦੇ ਮੁਹਾਣੇ ਨੇੜੇ ਡਾਇਆਮੰਡ ਹਾਰਬਰ ਅਤੇ ਕੋਲਕਾਤਾ ਨੇੜੇ ਗਾਰਡਨ ਰੀਚ ਸਨ। ਪਰੰਤੂ ਇਨ੍ਹਾਂ ਥਾਵਾਂ ਤੇ ਜਹਾਜ਼ ਤੋਂ ਉਤਰਨ ਦੀਆਂ ਸਹੂਲਤਾਂ ਖਸਤਾ ਸਨ। ਇੰਨੇ ਜ਼ਿਆਦਾ ਸਿੱਖਾਂ ਨੂੰ ਗੋਦੀਆਂ ਤੋਂ ਭੀੜ ਭੜੱਕੇ ਵਾਲੇ ਸ਼ਹਿਰ ਵਿੱਚੋਂ ਦੀ ਹਾਵੜਾ ਰੇਲਵੇ ਸਟੇਸ਼ਨ ਲੈ ਕੇ ਜਾਣ ਦੀ ਮੁਸੀਬਤ ਨੂੰ ਉਸ ਨੇ ਅਗਾਊਂ ਭਾਂਪ ਲਿਆ ਸੀ। ਸੋ ਹੁਗਲੀ ਉੱਤੇ ਇੱਕ ਵਿਚ ਵਿਚਾਲੇ ਦੀ ਬੰਦਰਗਾਹ-ਬਜ ਬਜ ਨੂੰ ਚੁਣਿਆ ਗਿਆ। ਜਿਸ ਤੇ ਜਹਾਜ਼ ਤੋਂ ਉਤਰਨ ਦੀਆਂ ਸਹੂਲਤਾਂ ਅਤੇ ਇੱਕ ਰੇਲਵੇ ਸਟੇਸ਼ਨ ਵੀ ਸੀ। ਜਿਹੜੀ ਗੱਲ ਕਿਸੇ ਨੇ ਵੀ ਨਾ ਵਿਚਾਰੀ ਉਹ ਇਹ ਸੀ ਕਿ ਇਹ ਯਾਤਰੀਆਂ ਨੂੰ ਕਿਸ ਤਰਾਂ ਲੱਗੇਗਾ। ਬਜ ਬਜ ਅਤੇ ਇਸ ਦਾ ਰੇਲਵੇ ਸਟੇਸ਼ਨ ਦਰਿਆ ਦੇ ਪੂਰਬੀ ਪਾਸੇ ਸਨ ਜਦੋਂ ਕਿ ਪੰਜਾਬ ਪੱਛਮੀ ਪਾਸੇ ਪੈਂਦਾ ਸੀ। ਉਹ ਕੀ ਸੋਚਣਗੇ ਕਿ ਉਨ੍ਹਾਂ ਨੂੰ ਕਿੱਥੇ ਲਿਜਾਇਆ ਜਾ ਰਿਹਾ ਹੈ।

ਗੁਰਦਿੱਤ ਸਿੰਘ ਸਰਹਾਲੀ ਨੂੰ ਭਾਰਤ ਪਹੁੰਚਣ ਤੇ ਅਧਿਕਾਰੀਆਂ ਵੱਲੋਂ ਜਹਾਜ਼ ਦੀ ਤਲਾਸ਼ੀ ਲਏ ਜਾਣ ਦੀ ਆਸ ਸੀ। ਉਹ ਪੰਜ ਮਹੀਨਿਆਂ ਤੋਂ ਵੱਧ ਸਮੇਂ ਤੋਂ, ਸਮਾਚਾਰਾਂ ਤੋਂ ਸੱਖਣਾ ਸੀ। ਪਰੰਤੂ ਉਹ ਅਜੇ ਵੀ ਸੋਚਦਾ ਸੀ ਕਿ ਭਾਰਤ ਸਰਕਾਰ ਨੂੰ ਉਸ ਦੇ ਅਤੇ ਉਸਦੇ ਸਾਥੀਆਂ ਬਾਰੇ ਸ਼ੰਕੇ ਹਨ। ਕਾਮਾਗਾਟਾ ਮਾਰੂ ਬਾਰੇ ਆਪਣੇ ਖ਼ੁੱਦ ਦੇ ਵੇਰਵੇ 'ਚ ਉਹ ਕਹਿੰਦਾ ਹੈ, ਕਿ ਉਸ ਨੇ ਬੰਦੂਕਾਂ ਅਤੇ ਅਸਲੇ, ਅਤੇ ਗਦਰ ਸਾਹਿਤ ਬਾਰੇ ਯਾਤਰੀਆਂ ਦੀ ਤਲਾਸ਼ੀ ਦਾ ਹੁਕਮ ਦਿੱਤਾ ਸੀ ਅਤੇ ਪਰੇਸ਼ਾਨੀ ਤੋਂ ਬਚਣ ਲਈ ਇਸ ਸਭ ਕਾਸੇ ਨੂੰ ਸਮੁੰਦਰ ਵਿੱਚ ਸੁੱਟਵਾ ਦਿੱਤਾ ਸੀ। ਜਦੋਂ ਉਹ ਅਜੇ ਬੰਗਾਲ ਦੀ ਖਾੜੀ ਵਿੱਚ ਸਨ। ਉਹ ਕਹਿੰਦਾ ਹੈ ਕਿ ਜੋ ਬੰਦੂਕਾਂ ਮਿਲੀਆਂ ਸਨ ਅਤੇ ਬਾਹਰ ਸੁੱਟੀਆਂ ਗਈਆਂ ਸਨ, ਉਹ ਰਿਵਾਲਵਰ ਸਨ। ਜਿਹੜੇ ਕੁੱਝ ਯਾਤਰੀਆਂ ਨੇ ਜਪਾਨੀ ਅਮਲੇ ਦੇ ਮੈਂਬਰਾਂ ਤੋਂ ਖਰੀਦੇ ਸਨ। ਜਦੋਂ ਉਹ ਅਜੇ ਵੈਨਕੂਵਰ ਵਿੱਚ ਸਨ। ਭਾਵੇਂ ਉਹ ਜਪਾਨ ਵਿੱਚ ਜਹਾਜ਼ ਤੇ ਲਿਆਂਦੇ ਗਏ, ਰਿਵਾਲਵਰਾਂ ਅਤੇ ਅਸਲੇ ਦਾ

ਜ਼ਿਕਰ ਨਹੀਂ ਕਰਦਾ। ਸਾਨੂੰ ਉਨ੍ਹਾਂ ਬਾਰੇ ਗਦਰੀ ਸੋਹਣ ਸਿੰਘ ਭਕਨਾ ਦੀਆਂ ਯਾਦਾਂ 'ਚੋਂ ਅਤੇ ਦੂਸਰੇ ਯਾਤਰੀਆਂ ਦੀ ਗਵਾਹੀ ਤੋਂ ਪਤਾ ਲਗਦਾ ਹੈ।

ਪੁਲਿਸ ਵੱਲੋਂ ਤਲਾਸ਼ੀ ਹੋਈ। ਜਿਵੇਂ ਕਿ ਗੁਰਦਿੱਤ ਸਿੰਘ ਨੇ ਪੂਰਵ ਅਨੁਮਾਨ ਲਾਇਆ ਸੀ। ਅਸਲ ਵਿੱਚ ਸਰਕਾਰ ਦੇ ਏਜੰਡੇ ਤੇ ਇਹ ਪਹਿਲੀ ਗੱਲ ਸੀ। ਜਿਉਂ ਹੀ ਜਹਾਜ਼ ਆਪਣੇ ਟਿਕਾਣੇ ਦੇ ਨੇੜੇ ਪਹੁੰਚਿਆ, ਸ਼ਨੀਵਾਰ 26 ਸਤੰਬਰ ਨੂੰ ਉੱਚੇ ਜਵਾਰਭਾਟੇ ਦੀ ਹਾਲਤ 'ਚ ਕਾਮਾਗਾਟਾ ਮਾਰੂ ਹੁਗਲੀ ਦੇ ਮੁਹਾਣੇ ਵਿੱਚ ਦਾਖਲ ਹੋਇਆ ਜੋ ਗੰਗਾ ਦੇ ਵਿਸ਼ਾਲ ਡੈਲਟੇ ਰਾਹੀਂ ਸਮੁੰਦਰ ਨੂੰ ਮੁੱਖ ਨਿਕਾਸ ਸੀ। ਇਹ ਚੰਗੀ ਗਤੀ ਨਾਲ ਚੱਲ ਰਿਹਾ ਸੀ। ਜਦੋਂ ਇਹ ਕੋਲਕਾਤਾ ਤੋਂ ਪਾਣੀ ਦੀ ਦਿਸ਼ਾ ਵਿੱਚ ਲਗਭਗ 9 ਕਿਲੋਮੀਟਰ ਦੂਰ ਪੂਰਬੀ ਕਿਨਾਰੇ ਤੇ ਇੱਕ ਛੋਟੇ ਜਿਹੇ ਪਿੰਡ ਕਲਪੀ ਦੇ ਸਾਹਮਣੇ ਅਇਆ। ਇੱਕ ਕਿਸ਼ਤੀ ਵਿੱਚ ਸਵਾਰ ਇੱਕ ਯੂਰਪੀਅਨ ਅਫ਼ਸਰ ਨੇ ਇਸ਼ਾਰਾ ਕੀਤਾ ਅਤੇ ਜਹਾਜ਼ ਕਿਨਾਰੇ ਤੋਂ ਵਾਹਵਾ ਬਾਹਰ ਲੰਗਰ ਸੁੱਟ ਕੇ ਰੁਕ ਗਿਆ। ਸਥਾਨਕ ਲੋਕਾਂ ਨੇ ਚੀਜ਼ਾਂ ਵੇਚਣ ਲਈ ਛੋਟੀਆਂ ਕਿਸ਼ਤੀਆਂ ਰਾਹੀਂ ਪਹੁੰਚ ਕਰਨ ਦੀ ਕੋਸ਼ਿਸ਼ ਕੀਤੀ ਪਰੰਤੂ ਦਰਿਆ ਦੇ ਪਾਇਲਟ ਵੱਲੋਂ ਹੱਥ ਹਿਲਾ ਕੇ ਦੂਰ ਕਰ ਦਿੱਤੇ ਗਏ ਜੋ ਹੁਣੇ ਹੁਣੇ ਜਹਾਜ਼ ਉਪਰ ਭੇਜਿਆ ਗਿਆ ਸੀ। ਯਾਤਰੀਆਂ ਨੂੰ ਖੁਦ ਨੂੰ ਵੀ ਸਮੁੰਦਰ ਦੇ ਕਿਨਾਰੇ ਤੇ ਜਾਣ ਦੀ ਆਗਿਆ ਨਾ ਦਿੱਤੀ ਗਈ।

ਐਤਵਾਰ ਦੀ ਸਵੇਰ ਨੂੰ ਇੱਕ ਜਾਂਚ ਪਾਰਟੀ ਕਾਮਾਗਾਟਾ ਮਾਰੂ ਤੇ ਆਈ। ਇਸ ਪਾਰਟੀ ਵਿੱਚ ਪੈਟਰੀ ਅਤੇ ਹੰਫਰੀ ਸ਼ਾਮਿਲ ਸਨ। ਉਨ੍ਹਾਂ ਦੇ ਨਾਲ ਸੀ, ਜੇਮਜ਼ ਡੋਨਾਲਡ। ਜੋ ਬੰਗਾਲ ਦੀ ਖਾੜੀ ਤੋਂ ਕੋਲਕਾਤਾ ਦੇ ਬਾਹਰਵਾਰ ਤੱਕ ਫੈਲੇ ਵੱਡੇ ਜਿਲ੍ਹੇ 24 ਪਰਗਨਾ ਦਾ ਮੈਜਿਸਟਰੇਟ ਸੀ। ਕੇਂਦਰੀ ਸਰਕਾਰ ਵੱਲੋਂ ਫਰਾਂਸਿਸ ਐਸ.ਏ. ਸਲੋਕਾੱਕ ਵੀ ਹਾਜ਼ਰ ਸੀ। ਜੋ ਇੱਕ ਕਰਿਮੀਨਲ ਇਨਟੈਲੀਜੈਂਸ ਡਿਪਾਰਟਮੈਂਟ ਅਫ਼ਸਰ ਅਤੇ ਕੇਂਦਰੀ ਰਾਜਾਂ ਲਈ ਪੁਲਿਸ ਦਾ ਨਵ-ਨਿਯੁਕਤ ਇਨਸਪੈਕਟਰ ਜਨਰਲ ਸੀ। ਇਹ ਆਦਮੀ ਪੰਜਾਬੀ ਪੁਲਿਸ ਨਾਲ ਜਹਾਜ਼ ਤੇ ਸਵਾਰ ਹੋਏ, ਜੋ ਪੰਜਾਬ ਤੋਂ ਆਈ ਸੀ। ਕਿਉਂਕਿ ਪੁਲਿਸ ਵਰਦੀਆਂ ਵਿੱਚ ਨਹੀਂ ਸੀ, ਗੁਰਦਿੱਤ ਸਿੰਘ ਨੇ ਇੱਕ ਪਲ ਲਈ ਸੋਚਿਆ ਕਿ ਉਹ ਮਿੱਤਰ ਹਨ। ਉਸ ਨੇ ਸੋਚਿਆ ਸੀ ਕਿ ਭਾਰਤੀ ਬੁਲਾਰਿਆਂ ਦਾ ਇੱਕ ਪ੍ਰਤੀਨਿਧੀ ਮੰਡਲ ਜਹਾਜ਼ ਨੂੰ ਮਿਲੇਗਾ ਅਤੇ ਇਸ ਦੇ ਯਾਤਰੀਆਂ ਦੀਆਂ ਤਕਲੀਫਾਂ ਨੂੰ ਜਨਤਕ ਕਰੇਗਾ। ਪਰੰਤੂ ਇਹ ਜਲਦੀ ਹੀ ਪਰਤੱਖ ਹੋ ਗਿਆ ਕਿ ਜਿਹੜੀਆਂ ਤਾਰਾਂ ਉਸਨੇ ਸਿੰਘਾਪੁਰ ਤੋਂ ਭੇਜਣ ਦੀ ਕੋਸ਼ਿਸ਼ ਕੀਤੀ ਸੀ। ਉਹ ਮਿਲੀਆਂ ਹੀ ਨਹੀਂ ਸਨ।

ਮਿੱਤਰਾਂ ਅਤੇ ਹਮਾਇਤੀਆਂ ਦੀ ਬਜਾਏ ਗੁਰਦਿੱਤ ਸਿੰਘ ਨੂੰ ਪੁਲਿਸ ਮਿਲੀ ਜੋ ਹਥਿਆਰਾਂ ਅਤੇ ਗਦਰ ਦੀਆਂ ਕਾਪੀਆਂ ਲਈ ਜਹਾਜ਼ ਦੇ ਕੈਬਿਨਾਂ, ਚਾਲਕ ਵਾਲੀ ਥਾਂ ਅਤੇ ਸਮਾਨ ਦੀ ਤਲਾਸ਼ੀ ਲੈ ਰਹੀ ਸੀ। ਉਹ ਰਿਵਾਲਵਰ ਜਿਹੜੇ

ਯੋਕੋਹਾਮਾ ਤੋਂ ਜਹਾਜ਼ ਤੇ ਲਿਆਂਦੇ ਗਏ ਸਨ, ਸੁਰੱਖਿਆਪੂਰਨ ਛਿਪਾਏ ਗਏ ਸਨ, ਭਾਵੇਂ ਕੁੱਝ ਨੂੰ ਜੰਗ ਲੱਗ ਗਈ ਸੀ। ਕਿਉਂਕਿ ਚਾਦਰਾਂ 'ਚ ਲਪੇਟ ਕੇ ਉਨ੍ਹਾਂ ਨੂੰ ਤੇਲ ਟੈਂਕ ਦੀ ਥਾਂ ਇੱਕ ਪਾਣੀ ਵਾਲੇ ਟੈਂਕ ਵਿੱਚ ਛਿਪਾਇਆ ਗਿਆ ਸੀ। ਪੁਲਿਸ ਨੂੰ ਅੱਧਾ ਕੁ ਯਕੀਨ ਹੋ ਗਿਆ ਸੀ। ਜਦੋਂ ਗੁਰਦਿੱਤ ਸਿੰਘ ਨੇ ਉਨ੍ਹਾਂ ਨੂੰ ਦੱਸਿਆ ਕਿ ਜਦੋਂ ਉਸ ਨੇ ਕੁੱਝ ਯਾਤਰੀਆਂ ਦੇ ਹੱਥਾਂ ਵਿੱਚ ਪੰਜ ਰਿਵਾਲਵਰ ਦੇਖੇ ਸਨ ਤਾਂ ਉਸ ਨੇ ਉਹ ਰਿਵਾਲਵਰ ਜਹਾਜ਼ ਤੋਂ ਪਾਣੀ ਵਿੱਚ ਸੁੱਟਣ ਦਾ ਹੁਕਮ ਦੇ ਦਿੱਤਾ ਸੀ ਕਪਤਾਨ ਯਾਮਾਮੋਟੋ ਨੇ ਵੀ ਮਿਲਦੀ ਜੁਲਦੀ ਕਹਾਣੀ ਸੁਣਾਈ

ਪੈਟਰੀ, ਹੰਫਰੀ ਅਤੇ ਪੁਲਿਸ ਸੋਮਵਾਰ ਦੋਬਾਰਾ ਸਮਾਨ ਦੀ ਫਰੋਲਾ ਫਰਾਲੀ ਕਰਨ ਅਤੇ ਕੁਝ ਯਾਤਰੀਆਂ ਦੀ ਤਲਾਸ਼ੀ ਲੈਣ ਆਏ। ਪਰੰਤੂ ਉਨ੍ਹਾਂ ਨੂੰ ਕੁੱਝ ਨਾ ਮਿਲਿਆ ਅਤੇ ਕਾਮਾਗਾਟਾ ਮਾਰੂ ਨੂੰ ਹੌਲੀ ਹੌਲੀ ਹੁਗਲੀ ਰਾਹੀਂ ਕੋਲਕਾਤੇ ਵੱਲ ਜਾਣ ਦੀ ਆਗਿਆ ਦਿੱਤੀ ਗਈ। ਆਪਣੀ ਬਾਅਦ ਦੀ ਰਿਪੋਰਟ ਵਿੱਚ ਪੈਟਰੀ ਨੇ ਆਪਣੇ ਆਪ ਲਈ ਅਤੇ ਆਪਣੇ ਆਦਮੀਆਂ ਲਈ ਰਿਵਾਲਵਰ ਅਤੇ ਅਸਲਾ ਜੋ ਬਾਅਦ ਦੀਆਂ ਘਟਨਾਵਾਂ ਨੇ ਦਿਖਾ ਦਿੱਤਾ ਸੀ ਕਿ ਉਥੇ ਸਨ ਨਾ ਦੇਖ ਸਕਣ ਲਈ ਸਫਾਈ ਦਿੱਤੀ। ਉਸ ਨੇ ਬਿਆਨ ਕੀਤਾ ਕਿ ਉਭਾਉਣੇ, ਭੀੜ ਭਰੇ, ਮੱਧਮ ਰੌਸ਼ਨੀ ਵਾਲੇ ਯਾਤਰੀਆਂ ਦੇ ਕਮਰਿਆਂ ਦੀ, ਜੋ ਕਿਟ ਬੈਗਾਂ ਨਾਲ ਲੱਦੇ ਹੋਏ ਸਨ, ਚੋਖੀ ਤਰਾਂ ਤਲਾਸ਼ੀ ਲੈਣੀ ਕਿੰਨੀ ਔਖੀ ਸੀ ਅਤੇ ਉਹ ਅਤੇ ਉਸ ਦੇ ਆਦਮੀਆਂ ਨੇ ਇੱਕ ਸਿੱਖ ਦਾ ਉਸ ਦੀ ਪਗੜੀ, ਉਸ ਦੇ ਲੰਬੇ ਗੁੰਦੇ ਹੋਏ ਕੇਸਾਂ ਦੀ, ਜਾਂ ਉਸ ਦੇ ਅੰਦਰਲੇ ਬਸਤਰਾਂ ਦੀ ਤਲਾਸ਼ੀ ਲੈਕੇ ਨਿਰਾਦਰ ਕਰਨ ਦੀ ਜ਼ੁਰਅਤ ਨਾ ਕੀਤੀ। ਪੈਟਰੀ ਦੇ ਵੇਰਵੇ ਮੁਤਾਬਿਕ ਉਹ ਯਾਤਰੀਆਂ ਦੀ ਤਸੱਲੀ ਕਰਾਉਣ ਲਈ ਆਪਣੀ ਪੂਰੀ ਵਾਹ ਲਾ ਰਹੇ ਸਨ, ਜਿਹੜੇ ਸ਼ੁਰੂ 'ਚ ਰੁੱਖੇ ਸਨ, ਪਰੰਤੂ ਪਹਿਲੇ ਦਿਨ ਦੇ ਅੰਤ ਤੇ ਵਧੇਰੇ ਦੋਸਤਾਨਾ ਅਤੇ ਵਧੇਰੇ ਖੁਸ਼ ਸਨ। ਪੈਟਰੀ ਸੋਚਦਾ ਸੀ ਕਿ ਸ਼ਾਂਤ ਗੱਲਬਾਤ ਅਤੇ ਮਿਲਣਸਾਰ ਦਿਲਲਗੀ ਚੰਗਾ ਅਸਰ ਪਾ ਰਹੀਆਂ ਸਨ।

ਸਰਕਾਰ ਲਈ ਅਗਲਾ ਕਦਮ ਸੀ। ਯਾਤਰੀਆਂ ਨੂੰ ਜਹਾਜ਼ ਤੋਂ ਪੰਜਾਬ ਨੂੰ ਜਾਣ ਵਾਲੀ ਗੱਡੀ ਤੇ ਲੈਕੇ ਜਾਣਾ। ਇੱਥੇ ਹੀ ਸਾਰੀ ਗੱਲ ਗੜਬੜ ਹੋ ਗਈ। ਇਹ 29 ਸਤੰਬਰ ਵੀਰਵਾਰ ਨੂੰ ਸਵੇਰ ਬਾਅਦ ਦਾ ਸਮਾਂ ਸੀ। ਜਦੋਂ ਕਾਮਾਗਾਟਾ ਮਾਰੂ ਬਜ ਬਜ ਦੇ ਸੱਨਅਤੀ ਕਸਬੇ ਪਹੁੰਚਿਆ, ਜੋ ਕਲਪੀ ਤੋਂ ਹੁਗਲੀ ਵੱਲ ਲਗਭਗ 65 ਕਿੱਲੋਮੀਟਰ ਅਤੇ ਦਰਿਆ ਰਾਹੀਂ ਕੋਲਕਾਤਾ ਤੋਂ ਅੰਦਾਜਨ 27 ਕਿਲੋਮੀਟਰ ਹੈ। ਇੱਕ ਕਿਸ਼ਤੀ ਜਹਾਜ਼ ਦੇ ਨਾਲ ਨਾਲ ਆਈ ਜਿਸ ਤੇ ਕਲਪੀ ਵਾਲੇ ਅਧਿਕਾਰੀ ਸਵਾਰ ਸਨ ਅਤੇ ਦਿਨੇ 11 ਵਜੇ ਇਹਨਾਂ ਆਦਮੀਆਂ ਨੇ ਜਹਾਜ਼ 'ਤੇ ਕਦਮ ਰੱਖੇ। ਉਨ੍ਹਾਂ ਦੇ ਨਾਲ ਸੀ ਸਰ ਫਰੈਡਰਿਕ ਰਾੱਕ ਹਲੀਡੇ, (Fredrick Loch Halliday) ਕੋਲਕਾਤਾ ਦਾ ਪੁਲਿਸ ਦਾ ਕਮਿਸ਼ਨਰ। ਕਾਮਾਗਾਟਾ ਮਾਰੂ ਨੇ ਚਾਲ ਘਟਾ ਦਿੱਤੀ ਅਤੇ ਕੁੱਝ ਮਿੰਟਾਂ ਪਿੱਛੋਂ ਬਜ ਬਜ ਰੇਲਵੇ ਸਟੇਸ਼ਨ ਨੇੜੇ ਇੱਕ ਤੈਰ ਰਹੇ

ਘਾਟ ਨਾਲ ਬੰਨ੍ਹ ਦਿੱਤਾ ਗਿਆ। ਡਿਪਟੀ ਕਮਿਸ਼ਨਰ ਹੰਫਰੀ ਨੇ ਗੁਰਦਿੱਤ ਸਿੰਘ ਨੂੰ ਕਪਤਾਨ ਦੇ ਕੈਬਿਨ ਵਿੱਚ ਬੁਲਾਇਆ ਅਤੇ ਪਹਿਲੀ ਵਾਰ ਵਿਆਖਿਆ ਕੀਤੀ ਕਿ ਇਹੀ ਥਾਂ ਹੈ ਜਿੱਥੇ ਯਾਤਰੀਆਂ ਨੂੰ ਪੰਜਾਬ ਨੂੰ ਜਾਣ ਵਾਲੀ ਵਿਸ਼ੇਸ਼ ਗੱਡੀ ਪਕੜਨ ਲਈ ਉਤਰਨਾ ਪੈਣਾ ਹੈ। ਗੁਰਦਿੱਤ ਸਿੰਘ ਨੇ ਇਨਕਾਰ ਕਰ ਦਿੱਤਾ। ਉਸ ਨੂੰ ਸ਼ੱਕ ਸੀ, ਕਿਉਂਕਿ ਬਜ ਬਜ ਦਰਿਆ ਦੇ ਉਲਟ ਪਾਸੇ ਸੀ ਅਤੇ ਕੋਲਕਾਤਾ ਜਾਂ ਹੇਠਲੇ ਪਾਸੇ ਵੱਲ ਕੋਈ ਪੁਲ ਨਹੀਂ ਸਨ।

ਥੋੜੀ ਜਿਹੀ ਭੂਗੋਲ ਇੱਥੇ ਮਦਦ ਕਰ ਸਕਦੀ ਹੈ। ਕੋਲਕਾਤਾ ਦੀ ਸੇਵਾ ਹਿੱਤ ਦੋ ਰੇਲਵੇ ਸਟੇਸ਼ਨ ਸਨ। ਦਰਿਆ ਦੇ ਪੱਛਮੀ ਪਾਸੇ 'ਤੇ ਸਟੇਸ਼ਨ ਸੰਯੁਕਤ ਰਾਜਾਂ ਅਤੇ ਪੰਜਾਬ ਲਈ ਸੀ ਪੂਰਬੀ ਪਾਸਾ। ਬਜ ਬਜ ਵਾਲਾ ਪਾਸਾ ਯਾਤਰੀਆਂ ਨੂੰ ਬੰਗਾਲ ਅਤੇ ਅਸਾਮ ਲੈਕੇ ਜਾਂਦਾ ਸੀ। ਕਾਮਾਗਾਟਾ ਮਾਰੂ ਤੋਂ ਕੁੱਝ ਸੌ ਗਜ਼ ਦੀ ਦੂਰੀ ਤੇ ਰੁਕੀ ਹੋਈ ਰੇਲ ਗੱਡੀ ਨੇ ਨੈਹਾਟੀ ਵਿਖੇ ਬਣੇ ਹੋਏ ਰੇਲਵੇ ਪੁਲ ਰਾਹੀਂ ਦਰਿਆ ਪਾਰ ਕਰਕੇ ਪੱਛਮੀਂ ਪਾਸੇ ਵੱਲ ਜਾਣ ਲਈ ਕੋਲਕਾਤੇ ਦੇ ਦੱਖਣੀ ਅਤੇ ਪੂਰਬੀ ਹਿੱਸਿਆਂ ਵਿੱਚੋਂ ਦੀ, ਸਿਆਲਦਾ ਸਟੇਸ਼ਨ ਦੇ ਕੋਲ ਦੀ ਅਤੇ ਹੁਗਲੀ ਦੇ ਨਾਲ ਨਾਲ ਉੱਤਰ ਨੂੰ 40 ਕਿੱਲੋਮੀਟਰ ਚੱਲਣਾ ਸੀ। ਅਧਿਕਾਰੀ, ਯਾਤਰੀਆਂ ਨੂੰ ਕੇਂਦਰੀ ਕੋਲਕਾਤੇ ਵਿੱਚੋਂ ਦੀ ਲਿਆਉਣ ਦੀ ਬਜਾਏ ਇਸ ਚੱਕਰਦਾਰ ਰਸਤੇ ਦਾ ਪ੍ਰਯੋਗ ਕਰ ਰਹੇ ਸਨ। ਪਰੰਤੂ ਗੁਰਦਿੱਤ ਸਿੰਘ ਨੂੰ ਨੈਹਾਟੀ ਵਿਖੇ ਪੁਲ ਦਾ ਪਤਾ ਨਹੀਂ ਸੀ। ਜਦੋਂ ਹੰਫਰੀ ਨੇ ਸੁਝਾਅ ਦਿੱਤਾ ਕਿ ਯਾਤਰੀਆਂ ਦਾ ਇੱਕ ਵਫਦ ਸਮਾਂ ਸਾਰਨੀ ਦੇਖਣ ਲਈ ਬਜ ਬਜ ਸਟੇਸ਼ਨ ਤੇ ਜਾਵੇ ਤਾਂ ਵੀ ਉਸ ਨੇ ਇਤਰਾਜ਼ ਕੀਤਾ। ਜਿਵੇਂ ਕਿ ਉਸ ਨੇ ਰੋਸ ਕੀਤਾ, ਕਾਮਾਗਾਟਾ ਮਾਰੂ ਨਾਲ ਜੁੜਿਆ ਉਸ ਦਾ ਨਿੱਜੀ ਮਤਲਬ ਸੀ। ਜਿਹੜਾ ਕੋਲਕਾਤਾ ਵਿੱਚ ਸਾਲਸੀ ਮੂਹਰੇ ਨਿੱਜੀ ਤੌਰ ਤੇ ਜਾਏ ਬਿਨਾਂ ਪੂਰਾ ਨਹੀਂ ਕੀਤਾ ਜਾ ਸਕਦਾ ਸੀ।

ਉਸ ਸਮੇਂ ਤੱਕ ਅਧਿਕਾਰੀਆਂ ਨੇ ਇਹ ਪਤਾ ਲਾ ਲਿਆ ਸੀ ਕਿ ਬਹੁਤੇ ਯਾਤਰੀ ਗਰੁਦਿੱਤ ਸਿੰਘ ਸਰਹਾਲੀ ਪ੍ਰਤੀ ਕਿੰਨੇ ਸਮਰਪਿਤ ਸਨ।

ਪੈਟਰੀ ਸੋਚਦਾ ਸੀ ਕਿ ਉਹ ਉਨ੍ਹਾਂ ਲਈ ਗੁਰੂ ਵਾਂਗ ਸੀ। ਪਰੰਤੂ ਘਟਨਾਵਾਂ ਨੇ ਸਾਬਤ ਕਰ ਦਿੱਤਾ ਸੀ। ਕਿ ਉਨ੍ਹਾਂ ਵਿੱਚ ਕੁੱਝ ਦੀਆਂ ਹੋਰ ਵਫਾਦਾਰੀਆਂ ਅਤੇ ਗਿਣਤੀਆਂ ਮਿਣਤੀਆਂ ਸਨ। ਖੁਦਗਰਜ਼ੀ, ਧਰਮ ਅਤੇ ਉੱਪ-ਖੇਤਰੀ ਪਹਿਚਾਣ- ਜੋ ਉਨ੍ਹਾਂ ਨੂੰ ਬਹੁਗਿਣਤੀ ਨਾਲੋਂ ਵੱਖ ਕਰਦੀਆਂ ਸਨ। ਜਦੋਂ ਗੁਰਦਿੱਤ ਸਿੰਘ ਨੇ ਆਪਣੀ ਕਮੇਟੀ ਅਤੇ ਸਿੰਧੀ ਵਿਦਿਆਰਥੀ ਜਵਾਹਰਮੱਲ ਮਨਸੁਖਾਨੀ ਨਾਲ ਵਿਚਾਰ ਵਟਾਂਦਰਾ ਕੀਤਾ, ਕਿ ਕਿਵੇਂ ਅੱਗੇ ਵਧਿਆ ਜਾਵੇ। ਅਧਿਕਾਰੀ ਅਜ਼ਾਦ ਰੂਪ ਵਿੱਚ ਯਾਤਰੀਆਂ ਦਰਮਿਆਨ ਵਿਚਰੇ ਸਨ। ਸ਼ਾਹਪੁਰ ਜਿਲ੍ਹੇ ਦੇ 17 ਮੁਸਲਮਾਨਾਂ ਨੇ ਉਨ੍ਹਾਂ ਪਾਸ ਇਨ੍ਹਾਂ ਦਾਅਵਿਆਂ ਨਾਲ ਪਹੁੰਚ ਕੀਤੀ ਕਿ ਗੁਰਦਿੱਤ ਸਿੰਘ ਅਤੇ ਉਸ ਦੇ ਸਿੱਖਾਂ ਦੇ ਗਰੋਹ ਦੁਆਰਾ ਉਨ੍ਹਾਂ ਨਾਲ ਧੱਕੇਸ਼ਾਹੀ ਕੀਤੀ ਗਈ ਹੈ, ਅਤੇ ਉਨ੍ਹਾਂ ਦਾ

ਸਾਰਾ ਧਨ ਲੁੱਟ ਲਿਆ ਗਿਆ ਹੈ। ਉਹ ਜਹਾਜ਼ ਤੋਂ ਉੱਤਰਨਾ ਚਾਹੁੰਦੇ ਸਨ ਅਤੇ ਸਕੂਲ ਮਾਸਟਰ ਭਾਨ ਸਿੰਘ ਬੜਿੰਗ ਦੀ ਮਦਦ ਨਾਲ ਕਪਤਾਨ ਯਾਮਾਮੋਟੋ ਨੇ ਜਹਾਜ਼ ਦਾ ਫੱਟਾ ਲਾਂਘਾ (ਗੈਂਗਵੇ) ਨੀਵਾਂ ਕਰ ਦਿੱਤਾ। ਸ਼ਾਹਪੁਰ ਦੇ ਮੁਸਲਿਮ ਆਪਣੇ ਸਮਾਨ ਸਮੇਤ ਜ਼ਮੀਨ ਤੇ ਉਤਰਨ ਵਾਲੀ ਪੁਲ-ਕਿਸ਼ਤੀ ਤੇ ਉੱਤਰ ਗਏ ਅਤੇ ਹਾਲੀਡੇ ਅਤੇ ਸਲੋਕਾੱਕ(Slocock) ਉਨ੍ਹਾਂ ਨੂੰ ਇੰਡੋ-ਬਰ੍ਹਮਾ ਆੱਇਲ ਕੰਪਨੀ (ਜਿਹੜੀ ਅਜੇ ਵੀ ਬਰ੍ਹਮਾ ਸ਼ੈੱਲ ਦੇ ਨਾਂ ਹੇਠ ਉੱਥੇ ਸੀ) ਦੇ ਅਹਾਤੇ ਵਿੱਚੋਂ ਦੀ ਲੈ ਗਏ। ਇਹ ਰਸਤਾ ਰੇਲਵੇ ਸਟੇਸ਼ਨ ਨੂੰ ਜਾਂਦਾ ਸੀ। ਅੱਧ ਕਿੱਲੋ ਮੀਟਰ ਤੋਂ ਵੀ ਘੱਟ ਦੂਰੀ, ਜਿੱਥੇ ਇਹ ਮੁਸਲਿਮ ਇੰਤਜ਼ਾਰ ਕਰ ਰਹੀ ਰੇਲਗੱਡੀ ਤੇ ਸਵਾਰ ਹੋ ਗਏ।

ਇਸੇ ਸਮੇਂ ਬਹੁਤ ਸਾਰੇ ਸਿੱਖਾਂ ਨੂੰ ਜਹਾਜ਼ ਤੋਂ ਉਤਰਨ ਲਈ ਮਨਾ ਲਿਆ ਗਿਆ ਸੀ, ਜਦੋਂ ਸਲੋਕਾੱਕ ਅਤੇ ਹਾਲੀਡੇ ਸਟੇਸ਼ਨ ਤੋਂ ਵਾਪਸ ਆਏ ਉਨ੍ਹਾਂ ਨੇ ਦੇਖਿਆ ਕਿ ਵੱਡੀ ਗਿਣਤੀ ਨੇ ਅਪਣੇ ਬਕਸੇ ਅਤੇ ਗੰਢੜੀਆਂ ਪੁੱਲ-ਕਿਸ਼ਤੀ ਤੇ ਰੱਖ ਲਏ ਸਨ, ਪਰੰਤੂ ਉਦੋਂ ਤੱਕ ਸਮੁੰਦਰ ਦੇ ਕਿਨਾਰੇ ਤੇ ਕਦਮ ਰੱਖਣ ਤੋਂ ਇਨਕਾਰ ਕਰ ਰਹੇ ਸਨ। ਜਦੋਂ ਤੱਕ ਕਿ ਗੁਰਦਿੱਤ ਸਿੰਘ ਜਹਾਜ਼ ਤੋਂ ਆ ਨਹੀਂ ਜਾਂਦਾ। ਪੁਲਿਸ-27 ਪੰਜਾਬੀ ਸਿਪਾਹੀ ਅਤੇ ਅਫ਼ਸਰ, ਜਿਨ੍ਹਾਂ ਕੋਲ ਤਲਵਾਰਾਂ ਸਨ ਪਰੰਤੂ ਅਸਲਾ ਨਹੀਂ ਸੀ-ਮਾਮਲੇ ਨੂੰ ਜ਼ਬਰਦਸਤੀ ਨਿਪਟਾਉਣ ਦੇ ਸਮਰੱਥਕ ਨਹੀਂ ਸਨ। ਉਨ੍ਹਾਂ ਨੇ ਯਾਤਰੀਆਂ ਦੇ ਆਪਣੇ ਆਪ ਚਲੇ ਜਾਣ ਦੀ ਇੰਤਜ਼ਾਰ ਕੀਤੀ ਕੁੱਝ ਦੇਰੀ ਤੋਂ ਪਿੱਛੋਂ, ਆਖਰੀ ਵੀਹ ਜਾਂ ਤੀਹ ਯਾਤਰੀ ਗੁਰਦਿੱਤ ਸਿੰਘ ਸਮੇਤ ਜਿਸ ਨੇ ਸਿੱਖਾਂ ਦੇ ਪ੍ਰੰਪਰਾਗਤ ਸਤਿਕਾਰਮਈ ਢੰਗ ਨਾਲ ਪਵਿੱਤਰ ਗਰੰਥ, ਗੁਰੂ ਗਰੰਥ ਸਾਹਿਬ, ਆਪਣੇ ਸਿਰ ’ਤੇ ਰੱਖਿਆ ਹੋਇਆ ਸੀ, ਜਹਾਜ਼ ਦੇ ਫੱਟੇ ਵਾਲੇ ਲਾਂਘੇ (ਗੈਂਗਵੇ) ਤੋਂ ਨੀਚੇ ਆ ਗਏ। ਸਾਰੀ ਸਿੱਖ ਸੰਗਤ ਇੱਕ ਜਲੂਸ ਦੀ ਸ਼ਕਲ ਵਿੱਚ ਸੀ। ਉਨ੍ਹਾਂ ਨੇ ਰੇਲਵੇ ਪਲੇਟਫਾਰਮ ਤੋਂ ਚਾਲੀ ਗਜ਼ ਦੀ ਦੂਰੀ ਤੇ ਰੇਲਵੇ ਫਾਟਕ ਨੇੜੇ ਇੱਕ ਵੱਡੇ ਦਰੱਖਤ ਤੱਕ ਮਾਰਚ ਕੀਤਾ। ਉੱਥੇ ਉਹ ਬੈਠ ਗਏ। ਉਨ੍ਹਾਂ ਨੇ ਆਪਣਾ ਸਮਾਨ ਨਹੀਂ ਲਿਆਂਦਾ ਸੀ, ਜਿਹੜਾ ਕਿ ਉਨ੍ਹਾਂ ਨੇ ਇਹ ਕਹਿੰਦਿਆਂ ਪੁਲ-ਕਿਸ਼ਤੀ ਤੇ ਛੱਡ ਦਿੱਤਾ ਸੀ ਕਿ ਇਹ ਕੁੱਲੀਆਂ ਦਾ ਕੰਮ ਹੈ। ਕਿਉਂਕਿ ਇਹ ਛੁੱਟੀ ਦਾ ਦਿਨ ਸੀ, ਆਲੇ ਦੁਆਲੇ ਬਹੁਤੇ ਕੁੱਲੀ ਨਹੀਂ ਸਨ, ਪਰੰਤੂ ਸਲੋਕਾੱਕ ਨੇ ਕੁੱਝ ਕੁੱਲੀ ਲੱਭ ਲਏ ਅਤੇ ਉਨ੍ਹਾਂ ਨੇ ਸਮਾਨ ਲਿਆਉਣਾ ਸ਼ੁਰੂ ਕਰ ਦਿੱਤਾ।

ਅਧਿਕਾਰੀਆਂ ਨੇ ਅੰਦਾਜ਼ਾ ਲਾਇਆ ਸੀ ਕਿ ਜ਼ਿਆਦਾਤਰ ਯਾਤਰੀਆਂ ਨਾਲ ਉਹ ਬਿਨਾਂ ਕਿਸੇ ਸਮੱਸਿਆ ਦੇ ਨਜਿੱਠ ਸਕਦੇ ਹਨ। ਪਰੰਤੂ ਹੁਣ ਉਹ ਇੱਕ ਸਮੱਸਿਆ ਬਣ ਗਈ ਸੀ। ਸਥਾਨਕ ਮੈਜਿਸਟਰੇਟ ਜੇਮਜ਼ ਡੋਨਲਡ(James Donald) ਨੇ ਭਾਰਤੀ ਹੁਕਮਨਾਮੇ ਦੀ ਮਨਜ਼ੂਰ ਕਾਪੀ ਪੇਸ਼ ਕਰਦਿਆਂ ਰਸਮੀ ਚੇਤਾਵਨੀ ਦਿੱਤੀ। ਇਹ ਉਸ ਨੇ ਅੰਗਰੇਜ਼ੀ ਵਿੱਚ ਪੜ੍ਹ ਕੇ ਸੁਣਾਈ ਅਜਿਹੀ ਭਾਸ਼ਾ ਜਿਸ ਨੂੰ ਕੋਈ ਵਿਰਲਾ ਯਾਤਰੀ ਹੀ ਪੂਰੀ ਤਰ੍ਹਾਂ ਸਮਝ ਸਕਦਾ ਸੀ। ਪਰੰਤੂ ਜਿਹੜੀ

ਉਨ੍ਹਾਂ ਦੇ ਨੇਤਾ ਕਾਫੀ ਚੰਗੀ ਤਰ੍ਹਾਂ ਜਾਣਦੇ ਸਨ। ਪੜ੍ਹਨ ਨੇ ਉਨ੍ਹਾਂ ਨੂੰ ਪ੍ਰਭਾਵਿਤ ਨਾ ਕੀਤਾ। ਇਸ ਦੀ ਬਜਾਏ ਗੁਰਦਿੱਤ ਸਿੰਘ ਨੇ ਅਧਿਕਾਰੀਆਂ ਦੇ ਹੁਕਮਾਂ ਦੀ ਪਾਲਣਾ ਨਾ ਕਰਨ ਦੇ ਕਈ ਸਾਰੇ ਕਾਰਨ ਦੱਸੇ। ਸਰਕਾਰ ਇਮਾਨਦਾਰ ਨਹੀਂ ਸੀ, ਰੇਲ ਗੱਡੀ ਪੰਜਾਬ ਨੂੰ ਨਹੀਂ ਜਾ ਰਹੀ ਹੋ ਸਕਦੀ ਸੀ। ਇਹ ਜ਼ਰੂਰ ਹੀ ਅਸਾਮ ਨੂੰ ਜਾ ਰਹੀ ਹੋਵੇਗੀ। ਕਿਉਂਕਿ ਇਹ ਦਰਿਆ ਦੇ ਪੂਰਬੀ ਪਾਸੇ ਸੀ। ਉਸ ਨੇ ਕਿਹਾ ਕਿ ਯਾਤਰੀ ਕੰਮ ਲਈ ਕੋਲਕਾਤਾ ਜਾਣਾ ਚਾਹੁੰਦੇ ਹਨ। ਕਿਉਂਕਿ ਸਾਲ ਦੇ ਉਸ ਸਮੇਂ ਦੁਰਾਨ ਪੰਜਾਬ ਵਿੱਚ ਕੋਈ ਕੰਮ ਨਹੀਂ ਸੀ। ਉਸ ਨੇ ਕਿਹਾ ਕਿਸੇ ਵੀ ਹਾਲਤ ਵਿੱਚ ਉਨ੍ਹਾਂ ਦੇ ਮਸਲਿਆਂ ਦੇ ਨਿਬੇੜੇ ਦੀ ਸੰਭਾਵਨਾ ਬਿਨਾਂ ਉਹ ਕਿਵੇਂ ਜਾ ਸਕਦੇ ਹਨ। ਬਹੁਤ ਸਾਰੇ ਯਾਤਰੀਆਂ ਨੇ ਉਸ ਦੇ ਪੈਸੇ ਦੇਣੇ ਸਨ ਅਤੇ ਸੌਣ ਵਾਲੇ ਫੱਟੇ ਅਤੇ ਦੂਸਰੀਆਂ ਚੀਜ਼ਾਂ ਅਜੇ ਜਹਾਜ਼ ਤੋਂ ਉਤਾਰੀਆਂ ਨਹੀਂ ਗਈਆਂ ਸਨ। ਉਨ੍ਹਾਂ ਨੂੰ ਇੱਕ ਵਕੀਲ ਦੀ ਜ਼ਰੂਰਤ ਸੀ, ਹਰੇਕ ਚੀਜ਼ ਠੀਕ ਠਾਕ ਕਰਨ ਲਈ ਹਫ਼ਤਾ ਲੱਗਣਾ ਸੀ। ਉਸ ਅਗੇ ਕਿਹਾ ਕਿ ਸਿੱਖਾਂ ਦੇ ਪਵਿੱਤਰ ਗਰੰਥ, ਗੁਰੂ ਗਰੰਥ ਸਾਹਿਬ ਨੂੰ ਰੇਲ ਗੱਡੀ ਤੇ ਲਿਜਾਣਾ ਬੇਅਦਬੀ ਹੋਵੇਗੀ। ਉਨ੍ਹਾਂ ਨੂੰ ਇਸ ਨੂੰ ਸਤਿਕਾਰ ਸਹਿਤ ਜਲੂਸ ਦੀ ਸ਼ਕਲ ਵਿੱਚ ਹਾਵੜਾ ਵਿਖੇ ਗੁਰਦਵਾਰੇ ਲਿਜਾਣਾ ਪਵੇਗਾ।

ਹਾਲਾਤ ਤੇਜ਼ੀ ਨਾਲ ਨਿੱਘਰ ਰਹੇ ਸਨ। ਸੀਨੀਅਰ ਅਧਿਕਾਰੀ ਕਾਹਲੇ ਸਨ। ਯਾਤਰੀ ਭੜਕੇ ਹੋਏ ਅਤੇ ਧਮਕੀ ਵਾਲੇ ਲਹਿਜੇ ਵਿਚ ਸਨ। ਬੰਗਾਲ ਦੇ ਦੋ ਅਧਿਕਾਰੀ ਹਾਲੀਡੇ ਅਤੇ ਡੋਨਲਡ, ਬੰਗਾਲ ਦੀ ਐਗਜ਼ੈਕਟਿਵ ਕੌਂਸਲ ਦੇ ਇੱਕੋ ਇੱਕ ਮੈਂਬਰ ਸਰ ਵਿਲੀਅਮ ਡਿਊਕ, ਜਿਸ ਨੂੰ ਉਸ ਸਮੇਂ ਪਹੁੰਚ ਕੀਤੀ ਜਾ ਸਕਦੀ ਸੀ, ਨੂੰ ਫੋਨ ਕਰਨ ਲਈ ਟੈਲੀਗਰਾਫ ਦਫਤਰ ਗਏ। ਉਹ ਸੈਨਾ ਦਲ ਚਾਹੁੰਦੇ ਸਨ ਪਰੰਤੂ ਡਿਊਕ ਲਈ ਤਾਕਤ ਦੀ ਮਨਜ਼ੂਰੀ ਦੇਣੀ ਮੁਸ਼ਕਿਲ ਸੀ। ਜਦੋਂ ਉਹ ਜਾਣਦਾ ਸੀ ਕਿ ਕਨੇਡਾ ਨੂੰ ਪਹਿਲਾਂ ਹੀ ਇਸ ਵਿਰੁੱਧ ਚੇਤਾਵਨੀ ਦਿੱਤੀ ਜਾ ਚੁੱਕੀ ਸੀ। ਉਸ ਨੇ ਸੈਨਾ ਦਲਾਂ ਨੂੰ ਚੌਕਸੀ ਰੱਖਣ ਦਾ ਵਾਅਦਾ ਕੀਤਾ। ਪਰੰਤੂ ਉਹ ਇਸ ਨਾਲ ਸਹਿਮਤ ਨਹੀਂ ਸੀ ਕਿ ਉਨ੍ਹਾਂ ਦੀ ਜ਼ਰੂਰਤ ਹੈ। ਉਸ ਦੀਆਂ ਹਦਾਇਤਾਂ ਸਨ, ਵਾਪਸ ਜਾਓ, ਅਤੇ ਸਿੱਖਾਂ ਨੂੰ ਸਮਝਾ ਬੁਝਾ ਕੇ ਰੇਲ ਗੱਡੀ ਤੇ ਚੜ੍ਹਾਉਣ ਦੀ ਕੋਸ਼ਿਸ਼ ਕਰੋ। ਤਦ ਤੱਕ ਸਿੱਖਾਂ ਦੀ ਮੁੱਖ ਸੰਗਤ ਆਪਣੀ ਮਰਜ਼ੀ ਦੀ ਦਿਸ਼ਾ ਵਿੱਚ ਜਾਣ ਦਾ ਫ਼ੈਸਲਾ ਕਰ ਚੁੱਕੀ ਸੀ।

ਸ਼ਾਮ ਦੇ ਲਗਭਗ 3 ਵਜੇ ਦਾ ਸਮਾਂ ਸੀ। ਹਾਲੀਡੇ ਅਤੇ ਡੋਨਲਡ ਵਾਪਸ ਗੱਡੀ ਦੀ ਲਾਈਨ ਦੇ ਨਾਲ ਨਾਲ ਚੱਲਕੇ ਰੇਲਵੇ ਫਾਟਕ ਤੱਕ ਆਏ। ਸ਼ਾਮ ਦੇ ਕੋਈ 3 ਅਤੇ 4 ਵਜੇ ਦੇ ਵਿਚਕਾਰ ਸਿੱਖ ਖੜੇ ਹੋ ਗਏ ਅਤੇ ਸਟੇਸ਼ਨ ਨੂੰ ਜਾਂਦੇ ਰਸਤੇ ਤੇ ਚੱਲਣ ਦੀ ਬਜਾਏ ਰੇਲਵੇ ਲਾਈਨ ਪਾਰ ਕਰ ਗਏ। ਉਹ ਆਪਣੇ ਪਵਿੱਤਰ ਗਰੰਥ ਨੂੰ ਇਸ ਦੇ ਪੀੜ੍ਹੇ ਅਤੇ ਚਾਨਣੀ ਸਮੇਤ ਲਿਜਾ ਰਹੇ ਸਨ। ਪੰਜਾਬੀ ਪੁਲਿਸ ਉਨ੍ਹਾਂ ਦੀ ਮੁੱਖ ਸੰਗਤ ਨੂੰ ਰੋਕ ਨਾ ਸਕੀ। ਭਾਵੇਂ ਉਨ੍ਹਾਂ ਨੇ 38 ਸਿੱਖਾਂ ਅਤੇ 4

ਹਿੰਦੂਆਂ ਨੂੰ ਵਾਪਸ ਜਾਣ ਲਈ ਮਨਾਇਆ। ਇਹ ਉਸ ਰੇਲ ਗੱਡੀ ਤੇ ਸਵਾਰ ਹੋ ਗਏ। ਜਿੱਥੇ ਸ਼ਾਹਪੁਰ ਵਾਲੇ ਮੁਸਲਮਾਨ ਪਹਿਲਾਂ ਹੀ ਇੰਤਜ਼ਾਰ ਕਰ ਰਹੇ ਸਨ। ਰੇਲਗੱਡੀ ਤੇ ਚੜ੍ਹਨ ਵਾਲਿਆਂ 'ਚੋਂ ਬਹੁਤ ਹੀ ਘੱਟ ਗੁਰਦਿੱਤ ਸਿੰਘ ਦੇ ਆਪਣੇ ਅੰਮ੍ਰਿਤਸਰ ਜਿਲ੍ਹੇ ਜਾਂ ਆਲੇ ਦੁਆਲੇ ਦੇ ਮਾਝਾ ਇਲਾਕੇ ਤੋਂ ਸਨ। ਗੁਰਦਿੱਤ ਸਿੰਘ ਦੇ ਆਪਣੇ ਲੋਕ ਉਸ ਨਾਲ ਡਟੇ ਹੋਏ ਸਨ।

ਮਾਮਲਾ ਪੰਜਾਬ ਦੇ ਪੁਲਿਸ ਦਸਤੇ ਦੇ ਕਾਬੂ ਤੋਂ ਬਾਹਰ ਹੋ ਚੁੱਕਾ ਸੀ। ਜਿਉਂ ਹੀ ਯਾਤਰੀਆਂ ਦਾ ਮੁੱਖ ਸਮੂਹ, 250 ਦੀ ਵਿਸ਼ੇਸ਼ ਗਿਣਤੀ ਵਾਲਾ, ਸੜਕ ਤੇ ਕੋਲਕਾਤਾ ਵੱਲ ਨੂੰ ਚੱਲਿਆ, ਬੰਗਾਲ ਅਧਿਕਾਰੀਆਂ ਨੇ ਆਪਣੇ ਬਲਾਂ ਨੂੰ ਬੁਲਾ ਲਿਆ। ਪੰਜਾਬੀ ਪੁਲਿਸ, ਬਿਲਕੁਲ ਪਿੱਛੇ ਨਾਲ ਨਾਲ ਰਹਿਣ, ਪਰੰਤੂ ਰਸਤੇ 'ਚ ਨਾ ਆਉਣ ਦੀਆਂ ਸਿਆਣਪ ਭਰਪੂਰ ਹਦਾਇਤਾਂ ਸਮੇਤ ਮਗਰ ਚੱਲੀ। ਸਿੱਖਾਂ ਦੇ ਕੋਲਕਾਤਾ ਵੱਲ ਮਾਰਚ ਨੂੰ ਰੋਕਣ ਲਈ ਬੰਗਾਲ ਸਰਕਾਰ ਦੇ ਮੁੱਖ ਸਕੱਤਰ ਨੂੰ ਫੋਨ ਕੀਤਾ ਅਤੇ ਸ਼ਾਮ ਦੇ 4 ਅਤੇ 5 ਵਜੇ ਦੇ ਵਿਚਕਾਰ 150 ਬੰਦੂਕਧਾਰੀਆਂ ਦੇ ਯੂਰਪੀਅਨ ਦਸਤੇ, ਸਿਟੀ ਆੱਫ ਲੰਡਨ ਰੈਜ਼ੀਮੈਂਟ ਦੇ ਰਾੱਇਲ ਫਿਊਜ਼ਿਲੀਅਰਜ਼, ਨੇ ਬੈਰਕਾਂ ਤੋਂ ਚਾਲੇ ਪਾਏ। ਇਹ ਨਮੂਨੇ ਦੇ ਯੂਰਪੀ ਦਲ ਸਨ। ਜਿਹੜੇ ਭਾਰਤ ਵਿੱਚ ਅੱਠ ਸਾਲ ਬੈਰਕਾਂ ਵਿੱਚ ਰਹਿਣ ਪਿੱਛੋਂ ਦੇਸ਼ ਦੇ ਲੋਕਾਂ ਨਾਲੋਂ ਭਾਵਨਾਤਮਕ ਅਤੇ ਮਨੋਵਿਗਿਆਨਕ ਤੌਰ ਤੇ ਟੁੱਟੇ ਹੋਏ ਸਨ। ਉਹ ਕੋਲਕਾਤਾ ਦੇ ਫੋਰਟ ਵਿਲੀਅਮ ਤੋਂ ਮੋਟਰ ਗੱਡੀਆਂ ਵਿੱਚ ਨਿਕਲੇ। ਇਹ ਵੀ ਹੁਗਲੀ ਦੇ ਪੂਰਬੀ ਪਾਸੇ ਤੇ ਸੀ। ਪੁਲਿਸ ਕਮਿਸ਼ਨਰ ਹਾਲੀਡੇ ਨੇ ਕੋਲਕਾਤਾ ਵਿੱਚ ਆਪਣੇ ਮੁੱਖ ਦਫਤਰ ਨੂੰ ਫੋਨ ਕੀਤਾ ਅਤੇ ਰਿਜ਼ਰਵ ਪੁਲਿਸ ਦੇ ਸੁਪਰਡੈਂਟ ਜੇ.ਐਚ.ਈਸਟਵੁੱਡ (J H Eastwood) ਨੂੰ ਨਾਲ ਲੈ ਲਿਆ। ਜੋ ਨੀਲ ਮੁਹਿੰਮ ਅਤੇ ਦੱਖਣੀ ਅਫਰੀਕੀ ਯੁੱਧ ਦਾ ਅਨੁਭਵ ਰੱਖਣ ਵਾਲਾ 50 ਸਾਲ ਦਾ ਵਿਅਕਤੀ ਸੀ। ਈਸਟਵੁੱਡ ਨੇ ਤੇਜ਼ੀ ਨਾਲ ਤੀਹ ਸਾਰਜੈਂਟ ਅਤੇ ਸਿਪਾਹੀ ਲਏ ਅਤੇ ਬਜ ਬਜ ਨੂੰ ਜਾਣ ਵਾਲੀ ਸੜਕ 'ਤੇ ਜੋ ਵੀ ਸਾਧਨ ਮਿਲਿਆ, ਉਸ 'ਚ ਸਵਾਰ ਹੋ ਕੇ ਚਾਲੇ ਪਾ ਦਿੱਤੇ। ਇੱਕ ਜੇਲ੍ਹ ਵੈਨ, ਇੱਕ ਫਾਇਰ ਇੰਜਣ, ਅਤੇ ਕਈ ਟੈਕਸੀ ਗੱਡੀਆਂ। ਇਸ ਨਾਲ ਯਾਤਰੀ ਦੋ ਦੇ ਵਿਚਾਲੇ ਆ ਗਏ ਸਨ। ਪਿਛੇ ਪੰਜਾਬੀ ਪੁਲਿਸ, ਜੋ ਪਿੱਛੇ ਪਿਛੇ ਚੱਲ ਰਹੀ ਸੀ ਤੇ ਹਾਲਾਤ ਦੇ ਤਕਾਜ਼ੇ ਨੂੰ ਕੁਝ ਸਮਝਦੀ ਸੀ ਅਗਲੇ ਪਾਸੇ ਸੜਕ ਤੇ ਵਿਦੇਸ਼ੀ ਯੂਰਪੀ ਦਲ ਅਤੇ ਯੂਰਪੀ ਪੁਲਿਸ ਸੀ।

ਹਾਲੀਡੇ, ਡੋਨਲਡ, ਅਤੇ ਸਲੋਕਾੱਕ ਰਾੱਇਲ ਫਿਊਜਿਲੀਅਰਜ਼ ਨੂੰ ਮਿਲਣ ਲਈ ਮੋਟਰ ਕਾਰ ਰਾਹੀਂ ਚੱਲੇ ਸਨ। ਪਰੰਤੂ ਜਦੋਂ ਉਹ ਕਸਬੇ ਤੋਂ ਲਗਭਗ ਤਿੰਨ ਕਿਲੋਮੀਟਰ ਬਾਹਰਵਾਰ ਸਿੱਖਾਂ ਨਾਲ ਰਲੇ ਤਾਂ ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਵਿਚਦੀ ਲੰਘਣਾ ਖਤਰਨਾਕ ਹੋਵੇਗਾ। ਉਹ ਵਾਪਸ ਬਜ ਬਜ ਚਲੇ ਗਏ ਅਤੇ ਵਿਸ਼ੇਸ਼ ਰੇਲਗੱਡੀ ਵਿਚ ਸਵਾਰ ਹੋ ਕਿ ਜਿਸ ਵਿਚ –59 ਯਾਤਰੀਆਂ ਅਪਣੀ ਮਰਜ਼ੀ ਨਾਲ ਸਵਾਰ

ਹੋਏ ਸਨ, ਨੂੰ - ਮੇਜਰ ਹਟ ਸਟੇਸ਼ਨ ਤੇ ਲੈ ਗਏ। ਜੋ ਕੋਲਕਾਤੇ ਦੇ ਦੱਖਣ ਵਿੱਚ ਇੱਕ ਬ੍ਰਾਂਚ ਲਾਈਨ ਉੱਪਰ ਸੀ ਅਤੇ ਇਸ ਪ੍ਰੇਸ਼ਾਨੀ ਵਾਲੀ ਜਗ੍ਹਾ ਤੋਂ ਚੰਗੀ ਦੂਰੀ ਸੀ।

ਬਜ ਬਜ ਤੋਂ ਸੜਕ ਤੇ 6 ਜਾਂ 7 ਕਿਲੋਮੀਟਰ ਦੀ ਦੂਰੀ ਤੇ ਸਿੱਖਾਂ ਦਾ ਸੁਪਰਡੈਂਟ ਈਸਟਵੁੱਡ ਅਤੇ ਉਸ ਦੇ ਛੋਟੇ ਜਿਹੇ ਕੋਲਕਾਤਾ ਪੁਲਿਸ ਬਲ ਨਾਲ ਸਾਹਮਣਾ ਹੋਇਆ। ਸਿੱਖਾਂ ਨੇ ਧੱਕ ਕੇ ਕੋਲੋਂ ਦੀ ਲੰਘਣ ਦੀ ਕੋਸ਼ਿਸ਼ ਕੀਤੀ, ਲੇਕਿਨ ਪੁਲਿਸ -ਜਿਨ੍ਹਾਂ ਵਿਚ ਪੰਜ ਕੋਲ ਰਿਵਾਲਵਰ ਅਤੇ ਬਾਕੀਆਂ ਕੋਲ ਬਾਂਸ ਦੀਆਂ ਸੋਟੀਆਂ ਸਨ- ਰਾੱਇਲ ਫਿਊਜਿਲੀਅਰਜ਼ ਦੇ ਆਉਣ ਤੱਕ ਆਪਣੀ ਥਾਂ ਤੇ ਡਟੀ ਰਹੀ। ਫੌਜੀ ਦਲਾਂ ਨਾਲ ਸਨ ਜੇ.ਜੀ.ਕਿਊਮਿੰਗ, (J G Cumming) ਬੰਗਾਲ ਸਰਕਾਰ ਦਾ ਮੁੱਖ ਸਕੱਤਰ, ਅਤੇ ਸਰ ਵਿਲੀਅਮ ਡਿਊਕ। ਡਿਊਕ ਗੱਡੀ ਗੁਰਦਿੱਤ ਸਿੰਘ ਪਾਸ ਲੈਕੇ ਗਿਆ ਅਤੇ ਪੁੱਛਿਆ ਕਿ ਉਹ ਅਤੇ ਉਸ ਦੇ ਪੈਰੋਕਾਰ ਕਿੱਥੇ ਜਾ ਰਹੇ ਹਨ? ਇਹ ਉਨ੍ਹਾਂ ਵਿੱਚ ਹੋਏ ਸੁਆਲ ਜੁਆਬ ਹਨ। ਜਿਥੋਂ ਤੱਕ ਗੁਰਦਿੱਤ ਸਿੰਘ ਨੂੰ ਇਸ ਦਾ ਚੇਤਾ ਸੀ।

ਡਿਊਕ ਦਾ ਮਕਸਦ, ਗੁਰਦਿੱਤ ਸਿੰਘ ਦੇ ਇਸ ਵੇਰਵੇ ਤੋਂ ਪਤਾ ਲੱਗੇਗਾ, ਸਿੱਖਾਂ ਤੋਂ ਉਹ ਕੁੱਝ ਕਰਵਾਉਣਾ ਸੀ ਜੋ ਕੁਝ ਉਨ੍ਹਾਂ ਨੂੰ ਕਿਹਾ ਗਿਆ ਸੀ। ਨਾ ਕਿ ਉਨ੍ਹਾਂ ਨਾਲ ਲੰਬੇ ਵਿਚਾਰ ਵਟਾਂਦਰੇ 'ਚ ਪੈਣਾ।

"ਅਸੀਂ ਕੋਲਕਾਤੇ ਨੂੰ ਜਾ ਰਹੇ ਹਾਂ।"

"ਤਹਾਨੂੰ ਕੋਲਕਾਤੇ ਵਿੱਚ ਕੀ ਕੰਮ ਹੈ?"

"ਪਹਿਲਾ ਕਿਸੇ ਗੁਰਦਵਾਰੇ ਵਿੱਚ ਪਵਿੱਤਰ ਗਰੰਥ ਜਮਾਂ ਕਰਾਉਣਾ ਅਤੇ ਬਾਅਦ 'ਚ ਰਾਜਪਾਲ ਨਾਲ ਮੁਲਾਕਾਤ ਕਰਨੀ ਜਿਸ ਪਾਸ ਅਸੀਂ ਆਪਣੀਆਂ ਸ਼ਿਕਾਇਤਾਂ ਰੱਖਾਂਗੇ।"

"ਰਾਜਪਾਲ ਨੇ ਤੁਹਾਡਾ ਮਾਮਲਾ ਸੁਣਨ ਲਈ ਮੈਨੂੰ ਭੇਜਿਆ ਹੈ, ਮੈਂ ਉਸ ਦਾ ਕਮਿਸ਼ਨਰ ਹਾਂ।"

"ਜੇ ਮਾਮਲਾ ਇਸਤਰਾਂ ਹੈ, ਬਹੁਤ ਅੱਛਾ, ਮੈਨੂੰ ਸੁਣੋ ਮੈਂ ਤੁਹਾਡੇ ਪਾਸ ਉਨ੍ਹਾਂ ਕਸ਼ਟਾਂ ਅਤੇ ਬੇਇਨਸਾਫੀਆਂ ਦਾ ਵਰਣਨ ਕਰਾਂਗਾ ਜੋ ਅਸੀਂ ਝੱਲੀਆਂ ਹਨ।"

"ਇੱਥੇ ਨਹੀਂ ਮੇਰੇ ਨਾਲ ਬਜ ਬਜ ਸਟੇਸ਼ਨ ਤੇ ਵਾਪਸ ਚੱਲੋ। ਜਿੱਥੇ ਮੈਂ ਤੁਹਾਡੇ ਕੇਸ ਦੀ ਸੁਣਵਾਈ ਕਰਾਂਗਾ।"

ਇਹ ਮੁੜ ਵਿਸ਼ਵਾਸ਼ ਦੁਆਉਣ ਵਾਲਾ ਵਾਅਦਾ ਨਹੀਂ ਸੀ। ਪਰੰਤੂ ਅੱਗੇ ਸ਼ਾਹ ਰਾਹ ਤੇ ਸਿਰਫ਼ 500 ਮੀਟਰ ਤੋਂ ਵਧ ਦੂਰੀ ਉੱਤੇ 303 ਬੰਦੂਕਾਂ ਨਾਲ ਹਥਿਆਰਬੰਦ ਦਲਾਂ ਦਾ ਕਾਫਲਾ ਸੀ ਇਸ ਤੋਂ ਵੀ ਘਾਤਕ ਸਨ। ਆਪਣੇ ਅੰਤਿਮ ਟਿਕਾਣੇ ਬਾਰੇ ਬਿਨਾਂ ਕਿਸੇ ਨਿਸ਼ਚਿਤਤਾ ਦੇ, ਸਿੱਖ ਪਿੱਛੇ ਨੂੰ ਮੁੜ ਪਏ। ਪੰਜਾਬੀ ਅਤੇ ਯੂਰਪੀ ਪੁਲਿਸ ਪੈਦਲ ਉਨ੍ਹਾਂ ਦੇ ਨਾਲ ਨਾਲ ਚੱਲੀ ਜਦੋਂ ਕਿ ਸੈਨਿਕ ਦਲ

ਆਪਣੀਆਂ ਮੋਟਰ ਗੱਡੀਆਂ ਵਿੱਚ ਕੁਝ ਫਰਕ ਨਾਲ ਪਿੱਛੇ ਆ ਰਹੇ ਸਨ। ਇਸ ਢੰਗ ਨਾਲ ਇਹ ਜਲੂਸ ਇੱਕ ਘੰਟੇ 'ਚ ਲਗਭਗ ਪੰਜ ਕਿਲੋਮੀਟਰ ਤਹਿ ਕਰਦਿਆਂ ਇਕਸਾਰ ਰਫਤਾਰ ਨਾਲ ਚੱਲਿਆ। ਗੁਰਦਿੱਤ ਸਿੰਘ ਇੱਕ ਬੰਗਾਲੀ ਲੜਕੇ, ਜੋ ਉਨ੍ਹਾਂ ਨੂੰ ਰਸਤੇ 'ਚ ਮਿਲਿਆ ਸੀ, ਤੋਂ ਖਰੀਦੇ ਗਏ ਬਾਈਸਾਇਕਲ ਤੇ ਸਵਾਰ ਹੋ ਕੇ ਨਾਲ ਨਾਲ ਚੱਲਿਆ। ਇਹ ਗਰਮ ਲੌਢੇ ਵੇਲੇ ਦਾ ਸਮਾਂ ਸੀ ਅਤੇ ਬਹੁਤ ਸਾਰੇ ਸਿੱਖਾਂ ਨੇ ਪਾਣੀ ਲੈਣ ਲਈ ਦੁਕਾਨਾਂ ਅੰਦਰ ਜਾਂ ਮੁੱਖ ਰਸਤੇ ਤੋਂ ਹਟਵੇਂ ਰਸਤਿਆਂ ਨੂੰ ਖਿਸਕ ਜਾਣ ਦੀ ਕੋਸ਼ਿਸ਼ ਕੀਤੀ। ਲੇਕਿਨ ਯੂਰਪੀ ਪੁਲਿਸ ਦੇ ਸਾਰਜੈਂਟਾਂ ਨੇ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਉਨ੍ਹਾਂ ਨੂੰ ਇੱਕ ਜਾਂ ਦੋ ਠੁੱਡੇ ਮਾਰਕੇ ਵਾਪਸ ਸਫਾਂ ਵਿੱਚ ਧੱਕ ਦਿੱਤਾ। ਵਰਨਾ ਸਿੱਖ ਚੁੱਪ ਚਾਪ ਤੁਰਦੇ ਗਏ ਅਤੇ ਜਦੋਂ ਪੁਲਿਸ ਕਮਿਸ਼ਨਰ ਹਾਲੀਡੇ ਮੇਜਰ ਹਟ ਸਟੇਸ਼ਨ ਤੋਂ ਵਾਪਸ ਪਰਤਦਿਆਂ ਮੋਟਰ ਗੱਡੀ ਵਿੱਚ ਪਿੱਛੇ ਤੋਂ ਅੱਗੇ ਆਇਆ, ਉਹ ਬਿਨਾਂ ਕਿਸੇ ਘਟਨਾ ਦੇ ਉਨ੍ਹਾਂ ਦੇ ਵਿੱਚੋਂ ਦੀ ਗੱਡੀ ਚਲਾਕੇ ਲੰਘਿਆ।

ਸੂਰਜ ਛਿਪ ਗਿਆ ਜਦੋਂ ਉਹ ਅਜੇ ਵੀ ਬਜ ਬਜ ਤੋਂ ਕੁੱਝ ਦੂਰੀ ਤੇ ਸਨ। ਜਿਵੇਂ ਹੀ ਉਹ ਸ਼ਾਮ ਦੇ 7 ਵਜੇ ਤੋਂ ਥੋੜ੍ਹਾ ਕੁ ਪਹਿਲਾਂ ਅਰਧ-ਹਨੇਰੇ ਵਿੱਚ ਸਟੇਸ਼ਨ ਤੇ ਪਹੁੰਚੇ, ਉਨ੍ਹਾਂ ਦੇ ਪਿੱਛੇ ਚੰਦਰਮਾ ਅਸਮਾਨ ਵਿੱਚ ਚੜ੍ਹ ਗਿਆ ਸੀ। ਸਰ ਵਿਲੀਅਮ ਡਿਊਕ ਇੱਕ ਗੱਡੀ ਹਾਸਲ ਕਰਨ ਲਈ ਅੱਗੇ ਚਲਾ ਗਿਆ ਸੀ। ਜਿਹੜੀ ਸਟੇਸ਼ਨ ਦੇ ਪਲੇਟਫਾਰਮ ਤੇ ਖੜ੍ਹੀ ਸੀ। ਫਿਰ ਵੀ ਜਿਉਂ ਹੀ ਪੁਲਿਸ ਫਾਟਕ ਤੇ ਪਹੁੰਚੀ ਉਨ੍ਹਾਂ ਨੂੰ ਭਰੋਸਾ ਨਹੀਂ ਸੀ ਕਿ ਗੱਡੀ ਤਿਆਰ ਹੈ ਜਾਂ, ਕੀ ਸਿੱਖਾਂ ਨੂੰ ਰਾਤ ਲਈ ਕਾਮਾਗਾਟਾ ਮਾਰੂ ਤੇ ਲਿਜਾਣਾ ਚਾਹੀਦਾ ਹੈ। ਰੁੱਕਣ ਦਾ ਐਲਾਨ ਕੀਤਾ ਗਿਆ ਅਤੇ ਸਿੱਖਾਂ ਨੂੰ ਬੈਠਣ ਲਈ ਕਿਹਾ ਗਿਆ ਅਤੇ ਉਨ੍ਹਾਂ ਨੂੰ ਰੇਲਵੇ ਲਾਈਨ ਦੇ ਬਿਲਕੁਲ ਪੱਛਮ ਵਿੱਚ ਇੱਕ ਘਾਹ ਦੇ ਪਲਾਟ 'ਤੇ ਇੰਤਜ਼ਾਰ ਕਰਨ ਲਈ ਕਿਹਾ ਗਿਆ। ਉਨ੍ਹਾਂ ਦੇ ਕੁੱਝ ਮੀਟਰ ਪਿੱਛੇ ਇੱਕ ਖਾਈ ਜਾਂ ਛੱਪੜ ਸੀ। ਜਿਸ ਵਿੱਚ ਪਾਣੀ ਦਾ ਪੱਧਰ ਸੜਕ ਦੀ ਸਤ੍ਹਾ ਤੋਂ ਲਗਭਗ ਦੋ ਮੀਟਰ ਨੀਵਾਂ ਸੀ। ਉਨ੍ਹਾਂ ਦੇ ਫੌਰੀ ਸਾਹਮਣੇ ਡੇਢ ਮੀਟਰ ਲੋਹੇ ਦੀ ਵੱਟਦਾਰ ਕੰਡਿਆਲੀ ਵਾੜ ਸੀ। ਜਿਹੜੀ ਰੇਲਵੇ ਲਾਈਨ ਦੇ ਨਾਲ ਨਾਲ ਜਾਂਦੀ ਸੀ ਉਨ੍ਹਾਂ ਦੇ ਇੱਕ ਪਾਸੇ ਖਾਈ ਅਤੇ ਵਾੜ ਵਿਚਕਾਰ ਸਟੇਸ਼ਨ ਪਲੇਟਫਾਰਮ ਨੂੰ ਜਾਣ ਦਾ ਰਸਤਾ ਸੀ। ਦੂਸਰੇ ਪਾਸੇ ਜ਼ਮੀਨ ਤੇ ਉਤਰਨ ਵਾਲੀ ਪੁਲਬੇੜੀ ਨੂੰ ਜਾਂਦੀ ਸੜਕ ਸੀ। ਜਿੱਥੇ ਉਹ ਲੌਢੇ ਵੇਲੇ ਉੱਤਰੇ ਸਨ।

ਸਰ ਫਰੈਡਰਿਕ ਹਾਲੀਡੇ ਨੇ ਸਿੱਖਾਂ ਨੂੰ ਦੁਬਾਰਾ ਕੋਲਕਾਤਾ ਵੱਲ ਭੱਜ ਜਾਣ ਤੋਂ ਰੋਕਣ ਲਈ ਪੰਜਾਬੀ ਪੁਲਿਸ ਨੂੰ ਉਨ੍ਹਾਂ ਦੇ ਸੱਜੇ ਪਾਸੇ ਇੱਕ ਲਾਈਨ ਵਿੱਚ ਖੜ੍ਹੇ ਕਰ ਦਿੱਤਾ। ਯੂਰਪੀ ਪੁਲਿਸ ਨੇ ਭੀੜ ਦੇ ਦੂਸਰੇ ਪਾਸੇ ਕਤਾਰ ਬਣਾ ਲਈ ਜਿਉਂ ਹੀ ਸਿੱਖਾਂ ਨੇ ਸ਼ਾਮ ਦੀ ਪ੍ਰਾਰਥਨਾ ਲਈ ਆਪਣੇ ਪਵਿੱਤਰ ਗਰੰਥ ਦੁਆਲੇ ਬੈਠਣਾ ਸ਼ੁਰੂ ਕੀਤਾ, ਹਾਲੀਡੇ, ਸਰ ਵਿਲੀਅਮ ਡਿਊਕ ਦੀ ਖੋਜ ਵਿੱਚ ਰੇਲਵੇ ਫਾਟਕ ਵੱਲ ਚਲਾ

ਗਿਆ। ਕਿਉਂਕਿ ਅਸਲ ਵਿੱਚ ਅਜੇ ਵੀ ਉਹ ਸਟੇਸ਼ਨ ਦੀ ਇਮਾਰਤ ਵਿੱਚ ਸੀ। ਹਾਲੀਡੇ ਨੂੰ ਫਾਟਕ ਤੇ ਇੱਕ ਮਿੰਟ ਤੋਂ ਵੱਧ ਸਮਾਂ ਨਹੀਂ ਹੋਇਆ ਹੋਣਾ, ਕਿ ਜਦੋਂ ਭੀੜ ਵਾਲੇ ਪਾਸੇ ਦੂਰ ਤੋਂ ਲੜੀਵਾਰ ਧਮਾਕਿਆਂ ਦੀ ਕੜ ਕੜ ਦੀ ਅਵਾਜ਼ ਆਈ। ਸਿੱਖ ਆਪਣੇ ਪੈਰਾਂ ਤੇ ਖੜ੍ਹੇ ਹੋ ਗਏ ਸਨ। ਧਮਾਕੇ ਰਿਵਾਲਵਰ ਦੀਆਂ ਗੋਲੀਆਂ ਦੇ ਸਨ। ਹਾਲੀਡੇ ਆਪਣੇ ਸਿਰ ਉੱਪਰ ਦੀ ਲੰਘਦੀਆਂ ਗੋਲੀਆਂ ਦੀ ਅਵਾਜ਼ ਸੁਣ ਸਕਦਾ ਸੀ।

ਜਿਲ੍ਹਾ ਮਜਿਸਟਰੇਟ ਡੋਨਲਡ, ਸਟੇਸ਼ਨ ਵਾਲੇ ਪਾਸੇ ਤੋਂ ਭੀੜ ਪਾਸ ਪਹੁੰਚਿਆ ਤਾਂ ਕਿ ਗੁਰਦਿੱਤ ਸਿੰਘ ਨੂੰ ਕੋਲ ਬੁਲਾ ਸਕੇ। ਪਰ ਉਸ ਨੇ ਇਹ ਕਹਿੰਦਿਆਂ ਨੇੜੇ ਆਉਣ ਤੋਂ ਇਨਕਾਰ ਕਰ ਦਿੱਤਾ ਸੀ, ਕਿ ਡੋਨਲਡ ਜਿਥੇ ਹੈ। ਉਥੋਂ ਹੀ ਬੋਲ ਸਕਦਾ ਹੈ। ਇੱਕ ਯੂਰਪੀਅਨ ਪੁਲਿਸ ਸਾਰਜੈਂਟ ਨੇ ਉਸ ਦੇ ਪਿੱਛੇ ਜਾਣਾ ਸ਼ੁਰੂ ਕੀਤਾ ਅਤੇ ਜਿਸ ਨੂੰ ਵਾਪਸ ਬੁਲਾ ਲਿਆ ਗਿਆ, ਲੇਕਿਨ ਸੁਪਰਡੈਂਟ ਈਸਟਵੁੱਡ ਖੁਦ ਸਿੱਖਾਂ ਵਿੱਚ ਘੁਸ ਗਿਆ। ਸੰਭਵ ਤੌਰ ਤੇ ਇੱਕ ਬਾਂਸ ਦੀ ਸੋਟੀ ਲੈਣ ਲਈ ਜੋ ਉਸ ਦੇ ਇੱਕ ਸਾਥੀ ਤੋਂ ਖੋਹ ਲਈ ਗਈ ਸੀ, ਜਾਂ ਵਧੇਰੇ ਸੰਭਵ, ਗੁਰਦਿੱਤ ਸਿੰਘ ਨੂੰ ਲੈਣ ਲਈ। ਉਸ ਨੇ ਕੁੱਝ ਹੀ ਕਦਮ ਪੁੱਟੇ ਸਨ ਕਿ ਭੀੜ ਨੇ ਉਸ ਨੂੰ ਘੇਰ ਲਿਆ, ਅਤੇ ਉਸ ਨੂੰ ਜ਼ਮੀਨ ਤੇ ਚਿੱਤ ਕਰ ਦਿੱਤਾ। ਇਸੇ ਪਲ ਗੋਲੀਬਾਰੀ ਸ਼ੁਰੂ ਹੋ ਗਈ ਸੀ।

ਬਾਅਦ ਵਿੱਚ, ਜਦੋਂ ਇਸ ਗੱਲ ਦੀ ਵਿਆਖਿਆ ਕਰਨ ਲਈ ਪੁੱਛਿਆ ਗਿਆ, ਕਿ ਕੀ ਵਾਪਰਿਆ ਹੈ। ਕਮਿਸ਼ਨਰ ਹਾੱਲੀਡੇ ਨੇ ਕਿਹਾ ਉਸ ਨੇ ਤੀਹ ਚਾਲੀ ਸਿੱਖ ਭੀੜ ਵਿੱਚੋਂ ਦੀਂ ਦੇਖੇ ਸਨ, ਜੋ ਸਾਰੇ ਗੋਲੀਆਂ ਚਲਾ ਰਹੇ ਸਨ। ਇਹ ਵਧਾਅ ਚੜ੍ਹਾਅ ਕੇ ਕੀਤੀ ਹੋਈ ਡਰਾਉਣੀ ਦੀ ਯਾਦ ਸੀ। ਜਿਹੜੀ ਉਸਦੇ ਖੁਦ ਦੇ ਕੁੱਝ ਅਫ਼ਸਰਾਂ ਨੇ ਸਾਂਝੀ ਨਹੀਂ ਕੀਤੀ। ਡੇਵਿਡ ਪੈਟਰੀ, ਜਿਸ ਨੇ ਹਮਲਾ ਕਰ ਰਹੇ ਸਿੱਖਾਂ ਤੇ ਆਪਣੇ ਬਰਾਉਨਿੰਗ ਪਿਸਤੌਲ ਨਾਲ ਸੱਤ ਗੋਲੀਆਂ ਚਲਾਈਆਂ ਸਨ, ਨੇ ਅੰਦਾਜ਼ਾ ਲਗਾਇਆ ਕਿ ਦਸ ਜਾਂ ਬਾਰਾਂ ਸਿੱਖਾਂ ਤੋਂ ਵੱਧ ਗੋਲੀਆਂ ਨਹੀਂ ਚਲਾ ਰਹੇ ਸਨ। ਕੁੱਝ ਗੋਲੀਆਂ ਜਿਹੜੀਆਂ ਹਾਲੀਡੇ ਨੇ ਸੁਣੀਆਂ ਸਨ, ਚਾਰ ਪੁਲਿਸ ਸਾਰਜੈਂਟਾਂ ਵੱਲੋਂ ਆਈਆਂ ਸਨ। ਜੋ ਹੁਣ ਭੀੜ ਦੀ ਲਪੇਟ ਵਿੱਚ ਸਨ ਅਤੇ ਐਨਾ ਨੇੜੇ ਤੋਂ ਰਿਵਾਲਵਰ ਚਲਾ ਰਹੇ ਸਨ ਕਿ ਇੱਕ ਯਾਤਰੀ ਬਾਦਲ ਸਿੰਘ ਦੇ, ਜੋ ਅੰਬਾਲਾ ਜ਼ਿਲ੍ਹੇ ਦੇ ਹੁਸ਼ਿਆਰਪੁਰ ਪਿੰਡ ਦਾ ਸੀ, ਨੂੰ ਛੇ ਵਾਰ ਗੋਲੀ ਲੱਗੀ ਅਤੇ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ। ਪਰੰਤੂ ਬਾਕੀ ਦੀਆਂ ਗੋਲੀਆਂ ਥੋੜ੍ਹੇ ਜਿਹੇ ਹਥਿਆਰਬੰਦ ਯਾਤਰੀਆਂ ਵੱਲੋਂ ਆਈਆਂ ਸਨ। ਇੱਕ ਗੋਲੀ ਰੇਲਵੇ ਵਾਲੰਟੀਅਰ ਰਾਇਫਲਜ਼ ਦੇ ਲੈਫਟੀਨੈਂਟ ਮਾਲਕਮ ਲੋਮੈਕਸ(Malcom Lomex) ਦੇ ਪੇਟ ਵਿੱਚ ਲੱਗੀ। ਇੱਕ ਹੋਰ ਡੇਵਿਡ ਪੈਟਰੀ ਦੀ ਬਾਂਹ ਅਤੇ ਪੱਟ ਵਿੱਚ ਲੱਗੀ। ਇੱਕ ਹੋਰ ਡਿਪਟੀ ਕਮਿਸ਼ਨਰ ਹੰਫਰੀ ਦੇ ਮੱਥੇ ਨੂੰ ਛਿੱਲ ਕੇ ਲੰਘ ਗਈ, ਇੱਕ ਹਲਕਾ ਜਿਹਾ ਜ਼ਖ਼ਮ ਜਿਸ 'ਚੋਂ ਬਹੁਤ ਖੂਨ ਵਗ ਰਿਹਾ

ਸੀ। ਜਿਉਂ ਹੀ ਯਾਤਰੀ ਅੱਗੇ ਵਧੇ, ਕੋਲਕਾਤਾ ਪੁਲਿਸ ਅਤੇ ਪੰਜਾਬੀ ਸਿਪਾਹੀਆਂ ਨੇ ਬਾਂਸ ਦੀਆਂ ਸੋਟੀਆਂ ਅਤੇ ਤਲਵਾਰਾਂ ਨਾਲ ਮੋੜਵਾਂ ਹਮਲਾ ਕਰ ਦਿੱਤਾ। ਯਾਤਰੀਆਂ ਨੇ ਨੇੜੇ ਦੀਆਂ ਦੁਕਾਨਾਂ ਦੀਆਂ ਕੰਧਾਂ ਤੋਂ ਭਾਰੀ ਬਾਂਸ ਦੀਆਂ ਸੋਟੀਆਂ ਖਿੱਚ ਲਈਆਂ ਸਨ। ਇੱਕ ਸੋਟੀ ਦੇ ਵਾਰ ਨੇ ਸਬ ਇੰਸਪੈਕਟਰ ਨਾਨਕ ਚੰਦ ਦੀ ਖੱਬੀ ਬਾਂਹ ਤੋੜ ਦਿੱਤੀ ਸੀ ਅਤੇ ਸਿਪਾਹੀ ਹਰੀ ਸਿੰਘ ਖੱਬੀ ਬਾਂਹ ਦੀ ਹੱਡੀ ਇੱਕ ਤਿੱਖੇ ਸੰਦ ਰਾਹੀਂ ਅਲਹਿਦਾ ਕਰਵਾ ਬੈਠਾ ਅਤੇ ਉਸ ਦੇ ਸਿਰ ਤੇ ਛੇ ਇੰਚ ਦਾ ਜਖ਼ਮ ਹੋ ਗਿਆ। ਜਿਸ ਨੇ ਉਸ ਦਾ ਦਿਮਾਗ ਨੰਗਾ ਕਰ ਦਿੱਤਾ। ਪੁਲਿਸ ਪਿੱਛੇ ਹਟਾ ਲਈ ਗਈ। ਭਾਵੇਂ ਇਸ ਤੋਂ ਪਹਿਲਾਂ ਉਨ੍ਹਾਂ ਵਿੱਚੋਂ ਕੁੱਝ ਈਸਟਵੁੱਡ ਤੱਕ ਪਹੁੰਚ ਗਏ ਸਨ। ਅਤੇ ਉਸ ਨੂੰ ਉਸ ਜਗ੍ਹਾ ਤੋਂ ਘੜੀਸ ਲਿਆਏ ਸਨ ਜਿੱਥੇ ਉਹ ਪਿੱਠ ਵਿੱਚ ਗੋਲੀ ਲੱਗਣ ਤੋਂ ਬਾਅਦ ਡਿੱਗ ਪਿਆ ਸੀ।

ਦੀ ਰਾਇਲ ਫਿਉਜਿਲੀਅਰਜ਼ ਹਰ ਕਿਸੇ ਦੇ ਪਿੱਛੇ ਬਜ ਬਜ 'ਚ ਦਾਖਲ ਹੋ ਚੁੱਕੇ ਸਨ ਅਤੇ ਲਾਈਨ ਤੋਂ ਪਰਲੇ ਪਾਸੇ ਦੀ ਸੜਕ ਤੇ ਬਹੁਤ ਦੂਰ ਸਨ। ਜਦੋਂ ਪਹਿਲੀਆਂ ਗੋਲੀਆਂ ਦਾਗੀਆਂ ਗਈਆਂ ਦੋ ਪਲਟਣਾਂ ਤੇਜ਼ ਗਤੀ ਨਾਲ ਆਈਆਂ ਅਤੇ ਉਨ੍ਹਾਂ ਆਪਣੇ ਆਪ ਨੂੰ ਰੇਲਵੇ ਦੇ ਸੱਜੇ ਪਾਸੇ ਲੋਹੇ ਦੀ ਵਾੜ ਦੇ ਪਿੱਛੇ ਸਥਾਪਿਤ ਕਰ ਲਿਆ। ਉਨ੍ਹਾਂ ਦੇ ਵਾੜ ਵਾਲੇ ਪਾਸੇ ਤੋਂ ਪੈ ਰਹੀ ਰੌਸ਼ਨੀ ਵਿੱਚ, ਉਨ੍ਹਾਂ ਨੇ ਕਾਰਵਾਈ ਦਾ ਸੀਮਿਤ ਜਿਹਾ ਦ੍ਰਿਸ਼ ਦੇਖਿਆ। ਕਮਾਂਡਿੰਗ ਅਫ਼ਸਰ ਕਪਤਾਨ ਫਰਾਂਸਿਸ ਮੂਰ (Francis Moore) ਨੇ ਇਕ ਮਿੰਟ ਯਾਂ ਕੁਝ ਸਕਿੰਟ ਇੰਤਜ਼ਾਰ ਕੀਤੀ। ਜਦੋਂ ਪੁਲਿਸ ਨੇ ਆਪਣਾ ਛੁਟਕਾਰਾ ਪਾਇਆ, ਕੁਝ ਨੇ ਸਟੇਸ਼ਨ ਵਿੱਚ ਪਨਾਹ ਲੈ ਕੇ, ਦੂਜਿਆਂ ਨੇ ਫਾਟਕ ਵੱਲ ਜਾ ਕੇ ਮੂਰ ਨੇ ਸਰ ਫਰੈਡਰਿਕ ਹਾਲੀਡੇ ਤੱਕ ਪਹੁੰਚ ਕੀਤੀ। ਜੋ ਅਜੇ ਫਾਟਕ ਤੇ ਖੜ੍ਹਾ ਸੀ ਅਤੇ ਪੁੱਛਿਆ ਕਿ ਉਸ ਨੂੰ ਗੋਲੀ ਚਲਾਉਣ ਦਾ ਹੁਕਮ ਦੇਣਾ ਚਾਹੀਦਾ ਹੈ। ਆਪਣਾ ਪੈਰ ਜ਼ਖ਼ਮੀ ਹੋਣ ਤੋਂ ਸਿਰਫ਼ ਇੱਕ ਪਲ ਪਹਿਲਾਂ, ਹਾਲੀਡੇ ਨੇ ਕਿਹਾ, ਹਾਂ।

ਜਦੋਂ ਦਲਾਂ ਨੇ ਘਾਤਕ ਗੋਲੀਬਾਰੀ ਸ਼ੁਰੂ ਕੀਤੀ ਬਹੁਤੇ ਯਾਤਰੀਆਂ ਨੇ ਆਪਣੇ ਪਿੱਛੇ ਖਾਈ ਵਿੱਚ ਓਟ ਲਈ, ਕੁੱਝ ਮੋਚੀ ਜਾਂ ਪ੍ਰਚੂਨ ਦੀ ਦੁਕਾਨ ਵੱਲ ਦੌੜੇ, ਜੋ ਰੇਲਵੇ ਤੋਂ ਲਗਭਗ ਪੰਦਰਾਂ ਮੀਟਰ ਦੀ ਦੂਰੀ ਤੇ ਸਨ। ਦੂਸਰੇ ਫਾਟਕ ਤੇ ਇੱਕ ਘੜੀ ਵਾਲੇ ਦੀ ਦੁਕਾਨ ਦੇ ਪਿੱਛੇ ਅਤੇ ਨੇੜੇ ਦੇ ਇੱਕ ਵੱਡੇ ਦਰੱਖਤ ਦੇ ਤਣੇ ਪਿੱਛੇ ਲੁਕ ਗਏ। ਕਿਉਂਕਿ ਉਨ੍ਹਾਂ ਦੀ ਦਿਸ਼ਾ 'ਚੋਂ ਅਜੇ ਵੀ ਗੋਲੀਆਂ ਗੂੰਜ ਰਹੀਆਂ ਸਨ। ਦਲਾਂ ਨੇ ਆਪਣੀ ਗੋਲੀਬਾਰੀ ਉਨ੍ਹਾਂ ਤੇ ਕੇਂਦਰਤ ਕਰ ਦਿੱਤੀ ਸ਼ਾਮ ਦੇ ਲਗਭਗ 7 ਵਜੇ ਹੰਗਾਮਾ ਸ਼ੁਰੂ ਹੋਇਆ ਸੀ। ਇੱਕ ਘੰਟੇ ਦੇ ਵਿੱਚ ਲਗਭਗ ਸਾਰੇ ਯਾਤਰੀਆਂ ਨੇ ਖਾਈ ਦੇ ਨਾਲ ਨਾਲ ਆਪਣਾ ਰਸਤਾ ਫੜ ਲਿਆ ਸੀ ਅਤੇ ਹਨੇਰੇ ਵਿੱਚ ਤੇਲ ਟੈਂਕਾਂ ਅਤੇ ਪਰ੍ਹਾਂ ਦਰਿਆ ਦੀ ਦਿਸ਼ਾ ਵਿੱਚ ਖਿਸਕ ਗਏ ਸਨ। 8 ਵਜੇ ਉਨ੍ਹਾਂ ਵਿੱਚੋਂ ਕਈ ਘੜੀ ਵਾਲੇ ਦੀ ਦੁਕਾਨ ਅਤੇ ਹੋਰ ਦੁਕਾਨਾਂ ਦੇ ਪਿੱਛੋਂ ਤੇਜ਼ੀ ਨਾਲ ਨਿਕਲੇ

ਅਤੇ ਰਾਤ ਦੇ ਹਨੇਰੇ ਵਿੱਚ ਗਾਇਬ ਹੋ ਗਏ। ਦਲਾਂ ਨੇ ਉਨ੍ਹਾਂ ਦੇ ਪਿੱਛੇ ਗੋਲੀਆਂ ਦੀ ਇੱਕ ਵਾਛੜ ਕੀਤੀ ਅਤੇ ਫਿਰ ਸਭ ਕੁਝ ਸ਼ਾਂਤ ਹੋ ਗਿਆ।

ਜਿਸ ਹਿੰਸਾਂ ਨੇ ਭਾਰਤ ਵਿੱਚ ਯਾਤਰੀਆਂ ਦੀ ਵਾਪਸੀ ਦੇ ਪਹਿਲੇ ਦਿਨ ਦੀ ਸਮਾਪਤੀ ਕੀਤੀ, ਦਾ ਅਗਾਊਂ ਅੰਦਾਜ਼ਾ ਲਾਇਆ ਜਾ ਸਕਦਾ ਸੀ, ਪਰੰਤੂ ਦੋਵਾਂ ਧਿਰਾਂ ਵੱਲੋਂ ਇਹ ਸਮੁੱਚੇ ਤੌਰ ਤੇ ਯੋਜਨਾ ਰਹਿਤ ਸੀ। ਇਸ ਦੀ ਵਧੇਰੇ ਵਿਸ਼ਾਲ ਪ੍ਰਸੰਗ ਵਿੱਚ ਵਿਆਖਿਆ ਕਰਨ ਲਈ, ਇਹ ਸਮਝਿਆ ਜਾ ਸਕਦਾ ਹੈ ਕਿ ਕਿਉਂਕਿ ਭਾਰਤ ਇੱਕ ਤਾਨਾਸ਼ਾਹ ਰਾਜ ਸੀ, ਅਤੇ ਹਥਿਆਰਬੰਦ ਪੁਲਿਸ ਅਤੇ ਸੈਨਿਕ ਦਲ ਇਸ ਸਮੇਂ ਸ਼ਾਮਿਲ ਸਨ। ਦਿਨ ਦੀਆਂ ਘਟਨਾਵਾਂ ਬਰਤਾਨਵੀ ਅਫ਼ਸਰਾਂ ਦੀ ਮਾਨਸਿਕਤਾ ਦਾ ਨਕਸ਼ਾ ਖਿਚਦੀਆਂ ਸਨ। ਸਾਜ਼ਗਾਰ ਅਤੇ ਤਰਕਸੰਗਤ ਕਾਰਵਾਈ ਦੇ ਬਿਲਕੁਲ ਸਮਰੱਥ ਆਦਮੀ-ਜੋ ਆਪਣੇ ਸਾਰੇ ਮਾਤਹਿਤਾਂ ਤੋਂ ਸਤਿਕਾਰ ਅਤੇ ਆਗਿਆਪਾਲਣ ਦੀ ਆਸ ਕਰਦੇ ਸਨ। ਪਰ ਇਹੀ ਸੀ ਜੋ ਉਨ੍ਹਾਂ ਨੇ ਬਹੁਤਾ ਸਮਾਂ ਹੰਡਾਇਆ ਸੀ। ਪਰੰਤੂ ਇਸ ਦਿਨ ਨਹੀਂ ਆਪਣੀ ਰਿਪੋਰਟ ਵਿੱਚ ਪੈਟਰੀ ਨੇ ਯਾਤਰੀਆਂ ਦੇ ਅੱਖੜਪੁਣੇ ਅਤੇ ਉਜੱਡਪੁਣੇ ਦਾ ਜ਼ਿਕਰ ਕੀਤਾ ਸੀ। ਜਦੋਂ ਉਹ ਪਹਿਲੀ ਵਾਰ ਜਹਾਜ਼ ਤੇ ਗਿਆ ਸੀ। ਉਸ ਨੇ ਲਿਖਿਆ ਕਿ ਉੱਥੇ ਮੁਸ਼ਕਿਲ ਨਾਲ ਹੀ ਕੋਈ ਆਦਮੀ ਹੋਵੇਗਾ, ਜਿਸ ਨੇ ਉਸ ਸ਼ਿਸ਼ਟਤਾ ਨੂੰ ਪੂਰੀ ਤਰ੍ਹਾਂ ਵਗਾਹ ਨਾ ਮਾਰਿਆ ਹੋਵੇ, ਜਿਹੜੀ ਕੋਈ ਸਿੱਖਾਂ ਤੋਂ ਉਨ੍ਹਾਂ ਦੇ ਆਪਣੇ ਦੇਸ਼ ਵਿੱਚ ਆਸ ਕਰਦਾ ਹੈ।

ਪੈਟਰੀ ਯਾਤਰੀਆਂ ਦਰਮਿਆਨ ਅਜਿਹੇ ਰਵੱਈਏ ਦਾ ਸਾਹਮਣਾ ਕਰ ਰਿਹਾ ਸੀ। ਜੋ ਹਰ ਉਸ ਚੀਜ਼ ਦਾ ਨਤੀਜਾ ਸੀ। ਜੋ ਉਨ੍ਹਾਂ ਨਾਲ ਪਿਛਲੇ ਛੇ ਮਹੀਨਿਆਂ ਵਿੱਚ ਵਾਪਰ ਚੁੱਕੀ ਸੀ। ਇਸ ਤੋਂ ਛੁੱਟ, ਜਹਾਜ਼ ਤੋਂ ਉਤਰਨ ਦਾ ਲੰਬਾ ਦਿਨ ਸਮੇਤ ਇਸ ਦੀਆਂ ਜ਼ੋਰਦਾਰ ਦਲੀਲ ਬਾਜੀਆਂ ਦੇ ਅਤੇ ਪ੍ਰੇਸ਼ਾਨੀ ਭਰੀਆਂ ਅਨਿਸ਼ਚਿਤਤਾਵਾਂ ਅਤੇ ਇਸਦੇ ਕੋਲਕਾਤਾ ਵੱਲ ਅਤੇ ਵਾਪਸ ਵਿਅਰਥ, ਅਕਾਊ ਮਾਰਚ ਦੇ, ਦੋਵਾਂ ਧਿਰਾਂ ਨੂੰ ਉਨਾਂ ਦੀ ਸਹਿਨਸ਼ੀਲਤਾ ਦੀਆਂ ਹੱਦਾਂ ਤੇ ਲੈਂਦਾ ਸੀ। ਇੱਕ ਹੋਰ ਕਾਰਣ ਸ਼ਮਿਲ ਸੀ। ਇਹ ਪੰਜਾਬ ਤੋਂ ਬਹੁਤ ਦੂਰ ਬੰਗਾਲ ਵਿੱਚ ਵਾਪਰ ਰਿਹਾ ਸੀ। ਕੋਲਕਾਤਾ ਤੋਂ ਬੁਲਾਏ ਗਏ। ਸੈਨਿਕ ਦਲ ਅਤੇ ਪੁਲਿਸ ਯੂਰਪੀਅਨ ਸਨ, ਜਿਨ੍ਹਾਂ ਲਈ ਯਾਤਰੀ ਅਜਨਬੀ ਸਨ। ਪੰਜਾਬੀ ਸਿਪਾਹੀਆਂ ਦੇ ਉਲਟ, ਜੋ ਯਾਤਰੀਆਂ ਨਾਲ ਗੱਲਾਂ ਅਤੇ ਮਜ਼ਾਕ ਕਰ ਸਕਦੇ ਸਨ। ਪਰ ਇਹ ਹੁਕਮ ਚਲਾਉਣ ਵਾਲੇ ਕੁੱਝ ਨਹੀਂ ਜਾਣਦੇ ਸਨ ਕਿ ਯਾਤਰੀ ਕੌਣ ਹਨ। ਇਸੇ ਨੂੰ ਦਰਸਾਉਂਦਾ ਹੈ ਸੁਪਰਡੈਂਟ ਈਸਟਵੁੱਡ, ਜਿਸ ਨੇ ਇੱਕ ਲਾਠੀ ਅਤੇ ਰਿਵਾਲਵਰ ਲੈਕੇ ਰੋਅਬ ਨਾਲ ਸਿੱਖਾਂ ਵਿੱਚ ਘੁਸ ਕੇ ਦੰਗੇ ਭੜਕਾ ਦਿੱਤੇ ਸਨ। ਇਸੇ ਨੂੰ ਦਰਸਾਉਂਦੇ ਹਨ ਸਰ ਫਰੈਡਰਿਕ ਹਾਲੀਡੇ, ਜਿਸ ਨੇ ਰਾੱਇਲ ਫਿਊਜਿਲੀਅਰ ਲਈ ਗੋਲੀ ਚਲਾਉਣ ਦੇ ਹੁਕਮ ਦੀ ਮਨਜ਼ੂਰੀ ਦਿੱਤੀ ਸੀ ਅਤੇ ਕਪਤਾਨ ਫਰਾਂਸਿਸ ਮੂਰ ਜਿਸ ਨੇ ਇਹ ਹੁਕਮ ਦਿੱਤਾ ਸੀ। ਦੋਨੋਂ ਸੁਭਾਵਿਕ ਤੌਰ ਤੇ ਇੱਕ ਅਜਿਹੇ ਪ੍ਰਬੰਧ ਦੇ ਅੰਦਰ ਕੰਮ ਕਰ ਰਹੇ ਸਨ ਜੋ ਉਨ੍ਹਾਂ ਦੀ ਤਾਕਤ ਦੀ ਵਰਤੋਂ ਨੂੰ ਅਣਡਿੱਠ ਕਰਦਾ ਹੈ।

***

ਅਧਿਆਇ 11

## ਗ੍ਰਿਫ਼ਤਾਰੀਆਂ ਅਤੇ ਨਜ਼ਰਬੰਦੀ : ਬਜ ਬਜ ਗੋਲੀ ਬਾਰੀ ਤੋਂ ਪਿਛੋਂ

ਵਾਇਸਰਾਏ ਨੇ ਕਨੇਡੀਅਨਾਂ ਨੂੰ ਯਾਤਰੀਆਂ ਨਾਲ ਨਜਿੱਠਣ ਲਈ ਹਿੰਸਾ ਤੋਂ ਗੁਰੇਜ਼ ਕਰਨ ਦੀ ਤਾਕੀਦ ਕੀਤੀ ਸੀ, ਅਤੇ ਫਿਰ ਭਾਰਤ ਵਿਚ ਉਸ ਦੇ ਆਪਣੇ ਜਿੰਮੇਵਾਰ ਅਧਿਕਾਰੀਆਂ ਹਥੋਂ ਹਿੰਸਾ ਵਾਪਰ ਗਈ। ਉਸ ਦੇ ਪਰਿਪੇਖ ਤੋਂ ਬਜ ਬਜ ਗੋਲੀ ਬਾਰੀ ਤੋਂ ਪਿੱਛੋਂ ਫੌਰੀ ਅਤਿ ਜ਼ਰੂਰੀ ਸਮੱਸਿਆ ਇਸ ਕਹਾਣੀ ਨੂੰ ਰੋਕ ਕੇ ਰੱਖਣਾ ਸੀ। ਬਹੁਤ ਸਾਰੇ ਪੱਖਾਂ ਤੋਂ ਇਹ ਵਿਦੇਸ਼ ਨਾਲੋਂ ਭਾਰਤ ਵਿੱਚ ਕਰ ਸਕਣਾ ਵਧੇਰੇ ਅਸਾਨ ਸੀ। ਭਾਰਤ ਵਿੱਚ ਪਰੈੱਸ ਉੱਪਰ ਸਰਕਾਰ ਦਾ ਕੰਟਰੋਲ ਸੀ ਅਤੇ ਸਰਕਾਰ ਦੇ ਬਹੁਤੇ ਸਖ਼ਤ ਅਲੋਚਕਾਂ-ਭਾਰਤੀ ਭਾਸ਼ਾਵਾਂ ਵਾਲੇ ਅਖਬਾਰਾਂ ਵਿੱਚ ਲਿਖਣ ਵਾਲਿਆਂ- ਦੇ ਮੂੰਹਾਂ ਤੇ ਛਿੱਕਲੀਆਂ ਚੜ੍ਹਾਅ ਦਿੱਤੀਆਂ ਗਈਆਂ। ਯੂਰਪੀਅਨ ਪਾਠਕਾਂ ਵਾਲੇ ਅੰਗਰੇਜ਼ੀ ਭਾਸ਼ੀ ਅਖਬਾਰਾਂ ਨੂੰ ਸਰਕਾਰ ਪੱਖੀ ਗਿਣਿਆ ਜਾ ਸਕਦਾ ਸੀ। ਅੰਗਰੇਜ਼ੀ ਕ੍ਰਿਤ ਭਾਰਤੀ ਪਾਠਕਾਂ ਸਮੇਤ ਉਹ ਅਲੋਚਨਾਤਮਕ ਵੀ ਹੋ ਸਕਦੇ ਸਨ। ਪਰੰਤੂ ਉਹ ਇਸ ਗੱਲ ਬਾਰੇ ਸਾਵਧਾਨ ਸਨ, ਕਿ ਉਨ੍ਹਾਂ ਨੇ ਕਿਸ ਹੱਦ ਤੱਕ ਜਾਣਾ ਹੈ। ਆਮ ਤੌਰ ਤੇ ਉਹ ਸੰਜਮ ਦੇ ਹੱਕ ਵਿੱਚ ਬੋਲਦੇ ਸਨ। ਉਹ ਬਰਤਾਨਵੀਆਂ ਨਾਲ ਕੰਮ ਕਰਨ ਦੀ ਹਮਾਇਤ ਕਰਦੇ ਸਨ। ਜਦੋਂ ਕਿ ਲੋਕਾਂ ਦੀ ਆਪਣੇ ਦੇਸ਼ ਦੀ ਹੋਣੀ 'ਚ ਆਪਣੇ ਵਾਂਗ ਵਧੇਰੇ ਪੁੱਛ-ਪ੍ਰਤੀਤ ਹੋਣ ਲਈ ਸੁਧਾਰ ਦੀ ਤਾਕੀਦ ਕਰਦੇ ਸਨ। ਜੋ ਰਸਤਾ ਉਨ੍ਹਾਂ ਨੇ ਇਸ ਘਟਨਾ ਬਾਰੇ ਧਿਆਨ ਪੂਰਵਕ ਢੰਗ ਨਾਲ ਅਪਣਾਇਆ। ਸਰਕਾਰ ਪ੍ਰਤੀ ਸਤਿਕਾਰ ਅਤੇ ਯਾਤਰੀਆਂ ਪ੍ਰਤੀ ਹਮਦਰਦੀ ਦਾ ਮੇਲ ਸੀ, ਪਰੰਤੂ ਉਨ੍ਹਾਂ ਨੇ ਬਜ ਬਜ ਵਿਖੇ ਮੁਕਾਬਲੇ ਬਾਰੇ ਯਾਤਰੀਆਂ ਦੇ ਪੱਖ ਨੂੰ ਨਾ ਅਪਣਾਇਆ। ਅਸਲ ਵਿੱਚ ਉਨ੍ਹਾਂ ਕੋਲ ਇਸ ਨੂੰ ਸੁਣਨ ਦਾ ਕੋਈ ਮੌਕਾ ਨਹੀਂ ਸੀ।

ਗੋਲੀ ਬਾਰੀ ਨੇ ਬਚ ਗਏ ਯਾਤਰੀਆਂ ਨੂੰ ਦੋਸਤਹੀਣ ਅਤੇ ਘਰ ਤੋਂ ਦੂਰ ਕਰ ਦਿੱਤਾ। ਭਾਵੇਂ ਉਹ ਵਾਪਸ ਭਾਰਤ ਵਿੱਚ ਸਨ। ਉਹ ਬੰਗਾਲੀਆਂ ਵਿੱਚ ਛੁੱਪਣ ਦਾ ਯਤਨ ਕਰ ਰਹੇ ਸਨ, ਜਿਹੜੇ ਵੱਖਰੀ ਭਾਸ਼ਾ ਅਤੇ ਸਭਿਆਚਾਰ ਦੇ ਲੋਕ ਸਨ। ਸਥਾਨਕ ਜਨਸੰਖਿਆ ਵਿੱਚ ਰਚ ਮਿਚ ਜਾਣ ਦੀ ਕੋਈ ਸੰਭਾਵਨਾ ਨਹੀਂ ਸੀ। ਇੱਥੋਂ ਤੱਕ ਕਿ ਉਨ੍ਹਾਂ ਦਾ ਲਿਬਾਸ-ਵਿਸ਼ੇਸ਼ ਤੌਰ ਤੇ ਪਗੜੀ-ਵਿਲੱਖਣ ਸੀ ਅਤੇ ਕਿਉਂਕਿ ਹਿੰਸਾ ਦਾ ਅੰਤਿਮ ਧਮਾਕਾ ਦਿਨ ਵੇਲੇ ਦੀਆਂ ਵਿਵਾਦਪੂਰਨ ਘਟਨਾਵਾਂ ਦੇ ਸਿੱਟੇ ਵਜੋਂ ਅਣਕਿਆਸੇ ਰੂਪ 'ਚ ਵਿਕਸਤ ਹੋਇਆ ਸੀ। ਉਨ੍ਹਾਂ ਕੋਲ ਬਚਾਅ ਦੀ ਕੋਈ ਯੋਜਨਾ ਨਹੀਂ ਸੀ ਅਤੇ ਪੇਂਡੂ ਇਲਾਕੇ ਦਾ ਕੋਈ ਗਿਆਨ ਨਹੀਂ ਸੀ। ਜਿਸ ਵਿੱਚ

ਕਿ ਉਨ੍ਹਾਂ ਨੇ ਆਪਣੇ ਆਪ ਨੂੰ ਪਾਇਆ। ਉਨ੍ਹਾਂ 'ਚੋਂ ਬਹੁਤਿਆਂ ਕੋਲ ਸਥਾਨਕ ਪੁਲਿਸ ਦੁਆਰਾ ਸੰਭਾਵਿਤ ਗਰਿਫ਼ਤਾਰੀ ਤੋਂ ਬਚਣ ਦਾ ਕੋਈ ਮੌਕਾ ਨਹੀਂ ਸੀ। ਇੱਕ ਵਾਰ ਗਰਿਫ਼ਤਾਰ ਹੋ ਗਏ, ਉਨ੍ਹਾਂ ਨੂੰ ਸੁਆਲ ਪੁਛੇ ਜਾਣੇ ਸਨ, ਅਤੇ ਸਰਕਾਰੀ ਜਾਂਚ ਦੀ ਪ੍ਰਕਿਰਿਆ, ਜਿਸ ਦਾ ਮਤਲਬ ਸੀ ਕੋਲਕਾਤਾ ਦੀ ਜੇਲ੍ਹ ਵਿੱਚ ਲੰਬੀ ਨਜ਼ਰਬੰਦੀ ਜੋ ਰਾਜਨੀਤਿਕ ਕੈਦੀਆਂ ਲਈ ਨਿਯਤ ਕੀਤੀ ਗਈ ਸੀ। ਜਾਂਚ ਨਰਮ ਦਲੀ ਭਾਰਤੀ ਆਗੂਆਂ ਵੱਲੋਂ ਜੁਆਬਦੇਹੀ ਦੀਆਂ ਮੰਗਾਂ ਪ੍ਰਤੀ ਸਰਕਾਰ ਦਾ ਹੁੰਗਾਰਾ ਸੀ। ਸਖ਼ਤ ਜਾਂਚ ਨਾਲੋਂ ਪਰਦਾ-ਪੋਸ਼ੀ ਦੇ ਤੌਰ ਤੇ ਵਧੇਰੇ ਕਾਰਜ ਕਰਦਿਆਂ ਇਸ ਨੇ ਇਨ੍ਹਾਂ ਆਗੂਆਂ ਨੂੰ ਸ਼ਾਂਤ ਰੱਖਣ ਦਾ ਕੰਮ ਕੀਤਾ। ਜਿਨ੍ਹਾਂ ਅਧਿਕਾਰੀਆਂ ਨੇ ਜਾਂਚ ਕੀਤੀ, ਉਹ ਇੰਨੇ ਇੱਕ ਪਾਸੜ ਸਨ ਕਿ ਸਮੁੱਚੀ ਕਹਾਣੀ ਨੂੰ ਸਮਝ ਹੀ ਨਹੀਂ ਸਕਦੇ ਸਨ।

ਗੋਲੀ ਬਾਰੀ ਤੋਂ ਪਿੱਛੋਂ ਭਗੌੜੇ ਯਾਤਰੀਆਂ ਦੀ ਭਾਲ ਲਈ ਪੁਲੀਸ ਵੱਲੋਂ ਤਲਾਸ਼ੀ ਹੋਈ। ਜਦੋਂ ਗੋਲੀਬਾਰੀ ਬੰਦ ਹੋਈ ਤਾਂ ਪਰਛਾਵਿਆਂ ਵਿੱਚ ਜਿਹੜੇ ਜ਼ਖ਼ਮੀ ਮਿਲੇ, ਅੱਠ ਯਾਤਰੀ ਅਤੇ ਇੱਕ ਬੰਗਾਲੀ ਦਰਸ਼ਕ ਸੀ। ਉਨ੍ਹਾਂ ਨੂੰ ਕੋਲਕਾਤਾ ਵਿੱਚ ਮੈਡੀਕਲ ਕਾਲਜ ਹਸਪਤਾਲ ਲਿਜਾਇਆ ਗਿਆ। ਦੋ ਯਾਤਰੀ ਜਿਨ੍ਹਾਂ ਦੇ ਪੇਟ ਵਿੱਚ ਗੋਲੀ ਲੱਗੀ ਸੀ ਰਸਤੇ ਵਿੱਚ ਮਰ ਗਏ ਅਤੇ ਰੈਜ਼ੀਡੈਂਟ ਸਰਜਨ ਵੱਲੋਂ ਜਾਂਚ ਕੀਤੇ ਜਾਣ ਤੋਂ ਬਾਅਦ ਗੁੰਮਨਾਮ ਮੁਰਦਾ ਘਰ ਨੂੰ ਚਲੇ ਗਏ। ਕਿਸੇ ਨੂੰ ਵੀ ਕਦੇ ਉਨ੍ਹਾਂ ਨੂੰ ਪਹਿਚਾਨਣ ਦਾ ਮੌਕਾ ਨਾ ਦਿੱਤਾ ਗਿਆ। 25 ਯਾਤਰੀ ਉਸ ਰਾਤ ਫੜ ਲਏ ਗਏ। ਬਾਕੀਆਂ ਦਾ ਹਿਸਾਬ ਕਿਤਾਬ ਨਹੀਂ ਸੀ। ਰਾੱਇਲ ਫਿਊਜਿਲੀਅਰਜ਼ ਦੇ ਕੈਪਟਨ ਮੂਰ ਨੇ ਰੇਲਵੇ ਸਟੇਸ਼ਨ ਦੇ ਆਲੇ ਦੁਆਲੇ ਪਹਿਰੇ ਲਗਾ ਦਿੱਤੇ ਸਨ ਅਤੇ ਇਲਾਕੇ ਵਿਚਲੀਆਂ ਸਾਰੀਆਂ ਯੂਰਪੀਅਨ ਔਰਤਾਂ ਤੇ ਬੱਚਿਆਂ ਨੂੰ ਹਿਰਾਸਤ ਵਿੱਚ ਲੈ ਲਿਆ ਸੀ। ਉਨ੍ਹਾਂ ਨੂੰ ਆਪਣੇ ਕੁਝ ਦਲਾਂ ਦੀ ਨਿਗਰਾਨੀ ਹੇਠ ਇੱਕ ਘਰ ਵਿੱਚ ਰੱਖ ਦਿੱਤਾ। ਗੋਲੀਬਾਰੀ ਖਤਮ ਹੋਣ ਤੋਂ ਲਗਭਗ ਇੱਕ ਘੰਟਾ ਪਿੱਛੋਂ ਇੱਕ ਪੰਜਾਬੀ ਸਿਪਾਹੀ, ਹੱਥ ਵਿੱਚ ਤਲਵਾਰ ਲਈ, ਸਟੇਸ਼ਨ ਦੇ ਪਿਛਲੇ ਪਾਸੇ ਮੈਦਾਨ ਦੇ ਇੱਕ ਪਲਾਟ ਦੀ ਤਲਾਸ਼ੀ ਲੈ ਰਿਹਾ ਸੀ। ਗਲਤੀ ਨਾਲ ਭਗੌੜਾ ਸਿੱਖ ਸਮਝਕੇ ਉਸ ਤੇ ਦੋ ਸਿਪਾਹੀਆਂ ਨੇ ਗੋਲੀ ਚਲਾ ਦਿੱਤੀ, ਅਤੇ ਉਸ ਨੂੰ ਘਾਤਕ ਰੂਪ 'ਚ ਜ਼ਖ਼ਮੀ ਕਰ ਦਿੱਤਾ।

ਅਗਲੀ ਸਵੇਰ ਦਿਨ ਦਾ ਚਾਨਣ ਹੋਣ ਤੱਕ ਸਟੇਸ਼ਨ ਦੇ ਨੇੜਲੇ ਇਲਾਕੇ ਤੋਂ 12 ਸਿੱਖਾਂ ਦੀਆਂ ਮਿਰਤਕ ਦੇਹਾਂ ਬਰਾਮਦ ਕੀਤੀਆਂ ਗਈਆ। ਇਸ ਦੇ ਨਾਲ ਯਾਤਰੀਆਂ ਦੀਆਂ ਗਿਆਤ ਮੌਤਾਂ ਦੀ ਗਿਣਤੀ 20 ਹੋ ਗਈ। ਅੰਤਿਮ ਕੁੱਲ ਜੋੜ ਦਾ ਲਗਭਗ ਅੱਧਾ, ਜਿਹੜਾ ਵੀਹ ਮਿਰਤਕ ਅਤੇ ਬਾਈ ਹੋਰ ਜ਼ਖ਼ਮੀ ਇੱਕ ਬੰਗਾਲੀ ਪੱਤਰਕਾਰ ਜੋ ਬੁੱਧਵਾਰ ਬਾਅਦ ਦੁਪਹਿਰ ਕੋਲਕਾਤਾ ਤੋਂ ਆਇਆ ਸੀ ਨੇ ਮਿਰਤਕਾਂ ਨੂੰ ਉੱਥੋਂ ਅੰਤਿਮ ਕਿਰਿਆ ਦੀ ਤਿਆਰੀ ਤਹਿਤ ਇੱਕ ਲਾਈਨ ਵਿੱਚ ਲਿਟਾਇਆ

ਹੋਇਆ ਪਾਇਆ। ਉਸ ਨੇ ਇਹ ਗੱਲ ਸਹਿਜ ਰੂਪ 'ਚ ਨੋਟ ਕੀਤੀ ਕਿ ਉਨ੍ਹਾਂ ਦੀ ਲੰਬੀ ਅਗਨੀ ਪ੍ਰੀਖਿਆ ਦੇ ਬਾਵਜੂਦ ਉਨ੍ਹਾਂ ਨੇ ਚੋਖਾ ਖਾਧਾ ਪੀਤਾ ਹੋਇਆ ਲਗਦਾ ਸੀ। ਸਵੇਰ ਦੀ ਰੌਸ਼ਨੀ ਨਾਲ ਦੋ ਸਥਾਨਕ ਲੋਕਾਂ ਦੀਆਂ ਮਿਰਤਕ ਦੇਹਾਂ ਵੀ ਦਿਖਾਈ ਦਿੱਤੀਆਂ। ਰੁਕਮਿਨੀ ਕਾਂਤਾ ਮਜੂਮਦਾਰ, ਸਥਾਨਕ ਹਸਪਤਾਲ ਦੇ ਅਹਾਤੇ ਦੇ ਰਖਵਾਲ ਦੀ ਰਿਸ਼ਤੇਦਾਰ ਨੂੰ ਉਦੋਂ ਦਲਾਂ ਦੀ ਬੰਦੂਕ ਦੀ ਗੋਲੀ ਲੱਗੀ ਸੀ। ਜਦੋਂ ਉਹ ਹਨੇਰੇ ਵਿੱਚ ਦਰਿਆ ਵਾਲੇ ਪਾਸੇ ਤੋਂ ਆਈ ਸੀ। ਦੀਨਾਬੰਧੂ ਪਾਂਡੇ ਆਪਣੇ ਮਾਲਕ ਦੀ ਦੁਕਾਨ ਵਿੱਚ ਪਾਇਆ ਗਿਆ, ਉਸ ਦਾ ਪੇਟ ਕਿਸੇ ਚਾਕੂ ਜਾਂ ਤਲਵਾਰ ਨਾਲ ਪਾੜਿਆ ਪਿਆ ਸੀ।

ਬਜ ਬਜ ਅਤੇ ਆਲੇ ਦੁਆਲੇ ਦੇ ਪੇਂਡੂ ਇਲਾਕੇ ਦੀ ਵੱਡੀ ਪੱਧਰ ਤੇ ਤਲਾਸ਼ੀ ਸ਼ੁਰੂ ਕੀਤੀ ਗਈ। ਸਥਾਨਕ ਲੋਕਾਂ ਨੇ ਕੁੱਝ ਸਿੱਖਾਂ ਨੂੰ ਝੋਨੇ ਦੇ ਖੇਤਾਂ ਵਿੱਚ ਛੁਪੇ ਹੋਏ, ਆਪਣੀਆਂ ਗਰਦਨਾਂ ਤੱਕ ਦੇ ਪਾਣੀ ਵਿੱਚ ਪਏ ਹੋਇਆਂ ਜਾਂ ਵੱਡੇ ਵੱਡੇ ਘਾਹ ਅਤੇ ਬਨਸਪਤੀ ਵਿੱਚ ਦਬਕੇ ਹੋਇਆਂ ਨੂੰ ਦੇਖਿਆ ਸੀ। ਉਨ੍ਹਾਂ ਨੇ ਸੂਚਨਾ ਦਿੱਤੀ ਕਿ ਕਾਫੀ ਸਾਰੇ ਕੁੱਝ ਕਿਸ਼ਤੀਆਂ ਵਿੱਚ ਦਰਿਆ ਪਾਰ ਕਰ ਗਏ ਸਨ। ਉਸ ਦਿਨ ਸਿਰਫ਼ 46 ਜਾਂ 48 ਮਿਲੇ, ਬਹੁਤੇ ਬਜ ਬਜ ਤੋਂ ਕੁੱਝ ਕਿਲੋਮੀਟਰ ਦੇ ਵਿੱਚ ਵਿੱਚ, ਭਾਵੇਂ ਇੱਕ ਨੂੰ ਬੇਹਾਲਾ ਵਿਖੇ ਚੁੱਕਿਆ ਗਿਆ ਸੀ, ਅਤੇ ਇੱਕ ਹੋਰ ਨੂੰ ਕੋਲਕਾਤਾ ਦੀ ਦੱਖਣੀ ਅਤੇ ਪੱਛਮੀ ਫਿਰਨੀ ਤੋਂ। ਗ੍ਰਿਫ਼ਤਾਰ ਕੀਤਿਆਂ ਵਿੱਚ ਛੋਟਾ ਬਲਵੰਤ ਸਿੰਘ ਸੀ, ਗੁਰਦਿੱਤ ਸਿੰਘ ਦਾ ਸੱਤ ਸਾਲ ਦਾ ਛੋਟਾ ਪੁੱਤਰ, ਜੋ ਰੋਲੇ ਗੋਲੇ ਦੇ ਦੌਰਾਨ ਆਪਣੇ ਪਿਤਾ ਤੋਂ ਵੱਖ ਹੋ ਗਿਆ ਸੀ, ਪੁਲਿਸ ਨੂੰ ਉਹ ਅਗਲੇ ਦਿਨ ਮਿਲਿਆ ਸੀ। ਜੋ ਅਜੇ ਬਜ ਬਜ ਵਿੱਚ ਹੀ ਸੀ ਅਤੇ ਆਪਣੇ ਪਿੰਡ ਦੇ ਨੇੜਲੇ ਪਿੰਡਾਂ ਦੇ ਕਈ ਆਦਮੀਆਂ ਦੇ ਸਾਥ ਅਤੇ ਉਨ੍ਹਾਂ ਦੀ ਸੁਰੱਖਿਆ ਹੇਠ ਸੀ।

ਗੁਰਦਿੱਤ ਸਿੰਘ ਸਰਹਾਲੀ ਨੇ ਕਈ ਘੰਟੇ ਅੰਸ਼ਿਕ ਤੌਰ ਤੇ ਤਲਾਅ ਦੇ ਪਾਣੀ ਵਿੱਚ ਛੁਪਕੇ ਬਿਤਾਏ ਸਨ। ਪਹੁ-ਫੁਟਾਲੇ ਤੋਂ ਬਿਲਕੁਲ ਪਹਿਲਾਂ ਉਹ ਇੱਕ ਬੰਗਲੇ ਵਿੱਚ ਸੰਨ੍ਹ ਲਾਕੇ ਦਾਖਲ ਹੋ ਗਿਆ, ਜੋ ਰੇਲਵੇ ਸਟੇਸ਼ਨ ਤੋਂ ਬਹੁਤਾ ਦੂਰ ਨਹੀਂ ਸੀ। ਮਾਲਕਾਂ ਨੇ ਉਸ ਨੂੰ ਪਨਾਹ ਨਾ ਦਿੱਤੀ। ਪਰੰਤੂ ਉਸ ਨੂੰ ਇੱਕ ਸਾਫ ਧੋਤੀ ਅਤੇ ਰੁਮਾਲ ਦਿੱਤੀ। ਦਰਿਆ ਤੱਕ ਲੈ ਗਏ ਅਤੇ ਬੇੜੀ ਦੇ ਮਲਾਹ ਨਾਲ ਗੱਲ ਕੀਤੀ। ਭਗੌੜੇ ਸਿੱਖ ਨੇ ਇੱਕ ਰੁਪਿਆ ਦਿੱਤਾ-ਨਿਯਮਤ ਕਿਰਾਏ ਤੋਂ ਦੁਗਣਾ-ਅਤੇ ਉਸ ਨੂੰ ਕਿਸ਼ਤੀ ਉੱਪਰ ਇੱਕ ਛੱਤੀ ਹੋਈ ਸੀਟ ਦਿੱਤੀ ਗਈ। ਇਸ ਤਰ੍ਹਾਂ ਉਹ ਹੁਗਲੀ ਦੇ ਪੱਛਮੀ ਪਾਸੇ ਪਹੁੰਚ ਗਿਆ ਅਤੇ ਸ਼ਾਮ ਦੇ 10 ਵਜੇ ਤੱਕ ਬੰਗਾਲ ਦੀ ਖਾੜੀ 'ਤੇ ਹਿੰਦੂਆਂ ਦੇ ਪਵਿੱਤਰ ਸ਼ਹਿਰ ਜਗਨਨਾਥ ਪੁਰੀ ਨੂੰ ਜਾਣ ਵਾਲੀ ਰੇਲ ਗੱਡੀ 'ਚ ਖਿਸਕਣ ਵਿੱਚ ਕਾਮਯਾਬ ਹੋ ਗਿਆ। ਦੱਖਣ-ਪੱਛਮ ਵੱਲ ਇੱਕ ਰਾਤ ਅਤੇ ਇੱਕ ਦਿਨ ਦੀ ਯਾਤਰਾ ਉਸ ਨੇ ਬੰਗਾਲੀ ਸ਼ੈਲੀ ਦਾ ਲਿਬਾਸ ਪਾਇਆ ਹੋਇਆ ਸੀ, ਲੱਕ ਦੁਆਲੇ ਧੋਤੀ, ਪਿੱਠ ਤੇ ਕਮੀਜ਼, ਪਸੀਨੇ ਲਈ ਮੋਢੇ ਤੇ ਤੌਲੀਆ, ਰਹੁਰੀਤੀ

ਸ਼ੁੱਧੀ ਲਈ ਆਪਣੇ ਖੱਬੇ ਹੱਥ ਵਿੱਚ ਪਾਣੀ ਵਾਲਾ ਪਿੱਤਲ ਦਾ ਬਰਤਨ, ਅਤੇ ਸੱਜੇ ਹੱਥ ਵਿੱਚ ਧੁੱਪ ਤੋਂ ਬਚਾਅ ਲਈ ਛਤਰੀ ਪਰੰਤੂ ਉਸ ਨੇ ਇੱਕ ਬੰਗਾਲੀ ਵਾਂਗ ਆਪਣੇ ਵਾਲਾਂ ਦੀ ਹਜਾਮਤ ਨਹੀਂ ਕੀਤੀ ਸੀ। ਜਾਂ ਉਨ੍ਹਾਂ ਨੂੰ ਕੱਟਿਆ ਹੋਇਆ ਨਹੀਂ ਸੀ। ਬਾਵਜੂਦ ਮਦਦਗਾਰ ਸਥਾਨਕ ਲੋਕਾਂ ਵੱਲੋਂ ਦਿੱਤੇ ਗਏ ਸੁਝਾਅ ਦੇ ਕਿ ਉਸ ਨੂੰ ਅਜਿਹਾ ਕਰਨਾ ਚਾਹੀਦਾ ਹੈ। ਉਸ ਦੇ ਸਿੱਖੀ ਸਿਧਾਂਤ ਇਸ ਗੱਲ ਦੀ ਆਗਿਆ ਨਹੀਂ ਦਿੰਦੇ ਸਨ।

ਵਿਰਲੇ ਯਾਤਰੀਆਂ ਪਾਸ ਹੀ ਉਸ ਵਾਲੀਆਂ ਸ਼੍ਰੇਸ਼ਟਤਾਵਾਂ ਸਨ। ਉਸ ਦਾ ਜੀਵਨ ਭਰ ਦਾ ਤਜਰਬਾ ਅਤੇ ਉਸ ਦੀ ਥੋੜ੍ਹੀ ਨਕਦ ਰਾਸ਼ੀ ਜਿਉਂ ਹੀ ਬੁੱਧਵਾਰ ਦੀ ਰਾਤ ਨੂੰ ਹਨੇਰਾ ਹੋਇਆ ਕੁਝ ਭੋਜਨ ਅਤੇ ਕੱਪੜਿਆਂ ਦੀ ਤਲਾਸ਼ ਵਿੱਚ ਹੌਲੀ ਹੌਲੀ ਬਜ ਬਜ ਤੋਂ ਇੱਕ ਤੋਂ ਡੇਢ ਕਿਲੋਮੀਟਰ ਦੇ ਦਾਇਰੇ ਵਿਚਲੀਆਂ ਆਪਣੀਆਂ ਛੁਪਣਗਾਹਾਂ ਵਿੱਚੋਂ ਬਾਹਰ ਨਿਕਲੇ। ਸਥਾਨਕ ਪੇਂਡੂਆਂ ਅਨੁਸਾਰ ਉਨ੍ਹਾਂ ਦਾ ਢੰਗ ਤਰੀਕਾ ਬਿਲਕੁਲ ਧੱਕੜ ਨਹੀਂ ਸੀ; ਸਗੋਂ ਉਹ ਭੈ ਭੀਤ ਅਤੇ ਭੁੱਖੇ ਤੇ ਪਹਿਚਾਣੇ ਜਾਣ ਦੇ ਡਰ (ਇਕਸਪੋਜ਼ਰ) ਤੋਂ ਪੀੜ੍ਹਤ ਜਾਪਦੇ ਸਨ। ਉਨ੍ਹਾਂ ਦਾ ਪਹਿਰਾਵਾ, ਉਨ੍ਹਾਂ ਦੀਆਂ ਦਾੜ੍ਹੀਆਂ, ਉਨ੍ਹਾਂ ਦੇ ਲੰਬੇ ਵਾਲ, ਉਨ੍ਹਾਂ ਦੀ ਬੋਲੀ ਸਭ ਕੁਝ ਉਨ੍ਹਾਂ ਨੂੰ ਬੰਗਾਲ ਤੋਂ ਓਪਰੇ ਦਰਸਾਉਂਦੇ ਸਨ। ਕਈਆਂ ਨੇ ਬੰਗਾਲੀ ਕੱਪੜਿਆਂ ਲਈ ਸੋਨੇ ਦੇ ਸਿੱਕਿਆਂ ਦੀ ਪੇਸ਼ਕਸ਼ ਕੀਤੀ, ਪਰੰਤੂ ਸਥਾਨਕ ਲੋਕ ਉਨ੍ਹਾਂ ਲਈ ਕੁਝ ਵੀ ਕਰਨ ਦਾ ਜ਼ੋਖਮ ਉਠਾਉਣ ਤੋਂ ਝਿਜਕਦੇ ਸਨ।

ਬੁੱਧਵਾਰ ਨੂੰ ਸਰਕਾਰ ਨੇ ਇਹ ਦਾਅਵਾ ਕਰਦਿਆਂ ਇੱਕ ਬਿਆਨ ਜਾਰੀ ਕੀਤਾ ਕਿ ਯਾਤਰੀਆਂ ਨੇ ਪਹਿਲਾਂ ਗੋਲੀ ਚਲਾਈ ਸੀ ਅਤੇ ਬਿਨਾਂ ਕਿਸੇ ਚੇਤਾਵਨੀ ਦੇ ਇਸ ਬਿਆਨ ਨੇ ਸਿੱਟਾ ਕੱਢਿਆ:-

"ਬੰਗਾਲ ਦੀ ਸਰਕਾਰ, ਜਾਨੀ ਨੁਕਸਾਨ, ਜੋ ਹੋਇਆ ਹੈ, ਤੇ ਗਹਿਰਾ ਦੁੱਖ ਪ੍ਰਗਟ ਕਰਦੀ ਹੈ। ਉਹ ਯਾਤਰੀਆਂ ਨੂੰ ਉਨ੍ਹਾਂ ਦੇ ਘਰ ਭੇਜਣ ਦੇ ਖੁਲ੍ਹੇਆਮ ਐਲਾਨੇ ਗਏ ਇਰਾਦੇ ਦੀ ਪੈਰਵੀ ਕਰਨ ਲਈ ਕਾਰਵਾਈ ਕਰ ਰਹੇ ਸਨ। ਜਿਨ੍ਹਾਂ ਨੇ ਇਸ ਜਹਾਜ਼ ਦੀਆਂ ਯਾਤਰਾਵਾਂ ਰਾਹੀਂ ਬਹੁਤ ਕਸ਼ਟ ਝੱਲੇ ਸਨ। ਉਹ ਕੁੱਝ ਯਾਤਰੀਆਂ ਦਰਮਿਆਨ ਕੁੱਝ ਰਾਜਨੀਤਿਕ ਬੇਚੈਨੀ ਦੀ ਹੋਂਦ ਤੋਂ ਵੀ ਸੁਚੇਤ ਸਨ; ਅਤੇ ਪੰਜਾਬ ਸਰਕਾਰ ਦੀ ਪੂਰਨ ਸਹਿਮਤੀ ਨਾਲ ਉਨ੍ਹਾਂ ਨੇ ਵਿਚਾਰਿਆ ਸੀ ਕਿ ਉਨ੍ਹਾਂ ਦੀ ਆਪਣੇ ਜੱਦੀ ਦੇਸ਼ ਨੂੰ ਵਾਪਸੀ ਤੁਰੰਤ ਅਤੇ ਸਿੱਧੀ ਹੋਣੀ ਚਾਹੀਦੀ ਹੈ। ਇਹ ਕਹਿਣ ਦੀ ਲੋੜ ਨਹੀਂ ਕਿ ਕਿਸੇ ਨੂੰ ਰੱਤੀ ਭਰ ਵੀ ਸ਼ੱਕ ਨਹੀਂ ਸੀ ਕਿ ਕੋਈ ਧਿਰ ਬਰਤਾਨਵੀ ਅਫ਼ਸਰਾਂ ਤੇ ਖਤਰਨਾਕ ਹਮਲੇ ਲਈ ਹਥਿਆਰਬੰਦ ਸੀ।"

ਜਿਸ ਸਮੇਂ ਇਹ ਬਿਆਨ ਦਿੱਤਾ ਗਿਆ, ਲਗਭਗ 170 ਯਾਤਰੀ ਫਰਾਰ ਸਨ। 16 ਦੇ ਹੁਣ ਮਰਨ ਦਾ ਪਤਾ ਲੱਗਿਆ ਸੀ। ਦੋ ਬੰਗਾਲੀ, ਇੱਕ ਪੰਜਾਬੀ ਸਿਪਾਹੀ, ਅਤੇ ਰੇਲਵੇ ਵਲੰਟੀਅਰਜ਼ ਦਾ ਲੋਮੈਕਸ ਸੁਪਰਡੈਂਟ ਈਸਟਵੁੱਡ ਪਰੈਜ਼ੀਡੈਂਸੀ

ਜਨਰਲ ਹਸਪਤਾਲ ਵਿਖੇ ਨਾਜ਼ਕ ਹਾਲਤ ਵਿੱਚ ਸੀ। ਜਿਹੜੇ ਜ਼ਖ਼ਮੀ ਮੈਡੀਕਲ ਕਾਲਜ ਹਸਪਤਾਲ ਲਿਜਾਏ ਗਏ ਸਨ, ਸਾਰੇ ਬੁਰੀ ਹਾਲਤ ਵਿੱਚ ਸਨ। ਵੀਰਵਾਰ ਦੀ ਸਵੇਰ ਨੂੰ ਇੱਕ ਸਿੱਖ ਦੀ ਮਿਰਤਕ ਦੇਹ ਦਰਿਆ ਵਿੱਚ ਤੈਰਦੀ ਪਾਈ ਗਈ। ਉਸ ਦੇ ਸਿਰ ਵਿੱਚ ਗੋਲੀ ਮਾਰੀ ਗਈ ਸੀ। ਪ੍ਰਤੱਖ ਤੌਰ ਤੇ ਲੜਖੜਾਉਂਦਾ ਪਾਣੀ ਵਿੱਚ ਚਲਿਆ ਗਿਆ ਅਤੇ ਡੁੱਬ ਗਿਆ ਸੀ ਦੁਪਹਿਰ ਵੇਲੇ ਮੈਡੀਕਲ ਕਾਲਜ ਹਸਪਤਾਲ ਵਿੱਚ ਜ਼ਖ਼ਮੀਆਂ ਵਿੱਚੋਂ ਇੱਕ ਮਰ ਗਿਆ। ਜਿਸ ਨਾਲ ਮਰਨ ਵਾਲੇ ਯਾਤਰੀਆਂ ਦੀ ਗਿਣਤੀ 18 ਹੋ ਗਈ।

ਵਧੇਰੇ ਭਾਗਸ਼ਾਲੀ ਵਿਅਕਤੀ ਜਿਹੜੇ ਦੰਗੇ ਤੋਂ ਕੁੱਝ ਘੰਟੇ ਪਹਿਲਾਂ ਗੱਡੀ ਰਾਹੀਂ ਚਲੇ ਗਏ ਸਨ। ਸ਼ੁੱਕਰਵਾਰ 2 ਅਕਤੂਬਰ ਨੂੰ ਪੰਜਾਬ ਵਿੱਚ ਲੁਧਿਆਣੇ ਪਹੁੰਚ ਗਏ। ਉਹ ਸਿੱਧੇ ਤੇਜ਼ ਗਤੀ ਨਾਲ ਆਏ ਸਨ। ਸਿਰਫ਼ ਨਾਈਹਟੀ, ਅਲਾਹਾਬਾਦ ਅਤੇ ਦਿੱਲੀ ਰੁਕੇ ਸਨ। ਕਰਤਾਰ ਸਿੰਘ ਮੈਹਲੀ ਨੂੰ ਇਹ ਸਭ ਕੁਝ ਸਾਫ ਸਾਫ ਚੇਤੇ ਸੀ। ਜਦੋਂ ਉਸ ਨਾਲ 62 ਸਾਲ ਬਾਅਦ ਮੁਲਾਕਾਤ ਕੀਤੀ ਗਈ ਉਸ ਸਮੇਂ ਉਹ ਆਪਣੀ ਉਮਰ ਦੇ ਨੱਬੇਵਿਆਂ ਵਿੱਚ ਸੀ। ਸ਼ਾਮ ਦੇ ਲਗਭਗ 8 ਵਜੇ ਜਦੋਂ ਰੇਲ ਗੱਡੀ ਇਨ੍ਹਾਂ 'ਚੋਂ ਪਹਿਲੇ ਸਟੇਸ਼ਨ ਤੇ ਪਹੁੰਚੀ ਉਨ੍ਹਾਂ ਨੂੰ ਹਲਕਾ ਭੋਜਨ ਦਿੱਤਾ ਗਿਆ, ਤਦ ਤੱਕ ਉਨ੍ਹਾਂ ਨੇ ਉਸ ਦਿਨ ਕੁੱਝ ਨਹੀਂ ਖਾਧਾ ਸੀ। ਉਸ ਸਵੇਰ ਸਮੁੰਦਰੀ ਜਹਾਜ਼ ਤੋਂ ਉਤਰਨ ਤੋਂ ਪਹਿਲਾਂ ਪੁਲਿਸ ਨੇ ਉਨ੍ਹਾਂ ਨੂੰ ਖਾਣਾ ਪਕਾਉਣ ਦੀ ਆਗਿਆ ਨਹੀਂ ਦਿੱਤੀ ਸੀ। ਦੂਸਰੇ ਸਟੇਸ਼ਨ ਤੇ, ਨਾਈਹਟੀ ਤੋਂ ਹੋਰ ਵੀਹ ਘੰਟੇ ਲੰਘਣ ਤੇ, ਉਹ ਸਾਰੇ ਗੱਡੀ ਤੋਂ ਉਤਰ ਗਏ ਅਤੇ ਉਨ੍ਹਾਂ ਨੇ ਗੱਡੀ 'ਤੇ ਉਦੋਂ ਤੱਕ ਮੁੜ ਚੜ੍ਹਨ ਤੋਂ ਇਨਕਾਰ ਕਰ ਦਿੱਤਾ ਜਦੋਂ ਤੱਕ ਕਿ ਉਨ੍ਹਾਂ ਨੂੰ ਦੁਬਾਰਾ ਭੋਜਨ ਨਹੀਂ ਦਿੱਤਾ ਜਾਂਦਾ। ਉਨ੍ਹਾਂ ਦੇ ਨਾਲ ਇੱਕੋ ਇੱਕ ਪੁਲਿਸ ਅਫ਼ਸਰ ਸੀ। ਪਰੰਤੂ ਜਦੋਂ ਉਹ ਲੁਧਿਆਣੇ ਪਹੁੰਚੇ ਤਾਂ ਉਨ੍ਹਾਂ ਨੇ ਸਟੇਸ਼ਨ ਵਾਲਾ ਇਲਾਕਾ ਪੰਜਾਬੀ ਪੁਲਿਸ ਰੱਖਿਆ ਦਲਾਂ ਨਾਲ ਭਰਿਆ ਹੋਇਆ ਦੇਖਿਆ। ਜਿਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਉਹ ਜਰਮਨ ਜਾਸੂਸ ਹਨ। ਉਨ੍ਹਾਂ ਨੂੰ ਰਾਤ ਭਰ ਰੇਲ ਗੱਡੀ ਤੇ ਰੱਖਿਆ ਗਿਆ ਅਤੇ ਫਿਰ ਲੁਧਿਆਣਾ ਦੇ ਨਗਰਪਾਲਿਕਾ ਹਾਲ ਲਿਜਾਇਆ ਗਿਆ। ਜਿੱਥੇ ਉਨ੍ਹਾਂ ਨੂੰ ਇੱਕ ਹਫਤਾ ਰੱਖਿਆ ਗਿਆ ਅਤੇ ਵੱਖਰੇ ਵੱਖਰੇ ਤੌਰ ਤੇ ਪੁੱਛਗਿੱਛ ਕੀਤੀ ਗਈ। ਉਨ੍ਹਾਂ ਵਿੱਚੋਂ ਬਹੁਤਿਆਂ ਨੇ ਸੰਖੇਪ ਬਿਆਨ ਦਿੱਤੇ ਜੋ ਗੁਰਦਿੱਤ ਸਿੰਘ ਸਰਹਾਲੀ ਨਾਲ ਵਫਾਦਾਰੀ ਨੂੰ ਪਰਗਟ ਕਰਦੇ ਸਨ। ਪਰੰਤੂ ਉਹ ਜਾਣਦੇ ਸਨ ਕਿ ਉਨ੍ਹਾਂ 'ਚੋਂ ਦੋ ਜਣੇ, ਭਾਨ ਸਿੰਘ ਬੜਿੰਗ ਸਾਬਕਾ ਸਕੂਲ ਮਾਸਟਰ, ਅਤੇ ਪੋਹਲੋ ਰਾਮ, ਉਸ ਦਾ ਦੋਸਤ, ਵਿਸਥਾਰ ਵਿੱਚ ਗੱਲਾਂ ਕਰ ਰਹੇ ਸਨ। ਹਫਤੇ ਦੇ ਅੰਤ ਤੇ ਉਨ੍ਹਾਂ ਨੂੰ ਆਪਣੇ ਪਿੰਡਾਂ ਨੂੰ ਭੇਜ ਦਿੱਤਾ ਗਿਆ, ਉਨ੍ਹਾਂ ਦੇ ਕਿਰਾਏ ਸਰਕਾਰ ਨੇ ਦਿੱਤੇ।

ਬਜ ਬਜ ਦੇ ਅੰਦਰ ਅਤੇ ਆਲੇ ਦੁਆਲੇ ਤਲਾਸ਼ੀਆਂ ਦੇ ਦੂਜੇ ਦਿਨ ਦੌਰਾਨ

ਅਧਿਕਾਰੀਆਂ ਨੂੰ ਕਾਮਾਗਾਟਾ ਮਾਰੂ ਦੀ ਇੱਕੋ ਇੱਕ ਔਰਤ, ਕਿਸ਼ਨ ਕੌਰ ਆਪਣੇ ਪਤੀ ਸੁੰਦਰ ਸਿੰਘ ਟੀਮੋਂਵਾਲ ਅਤੇ ਉਨ੍ਹਾਂ ਦੇ ਦੋ ਬੱਚਿਆਂ, ਇੱਕ ਛੋਟੀ ਲੜਕੀ ਜੋ ਇੱਕ ਸਾਲ ਨਾਲੋਂ ਵੱਧ ਨਹੀਂ ਸੀ ਅਤੇ ਫੌਜਾ, ਇੱਕ ਪੰਜ ਸਾਲ ਦਾ ਲੜਕਾ, ਨਾਲ ਲੁਕੀ ਹੋਈ ਮਿਲ ਗਈ। ਕਿਸ਼ਨ ਕੌਰ ਨੂੰ ਆਪਣੇ ਬੱਚਿਆਂ ਨਾਲ ਰੇਲ ਗੱਡੀ ਰਾਹੀਂ ਪੰਜਾਬ ਭੇਜ ਦਿੱਤਾ ਗਿਆ, ਜਦੋਂ ਕਿ ਸੁੰਦਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਜੇਲ੍ਹ ਲਿਜਾਇਆ ਗਿਆ। ਕੋਲਕਾਤਾ ਅਤੇ ਬੰਗਾਲ ਪੁਲਿਸ ਹਾਵੜਾ ਅਤੇ ਸਿਆਲਦਾ ਰੇਲਵੇ ਸਟੇਸ਼ਨਾਂ ਤੇ ਖਾਸ ਨਜ਼ਰ ਰੱਖਦਿਆਂ ਹਰ ਉਸ ਸਿੱਖ ਨੂੰ ਰੋਕ ਰਹੀ ਸੀ। ਜੋ ਇਹ ਨਹੀਂ ਦੱਸ ਸਕਦਾ ਸੀ ਕਿ ਉਹ ਕੌਣ ਹੈ ਅਤੇ ਕਿੱਥੋਂ ਆਇਆ ਹੈ। ਉਨ੍ਹਾਂ ਜਿਲ੍ਹਿਆਂ ਵਿੱਚ ਢੰਡੋਰਾ ਪਿਟਵਾ ਕੇ ਹਰੇਕ ਗ੍ਰਿਫ਼ਤਾਰੀ ਲਈ 100 ਰੁਪਏ ਦੇ ਇਨਾਮ ਦਾ ਐਲਾਨ ਕੀਤਾ ਗਿਆ ਸੀ। ਜਿਨ੍ਹਾਂ ਵਿੱਚ ਭਗੌੜਿਆਂ ਦੇ ਛੁਪੇ ਹੋਣ ਦੀ ਜਾਣਕਾਰੀ ਸੀ ਅਤੇ ਦੰਗੇ ਤੋਂ ਕਈ ਦਿਨ ਪਿੱਛੋਂ ਤੱਕ ਗਸ਼ਤੀ ਸਿਪਾਹੀਆਂ ਨੇ ਬਜ ਬਜ ਦਾ ਬਿਲਕੁਲ ਨੇੜਲਾ ਇਲਾਕਾ ਹੀ ਨਹੀਂ ਬਲਕਿ ਪੰਦਰਾਂ ਤੋਂ ਪੰਝੀ ਕਿਲੋਮੀਟਰ ਦੇ ਦਾਇਰੇ 'ਚ ਆਉਣ ਵਾਲਾ ਇਲਾਕਾ ਛਾਣ ਮਾਰਿਆ ਸੀ।

ਬਹੁਤ ਸਾਰੇ ਯਾਤਰੀਆਂ ਵਿੱਚੋਂ ਇੱਕ, ਜਿਹੜਾ ਬਹੁਤੀ ਦੂਰ ਨਹੀਂ ਗਿਆ ਸੀ, ਹਰਨਾਮ ਸਿੰਘ ਸ਼ਿਰੋਨ, ਵੀਰਵਾਰ 2 ਅਕਤੂਬਰ ਨੂੰ ਬਜ ਬਜ ਰੇਲਵੇ ਸਟਸ਼ਨ ਤੋਂ ਤਿੰਨ ਕਿਲੋਮੀਟਰ ਦੇ ਅੰਦਰ ਝਾੜੀਦਾਰ ਅਰਹਰ ਦੇ ਖੇਤ ਵਿੱਚ ਦੁਬਕ ਕੇ ਬੈਠਾ ਮਿਲਿਆ। ਇਸੇ ਦਿਨ ਪੁਲਿਸ ਨੂੰ ਦੱਸਿਆ ਗਿਆ ਕਿ 80 ਸਿੱਖਾਂ ਨੇ ਦੋ ਟੋਲੀਆਂ ਵਿੱਚ ਚੰਡੀਟਾਲਾ ਤੋਂ ਸ਼ੀਖਾਲਾ ਜਾਣ ਵਾਲੀ ਸੜਕ ਤੇ ਕੂਚ ਕੀਤਾ ਹੈ। ਉਹ ਕੋਲਕਾਤੇ ਤੋਂ ਤੀਹ ਕਿਲੋਮੀਟਰ ਉੱਤਰ ਪੱਛਮ ਵਿੱਚ ਸਨ ਅਤੇ ਹੁਗਲੀ ਤੋਂ ਪਾਰ, ਪੱਛਮ ਵੱਲ ਦੂਰ ਦੁਰਾਡੇ ਪੰਜਾਬ ਵੱਲ ਜਾ ਰਹੇ ਸਨ। ਉਸ ਰਾਤ ਪੰਜਾਹ ਸੈਨਿਕਾਂ ਦੇ ਇੱਕ ਫੌਜੀ ਦਸਤੇ ਨੇ ਉਨ੍ਹਾਂ ਵਿੱਚੋਂ 25 ਨੂੰ ਪਾਣੀ ਦੇ ਤਾਲਾਬਾਂ ਜਾਂ ਭੰਡਾਰਾਂ ਨਾਲ ਘਿਰੀ ਹੋਈ ਇੱਕ ਚਰਾਗਾਹ ਵਿੱਚ ਸੁੱਤੇ ਹੋਇਆਂ ਨੂੰ ਜਾ ਫੜਿਆ। ਸੈਨਿਕਾਂ ਅਨੁਸਾਰ ਸਿੱਖਾਂ ਨੇ ਰਿਵਾਲਵਰ ਨਾਲ ਚੇਤਾਵਨੀ ਵਾਲਾ ਫਾਇਰ ਕਰਕੇ ਜੁਆਬ ਦਿੱਤਾ ਅਤੇ ਬਚ ਕੇ ਨਿਕਲਣ ਦੀ ਕੋਸ਼ਿਸ਼ ਕੀਤੀ, ਪਰੰਤੂ ਉਨ੍ਹਾਂ ਵਿੱਚੋਂ 17 ਨੂੰ ਫੌਰੀ ਤੌਰ ਤੇ ਅਤੇ 2 ਹੋਰਾਂ ਨੂੰ ਕੁੱਝ ਕਿਲੋਮੀਟਰ ਅੱਗੇ ਸੜਕ ਤੇ ਗਰਿਫ਼ਤਾਰ ਕਰ ਲਿਆ ਗਿਆ। ਹਫਤੇ ਦੇ ਅੰਤ ਤੇ ਸਿਰਫ਼ 85 ਭਗੌੜੇ ਬਿਨਾਂ ਫੜੇ ਰਹਿ ਗਏ ਸਨ। ਕੁੱਝ ਹੋਰ ਦਿਨਾਂ ਤੱਕ ਪੁਲਿਸ ਨੇ ਕੋਲਕਾਤਾ ਦੇ ਬਾਹਰਵਾਰ ਅਤੇ 24 ਪਰਗਨਾਂ ਵਿੱਚ ਕਾਮਾਗਾਟਾ ਮਾਰੂ ਦੇ ਆਦਮੀਆਂ ਨੂੰ ਪਕੜਨਾ ਜਾਰੀ ਰੱਖਿਆ। ਫਿਰ 8 ਅਕਤੂਬਰ ਨੂੰ ਕੋਲਕਾਤਾ ਤੋਂ ਇੱਕ ਸੌ ਕਿੱਲੋਮੀਟਰ ਪੱਛਮ ਵਿੱਚ, 5 ਨੂੰ ਮਿਦਨਾਪੁਰ ਵਿਖੇ ਫੜਿਆ ਗਿਆ, ਅਤੇ ਚਾਰ ਦਿਨਾਂ ਬਾਅਦ ਹੋਰ ਅੱਗੇ ਉੱਤਰ ਪੱਛਮ ਵੱਲ 19 ਨੂੰ ਬੈਂਕੁਰਾ ਵਿਖੇ। ਬਾਅਦ ਵਿਚ ਪੁਲਿਸ ਦੀ ਕੋਸਿਸ਼ ਘੱਟ ਕਾਮਯਾਬ ਰਹੀ। ਭਾਵੇਂ ਸਰਕਾਰ ਉਨ੍ਹਾਂ ਚਾਲੀ ਕੁ ਯਾਤਰੀਆਂ ਨੂੰ, ਜੋ ਅਜੇ ਵੀ ਅਜ਼ਾਦ ਸਨ, ਪਕੜਨ ਤੇ

ਤੁਲੀ ਹੋਈ ਸੀ।

ਅਧਿਕਾਰੀਆਂ ਨੇ ਜਨਤਕ ਅਲੋਚਨਾ ਤੋਂ ਅਜ਼ਾਦ ਰਹਿ ਕੇ ਆਪਣੀ ਪਕੜ ਧਕੜ ਦੀ ਕਾਰਵਾਈ ਵਿਸ਼ਾਲ ਤੌਰ ਤੇ ਜਾਰੀ ਰੱਖੀ। ਦੋ ਹਜ਼ਾਰ ਤੋਂ ਵੱਧ ਲੋਕ ਸੁਪਰਡੈਂਟ ਈਸਟਵੁੱਡ ਦੇ ਪੂਰੇ ਫੌਜੀ ਲਿਬਾਸ ਵਾਲੇ ਸਸਕਾਰ ਵਿੱਚ ਹਾਜ਼ਰ ਹੋਏ। ਜੋ ਥੋੜ੍ਹਾ ਚਿਰ ਠੀਕ ਹੋਇਆ ਸੀ, ਲੇਕਿਨ ਸਨਿੱਚਰਵਾਰ, 3 ਅਕਤੂਬਰ ਦੀ ਸਵੇਰ ਨੂੰ ਅੰਦਰੂਨੀ ਖ਼ੂਨ ਵਹਿਣ ਨਾਲ ਮਰ ਗਿਆ ਸੀ। ਭਾਰਤ ਵਿੱਚ ਯੂਰਪੀਅਨ ਭਾਈਚਾਰੇ ਦੇ ਕਿਸੇ ਵਿਅਕਤੀ ਨੂੰ ਇਹ ਨਾ ਸੁੱਝਿਆ ਕਿ ਕਸੂਰ ਸਰਕਾਰ ਦਾ ਹੋ ਸਕਦਾ ਹੈ। ਇਸ ਰਵਈਏ ਦੇ ਸਨਮੁੱਖ ਪੰਜਾਬ ਵਿੱਚ ਰੂੜ੍ਹੀਵਾਦੀ ਸਿੱਖ ਆਗੂਆਂ ਨੇ ਕੋਈ ਹੌਂਸਲਾ ਨਾ ਦਿਖਾਇਆ। **6 ਅਕਤੂਬਰ ਨੂੰ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਵਿਖੇ ਸਿੱਖਾਂ ਦੀ ਇੱਕ ਮੀਟਿੰਗ ਨੇ ਕਾਮਾਗਾਟਾ ਮਾਰੂ ਦੇ ਯਾਤਰੀਆਂ ਦੀਆਂ ਕਾਰਵਾਈਆਂ ਨੂੰ ਬੇਦਾਵਾ ਦੇ ਦਿੱਤਾ ਅਤੇ ਬਰਤਾਨਵੀ ਤਾਜ ਨਾਲ ਪੱਕੀ ਵਫਾਦਾਰੀ ਦਾ ਐਲਾਨ ਕਰ ਦਿੱਤਾ।** 8 ਅਕਤੂਬਰ ਨੂੰ ਕੋਲਕਾਤਾ ਦੇ ਸਿੱਖਾਂ ਅਤੇ ਪੰਜਾਬੀ ਵਸਨੀਕਾਂ ਦੀ ਬੜਾ ਬਜ਼ਾਰ ਗੁਰਦਵਾਰੇ ਵਿਖੇ ਮੀਟਿੰਗ ਹੋਈ। ਇਸੇ ਤਰ੍ਹਾਂ ਦੀ ਇੱਕ ਮੀਟਿੰਗ ਨੇ ਯਾਤਰੀਆਂ ਦੀ ਹਿੰਸਾ ਦੀ ਨਿਖੇਧੀ ਕੀਤੀ ਅਤੇ ਪੁਲਿਸ ਅਤੇ ਦੂਸਰੇ, ਜੋ ਮਾਰੇ ਗਏ, ਸਨ ਜਾਂ ਜਖ਼ਮੀ ਹੋ ਗਏ ਸਨ, ਦੇ ਪਰਿਵਾਰਾਂ ਨਾਲ ਹਮਦਰਦੀ ਪਰਗਟ ਕੀਤੀ। ਜੋ ਮੀਟਿਗ ਵਿੱਚ ਹਾਜ਼ਰ ਹੋਏ ਉਨ੍ਹਾਂ ਨੇ ਅਫ਼ਵਾਹਾਂ ਦਾ ਖੰਡਨ ਕਰਨ ਅਤੇ ਘਟਨਾ ਦੀਆਂ ਸਿਆਸੀ ਉਲਝਣਾ ਨੂੰ ਖੁੰਢਾ ਕਰਨ ਦੀ ਕੋਸ਼ਿਸ਼ ਕੀਤੀ। ਇੱਕ ਬੁਲਾਰੇ ਨੇ ਐਲਾਨ ਕੀਤਾ, ਕਿ ਇਹ "ਸਪੱਸ਼ਟ ਅਤੇ ਸਾਧਾਰਨ ਰੂਪ ਵਿੱਚ ਇੱਕ ਇਕੱਲਾ ਇਕਹਿਰਾ ਸਥਾਨਕ ਮਾਮਲਾ ਸੀ । ਇਨ੍ਹਾਂ ਸਿੱਧੇ ਸਾਦੇ ਲੋਕਾਂ ਨੇ ਅਪਣੀ ਸਰਕਾਰ ਦੇ ਨੇਕ ਇਰਾਦੇ ਨੂੰ ਗਲਤ ਸਮਝਿਆ ਅਤੇ ਇਸੇ ਲਈ ਝਗੜਾ ਹੋਇਆ। ਆਰੰਭ 'ਚ ਉਨ੍ਹਾਂ ਦਾ ਜ਼ੁਰਮ ਕਿੰਨਾਂ ਵੀ ਘਿਨਾਉਣਾ ਕਿਉਂ ਨਾ ਜਾਪਦਾ ਹੋਵੇ, ਇਹ ਨਾ ਤਾਂ ਅਰਾਜਕਤਾਵਾਦੀ ਅਤੇ ਨਾ ਹੀ ਹੱਤਿਆਰੇ ਸਨ। ਇਹ ਸਪਸ਼ਟ ਅਤੇ ਸਾਧਾਰਨ ਰੂਪ ਵਿੱਚ, ਗਲਤ ਫਹਿਮੀ ਦਾ ਨਤੀਜਾ ਸੀ।" ਉਸ ਨੇ ਆਸ ਕੀਤੀ ਕਿ ਇਸ ਨੂੰ ਇਸੇ ਦ੍ਰਿਸ਼ਟੀ ਨਾਲ ਲਿਆ ਜਾਵੇਗਾ ਅਤੇ ਇਸੇ ਤਰਾਂ ਹੀ ਨਜਿੱਠਿਆ ਜਾਵੇਗਾ

ਬਹੁਤ ਸਾਰੇ ਭਾਰਤੀ ਪੱਤਰਕਾਰਾਂ ਨੂੰ ਪਰੈੱਸ ਕਾਨੂੰਨ ਤਹਿਤ ਪੁਲਿਸ ਦੀਆਂ ਸ਼ਕਤੀਆਂ ਦੇ ਗਿਆਨ ਤੋਂ ਵਰਜਿਆ ਗਿਆ ਸੀ। ਉਨ੍ਹਾਂ ਕੋਲ ਇਸ ਦੀ ਵਜ੍ਹਾ ਸੀ। ਕਿਉਂਕਿ ਦੋ ਪੰਜਾਬੀ ਭਾਸ਼ੀ ਅਖ਼ਬਾਰਾਂ, 'ਖਾਲਸਾ ਅਖਬਾਰ' ਅਤੇ 'ਸ਼ੇਰੇ ਪੰਜਾਬ' ਨੂੰ ਸਖ਼ਤ ਸ਼ਬਦਾਂ ਵਾਲੇ ਲੇਖ ਪ੍ਰਕਾਸ਼ਿਤ ਕਰਨ ਤੋਂ ਬਾਅਦ ਬੰਦ ਕਰ ਦਿੱਤਾ ਗਿਆ ਸੀ। ਫਿਰ ਵੀ ਸ਼ਾਹੀ ਵਿਧਾਨ ਪ੍ਰੀਸ਼ਦ (ਇੰਮਪੀਰੀਅਲ ਲੈਜਿਸਲੇਟਿਵ ਕੌਂਸਲ) ਦੇ ਮੁੱਖ ਬੰਗਾਲੀ ਬੁਲਾਰੇ, ਸੁਰਿੰਦਰ ਨਾਥ ਬੈਨਰਜੀ ਨੇ ਬੰਗਾਲ ਸਰਕਾਰ ਦੇ ਪਹਿਲੇ ਬਿਆਨ ਤੋਂ ਪਿੱਛੋਂ ਇੱਕ ਰਸਮੀ ਜਾਂਚ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਸੀ। 'ਦੀ ਬੰਗਾਲੀ' ਦੀਆਂ ਸੰਪਾਦਕੀਆਂ ਦੀ ਲੜੀ ਵਿੱਚੋਂ ਇੱਕ ਵਿੱਚ ਇਸ ਮਸਲੇ ਨੂੰ ਇਸ

ਤਰਾਂ ਬਿਆਨ ਕੀਤਾ ਗਿਆ:-

"ਅਸੀ ਸਮਝਦੇ ਹਾਂ ਕਿ ਅਧਿਕਾਰੀਆਂ ਨੂੰ ਇਸ ਗੱਲ ਦੀ ਵਿਆਖਿਆ ਕਰਨੀ ਚਾਹੀਦੀ ਹੈ ਕਿ ਉਨ੍ਹਾਂ ਨੇ ਇਹ ਕਿਉਂ ਮਹਿਸੂਸ ਕੀਤਾ ਕਿ ਸਿੱਖ ਇਮੀਗਰੇਂਟਾਂ ਨੂੰ ਆਪਣੇ ਘਰਾਂ ਨੂੰ ਜਾਣ ਲਈ ਮਜ਼ਬੂਰ ਕੀਤਾ ਜਾਵੇ। ਅਤੇ ਕੀ ਕਲਕੱਤਾ (ਕੋਲਕਾਤਾ) ਜਾਣ ਤੋਂ ਰੋਕਣਾ ਜ਼ਰੂਰੀ ਹੈ, ਜਦੋਂ ਕਿ ਕੁੱਝ ਯਾਤਰੀ ਪ੍ਰਤੱਖ ਤੌਰ ਤੇ ਇਹ ਚਾਹੁੰਦੇ ਸਨ। ਅਜਿਹੀ ਕਾਰਵਾਈ ਸਿਰਫ਼ ਅਮਨ ਕਾਨੂੰਨ ਦੇ ਹਿਤਾਂ ਲਈ ਅਤੇ ਜਨਤਕ ਸ਼ਾਤੀ ਕਾਇਮ ਰੱਖਣ ਲਈ ਉੱਚਿਤ ਠਹਿਰਾਈ ਜਾ ਸਕਦੀ ਸੀ। ਅਧਿਕਾਰੀਆਂ ਪਾਸ ਬੇਸ਼ਕ ਆਪਣੇ ਕਾਰਨ ਸਨ, ਅਤੇ ਸ਼ਾਇਦ ਉਨ੍ਹਾਂ ਨੇ ਪੁਲਿਸ ਰਿਪੋਰਟਾਂ ਦੇ ਅਧਾਰ ਤੇ ਕਾਰਵਾਈ ਕੀਤੀ, ਪਰੰਤੂ ਅਸੀਂ ਜਾਣਦੇ ਹਾਂ ਕਿ ਇਹ ਰਿਪੋਰਟਾਂ ਹਮੇਸ਼ਾਂ ਨਿਰੋਲ ਸਚਾਈ ਨਹੀਂ ਹੁੰਦੀਆਂ। ਅਸੀਂ ਸਚੁਮੱਚ ਇਹ ਨਹੀਂ ਸਮਝਦੇ ਕਿ ਉਨ੍ਹਾਂ ਨੂੰ ਕਲਕੱਤੇ ਜਾਣ ਦੀ ਆਗਿਆ ਦੇਣ ਨਾਲ ਕੋਈ ਗੰਭੀਰ ਖਤਰਾ ਹੋ ਸਕਦਾ ਸੀ। ਜਿਵੇਂ ਕਿ ਘਟਨਾ ਨਿੰਦਣਯੋਗ ਹੈ, ਪਰ ਅਸੀਂ ਮਹਿਸੂਸ ਕਰਦੇ ਹਾਂ ਕਿ ਜਾਂਚ ਅਤੇ ਸੂਝ ਨਾਲ ਇਹ ਟਾਲੀ ਜਾ ਸਕਦੀ ਸੀ।"

ਸੁਰਿੰਦਰ ਨਾਥ ਬੈਨਰਜੀ ਕੋਲਕਾਤਾ ਦੇ ਜਾਂਚ ਅਧਿਕਾਰੀ ਦੁਆਰਾ ਮੁਹੱਈਆ ਕਰਵਾਈ ਗਈ ਜਾਂਚ ਨਾਲੋਂ ਬਿਹਤਰ ਜਾਂਚ ਦੀ ਮੰਗ ਕਰ ਰਿਹਾ ਸੀ। ਜਦੋਂ ਉਸ ਨੇ ਬਜ ਬਜ ਵਿਖੇ ਮਾਲਕਮ ਲੋਮੈਕਸ ਅਤੇ ਤਿੰਨ ਅਣਪਛਾਤੇ ਸਿੱਖਾਂ ਦੀਆਂ ਮੌਤਾਂ ਦੀ ਘੋਖ ਕੀਤੀ। ਉਨ੍ਹਾਂ ਸਾਰਿਆਂ ਨੂੰ ਦੰਗਿਆਂ ਵਾਲੀ ਸ਼ਾਮ ਨੂੰ ਮੈਡੀਕਲ ਕਾਲਜ ਹਸਪਤਾਲ ਲਿਜਾਇਆ ਗਿਆ ਸੀ। ਅਤੇ ਇਹ ਉਸ ਨੂੰ ਸੂਚਿਤ ਕੀਤੀਆਂ ਗਈਆਂ ਪਹਿਲੀਆਂ ਮੌਤਾਂ ਸਨ। ਦੰਗਿਆਂ ਤੋਂ ਦੂਸਰੇ ਦਿਨ ਦੀ ਸਵੇਰ ਨੂੰ ਲਾਸ਼ਾਂ ਦਾ ਜਾਇਜ਼ਾ ਲੈਣ ਲਈ ਉਹ ਇੱਕ ਜਿਊਰੀ ਨੂੰ ਮੁਰਦਾ ਘਰ ਲੈ ਕੇ ਗਿਆ। ਇਹ ਇੱਕ ਅਜਿਹਾ ਮੌਕਾ ਸੀ, ਜਿਸ ਨੇ ਕੋਲੂਟੋਲਾ ਸਟਰੀਟ ਵਿਖੇ ਇੱਕ ਵੱਡੀ ਭੀੜ ਨੂੰ ਆਕਰਸ਼ਿਤ ਕੀਤਾ। ਜਿੱਥੇ ਕਿ ਮੁਰਦਾਘਰ ਸਥਿਤ ਸੀ। ਇਸ ਕਹਾਣੀ ਬਾਰੇ ਉਤੇਜਨਾ ਸੀ। ਭਾਵੇਂ ਕਿ ਯਾਤਰੀਆਂ ਦਾ ਪੱਖ ਬਾਹਰ ਨਹੀਂ ਆ ਰਿਹਾ ਸੀ। ਦੋ ਹਫਤੇ ਪਿੱਛੋਂ, ਜਾਂਚ ਅਧਿਕਾਰੀ ਦੀ ਜਿਊਰੀ ਨੇ ਗਵਾਹੀ ਦੀ ਸੁਣਵਾਈ ਕੀਤੀ। ਮੁੱਖ ਗਵਾਹ, ਪੁਲਿਸ ਕਮਿਸ਼ਨਰ ਸਰ ਫਰੈਡਰਿਕ ਹਾਲੀਡੇ ਨੇ ਪਹਿਲੀਆਂ ਗੋਲੀਆਂ ਚਲਦੀਆਂ ਨਹੀਂ ਦੇਖੀਆਂ ਸਨ ਅਤੇ ਤਿੰਨ ਪੁਲਿਸ ਸਾਰਜੰਟ, ਜਿਨ੍ਹਾਂ ਨੂੰ ਸੁਆਲ ਕੀਤੇ ਗਏ, ਉਹ ਸਨ, ਜਿਨ੍ਹਾਂ ਨੇ ਜ਼ਖ਼ਮੀਆਂ ਨੂੰ ਹਸਪਤਾਲ ਲਿਆਉਣ ਵਿੱਚ ਮਦਦ ਕੀਤੀ ਸੀ, ਸਿਰਫ਼ ਇੱਕ ਹੀ ਹਾਜ਼ਰ ਰਿਹਾ ਸੀ। ਜਦੋਂ ਗੋਲੀਬਾਰੀ ਹੋਈ ਸੀ ਅਤੇ ਉਸ ਨੂੰ ਵੀ ਯਕੀਨ ਨਹੀਂ ਸੀ ਕਿ ਕੀ ਵਾਪਰਿਆ ਸੀ। "ਮੈਂ ਕਹਿ ਨਹੀਂ ਸਕਦਾ ਕਿ ਪਹਿਲੀ ਗੋਲੀ ਕਿਸ ਨੇ ਚਲਾਈ ਸੀ।" ਪੁਲਿਸ ਸਰਜਨ, ਜਿਸ ਨੇ ਪੋਸਟਮਾਰਟਮ ਕੀਤੇ ਸਨ ਅਤੇ ਮੈਡੀਕਲ ਕਾਲਜ ਦੇ ਰੈਜ਼ੀਡੈਂਟ ਸਰਜਨ ਦੀਆਂ ਗਵਾਹੀਆਂ ਨੇ ਕੁੱਝ ਵੀ ਪ੍ਰਮਾਣਿਤ ਨਹੀਂ ਕੀਤਾ। ਸਿਵਾਏ ਲੋਮੈਕਸ ਦੇ ਸਰੀਰ ਵਿੱਚ ਪਾਈ ਗਈ ਗੋਲੀ ਦੇ

ਭਾਰ ਦੇ। ਫਿਰ ਵੀ ਜਿਊਰੀ ਦੀ ਹਦਾਇਤ ਤੇ ਜਾਂਚ ਅਧਿਕਾਰੀ ਨੇ ਐਲਾਨ ਕੀਤਾ ਕਿ ਪੁਲਿਸ ਅਤੇ ਸੈਨਿਕਾਂ ਕੋਲ ਕੋਈ ਬਦਲ ਨਹੀਂ ਸੀ। ਸਿਵਾਏ ਗੋਲੀ ਚਲਾਉਣ ਦੇ ਅਤੇ ਕਿ "ਸਿੱਖਾਂ ਨੂੰ ਕਿਸੇ ਤਰਾਂ ਵੀ ਭੜਕਾਇਆ ਨਹੀਂ ਗਿਆ ਸੀ।"

ਜਿਉਂ ਹੀ ਮੌਤਾਂ ਦੀ ਗਿਣਤੀ ਵਧੀ, ਵਾਇਸਰਾਏ, ਲਾਰਡ ਹਾਰਡਿੰਗ ਸਮਝ ਗਿਆ ਸੀ ਕਿ ਨਰਮਦਲੀ ਭਾਰਤੀਆਂ ਨੂੰ ਸੰਤੁਸ਼ਟ ਕਰਨ ਲਈ ਉਸ ਦੀ ਸਰਕਾਰ ਨੂੰ ਕੁੱਝ ਵਧ ਕਰਨਾ ਪੈਣਾ ਹੈ। ਉਨ੍ਹੀਵਾਂ ਯਾਤਰੀ, ਟਹਿਲ ਸਿੰਘ 13 ਅਕਤੂਬਰ ਦੀ ਸਵੇਰ ਨੂੰ ਮੈਡੀਕਲ ਕਾਲਜ ਹਸਪਤਾਲ ਵਿਖੇ ਹੈਜ਼ੇ ਨਾਲ ਮਰ ਗਿਆ। ਪੰਜਾਬ ਵਿੱਚ ਯਾਤਰੀਆਂ ਨਾਲ ਹਮਦਰਦੀ ਰੱਖਣ ਵਾਲੇ ਸਿੱਖਾਂ ਨੇ ਕਈ ਮੀਟਿੰਗਾਂ ਕੀਤੀਆਂ। ਹਾਰਡਿੰਗ ਨੂੰ ਪ੍ਰਾਰਥਨਾ ਪੱਤਰ ਦਿੱਤੇ। ਉਨ੍ਹਾਂ ਨੇ ਅੰਗਰੇਜ਼ੀ ਅਖਬਾਰਾਂ ਵਿੱਚ ਦਿੱਤੇ ਗਏ ਵੇਰਵਿਆਂ ਦੀ ਨਿੰਦਿਆ ਕੀਤੀ, ਬੰਗਾਲ ਸਰਕਾਰ ਦੇ ਬਿਆਨ ਨੂੰ ਰੱਦ ਕੀਤਾ, ਅਤੇ ਇੱਕ ਨਿਰਪੱਖ ਜਾਂਚ ਦੀ ਮੰਗ ਕੀਤੀ। ਇਸ ਮੁਹਿੰਮ ਨੇ, ਜਿਸ ਨੂੰ ਬੰਗਾਲ ਅਧਾਰਿਤ ਇੰਡੀਅਨ ਐਸੋਸ਼ੀਏਸ਼ਨ ਅੰਦਰਲੇ ਬੈਨਰਜੀ ਦੇ ਨਰਮਦਲੀ ਅਨੁਯਾਈਆਂ ਦੀ ਹਮਾਇਤ ਹਾਸਲ ਸੀ, ਹਾਰਡਿੰਗ ਨੂੰ ਪ੍ਰੇਰਿਤ ਕੀਤਾ ਕਿ ਉਸ ਨੂੰ ਜਾਂਚ ਕਰਵਾਉਣੀ ਹੀ ਪੈਣੀ ਹੈ। ਉਸ ਨੂੰ ਇੱਕ ਜਾਂਚ ਦੀ ਜ਼ਰੂਰਤ ਸੀ, ਸਿਰਫ਼ ਜੇਕਰ ਉਸ ਨੇ ਸਵੈ-ਸ਼ਾਸਨ ਦੇ ਚਾਹਵਾਨ ਭਾਰਤੀਆਂ ਦੇ ਹਮਦਰਦ ਵਾਇਸਰਾਏ ਦੇ ਤੌਰ ਤੇ ਆਪਣੇ ਖੁਦ ਦੇ ਸਾਧੇ ਹੋਏ ਨਕਸ਼ੇ ਦੀ ਰਾਖੀ ਕਰਨੀ ਸੀ। 15 ਅਕਤੂਬਰ ਨੂੰ ਸਰਕਾਰ ਨੇ ਇੱਕ ਕਮੇਟੀ ਦੀ ਨਿਯੁਕਤੀ ਦਾ ਐਲਾਨ ਕੀਤਾ, ਜੋ ਬਜ ਬਜ ਘਟਨਾ ਦੀ ਰਿਪੋਰਟ ਹੀ ਨਹੀਂ ਦੇਵੇਗੀ ਬਲਕਿ ਕਾਮਾਗਾਟਾ ਮਾਰੂ ਦੇ ਸਮੁੱਚੇ ਇਤਿਹਾਸ ਦੀ, ਜਿਵੇਂ ਕੋਈ ਆਸ ਕਰ ਸਕਦਾ ਹੈ, ਵਾਇਸਰਾਏ ਨੇ ਅਜਿਹੀ ਕਮੇਟੀ ਨਾਮਜ਼ਦ ਕੀਤੀ। ਜਿਸ ਨੂੰ ਉਹ ਸੁਰੱਖਿਅਤ ਸਮਝਦਾ ਸੀ। ਇਸ ਦੇ ਮੈਂਬਰਾਂ 'ਚੋਂ ਤਿੰਨ ਯੂਰਪੀਅਨ ਅਧਿਕਾਰੀ ਸਨ ਅਤੇ ਦੋ ਰੂੜ੍ਹੀਵਾਦੀ ਭਾਰਤੀ ਰਾਜਕੁਮਾਰ, ਬੰਗਾਲ ਦੇ ਬਰਦਵਾਨ ਦਾ ਸਰ ਬਿਜਾੱਇ ਚੰਦ ਮੈਹਤਾਬ, ਅਤੇ ਪੰਜਾਬ ਦੇ ਕਪੂਰਥਲਾ ਦਾ ਸਰਦਾਰ ਦਲਜੀਤ ਸਿੰਘ, ਸਨ। ਇਹ ਰਾਜਕੁਮਾਰ ਸ਼ਾਹੀ ਵਿਧਾਨ ਪ੍ਰੀਸ਼ਦ (ਇੰਪੀਰੀਅਲ ਲੈਜਿਸਲੇਟਿਵ ਕੌਂਸਿਲ) ਦੇ ਸਾਬਕਾ ਅਤੇ ਵਰਤਮਾਨ ਮੈਂਬਰ ਸਨ, ਅਤੇ ਬਰਤਾਨਵੀ ਰਾਜ ਦੇ ਭਰੋਸੇਯੋਗ ਦੋਸਤ ਸਨ। ਫਿਰ ਵੀ ਸੁਰਿੰਦਰ ਨਾਥ ਬੈਨਰਜੀ ਬਹੁਤ ਖੁਸ਼ ਸੀ, ਕਿਉਂਕਿ ਵਾਇਸਰਾਏ ਨੇ ਘਟਨਾ ਤੋਂ ਫੌਰੀ ਬਾਅਦ ਜਨਤਕ ਦਬਾਅ ਨੂੰ ਹੁੰਗਾਰਾ ਦਿੱਤਾ ਸੀ। ਉਸ ਨੇ 'ਦ ਬੰਗਾਲੀ' ਵਿੱਚ ਲਿਖਿਆ "ਅਸੀਂ ਸਿਰਫ਼ ਇਹੀ ਆਸ ਕਰ ਸਕਦੇ ਹਾਂ, ਕਿ ਦ੍ਰਿੜਤਾ ਅਤੇ ਇਨਸਾਫ ਦੀ ਭਾਵਨਾ ਨਾਲ ਓਤਪੋਤ, ਦਇਆ ਦੀ ਪਾਣ ਚੜ੍ਹੀ ਹੋਈ ਕਮੇਟੀ, ਜੋ ਇਸ ਸੰਬੰਧੀ ਹਜ਼ੂਰ ਦੇ ਰੱਵਈਏ ਨੂੰ ਦਰਸਾਉਂਦੀ ਹੈ, ਆਪਣੇ ਕੰਮ ਨੂੰ ਖੁੱਲੇ ਮਨ ਨਾਲ ਸੰਬੋਧਿਤ ਹੋਵੇਗੀ ਅਤੇ ਆਪਣੀ ਮਿਹਨਤ ਨਾਲ ਆਪਣੀ ਸਪੱਸ਼ਟ ਉਪਕਾਰੀ ਨੀਤੀ ਵਿੱਚ ਜਨਤਾ ਦਾ ਵਿਸ਼ਵਾਸ਼ ਬਹਾਲ ਕਰੇਗੀ।"

ਕਮੇਟੀ, ਵੀਰਵਾਰ, 23 ਅਕਤੂਬਰ ਨੂੰ ਕੋਲਕਾਤਾ ਦੇ ਟਾਊਨ ਹਾਲ ਦੇ ਪਿਛਲੇ ਪਾਸੇ ਪੁਰਾਣੇ ਭਾਰਤ ਸਰਕਾਰ ਵਿਧਾਨ ਪਾਲਿਕਾ ਵਿਭਾਗ ਵਿਖੇ ਬੁਲਾਈ ਗਈ ਅਤੇ ਇਸ ਨੇ ਰੋਜ਼ਾਨਾ ਬੰਦ ਕਮਰਾ ਮੀਟਿੰਗਾਂ ਕਰਦਿਆਂ ਆਪਣਾ ਕੰਮ ਛੇ ਹਫਤਿਆਂ ਵਿੱਚ ਸਮਾਪਤ ਕਰ ਲਿਆ। ਕਾਮਾਗਾਟਾ ਮਾਰੂ ਤੇ ਜਾਣ ਲਈ ਅਤੇ ਦੰਗੇ ਵਾਲੀ ਥਾਂ ਤੇ ਨਜ਼ਰ ਮਾਰਨ ਲਈ ਬਜ ਬਜ ਦਾ ਦੌਰਾ ਕੀਤਾ ਗਿਆ, ਅਤੇ ਉਨ੍ਹਾਂ ਯਾਤਰੀਆਂ ਦੀ ਗਵਾਹੀ ਲੈਣ ਲਈ ਜਿਹੜੇ ਰੇਲ ਗੱਡੀ 'ਤੇ ਸਵਾਰ ਹੋਏ ਸਨ ਅਤੇ ਹੁਣ ਘਰ ਵਿਖੇ ਸਨ। ਪੰਜਾਬ ਦੇ ਜਲੰਧਰ ਵਿੱਚ ਕੁੱਝ ਮੀਟਿੰਗਾਂ ਕੀਤੀਆਂ ਗਈਆਂ। ਜਿਉਂ ਹੀ ਕਮੇਟੀ ਨੇ ਆਪਣਾ ਕੰਮ ਸ਼ੁਰੂ ਕੀਤਾ, 193 ਯਾਤਰੀ ਨਜ਼ਰਬੰਦ ਸਨ। ਉਨ੍ਹਾਂ ਵਿੱਚੋਂ ਬਹੁਤੇ ਕੋਲਕਾਤਾ ਦੇ ਕਾਲਾਘਾਟ ਇਲਾਕੇ ਵਿੱਚ ਅਲੀਪੁਰ ਕੇਂਦਰੀ ਜੇਲ੍ਹ ਵਿੱਚ ਸਨ। ਹੋਰ ਅੱਠ ਜਾਂ ਨੌ ਮੈਡੀਕਲ ਕਾਲਜ ਹਸਪਤਾਲ ਦੀ ਦੇਖਭਾਲ ਵਿੱਚ ਸਨ। ਅਕਤੂਬਰ ਦੇ ਅਖੀਰਲੇ ਦਿਨਾਂ ਦੌਰਾਨ ਦਸ ਹੋਰ ਗ੍ਰਿਫ਼ਤਾਰ ਕਰ ਲਏ ਗਏ। ਉਨ੍ਹਾਂ ਸਾਰਿਆਂ ਨੂੰ ਜਾਂਚ ਸਮਾਪਤ ਹੋਣ ਤੱਕ ਕੈਦ ਵਿੱਚ ਰੱਖਿਆ ਗਿਆ। ਗੁਰਦਿੱਤ ਸਿੰਘ, ਫਰਾਰ ਸੀ, ਜਿਸ ਦੀ ਗ੍ਰਿਫ਼ਤਾਰੀ ਲਈ 1000 ਰੁਪੈ ਦਾ ਇਨਾਮ ਰੱਖਿਆ ਹੋਇਆ ਸੀ। ਉਹ ਹੈਦਰਾਬਾਦ ਰਿਆਸਤ ਦੇ ਪੂਰਬੀ ਖੇਤਰਾਂ ਵਿੱਚ ਪਹੁੰਚ ਚੁੱਕਾ ਸੀ। ਆਪਣੇ ਜਗਨਨਾਥ ਪੁਰੀ ਵਿਖੇ ਕਾਹਲੀ 'ਚ ਕੀਤੇ ਗਏ ਪੜਾਅ ਤੋਂ ਇੱਕ ਹਜ਼ਾਰ ਕਿਲੋਮੀਟਰ ਦੱਖਣ ਅਤੇ ਪੱਛਮ ਵਿੱਚ। ਉਹ ਆਪਣੀ ਕਹਾਣੀ ਸੁਣਾਉਣੀ ਚਾਹੁੰਦਾ ਸੀ ਅਤੇ ਉਸ ਨੇ ਸਿੱਖ ਅਖਬਾਰਾਂ: ਖਾਲਸਾ ਸਮਾਚਾਰ, ਖਾਲਸਾ ਸੇਵਕ ਅਤੇ ਦੂਸਰਿਆਂ ਲਈ ਪੱਤਰਾਂ ਸਮੇਤ ਉੱਤਰ ਵੱਲ ਅੰਮ੍ਰਿਤਸਰ ਨੂੰ ਇੱਕ ਸੰਦੇਸ਼ਵਾਹਕ ਭੇਜਿਆ। ਦੋ ਹਫਤਿਆਂ ਪਿੱਛੋਂ, ਸੰਦੇਸ਼ਵਾਹਕ ਇਸ ਸਮਾਚਾਰ ਨਾਲ ਵਾਪਸ ਪਰਤਿਆ ਕਿ ਉਸ ਦਾ ਛੋਟਾ ਪੁੱਤਰ ਬਲਵੰਤ ਅਜੇ ਘਰ ਨਹੀਂ ਪਹੁੰਚਿਆ ਅਤੇ ਸ਼ਾਇਦ ਜੇਲ੍ਹ ਵਿੱਚ ਹੈ। ਬਲਵੰਤ ਸਿੰਘ ਨੂੰ ਜਾਂਚ ਕਮੇਟੀ ਦੀ ਇੱਛਾ ਅਨੁਸਾਰ ਅਲੀਪੁਰ ਜੇਲ੍ਹ ਵਿੱਚ ਰੱਖਿਆ ਹੋਇਆ ਸੀ। ਕਮੇਟੀ ਨੇ ਸਬੂਤਾਂ ਦੇ ਲਗਭਗ ਇੱਕ ਹਜ਼ਾਰ ਛਪੇ ਹੋਏ ਪੰਨੇ ਇਕੱਠੇ ਕੀਤੇ ਗਏ, ਪਰ ਕੋਈ ਵੀ ਜਨਤਕ ਨਾ ਕੀਤੇ ਗਿਆ। ਉਨ੍ਹਾਂ ਨੇ ਬਦਕਿਸਮਤ ਕਪਤਾਨ ਯਾਮਾਮੋਟੋ, ਚੀਫ ਇੰਜੀਨੀਅਰ ਸ਼ੀਓਜ਼ਾਕੀ, ਅਤੇ ਚੀਫ ਆੱਫੀਸਰ ਮਿਆਜ਼ੀ ਤੋਂ ਜੋ ਅਜੇ ਆਪਣੇ ਜਹਾਜ਼ ਦੀ ਰਿਹਾਈ ਲਈ ਕੋਲਕਾਤਾ ਵਿੱਚ ਇੰਤਜ਼ਾਰ ਕਰ ਰਹੇ ਸਨ, ਮੈਜਿਸਟਰੇਟ ਡੋਨਲਡ ਅਤੇ ਦੂਸਰੇ ਅਫ਼ਸਰਾਂ ਅਤੇ ਪੁਲਿਸ ਅਫ਼ਸਰਾਂ ਤੋਂ, ਸਟੇਸ਼ਨ ਮਾਸਟਰ, ਭਾਰਤੀ ਰੇਲਵੇ ਅਧਿਕਾਰੀਆਂ ਅਤੇ ਬਜ ਬਜ ਦੇ ਸਥਾਨਕ ਵਾਸੀਆਂ ਤੋਂ, ਜਲੰਧਰ ਵਿਖੇ ਕੁੱਝ ਯਾਤਰੀਆਂ ਤੋਂ ਜੋ ਵਾਪਸ ਘਰ ਪਰਤ ਗਏ ਸਨ, ਖਾਸ ਕਰਕੇ ਪੋਹਲੋ ਰਾਮ ਅਤੇ ਭਾਨ ਸਿੰਘ ਤੋਂ ਜੋ ਹੁਣ ਵੈਨਕੂਵਰ ਵਾਂਗ ਗੁਰਦਿੱਤ ਸਿੰਘ ਬਾਰੇ ਉਸ ਨੂੰ ਢਾਹ ਲਾਉਣ ਵਾਲੇ ਢੰਗ ਨਾਲ ਬੋਲਣ ਦੇ ਇੱਛਕ ਸਨ; ਅਤੇ ਅੰਤ ਨੂੰ ਖੁਦ ਕੈਦੀ ਯਾਤਰੀਆਂ ਕੋਲੋਂ ਗਵਾਹੀ ਲਈ। ਕਮੇਟੀ ਦਾ ਕੇਂਦਰੀ ਗਵਾਹ ਅਜੇ ਵੀ ਫਰਾਰ ਸੀ।

ਕਮੇਟੀ ਨੇ ਆਪਣੀ ਰਿਪੋਰਟ ਵਿੱਚ ਦਰਜ ਕੀਤਾ, "ਅਸੀਂ ਗੁਰਦਿੱਤ ਸਿੰਘ ਬਾਰੇ ਇਹ ਰਾਇ ਦੇਣ ਨੂੰ ਸਿਰਫ਼ ਉੱਚਿਤ ਸਮਝਦੇ ਹਾਂ ਕਿ ਅਸੀਂ ਤੱਥਾਂ ਬਾਰੇ ਉਸ ਦਾ ਪੱਖ ਨਹੀਂ ਲਿਆ ਸੀ।" ਪਰੰਤੂ ਉਨ੍ਹਾਂ ਕੋਲ ਵੇਰਵਿਆਂ ਵਾਲੀਆਂ ਕਈ ਕਿਤਾਬਾਂ ਅਤੇ ਗੁਰਦਿੱਤ ਸਿੰਘ ਦੁਆਰਾ ਤਿਆਰ ਕੀਤਾ ਯਾਤਰਾ ਦਾ ਇਤਿਹਾਸ ਹੈ ਅਤੇ ਇਹ ਦੰਗੇ ਤੋਂ ਬਾਅਦ ਕੈਬਿਨ ਵਿਚਲੇ ਉਸ ਦੇ ਦਸਤਾਵੇਜ਼ਾਂ 'ਚੋਂ ਮਿਲਿਆ ਹੈ।

ਯਾਤਰੀਆਂ ਨੇ ਕਿਹਾ ਕਿ ਉਹ ਹਥਿਆਰਬੰਦ ਨਹੀਂ ਸਨ ਅਤੇ ਪੁਲਿਸ ਨੇ ਬਿਨਾਂ ਕਿਸੇ ਕਾਰਨ ਦੇ ਗੋਲੀ ਚਲਾਈ। ਇਸ ਦੇ ਜੁਆਬ ਵਿੱਚ ਪੁਲਿਸ ਲਈ ਇਹ ਕਹਿਣਾ ਅਸੰਭਵ ਸਾਬਤ ਹੋਇਆ ਕਿ ਕਿਹੜੇ ਯਾਤਰੀ ਨੇ ਅਸਲ ਵਿੱਚ ਹਥਿਆਰ ਚਲਾਇਆ। ਅਤੇ ਜਾਂਚ ਕਿਸੇ ਮੁਕੱਦਮੇ ਵੱਲ ਨਾ ਲੈ ਕੇ ਗਈ। ਫਿਰ ਵੀ ਕਈ ਅਮਰੀਕੀ ਰਿਵਾਲਵਰ, ਸਮਿੱਥ ਐਂਡ ਵੈਸਨ.38 ਬੋਰ ਇੱਕੋ ਜਿਹੇ ਲੜੀ ਨੰਬਰਾਂ ਵਾਲੇ ਅਤੇ ਸਪੱਸ਼ਟ ਤੌਰ ਤੇ ਸਾਂਝੇ ਸ੍ਰੋਤ ਵਾਲੇ। ਬਜ ਬਜ ਵਿਖੇ ਮਿਲੇ ਸਨ ਅਤੇ ਸੁਰੈਨ ਸਿੰਘ, ਗੁਰਦਿੱਤ ਸਿੰਘ ਦੇ ਆਪਣੇ ਪਿੰਡ ਸਰਹਾਲੀ ਦਾ ਇੱਕ ਯਾਤਰੀ, ਸਮਿੱਥ ਐਂਡ ਵੈਸਨ, ਜੋ ਉਸ ਦੇ ਕਬਜ਼ੇ 'ਚ ਸੀ, ਸਮੇਤ ਪਕੜਿਆ ਗਿਆ ਸੀ। ਉਸ ਨੂੰ ਬਾਕੀਆਂ ਤੋਂ ਵੱਖ ਕਰ ਦਿੱਤਾ ਗਿਆ ਸੀ ਅਤੇ ਮਿਦਨਾ ਪੁਰ ਕੇਂਦਰੀ ਜੇਲ੍ਹ ਲਿਜਾਇਆ ਗਿਆ ਸੀ। ਅਤੇ ਉਸ ਨੇ ਗਵਾਹੀ ਦਿੱਤੀ ਕਿ ਗੁਰਦਿੱਤ ਸਿੰਘ ਨੇ ਉਸ ਨੂੰ ਉਨ੍ਹਾਂ ਦੇ ਜਹਾਜ਼ ਤੋਂ ਉਤਰਨ ਤੋਂ ਬਿਲਕੁਲ ਪਹਿਲਾਂ ਇਹ ਰਿਵਾਲਵਰ ਅਤੇ 46 ਕਾਰਤੂਸ ਦਿੱਤੇ ਸਨ। ਸਿਰਹਾਲੀ ਤੋਂ ਇੱਕ ਹੋਰ ਆਦਮੀ ਮਾਨਾ ਸਿੰਘ, ਜੋ ਕਾਮਾਗਾਟਾ ਮਾਰੂ ਤੇ ਸਵਾਰ ਯਾਤਰੀ ਨਹੀਂ ਬਲਕਿ ਅਮਰੀਕਾ ਤੋਂ ਹੁਣੇ ਹੁਣੇ ਪਰਤਿਆ ਇੱਕ ਪਰਵਾਸੀ ਸੀ ਅਤੇ ਉਸ ਨੂੰ ਦੇਰ ਅਕਤੂਬਰ ਵਿੱਚ ਲਾਇਲਪੁਰ ਵਿੱਚ ਇੱਕ ਘਰ ਵਿੱਚ ਸੰਨ੍ਹ ਲਾਉਂਦਿਆਂ ਗ੍ਰਿਫ਼ਤਾਰ ਕੀਤਾ ਗਿਆ ਸੀ, ਨੇ ਪੁਲਿਸ ਨੂੰ ਜਪਾਨ 'ਚ ਪ੍ਰਾਪਤ ਕੀਤੇ ਰਿਵਾਲਵਰਾਂ ਬਾਰੇ ਦੱਸਿਆ। ਕਪਤਾਨ ਯਾਮਾਮੋਟੋ ਨੇ ਕੁੱਝ ਜਾਣਕਾਰੀ ਹੋਣ ਬਾਰੇ ਮੰਨਿਆ: "ਯੋਕੋਹਾਮਾ ਵਿਖੇ ਭਾਨ ਸਿੰਘ ਦੇ ਕੁੱਝ ਪੈਰੋਕਾਰਾਂ ਨੇ ਮੈਨੂੰ ਦੱਸਿਆ ਕਿ ਰਿਵਾਲਵਰਾਂ ਨਾਲ ਭਰੇ ਹੋਏ ਦੋ ਜਾਂ ਤਿੰਨ ਬਕਸੇ ਰਾਤ ਨੂੰ ਜਹਾਜ਼ ਉੱਪਰ ਲਿਆਂਦੇ ਗਏ ਸਨ। ਮੈਂ ਇਹ ਬਕਸੇ ਖੁਦ ਨਹੀਂ ਦੇਖੇ" ਚੀਫ ਇੰਜੀਨੀਅਰ ਸ਼ੀਓਜ਼ਾਕੀ, ਭਾਨ ਸਿੰਘ ਬੜਿੰਗ, ਪੋਹਲੋ ਰਾਮ ਅਤੇ ਪੀਰ ਬਕਸ਼, ਮੈਡੀਕਲ ਕਾਲਜ ਹਸਪਤਾਲ ਵਿਖੇ ਮੁੜ ਸਵਸਥ ਹੋ ਰਹੇ ਇੱਕ ਮੁਸਲਿਮ, ਨੇ ਵੀ ਕਿਹਾ ਕਿ ਜਹਾਜ਼ ਉੱਪਰ ਰਿਵਾਲਵਰ ਸਨ। ਪਰੰਤੂ ਉਨ੍ਹਾਂ ਦੀਆਂ ਕਹਾਣੀਆਂ ਵੱਖ ਵੱਖ ਸਨ ਅਤੇ ਕਮੇਟੀ ਸਹੀ ਸਚਾਈ ਪ੍ਰਾਪਤ ਕਰਨ ਦਾ ਦਾਅਵਾ ਨਾ ਕਰ ਸਕੀ।

ਜਿਵੇਂ ਹੀ ਜਾਂਚ ਸਮਾਪਤੀ ਤੇ ਪਹੁੰਚੀ, 92 ਯਾਤਰੀਆਂ ਨੂੰ 1, 2, 3 ਅਤੇ 4 ਦਸੰਬਰ ਨੂੰ ਚਾਰ ਗਰੁੱਪਾਂ ਵਿੱਚ ਦਿੱਲੀ ਐਕਸਪ੍ਰੈਸ ਰਾਹੀਂ ਹਾਵੜਾ ਸਟੇਸ਼ਨ ਤੋਂ ਘਰ ਭੇਜ ਦਿੱਤਾ ਗਿਆ। ਇੱਕ ਵਾਰ ਜਦੋਂ ਉਹ ਆਪਣੇ ਪਿੰਡਾਂ 'ਚ ਪਹੁੰਚ ਗਏ, ਉਨਾਂ ਦੇ ਚੱਲਣ ਫਿਰਨ ਨੂੰ, ਸਰਕਾਰੀ ਹੁਕਮ ਰਾਹੀਂ, ਸੀਮਿਤ ਕਰ ਦਿੱਤਾ ਗਿਆ। ਨਾ ਹੀ

ਉਨ੍ਹਾਂ ਯਾਤਰੀਆਂ ਲਈ ਤਲਾਸ਼ੀ 'ਚ ਕੋਈ ਢਿੱਲ ਕੀਤੀ, ਜੋ ਅਜੇ ਤੱਕ ਗ੍ਰਿਫ਼ਤਾਰੀ ਤੋਂ ਬਚੇ ਹੋਏ ਸਨ। ਮੱਧ ਦਸੰਬਰ ਵਿੱਚ ਇਨ੍ਹਾਂ ਵਿੱਚੋਂ ਇੱਕ ਫਿਰੋਜ਼ਪੁਰ ਜਿਲੇ ਦੇ ਚੂਹੜਚੱਕ ਪਿੰਡ ਦੇ ਸਾਧਾ ਸਿੰਘ ਨੂੰ ਵਾਪਸ ਪੰਜਾਬ ਨੂੰ ਜਾਂਦਿਆਂ ਰਸਤੇ 'ਚ ਪਕੜ ਲਿਆ। ਉਸ ਨੇ ਪੁਲਿਸ ਨੂੰ ਬਿਆਨ ਦਿੰਦਿਆਂ ਕਿਹਾ ਕਿ ਗੁਰਦਿੱਤ ਸਿੰਘ ਸਰਹਾਲੀ ਨੇ ਯਾਤਰੀਆਂ ਨੂੰ ਹਥਿਆਰਬੰਦ ਕੀਤਾ ਸੀ। "ਅਸੀਂ ਬਜ ਬਜ ਪਹੁੰਚੇ ਅਤੇ ਦੁਪਹਿਰ ਵੇਲੇ ਜਹਾਜ਼ ਤੋਂ ਉਤਾਰੇ ਗਏ", ਸਾਧਾ ਸਿੰਘ ਨੇ ਗਵਾਹੀ ਦਿੱਤੀ "ਜਦ (ਡਿਪਟੀ) ਸੁਪਰਡੈਂਟ ਸੁੱਖਾ ਸਿੰਘ ਅਤੇ ਪੁਲਿਸ ਜਹਾਜ਼ ਤੋਂ ਉੱਤਰ ਗਈ ਤਾਂ ਗੁਰਦਿੱਤ ਸਿੰਘ ਨੇ ਪਿਸਤੌਲਾਂ ਦੇ ਬਕਸੇ ਕੱਢੇ ਅਤੇ ਅਪਣੇ ਦੋਸਤਾਂ ਵਿੱਚ ਵੰਡ ਦਿੱਤੇ।" ਕਾਮਾਗਾਟਾ ਮਾਰੂ ਉੱਪਰ ਪਿਸਤੌਲਾਂ ਬਾਰੇ ਕਹਾਣੀਆਂ ਦੇ ਝਗੜੇ ਵਾਲੇ ਸਮੂਹ ਵਿੱਚ ਇਹ ਇੱਕ ਹੋਰ ਵਾਧਾ ਸੀ। ਪੁਲਿਸ ਨੂੰ ਉਨ੍ਹਾਂ ਦੀ ਹੋਂਦ ਬਾਰੇ ਕੋਈ ਸ਼ੱਕ ਨਹੀਂ ਸੀ। ਪਰੰਤੂ ਉਹ ਕਿੰਨੇ ਸਨ ਜਾਂ ਉਨ੍ਹਾਂ ਵਿੱਚ ਗੁਰਦਿੱਤ ਸਿੰਘ ਦੀ ਸ਼ਮੂਲੀਅਤ ਬਾਰੇ ਕੋਈ ਯਕੀਨ ਨਹੀਂ ਸੀ।

ਜਦੋਂ ਜਨਵਰੀ 1915 ਦੇ ਦੂਸਰੇ ਹਫਤੇ ਦੌਰਾਨ ਭਾਰਤ ਦੀ ਵਿਧਾਨ ਪ੍ਰੀਸ਼ਦ ਦੁਬਾਰਾ ਇਕੱਤਰਿਤ ਹੋਈ, ਜਾਂਚ ਕਮੇਟੀ ਦੀ ਰਿਪੋਰਟ ਜਾਰੀ ਕੀਤੀ ਗਈ। ਜਿਵੇਂ ਕਿ ਆਸ ਕੀਤੀ ਜਾਂਦੀ ਸੀ, ਕਮੇਟੀ ਨੇ ਅਫ਼ਸਰਸ਼ਾਹੀ ਦੀ ਪੂਰੀ ਹਮਾਇਤ ਕੀਤੀ, ਕਨੇਡਾ ਅਤੇ ਕਨੇਡਾ ਦੇ ਅਧਿਕਾਰੀ ਫਿਟਕਾਰ ਤੋਂ ਬਚ ਗਏ, ਅਤੇ ਬਜ ਬਜ ਵਿਖੇ ਪੁਲਿਸ ਦੀ ਸਿਰਫ਼ ਇਸ ਪੱਖੋਂ ਅਲੋਚਨਾ ਹੋਈ ਕਿ ਉਸ ਨੇ ਜਹਾਜ਼ ਦੀ ਉਸ ਨਾਲੋਂ ਘੱਟ ਧਿਆਨ ਪੂਰਵਕ ਤਲਾਸ਼ੀ ਲਈ ਜਿੰਨਾ ਕਿ ਹਾਲਾਤ ਮੰਗ ਕਰਦੇ ਸਨ। ਇਸੇ ਸਮੇਂ ਕਮੇਟੀ ਨੇ ਵੈਨਕੂਵਰ ਵਿਚਲੇ ਅਧਿਕਾਰੀਆਂ ਦੇ ਮੁਕਾਬਲੇ ਜਹਾਜ਼ ਪਿੱਛੇ ਨਾਂ ਮਾਤਰ ਇਨਕਲਾਬੀ ਮੰਤਵ ਦੇਖਿਆ। ਉਨ੍ਹਾਂ ਨੇ ਗੁਰਦਿੱਤ ਸਿੰਘ ਨੂੰ ਇੱਕ ਰਾਜਨੀਤਕ ਕਾਰਕੁੰਨ ਦੇ ਤੌਰ ਤੇ ਨਾ ਦੇਖਿਆ। ਇਸ ਦੀ ਬਜਾਏ ਉਨ੍ਹਾਂ ਨੇ ਉਸ ਨਾਲ ਨਿਰਾਲਾ, ਪੈਸੇ ਦੀ ਖੁਦਗਰਜ਼ੀ ਦਾ ਮਕਸਦ ਜੋੜ ਦਿੱਤਾ। ਇਸ ਸਬੰਧ ਵਿੱਚ ਉਨ੍ਹਾਂ ਨੇ ਉਸ ਦੇ ਇਸ ਅਨੁਰੋਧ ਦੀ ਹਮਾਇਤ ਕੀਤੀ ਕਿ ਕਾਮਾਗਾਟਾ ਮਾਰੂ ਇੱਕ ਵਪਾਰਿਕ ਉੱਦਮ ਸੀ ਅਤੇ ਹੋਰ ਕੁੱਝ ਨਹੀਂ। ਉਨ੍ਹਾਂ ਦੀ ਰਿਪੋਰਟ ਇਥੋਂ ਤੱਕ ਸੀਮਿਤ ਹੋ ਗਈ, ਮੁਨਾਫੇ ਦੀ ਭਾਲ ਵਿੱਚ ਗੁਰਦਿੱਤ ਸਿੰਘ ਨੇ ਆਦਮੀਆਂ ਨਾਲ ਇਹ ਕਹਿੰਦੇ ਧੋਖਾ ਕੀਤਾ ਕਿ ਉਹ ਵੈਨਕੂਵਰ ਵਿੱਚ ਉੱਤਰ ਸਕਦੇ ਹਨ। ਜਦੋਂ ਕਾਨੂੰਨ ਨੇ ਰਸਤਾ ਬੰਦ ਕੀਤਾ ਸੀ ਅਤੇ ਜਦੋਂ ਜਹਾਜ਼ ਨੂੰ ਵਾਪਸ ਮੋੜਿਆ ਗਿਆ ਤਾਂ ਉਸ ਨੇ ਆਪਣੇ ਗਲਤ ਕਾਰਨਾਮਿਆਂ ਨੂੰ ਢੱਕਣ ਲਈ ਸਰਕਾਰ ਵਿਰੋਧੀ ਭਾਵਨਾਵਾਂ ਨੂੰ ਹਲੂਣਾ ਦਿੱਤਾ। ਫਿਰ ਉਸ ਨੇ ਇੱਕ ਇਨਕਲਾਬੀ ਦਾ ਰੋਲ ਕਰਨ ਲਈ ਰਿਵਾਲਵਰ ਖਰੀਦੇ ਸਨ ਅਤੇ, ਗ੍ਰਿਫ਼ਤਾਰੀ ਤੋਂ ਡਰਦਿਆਂ 29 ਸਤੰਬਰ ਨੂੰ ਅਪਣੇ ਦੋਸਤਾਂ ਨੂੰ ਵਰਤਣ ਲਈ ਦੇ ਦਿੱਤੇ ਸਨ, ਜਿਸ ਕਰਕੇ ਪੁਲਿਸ ਉਸ ਦੇ ਖ਼ਿਲਾਫ਼ ਹਰਕਤ 'ਚ ਆਈ। ਸਾਰਾ ਦੋਸ਼ ਉਸ ਦਾ ਸੀ। ਇੱਕ ਘੱਟ ਪੱਖਪਾਤੀ

ਜਿਊਰੀ ਨੇ ਇਸ ਗੱਲ ਵੱਲ ਧਿਆਨ ਦਿੱਤਾ ਹੁੰਦਾ ਕਿ ਜਦੋਂ ਕੁੱਝ ਯਾਤਰੀਆਂ ਪਾਸ ਹਥਿਆਰ ਸਨ ਤਾਂ ਬਜ ਬਜ ਉਨ੍ਹਾਂ ਦੇ ਵਰਤਣ ਦੀ ਥਾਂ ਨਹੀਂ ਸੀ, ਖਾਸ ਕਰਕੇ ਪੁਲਿਸ ਨੂੰ ਸੈਨਿਕਾਂ ਦੁਆਰਾ ਮਜ਼ਬੂਤ ਕਰਨ ਪਿੱਛੋਂ, ਅਤੇ ਜੇਕਰ ਯਾਤਰੀਆਂ ਨੇ ਪਹਿਲਾਂ ਗੋਲੀ ਚਲਾਈ ਸੀ, ਲਾਜ਼ਮੀ ਹੀ ਇਹ ਭੜਕਾਹਟ ਤਹਿਤ ਹੋਇਆ ਹੋਵੇਗਾ ਅਤੇ ਬਿਨਾਂ ਕਿਸੇ ਗਿਣਤੀ ਮਿਣਤੀ ਦੇ। (ਇਹ ਸਾਰੀ ਘਟਨਾ ਧਿਆਨ ਮੰਗਦੀ ਹੈ)

ਯਾਤਰੀਆਂ ਲਈ ਇਹ ਕਹਾਣੀ ਖਤਮ ਹੋਣ ਤੋਂ ਕਿਤੇ ਦੂਰ ਦੀ ਸੀ, ਭਾਵੇਂ ਕਿ 87 ਨੂੰ ਜਨਵਰੀ ਦੇ ਪਿਛਲੇ ਅੱਧ ਵਿੱਚ ਘਰਾਂ ਨੂੰ ਭੇਜ ਦਿੱਤਾ ਗਿਆ ਸੀ। ਲਗਭਗ ਨੌਂ ਮਹੀਨੇ ਬੀਤ ਚੁੱਕੇ ਸਨ ਜਦੋਂ ਕਾਮਾਗਾਟਾ ਮਾਰੂ 376 ਯਾਤਰੀਆਂ ਸਮੇਤ ਯੋਕੋਹਾਮਾ ਤੋਂ ਵੈਨਕੂਵਰ ਲਈ ਰਵਾਨਾ ਹੋਇਆ ਸੀ। ਇੱਕ ਵੈਨਕੂਵਰ ਪਹੁੰਚਣ ਤੋਂ ਥੋੜ੍ਹੇ ਚਿਰ ਬਾਅਦ ਹਸਪਤਾਲ ਵਿੱਚ ਮਰ ਗਿਆ ਸੀ। ਵੀਹ ਵਾਪਸ ਪਰਤਣ ਵਾਲੇ ਵਸਨੀਕ ਕਨੇਡਾ ਉੱਤਰੇ ਸਨ ਅਤੇ ਡਾ.ਰਘੁਨਾਥ ਸਿੰਘ ਅਤੇ ਉਸ ਦੀ ਪਤਨੀ ਅਤੇ ਪੁੱਤਰ ਜਹਾਜ਼ ਦੇ ਵਾਪਸ ਚੱਲਣ ਤੋਂ ਕੁੱਝ ਦਿਨ ਪਹਿਲਾਂ ਜਹਾਜ਼ ਤੋਂ ਉਤਾਰੇ ਗਏ ਸਨ। 33 ਯਾਤਰੀ ਜਪਾਨ ਵਿੱਚ ਉੱਤਰ ਗਏ ਸਨ, ਅਤੇ ਦੋ ਸਿੰਧੀ ਭਰਾ ਜਹਾਜ਼ ਤੇ ਸਵਾਰ ਹੋਏ ਸਨ। ਬਜ ਬਜ ਵਿਖੇ 59 ਲੁਧਿਆਣਾ ਵਾਲੀ ਰੇਲ ਗੱਡੀ ਤੇ ਸਵਾਰ ਹੋਏ ਸਨ ਅਤੇ ਕਿਸ਼ਨ ਕੌਰ ਅਤੇ ਉਸ ਦੇ ਦੋ ਬੱਚਿਆਂ ਨੂੰ ਬਾਅਦ ਵਿੱਚ ਭੇਜਿਆ ਗਿਆ ਸੀ। ਗੋਲੀ ਬਾਰੀ ਪਿੱਛੋਂ 20 ਮਰ ਗਏ। ਕੁੱਲ ਗਿਣਤੀ ਇੱਕ ਵਾਰ ਫਿਰ ਵਧ ਗਈ ਸੀ। ਅਤੇ 27 ਭਗੌੜੇ ਸਨ, ਉਨ੍ਹਾਂ ਦੇ ਵਿੱਚ ਸੀ ਗੁਰਦਿੱਤ ਸਿੰਘ ਅਤੇ ਉਸ ਦਾ ਸੈਕਟਰੀ, ਦਲਜੀਤ ਸਿੰਘ, 2 ਆਦਮੀ ਗ੍ਰਿਫ਼ਤਾਰ ਕੀਤੇ ਜਾਣ ਅਤੇ ਥੋੜੇ ਚਿਰ ਲਈ ਨਜ਼ਰਬੰਦ ਕੀਤੇ ਜਾਣ ਤੋਂ ਪਹਿਲਾਂ ਵਾਪਸ ਪੰਜਾਬ ਪਹੁੰਚਣ ਵਿੱਚ ਕਾਮਯਾਬ ਹੋ ਗਏ ਸਨ। ਅਤੇ ਹੁਣ 179 ਨੂੰ ਕੋਲਕਾਤਾ ਵਿੱਚ ਜੇਲ੍ਹ ਤੋਂ ਰਿਹਾ ਕਰ ਦਿੱਤਾ ਗਿਆ ਸੀ। 31 ਬਾਕੀ ਬਚੇ ਕੈਦੀ ਸਨ। ਉਨ੍ਹਾਂ ਵਿੱਚ ਸ਼ਾਮਿਲ ਸਨ ਯਾਤਰੀ ਕਮੇਟੀ ਦੇ ਮੈਂਬਰ: ਲੁਧਿਆਣਾ ਦਾ ਅਮਰ ਮੁਹੰਮਦ ਖਾਨ, ਸੈਨਪੁਰਾ ਦਾ ਅਮਰ ਸਿੰਘ ਨਿਹੰਗ, ਖਾਲੜਾ ਦਾ ਹਰਨਾਮ ਸਿੰਘ, ਅਜਿੱਤਵਾਲ ਦਾ ਸੁੰਦਰ ਸਿੰਘ, ਅਤੇ ਗੁਰਦਿੱਤ ਸਿੰਘ ਦੇ ਨੇੜਲੇ ਦੂਸਰੇ।

ਇਸ ਗੱਲ ਦਾ ਨਾ ਮਾਤਰ ਸੰਕੇਤ ਸੀ ਕਿ ਇਨਕਲਾਬੀਆਂ ਦੇ ਮੁਕਾਬਲਤਨ ਥੋੜੇ ਜਿਹੇ ਕਾਡਰ ਤੋਂ ਬਾਹਰ ਕੋਈ ਇਨ੍ਹਾਂ ਆਦਮੀਆਂ ਦੀ ਪ੍ਰਵਾਹ ਕਰਦਾ ਸੀ। ਇਹ ਸਧਾਰਨ ਤੌਰ ਤੇ ਇੱਕ ਦਬਾਈ ਹੋਈ ਆਵਾਜ਼ ਵਾਲੀ ਪ੍ਰੈਸ ਦਾ ਸੁਆਲ ਨਹੀਂ ਸੀ। ਭਾਰਤੀ ਨੇਤਾ ਬਰਤਾਨਵੀ ਯੁੱਧ ਦੇ ਯਤਨ ਦੀ ਇਸ ਵਿਸ਼ਵਾਸ਼ ਨਾਲ ਹਮਾਇਤ ਕਰ ਰਹੇ ਸਨ ਕਿ ਉਨ੍ਹਾਂ ਦੀ ਵਫਾਦਾਰੀ ਦਾ ਸਵੈ-ਸ਼ਾਸਨ ਵੱਲ ਕਦਮਾਂ ਨਾਲ ਸਨਮਾਨ ਕੀਤਾ ਜਾਵੇਗਾ। ਗਾਂਧੀ, ਦੱਖਣੀ ਅਫਰੀਕਾ ਵਿੱਚ ਭਾਰਤੀਆਂ ਵੱਲੋਂ ਸੱਤਿਆਗ੍ਰਹਿ (ਅਹਿੰਸਾ) ਮੁਹਿੰਮ ਦੇ ਨਾਇਕ, ਨੇ ਬਰਤਾਨਵੀ ਰਾਜ ਸਕੱਤਰ ਨੂੰ

ਆਪਣੀਆਂ ਸੇਵਾਵਾਂ ਦੀ ਪੇਸ਼ਕਸ਼ ਕੀਤੀ ਸੀ ਅਤੇ ਉਸ ਨੇ ਬਰਤਾਨਵੀਆਂ ਲਈ ਸਵੈ- ਸੇਵੀ ਭਾਰਤੀ ਐਂਬੂਲੈਂਸ ਕੋਰ ਖੜੀ ਕਰਨ ਵਿੱਚ ਮਦਦ ਕੀਤੀ ਸੀ। ਨਰਮਦਲੀ, ਜੋ ਅਜੇ ਵੀ ਆੱਲ ਇੰਡੀਆ ਕਾਂਗਰਸ ਤੇ ਕਾਬਜ਼ ਸਨ, ਜੋਰ ਸ਼ੋਰ ਨਾਲ ਆਪਣੀ ਵਫਾਦਾਰੀ ਦਾ ਦਾਅਵਾ ਕਰ ਰਹੇ ਸਨ ਅਤੇ ਕਥਿਤ ਗਰਮਦਲੀਆ ਬੀ.ਜੀ.ਤਿਲਕ ਵੀ ਹਿੰਸਾ ਦੀਆਂ ਇਨਕਲਾਬੀ ਕਾਰਵਾਈਆਂ ਦੀ ਨਿਖੇਧੀ ਕਰਦਿਆਂ ਅਗਸਤ 1914 ਵਿੱਚ ਜੇਲ੍ਹ ਵਿੱਚੋਂ ਨਿੱਕਲ ਚੁੱਕਾ ਸੀ। ਕਾਮਾਗਾਟਾ ਮਾਰੂ ਦੇ ਯਾਤਰੀਆਂ ਨਾਲ ਜੋ ਵਿਵਹਾਰ ਕਨੇਡਾ ਵਿੱਚ ਹੋਇਆ, ਕੁਝ ਇਸ ਤਰਾਂ ਦਾ ਸੀ ਜਿਸ ਤੇ ਸਾਰੇ ਭਾਰਤੀ ਦੁੱਖ ਪ੍ਰਗਟ ਕਰ ਸਕਦੇ ਸਨ। ਪਰੰਤੂ ਹਥਿਆਰਾਂ ਦੀ ਵਰਤੋਂ ਹੋਰ ਮਾਮਲਾ ਸੀ, ਅਤੇ ਇਥੇ ਜਾਂਚ ਕਮੇਟੀ ਦੀ ਰਿਪੋਰਟ-ਕਿੰਨੀ ਵੀ ਅਧੂਰੀ- ਨੇ ਸਰਕਾਰ ਲਈ ਇਸ ਦੇ ਮੰਤਵ ਦੀ ਪੂਰਤੀ ਕੀਤੀ। ਕਿਉਂਕਿ, ਉਪਲਬਧ ਸਬੂਤ ਦੇ ਅਧਾਰ 'ਤੇ, ਇਸ ਨਤੀਜੇ ਬਾਰੇ ਕੋਈ ਚੁਣੌਤੀ ਨਹੀਂ ਜਾਪਦੀ ਸੀ ਕਿ ਯਾਤਰੀ ਹਥਿਆਰਬੰਦ ਸਨ ਅਤੇ ਉਨ੍ਹਾਂ ਨੇ ਪੁਲਿਸ ਤੇ ਗੋਲੀ ਚਲਾਈ ਸੀ।

ਹੁਣ ਤੱਕ ਗੁਰਦਿੱਤ ਸਿੰਘ ਸਰਹਾਲੀ, ਪੰਜਾਬ ਤੋਂ ਦੂਰ, ਕੇਂਦਰੀ ਭਾਰਤ ਵਿੱਚ ਹੈਦਰਾਬਾਦ ਦੇ ਨਿਜ਼ਾਮ ਦੇ ਖੇਤਰਾਂ ਵਿੱਚ ਕਰੀਮਨਗਰ ਵਿੱਚ ਛੁਪਿਆ ਹੋਇਆ ਸੀ। ਉਹ ਦੁਬਾਰਾ ਕਾਮਾਗਾਟਾ ਮਾਰੂ ਦੇ 80 ਪੰਨਿਆਂ ਦੇ ਵੇਰਵੇ 'ਤੇ ਕੰਮ ਕਰ ਰਿਹਾ ਸੀ। ਇਹ ਉਸਦੇ ਆਰੰਭਿਕ ਯਤਨ ਦੀ ਸਥਾਨ ਪੂਰਤੀ ਲਈ ਸੀ, ਜੋ ਉਸ ਨੇ ਜਹਾਜ਼ ਉੱਪਰ ਹੋਣ ਸਮੇਂ ਲਿਖਿਆ ਸੀ ਅਤੇ ਹੁਣ ਪੁਲਿਸ ਦੇ ਹੱਥਾਂ ਵਿੱਚ ਸੀ। ਉਸ ਨੇ ਪੰਜਾਬ ਨੂੰ ਇੱਕ ਸੰਦੇਸ਼ਵਾਹਕ ਭੇਜਿਆ ਜੋ ਵਾਪਸ ਉਸ ਲਈ ਉਸ ਦੇ ਪਰਿਵਾਰ ਬਾਰੇ ਸਮਾਚਾਰ ਲੈਕੇ ਆਇਆ। ਉਸ ਦਾ ਪੁੱਤਰ ਕੋਲਕਾਤਾ ਦੀ ਜੇਲ੍ਹ ਵਿੱਚ ਅਤੇ ਉਸ ਦਾ ਬੁੱਢਾ ਪਿਤਾ ਹੁਣ ਗੁਰਦਿੱਤ ਸਿੰਘ ਦੀ ਲੰਬੀ ਗੈਰਹਾਜ਼ਰੀ ਕਾਰਨ ਸ਼ਕਤੀਹੀਣ ਹੋਇਆ ਹੋਇਆ ਸੀ। ਗੁਰਮੁਖੀ ਅਖਬਾਰਾਂ ਵਿੱਚ ਇਹ ਪੜ੍ਹ ਕੇ ਉਸ ਨੂੰ ਪ੍ਰਸ਼ਾਨੀ ਹੋਈ ਕਿ ਉਸ ਦਾ ਸੰਦੇਸ਼ਵਾਹਕ, ਅੰਮ੍ਰਿਤਸਰ ਤੋਂ ਇਹ ਗੱਲ ਲੈ ਕੇ ਆਇਆ ਹੈ ਕਿ ਸਿੱਖ ਨੇਤਾਵਾਂ ਨੇ ਬਜ ਬਜ ਦੇ 'ਦੰਗਾਕਾਰੀਆਂ' ਤੋਂ ਆਪਣੇ ਆਪ ਨੂੰ ਅਲਹਿਦਾ ਕਰ ਲਿਆ ਹੈ। ਉਸ ਨੇ ਇਹ ਵੀ ਪੜ੍ਹਿਆ ਕਿ ਇਹੀ ਨੇਤਾ ਸਿੱਖਾਂ ਨੂੰ ਕਿਸੇ ਵੀ ਰਾਜਨੀਤਿਕ ਜਾਂ ਸਰਕਾਰ ਵਿਰੋਧੀ ਸਰਗਰਮੀ ਵਿੱਚ ਹਿੱਸਾ ਨਾ ਲੈਣ ਦੀ ਨਸੀਹਤ ਦੇ ਰਹੇ ਸਨ। ਉਹ ਮੋੜਵਾਂ ਜਵਾਬ ਨਾ ਦੇ ਸਕਿਆ। ਪੰਜਾਬ ਦੇ ਅਖਬਾਰਾਂ ਨੂੰ ਜੋ ਪੱਤਰ ਉਸ ਨੇ ਭੇਜੇ, ਪ੍ਰਕਾਸ਼ਿਤ ਨਾ ਹੋਏ। ਸਿਰਫ਼ ਉੱਤਰੀ ਅਮਰੀਕਾ ਤੋਂ ਸਮੱਗਲਿੰਗ ਰਾਹੀਂ ਲਿਆਂਦੀਆਂ ਗਈਆਂ ਵਿਨਾਸ਼ਕਾਰੀ ਗਦਰ ਪ੍ਰਕਾਸ਼ਨਾਵਾਂ ਤੋਂ ਕੋਈ ਇਹ ਜਾਣ ਸਕਦਾ ਹੈ ਕਿ ਕਾਮਾਗਾਟਾ ਮਾਰੂ ਕਹਾਣੀ ਦਾ ਇੱਕ ਹੋਰ ਪੱਖ ਵੀ ਸੀ।

ਯੁੱਧ ਸ਼ੁਰੂ ਹੋਣ ਤੇ ਗਦਰ ਪਾਰਟੀ ਦੇ ਹਥਿਆਰਾਂ ਦੇ ਸੱਦੇ ਨੇ ਭਾਰਤ ਵਿੱਚ ਲੋਕਾਂ ਨੂੰ ਚੌਕਸ ਕਰ ਦਿੱਤਾ ਸੀ, ਜਿਸ ਨੇ ਵਾਪਸ ਪਰਤ ਰਹੇ ਸਾਰੇ ਪਰਵਾਸੀਆਂ ਨੂੰ ਬਿਪਤਾ ਵਿੱਚ ਪਾ ਦਿੱਤਾ। ਕਾਮਾਗਾਟਾ ਮਾਰੂ ਦੇ ਯਾਤਰੀਆਂ ਅਤੇ ਕਈ ਹੋਰਾਂ ਨੂੰ।

1914–15 ਦੀ ਪਤਝੜ ਅਤੇ ਬਸੰਤ ਰੁੱਤ ਦੌਰਾਨ ਕਈ ਹਜ਼ਾਰ ਸਿੱਖ ਕਨੇਡਾ ਅਤੇ ਸੰਯੁਕਤ ਰਾਜ ਤੋਂ ਵਾਪਸ ਭਾਰਤ ਪਰਤ ਚੁੱਕੇ ਸਨ। ਬਹੁਤੇ ਸੰਯੁਕਤ ਰਾਜ ਅਤੇ ਬ੍ਰਿਟਿਸ਼ ਕੋਲੰਬੀਆ ਵਿੱਚ ਆਰਥਿਕ ਮੰਦੀ ਦੇ ਸਿੱਟੇ ਵਜੋਂ ਵਾਪਸ ਆਏ ਸਨ, ਪਰੰਤੂ ਕੁੱਝ ਸਮਰਪਿਤ ਇਨਕਲਾਬੀਆਂ ਦੇ ਤੌਰ ਤੇ ਵਾਪਸ ਪਰਤੇ ਸਨ। "ਆਪਣੇ ਦੇਸ਼ ਨੂੰ ਜਾਓ ਅਤੇ ਇੱਕਦਮ ਬਗਾਵਤ ਖੜ੍ਹੀ ਕਰੋ", ਉਨ੍ਹਾਂ ਨੂੰ ਗਦਰ ਨੇਤਾਵਾਂ ਦੁਆਰਾ ਦੱਸਿਆ ਗਿਆ ਸੀ। "ਤੁਹਾਡੇ ਦੁਸ਼ਮਣ ਮੁਸ਼ਕਿਲਾਂ ਵਿੱਚ ਹਨ। ਉਸ ਨੂੰ ਜਰਮਨ ਸ਼ੇਰ ਨੇ ਘੇਰਿਆ ਹੋਇਆ ਹੈ।" ਜਦੋਂ ਇਨਕਲਾਬੀਆਂ ਦਾ ਇੱਕ ਅਗਾਊਂ ਦਸਤਾ 29 ਅਕਤੂਬਰ ਨੂੰ ਐਸ ਐਸ ਟੋਸ਼ਾ ਮਾਰੂ 'ਤੇ ਕੋਲਕਾਤਾ ਪਹੁੰਚਿਆ, ਭਾਰਤ ਸਰਕਾਰ ਤਿਆਰ ਸੀ। ਇੱਕ ਜਹਾਜ਼ ਉੱਪਰ 700 ਭਾਰਤੀ ਯਾਤਰੀਆਂ ਨਾਲ 375 ਸਿੱਖ ਸਨ। ਜੋ ਉੱਤਰੀ ਅਮਰੀਕਾ ਅਤੇ ਦੂਰ ਪੂਰਬ ਤੋਂ ਵਾਪਸ ਆ ਰਹੇ ਸਨ। ਦੂਸਰੇ ਯਾਤਰੀਆਂ ਵਿੱਚੋਂ ਬਹੁਤੇ ਮਲਾਇਆ ਤੋਂ "ਮਿਆਦ ਪੁੱਗੀ ਵਾਲੇ" ਭਾਰਤੀ ਕੁੱਲੀ ਸਨ ਜਿਨ੍ਹਾਂ ਦੇ ਕੰਮ ਦੇ ਠੇਕੇ ਸਮਾਪਤ ਹੋ ਗਏ ਸਨ। ਉਨ੍ਹਾਂ ਦਾ ਅਸਾਨੀ ਨਾਲ ਸਿੱਖਾਂ ਤੋਂ ਵਖਰੇਵਾਂ ਕਰ ਲਿਆ ਗਿਆ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਪ੍ਰਤਿਬੱਧ ਗਦਰੀ ਸਨ। ਹਾੱਪਕਿਨਸਨ ਦੀਆਂ ਰਿਪੋਰਟਾਂ ਦੀ ਵਜ੍ਹਾ ਕਰਕੇ ਪੁਲਿਸ ਕੋਲ ਸ਼ੱਕੀ ਗਦਰੀਆਂ ਦੇ ਨਾਮ ਸਨ। ਕੋਲਕਾਤਾ ਦੇ ਕਿਦੇਰਪੋਰੇ ਦੀਆਂ ਗੋਦੀਆਂ ਦੇ 3 ਨੰ. ਬਰਥ ਤੇ ਉਡੀਕ ਰਿਹਾ ਸੀ ਪੁਲਿਸ ਕਮਿਸ਼ਨਰ, ਹਾਲੀਡੇ ਸਮੇਤ ਰਾੱਇਲ ਫਿਊਜਿਲੀਅਰਜ਼ ਦੀਆਂ ਦੋ ਕੰਪਨੀਆਂ, ਦੋ ਸੌ ਹਥਿਆਰਬੰਦ ਯੂਰਪੀਅਨਾਂ ਦੇ ਵਿਸ਼ੇਸ਼ ਦਸਤੇ ਅਤੇ ਢਾਕਾ ਤੋਂ ਭਾਰਤੀ ਪੁਲਿਸ, ਅਤੇ ਪੰਜ ਜਾਂ ਛੇ ਸੌ ਭਾਰਤੀ ਪੁਲਿਸ ਰੱਖਿਅਕਾਂ ਦੇ।

ਇੱਕ ਨਿਯਮਤ ਰੂਪ ਵਿੱਚ ਆਉਣ ਵਾਲੇ ਸਮੁੰਦਰੀ ਜਹਾਜ਼ ਲਈ ਤਿਆਰ ਬਰ ਤਿਆਰ ਇਹ ਇੱਕ ਅਸਾਧਾਰਨ ਰੂਪ ਵਿੱਚ ਵਿਸ਼ਾਲ ਸੁਰੱਖਿਆ ਬਲ ਸੀ। ਇਹ ਸਿਰਫ਼ ਐਨੀ ਗੱਲ ਹੀ ਨਹੀਂ ਸੀ, ਕਿ ਜਹਾਜ਼ ਉੱਪਰ ਸ਼ੱਕੀ ਗਦਰੀ ਸਨ। ਅਧਿਕਾਰੀਆਂ ਨੂੰ ਨਤੀਜੇ ਦਾ ਡਰ ਸੀ। ਜਦੋਂ ਜਹਾਜ਼ ਨੂੰ ਬੰਦਰਗਾਹ ਵਿੱਚ ਲਿਆਂਦਾ ਗਿਆ, ਕਾਮਾਗਾਟਾ ਮਾਰੂ ਨਾਲ ਸਿਰਫ਼ ਇੱਕ ਮਹੀਨਾ ਪਹਿਲਾਂ ਕੀ ਵਾਪਰਿਆ ਸੀ, ਬਾਰੇ ਬੰਗਾਲ ਅਧਿਕਾਰੀਆਂ ਦੀ ਯਾਦ ਤਾਜ਼ਾ ਸੀ। ਹਾਲੀਡੇ ਸੀਮਾ ਕਰ (ਕਸਟਮ) ਅਫ਼ਸਰਾਂ ਨਾਲ ਟੋਸ਼ਾ ਮਾਰੂ ਤੇ ਸਵਾਰ ਹੋਇਆ ਅਤੇ ਜਹਾਜ਼ ਤੋਂ ਉਤਰਨ ਤੋਂ ਪਹਿਲਾਂ ਸਿੱਖ ਯਾਤਰੀਆਂ ਦੀ ਪੂਰੀ ਤਰਾਂ ਤਲਾਸ਼ੀ ਲਈ ਗਈ। ਉਸ ਦੇ ਅਫ਼ਸਰਾਂ ਨੂੰ ਦੋ ਸਿੱਖਾਂ ਕੋਲ ਰਿਵਾਲਵਰ ਅਤੇ ਦਸ ਦੇ ਸਮਾਨ ਵਿੱਚ ਵਿਦਰੋਹੀ ਦਸਤੀ ਇਸ਼ਤਿਹਾਰ ਮਿਲੇ। ਕੋਈ ਵੱਡਾ ਅਸਲਾਖਾਨਾ ਨਹੀਂ ਜਿਸ ਦੇ ਨਾਲ ਕਿ ਇਨਕਲਾਬ ਸ਼ੁਰੂ ਕੀਤਾ ਜਾਵੇ। ਪਰੰਤੂ ਸਰਕਾਰ ਦੇ ਨਜ਼ਰੀਏ ਤੋਂ ਇਹ ਖਤਰਨਾਕ ਸੀ। ਇਨ੍ਹਾਂ ਬਾਰਾਂ ਨੂੰ ਫੌਰੀ ਤੌਰ ਤੇ ਗ੍ਰਿਫ਼ਤਾਰ ਕਰ ਲਿਆ ਗਿਆ, ਅਤੇ ਬਾਕੀਆਂ ਨੂੰ ਉਸ ਰਾਤ ਲੁਧਿਆਣਾ ਨੂੰ ਜਾਣ ਵਾਲੀ ਰੇਲ ਗੱਡੀ ਤੇ ਚੜ੍ਹਾ ਦਿੱਤਾ ਗਿਆ। ਲੁਧਿਆਣਾ

ਵਿੱਚ ਪੰਜਾਬੀ ਪੁਲਿਸ ਨੇ ਯੁੱਧ ਸਮੇਂ ਦੇ ਆਰਡੀਨੈਂਸ ਦੇ ਅਧਿਕਾਰ ਤਹਿਤ ਇੱਕ ਸੌ ਨੂੰ ਕੈਦੀ ਬਣਾ ਲਿਆ ਅਤੇ ਦੂਸਰਿਆਂ ਨੂੰ ਉਨ੍ਹਾਂ ਦੇ ਪਿੰਡਾਂ ਵਿੱਚ ਹੀ ਰਹਿਣ ਦਾ ਹੁਕਮ ਦੇ ਦਿੱਤਾ। ਆਉਣ ਵਾਲੇ ਮਹੀਨਿਆਂ ਵਿੱਚ ਪੁਲਿਸ ਨੇ ਘੁਸਪੈਂਠ ਵਾਲੀਆਂ ਬੰਦਰਗਾਹਾਂ ਤੇ ਹੁਸ਼ਿਆਰੀ ਨਾਲ ਨਿਗ੍ਹਾ ਰੱਖੀ ਅਤੇ ਵਾਪਸ ਆ ਰਹੇ ਸਾਰੇ ਸਿੱਖਾਂ ਨੂੰ ਲੁਧਿਆਣਾ ਵਿਖੇ ਕੇਂਦਰੀ ਜਾਂਚ ਦਫਤਰ ਨੂੰ ਸੂਚਿਤ ਕਰਨ ਦਾ ਨਿਰਦੇਸ਼ ਦਿੱਤਾ। ਉਥੇ ਪੁਲਿਸ ਨੇ ਹਰੇਕ ਪਰਵਾਸੀ ਦੀ ਜਾਂਚ ਕੀਤੀ ਅਤੇ ਅਤੇ ਜਿਹੜੇ ਵਿਦਰੋਹੀਆਂ ਦੇ ਮੋਹਰੀਆਂ ਦੇ ਤੌਰ ਤੇ ਪਹਿਚਾਣੇ ਗਏ, ਉਨ੍ਹਾਂ ਨੂੰ ਜੇਲ੍ਹ ਭੇਜ ਦਿਤਾ। ਬਹੁ ਗਿਣਤੀ ਅਜ਼ਾਦ ਹੋ ਗਏ। ਪਰੰਤੂ ਨਿਗਰਾਨੀ ਹੇਠ ਰੱਖੇ ਗਏ ਜਿਹੜੇ ਨੌਜਵਾਨ ਆਦਮੀ ਉੱਤਰੀ ਅਮਰੀਕਾ ਤੋਂ ਵਾਪਸ ਪਰਤੇ ਸਨ, ਮਹਾਨ ਵਿਦਰੋਹ ਵਿੱਚ ਭਾਗ ਲੈਣ ਲਈ ਜੋਸ਼ ਭਰਪੂਰ ਤਿਆਰ ਸਨ, ਇੰਤਜ਼ਾਰ ਕਰ ਰਹੀ ਪੁਲਿਸ ਦੀਆਂ ਬਾਹਵਾਂ ਵਿੱਚ ਅੰਧਾਧੁੰਦ ਫਸਦੇ ਜਾ ਰਹੇ ਸਨ।

ਬਹੁਤ ਘੱਟ ਹਥਿਆਰ ਭਾਰਤ ਪਹੁੰਚੇ, ਅਤੇ ਉਨ੍ਹਾਂ ਦੇ ਬਹੁਤੇ ਆਗੂਆਂ ਨੂੰ ਪਹੁੰਚਣ ਸਾਰ ਕੈਦ ਕਰਨ ਨਾਲ, ਗਦਰੀ ਇੱਕ ਬੇਅਸਰ ਤਾਕਤ ਸਨ। ਕੁੱਝ ਛੋਟੇ ਗਰੋਹਾਂ ਵਿੱਚ ਇਕੱਠੇ ਹੋਏ, ਜਿਹੜੇ ਖਜ਼ਾਨੇ ਲੁੱਟਣ, ਅਸਲਾਖ਼ਾਨਿਆਂ ਤੇ ਧਾਵੇ ਬੋਲਣ, ਅਤੇ ਪੁਲਿਸ ਚੌਕੀਆਂ ਤੇ ਹਮਲੇ ਕਰਨ ਦੀ ਯੋਜਨਾ ਬਣਾਉਂਦੇ ਕਈ ਜਿਲ੍ਹਿਆਂ ਵਿੱਚ ਘੁੰਮਦੇ ਰਹੇ, ਪਰੰਤੂ ਇਹ ਕਰਨਾ ਕਿਵੇਂ ਹੈ, ਬਾਰੇ ਉਨ੍ਹਾਂ ਨੂੰ ਗੈਰਯਕੀਨੀ ਸੀ। ਦਸੰਬਰ 1914 ਦੇ ਆਰੰਭ ਤੱਕ ਇਹ ਗਰੋਹ ਖਿੰਡ ਪੁੰਡ ਗਏ ਸਨ ਜਾਂ ਖੱਖਰ ਭੱਖਰ ਹੋ ਗਏ ਸਨ। ਪਰੰਤੂ ਕਾਮਾਗਾਟਾ ਮਾਰੂ ਦੇ ਯਾਤਰੀਆਂ ਦੀ ਰਿਹਾਈ ਗਦਰੀਆਂ ਨੂੰ ਇੱਕ ਹੁਲਾਰਾ ਦਿੰਦੀ ਜਾਪਦੀ ਸੀ। ਕੁੱਝ ਯਾਤਰੀਆਂ ਨੂੰ ਇਸ ਮੰਤਵ ਲਈ ਭਰਤੀ ਕੀਤਾ ਗਿਆ ਅਤੇ ਇਨ੍ਹਾਂ ਦੀ ਕਹਾਣੀ, ਕਾਰਵਾਈ ਲਈ ਇੱਕ ਪ੍ਰੇਰਨਾ ਸੀ। ਜਨਵਰੀ 1915 ਤੱਕ, ਬੰਗਾਲੀ ਉਸਤਾਦ ਇਨਕਲਾਬੀ, ਰਾਸ ਬਿਹਾਰੀ ਬੋਸ, ਜੋ 1912 'ਚ ਲਾਰਡ ਹਾਰਡਿੰਗ 'ਤੇ ਸੁੱਟੇ ਗਏ ਬੰਬ ਦਾ ਆਯੋਜਕ ਸੀ, ਦੇ ਪਹੁੰਚਣ ਨਾਲ ਗਦਰੀਆਂ ਨੂੰ ਉਸਦੀ ਅਗਵਾਈ ਮਿਲ ਗਈ, ਜਿਸ ਦੀ ਉਨ੍ਹਾਂ ਨੂੰ ਘਾਟ ਸੀ। ਉਨ੍ਹਾਂ ਨੇ ਕਈ ਹਿੰਸਕ ਲੁੱਟਮਾਰਾਂ ਕੀਤੀਆਂ, ਰੇਲ ਗੱਡੀਆਂ ਨੂੰ ਲੀਹੋਂ ਲਾਹੁਣ ਦੀਆਂ ਕਈ ਕੋਸ਼ਿਸ਼ਾਂ ਕੀਤੀਆਂ, ਅਤੇ 21 ਫਰਵਰੀ ਗਦਰ ਦੀ ਤਾਰੀਖ ਰੱਖ ਦਿੱਤੀ।

ਗਦਰ ਦੀ ਅਗਵਾਈ ਕਰਨ ਲਈ, ਉਨ੍ਹਾਂ ਦਾ ਲਾਹੌਰ ਵਿਖੇ 23ਵੀਂ ਪੰਜਾਬ ਘੋੜਸਵਾਰ ਸੈਨਾ ਵੱਲੋਂ ਬਗਾਵਤ ਕਰਨ ਅਤੇ ਮੀਆਂਮੀਰ ਵਿਖੇ ਇੱਕ ਅਸਲਾ ਖਾਨੇ ਤੇ ਹਮਲਾ ਕਰਨ ਤੇ ਭਰੋਸਾ ਸੀ। ਇਹ ਉੱਤਰ ਵਿੱਚ ਫਿਰੋਜ਼ਪੁਰ, ਰਾਵਲਪਿੰਡੀ, ਅਤੇ ਮੇਰਟ ਵਿਖੇ ਇੱਕੋ ਸਮੇਂ ਸੈਨਿਕਾਂ ਦੁਆਰਾ ਹਮਲੇ ਕਰਨ ਲਈ ਸਿਗਨਲ ਹੋਣਾ ਸੀ। ਫਰਵਰੀ ਦੇ ਦੂਜੇ ਹਫਤੇ ਦੌਰਾਨ, ਸਾਰੇ ਉੱਤਰ ਭਾਰਤ ਦੀਆਂ ਛਾਉਣੀਆਂ 'ਚ ਸੈਨਿਕਾਂ ਨੂੰ ਸੁਨੇਹਾ ਭੇਜਿਆ, ਉਨ੍ਹਾਂ ਨੇ ਬੰਬ ਤਿਆਰ ਕੀਤੇ ਅਤੇ ਹਥਿਆਰ ਇਕੱਠੇ

ਕੀਤੇ, ਜੋ ਵੀ ਉਨ੍ਹਾਂ ਪਾਸ ਸਨ। ਪਰੰਤੂ ਅਣਜਾਣੇ ਵਿੱਚ ਉਹ ਪੁਲਿਸ ਦੀ ਨਿਗਰਾਨੀ ਹੇਠ ਸਨ। ਪੁਲਿਸ ਨੂੰ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਇੱਕ ਲੁੱਟ ਪਿੱਛੋਂ ਗਰਿਫ਼ਤਾਰ ਕੀਤੇ ਗਏ ਗਦਰੀਆਂ ਕੋਲੋਂ ਸਹੀ ਰੂਪ 'ਚ ਪਤਾ ਲੱਗ ਗਿਆ ਸੀ ਕਿ ਕੀ ਚੱਲ ਰਿਹਾ ਹੈ। ਆਖਰੀ ਵਕਤ ਤੇ ਪੁਲਿਸ ਨੇ ਸਾਜਿਸ਼ ਦੇ ਧੁਰ ਅੰਦਰ ਫਿੱਟ ਕੀਤੇ ਇੱਕ ਜਾਸੂਸ ਤੋਂ ਸਿਗਨਲ ਮਿਲਣ ਤੇ ਲਾਹੌਰ ਵਿਖੇ ਗਦਰ ਦੇ ਮੁੱਖ ਦਫਤਰ ਤੇ ਛਾਪਾ ਮਾਰਿਆ।

ਕੋਈ ਗਦਰ ਨਾ ਹੋਇਆ। ਸ਼ੱਕੀ ਸੈਨਿਕਾਂ ਨੂੰ ਬੇਹਥਿਆਰਾ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੇ ਮੋਹਰੀ ਆਗੂਆਂ ਨੂੰ ਫੌਜੀ ਅਦਾਲਤ (ਕੋਰਟ ਮਾਰਸ਼ਲ) ਵਿੱਚ ਪੇਸ਼ ਕੀਤਾ ਗਿਆ ਅਤੇ ਫਾਂਸੀ ਲਾ ਦਿੱਤਾ ਗਿਆ। ਆਮ ਜਨਤਾ ਨੇ ਗਦਰੀਆਂ ਦੀ ਕੋਈ ਮਦਦ ਨਾ ਕੀਤੀ। ਕੁੱਝ ਮਾਮਲਿਆਂ ਵਿੱਚ, ਅਸਲ ਵਿੱਚ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਉਨ੍ਹਾਂ ਨੂੰ ਪੁਲਿਸ ਹਵਾਲੇ ਕੀਤਾ। ਹਾਂ, ਸਜਿਸ਼ ਦੇ ਖਤਰੇ ਨੂੰ ਘੱਟ ਕਰਨਾ ਜਾਂ ਹਿੱਸਾ ਲੈਣ ਵਾਲਿਆਂ ਨੂੰ ਸਰਸਰੀ ਜਾਣ ਦੇਣਾ ਪੰਜਾਬ ਦੇ ਗਵਰਨਰ ਸਰ ਮਾਇਕਲ ਓ'ਡਵਾਇਰ ਦੀ ਸਿਆਣਪ ਵਿੱਚ ਨਹੀਂ ਸੀ। ਮਾਰਚ ਵਿੱਚ ਉਸ ਨੇ ਸਿੱਖ ਭਾਈਚਾਰੇ ਦੇ ਬਾਰਾਂ ਮੋਹਰੀ ਮੈਂਬਰਾਂ ਨੂੰ ਇਹ ਦੱਸਣ ਲਈ ਬੁਲਾਇਆ ਕਿ ਉਹ ਉਸ ਦੀ ਸਰਕਾਰ ਨਾਲ ਸਹਿਯੋਗ ਕਰਕੇ ਖ਼ੂਨਖ਼ਰਾਬੇ ਨੂੰ ਟਾਲ ਸਕਦੇ ਹਨ। ਇਸ ਸਮੇਂ ਤੱਕ ਸਮੁੰਦਰ ਪਾਰ ਤੋਂ 3200 ਪਰਵਾਸੀ ਪੰਜਾਬ ਵਾਪਸ ਪਰਤ ਚੁੱਕੇ ਸਨ, ਹਜ਼ਾਰਾਂ ਹੋਰ ਆ ਰਹੇ ਸਨ, ਬਹੁਤੇ ਦੂਰ ਪੂਰਬ ਤੋਂ ਪਰੰਤੂ ਕੁੱਝ ਉੱਤਰੀ ਅਮਰੀਕਾ ਤੋਂ। ਓ'ਡਵਾਇਰ ਨੇ ਉਨ੍ਹਾਂ ਨਾਲ ਨਜਿੱਠਣ ਲਈ ਪੁਲਿਸ ਨਾਲ ਮਿਲਕੇ ਕੰਮ ਕਰਨ ਲਈ ਤੇਜ਼ੀ ਨਾਲ ਸਥਾਨਕ ਸਿੱਖ ਕਮੇਟੀਆਂ ਸਥਾਪਿਤ ਕੀਤੀਆਂ। ਇਸੇ ਸਮੇਂ ਉਸ ਨੇ ਇਹ ਕਾਨੂੰਨ ਹਾਸਲ ਕਰ ਲਿਆ ਜੋ ਸੰਖੇਪ ਗ੍ਰਿਫ਼ਤਾਰੀ ਦੀ ਆਗਿਆ ਦਿੰਦਾ ਸੀ ਅਤੇ ਸਜ਼ਾ ਦੇ ਖ਼ਿਲਾਫ਼ ਅਪੀਲ ਤੋਂ ਇਨਕਾਰ ਕਰਦਾ ਸੀ।

ਅਪ੍ਰੈਲ 1915 'ਚ ਸ਼ੁਰੂ ਕਰਕੇ, ਓਡਵਾਇਰ ਦੀ ਸਰਕਾਰ ਨੇ ਪੰਜਾਬ ਦੀ ਰਾਜਧਾਨੀ ਲਾਹੌਰ ਵਿਖੇ ਸਾਜਿਸ਼ ਕੇਸਾਂ ਦਾ ਇੱਕ ਸਿਲਸਿਲਾ ਚਲਾਇਆ। ਮਈ 1917 ਵਿੱਚ ਆਖਰੀ ਫ਼ੈਸਲੇ ਤੱਕ ਲਾਹੌਰ ਕੇਸਾਂ ਵਿੱਚ 175 ਦੋਸ਼ੀ ਵਿਅਕਤੀਆਂ ਅਤੇ 2000 ਤੋਂ ਵੱਧ ਗਵਾਹਾਂ ਨੂੰ ਸ਼ਾਮਿਲ ਕੀਤਾ ਗਿਆ ਸੀ। 20 ਦੋਸ਼ੀਆਂ ਨੂੰ ਫਾਂਸੀ ਲਗਾਇਆ ਗਿਆ ਸੀ; 76 ਨੂੰ ਜੀਵਨ ਭਰ ਲਈ ਅੰਡੇਮਾਨ ਟਾਪੂਆਂ ਵਿਖੇ ਜਲਾਵਤਨ ਕਰਨ ਦੀ ਸਜ਼ਾ ਦਿੱਤੀ ਗਈ, ਜੋ ਬਰਤਾਨਵੀ ਭਾਰਤ ਲਈ ਅਪਰਾਧੀ ਕਲੌਨੀ ਸੀ; ਅਤੇ 58 ਨੂੰ ਥੋੜ੍ਹੇ ਸਮੇਂ ਲਈ ਜਲਾਵਤਨ ਜਾਂ ਭਾਰਤ ਵਿੱਚ ਕੈਦ ਕੀਤਾ ਗਿਆ, ਕਈ 100 ਆਦਮੀਆਂ ਨੂੰ ਬਿਨਾਂ ਮੁਕੱਦਮਾ ਬੰਦੀ ਬਣਾਇਆ ਗਿਆ, ਕਈ ਹੋਰਾਂ ਨੂੰ ਆਪਣੇ ਪਿੰਡਾਂ 'ਚ ਰਹਿਣ ਲਈ ਪਾਬੰਦ ਕਰ ਦਿੱਤਾ ਗਿਆ, ਅਤੇ ਭਾਰਤੀ ਭਾਸ਼ਾਵਾਂ ਵਾਲੇ ਅਖਬਾਰਾਂ ਨੂੰ ਜ਼ਬਰਦਸਤੀ ਨਾਲ ਦਬਾਅ ਦਿੱਤਾ ਗਿਆ ਅਤੇ ਬਰਤਾਨਵੀ ਭਾਰਤ ਵਿੱਚ ਦੂਸਰੇ ਵੱਡੇ ਸਾਜਿਸ਼ ਕੇਸ ਸਨ–

ਮੰਡੀ, ਵਾਰਾਨਸੀ ਅਤੇ ਮਾਂਡਲੇ ਵਿੱਚ। ਸਿੱਟੇ ਵਜੋਂ ਫਾਂਸੀ ਲਾਏ ਗਏ ਕੁੱਲ ਗਦਰੀਆਂ ਦੀ ਗਿਣਤੀ 40 ਤੋਂ ਉੱਪਰ ਚਲੀ ਗਈ ਅਤੇ ਲੰਬੇ ਜਾਂ ਥੋੜੇ ਸਮੇਂ ਲਈ ਕੈਦ ਕੀਤੇ ਗਿਆਂ ਦੀ ਗਿਣਤੀ 200 ਤੋਂ ਟੱਪ ਗਈ। ਇਹ ਵਿਦੇਸ਼ੀ ਰਾਜ ਵੱਲੋਂ ਥੋਪਿਆ ਗਿਆ ਸਖ਼ਤ, ਨਿਰੋਧਕ ਨਿਆਂ ਸੀ, ਅਤੇ ਇਹ ਉਨ੍ਹਾਂ ਆਦਮੀਆਂ ਉਤੇ ਥੋਪਿਆ ਗਿਆ ਸੀ, ਭਾਵੇਂ ਉਹ ਇਨਕਲਾਬ ਤੇ ਤੁਲੇ ਹੋਏ ਸਨ, ਪਰ ਜਿਨ੍ਹਾਂ ਕੋਲ ਕਿਸੇ ਯੋਜਨਾ ਨੂੰ ਲਾਗੂ ਕਰਨ ਦਾ ਕੋਈ ਮੌਕਾ ਨਹੀਂ ਸੀ।

ਬਹੁਤ ਹੀ ਘੱਟ ਕਾਮਾਗਾਟਾ ਮਾਰੂ ਯਾਤਰੀ ਗਦਰ ਸਰਗਰਮੀ ਵਿੱਚ ਪਕੜੇ ਗਏ। ਪੁਲਿਸ ਵੱਲੋਂ ਸਾਜਿਸ਼ ਨੂੰ ਨਕਾਰਾ ਕਰਨ ਤੋਂ ਜਲਦੀ ਪਿੱਛੋਂ ਉਨ੍ਹਾਂ ਨੇ ਉਨ੍ਹਾਂ ਵਿੱਚੋਂ ਦੋ ਨੂੰ ਗ੍ਰਿਫ਼ਤਾਰ ਕਰ ਲਿਆ। ਗੁਰਮੁੱਖ ਸਿੰਘ ਲਲਤੋਂ ਨੂੰ, ਲਾਹੌਰ ਵਿੱਚ ਗਦਰੀਆਂ ਵੱਲੋਂ ਵਰਤੇ ਜਾਂਦੇ ਚਾਰ ਘਰਾਂ ਵਿੱਚੋਂ ਇੱਕ ਘਰ ਦੇ ਬਾਹਰੋਂ, ਅਤੇ ਬਿਸ਼ਨ ਸਿੰਘ ਦਦੇਹਰ ਨੂੰ, ਅੰਮ੍ਰਿਤਸਰ ਜਿਲ੍ਹੇ ਵਿੱਚ ਉਸ ਦੇ ਆਪਣੇ ਪਿੰਡ ਵਿੱਚੋਂ ਆਪਣੇ ਮੁਕੱਦਮੇ ਦੌਰਾਨ ਆਪਣੇ ਬਚਾਅ ਵਿੱਚ ਬਿਸ਼ਨ ਸਿੰਘ ਨੇ ਕਿਹਾ ਕਿ ਵਾਪਸ ਪੰਜਾਬ ਅਉਣ ਦੇ ਸਮੇਂ ਤੋਂ ਲੈਕੇ ਉਸ ਨੇ ਆਪਣਾ ਪਿੰਡ ਨਹੀਂ ਛੱਡਿਆ ਸੀ। ਦੋਨਾਂ ਨੂੰ ਮੁਜ਼ਰਮ ਕਰਾਰ ਦਿੱਤਾ ਗਿਆ ਅਤੇ ਅੰਡੇਮਾਨ ਟਾਪੂਆਂ ਵਿੱਚ ਕੈਦ ਦੀ ਸਜ਼ਾ ਹੋਈ। ਬਿਸ਼ਨ ਸਿੰਘ ਦੀ 1920 ਵਿੱਚ ਆਮ ਮੁਆਫੀ ਤਹਿਤ ਰਿਹਾਈ ਹੋ ਗਈ। ਗੁਰਮੁੱਖ ਸਿੰਘ, ਜੋ ਇੱਕ ਜੇਲ੍ਹ ਤੋਂ ਦੂਸਰੀ ਜੇਲ੍ਹ ਤਬਦੀਲ ਕਰਦੇ ਸਮੇਂ ਚਲਦੀ ਰੇਲ ਗੱਡੀ ਵਿੱਚੋਂ ਬਚ ਨਿਕਲਿਆ ਸੀ, ਅਤੇ ਸਾਲਾਂ ਬੱਧੀ ਭਗੌੜਾ ਰਿਹਾ। ਗੁਰਦਿੱਤ ਸਿੰਘ ਸਰਹਾਲੀ ਖ਼ਿਲਾਫ਼ ਬਾਅਦ ਦੇ ਫ਼ੈਸਲੇ ਤੋਂ ਅਲੱਗ, ਇਹੀ ਸਿਰਫ਼ ਦੋ ਯਾਤਰੀ ਸਨ, ਜਿਨ੍ਹਾਂ ਨੂੰ ਵਿਦਰੋਹੀ ਸਰਗਰਮੀ ਲਈ ਦੋਸ਼ੀ ਠਹਿਰਾਇਆ ਗਿਆ ਸੀ। ਫਿਰ ਵੀ, ਕਾਮਾਗਾਟਾ ਮਾਰੂ ਦੇ ਕਿਸੇ ਵੀ ਵਿਅਕਤੀ ਨੂੰ ਸੰਦੇਹ ਮੁਕਤ ਨਾ ਸਮਝਿਆ ਗਿਆ। ਉਨ੍ਹਾਂ 59 ਨੂੰ ਵੀ ਨਹੀਂ ਜਿਹੜੇ ਬਜ ਬਜ ਵਿਖੇ ਰੇਲ ਗੱਡੀ ਤੇ ਸਵਾਰ ਹੋ ਗਏ ਸਨ ਅਤੇ ਇਸ ਝੰਜਟ ਤੋਂ ਬਾਹਰ ਰਹੇ ਸਨ। ਇਨ੍ਹਾਂ ਲੋਕਾਂ ਨੂੰ ਵੀ ਯੁੱਧ ਦੇ ਦੌਰਾਨ ਆਪਣੇ ਪਿੰਡਾਂ 'ਚ ਰਹਿਣ ਲਈ ਨਜ਼ਰਬੰਦ ਕਰ ਦਿੱਤਾ, ਤੇ ਰੁਜ਼ਗਾਰ ਲੱਭਣ ਜਾਂ ਖੇਤੀ ਕਰਨ ਦੇ ਅਸਮਰਥ ਵੀ ਕਰ ਦਿਤਾ, ਕਿਉਂਕਿ ਉਹ ਬੀਜ ਜਾਂ ਦੂਸਰੇ ਜ਼ਰੂਰੀ ਕਾਰੋਬਾਰ ਲਈ ਸ਼ਹਿਰ ਨਹੀਂ ਜਾ ਸਕਦੇ ਸਨ। ਉਨ੍ਹਾਂ ਵਿੱਚੋਂ ਬਹੁਤਿਆਂ ਨੇ ਅਪਣੀ ਜ਼ਮੀਨ ਪਟੇ ਤੇ ਦੇ ਦਿੱਤੀ ਅਤੇ ਮੁਕਤ ਹੋਣ ਦੀ ਇੰਤਜ਼ਾਰ ਕੀਤੀ।

ਫਿਰ ਵੀ, ਕਾਮਾਗਾਟਾ ਮਾਰੂ ਨਾਲ ਸਬੰਧਿਤ ਦੂਸਰੇ ਵੀ ਸਨ, ਜਿਨ੍ਹਾਂ ਨੇ ਬਰਤਾਨੀਆਂ ਵਿਰੋਧੀ ਸਰਗਰਮੀ ਲਈ ਭਾਰੀ ਕੀਮਤ ਦਿੱਤੀ। ਉਹ ਆਦਮੀ ਜੋ ਸਨ ਫਰਾਂਸਿਸਕੋ ਤੋਂ ਯੋਕੋਹਾਮਾ ਵਿਖੇ ਕਾਮਾਗਾਟਾ ਮਾਰੂ 'ਤੇ ਰਿਵਾਲਵਰ ਲੈ ਕੇ ਆਇਆ ਸੀ, ਗਦਰ ਪਾਰਟੀ ਦਾ ਮੋਢੀ ਪ੍ਰਧਾਨ, ਸੋਹਣ ਸਿੰਘ ਭਕਨਾ ਜਦੋਂ ਕੋਲਕਾਤੇ ਪਹੁੰਚਿਆ, ਪੁਲਿਸ ਦੁਆਰਾ ਚੁੱਕ ਲਿਆ ਗਿਆ। ਉਸ ਤੇ ਮੁਕੱਦਮਾ ਚਲਾਇਆ ਗਿਆ ਅਤੇ ਫਾਂਸੀ ਦੀ ਸਜ਼ਾ ਹੋਈ। ਭਾਵੇਂ ਬਾਅਦ ਵਿੱਚ ਉਸ ਸਜ਼ਾ ਨੂੰ ਵਾਇਸਰਾਏ

ਦੁਆਰਾ ਤੋੜ ਦਿੱਤਾ ਗਿਆ, ਜਿਸ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਉੱਨੀ ਭੁੱਖ ਨਹੀਂ ਸੀ, ਜਿੰਨੀ ਕਿ ਪੰਜਾਬੀ ਅਧਿਕਾਰੀਆਂ ਨੂੰ। 1915 ਦੀ ਪੱਤਝੜ ਤੱਕ, ਵੈਨਕੂਵਰ ਤਟਈ ਕਮੇਟੀ ਦੇ ਪੰਦਰਾਂ ਮੈਬਰਾਂ ਵਿੱਚੋਂ ਚਾਰ ਨੇ ਭਾਰਤ ਵਾਪਸ ਆਉਣ ਦਾ ਯਤਨ ਕੀਤਾ ਸੀ ਅਤੇ ਪੁਲਿਸ ਦੇ ਅੜਿੱਕੇ ਆ ਗਏ ਸਨ। ਦੋ ਭਾਰਤ ਵਿੱਚ, ਇੱਕ ਬਰ੍ਹਮਾ ਵਿੱਚ, ਅਤੇ ਇੱਕ ਥਾਈਲੈਂਡ ਵਿੱਚ। ਕਨੇਡਾ ਤੋਂ ਉਨ੍ਹਾਂ ਦੇ ਕਈ ਸਾਥੀ ਵੀ ਅੰਤ ਨੂੰ ਭਾਰਤ ਵਿੱਚ ਪੁਲਿਸ ਦੇ ਹੱਥ ਲੱਗ ਗਏ।

ਵਾਪਸ ਪਰਤੇ ਕਨੇਡੀਅਨਾਂ ਵਿੱਚੋਂ ਸਭ ਤੋਂ ਮਹੱਤਵਪੂਰਨ ਸੀ ਬਲਵੰਤ ਸਿੰਘ ਖੁਰਦਪੁਰ। ਉਹੀ ਬਲਵੰਤ ਸਿੰਘ ਜਿਸ ਨੇ 1912 ਵਿੱਚ ਆਪਣੀ ਪਤਨੀ ਨੂੰ ਕਨੇਡਾ ਲਿਆਕੇ ਕਨੇਡੀਅਨ ਸਰਕਾਰ ਨੂੰ ਲਲਕਾਰਿਆ ਸੀ। ਇਹੀ ਬਲਵੰਤ ਸਿੰਘ ਸੀ ਜੋ ਅਪ੍ਰੈਲ 1914 ਵਿੱਚ ਮੌਜੀ ਵਿੱਚ ਗੁਰਦਿੱਤ ਸਿੰਘ ਸਰਹਾਲੀ ਨੂੰ ਮਿਲਿਆ ਸੀ, ਜਿਸ ਨੂੰ ਅਮਰੀਕਨ ਪੁਲਿਸ ਵੱਲੋਂ ਸੁਮਾਸ ਵਿਖੇ ਪਿਸਤੌਲਾਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਫਿਰ ਰਿਹਾ ਕਰ ਦਿੱਤਾ ਗਿਆ ਸੀ। ਦੂਸਰਾ ਤਟਈ ਕਮੇਟੀ ਮੈਂਬਰ ਸੀ ਬੁੱਟਨ ਸਿੰਘ ਕਾਹਰੀ, ਬਲਵੰਤ ਦਾ ਨੇੜਲਾ ਸਾਥੀ, ਤੀਸਰਾ-ਇਹ ਵੀ ਬਲਵੰਤ ਦਾ ਨੇੜਲਾ ਸੀ-ਨਵਾਂ ਚੰਦ ਦਾ ਕਰਤਾਰ ਸਿੰਘ ਸੀ, ਜਿਸ ਨੇ ਕਈ ਸਾਲਾਂ ਤੱਕ ਵੈਨਕੂਵਰ ਵਿੱਚ ਭੂ-ਸੰਪਤੀ ਦਾ ਕਾਰੋਬਾਰ ਚਲਾਇਆ ਸੀ। ਚੌਥਾ ਸੀ ਹਰਨਾਮ ਸਿੰਘ ਸਾਹਰੀ ਜੋ ਥੋੜੇ ਸਮੇਂ ਲਈ ਸੀਐਟਲ ਵਿੱਚ ਵਿਦਿਆਰਥੀ ਅਤੇ ਕੁੱਝ ਸਮਾਂ ਵਿਕਟੋਰੀਆ ਵਿੱਚ ਕਰਿਆਨੇ ਦੇ ਸਟੋਰ ਦਾ ਮਾਲਕ ਰਿਹਾ ਸੀ। ਜਦੋਂ ਕਾਮਾਗਾਟਾ ਮਾਰੂ ਅਜੇ ਵੈਨਕੂਵਰ ਵਿੱਚ ਸੀ, ਉਸ ਨੂੰ ਬਲਵੰਤ ਸਿੰਘ ਸਮੇਤ ਸੁਮਾਸ ਵਿਖੇ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਫਿਰ ਅਮਰੀਕਣਾਂ ਵੱਲੋਂ ਸਨਫਰਾਂਸਿਸਕੋ ਤੋਂ ਦੇਸ਼ ਨਿਕਾਲਾ ਦੇ ਦਿੱਤਾ ਗਿਆ। ਚਾਰਾਂ ਨੇ ਦੇਰ ਨਾਲ 1914 ਵਿੱਚ ਵਾਪਸ ਭਾਰਤ ਨੂੰ ਚਾਲੇ ਪਾਏ ਅਤੇ ਉਨ੍ਹਾਂ 'ਤੇ ਬਰਤਾਨਵੀਆਂ ਦੁਆਰਾ ਵਿਦਰੋਹ ਲਈ ਮੁਕੱਦਮਾ ਚਲਾਇਆ ਗਿਆ ਅਤੇ ਉਨ੍ਹਾਂ ਨੂੰ ਦੋਸ਼ੀ ਕਰਾਰ ਦਿੱਤਾ ਗਿਆ। ਬਲਵੰਤ ਸਿੰਘ ਖੁਰਦਪੁਰ ਨੂੰ 30 ਮਾਰਚ 1917 ਨੂੰ ਕੇਂਦਰੀ ਜੇਲ੍ਹ ਲਾਹੌਰ ਵਿਖੇ ਫਾਂਸੀ ਦੇ ਦਿੱਤੀ ਗਈ। ਹਰਨਾਮ ਸਿੰਘ ਸਾਹਰੀ ਨਾਲ ਵੀ 14 ਨਵੰਬਰ 1916 ਨੂੰ ਮਾਂਡਲੇ ਕੇਂਦਰੀ ਜੇਲ੍ਹ ਵਿੱਚ ਇਹੀ ਹਸ਼ਰ ਹੋਇਆ। ਬੁੱਟਨ ਸਿੰਘ ਕਾਹਰੀ ਅਤੇ ਕਰਤਾਰ ਸਿੰਘ ਨਵਾਂ ਚੰਦ ਨੂੰ ਘੱਟ ਸਜ਼ਾਵਾਂ ਹੋਈਆਂ। ਉਨ੍ਹਾਂ ਨੇ ਆਪਣਾ ਜੇਲ੍ਹ ਦਾ ਸਮਾਂ ਭਾਰਤ ਵਿਚ ਭੁਗਤਿਆ। ਪਹਿਲੇ ਲਈ ਤਿੰਨ ਸਾਲ ਅਤੇ ਪਿਛਲੇ ਲਈ ਵੀਹ ਸਾਲ। ਕਿਸੇ ਨੂੰ ਵੀ ਕਨੇਡਾ ਤੋਂ ਵਾਪਸ ਪਰਤਕੇ ਏਸ਼ੀਆ ਵਿੱਚ ਉਤਰਨ ਤੇ ਕੁੱਝ ਮਹੀਨਿਆਂ ਤੋਂ ਵੱਧ ਅਜ਼ਾਦੀ ਨਾ ਮਿਲੀ।

ਪੰਜ ਦੂਸਰੇ ਕਨੇਡੀਅਨਾਂ ਨੂੰ ਸਾਲ 1915 ਤੋਂ ਸਾਲ 1917 ਵਿਚਕਾਰ ਲਾਹੌਰ ਵਿੱਚ ਫਾਂਸੀ ਤੇ ਲਟਕਾ ਦਿੱਤਾ ਗਿਆ। ਜਗਤ ਸਿੰਘ ਸੁਰ ਸਿੰਘ, ਉੱਤਮ ਸਿੰਘ ਹਾਂਸ, ਬੀਰ ਸਿੰਘ ਸਾਹੋਵਾਲ, ਈਸ਼ਰ ਸਿੰਘ ਢੁੱਡੀਕੇ ਅਤੇ ਜਾਵੰਦ ਸਿੰਘ

ਨੰਗਲ। ਉਨ੍ਹਾਂ ਨੂੰ ਪੰਜਾਬ ਵਿੱਚ ਇਨਕਲਾਬੀ ਜ਼ੁਰਮਾਂ ਲਈ ਦੋਸ਼ੀ ਠਹਿਰਾਇਆ ਗਿਆ ਸੀ। ਡਾਕੇ, ਅਸਲਾ ਖਾਨਿਆਂ ਤੇ ਕੋਸ਼ਿਸ਼ਾਂ, ਬੰਬਾਂ ਦਾ ਉਤਪਾਦਨ, ਅਤੇ ਫੌਜਿਆਂ ਦੀ ਵਫ਼ਾਦਾਰੀ ਨੂੰ ਵਿਗਾੜਣ ਦੇ ਯਤਨ ਅਤੇ ਤਟਈ ਕਮੇਟੀ ਦੇ ਮੈਂਬਰਾਂ ਵਾਂਗ, ਕਨੇਡਾ ਵਿੱਚ ਉਨ੍ਹਾਂ ਦੀਆਂ ਸਰਗਰਮੀਆਂ ਉਨ੍ਹਾਂ ਨੂੰ ਅਪਰਾਧੀ ਠਹਿਰਾਉਣ ਦਾ ਹਿੱਸਾ ਸਨ।

ਉਨ੍ਹਾਂ ਖ਼ਿਲਾਫ ਜ਼ਿਆਦਾਤਰ ਕਨੇਡੀਅਨ ਸਬੂਤ ਦੋ ਆਦਮੀਆਂ ਤੋਂ ਆਏ– ਬੇਲਾ ਸਿੰਘ ਜਿਆਨ, ਜੋ ਵੈਨਕੂਵਰ ਵਿੱਚ ਹਾੱਪਕਿਨਸਨ ਦੀਆਂ ਅੱਖਾਂ ਅਤੇ ਕੰਨ ਸੀ, ਅਤੇ ਡਾ.ਰਘੂਨਾਥ ਸਿੰਘ ਇਹ ਆਦਮੀ 1916 ਦੀ ਦੇਰ ਗਰਮੀਆਂ ਦੀ ਰੁੱਤ ਤੱਕ ਵਾਪਸ ਭਾਰਤ ਆ ਗਏ ਸਨ। ਰਘੂਨਾਥ ਸਿੰਘ ਆਪਣੀ ਰੈਜੀਮੈਂਟ ਸਮੇਤ ਜੋ ਖੈਬਰ ਦਰੇ ਦੇ ਪਾਸ ਪੇਸ਼ਾਵਰ ਵਿਖੇ ਤਇਨਾਤ ਕੀਤੀ ਗਈ ਸੀ ਅਤੇ ਬੇਲਾ ਸਿੰਘ ਪੰਜਾਬ ਦੇ ਹੁਸ਼ਿਆਰਪੁਰ ਜਿਲ੍ਹੇ ਵਿੱਚ ਆਪਣੇ ਪਿੰਡ ਵਿੱਚ। ਇੱਕ ਪੁਲਿਸ ਇਨਸਪੈਕਟਰ ਇਕਰਮ-ਉਲ-ਹੱਕ ਉਨ੍ਹਾਂ ਨੂੰ ਮਿਲਣ ਆਇਆ ਅਤੇ ਫਿਰ ਉਨ੍ਹਾਂ ਨੂੰ ਲਾਹੌਰ ਗਵਾਹੀ ਦੇਣ ਲਈ ਬੁਲਾਇਆ ਉਨ੍ਹਾਂ ਨੇ ਲਾਹੌਰ ਅਦਾਲਤ ਨੂੰ ਕਈ ਪ੍ਰਭਾਵਸ਼ਾਲੀ ਸ਼ਬਦਾਵਲੀ ਵਾਲੀਆਂ ਬਰਤਾਨੀਆਂ ਵਿਰੋਧੀ ਤਕਰੀਰਾਂ ਬਾਰੇ ਦੱਸਿਆ ਜਿਹੜੀਆਂ ਬਲਵੰਤ ਸਿੰਘ ਖੁਰਦਪੁਰ ਨੇ ਦਿੱਤੀਆਂ ਸਨ। ਵਿਸ਼ੇਸ਼ ਤੌਰ ਤੇ ਉਸ ਵੱਲੋਂ ਮੌਜੀ ਵਿਖੇ ਕਾਮਾਗਾਟਾ ਮਾਰੂ ਦੇ ਯਾਤਰੀਆਂ ਨੂੰ ਦਿੱਤਾ ਗਿਆ ਭਾਸ਼ਣ ਅਤੇ ਵੈਨਕੂਵਰ ਵਿੱਚ ਕਾਮਾਗਾਟਾ ਮਾਰੂ ਲਈ ਫੰਡ ਇਕੱਠਾ ਕਰਨ ਦੇ ਪਹਿਲੇ ਮੌਕੇ ਤੇ ਦਿੱਤਾ ਗਿਆ ਭਾਸ਼ਣ। ਕਨੇਡਾ ਤੋਂ ਦੂਸਰੇ ਪੰਜਾਬੀ ਗਵਾਹਾਂ ਨੇ ਵੀ ਉਸ ਉੱਪਰ ਮਾਲਕਮ ਰੀਡ, ਹਾੱਪਕਿਨਸਨ ਅਤੇ ਬੇਲਾ ਸਿੰਘ ਦੇ ਕਤਲਾਂ ਦੀ ਵਕਾਲਤ ਕਰਨ ਦੇ ਦੋਸ਼ ਲਾਏ। ਕਨੇਡਾ ਵਿੱਚ ਸਰਕਾਰੀ ਵਕੀਲਾਂ ਨੇ ਇਸ ਗਵਾਹੀ ਨੂੰ ਦੇਖਿਆ ਸੀ ਅਤੇ ਫ਼ੈਸਲਾ ਕੀਤਾ ਸੀ, ਕਿ ਇਹ ਇੰਨੀ ਆਪਾ ਵਿਰੋਧੀ ਹੈ ਕਿ ਦੋਸ਼ ਨਹੀਂ ਲਗਾਏ ਜਾ ਸਕਦੇ ਅਤੇ ਦੋਸ਼ ਸਿੱਧ ਨਹੀਂ ਹੋਣਗੇ, ਪਰੰਤੂ ਇਹ ਆਮ ਤਸਵੀਰ ਦਾ ਇੱਕ ਹਿੱਸਾ ਸੀ। ਜਿਸ ਨੇ ਲਾਹੌਰ ਵਿੱਚ ਅਦਾਲਤ ਨੂੰ ਉਸ ਨੂੰ ਵਿਦਰੋਹੀਆਂ ਦਾ ਸਰਗਨਾ ਮੰਨਣ ਲਈ ਪ੍ਰੇਰਿਤ ਕੀਤਾ ਅਤੇ ਇਹ ਉਸ ਦੀ ਫਾਂਸੀ ਵੱਲ ਲੈ ਗਿਆ। ਉਸ ਦੇ ਤਟਈ ਕਮੇਟੀ ਦੇ ਤਿੰਨ ਸਾਥੀਆਂ ਤੇ ਦੋਸ਼ ਸਿੱਧ ਕਰਨ ਵਿੱਚ ਵੀ ਕਨੇਡਾ ਵਾਲੇ ਸਬੂਤ ਨਾਜ਼ਕ ਰੂਪ ਵਿੱਚ ਮਹੱਤਵਪੂਰਨ ਸਨ।

ਨਾ ਤਾਂ ਕਾਮਾਗਾਟਾ ਮਾਰੂ ਦੇ ਯਾਤਰੀਆਂ ਨੂੰ ਅਤੇ ਨਾ ਹੀ ਗਦਰ ਪਾਰਟੀ ਦੇ ਇਨਕਲਾਬੀਆਂ ਨੂੰ ਭਾਰਤ ਵਿੱਚ ਰੱਤੀ ਭਰ ਵੀ ਹਮਾਇਤ ਮਿਲੀ, ਜਿਸ ਦੀ ਉਨ੍ਹਾਂ ਨੂੰ ਆਸ ਸੀ ਅਤੇ ਕਲਪਨਾ ਕੀਤੀ ਸੀ। ਜਦੋਂ ਉਹ ਪਹਿਲਾਂ ਵੈਨਕੂਵਰ ਪਹੁੰਚਿਆ, ਗੁਰਦਿੱਤ ਸਿੰਘ ਸਰਹਾਲੀ ਨੇ ਮੰਨ ਲਿਆ ਸੀ ਕਿ ਕਨੇਡੀਅਨ ਸਰਕਾਰ ਭਾਰਤ ਵਿੱਚ ਵੱਡੇ ਰੋਸ ਪ੍ਰਦਰਸ਼ਨ ਦਾ ਕਾਰਨ ਬਣਨ ਨਾਲੋਂ ਯਾਤਰੀਆਂ ਨੂੰ ਉਤਰਨ ਦੇਵੇਗੀ। ਪਰੰਤੂ ਰੋਸ ਪ੍ਰਦਰਸ਼ਨ ਨਾ ਹੋਇਆ ਅਤੇ ਨਾ ਹੀ ਬਜ ਬਜ ਦੇ ਦੁਖਾਂਤ ਤੋਂ

ਬਾਅਦ ਭਾਰਤ ਵਿੱਚ ਜਨਤਾ ਵੱਲੋਂ ਕੋਈ ਵੱਡੀ ਪ੍ਰਤੀਕਿਰਿਆ ਹੋਈ। ਭਾਰਤ ਦੇ ਇਤਿਹਾਸ ਵਿੱਚ ਉਸ ਸਮੇਂ, ਬਰਤਾਨਵੀ ਰਾਜ ਦੇਸ਼ ਭਰ ਵਿੱਚ ਉੱਚ ਸ੍ਰੇਸ਼ਟ ਵਰਗ ਤੇ ਨਿਰਭਰ ਕਰ ਸਕਦਾ ਸੀ। ਕਿਉਂਕਿ ਇਹ ਸ੍ਰੇਸ਼ਟ ਵਰਗ ਜੀਵਨ ਵਿਕਾਸ, ਸਥਿਰਤਾ ਅਤੇ ਸੁਰੱਖਿਆ ਸਰਕਾਰ ਤੋਂ ਭਾਲ਼ਦਾ ਸੀ। ਇਸ ਤੋਂ ਇਲਾਵਾ, ਸਰਕਾਰ ਨੂੰ ਅਜੇ ਵੀ ਜ਼ਿਆਦਾਤਰ ਪੇਂਡੂ ਜਨਸੰਖਿਆ ਦਾ ਸੰਕੋਚਵਾਂ ਸਤਿਕਾਰ ਪ੍ਰਾਪਤ ਸੀ। ਸਭ ਤੋਂ ਮਹੱਤਵਪੂਰਨ ਗੱਲ, ਮਿਲਟਰੀ ਅਤੇ ਪੁਲਿਸ ਰਾਹੀਂ ਇਸ ਪਾਸ ਸ਼ਕਤੀ ਸੀ ਅਤੇ ਇਸ ਦਾ ਸੂਚਨਾ 'ਤੇ ਕੰਟਰੋਲ ਸੀ। ਕਾਮਾਗਾਟਾ ਮਾਰੂ ਉੱਪਰ ਯਾਤਰੀ ਆਪਣੀ ਸਾਰੀ ਲੰਬੀ ਯਾਤਰਾ ਦੌਰਾਨ ਗਦਰ ਦੀ ਕਵਿਤਾ ਦਾ ਰੋਜ਼ਾਨਾ ਉਚਾਰਨ ਕਰਦੇ ਸਨ। ਉਹ ਇਹ ਐਨੀ ਚੰਗੀ ਤਰ੍ਹਾਂ ਜਾਣਦੇ ਸਨ ਕਿ- ਉਨ੍ਹਾਂ ਵਿੱਚੋਂ ਇੱਕ, ਸਟੋਰਕੀਪਰ ਪੂਰਨ ਸਿੰਘ ਜਨੇਤਪੁਰਾ ਨੇ ਸਾਲਾਂ ਬਾਅਦ ਇੱਕ ਖੋਜ ਕਰਤਾ (ਰਿਸਰਚਰ) ਨੂੰ ਦੱਸਿਆ- ਜਦੋਂ ਉਨ੍ਹਾਂ ਨੇ ਇਹ ਸਾਹਿਤ ਸਮੁੰਦਰੀ ਜਹਾਜ ਤੋਂ ਸੁੱਟਿਆ ਸੀ, ਉਨ੍ਹਾਂ ਇਹ ਬਿਨਾਂ ਕਿਸੇ ਨੁਕਸਾਨ ਦੀ ਭਾਵਨਾ ਦੇ ਸੁੱਟਿਆ ਸੀ। ਉਹ ਇਸ ਨੂੰ ਪਹਿਲਾਂ ਹੀ ਜ਼ੁਬਾਨੀ ਯਾਦ ਕਰ ਚੁੱਕੇ ਸਨ। ਪਰੰਤੂ ਉੱਨ੍ਹਾਂ ਲਈ ਸਾਹਿਤ ਦੀ ਕੀਮਤ ਸ਼ੁੱਧ ਰੂਪ ਵਿੱਚ ਭਾਵਨਾਤਮਕ ਸੀ, ਇੱਕ ਸਾਂਝਾ ਅਨੁਭਵ। ਲੇਕਿਨ ਉਨ੍ਹਾਂ ਤੱਕ ਸੀਮਿਤ ਇਹ ਵਿਦੇਸ਼ੀ ਗਲਬੇ ਬਾਰੇ ਉਨ੍ਹਾਂ ਦੀ ਭਾਵਨਾ ਨੂੰ ਪ੍ਰਗਟਾਉਂਦਾ ਸੀ। ਪਰੰਤੂ ਇਸ ਵਿੱਚ ਕੋਈ ਠੋਸ ਕਾਰਜਯੋਜਨਾ ਨਹੀਂ ਸੀ ਜੋ ਕੁੱਝ ਕਾਮਾਗਾਟਾ ਮਾਰੂ ਦੇ ਆਗੂਆਂ ਅਤੇ ਗਦਰ ਪਾਰਟੀ ਦੇ ਆਗੂਆਂ ਪਾਸ 1914 ਵਿੱਚ ਨਹੀਂ ਸੀ। ਉਹ ਸੀ ਜਨਤਕ ਸ੍ਰੋਤਾਗਣ ਇਕੱਠੇ ਕਰਨ ਅਤੇ ਵੱਡੀ ਗਿਣਤੀ ਲੋਕਾਂ ਨੂੰ ਹਰਕਤ ਵਿੱਚ ਲਿਆਉਣ ਦੇ ਸਾਧਨ ਅਤੇ ਤਰੀਕਾ।

***

ਅਧਿਆਏ 12

## ਆਤਮ ਸਮਰਪਣ: ਭਾਰਤ ਵਿੱਚ ਕੌਮੀ ਧਿਆਨ ਖਿੱਚਣਾ

ਗੁਰਦਿੱਤ ਸਿੰਘ ਆਪਣੀ ਬਜ ਬਜ ਤੋਂ ਫਰਾਰੀ ਤੋਂ ਲੈ ਕੇ ਪੱਛਮੀ ਪੰਜਾਬ ਵਿੱਚ ਨਨਕਾਣਾ ਸਾਹਿਬ ਵਿਖੇ ਸਿੱਖਾਂ ਦੇ ਸਾਲਾਨਾ ਤਿਉਹਾਰ ਦੌਰਾਨ ਪੁਲਿਸ ਅੱਗੇ ਸਵੈ-ਆਤਮ ਸਮਰਪਣ ਸਮੇਂ ਤੱਕ ਸੱਤ ਸਾਲ ਰੂਹਪੋਸ਼ ਰਹੇ ਸਨ। ਉਹ ਫਰਜ਼ੀ ਨਾਵਾਂ ਥੱਲੇ ਕੇਂਦਰੀ ਅਤੇ ਪੂਰਬੀ ਭਾਰਤ ਭਰ ਦੀਆਂ ਥਾਵਾਂ- ਹੈਦਰਾਬਾਦ, ਗਵਾਲੀਅਰ, ਗੁਜਰਾਤ ਅਤੇ ਮੁੰਬਈ ਵਿੱਚ ਪਨਾਹ ਲੈਂਦਿਆਂ ਆਪਣੇ ਛੁੱਪਣ ਦੇ ਆਖਰੀ ਸਾਲ ਤੱਕ ਪੰਜਾਬ ਤੋਂ ਚੋਖਾ ਦੂਰ ਰਿਹਾ ਸੀ। ਇਸ ਦੇ ਮੁਕਾਬਲੇ ਉਸ ਦਾ ਸਕੱਤਰ ਦਲਜੀਤ ਸਿੰਘ, ਜੋ ਬਜ ਬਜ ਤੋਂ ਹੀ ਬਚ ਕੇ ਨਿਕਲਿਆ ਸੀ, ਨੇ ਫੌਰੀ ਤੌਰ ਤੇ ਪੰਜਾਬ ਦਾ ਰਸਤਾ ਪਕੜਿਆ ਅਤੇ ਪੁਲਿਸ ਦੀ ਨਿਗ੍ਹਾ 'ਚ ਆਏ ਬਿਨਾਂ ਚੋਰੀ-ਛਿੱਪੇ ਸੂਬਿਆਂ ਵਿੱਚ ਘੁੰਮਦਾ ਰਿਹਾ। ਜਿਹੜੀ ਗੱਲ ਨੇ ਗੁਰਦਿੱਤ ਸਿੰਘ ਨੂੰ ਗੁੱਪਤ ਵਾਸ ਰੱਖਿਆ, ਉਹ ਸੀ ਉਸ ਦੀ ਕਾਮਾਗਾਟਾ ਮਾਰੂ ਦੀ ਕਹਾਣੀ ਬਾਰੇ ਆਪਣੇ ਪੱਖ ਦਾ ਪ੍ਰਚਾਰ ਕਰਨ ਵਿੱਚ ਮੁਸ਼ਕਲ। ਸਰਕਾਰ ਦੀ ਕਹਾਣੀ ਹਰ ਪਾਸੇ ਛਾਈ ਹੋਈ ਸੀ। ਜਦੋਂ ਤੱਕ ਭਾਰਤ ਦੇ ਆਪਣੇ ਕੌਮੀ ਨੇਤਾ ਇਸ ਪੱਖ ਨੂੰ ਪ੍ਰਵਾਨ ਕਰਦੇ ਸਨ। ਗੁਰਦਿੱਤ ਸਿੰਘ ਨੂੰ ਆਪਣੇ ਪੱਖ ਦੀਆਂ ਗੱਲਾ ਦੱਸਣ ਲਈ ਕੋਈ ਪਾਸਾ ਨਹੀਂ ਝੱਲਦਾ ਸੀ। ਜਿੰਨਾ ਚਿਰ ਇਹ ਮਸਲਾ ਸੀ, ਉਸ ਨੇ ਮਹਿਸੂਸ ਕੀਤਾ ਕਿ ਉਹ ਕਿਸੇ ਕੋਲ ਵੀ ਆਪਣੇ ਆਪ ਨੂੰ ਸੁਰੱਖਿਆ ਪੂਰਵਕ ਜ਼ਾਹਰ ਨਹੀਂ ਕਰ ਸਕੇਗਾ। ਉਸ ਨੂੰ ਡਰ ਸੀ ਤਾਂ ਕਿ ਜੇਕਰ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਕੈਦ ਕਰ ਦਿੱਤਾ ਗਿਆ, ਉਸ ਨੂੰ ਕਦੇ ਵੀ ਬੋਲਣ ਦਾ ਮੌਕਾ ਨਹੀਂ ਮਿਲੇਗਾ। ਇਸ ਦੇ ਨਾਲ ਗੁਰਦਿੱਤ ਸਿੰਘ ਨੂੰ ਆਪਣੀ ਕਹਾਣੀ ਪ੍ਰਕਾਸ਼ਿਤ ਕਰਨ ਲਈ ਲੁੱਕ-ਲੁਕਾਅ 'ਚੋਂ ਬਾਹਰ ਲਿਆਉਣ ਲਈ, ਬਰਤਾਨਵੀਆਂ ਬਾਰੇ ਭਾਰਤੀ ਜਨਤਕ ਰੱਵਈਏ ਵਿੱਚ ਯੁੱਧ ਬਾਅਦ ਦੀ ਤਬਦੀਲੀ ਆਈ।

ਗੁਰਦਿੱਤ ਸਿੰਘ ਨੇ ਆਪਣੀ ਫਰਾਰੀ ਦੇ ਪਹਿਲੇ ਸਾਲ ਦੌਰਾਨ ਪੰਜਾਬ ਪਰਤਣ ਬਾਰੇ ਸੋਚਿਆ ਸੀ। ਮਾਰਚ 1915 ਵਿੱਚ ਬਹੁਤ ਸਾਰੇ ਸਿੱਖ ਤੀਰਥ ਯਾਤਰੀ ਹੋਲੇ ਮਹੱਲੇ ਦੇ ਮਹਾਨ ਬਸੰਤ ਰੁੱਤ ਦੇ ਤਿਉਹਾਰ ਲਈ ਦੱਖਣੀ-ਕੇਂਦਰੀ ਭਾਰਤ ਵਿੱਚ ਹੈਦਰਾਬਾਦ ਦੀ ਰਿਆਸਤ ਆਏ ਸਨ। ਉਹ ਨਾਂਦੇੜ ਵਿਖੇ ਹਜ਼ੂਰ ਸਾਹਿਬ ਧਾਰਮਿਕ ਸਥਾਨ 'ਤੇ ਇਕੱਠੇ ਹੋਏ ਸਨ। ਜਿੱਥੇ ਦਸਵੇਂ ਅਤੇ ਆਖਰੀ ਗੁਰੂ ਗੋਬਿੰਦ ਸਿੰਘ ਦੀ ਮੌਤ ਹੋਈ ਸੀ। ਗੁਰਦਿੱਤ ਸਿੰਘ ਸਰਹਾਲੀ ਨੇ ਕਰੀਮਨਗਰ, ਜਿੱਥੇ ਕਿ ਉਹ ਛੁਪਿਆ

ਹੋਇਆ ਸੀ, ਤੋਂ ਪੂਰਬ ਨੂੰ ਰੁੱਖ ਕੀਤਾ ਸੀ। ਤਿਉਹਾਰ ਤੋਂ ਪਿੱਛੋਂ ਉਸ ਨੇ ਉਨ੍ਹਾਂ ਵਿੱਚੋਂ ਕੁੱਝ ਨਾਲ ਉੱਤਰ ਵੱਲ ਅੱਠ ਸੌ ਕਿਲੋਮੀਟਰ ਯਾਤਰਾ ਕੀਤੀ-ਪੰਜਾਬ ਦਾ ਅੱਧਾ ਰਸਤਾ-ਇਸ ਤੋਂ ਪਹਿਲਾਂ ਕਿ ਸੁਰੱਖਿਆਂ ਦੀ ਅੰਤਰ ਪ੍ਰੇਰਨਾ ਨੇ ਉਸ ਨੂੰ ਹੋਰ ਅੱਗੇ ਨਾ ਜਾਣ ਲਈ ਕਹਿ ਦਿੱਤਾ। ਇੱਕ ਸਾਲ ਬਾਅਦ, ਉਹ ਸਿੱਪਰੀ, ਜੋ ਉਸ ਸਮੇਂ ਗਵਾਲੀਅਰ ਦੀ ਰਿਆਸਤ ਸੀ, ਵਿੱਚ ਹਰੀ ਸਿੰਘ ਦੇ ਫ਼ਰਜ਼ੀ ਨਾਂ ਹੇਠ ਰਹਿ ਰਿਹਾ ਸੀ। ਅੰਮ੍ਰਿਤਸਰ ਜਿਲ੍ਹੇ ਦੇ ਕੁੱਝ ਸਿੱਖਾਂ ਨੇ ਪੰਜ ਪਿੰਡਾਂ ਦੇ ਵਿੱਚ ਜ਼ਮੀਨ ਖਰੀਦੀ ਹੋਈ ਸੀ। ਉਨ੍ਹਾਂ ਦੀ ਮੌਜੂਦਗੀ ਉਸ ਲਈ ਆਕਰਸ਼ਣ ਸੀ। ਜਦੋਂ ਉਹ ਸਥਾਨਕ ਮਰਾਠਾ ਲੋਕਾਂ ਦਰਮਿਆਨ ਵਿਚਰਦਾ ਸੀ, ਉਸ ਨੂੰ ਘੱਟ ਅਲਹਿਦਗੀ ਮਹਿਸੂਸ ਹੁੰਦੀ ਸੀ।

ਗੁਰਦਿੱਤ ਸਿੰਘ ਸਰਹਾਲੀ ਦੀ ਸਿਪਰੀ ਵਿਖੇ ਪਨਾਹ ਵੱਧ ਤੋਂ ਵੱਧ ਇੱਕ ਸਾਲ ਰਹੀ। ਉਸ ਨੇ ਇੱਕ ਪਾਣੀ ਦੇ ਭੰਡਾਰ ਅਤੇ ਨਹਿਰ ਦਾ ਠੇਕਾ ਲੈ ਲਿਆ ਸੀ। ਇੱਕ ਮਿੱਤਰ ਨੂੰ ਪੈਸਿਆਂ ਵਾਸਤੇ ਲਿਖਿਆ ਸੀ ਅਤੇ ਮੁਨਾਫਾ ਕਮਾਇਆ ਸੀ ਜਿਸ ਨੂੰ ਉਸ ਨੇ ਕੱਪੜਾ ਖਰੀਦਣ ਤੇ ਫਿਰ ਵੇਚਣ ਵਾਸਤੇ ਵਰਤਿਆ। ਉਹ ਬਹੁਤ ਹੀ ਵੱਡੇ ਪੈਮਾਨੇ ਤੇ ਜ਼ਮੀਨ ਖਰੀਦਣ ਦੇ ਵਿਚਾਰ ਨੂੰ ਨਾਪ ਤੋਲ ਰਿਹਾ ਸੀ। ਜਦੋਂ ਉਸ ਨੂੰ ਚੇਤਾਵਨੀ ਦਿੱਤੀ ਗਈ ਕਿ ਪੰਜਾਬ ਪੁਲਿਸ ਜਾਣ ਗਈ ਹੈ ਕਿ ਉਹ ਕਿੱਥੇ ਹੈ। ਮਾਰਚ 1916 ਵਿੱਚ ਉਹ ਫਿਰ ਫਰਾਰ ਸੀ। ਰਾਤ ਨੂੰ ਪੈਦਲ ਚਲਦਿਆਂ, ਜਿਵੇਂ ਕਿ ਉਹ ਬਜ ਬਜ ਤੋਂ ਬਾਅਦ ਬਹੁਤ ਵਾਰੀ ਚੱਲਿਆ ਸੀ, ਇਸ ਯਕੀਨ ਨਾਲ ਕਿ ਪੁਲਿਸ ਹਰ ਕਿਤੇ ਹੈ, ਕਿ ਹਰ ਦਿਲਚਸਪ ਅਜਨਵੀ ਮੁਖ਼ਬਰ ਹੈ, ਕਿ ਉਹ ਸੜਕ ਤੇ ਜਿਨ੍ਹਾਂ ਲੋਕਾਂ ਕੋਲ ਦੀ ਲੰਘਦਾ ਉਹ ਉਸ ਦਾ ਨਾਂ ਲੈ ਰਹੇ ਹੁੰਦੇ, ਇਸ ਸਭ ਕੁੱਝ ਦਾ ਵਰਣਨ ਉਹ ਕਾਮਾਗਾਟਾ ਮਾਰੂ ਦੇ ਬਿਰਤਾਂਤ ਵਿੱਚ ਕਰਦਾ ਹੈ। ਉਸ ਨੇ ਸਿਪਰੀ ਤੋਂ ਬੂੰਦੀ ਤੱਕ ਦਾ ਬਹੁਤਾ ਰਸਤਾ ਖੇਤਾਂ ਅਤੇ ਜੰਗਲਾਂ ਵਿੱਚੋਂ ਦੀ ਤਹਿ ਕੀਤਾ। ਪੱਛਮ ਵੱਲ ਲਗਭਗ 240 ਕਿਲੋਮੀਟਰ ਅਗਲਾ ਭ੍ਰਮਣ ਉਸ ਨੂੰ ਰਾਜਸਥਾਨ ਦੇ ਕਾਲ ਪੀੜਿਤ ਇਲਾਕਿਆਂ ਵਿੱਚੋਂ ਦੀ ਦੱਖਣ ਅਤੇ ਪੱਛਮ ਵੱਲ ਨੂੰ ਗੁਜਰਾਤ ਵਿੱਚ ਵਡੋਦਰਾ (ਉਸ ਸਮੇਂ ਬੜੌਦਾ) ਨੇੜੇ ਸਵਾਲੀ ਲੈ ਗਿਆ, ਜਿੱਥੇ ਉਹ ਸਤੰਬਰ 1916 ਵਿੱਚ ਪਹੁੰਚਿਆ। ਉਹ ਆਪਣੇ ਬਿਰਤਾਂਤ ਵਿੱਚ ਕਹਿੰਦਾ ਹੈ ਕਿ ਉਸ ਨੂੰ ਕੁੱਝ ਚਿਕਿਤਸਾ ਸੰਬੰਧੀ ਗਿਆਨ ਸੀ ਅਤੇ ਜਦੋਂ ਉਸ ਨੇ ਦੇਖਿਆ ਕਿ ਉਹ ਇਸ ਨੂੰ ਲਾਹੇਵੰਦ ਢੰਗ ਨਾਲ ਵਰਤ ਸਕਦਾ ਹੈ। ਉਸ ਨੇ ਕੁੱਝ ਕਿਤਾਬਾਂ ਲਈਆਂ, ਕੁੱਝ ਹੋਰ ਸਿੱਖਿਆ ਅਤੇ ਕੁੱਝ ਅਯੁਰਵੈਦਿਕ ਅਭਿਆਸ ਸ਼ੁਰੂ ਕੀਤਾ ਜਿਸ ਨਾਲ ਉਸ ਨੂੰ ਖਾਸੀ ਆਮਦਨ ਹੋਈ।

ਉਹ ਢਾਈ ਸਾਲਾਂ ਤੋਂ ਕੁੱਝ ਵੱਧ ਸਮੇਂ ਤੋਂ ਸਵਾਲੀ ਵਿੱਚ ਅਮਨ ਚੈਨ ਨਾਲ ਰਹਿ ਰਿਹਾ ਸੀ। ਜਦੋਂ ਉਸ ਨੂੰ ਪੰਜਾਬ ਵਿੱਚ ਸਿੱਖ ਤੀਰਥ ਯਾਤਰੀਆਂ ਦੇ ਕਤਲੇਆਮ ਬਾਰੇ ਪਤਾ ਲੱਗਿਆ। ਇਹ ਅੰਮ੍ਰਿਤਸਰ ਵਿੱਚ ਜਲ੍ਹਿਆਂਵਾਲਾ ਬਾਗ਼ ਦੇ ਕੰਧਾਂ ਨਾਲ

ਘਿਰੇ ਪਾਰਕ ਅੰਦਰ ਬਰਤਾਨਵੀ ਹੁਕਮ ਨਾਲ ਸੈਨਿਕਾਂ ਦੁਆਰਾ ਸ਼ਹਿਰੀਆਂ ਤੇ ਕੀਤੀ ਗਈ ਬਦਨਾਮ ਗੋਲੀਬਾਰੀ ਸੀ। 13 ਅਪ੍ਰੈਲ 1919 ਨੂੰ ਵਿਸਾਖੀ ਦੇ ਧਾਰਮਿਕ ਅਤੇ ਵਪਾਰਿਕ ਤਿਉਹਾਰ ਦੌਰਾਨ ਹਿੰਦੂ ਅਤੇ ਸਿੱਖਾਂ ਦੇ ਨਵੇਂ ਸਾਲ ਦੇ ਪਹਿਲੇ ਦਿਨ, ਇੱਕ ਬਰਤਾਨਵੀ ਜਨਰਲ ਰੈਜੀਨਾਲਡ ਐਡਵਰਡ ਹੈਰੀ ਡਾਇਰ (Reginald Edward Herry Dyer) ਨੇ ਕਈ ਹਜ਼ਾਰ ਪੰਜਾਬੀ ਆਦਮੀ, ਔਰਤਾਂ ਅਤੇ ਬੱਚਿਆਂ ਦੇ ਇਕੱਠ 'ਤੇ ਹਮਲਾ ਕੀਤਾ ਸੀ। ਉਹ 50 ਗੋਰਖਾ ਅਤੇ ਬਲੋਚੀ ਬੰਦੂਕਧਾਰੀਆਂ ਦੇ ਇੱਕ ਸੈਨਿਕ ਦਲ ਨੂੰ ਲੈ ਕੇ ਇੱਕ ਤੰਗ ਗਲੀ ਵਿੱਚੋਂ ਦੀ ਇੱਕ ਬੰਦ ਪਾਰਕ ਵਿੱਚ ਆਇਆ, ਜਿਸ 'ਚੋਂ ਬਾਹਰ ਜਾਣ ਦਾ ਕੋਈ ਹੋਰ ਰਸਤਾ ਨਹੀਂ ਸੀ। ਅਤੇ ਬਿਨਾਂ ਕਿਸੇ ਚੇਤਾਵਨੀ ਦੇ ਉਸ ਨੇ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ ਅਤੇ ਆਖਰੀ ਗੋਲੀ ਖਤਮ ਹੋਣ ਤੱਕ ਗੋਲੀਬਾਰੀ ਚੱਲਣ ਦਿੱਤੀ। ਫਿਰ ਉਹ ਪਿੱਛੇ ਛੱਡੇ ਜ਼ਖ਼ਮੀਆਂ ਅਤੇ ਮ੍ਰਿਤਕਾਂ ਦੀ ਪ੍ਰਵਾਹ ਕੀਤੇ ਬਿਨਾਂ ਆਪਣੇ ਆਦਮੀਆਂ ਨੂੰ ਉੱਥੋਂ ਲੈ ਕੇ ਚਲਾ ਗਿਆ। ਪੰਜਾਬ ਸਰਕਾਰ ਨੇ ਫੌਰੀ ਤੌਰ ਤੇ ਅੰਮ੍ਰਿਤਸਰ ਅਤੇ ਦੂਸਰੇ ਜ਼ਿਲ੍ਹਿਆਂ 'ਤੇ ਸਖ਼ਤ ਸੈਂਸਰਸ਼ਿੱਪ ਅਤੇ ਮਾਰਸ਼ਲ ਲਾਅ ਥੋਪ ਦਿੱਤਾ। ਪਰੰਤੂ ਫਿਰ ਵੀ ਜੋ ਕੁਝ ਵਾਪਰਿਆ ਸੀ ਉਸ ਦੀ ਖ਼ਬਰ ਬਾਹਰ ਆ ਗਈ। ਪਿਛੋਂ ਅਗਸਤ ਵਿੱਚ ਸਰਕਾਰ ਨੇ ਅੰਤ ਨੂੰ 290 ਦੀ ਮੌਤ ਅਤੇ 1200 ਦੇ ਜ਼ਖ਼ਮੀ ਹੋਣ ਨੂੰ ਮੰਨਿਆ। ਭਾਰਤੀਆਂ ਨੇ ਇਸ ਤੇ ਵਿਸ਼ਵਾਸ਼ ਨਹੀਂ ਕੀਤਾ ਕਿਉਂਕਿ ਗਿਣਤੀ ਅਸਲ ਵਿੱਚ ਕਿਤੇ ਵੱਧ ਸੀ। ਫਿਰ ਵੀ ਜਾਂਚ ਕਰਨ ਜਾਂ ਜਨਰਲ ਡਾਇਰ ਦੀ ਕਾਰਵਾਈ ਦੀ ਨਿਖੇਧੀ ਕਰਨ ਵਿੱਚ ਸਰਕਾਰ ਮੱਠੀ ਸੀ। ਸ਼ਾਸਨ ਕਰ ਰਹੇ ਅੰਗਰੇਜ਼ਾਂ ਦਾ ਪਹਿਲਾ ਪ੍ਰਤੀਕਰਮ ਜਨਰਲ ਡਾਇਰ ਦੀ ਮੁਕਤੀਦਾਤੇ ਦੇ ਤੌਰ ਤੇ ਬੱਲੇ ਬੱਲੇ ਕਰਨਾ ਸੀ। ਇਸ ਵਹਿਸ਼ੀਆਨਾ ਕਾਰਵਾਈ ਲਈ ਉਸ ਦਾ ਆਪਣਾ ਬਚਾਓ ਇਹ ਸੀ, ਕਿ ਉਸ ਨੇ ਇੱਕ ਬਗ਼ਾਵਤ ਨੂੰ ਰੋਕਿਆ ਹੈ। ਉਸ ਨੇ ਪੰਜਾਬ ਵਿੱਚ ਇੱਕ ਮਹੀਨੇ ਦੇ ਸ਼ਾਂਤਮਈ ਰੋਸ, ਜਿਹੜਾ ਕਿ ਵਕਤੀ ਤੌਰ ਤੇ ਅੰਮ੍ਰਿਤਸਰ ਵਿੱਚ ਪੁਲਿਸ ਅਤੇ ਰੋਸ ਕਰਤਾਵਾਂ ਵਿਚਕਾਰ ਖ਼ੂਨੀ ਮੁਕਾਬਲੇ ਤੱਕ ਚਲਾ ਗਿਆ ਸੀ, ਪਿੱਛੋਂ ਆਪਣੀ ਕਮਾਂਡ ਸੰਭਾਲੀ ਸੀ। ਇਸ ਮੁਕਾਬਲੇ ਪਿੱਛੋਂ ਅਤੇ ਕਤਲੇਆਮ ਤੋਂ ਇੱਕ ਦਿਨ ਪਹਿਲਾਂ ਡਾਇਰ ਨੇ ਸੰਕਟਕਾਲ ਸਥਿਤੀ ਦਾ ਐਲਾਨ ਕਰ ਦਿੱਤਾ ਸੀ ਅਤੇ ਜਨਤਕ ਮੀਟਿੰਗਾਂ ਤੇ ਪਾਬੰਦੀ ਲਗਾ ਦਿੱਤੀ ਸੀ। ਉਸ ਨੇ ਸੋਚਿਆ, ਜਦੋਂ ਉਸ ਨੇ ਗੋਲੀ ਚਲਾਉਣ ਦਾ ਹੁਕਮ ਦਿੱਤਾ, ਉਹ ਇੱਕ ਅਵੱਗਿਆਕਾਰੀ ਭੀੜ ਖ਼ਿਲਾਫ਼ ਮੀਟਿੰਗ 'ਤੇ ਪਾਬੰਦੀ ਨੂੰ ਲਾਗੂ ਕਰ ਰਿਹਾ ਸੀ। ਪੰਜਾਬੀਆਂ ਲਈ ਇਹ ਬੇਹੱਦ ਅਫਸੋਸਨਾਕ, ਸਦਮੇ ਵਾਲੀ ਅਤੇ ਅਪਮਾਨਜਨਕ ਗੱਲ ਸੀ ਕਿ ਹਜ਼ਾਰਾਂ ਦੀ ਗਿਣਤੀ 'ਚ ਜੋ ਪਾਰਕ ਵਿੱਚ ਇਕੱਠੇ ਹੋਏ ਸਨ, ਉਹ ਉੱਥੇ ਵਿਸਾਖੀ ਦੇ ਸਿੱਖ ਤਿਉਹਾਰ ਨੂੰ ਮਨਾਉਣ ਲਈ ਆਏ ਸਨ। ਉਨ੍ਹਾਂ ਵਿੱਚੋਂ ਬਹੁਤੇ ਬਿਨਾਂ ਪਾਬੰਦੀ ਬਾਰੇ ਸੁਣਿਆਂ ਉਸੇ ਸਵੇਰੇ ਸਾਜਰੇ ਅੰਮ੍ਰਿਤਸਰ ਆਏ ਸਨ।

ਡਾਇਰ ਦੀ ਕਾਰਵਾਈ ਭਾਰਤ ਦੀ ਅਜ਼ਾਦੀ ਦੀ ਜਦੋ ਜਹਿਦ ਵਿਚ ਇੱਕ ਤੇਜ਼ੀ ਲਿਆਉਣ ਦਾ ਕਾਰਣ ਬਣੀ। ਯੁੱਧ ਸਮੇਂ ਗਦਰੀਆਂ ਦੇ ਸਾਜ਼ਿਸ਼ ਮੁਕੱਦਮਿਆਂ ਨੇ ਬਹੁਤ ਸਾਰੇ ਭਾਰਤੀਆਂ 'ਚ ਘਿਰਣਾ ਪੈਦਾ ਕੀਤੀ ਪਰੰਤੂ ਯੁੱਧ ਖਤਮ ਹੋਣ 'ਤੇ ਦੇਸ਼ ਲਈ ਵਧੇਰੇ ਅਜ਼ਾਦੀ ਦੀ ਕੁੱਝ ਆਸ ਬਣੀ ਹੋਈ ਸੀ। ਆਸ ਤੇਜ਼ੀ ਨਾਲ ਘੋਰ ਅਪਮਾਨ ਵਿੱਚ ਬਦਲ ਗਈ, ਜਦੋਂ ਸਰਕਾਰ ਪੁਲਿਸ ਦੀਆਂ ਸ਼ਕਤੀਆਂ ਨੂੰ ਮਜਬੂਤ ਕਰਣ ਲੱਗ ਪਈ-ਜੋ ਮਾਰਚ 1919 ਦੇ ਰੌਲਟ ਐਕਟ ਦਾ ਮਕਸਦ ਸੀ। ਇਸ ਸਮੇਂ ਮਹਾਤਮਾ ਗਾਂਧੀ ਨੇ ਭਾਰਤ ਦੇ ਕੌਮੀ ਜੀਵਨ ਵਿੱਚ ਮੋਹਰੀ ਭੂਮਿਕਾ ਅਖਤਿਆਰ ਕਰ ਲਈ ਜਿਹੜੀ ਕਿ ਉਸ ਨੇ ਆਪਣੀ ਬਾਕੀ ਦੀ ਜ਼ਿੰਦਗੀ ਨਿਭਾਉਣੀ ਸੀ। ਉਹ ਪਹਿਲਾਂ ਹੀ ਦੱਖਣੀ ਅਫਰੀਕਾ ਵਿੱਚ ਭਾਰਤੀਆਂ ਦੇ ਸ਼ਹਿਰੀ ਹੱਕਾਂ ਲਈ ਮੁਹਿੰਮ ਚਲਾਉਣ ਲਈ ਮਸ਼ਹੂਰ ਸੀ। ਪਰੰਤੂ ਭਾਰਤੀ ਰਾਜਨੀਤੀ ਵਿੱਚ ਇੱਕ ਨਵੀਂ ਅਤੇ ਅਣਪਰਖੀ ਤਾਕਤ ਸੀ। ਹੁਣ ਉਸ ਨੇ ਇੱਕ ਕੌਮੀ ਦਿਨ ਚੁਣਿਆ ਜਦ ਵਰਤ, ਪ੍ਰਾਰਥਨਾ ਅਤੇ ਹੜਤਾਲ ਹੋਵੇਗੀ। ਅਤੇ ਇਸ ਤਰਾਂ ਨਾਲ ਅਹਿੰਸਕ ਵਿਰੋਧ ਦੀ ਮੁਹਿੰਮ ਦੀ ਸ਼ੁਰੂਆਤ ਕੀਤੀ। ਬਦਕਿਸਮਤੀ ਨਾਲ ਦੰਗੇ ਅਤੇ ਖ਼ੂਨ-ਖ਼ਰਾਬਾ ਹੋ ਗਿਆ ਸੀ, ਫਿਰ ਅੰਮ੍ਰਿਤਸਰ ਦਾ ਕਤਲੇਆਮ ਹੋਇਆ ਅਤੇ ਮਹਾਤਮਾ ਗਾਂਧੀ ਲਈ ਸਦਮੇ ਭਰਪੂਰ ਨਤੀਜਾ ਸੀ ਕਿ, ਉਹ ਠੱਗਿਆ ਗਿਆ ਹੈ ਅਤੇ ਬਰਤਾਨਵੀ ਰਾਜ ਸਮੁੱਚੇ ਤੌਰ ਤੇ ਬੁਰਾ ਸੀ।

ਆਪਣੀ ਸਾਵਲੀ ਵਿੱਚ ਪਨਾਹ ਤੋਂ ਲੈ ਕੇ, ਗੁਰਦਿੱਤ ਸਿੰਘ ਨੇ ਇਨ੍ਹਾਂ ਘਟਨਾਵਾਂ ਦੀ ਅਖਬਾਰਾਂ ਵਿੱਚ ਪੈਰਵਾਈ ਕੀਤੀ। ਇੱਥੇ ਹੀ ਉਸ ਨੇ ਸਿਰਕੱਢ ਵਕੀਲ ਮੋਤੀਲਾਲ ਨਹਿਰੂ ਦਾ ਦਸੰਬਰ 1919 ਵਿੱਚ ਅੰਮ੍ਰਿਤਸਰ ਕਾਂਗਰਸ ਵਿਖੇ ਪ੍ਰਧਾਨਗੀ ਭਾਸ਼ਨ ਪੜ੍ਹਿਆ ਅਤੇ ਇਸ ਭਾਸ਼ਨ ਵਿਚਲੇ ਇੱਕ ਬਿਆਨ ਦੁਆਰਾ ਉਹ ਪ੍ਰੇਸ਼ਾਨ ਹੋ ਗਿਆ ਸੀ। ਕਾਂਗਰਸ ਲੋਕਾਂ ਦਾ ਧਿਆਨ ਖਿੱਚਣ ਵਾਲੀ, ਪਰ ਢਿੱਲੇ ਢਾਲੇ ਰੂਪ ਵਿੱਚ ਸੰਗਠਿਤ ਕੌਮੀ ਲਹਿਰ ਦੀ ਸਾਲਾਨਾ ਇਕੱਤਰਤਾ ਸੀ। ਜਿਸ ਉੱਪਰ ਪੱਛਮ ਤੋਂ ਸਿੱਖਿਆ ਪ੍ਰਾਪਤ ਪੇਸ਼ਾਵਰ ਲੋਕ ਭਾਰੂ ਸਨ। ਇਹ ਨਰਮਦਲੀਆਂ ਲਈ ਗੋਸ਼ਟੀ ਸਥਾਨ (ਫੋਰਮ) ਸੀ- ਸੰਵਿਧਾਨਕ ਸੁਧਾਰਕ ਜੋ ਅਜੇ ਵੀ ਬਰਤਾਨੀਆ ਪ੍ਰਤੀ ਦੋਸਤਾਨਾ ਰਵਈਆ ਰੱਖਦੇ ਸਨ, ਭਾਵੇਂ ਸਵੈ-ਸਾਸ਼ਨ ਉਨ੍ਹਾਂ ਦਾ ਟੀਚਾ ਸੀ। ਪਰੰਤੂ ਇਹ ਗੋਸ਼ਟੀ ਸਥਾਨ, ਗਾਂਧੀ ਦੀ ਅਗਵਾਈ ਵਾਲੇ ਵਧੇਰੇ ਹਮਲਾਵਰ -ਪਰ ਅਹਿੰਸਕ ਰਹਿੰਦਿਆਂ- ਇੱਕ ਨਵੇਂ ਦੌਰ ਵਿੱਚ ਪ੍ਰਵੇਸ਼ ਕਰ ਰਿਹਾ ਸੀ।

ਅੰਮ੍ਰਿਤਸਰ ਸ਼ਹਿਰ ਵਿੱਚ ਹੋਏ ਭਿਆਨਕ ਦੁਖਾਂਤ ਦੇ ਸਿੱਟੇ ਵਜੋਂ ਸਮੇਤ ਕੌਮੀ ਜਦੋਜਹਿਦ ਦੀਆਂ ਸਾਰੀਆਂ ਆਗੂ ਹਸਤੀਆਂ ਦੇ, ਭਾਰਤ ਦੇ ਸਾਰੇ ਭਾਗਾਂ ਤੋਂ ਅੱਠ ਹਜ਼ਾਰ ਡੈਲੀਗੇਟ ਹਾਜ਼ਰ ਹੋਏ। ਇਸ ਦੇ ਵਿਚਾਰ ਵਟਾਂਦਰਿਆਂ ਨੇ ਕੌਮ ਦਾ ਪੂਰਾ ਧਿਆਨ ਖਿੱਚਿਆ।

ਗੁਰਦਿੱਤ ਸਿੰਘ ਦੀ ਸਮੱਸਿਆ ਕਾਂਗਰਸ ਪ੍ਰਧਾਨ ਮੋਤੀ ਲਾਲ ਨਹਿਰੂ ਵੱਲੋਂ ਕਾਮਾਗਾਟਾ ਮਾਰੂ ਬਾਰੇ ਦਿੱਤਾ ਗਿਆ ਤਿੰਨ ਘੰਟੇ ਦਾ ਭਾਸ਼ਨ ਸੀ। ਇਹ ਧਿਆਨਪੂਰਵਕ ਸੰਤੁਲਿਤ ਭਾਸ਼ਨ ਸੀ। ਜੋ ਜਲ੍ਹਿਆਂਵਾਲਾ ਬਾਗ਼ ਕਤਲੇਆਮ ਬਾਰੇ ਇੱਕ ਵਿਸ਼ੇਸ਼ ਕਾਂਗਰਸ ਉੱਪ ਕਮੇਟੀ ਦੀਆਂ ਲੱਭਤਾਂ ਨੂੰ ਪ੍ਰਤੀਬਿੰਬਤ ਕਰਦਾ ਸੀ। ਸਰਕਾਰੀ ਜਲ੍ਹਿਆਂਵਾਲਾ ਬਾਗ਼ ਜਾਂਚ ਦੇ ਸਮਾਨੰਤਰ ਕਾਂਗਰਸ ਨੇ ਆਪਣੀ ਜਾਂਚ ਪੜਤਾਲ ਕੀਤੀ ਸੀ। ਜਦੋਂ ਨਹਿਰੂ ਨੇ ਜਲ੍ਹਿਆਂਵਾਲੇ ਬਾਗ਼ ਵੱਲ ਲੈਕੇ ਜਾਣ ਵਾਲੀਆਂ ਘਟਨਾਵਾਂ ਦਾ ਵਰਣਨ ਕੀਤਾ, ਉਸ ਨੇ ਬਜ ਬਜ ਬਾਰੇ ਬਿਨਾਂ ਕਿਸੇ ਲਗ ਲਪੇਟ ਦੇ ਤੱਥ ਪੇਸ਼ ਕਰਦਿਆਂ, ਜਿਵੇਂ ਕਿ ਉਹ ਉਨ੍ਹਾਂ ਨੂੰ ਸਮਝਦਾ ਸੀ, ਕਾਮਾਗਾਟਾ ਮਾਰੂ ਅਤੇ ਬਜ ਬਜ ਦਾ ਜ਼ਿਕਰ ਕੀਤਾ। ਯਾਤਰੀਆਂ ਨੂੰ ਲਗਾਤਾਰ ਦੁਰਵਿਵਹਾਰ ਨਾਲ ਕੁੱਚਲ ਦਿੱਤਾ ਗਿਆ ਸੀ ਅਤੇ ਜਦੋਂ ਉਹ ਭਾਰਤ ਵਿੱਚ ਉੱਤਰੇ ਅਤੇ ਆਪਣੇ ਆਪ ਨੂੰ ਕੈਦੀ ਪਾਇਆ, "ਉਨ੍ਹਾਂ ਨੇ ਪੂਰੀ ਤਰ੍ਹਾਂ ਆਪਣੇ ਹੋਸ਼ ਗੁਆ ਲਏ ਅਤੇ ਨਤੀਜਾ ਸੀ ਬਜ ਬਜ ਦਾ ਦੰਗਾ।"

ਇਹ ਸਚਾਈ ਦੇ ਨੇੜੇ ਸੀ। ਪਰੰਤੂ ਇਹ ਉਹ ਨਹੀਂ ਸੀ ਜੋ ਗੁਰਦਿੱਤ ਸਿੰਘ ਵਿਸ਼ਵਾਸ਼ ਕਰਦਾ ਸੀ ਜਾਂ ਚਾਹੁੰਦਾ ਸੀ ਕਿ ਦੇਸ਼ ਨੂੰ ਇਸ ਦੇ ਕੌਮੀ ਨੇਤਾਵਾਂ ਦੁਆਰਾ ਦੱਸਿਆ ਜਾਵੇ, ਨਾ ਹੀ ਘਟਨਾਵਾਂ ਦੇ ਇਸ ਪੱਖ ਨੂੰ ਇਤਿਹਾਸ ਬਣਨ ਦੇਣਾ ਚਾਹੁੰਦਾ ਸੀ। ਆਪਣੀ ਗੱਲ ਕਹਿਣ 'ਚ ਸਫਲ ਹੋਣ ਤੋਂ ਪਹਿਲਾਂ, ਅਗਲੇ ਦੋ ਸਾਲਾਂ ਤੋਂ ਵੱਧ ਸਮੇ ਵਿਚ ਉਸ ਨੇ ਕੌਮੀ ਨੇਤਾਵਾਂ ਨੂੰ ਮਿਲਣ ਦੀਆਂ ਕਈ ਝਿਜਕ ਝਿਜਕ ਕੇ ਕੋਸ਼ਿਸ਼ਾਂ ਕੀਤੀਆਂ। ਤਾਂ ਕਿ ਉਹ ਅਸਲ ਕਹਾਣੀ ਦਸ ਸਕੇ। ਉਸ ਨੂੰ ਉਸਦੀ ਆਪਣੀ ਚੌਕਸੀ ਅਤੇ ਇਹ ਸ਼ੰਕਿਆਂ ਨੇ ਕਿ ਹਰ ਅਜਨਬੀ ਪੁਲਿਸ ਦਾ ਬੰਦਾ ਹੈ, ਨੇ ਅਸਫਲਤਾ ਦਿੱਤੀ। ਪਹਿਲਾਂ, ਉਸ ਨੇ ਗੁਜਰਾਤ ਵਿੱਚ ਸਾਵਲੀ ਤੋਂ ਅਹਿਮਦਾਬਾਦ ਦੇ ਬਾਹਰਵਾਰ ਮਹਾਤਮਾ ਗਾਂਧੀ ਦੇ ਸੱਤਿਆਗ੍ਰਹਿ ਆਸ਼ਰਮ ਤੱਕ ਦੀ ਦੂਰੀ ਤਹਿ ਕੀਤੀ। ਪਰੰਤੂ ਜਦੋਂ ਉਹ ਇੱਕ ਸਿੱਖ ਨੂੰ ਮਿਲਿਆ ਜਿਸ ਨੂੰ ਉਸ ਨੇ ਪੁਲਿਸ ਏਜੰਟ ਸਮਝ ਲਿਆ, ਉਹ ਘਬਰਾ ਗਿਆ ਅਤੇ ਵਾਪਸ ਪਰਤ ਗਿਆ। ਇਸ ਤੋਂ ਬਹੁਤੀ ਦੇਰ ਪਿੱਛੋਂ ਦੀ ਗੱਲ ਨਹੀਂ ਕਿ ਉਸ ਨੇ ਇੱਕ ਹੋਰ ਮਹਾਨ ਕੌਮੀ ਆਗੂ ਬੀ. ਜੀ.ਤਿਲਕ ਨਾਲ ਗੱਲ ਕਰਨ ਦਾ ਮੌਕਾ ਖੁੰਝਾਅ ਲਿਆ, ਜੋ ਵਡੋਦਰਾ ਆਇਆ ਸੀ। ਲੇਕਿਨ ਤਿਲਕ ਨੂੰ ਲੋਕਾਂ ਦੇ ਇਕ ਅਜਿਹੇ ਜਮਘਟੇ ਨੇ ਘੇਰ ਲਿਆ ਕਿ ਉਸ ਦੇ ਨੇੜੇ ਜਾ ਸਕਣਾ ਅਸੰਭਵ ਸੀ। ਗੁਰਦਿੱਤ ਸਿੰਘ ਨੇ ਫਿਰ ਮੁੰਬਈ ਜਾਣ ਦਾ ਫੈਸਲਾ ਕਰ ਲਿਆ। ਉਹ ਜਾਣਦਾ ਸੀ ਕਿ ਇਥੇ ਸਮੇਂ ਸਮੇਂ ਤੇ ਸਾਰੇ ਕੌਮੀ ਆਗੂਆਂ ਵੱਲੋਂ ਮੁੰਬਈ ਦਾ ਦੌਰਾ ਕੀਤਾ ਜਾਵੇਗਾ। ਪੁਲਿਸ ਤੋਂ ਛੁਪੇ ਹੋਏ ਵਿਆਕਤੀ ਲਈ ਸ਼ਹਿਰ ਦਾ ਕੇਂਦਰ ਬੇਹੱਦ ਜੋਖ਼ਮ ਭਰਿਆ ਲੱਗਦਾ ਸੀ। ਸੋ ਉਸ ਨੇ ਅਠਾਰਾਂ ਕਿੱਲੋਮੀਟਰ ਦੂਰ ਮਾਹਲ ਬਾਂਦਰ ਵਿਖੇ ਇੱਕ ਜਹਾਜ਼ਾਂ ਦੇ ਕਾਰਖਾਨੇ ਵਿੱਚ ਵਾਲਡਰਾਜਾ ਦੇ ਨਾਂ ਹੇਠ ਨੌਕਰੀ ਲੈ ਲਈ ਉਸ ਨੂੰ ਪਹਿਲਾਂ ਅਯੁਰਵੈਦਿਕ ਡਾਕਟਰ ਦੇ ਤੌਰ ਤੇ ਰੱਖਿਆ

ਗਿਆ ਅਤੇ ਫਿਰ ਉਸ ਨੇ ਮੈਨੇਜਰ ਦਾ ਚਾਰਜ ਸੰਭਾਲ ਲਿਆ।

ਇੱਕ ਦੋਸਤ ਨੇ ਉਸ ਦੀ ਗੁਜਰਾਤ ਦੇ ਇੱਕ ਸਭ ਤੋਂ ਉੱਘੇ ਕਾਂਗਰਸੀ ਸਿਆਸਤਦਾਨ ਵੀ.ਕੇ.ਪਟੇਲ ਨਾਲ ਜਾਣ ਪਹਿਚਾਣ ਕਰਵਾਈ। ਪਟੇਲ ਨੇ ਪਹਿਲਾਂ ਉਸ ਦਾ ਪਿਆਰ ਨਾਲ ਸਵਾਗਤ ਕੀਤਾ, ਉਸ ਨਾਲ ਵਿਸਥਾਰ ਵਿੱਚ ਗੱਲਬਾਤ ਕੀਤੀ ਅਤੇ ਫਿਰ ਇੱਕਦਮ ਵਿਦਾ ਕਰ ਦਿੱਤਾ। ਜਦੋਂ ਉਸ ਨੇ ਇਹ ਜ਼ਾਹਰ ਕਰ ਦਿੱਤਾ ਕਿ ਉਹ ਕੌਣ ਹੈ। ਗੁਰਦਿੱਤ ਸਿੰਘ ਦੇ ਵੇਰਵੇ ਤੋਂ ਇਹ ਲਗਦਾ ਹੈ ਕਿ ਪਟੇਲ ਨੇ ਉਸ ਤੇ ਵਿਸ਼ਵਾਸ਼ ਨਹੀਂ ਕੀਤਾ ਸੀ ਅਤੇ ਉਸ ਨੂੰ ਪੁਲਿਸ ਦਾ ਬੰਦਾ ਸਮਝਿਆ ਸੀ। ਮਾਰਚ 1920 ਦੇ ਆਰੰਭ ਵਿੱਚ ਗਾਂਧੀ ਅਦਾਲਤੀ ਮਾਨਹਾਨੀ ਦੇ ਮੁਕੱਦਮੇ ਵਿੱਚ ਆਪਣੇ ਪੱਖ ਦੀ ਪੁਸ਼ਟੀ ਕਰਨ ਲਈ ਮੁੰਬਈ ਆਇਆ। ਇਹ ਮੁਕੱਦਮਾ ਉਨ੍ਹਾਂ ਟਿੱਪਣੀਆਂ, ਤੋਂ ਪੈਦਾ ਹੋਇਆ ਸੀ। ਜੋ ਉਸ ਨੇ ਆਪਣੇ ਯੰਗ ਇੰਡੀਆ ਅਖ਼ਬਾਰ ਵਿੱਚ ਪ੍ਰਕਾਸ਼ਿਤ ਕੀਤੀਆਂ ਸਨ। ਗੁਰਦਿੱਤ ਸਿੰਘ ਦੀ ਇਕਾਂਤ ਵਿੱਚ ਮੁਲਾਕਾਤ ਨਾਂ ਹੋ ਸਕੀ, ਸਗੋਂ ਦੂਸਰੇ ਲੋਕਾਂ ਦੀ ਹਾਜ਼ਰੀ ਵਿੱਚ ਮਿਲੇ। ਉਹ ਪੁਲਿਸ ਤੋਂ ਇੰਨਾਂ ਡਰਦਾ ਸੀ, ਕਿ ਖੁਲ੍ਹੇਆਮ ਨਹੀਂ ਬੋਲ ਸਕਦਾ ਸੀ ਜਾਂ ਇਹ ਜ਼ਾਹਰ ਨਹੀਂ ਕਰ ਸਕਦਾ ਸੀ, ਕਿ ਉਹ ਕੌਣ ਹੈ। ਜੋ ਅੱਗੇ ਦਿੱਤਾ ਗਿਆ ਹੈ ਗਾਂਧੀ ਨਾਲ ਗੱਲਬਾਤ ਦਾ ਸਾਰ ਹੈ। ਜਿਵੇਂ ਕਿ ਗੁਰਦਿੱਤ ਸਿੰਘ ਨੇ ਇਸ ਨੂੰ ਮੁੜ ਚੇਤੇ ਕੀਤਾ। ਇਸ ਗੱਲਬਾਤ ਦਾ ਕੁਝ ਮਤਲਬ ਬਣਦਾ ਹੈ ਜੇਕਰ ਕੋਈ ਚੇਤੇ ਕਰੇ ਕਿ ਗਾਂਧੀ ਲਈ ਇਹ ਆਦਮੀ ਰੋਜ਼ਮਰਾ ਦੇ ਬਿਨੈਕਾਰਾਂ ਦੀ ਲੰਬੀ ਕਤਾਰ ਵਿੱਚੋਂ ਮਹਿਜ਼ ਇੱਕ ਅਰਜ ਕਰਨਾ ਸੀ। ਗਾਂਧੀ ਨੇ ਉਸ ਦਾ ਨਾਮ ਪੁੱਛਿਆ।

"ਮੇਰਾ ਕੋਈ ਨਾਮ ਨਹੀਂ। ਜੋ ਹੈ ਉਹ ਇੱਥੇ ਨਹੀਂ ਦੱਸਿਆ ਜਾ ਸਕਦਾ। ਜੇਕਰ ਫਿਰ ਵੀ ਤੁਸੀਂ ਜ਼ੋਰ ਪਾਉਂਦੇ ਹੋ ਤਾਂ ਕਿਰਪਾ ਕਰਕੇ ਮੈਨੂੰ ਪੰਦਰਾਂ ਮਿੰਟ ਤੁਹਾਡੇ ਨਾਲ ਇਕਾਂਤ ਵਿੱਚ ਗੱਲ ਕਰਨ ਦੀ ਆਗਿਆ ਦੇਵੋ।"

"ਮੇਰੇ ਕੋਲ ਕੋਈ ਵਕਤ ਨਹੀਂ ਅਤੇ ਇਕਾਂਤ ਦੀ ਕੋਈ ਜ਼ਰੂਰਤ ਨਹੀਂ।"

"ਮੈਂ ਬਹੁਤ ਮਹੱਤਵਪੂਰਨ ਮਸਲੇ ਦੱਸਣੇ ਨੇ-ਕਿਰਪਾ ਕਰਕੇ ਮੈਨੂੰ ਘੱਟੋ ਘੱਟ ਪੰਜ ਮਿੰਟ ਲਈ ਆਗਿਆ ਦੇਵੋ "

"ਮੇਰੇ ਪਾਸ ਬਿੱਲਕੁਲ ਕੋਈ ਸਮਾਂ ਨਹੀਂ"

ਗੁਰਦਿੱਤ ਸਿੰਘ ਅਗਿਆਤ ਰੂਪ ਵਿੱਚ ਅਤੇ ਬਿਨਾਂ ਕਿਸੇ ਜਾਣ ਪਹਿਚਾਣ ਦੇ ਮਿਲ ਕੇ ਕਿਤੇ ਨਹੀਂ ਪਹੁੰਚ ਸਕਦਾ। ਪਰੰਤੂ ਉਹ ਇੱਕ ਹੋਰ ਸਮੱਸਿਆ ਦਾ ਸਾਹਮਣਾ ਕਰੇਗਾ, ਜਦੋਂ ਉਹ ਦੂਸਰੇ ਕਾਂਗਰਸੀ ਨੇਤਾਵਾਂ ਅੱਗੇ ਆਪਣੇ ਆਪ ਨੂੰ ਪੇਸ਼ ਕਰੇਗਾ ਤਾਂ ਐਨਾ ਸਮਾਂ ਲੰਘ ਗਿਆ ਸੀ ਅਤੇ ਇਸ ਸਮੇ ਵਿੱਚ ਐਨਾ ਕੁੱਝ ਹੋਰ ਵਾਪਰ ਚੁੱਕਾ ਸੀ ਕਿ ਉਨ੍ਹਾਂ ਨੇ ਕਾਮਾਗਾਟਾ ਮਾਰੂ ਨੂੰ ਉਸ ਸਮੇਂ ਐਨਾ ਮਹੱਤਵਪੂਰਨ ਨਹੀਂ ਸਮਝਿਆ ਸੀ। ਕਈ ਵਾਰ ਗੁਰਦਿੱਤ ਸਿੰਘ ਮੁੰਬਈ ਵਿੱਚ ਉਸ ਘਰ ਗਿਆ ਜਿੱਥੇ ਗਾਂਧੀ ਤੀਜੀ ਮੰਜ਼ਿਲ ਦੇ ਕਮਰੇ ਵਿੱਚ ਠਹਿਰਿਆ ਹੋਇਆ ਸੀ। ਪਰੰਤੂ ਬਿਨਾਂ

ਕਿਸੇ ਸ਼ੁਰੂਆਤ ਦੀ ਕਾਮਯਾਬੀ ਦੇ ਜਿਸ ਦੀ ਕਿ ਉਹ ਤਲਾਸ਼ ਕਰ ਰਿਹਾ ਸੀ। ਅਪ੍ਰੈਲ ਵਿੱਚ ਪੰਜਾਬ ਤੋਂ ਪੱਤਰਕਾਰ ਅਤੇ ਕਾਂਗਰਸੀ ਨੇਤਾ ਪੰਡਿਤ ਰਾਮਭੁੱਜ ਦੱਤ ਚੌਧਰੀ ਨੇ ਮੁੰਬਈ ਦਾ ਦੌਰਾ ਕੀਤਾ ਅਤੇ ਉਸੇ ਘਰ ਵਿਖੇ ਠਹਿਰਿਆ ਜਿੱਥੇ ਗਾਂਧੀ ਠਹਿਰਿਆ ਹੋਇਆ ਸੀ। ਚੌਧਰੀ ਨੇ ਗਾਂਧੀ ਨਾਲ ਨੇੜਲਾ ਰਿਸ਼ਤਾ ਮਾਣਿਆ ਸੀ। (ਜਿਸ ਨੂੰ ਮਸ਼ਹੂਰ ਬੰਗਾਲੀ ਕਵੀ ਰਾਵਿੰਦਰ ਨਾਥ ਟੈਗੋਰ ਦੀ ਵੱਡੀ ਭੈਣ ਸ਼੍ਰੀਮਤੀ ਚੌਧਰੀ ਲਈ ਗਾਂਧੀ ਦੀ ਪਸੰਦ ਨੇ ਮਜਬੂਤੀ ਬਖ਼ਸੀ ਸੀ। 19 ਅਪ੍ਰੈਲ ਨੂੰ ਆਖਰਕਾਰ ਗੁਰਦਿੱਤ ਸਿੰਘ ਸਰਹਾਲੀ ਚੌਧਰੀ ਨੂੰ ਇਕੱਲਿਆਂ ਮਿਲਣ ਵਿੱਚ ਸਫਲ ਹੋ ਗਿਆ। ਅਜੇ ਵੀ ਇਸ ਗੱਲ ਤੋਂ ਇਨਕਾਰ ਕਰਦਿਆਂ ਕਿ ਉਹ ਕੌਣ ਹੈ, ਮੋਤੀਲਾਲ ਨਹਿਰੂ ਉੱਪਰ ਇਹ ਕਹਿਣ ਲਈ ਹਮਲਾ ਕਰਦਿਆਂ, ਕਿ ਬਜ ਬਜ ਵਿਖੇ ਯਾਤਰੀਆਂ ਨੇ ਹੋਸ਼ ਗੁਆ ਲਿਆ ਸੀ ਅਤੇ ਕਾਨੂੰਨ ਦੀ ਉਲੰਘਣਾ ਕੀਤੀ ਸੀ, ਉਹ ਤੇਜ਼ੀ ਨਾਲ ਆਪਣੇ ਨੁਕਤੇ ਤੇ ਆਇਆ "ਕਾਮਾਗਾਟਾ ਮਾਰੂ ਦੇ ਭੋਲ਼ੇ ਭਾਲ਼ੇ ਯਾਤਰੀ ਪੀੜਿਤ ਧਿਰ ਸਨ।" ਉਸ ਨੇ ਚੌਧਰੀ ਨੂੰ ਦੱਸਿਆ "ਉਹ ਗੋਲੀਆਂ ਦੀ ਵਾਛੜ ਨਾਲ ਆਪਣੀ ਮੌਤ ਤੱਕ ਸ਼ਾਤ ਰਹੇ।"

ਚੌਧਰੀ ਨੇ ਵੇਖਿਆ ਕਿ ਨਹਿਰੂ ਨੇ ਮਹਿਜ਼ ਉਸੇ ਨੂੰ ਦੁਹਰਾਇਆ ਹੈ ਜਿਸ ਦੀ ਸਰਕਾਰੀ ਕਾਮਾਗਾਟਾ ਮਾਰੂ ਜਾਂਚ ਕਮੇਟੀ ਨੇ ਰਿਪੋਰਟ ਦਿੱਤੀ ਸੀ। ਗੁਰਦਿੱਤ ਸਿੰਘ ਇਸ ਦੇ ਲਈ ਤਿਆਰ ਸੀ:

"ਤੁਸੀਂ ਬਹੁਤਾ ਕਰਕੇ ਸ਼ਾਇਦ ਜਲ੍ਹਿਆਂਵਾਲਾ ਬਾਗ਼ ਬਾਰੇ ਸਰਕਾਰੀ ਰਿਪੋਰਟ ਪੜ੍ਹੀ ਹੈ। ਜਿਸ ਵਿੱਚ ਇਹ ਜ਼ਿਕਰ ਕੀਤਾ ਗਿਆ ਹੈ ਕਿ ਸਿਰਫ਼ 290 ਲੋਕ ਮਰੇ ਸਨ। ਕੀ ਇਹ ਸੱਚ ਹੈ?"

ਚੌਧਰੀ ਨੇ ਕਿਹਾ ਕਿ ਇਹ ਪੂਰੀ ਤਰ੍ਹਾਂ ਝੂਠ ਹੈ। ਸਰਕਾਰ ਸੱਚਾਈ ਨੂੰ ਦਬਾਅ ਰਹੀ ਹੈ।

"ਤਾਂ ਹੁਣ ਸ਼੍ਰੀਮਾਨ ਜੀ, ਤੁਸੀਂ ਕਾਮਾਗਾਟਾ ਮਾਰੂ ਜਾਂਚ ਕਮੇਟੀ 'ਤੇ ਕਿਵੇਂ ਵਿਸ਼ਵਾਸ਼ ਕਰਦੇ ਹੋ?"

ਜਲ੍ਹਿਆਂਵਾਲਾ ਬਾਗ਼ ਰਿਪੋਰਟ ਨਾਲ ਮੁਕਾਬਲਾ ਇੱਕ ਜ਼ਬਰਦਸਤ ਨੁਕਤਾ ਸੀ। "ਕੀ ਤੁਸੀਂ ਤੱਥ ਅੰਦਾਜ਼ੇ ਨਾਲ ਜਾਂ ਅਸਲੀ ਗਿਆਨ ਨਾਲ ਜਾਣਦੇ ਹੋ?" ਚੌਧਰੀ ਨੇ ਪੁਛਿਆ ਗੁਰਦਿੱਤ ਸਿੰਘ ਜੋ ਇਸ ਮੁਲਾਕਾਤ ਵਿੱਚ ਮੰਗ ਰਿਹਾ ਸੀ। ਉਹ ਸੀ, ਕਾਮਾਗਾਟਾ ਮਾਰੂ ਬਾਰੇ ਇੱਕ ਕਾਂਗਰਸ ਜਾਂਚ ਕਮੇਟੀ। ਬਿਲਕੁਲ ਜਲ੍ਹਿਆਂਵਾਲਾ ਬਾਗ਼ ਕਤਲੇਆਮ ਪਿੱਛੋਂ ਦੀ ਕਮੇਟੀ ਵਰਗੀ। ਉਸ ਨੇ ਕਿਹਾ ਕਿ ਗੁਰਦਿੱਤ ਸਿੰਘ ਅਜੇ ਜਿੰਦਾ ਹੈ ਅਤੇ ਸਮੁੱਚੀ ਕਹਾਣੀ ਦੱਸ ਸਕਦਾ ਹੈ, ਪਰੰਤੂ ਉਹ ਅਜੇ ਵੀ ਚੁਕੰਨਾ ਸੀ ਅਤੇ ਉਸ ਨੇ ਇਹ ਨਾ ਕਿਹਾ ਕਿ ਉਹ ਖ਼ੁਦ ਗੁਰਦਿੱਤ ਸਿੰਘ ਹੈ।

"ਅਗਰ ਉਹ ਜਿੰਦਾ ਹੈ, ਕੀ ਉਹ ਮੇਰੇ ਪਾਸ ਆ ਸਕਦਾ ਹੈ?" ਸਮੁੱਚੀ ਗੱਲਬਾਤ ਦੇ ਪ੍ਰਸੰਗ ਦੇ ਅੰਦਰ, ਚੌਧਰੀ ਇੱਥੇ ਗੁਰਦਿੱਤ ਸਿੰਘ ਨੂੰ ਵਿਦਾ ਕਰਨ ਦੇ

ਇਰਾਦੇ ਨਾਲ ਇੱਥੇ ਇੱਕ ਉਤਾਵਲਾ ਸੁਆਲ ਪੁੱਛ ਰਿਹਾ ਲੱਗਦਾ ਹੈ।

"ਹਾਂ, ਪੰਡਿਤ ਜੀ, ਉਹ ਜਿੰਦਾ ਹੈ ਅਤੇ ਜਦੋਂ ਕਦੇ ਵੀ ਤੁਸੀਂ ਉਸ ਲਈ ਸੱਦਾ ਭੇਜੋਂਗੇ ਉਹ ਤੁਹਾਡੇ ਪਾਸ ਆ ਜਾਵੇਗਾ।"

"ਮੈਂ ਉਸ ਨੂੰ ਅੱਜ ਮਿਲਣਾ ਚਾਹੁੰਦਾ ਹਾਂ, ਜੇਕਰ ਸੰਭਵ ਹੋਵੇ, ਜੇ ਨਹੀਂ, ਤਾਂ ਜਿੰਨੀ ਜਲਦੀ ਉਹ ਮਿਲ ਸਕਦਾ ਹੈ।"

"ਜੇਕਰ ਗੁਰਦਿੱਤ ਸਿੰਘ ਹੁਣੇ ਹੀ ਤੁਹਾਡੇ ਪਾਸ ਆ ਜਾਵੇ, ਤੁਸੀਂ ਉਸ ਨੂੰ ਕਿਵੇਂ ਪਹਿਚਾਣੋਗੇ?"

"ਹਾਂ, ਮੈਂ ਆਪਣੇ ਦਿਲ ਰਾਹੀਂ ਉਸ ਨੂੰ ਪਹਿਚਾਨਣ ਦੇ ਯੋਗ ਹੋਵਾਂਗਾ।"

"ਮੈਂ ਉਹ ਬਦਕਿਸਮਤ ਹਾਂ, ਹਮੇਸ਼ਾਂ ਤੁਹਾਡੀ ਸੇਵਾ ਵਿੱਚ।"

"ਹੈਂ, ਤੁਸੀਂ ਉਨ੍ਹਾਂ 'ਭਾਗਸ਼ਾਲੀ' ਪੀੜਤਾਂ 'ਚੋਂ ਹੋ, ਲੇਕਿਨ ਗੁਰਦਿੱਤ ਸਿੰਘ ਕਿੱਥੇ ਹੈ?"

"ਮੈਂ ਗੁਰਦਿੱਤ ਸਿੰਘ ਤੁਹਾਡੇ ਸਾਹਮਣੇ ਹਾਂ।"

ਇਸ ਨਾਟਕੀ ਐਲਾਨ ਨੇ ਉਤਨਾ ਕੁੱਝ ਪ੍ਰਾਪਤ ਨਾ ਕੀਤਾ। ਜਿਤਨਾ ਗੁਰਦਿੱਤ ਸਿੰਘ ਨੂੰ ਆਸ ਸੀ। ਉਸ ਦੇ ਵੇਰਵੇ ਅਨੁਸਾਰ ਚੌਧਰੀ ਬੋਲ ਉੱਠਿਆ "ਓ ਮੇਰੇ ਰੱਬਾ", ਉਸ ਨੂੰ "ਪਿਆਰ ਨਾਲ" ਗਲਵੱਕੜੀ ਪਾਈ ਅਤੇ ਆਪਣੇ ਪਾਸ ਬਿਠਾਇਆ। ਪਰੰਤੂ ਉਸ ਲੰਬੀ ਕਹਾਣੀ ਨੂੰ ਸੁਣਨ ਨਾਲੋਂ ਜੋ ਗੁਰਦਿੱਤ ਸਿੰਘ ਸੁਣਾਉਣੀ ਚਾਹੁੰਦਾ ਸੀ, ਚੌਧਰੀ ਨੇ ਉਸ ਨੂੰ ਲਿਖਣ ਲਈ ਕਿਹਾ ਤਾਂ ਕਿ ਉਹ ਇਸ ਨੂੰ ਬਾਅਦ ਵਿੱਚ ਪੜ੍ਹ ਸਕੇ। ਇਹ ਇੰਤਜ਼ਾਰ ਕਰ ਸਕਦੀ ਸੀ "ਮਾਮਲਾ ਬਹੁਤ ਪੁਰਾਣਾ ਹੋ ਚੁੱਕਾ ਹੈ", ਚੌਧਰੀ ਪਹਿਲਾਂ ਮੁਲਾਕਾਤ ਵਿੱਚ ਕਹਿ ਚੁੱਕਾ ਸੀ। "ਇਸ ਵਧੀਕੀ ਦਾ ਮੌਜੂਦਾ ਸਮੇਂ ਇਲਾਜ ਕਰਨਾ ਸੰਭਵ ਨਹੀਂ।" ਦੋਂ ਚੌਧਰੀ ਨੇ ਮੁਲਾਕਾਤ ਦਾ ਅੰਤ ਕਰਨ ਲਈ ਉਸ ਨੂੰ ਬੈਂਕ ਨੋਟਾਂ ਦੀ ਇੱਕ ਦੱਥੀ ਦੇਣ ਦੀ ਕੋਸ਼ਿਸ਼ ਕੀਤੀ ਇਹ ਮੰਨਦਿਆਂ ਕਿ ਉਹ ਲੋੜਮੰਦ ਹੋਵੇਗਾ। ਗੁਰਦਿੱਤ ਸਿੰਘ ਨੇ ਬੁਰਾ ਨਾ ਮਨਾਇਆ। ਪਰ ਉਨ੍ਹਾਂ ਨੂੰ ਪ੍ਰਵਾਨ ਨਾ ਕੀਤਾ। ਜੋ ਕੁੱਝ ਉਹ ਚਾਹੁੰਦਾ ਸੀ ਉਹ ਸੀ ਪਹਿਚਾਣ ਨਾ ਕਿ ਧਨ।

ਗੁਰਦਿੱਤ ਸਿੰਘ ਨੂੰ ਇਹੋ ਜਿਹਾ ਹੀ ਹੁੰਗਾਰਾ ਮਿਲਿਆ, ਜਦੋਂ ਉਸ ਨੇ ਮਹਾਨ ਦੇਸ਼ ਭਗਤ ਲਾਲਾ ਲਾਜਪਤ ਰਾਏ ਨੂੰ ਲੱਭਿਆ। ਜੋ ਹੁਣੇ ਹੁਣੇ ਅਮਰੀਕਾ ਵਿੱਚ ਜਲਵਤਨੀ ਤੋਂ ਪਰਤਿਆ ਸੀ ਅਤੇ ਫਿਰ ਮੁੜ ਜਦੋਂ ਉਸਨੇ ਸ਼ੰਕਰ ਲਾਲ ਬੈਂਕਰ, ਇੱਕ ਗਾਂਧੀ ਦਾ ਚੇਲਾ ਅਤੇ ਅਹਿਮਦਾਬਾਦ ਮਿੱਲ ਦੇ ਕਾਮਿਆਂ ਦੇ ਜਥੇਬੰਦਕ ਆਗੂ ਤੱਕ ਪਹੁੰਚ ਕੀਤੀ। ਇਨ੍ਹਾਂ ਵਿੱਚੋਂ ਕਿਸੇ ਆਦਮੀ ਨੇ ਵੀ ਉਸ ਦੇ ਮਾਮਲੇ ਵਿੱਚ ਬਹੁਤੀ ਫੌਰੀ ਦਿਲਚਸਪੀ ਨਾ ਦਿਖਾਈ। ਉਸ ਨੇ ਜ਼ਰੂਰ ਹੀ ਇਹ ਅਨੁਭਵ ਕਰਨਾ ਸ਼ੁਰੂ ਕਰ ਦਿੱਤਾ ਹੋਵੇਗਾ ਕਿ ਉਸ ਦਾ ਉਦੋਂ ਤੱਕ ਨਿੱਘਾ ਸਵਾਗਤ ਨਹੀਂ ਹੋਣ ਜਾ ਰਿਹਾ ਜਦੋਂ ਤੱਕ ਉਹ ਸਿੱਖਾਂ ਦਰਮਿਆਨ ਨਹੀ ਹੈ। ਉਸ ਸਾਲ ਬਾਅਦ

ਵਿੱਚ ਉਸ ਨੂੰ ਨਹਿਰੂਆਂ ਪਿਤਾ ਅਤੇ ਪੁੱਤਰ-ਮੋਤੀ ਲਾਲ ਅਤੇ ਜਵਾਹਰ ਲਾਲ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ, ਜਿਹੜੇ ਕਾਂਗਰਸ ਦੇ ਪ੍ਰੋਗਰਾਮ ਬਾਰੇ ਦੂਸਰੇ ਆਗੂਆਂ ਨਾਲ ਸਲਾਹ ਮਸ਼ਵਰਾ ਕਰਨ ਲਈ ਮੁੰਬਈ ਆਏ ਸਨ। ਇਹ ਮੀਟਿੰਗ ਬਿਹਤਰ ਰਹੀ। ਉਹ ਉਤਸ਼ਾਹਪੂਰਨ ਸਨ ਅਤੇ ਮੋਤੀ ਲਾਲ ਇੱਕ ਗਲਤੀ ਪ੍ਰਵਾਨ ਕਰਨ ਅਤੇ ਦਸੰਬਰ 1920 ਵਿੱਚ ਕੇਂਦਰੀ ਭਾਰਤ ਵਿੱਚ ਨਾਗਪੁਰ ਕਾਂਗਰਸ ਵਿਖੇ ਇਸ ਬਾਰੇ ਕੁੱਝ ਕਰਨ ਦਾ ਇੱਛਕ ਸੀ। ਪਰੰਤੂ ਇਹ ਨਾ ਹੋਇਆ ਕਿਉਂਕਿ ਗੁਰਦਿੱਤ ਸਿੰਘ ਬਿਮਾਰ ਹੋ ਗਿਆ ਅਤੇ ਹਾਜ਼ਰ ਨਾ ਹੋਇਆ।

ਨਾਗਪੁਰ ਵਿਖੇ, ਕਾਂਗਰਸ ਨੇ ਅੰਤ ਨੂੰ ਸਹਿਕਾਰੀ ਸੰਵਿਧਾਨਕ ਸੁਧਾਰ ਨੂੰ ਇੱਕ ਪ੍ਰਭਾਵਸ਼ਾਲੀ ਅੱਗੇ ਵੱਲ ਰਸਤੇ ਦੇ ਤੌਰ ਤੇ ਰੱਦ ਕਰ ਦਿੱਤਾ ਅਤੇ ਗਾਂਧੀ ਦੇ ਬੋਲਬਾਲੇ ਹੇਠ ਉਸ ਦੇ ਅਹਿੰਸਕ ਨਾ-ਮਿਲਵਰਤਨ ਪ੍ਰੋਗਰਾਮ ਨੂੰ ਅਪਣਾ ਲਿਆ। ਉਸ ਨੇ ਬੇਹੱਦ ਆਸ਼ਾਵਾਦੀ ਢੰਗ ਨਾਲ ਵਾਅਦਾ ਕੀਤਾ ਕਿ ਇਹ ਇੱਕ ਸਾਲ ਦੇ ਵਿੱਚ ਵਿੱਚ ਅਜ਼ਾਦੀ ਲੈ ਆਵੇਗਾ। ਵਧੇਰੇ ਦ੍ਰਿੜਤਾ ਪੂਰਵਕ ਕਾਰਵਾਈ ਦੀ ਫੌਰੀ ਲੋੜ ਅੰਮ੍ਰਿਤਸਰ ਦੁਖਾਂਤ ਵਿੱਚੋਂ ਆਈ ਸੀ, ਜਿਸ ਨੇ ਗਾਂਧੀ ਲਈ ਬਰਤਾਨੀਆ ਦੇ ਰਾਜ ਕਰਨ ਦੇ ਅਯੋਗ ਹੋਣ ਨੂੰ ਪੂਰੀ ਤਰ੍ਹਾਂ ਨੰਗਾ ਕਰ ਦਿੱਤਾ ਸੀ। ਇਸ ਨੇ ਉਸ ਵਿੱਚ ਸਿੱਖਾਂ ਪ੍ਰਤੀ ਹਮਦਰਦੀ ਵੀ ਪੈਦਾ ਕਰ ਦਿੱਤੀ।

ਸਿੱਖਾਂ ਨਾਲ ਗਾਂਧੀ ਨੂੰ ਆਪਣੇ ਗੌਰਵ ਅਤੇ ਸਵਾਧੀਨਤਾ ਲਈ ਟਾਕਰਾ ਕਰਨਾ ਪੈਣਾ ਸੀ। ਅਤੇ ਉਹ ਉਨ੍ਹਾਂ ਨੂੰ ਆਪਣੀ ਭਾਰਤੀ ਪਹਿਚਾਣ ਪਹਿਲੇ ਸਥਾਨ ਤੇ ਰੱਖਣ ਲਈ ਉਤਸ਼ਾਹਿਤ ਕਰਨ ਵਿੱਚ ਸਿਰਫ਼ ਅੰਸ਼ਿਕ ਰੂਪ ਵਿੱਚ ਸਫਲ ਹੋਇਆ। ਧਾਰਮਿਕ ਰੂੜ੍ਹੀਵਾਦ ਹਿੰਦੂ ਅਤੇ ਸਿੱਖ ਪੰਜਾਬੀਆਂ ਨੂੰ ਵੰਡਣ ਵਾਲੀ ਵਧ ਰਹੀ ਰੁਕਾਵਟ ਸੀ। ਸਿੱਖ ਸ਼ੁੱਧਤਾਵਾਦੀ ਧਾਰਮਿਕ ਸਥਾਨਾ 'ਤੇ ਕਬਜ਼ੇ ਦੀ ਮੰਗ ਕਰ ਰਹੇ ਸਨ ਜੋ ਪੀੜ੍ਹਆਂ ਤੋਂ ਮੋਨੇ ਤਪੱਸਵੀ ਸੰਪ੍ਰਦਾਇ, ਉਦਾਸੀਆਂ ਕੋਲ ਸੀ। ਜਿਨ੍ਹਾਂ ਦੇ ਅਮਲ ਹਿੰਦੂਮੱਤ ਅਤੇ ਸਿੱਖ ਮੱਤ ਦੇ ਲੱਛਣਾਂ ਦਾ ਸੁਮੇਲ ਸੀ। ਇਹ ਪੁਜਾਰੀ ਸਿੱਖ ਧਾਰਮਿਕ ਸਥਾਨਾਂ 'ਤੇ ਹਿੰਦੂ ਮੂਰਤੀਆਂ ਅਤੇ ਸਿੱਖ ਪਵਿੱਤਰ ਬੀੜ ਰੱਖਦੇ ਸਨ। ਉਹ ਹਿੰਦੂ ਅਤੇ ਸਿੱਖ ਰਸਮਾਂ ਨਿਭਾਉਂਦੇ ਸਨ ਅਤੇ ਬਰਤਾਨਵੀਆਂ ਅਧੀਨ ਉਨ੍ਹਾਂ ਨੂੰ ਉਨ੍ਹਾਂ ਧਾਰਮਿਕ ਸਥਾਨਾਂ ਉੱਪਰ ਮਲਕੀਅਤੀ ਹੱਕ ਮਿਲੇ ਹੋਏ ਸਨ। ਜੋ ਪੈਸਾ ਤੀਰਥ ਯਾਤਰੀ ਧਾਰਮਿਕ ਸਥਾਨਾਂ 'ਤੇ ਲੈ ਕੇ ਆਉਂਦੇ ਸਨ। ਉਦਾਸੀਆਂ ਨੂੰ ਉਨ੍ਹਾਂ ਦੇ ਆਪਣੇ ਮਕਸਦਾਂ ਵਾਸਤੇ ਚਲਿਆ ਜਾਂਦਾ ਸੀ। ਅਧੁਨਿਕਰਨ ਅਤੇ ਤੱਤਵਾਦੀਕਰਨ ਸੁਧਾਰ ਲਹਿਰ ਦੇ ਵੇਗ ਤਹਿਤ ਇਨ੍ਹਾਂ ਪੁਜਾਰੀਆਂ ਖ਼ਿਲਾਫ਼ ਸਿੱਖ ਵਿਰੋਧ ਲਗਭਗ ਪੰਜਾਹ ਸਾਲਾਂ ਤੋਂ ਪੱਕਾ ਹੋ ਰਿਹਾ ਸੀ ਅਤੇ ਇਹ ਅੰਮ੍ਰਿਤਸਰ ਦੇ ਸਿੱਖਾਂ ਦੀ ਹਰਿਮੰਦਰ ਸਾਹਿਬ ਦੀ ਮੈਨੇਜਮੈਂਟ ਵੱਲੋਂ ਬਰਤਾਨਵੀਆਂ ਪ੍ਰਤੀ ਵਫ਼ਾਦਾਰੀ ਦੇ ਅਤਿਅੰਤ ਵਿਖਾਵੇ ਪਿੱਛੋਂ ਇੱਕ ਜਹਾਦ ਵਿੱਚ ਬਦਲ ਗਿਆ। ਜਲ੍ਹਿਆਂਵਾਲਾ ਬਾਗ਼ ਦੇ ਨਤੀਜੇ ਵਜੋਂ ਸਿੱਖਾਂ ਦੇ ਸਭ ਤੋਂ ਵੱਧ ਸੰਭਾਲੇ ਹੋਏ ਤੀਰਥ ਅਸਥਾਨ ਦੀ

ਮੈਨੇਜਮੈਂਟ ਨੇ ਜਨਰਲ ਡਾਇਰ ਨੂੰ ਇੱਕ ਸਿਰੋਪਾ ਅਤੇ ਤਲਵਾਰ ਭੇਂਟ ਕੀਤੀ ਸੀ।

ਸਿੱਖ ਭਾਈਚਾਰੇ ਦੇ ਨਾਂ 'ਤੇ, 175 ਸਿੱਖਾਂ ਦੀ ਇੱਕ ਕਮੇਟੀ ਨੇ ਨਵੰਬਰ 1920 ਵਿੱਚ ਐਲਾਨ ਕੀਤਾ ਕਿ ਇਹ ਸਿੱਖੀ ਦੇ ਇਤਿਹਾਸਕ ਧਾਰਮਿਕ ਸਥਾਨਾਂ ਨੂੰ ਮਹੰਤਾਂ ਤੋਂ, ਜਿਨ੍ਹਾਂ ਨੇ ਉਦੋਂ ਤੱਕ ਉਨ੍ਹਾਂ ਦਾ ਪ੍ਰਬੰਧ ਚਲਾਇਆ ਸੀ, ਆਪਣੇ ਕਬਜ਼ੇ ਵਿੱਚ ਲੈ ਰਹੀ ਹੈ। ਇੱਕ ਸਵੈ-ਸੇਵੀਆਂ ਦੀ ਪਲਟਣ ਆਪਣੇ ਆਪ ਨੂੰ ਅਕਾਲੀ ਦਲ, ਮਰਜ਼ੀਵੜੇਆਂ ਦੀ ਫੌਜ, ਦਾ ਖ਼ਿਤਾਬ ਦਿੰਦਿਆਂ ਮਹੰਤਾਂ, ਕਬਜ਼ਾਧਾਰਕਾਂ ਤੋਂ ਇਹਨਾਂ ਧਾਰਮਿਕ ਅਸਥਾਨਾਂ ਨੂੰ ਖੋਹਣ ਲਈ ਹੋਂਦ ਵਿੱਚ ਆ ਗਈ। ਇਸ ਤੋਂ ਪਿੱਛੋਂ ਜੋ ਹੋਇਆ ਵਹਿਸ਼ੀ ਟਕਰਾਵਾਂ ਦਾ ਇੱਕ ਸਿਲਸਿਲਾ ਸੀ। ਕਿਉਂਕਿ ਕੁੱਝ ਮਹੰਤ ਧਾਰਮਿਕ ਸਥਾਨਾਂ ਦੇ ਪੁਜਾਰੀਆਂ ਨੇ ਜਿਸਮਾਨੀ ਤਾਕਤ ਨਾਲ ਮੁਕਾਬਲਾ ਕੀਤਾ।20 ਫਰਵਰੀ 1921 ਨੂੰ-ਨਾਗਪੁਰ ਕਾਂਗਰਸ ਤੋਂ ਡੇਢ ਮਹੀਨਾ ਬਾਅਦ- 130 ਅਕਾਲੀਆਂ ਦੇ ਜਥੇ, ਜੋ ਨਨਕਾਣਾ ਗੁਰੂ ਨਾਨਕ ਜਨਮ ਸਥਾਨ ਦੇ ਧਾਰਮਿਕ ਸਥਾਨ ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਉੱਪਰ ਧਾਰਮਿਕ ਸਥਾਨ ਦੇ ਪੁਜਾਰੀ ਦੇ ਭਾੜੇ ਦੇ 24 ਹੱਟੇ ਕੱਟੇ ਅੰਗ ਰੱਖਿਅਕਾਂ ਨੇ ਘਾਤ ਲਾਕੇ ਹਮਲਾ ਕੀਤਾ ਅਤੇ ਪੈਰਾਫੀਨ ਵਿੱਚ ਭਿਓਂ ਕੇ ਮਰਿਆਂ ਹੋਇਆਂ ਅਤੇ ਮਰ ਰਹਿਆਂ ਨੂੰ, ਇੱਕ ਟੋਏ ਵਿੱਚ ਜਲ਼ ਰਹੇ ਲੱਕੜਾਂ ਦੇ ਢੇਰ ਉੱਤੇ ਸੁੱਟ ਦਿੱਤਾ

ਭਾਵੇਂ ਧਾਰਮਿਕ ਸਥਾਨਾਂ ਬਾਰੇ ਜਦੋਜਹਿਦ ਨੇ ਹਿੰਦੂਆਂ ਅਤੇ ਸਿੱਖਾਂ ਨੂੰ ਵੰਡ ਦਿੱਤਾ ਅਤੇ ਸਿੱਖ ਭਾਈਚਾਰੇ ਨੂੰ ਵੀ ਪਾੜ ਦਿੱਤਾ। ਪਰ ਨਨਕਾਣਾ ਵਿਖੇ ਭਿਆਨਕ ਜ਼ਿਆਦਤੀ ਸਰਕਾਰ ਨਾਲ ਇੱਕ ਸਿੱਖ ਮਸਲਾ ਬਣ ਗਿਆ। ਗਾਂਧੀ ਨੇ ਇਸ ਨੂੰ ਸਰਕਾਰ ਦੀ ਸਾਜਿਸ਼ ਦੇ ਤੌਰ 'ਤੇ ਦੇਖਣ ਲਈ ਸਿੱਖਾਂ ਨੂੰ ਉਤਸ਼ਾਹਿਤ ਕੀਤਾ। ਇਹ ਸਰਕਾਰ ਹੀ ਸੀ, ਜਿਸ ਨੇ ਮਹੰਤਾਂ, ਪੁਜਾਰੀਆਂ ਦੇ ਸਿੱਖ ਧਾਰਮਿਕ ਸਥਾਨਾਂ 'ਤੇ ਕਬਜ਼ੇ ਦੀ ਪੁਸ਼ਟੀ ਕੀਤੀ ਸੀ। ਸਿੱਖਾਂ ਲਈ, ਨਨਕਾਣਾ, ਵਿਖੇ ਜੋ ਕੁੱਝ ਵਾਪਰਿਆ ਨੂੰ ਮੁੜ ਸਮੁੱਚੇ ਤੌਰ 'ਤੇ ਆਸਾਨੀ ਨਾਲ ਜਲ੍ਹਿਆਂਵਾਲਾ ਬਾਗ਼ ਦੇ ਤੌਰ 'ਤੇ ਸਮਝਿਆ ਜਾ ਸਕਦਾ ਸੀ। ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਸਥਾਨਕ ਸਰਕਾਰੀ ਅਧਿਕਾਰੀ ਇਸ ਗੱਲੋਂ ਜਾਣੂੰ ਸਨ, ਕਿ ਪੁਜਾਰੀ ਧਾਰਮਿਕ ਸਥਾਨ ਦੀ ਕਿਲੇਬੰਦੀ ਕਰ ਰਹੇ ਹਨ ਅਤੇ ਅੰਦਰ ਅਸਲਾ ਜਮ੍ਹਾਂ ਕਰ ਰਹੇ ਹਨ, ਫਿਰ ਵੀ ਅਧਿਕਾਰੀਆਂ ਨੇ ਕਾਰਵਾਈ ਨਹੀਂ ਕੀਤੀ। ਇਹ ਇੱਕ ਅਜਿਹੀ ਦਲੀਲ ਸੀ ਜਿਸ ਨੂੰ ਗਾਂਧੀ ਨੇ ਮੰਨਣਯੋਗ ਸਮਝਿਆ। ਸਰਕਾਰ ਦੀ ਮਿਲੀਭੁਗਤ ਹੋਣ ਦਾ ਸ਼ੰਕਾ ਹੋਣਾ ਕੁਦਰਤੀ ਸੀ, ਉਸ ਨੇ ਕਿਹਾ, ਫਿਰ ਉਸ ਨੇ ਇਸ ਦੁਖਾਂਤ ਨੂੰ ਭਾਰਤੀ ਕੌਮੀਅਤ ਅਤੇ ਬਰਤਾਨਵੀ ਰਾਜ ਤੋਂ ਅਜ਼ਾਦੀ ਦੇ ਰੂਪ ਵਿੱਚ ਸੋਚਣ ਲਈ ਸਿੱਖਾਂ ਨੂੰ ਅਪੀਲ ਕੀਤੀ। ਇੱਕ ਅਜਿਹੇ ਮਸਲੇ ਦੇ ਤੌਰ ਤੇ ਜੋ ਉਨ੍ਹਾ ਦੇ ਆਪਣੇ ਭਾਈਚਾਰੇ ਤੋਂ ਪਾਰ ਜਾਂਦਾ ਸੀ

ਜਲ੍ਹਿਆਂਵਾਲਾ ਬਾਗ਼ ਵਾਂਗ ਨਨਕਾਣਾ ਸਾਹਿਬ ਕਤਲੇਆਮ ਨੇ ਗੁਰਦਿੱਤ

ਸਿੰਘ ਉੱਤੇ ਜਬਰਦਸਤ ਅਸਰ ਪਾਇਆ। ਜਦੋਂ ਉਸ ਨੇ ਇਸ ਬਾਰੇ ਦੇਸੀ ਪ੍ਰੈੱਸ ਵਿੱਚ ਪੜ੍ਹਿਆ। ਉਸ ਨੇ ਅਖੀਰ ਨੂੰ ਪੰਜਾਬ ਪਰਤਣ ਦਾ ਫੈਸਲਾ ਕਰ ਲਿਆ। ਉਹ ਸਾਲਾਂ ਬੱਧੀ ਸੰਖੇਪ ਗ੍ਰਿਫ਼ਤਾਰੀ ਅਤੇ ਨਜ਼ਰਬੰਦੀ, ਜਿਹੜੀ ਉਸ ਨੂੰ ਖ਼ਾਮੋਸ਼ ਕਰਾ ਦੇਵੇਗੀ ਅਤੇ ਆਪਣੀ ਕਹਾਣੀ ਦੱਸਣ ਤੋਂ ਰੋਕ ਦੇਵੇਗੀ, ਦੇ ਡਰ ਵਿੱਚ ਜਿਉਂਦਾ ਰਿਹਾ ਸੀ। ਹੁਣ ਉਹ ਪੰਜਾਬ ਅੰਦਰਲੇ ਉਬਾਲ਼ ਅਤੇ ਕਾਮਾਗਾਟਾ ਮਾਰੂ ਦੇ ਨਾਇਕ ਦੇ ਤੌਰ ਤੇ ਭਾਗ ਲੈਣ ਦੀ ਇੱਛਾ ਨਾਲ ਖਿੱਚਿਆ ਗਿਆ। ਉਸ ਨੇ ਆਪਣੇ ਮੁੰਬਈ ਵਾਲੇ ਮਾਲਕ ਤੋਂ ਆਗਿਆ ਲਈ ਅਤੇ 13 ਮਾਰਚ 1921 ਨੂੰ ਆਪਣੀ ਯਾਤਰਾ ਦੇ ਪਹਿਲੇ ਪੜਾਅ 'ਤੇ ਅਹਿਮਦਾਬਾਦ ਪਹੁੰਚ ਗਿਆ। ਆਪਣੇ ਇੱਕ ਮਿੱਤਰ ਰਾਹੀਂ, ਉਸ ਨੇ ਅੰਤ ਨੂੰ ਖੁਲ੍ਹੇਆਮ ਮਹਾਤਮਾ ਗਾਂਧੀ ਨਾਲ ਆਪਣੀ ਜਾਣ ਪਹਿਚਾਣ ਕਰਵਾਈ, ਪਰੰਤੂ ਉਹ ਗਾਂਧੀ ਦੀ ਆਪਣੇ ਆਪ ਨੂੰ ਪੇਸ਼ ਕਰਨ ਦੀ ਅੜੀਅਲ ਨਸੀਹਤ ਨੂੰ ਮੰਨਣ ਲਈ ਤਿਆਰ ਨਹੀਂ ਸੀ। ਇੱਕ ਸਰਗਰਮ ਭੂਮਿਕਾ ਲਈ ਉਹ ਭੁੱਖਣ ਭਾਣਾ ਕਰਾਚੀ, ਸੁਕੂਰ, ਮੌਂਟਗੁੰਮਰੀ ਅਤੇ ਲਾਹੌਰ ਦੇ ਰਸਤੇ ਹਰ ਪੜਾਅ 'ਤੇ ਕੌਮੀ ਆਗੂਆਂ ਦੀ ਤਾਲਾਸ਼ ਕਰਦਿਆਂ ਚਲਦਾ ਗਿਆ।

ਕੁੱਝ ਚਿਰ ਲਈ ਉਹ ਲਾਹੌਰ ਠਹਿਰਿਆ, ਜਿੱਥੇ ਉਹ ਚੌਧਰੀ ਨੂੰ ਦੂਜੀ ਵਾਰ ਮਿਲਿਆ, ਅਤੇ ਜੋਸ਼ ਭਰਪੂਰ ਢੰਗ ਨਾਲ ਆਪਣੇ ਆਪ ਨੂੰ ਕਾਂਗਰਸ ਦੇ ਅੰਗਰੇਜ਼ ਰਾਜ ਦੇ ਖਾਤਮੇ ਵਾਲੇ ਕੰਮ ਨਾਲ ਪ੍ਰਤਿਬੱਧ ਕਰ ਲਿਆ। ਉਸ ਨੇ ਨਾ ਮਿਲਵਰਤਨ ਮੁਹਿੰਮ ਦੀ ਹਮਾਇਤ ਕਰਦਿਆਂ ਪੂਰਬੀ ਪੰਜਾਬ ਅਤੇ ਨਾਲ ਲਗਦੇ ਉੱਤਰ ਪ੍ਰਦੇਸ਼ ਦੇ ਸ਼ਹਿਰਾਂ ਵਿੱਚ ਬੋਲਦਿਆਂ- ਅੰਮ੍ਰਿਤਸਰ. ਤਰਨਤਾਰਨ, ਲੁਧਿਆਣਾ, ਅੰਬਾਲਾ, ਸਹਾਰਨਪੁਰ, ਹਰਦੁਵਾਰ ਅਤੇ ਦੇਹਰਾਦੂਨ-ਅਗਿਆਤ ਰੂਪ ਵਿੱਚ ਪੰਜਾਬ ਦਾ ਦੌਰਾ ਕੀਤਾ। ਗਰਮੀਆਂ ਦੀ ਰੁੱਤੇ ਉਹ ਮੁੱਖ ਸਿੱਖ ਕੌਮਵਾਦੀਆਂ ਨੂੰ ਮਿਲਿਆ ਜਦੋਂ ਗਰਮੀਆਂ ਦੀ ਰੁੱਤ ਦੇ ਅਖੀਰ ਵਿੱਚ ਕੇਂਦਰੀ ਸਿੱਖ ਲੀਗ ਦੀ ਫੈਸਲਾਬਾਦ (ਤਦ ਲਾਇਲਪੁਰ) ਵਿਖੇ ਇਕੱਤਰਤਾ ਹੋਈ। ਕਈ ਪੈਂਫਲਿਟ ਨਿਕਲੇ। ਇਹ ਐਲਾਨ ਕਰਦਿਆਂ ਕਿ ਗੁਰਦਿੱਤ ਸਿੰਘ ਜਲਦੀ ਹੀ ਆਪਣੇ ਆਪ ਨੂੰ ਜ਼ਾਹਰ ਕਰੇਗਾ। ਸਤੰਬਰ ਅਤੇ ਅਕਤੂਬਰ ਵਿੱਚ ਪੰਜਾਬੀ ਅਖ਼ਬਾਰਾਂ ਨੇ ਨਿਯਮਤ ਰੂਪ ਵਿੱਚ ਉਸ ਦੀਆਂ ਸਾਹਸੀ ਕਾਰਵਾਈਆਂ ਦੇ ਇਤਿਹਾਸ ਦੀਆਂ ਘਟਨਾਵਾਂ ਪ੍ਰਕਾਸ਼ਿਤ ਕੀਤੀਆਂ। ਇਹ ਸਭ ਕੁਝ ਚੰਗਾ ਸੁਰਮੇਲ 'ਚ ਸੀ ਅਤੇ ਜੇਕਰ ਕੁੱਝ ਮਹੀਨੇ ਪਹਿਲਾਂ ਉਹ ਇੱਕ ਭੁੱਲੀ ਵਿਸਰੀ ਸੂਰਤ ਰਿਹਾ ਸੀ, ਹੁਣ ਉਸ ਦਾ ਨਾਂ, ਬੜੇ ਸਤਿਕਾਰ ਨਾਲ ਕਾਮਾਗਾਟਾ ਮਾਰੂ ਵਾਲੇ ਬਾਬਾ (ਪਿਤਾ) ਗੁਰਦਿੱਤ ਸਿੰਘ ਦੇ ਤੌਰ ਤੇ ਦੁਹਰਾਇਆ ਜਾਂਦਾ ਅਤੇ ਪੱਕੇ ਤੌਰ ਤੇ ਜਨਤਾ ਦੇ ਮਨ ਵਿੱਚ ਸਥਾਪਿਤ ਹੋ ਗਿਆ ਸੀ।

4 ਅਤੇ 5 ਨਵੰਬਰ ਨੂੰ, ਪੰਜਾਬ ਦੇ ਅੰਬਾਲਾ ਜ਼ਿਲ੍ਹੇ ਤੋਂ ਇੱਕ ਡੈਲੀਗੇਟ ਦੇ ਤੌਰ ਤੇ ਦਿੱਲੀ ਵਿੱਚ ਸਰਵ ਭਾਰਤ ਕਾਂਗਰਸ ਕਮੇਟੀ ਦੀ ਮੀਟਿੰਗ ਵਿੱਚ ਹਾਜ਼ਰ ਹੋਇਆ। ਉੱਥੇ ਉਸ ਨੇ ਪੁਲਿਸ ਅੱਗੇ ਆਤਮ ਸਮਰਪਣ ਕਰਨ ਬਾਰੇ ਦੂਸਰੇ ਡੈਲੀਗੇਟਾਂ ਨਾਲ

ਗੱਲਬਾਤ ਕੀਤੀ। ਸਮੇਂ ਦਾ ਸੁਆਲ ਵਿਚਾਰ ਅਧੀਨ ਆਇਆ ਅਤੇ ਅਹਿਮਦਾਬਾਦ ਵਿਚਲੇ ਕਾਂਗਰਸ ਸੈਸ਼ਨ ਦਾ ਸੁਝਾਅ ਦਿੱਤਾ ਗਿਆ। ਗਾਂਧੀ ਨੇ ਸੋਚਿਆ ਕਿ ਕੋਈ ਦੇਰੀ ਨਹੀਂ ਹੋਣੀ ਚਾਹੀਦੀ। ਉਸ ਦੇ ਲਈ ਇਹ ਸ਼ੋਭਾ ਨਹੀਂ ਦਿੰਦਾ ਸੀ ਕਿ ਗੁਰਦਿੱਤ ਸਿੰਘ ਵਰਗਾ ਦੇਸ਼ ਭਗਤ ਪੁਲਿਸ ਤੋਂ ਭੱਜਿਆ ਫਿਰੇ। ਪਰੰਤੂ ਗੁਰਦਿੱਤ ਸਿੰਘ ਅਤੇ ਉਸ ਦੇ ਦੋਸਤ ਮੌਕੇ ਦਾ ਜਿੰਨਾ ਫਾਇਦਾ ਲੈ ਸਕਦੇ ਸਨ ਲੈਣਾ ਚਾਹੁੰਦੇ ਸਨ। ਉਨ੍ਹਾਂ ਨੇ 15 ਨਵੰਬਰ ਨੂੰ ਨਨਕਾਣਾ ਵਿਖੇ ਹੁੰਦਾ ਸਲਾਨਾ ਸਿੱਖ ਮੇਲਾ ਮੁਕਰਰ ਕਰ ਲਿਆ, ਜੋ ਐਨਾ ਧਮਾਕਾਖੇਜ਼ ਮੌਕਾ ਸੀ, ਜਿੰਨਾ ਉਹ ਚੁਣ ਸਕਦੇ ਸਨ।

ਇੱਕ ਹਫਤਾ ਪਹਿਲਾਂ ਹੀ, ਉਸ ਨੇ ਅਖ਼ਬਾਰਾਂ ਨੂੰ ਸੂਚਨਾ ਦਿੱਤੀ ਕਿ ਉਹ ਮੇਲੇ ਵਿਖੇ ਹਾਜ਼ਰ ਹੋਵੇਗਾ ਅਤੇ ਆਪਣੇ ਆਪ ਨੂੰ ਅਧਿਕਾਰੀਆਂ ਦੇ ਹਵਾਲੇ ਕਰੇਗਾ। 15 ਨਵੰਬਰ ਦੀ ਸਵੇਰ ਨੂੰ ਉਹ ਨਨਕਾਣੇ ਨੂੰ ਖਿਸਕ ਗਿਆ ਜਿੱਥੇ 50 ਹਜ਼ਾਰ ਸਿੱਖ ਇਕੱਠੇ ਹੋ ਚੁੱਕੇ ਸਨ। ਉਨ੍ਹਾਂ ਵਿੱਚੋਂ ਹਜ਼ਾਰਾਂ ਨੇ ਨੌਂ ਮਹੀਨੇ ਪਹਿਲਾਂ ਮਾਰੇ ਗਏ ਅਕਾਲੀਆਂ ਦੇ ਸਨਮਾਨ 'ਚ ਕਾਲੀਆਂ ਪਗੜੀਆਂ ਬੰਨੀਆਂ ਹੋਈਆਂ ਸਨ। ਪਹਿਲਾਂ ਤੋਂ ਕੀਤੇ ਪ੍ਰਬੰਧ ਰਾਹੀਂ ਸਵੇਰ ਦੀਆਂ ਅਰਦਾਸਾਂ ਤੋਂ ਬਾਅਦ ਗੁਰਦਵਾਰੇ ਅੰਦਰਲੀ ਭੀੜ ਵਿੱਚੋਂ ਉਹ ਨਾਟਕੀ ਢੰਗ ਨਾਲ ਬਾਹਰ ਆ ਗਿਆ ਅਤੇ ਉਸ ਨੇ ਇੱਕ ਉਤਸ਼ਾਹ ਪੂਰਨ ਭਾਸ਼ਣ ਦਿੱਤਾ। ਪੁਲਿਸ ਚੰਗੀ ਤਰਾਂ ਸਮਝਦੀ ਸੀ, ਕਿ ਉਸ ਦੇ ਪਿੱਛੇ ਜਾ ਕੇ ਸਿੱਖਾਂ ਨੂੰ ਭੜਕਾਉਣ ਤੋਂ ਬਚੇ। ਉਸ ਨੇ ਉਸ ਦਿਨ ਦੋ ਵਾਰ ਹੋਰ ਸਭਾ ਨੂੰ ਸੰਬੋਧਨ ਕਰਦਿਆਂ ਸ਼ਾਮ ਦੀਆਂ ਅਰਦਾਸਾਂ ਵਿੱਚ ਭਾਗ ਲੈਂਦਿਆਂ ਅਤੇ ਸਵੇਰੇ ਸਾਝਰੇ ਵੇਲੇ ਦੇ ਪਟਾਖਿਆਂ ਦੇ ਪ੍ਰਦਰਸ਼ਨ ਨੂੰ ਦੇਖਦਿਆਂ ਪੂਰੀ ਤਰ੍ਹਾਂ ਤਿਉਹਾਰ ਵਿੱਚ ਭਾਗ ਲਿਆ। ਫਿਰ ਦੂਸਰੇ ਦਿਨ ਲੌਢੇ ਵੇਲੇ ਪੁਲਿਸ ਕਮਿਸ਼ਨਰ ਨਾਲ ਰੁੱਕਿਆਂ ਦੇ ਵਟਾਂਦਰੇ ਰਾਹੀਂ ਤਹਿ ਕੀਤੇ ਸਮੇਂ ਅਨੁਸਾਰ, ਉਸ ਨੇ ਕਮਿਸ਼ਨਰ ਦੇ ਬੰਗਲੇ ਵੱਲ ਇੱਕ ਵਿਸ਼ਾਲ ਜਲੂਸ ਦੀ ਅਗਵਾਈ ਕੀਤੀ। ਜਿਵੇਂ ਕਿ ਤੀਰਥ ਯਾਤਰੀ ਰਸਤੇ ਦੇ ਆਰਪਾਰ ਮੈਦਾਨ ਵਿੱਚ ਬੈਠੇ ਹੋਏ ਸਨ-ਉਸ ਦਾ ਪੁੱਤਰ ਬਲਵੰਤ, ਉਸ ਦਾ ਬਜ਼ੁਰਗ ਪਿਤਾ ਹੁਕਮ ਸਿੰਘ, ਅਤੇ ਉਸ ਦੀ ਵੱਡੀ ਭੈਣ ਉਨ੍ਹਾਂ ਵਿੱਚ ਸੀ-ਉਹ ਦਰਵਾਜ਼ੇ ਤੱਕ ਚੱਲ ਕੇ ਗਿਆ ਅਤੇ ਆਤਮ ਸਮਰਪਣ ਕਰ ਦਿੱਤਾ। ਉਹ ਸੱਤ ਸਾਲ, ਇੱਕ ਮਹੀਨੇ ਅਤੇ ਸਤਾਰਾਂ ਦਿਨਾਂ ਤੋਂ ਭਗੌੜਾ ਰਿਹਾ ਸੀ। ਹੁਣ ਉਸ ਨੂੰ ਕੌਮੀ ਤਵੱਜੋ ਮਿਲੀ।

ਆਪਣੇ ਹਫਤਾਵਾਰ ਰਸਾਲੇ, 'ਯੰਗ ਇੰਡੀਆ' ਦੇ ਪੰਨਿਆਂ ਵਿੱਚ ਗਾਂਧੀ ਨੇ ਅਹਿੰਸਕ ਰਹਿਣ ਤੇ ਵਧਾਈ ਦਿੱਤੀ। "ਇਹ ਛੋਟਾ ਮਸਲਾ ਨਹੀ।" ਉਸ ਨੇ ਲਿਖਿਆ, "ਕਿਸੇ ਦਾ ਸੱਤ ਸਾਲ ਛੁਪੇ ਰਹਿਣਾ ਤੇ ਪੁਲਿਸ ਤੋਂ ਬਚੇ ਰਹਿਣਾ ਅਤੇ ਫਿਰ ਖੁਲ੍ਹੇਆਮ ਉਨ੍ਹਾਂ ਅੱਗੇ ਆਤਮ-ਸਮਰਪਣ ਕਰਨਾ, ਫਿਰ ਵੀ ਸਰਦਾਰ ਗੁਰਦਿੱਤ ਸਿੰਘ ਇਹ ਚਮਤਕਾਰ ਕਰਨ ਵਿੱਚ ਸਫਲ ਹੋ ਗਿਆ।" ਉਸ ਦੇ ਸ਼ਬਦ ਅਹਿਮਦਾਬਾਦ ਕਾਂਗਰਸ ਦੁਆਰਾ ਦਸੰਬਰ ਵਿੱਚ ਗੁੰਜਾਏ ਗਏ, ਜਿਹੜੀ ਨਾ-ਮਿਲਵਰਤਨ ਮੁਹਿੰਮ

ਦੇ ਬਾਰ੍ਹਵੇਂ ਮਹੀਨੇ ਦੇ ਬੇਹੱਦ ਜੋਸ਼ੀਲੇ ਮਹੌਲ ਵਿੱਚ ਹੋ ਰਹੀ ਸੀ। ਇਸ ਕਾਂਗਰਸ ਨੇ ਗੁਰਦਿੱਤ ਸਿੰਘ ਅਤੇ ਸਿੱਖਾਂ ਨੂੰ ਵਧਾਈ ਦੇਣ ਲਈ ਸਮਾਂ ਕੱਢਿਆ, ਜਿਨ੍ਹਾਂ ਨੇ ਸ਼ਾਤੀ ਬਣਾਈ ਰੱਖੀ ਸੀ, ਜਦੋਂ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

ਇੱਕ ਸੁਰੱਖਿਅਤ ਸਰਕਾਰ ਨੇ ਉਸ 'ਤੇ ਮੁਕੱਦਮਾ ਚਲਾਉਣ ਦੀ ਪਰਵਾਹ ਨਾ ਕੀਤੀ ਹੁੰਦੀ, ਪਰੰਤੂ ਪੰਜਾਬੀ ਅਧਿਕਾਰੀਆਂ ਦਾ ਦ੍ਰਿਸ਼ਟੀਕੋਣ ਇਹ ਨਹੀਂ ਸੀ। ਉਹ ਗੁਰਦਿੱਤ ਸਿੰਘ ਨੂੰ ਬਜ ਬਜ ਵਿਖੇ ਆਪਣੀ ਭੂਮਿਕਾ ਲਈ ਮੁਕੱਦਮੇ ਦਾ ਸਾਹਮਣਾ ਕਰਨ ਲਈ ਗੱਡੀ ਰਾਹੀਂ ਕੋਲਕਾਤੇ ਨੂੰ ਚਲਦਾ ਕਰਨ ਦਾ ਇਰਾਦਾ ਰੱਖਦੇ ਸਨ। ਜਿਹੜੀ ਚੀਜ਼ ਨੇ ਉਨ੍ਹਾਂ ਨੂੰ ਰੋਕਿਆ, ਉਹ ਸੀ ਬੰਗਾਲ ਸਰਕਾਰ ਦਾ ਸੁਨੇਹਾ ਕਿ ਉਨ੍ਹਾਂ ਨੂੰ ਉਸ ਦੀ ਲੋੜ ਨਹੀਂ। ਉਸ ਨੂੰ ਉਸ ਪਲ ਰਿਹਾ ਕੀਤਾ ਜਾ ਸਕਦਾ ਸੀ। ਪਰ ਇਸ ਦੀ ਬਜਾਏ ਉਸ ਨੂੰ ਦੱਖਣ ਪੱਛਮੀ ਪੰਜਾਬ ਵਿੱਚ ਡੇਰਾ ਗਾਜ਼ੀ ਖਾਂ ਭੇਜ ਦਿੱਤਾ ਗਿਆ, ਜਿੱਥੇ ਉਸ ਨੂੰ 28 ਫਰਵਰੀ 1922 ਤੱਕ ਬਿਨਾਂ ਮੁਕੱਦਮੇ ਨਜ਼ਰਬੰਦ ਰੱਖਿਆ ਗਿਆ। ਜਦੋਂ ਉਸ ਨੂੰ ਰਿਹਾ ਕੀਤਾ ਗਿਆ, ਉਸ ਨੇ ਸ਼ਾਹੀ ਵਾਪਸੀ ਕੀਤੀ। ਹਰੇਕ ਠਹਿਰਾਅ ਤੇ ਬੋਲਦਿਆਂ 4 ਮਾਰਚ ਨੂੰ ਲਾਹੌਰ ਅਤੇ 6 ਮਾਰਚ ਨੂੰ ਅੰਮ੍ਰਿਤਸਰ ਪਹੁੰਚਿਆ। ਹਜ਼ਾਰਾਂ ਲੋਕ ਉਸ ਨੂੰ ਅੰਮ੍ਰਿਤਸਰ ਸਟੇਸ਼ਨ 'ਤੇ ਮਿਲੇ ਅਤੇ ਉਸ ਨੇ ਦਿਨ ਮੁੱਕਣ ਤੋਂ ਪਹਿਲਾਂ ਦੋ ਰੈਲੀਆਂ ਨੂੰ ਸੰਬੋਧਨ ਕੀਤਾ। ਉਸ ਦੀ ਭਾਸ਼ਾ ਭੜਕਾਊ ਸੀ। ਉਸ ਨੇ ਖੁਲ੍ਹੇਆਮ ਗ੍ਰਿਫ਼ਤਾਰੀ ਦਿੱਤੀ। "ਅਸੀਂ ਆਪਣੇ ਆਪ ਨੂੰ ਸਰਕਾਰ ਲਈ ਕੁਰਬਾਨ ਕੀਤਾ", ਵਿਸ਼ਵ ਯੁੱਧ ਵਿੱਚ ਭਾਰਤੀਆਂ ਦੇ ਯੋਗਦਾਨ ਦਾ ਹਵਾਲਾ ਦਿੰਦਿਆਂ ਉਸ ਨੇ ਕਿਹਾ, "ਬਦਲੇ ਵਿੱਚ ਸਾਨੂੰ ਕੀ ਮਿਲਿਆ?-ਜਲ੍ਹਿਆਂਵਾਲਾ ਬਾਗ਼" ਉਸ ਨੇ ਕੰਗਾਲ ਹੋਣ ਦਾ ਦਾਅਵਾ ਕੀਤਾ, ਸਰਕਾਰ ਕਾਮਾਗਾਟਾ ਮਾਰੂ ਦੇ ਨਾਂ ਤੇ 10000 ਰੁਪਏ ਲੈ ਚੁੱਕੀ ਸੀ, ਲੇਕਿਨ ਉਸ ਨੇ ਕਿਹਾ, "ਇਸ ਨਾਲ ਕੋਈ ਫਰਕ ਨਹੀਂ ਪੈਂਦਾ ਭਾਵੇਂ ਮੈਂ ਇੱਕ ਲੱਖ ਰੁਪਇਆ ਵੀ ਗੁਆ ਚੁੱਕਾ ਹੋਵਾਂ; ਹੁਣ ਮੈਂ ਅਸਲੀ ਕੀਮਤ ਦੇਵਾਂਗਾ ਜੋ ਕਿ ਮੇਰੀ ਜਿੰਦਗੀ ਹੈ।"

ਅਗਲੇ ਦਿਨ, 7 ਮਾਰਚ ਨੂੰ ਉਸ ਨੂੰ ਫਿਰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ 12 ਮਾਰਚ ਨੂੰ ਉਸ ਨੂੰ ਇੱਕ ਮੈਜਿਸਟਰੇਟ ਸਾਹਮਣੇ ਲਿਆਂਦਾ ਗਿਆ ਅਤੇ ਬਗ਼ਾਵਤ ਦਾ ਪ੍ਰਚਾਰ ਕਰਨ ਦਾ ਦੋਸ਼ ਲਗਇਆ ਗਿਆ। ਉਸ ਨੇ ਆਪਣੇ ਪੱਖ ਦੀ ਪੁਸ਼ਟੀ ਕਰਨ ਨੂੰ ਚੁਣਿਆ- ਗਾਂਧੀਵਾਦੀ ਸਿਧਾਤਾਂ ਤੋਂ ਵਿਦਾਇਗੀ-ਆਪਣੀ ਅਤੇ ਕਾਮਾਗਾਟਾ ਮਾਰੂ ਦੀ ਕਹਾਣੀ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ। ਉਸ ਦਾ ਮੁਕੱਦਮਾ ਕਈ ਵਾਰ ਵਾਪਸ ਭੇਜਿਆ ਗਿਆ ਅਤੇ ਕਾਰਵਾਈ ਅਪ੍ਰੈਲ, ਮਈ ਅਤੇ ਜੂਨ ਤੱਕ ਲਮਕ ਗਈ। 26 ਜੁਲਾਈ ਨੂੰ ਉਸ ਨੂੰ ਅੰਮ੍ਰਿਤਸਰ ਵਿੱਚ ਪੰਜ ਸਾਲ ਕੈਦ ਦੀ ਸਜ਼ਾ ਹੋਈ। ਉਸ ਦੀ 63 ਸਾਲ ਉਮਰ ਸੀ ਸਮੇਤ ਉਸ ਦੇ ਦਹਾਕਿਆਂ ਤੱਕ ਹੋਰ ਜਿੰਦਾ ਰਹਿਣ ਦੇ ਅਤੇ ਬਹੁਤ ਕੁਝ ਅਨੁਭਵ ਕਰਨ ਦੇ।

ਉਸ ਨੂੰ ਸਜ਼ਾ ਹੋਣ ਪਿੱਛੋਂ, ਉਸ ਨੇ ਇਹ ਪੂਰੇ ਪੰਜ ਸਾਲ ਪੱਛਮੀਂ ਪੰਜਾਬ

(ਹੁਣ ਪਾਕਿਸਤਾਨ) ਵਿੱਚ ਮੀਆਂਵਾਲੀ ਜੇਲ੍ਹ ਵਿੱਚ ਕੱਟੀ। ਉਸ ਦੇ ਜੇਲ੍ਹ 'ਚ ਦਾਖਲ ਹੋਣ ਤੋਂ ਪਹਿਲਾਂ ਨਾਮਿਲਵਰਤਨ ਮੁਹਿੰਮ ਦਾ ਪਤਨ ਹੋ ਚੁੱਕਾ ਸੀ। ਭਾਵੇਂ ਪੰਜਾਬ ਦੇ ਰਵੱਈਏ ਨੂੰ ਅਜੇ ਵੀ ਉਚਾਟ ਬਿਆਨ ਕੀਤਾ ਗਿਆ ਸੀ। ਜਦੋਂ ਉਹ 1927 ਵਿੱਚ ਬਾਹਰ ਆਇਆ ਦੇਸ਼ ਮੁਕਾਬਲਤਨ ਸ਼ਾਤ ਸੀ। ਉਸ ਨੇ ਕੋਲਕਾਤਾ ਵਿੱਚ ਰਿਹਾਇਸ਼ ਲੈ ਲਈ। ਉਸ ਨੇ ਆਪਣੇ ਕਾਮਾਗਾਟਾ ਮਾਰੂ ਦੇ ਨੁਕਸਾਨਾਂ- ਮੁੱਖ ਤੌਰ ਤੇ ਬਜ ਬਜ ਵਿਖੇ ਉਸ ਦੇ ਕੈਬਿਨ ਵਿੱਚ ਲੋਹੇ ਦੀ ਤਿਜੌਰੀ ਵਿੱਚ ਰਹਿ ਗਈ ਨਕਦੀ ਅਤੇ ਪਰਨੋਟਾਂ -ਲਈ 25000 ਰੁਪਏ ਦਾ ਹਰਜਾਨਾ ਪ੍ਰਾਪਤ ਕਰਨ ਲਈ, ਬੰਗਾਲ ਸਰਕਾਰ ਖ਼ਿਲਾਫ ਜੇਲ੍ਹ ਵਿੱਚ ਸ਼ੁਰੂ ਕੀਤੇ, ਇੱਕ ਵਿਅਰਥ ਮੁਕੱਦਮੇਂ ਨੂੰ ਜਾਰੀ ਰੱਖਿਆ। ਨਨਕਾਣਾ ਵਿਖੇ ਆਪਣੇ ਆਤਮ ਸਮਰਪਣ ਪਿੱਛੋਂ ਉਸ ਨੇ ਉਸ ਹੱਥ ਲਿਖਤ ਨੂੰ ਪ੍ਰਕਾਸ਼ਿਤ ਕਰ ਦਿੱਤਾ ਸੀ, ਜੋ ਉਸ ਨੇ ਆਪਣੀ ਫਰਾਰੀ ਦੇ ਸਾਲਾਂ ਦੌਰਾਨ ਕਦੇ ਕਦੇ ਲਿਖੀ ਸੀ। ਹੁਣ ਕੋਲਕਾਤਾ ਵਿੱਚ ਲਗਭਗ ਛੇ ਸਾਲਾਂ ਬਾਅਦ, ਉਸ ਦੇ, ਮਿੱਤਰਾਂ ਦੁਆਰਾ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ ਹੋਇਆ ਇੱਕ ਸੋਧਿਆ ਹੋਇਆ ਰੂਪਾਂਤਰ ਪ੍ਰਕਾਸ਼ਿਤ ਕੀਤਾ। 1929 ਵਿੱਚ ਉਹ ਲਾਹੌਰ ਵਿੱਚ ਸਰਵ ਭਾਰਤੀ ਕਾਂਗਰਸ ਸੈਸ਼ਨ ਲਈ ਬਤੌਰ ਡੈਲੀਗੇਟ ਚੁਣਿਆ ਗਿਆ ਅਤੇ ਠੀਕ ਆਪਣੇ ਸੱਤਰਵਿਆਂ ਤੱਕ ਲਗਾਤਾਰ ਕਾਂਗਰਸ ਦਾ ਸਰਗਰਮ ਕਾਰਜਕਰਤਾ ਰਿਹਾ। 1930 ਵਿਆਂ ਦੀ ਸ਼ੁਰੂਆਤ ਦੇ ਨਵਿਆਏ ਅੰਦੋਲਨ ਦੌਰਾਨ, ਉਹ 1931 ਵਿੱਚ ਪੰਜ ਮਹੀਨਿਆਂ ਲਈ, 1932 'ਚ ਛੇ, ਅਤੇ 1933 'ਚ ਇੱਕ ਹੋਰ ਸਮੇਂ ਲਈ ਜੇਲ੍ਹ ਗਿਆ। ਕੋਲਕਾਤਾ ਵਿੱਚ ਇੱਕ ਅੰਗਰੇਜ਼ੀ ਭਾਸ਼ੀ ਅਖ਼ਬਾਰ ਸਟੇਟਸਮੈਨ ਨੇ ਉਸ ਦੇ ਅਤੀਤ ਦੀ ਇੱਕ ਅਪਮਾਨਜਨਕ ਲੇਖ ਵਿੱਚ ਚਰਚਾ ਕਰਨ ਦੀ ਗਲਤੀ ਕੀਤੀ, ਜੋ ਉਸ ਨੂੰ ਗਦਰ ਦੀ ਸਾਜ਼ਿਸ਼ ਅਤੇ ਰਾਜਨੀਤਕ ਮਕਸਦਾਂ ਲਈ ਕਤਲ ਦੀ ਵਰਤੋਂ ਨਾਲ ਜੋੜਦਾ ਸੀ। 1934-35 ਵਿੱਚ ਉਹ ਉਸ ਅਖਬਾਰ ਖ਼ਿਲਾਫ਼ ਮਾਣ-ਹਾਨੀ ਦਾ ਮੁਕੱਦਮਾ ਜਿੱਤ ਗਿਆ ਅਤੇ ਉਸ ਨੂੰ ਮੁਆਵਜ਼ੇ ਦੇ ਤੌਰ ਤੇ 2000 ਰੁਪਏ ਦਿੱਤੇ ਗਏ। 1935 ਵਿੱਚ ਉਹ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਕਾਂਗਰਸੀ ਉਮੀਦਵਾਰ ਦੇ ਤੌਰ ਤੇ ਪੰਜਾਬ ਵਿਧਾਨ ਸਭਾ ਦੀ ਚੋਣ ਲੜੀ, ਲੇਕਿਨ ਇੱਕ ਉੱਭਰ ਰਹੇ ਸਿੱਖ ਰਾਸ਼ਟਰਵਾਦੀ ਸਿਆਸਤਦਾਨ ਪ੍ਰਤਾਪ ਸਿੰਘ ਕੈਰੋਂ ਜੋ ਉਸ ਤੋਂ ਇਕਤਾਲੀ ਸਾਲ ਛੋਟਾ ਸੀ, ਖ਼ਿਲਾਫ਼ ਬਹੁਸੰਮਤੀ ਪ੍ਰਾਪਤ ਕਰਨ ਲਈ ਕਾਮਾਗਾਟਾ ਮਾਰੂ ਦੇ ਬਾਬਾ ਜੀ (ਸਤਿਕਾਰਿਤ ਪਿਤਾ) ਦੇ ਤੌਰ 'ਤੇ ਅਸਰ ਰਸੂਖ ਕਾਫੀ ਨਹੀਂ ਸੀ।

ਗੁਰਦਿੱਤ ਸਿੰਘ ਨੇ ਸ਼ਿਕਾਇਤ ਕੀਤੀ ਕਿ ਸਰਕਾਰ ਵੱਲੋਂ ਉਸ ਨਾਲ ਜੋ ਵਿਵਹਾਰ ਹੋਇਆ ਉਸ ਨਾਲ ਉਸ ਦਾ ਸਾਰਾ ਧਨ, ਜੋ ਵੀ ਉਸ ਪਾਸ ਸੀ, ਖਰਚ ਹੋ ਗਿਆ। "ਮੈਨੂੰ ਮੇਰੀ 79 ਸਾਲ ਦੀ ਉਮਰ 'ਚ ਵੀ ਸਖਤ ਮਿਹਨਤ ਕਰਨੀ ਪੈਂਦੀ ਹੈ", ਉਸ ਨੇ ਜੁਲਾਈ 1939 ਵਿੱਚ ਹਿੰਦੀ ਲੇਖਕ ਰਾਮਸ਼ਰਨ ਵਿਦਿਆਰਥੀ ਨੂੰ

ਲਿਖਿਆ ਜੋ ਉਸ ਦੀ ਜੀਵਨੀ ਲਿਖਣ ਨੂੰ ਹੱਥ ਲੈ ਰਿਹਾ ਸੀ:

"ਮੈਂ ਸਧਾਰਨ ਤੌਰ 'ਤੇ ਆਪਣੀ ਖੁਦ ਦੀ ਸਵੈ-ਜੀਵਨੀ ਲਿਖਣ ਲਈ ਵਕਤ ਨਹੀਂ ਕੱਢ ਸਕਦਾ। ਮੈਂ ਜੋ ਬਰਤਾਨਵੀ ਸਰਕਾਰ ਖ਼ਿਲਾਫ਼ 2000 ਰੁਪਏ ਦਾ ਦਾਅਵਾ ਕੀਤਾ ਸੀ, ਜੋ ਰੱਦ ਕੀਤਾ ਜਾ ਚੁੱਕਾ ਹੈ। ਅਗਰ ਬਰਤਾਨਵੀ ਸਰਕਾਰ ਨਿਆਂਪੂਰਨ ਸਰਕਾਰ ਹੁੰਦੀ, ਮੈਂ ਇਸ ਦਾਅਵੇ ਲਈ ਜ਼ੋਰ ਨਾ ਪਾਇਆ ਹੁੰਦਾ। ਮੇਰੇ ਪਾਸ ਬਹੁਤ ਸਾਰੇ ਸਬੂਤ ਨੇ ਕਿ ਸਰਕਾਰ ਨੇ ਬਿਨਾਂ ਕਿਸੇ ਜੁਰਮ ਦੇ ਮੈਨੂੰ ਬਹੁਤ ਪ੍ਰੇਸ਼ਾਨੀ ਅਤੇ ਕਸ਼ਟ ਦਿੱਤਾ ਹੈ। ਇਹੀ ਕਾਰਨ ਹੈ ਕਿ ਮੈਂ ਬਰਤਾਨਵੀ ਸਰਕਾਰ ਦਾ ਵਿਰੋਧ ਕਰਦਾ ਹਾਂ। ਬਰਤਾਨਵੀ ਸਰਕਾਰ ਸਾਡੇ ਦੇਸ਼ ਵਾਸੀਆਂ ਲਈ ਬਹੁਤ ਅਨਿਆਈ ਹੈ, ਅਤੇ ਇਸ ਦੇ ਅਧਾਰ 'ਤੇ ਮੈਂ ਇਹ ਆਪਣੀ ਜਿੰਦਗੀ ਦਾ ਅਸੂਲ ਬਣਾ ਲਿਆ ਹੈ ਕਿ ਮੈਂ ਇਸ ਸਰਕਾਰ ਨੂੰ ਉਖਾੜਨ ਅਤੇ ਮੇਰੇ ਦੇਸ਼ ਲਈ ਅਜ਼ਾਦੀ ਸਥਾਪਤ ਕਰਨ ਦਾ ਇੱਛਕ ਹਾਂ। ਅਤੇ ਇਸੇ ਲਈ ਹੀ ਮੈਂ ਸਭ ਕਿਸਮ ਦੇ ਕਸ਼ਟ ਝੱਲ ਚੁੱਕਾ ਹਾਂ।"

ਇਹ ਉਸ ਨੇ ਬਰਤਾਨੀਆ ਦੇ ਚਲੇ ਜਾਣ ਅਤੇ ਭਾਰਤ ਦੇ ਆਪਣੀ ਅਜ਼ਾਦੀ ਪ੍ਰਾਪਤ ਕਰਨ ਤੋਂ ਅੱਠ ਸਾਲ ਪਹਿਲਾਂ ਲਿਖਿਆ। ਉਸ ਨੇ 1920 ਤੋਂ ਗਾਂਧੀ ਦੇ ਮਤ ਦੀ ਪੈਰਵੀ ਕੀਤੀ ਸੀ ਅਤੇ ਇੱਕ ਬਹੁਤ ਹੀ ਬੁੱਢੇ ਆਦਮੀਂ ਦੇ ਤੌਰ 'ਤੇ ਉਸ ਨੇ ਜ਼ੋਰ ਪਾਇਆ ਸੀ ਕਿ ਉਸ ਨੇ ਕਦੇ ਵੀ ਦੂਸਰੀ ਤਰ੍ਹਾਂ ਨਹੀਂ ਸੋਚਿਆ ਸੀ। ਉਸ ਵੱਲੋਂ ਪ੍ਰਕਾਸ਼ਿਤ ਕਾਮਾਗਾਟਾ ਮਾਰੂ ਦੇ ਵੇਰਵੇ ਵਿੱਚ ਉਹ ਜਹਾਜ਼ ਉੱਪਰ ਗਦਰ ਸਾਹਿਤ ਬਾਰੇ ਅਤੇ ਯੋਕੋਹਾਮਾ ਵਿਖੇ ਜਹਾਜ਼ ਉੱਪਰ ਰਿਵਾਲਵਰ ਲਿਆਉਣ ਬਾਰੇ ਬਹੁਤ ਚੌਕਸ ਸੀ। ਪਰੰਤੂ ਉਨ੍ਹਾਂ ਦਾ ਉਸ ਨੇ ਗੋਲਮੋਲ ਢੰਗ ਨਾਲ ਜ਼ਿਕਰ ਕੀਤਾ। ਉਸ ਦੇ ਧਿਆਨ ਪੂਰਵਕ ਚੁਣੇ ਸ਼ਬਦ ਸਨ ਕਿ "ਸਾਰੀਆਂ ਇਤਰਾਜ਼ਯੋਗ ਚੀਜ਼ਾਂ ਬਜ ਬਜ ਤੋਂ ਪਹਿਲਾਂ ਸਮੁੰਦਰ ਵਿੱਚ ਸੁੱਟ ਦਿੱਤੀਆਂ ਗਈਆਂ ਸਨ।" ਇਸ ਨੇ ਉਸ ਦੇ ਇਸ ਅਨੁਰੋਧ ਦੀ ਹਮਾਇਤ ਕੀਤੀ ਕਿ ਬਜ ਬਜ ਵਿਖੇ ਯਾਤਰੀ ਬੇਹਥਿਆਰੇ ਸਨ ਅਤੇ ਸਵੈ-ਰੱਖਿਆ 'ਚ ਵਾਰ ਕਰਨ ਦੇ ਵੀ ਯੋਗ ਨਹੀਂ ਸਨ। ਉਹ ਭਾਰਤੀ ਅਜ਼ਾਦੀ, ਜਿਸ ਨੂੰ ਦੇਖਣ ਲਈ ਉਹ ਜਿੰਦਾ ਰਿਹਾ, ਤੋਂ ਬਾਅਦ ਵੀ ਇਸੇ ਕਹਾਣੀ ਤੇ ਅੜਿਆ ਰਿਹਾ। ਉਹ ਸਤੰਬਰ 1947 ਵਿੱਚ ਬਹੁਤ ਹੀ ਨਿਸ਼ਚਿਤ ਰੂਪ ਵਿੱਚ ਬੋਲਿਆ, ਜਦੋਂ ਉਸ ਨੇ ਕੱਲਕਾਤਾ ਵਿੱਚ ਬੰਗਾਲ ਦੇ ਇਨਕਲਾਬੀ ਜਤਿੰਦਰਨਾਥ ਮੁਕਰਜੀ ਦੀ ਮੌਤ ਦੀ ਬੱਤੀਵੀਂ ਬਰਸੀ 'ਤੇ ਇੱਕ ਜਨਤਕ ਮੀਟਿੰਗ ਦੀ ਪ੍ਰਧਾਨਗੀ ਕੀਤੀ। ਜੋ ਕੁਝ ਉਸ ਨੇ ਉਸ ਸਮੇਂ ਕਿਹਾ ਉਹ ਇਹ ਸੀ ਕਿ ਕਾਮਾਗਾਟਾ ਮਾਰੂ ਇੱਕ ਵਪਾਰਿਕ ਜੋਖ਼ਮ ਸੀ, ਨਾ ਕਿ ਰਾਜਨੀਤਕ। ਉਹ ਯਾਤਰੀਆਂ ਦੀ ਨਿਰਦੋਸ਼ਤਾ ਤੇ ਜ਼ੋਰ ਦੇਣਾ ਚਹੁੰਦਾ ਸੀ, ਜਿਨ੍ਹਾਂ ਨੂੰ ਕਨੇਡਾ 'ਚ ਦਾਖਲੇ ਤੋਂ ਇਨਕਾਰ ਕੀਤਾ ਗਿਆ ਅਤੇ ਜਿਨ੍ਹਾਂ 'ਤੇ ਭਾਰਤ ਵਿੱਚ ਪੁਲਿਸ ਅਤੇ ਫੌਜ ਵੱਲੋਂ ਘਾਤਕ ਰੂਪ ਵਿੱਚ ਗੋਲੀਬਾਰੀ ਕੀਤੀ ਗਈ।

ਕਾਮਾਗਾਟਾ ਮਾਰੂ ਅੰਤ ਤੱਕ ਉਸ ਦੇ ਮਨ ਤੇ ਭਾਰੂ ਰਿਹਾ। ਸਤੰਬਰ 1951



*17 ਪੰਡਤ ਨਹਿਰੂ ਪਰਧਾਨ ਮੰਤਰੀ, ਕਲਕੱਤਾ ਨੇੜੇ ਬਜ ਬਜ ਘਾਟ ਤੇ ਕਾਮਾਗਾਟਾ ਮਾਰੂ ਦੇ ਸ਼ਹੀਦਾਂ ਦੀ ਯਾਦਗਾਰ ਨੂੰ ਕੌਮ ਨੂੰ ਸਮਰਪਤ ਕਰਦੇ 1 ਜਨਵਰੀ 1952. ਬਾਬਾ ਗੁਰਦਿੱਤ ਸਿੰਘ ਖ਼ੂੰਡੀ ਨਾਲ*

ਵਿੱਚ ਉਸ ਨੇ ਪ੍ਰਧਾਨ ਮੰਤਰੀ ਨਹਿਰੂ ਨੂੰ ਲਿਖਿਆ ਕਿ ਉਸ ਦੀ ਸਿਹਤ ਠੀਕ ਨਹੀਂ ਅਤੇ ਉਸ ਦੀ ਜਿਉਂਦੇ ਜੀ ਯਾਤਰੀਆਂ ਲਈ ਨਿਰਮਾਣ ਕੀਤੀ ਯਾਦਗਾਰ ਦੇਖਣ ਦੀ ਇੱਛਾ ਹੈ। ਇਸ ਪ੍ਰਾਜੈਕਟ ਵਿੱਚ ਬੰਗਾਲ ਦੀ ਸਰਕਾਰ ਸ਼ਾਮਿਲ ਸੀ ਅਤੇ ਗੁਰਦਿੱਤ ਸਿੰਘ ਨੇ ਥਾਂ ਦੀ ਚੋਣ ਕਰਨ ਵਿੱਚ ਮਦਦ ਕੀਤੀ। ਬਜ ਬਜ ਵਿਖੇ ਮੁਕੰਮਲ ਹੋਏ ਸਮਾਰਕ ਦਾ ਨਹਿਰੂ ਨੇ 1 ਜਨਵਰੀ 1952 ਨੂੰ ਉਦਘਾਟਨ ਕੀਤਾ। 1953 ਦੀ ਪਤਝੜ ਵਿੱਚ ਗੁਰਦਿੱਤ ਸਿੰਘ ਕਮਜ਼ੋਰ ਹੋਣਾ ਸ਼ੁਰੂ ਹੋ ਗਿਆ ਅਤੇ ਜਨਵਰੀ 1954 ਵਿੱਚ ਉਸ ਦੇ ਦੋਸਤ ਉਸ ਨੂੰ ਬਦਲਾਅ ਲਈ ਕੱਲਕੱਤਾ ਤੋਂ ਵਾਪਸ ਅੰਮ੍ਰਿਤਸਰ ਲੈ ਆਏ। ਉਸ ਨੇ ਮਰਨ ਤੋਂ ਪਹਿਲਾਂ ਕਾਮਾਗਾਟਾ ਮਾਰੂ ਦੇ ਯਾਤਰੀਆਂ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਅਤੇ ਅੰਮ੍ਰਿਤਸਰ ਦੀ ਪੰਜਾਬ ਸਿੱਖ ਯੂਥ ਫੈਡਰੇਸ਼ਨ ਨੇ ਕਾਮਾਗਾਟਾ ਮਾਰੂ ਦੇ ਸ਼ਹੀਦਾਂ ਦੀ ਯਾਦ 'ਚ ਇੱਕ ਕਵੀ ਦਰਬਾਰ, ਕਵਿਤਾ ਉਤਸਵ, ਦਾ ਆਯੋਜਨ ਕੀਤਾ। ਇਹ 4 ਜੁਲਾਈ 1954 ਨੂੰ ਹੋਇਆ ਅਤੇ ਗੁਰਦਿੱਤ ਸਿੰਘ ਨੇ ਪ੍ਰਧਾਨਗੀ ਕੀਤੀ। ਆਪਣੇ 95 ਸਾਲ ਦੇ ਅਖੀਰ ਤੇ ਵੀਹ ਦਿਨਾਂ ਪਿੱਛੋਂ ਉਸ ਦੀ ਮੌਤ ਹੋ ਗਈ।

ਪਿੱਛਲਝਾਤ ਵਿੱਚ ਗੁਰਦਿੱਤ ਸਿੰਘ ਦਾ ਗਦਰ ਪਾਰਟੀ ਨਾਲ ਰਿਸ਼ਤਾ ਕੁੱਝ ਪੁਣ ਛਾਣ ਕਰਨ ਵਾਲਾ ਹੈ। ਉਸ ਨੇ ਕਾਮਾਗਾਟਾ ਮਾਰੂ 'ਤੇ ਆਉਣ ਵਾਲੇ ਗਦਰੀਆਂ ਅਤੇ ਗਦਰ ਸਹਿਤ ਨੂੰ ਜੀ ਆਇਆਂ ਕਿਹਾ ਅਤੇ ਯਾਤਰੀਆਂ ਨੂੰ ਉਸ ਦੇ ਪ੍ਰਭਾਵ ਹੇਠ ਉਨ੍ਹਾਂ ਦੀ ਸਾਰੀ ਲੰਬੀ ਸਮੁੰਦਰੀ ਯਾਤਰਾ ਦੌਰਾਨ ਗਦਰ ਪ੍ਰਚਾਰ

ਪ੍ਰਸਾਰ ਦੀ ਇਕਸਾਰ ਖ਼ੁਰਾਕ ਪ੍ਰਾਪਤ ਹੋਈ। ਉਸ ਦਾ ਜੀਵਨੀਕਾਰ, ਜਸਵੰਤ ਸਿੰਘ, ਗੁਰਦਿੱਤ ਸਿੰਘ ਦੀ ਮੌਤ ਤੋਂ ਗਿਆਰਾਂ ਸਾਲ ਬਾਅਦ ਲ਼ਿਖਦਿਆਂ ਕਹਿੰਦਾ ਹੈ, ਕਿ ਸਮੁੰਦਰੀ ਜਹਾਜ਼ ਦੇ ਵੈਨਕੂਵਰ ਪਹੁੰਚਣ ਦੇ ਸਮੇਂ ਤੱਕ, "ਹਰੇਕ ਯਾਤਰੀ ਨੂੰ ਅੰਗਰੇਜ਼ ਸਰਕਾਰ ਪ੍ਰਤੀ ਸਖ਼ਤ ਨਫ਼ਰਤ ਸੀ।" ਜੇਕਰ ਇਹ ਸੱਚ ਸੀ ਤਾਂ ਜ਼ਿਆਦਾਤਰ ਗੁਰਦਿੱਤ ਸਿੰਘ ਜ਼ਿੰਮੇਵਾਰ ਸੀ। ਜੇਕਰ ਉਹ ਚਾਹੁੰਦਾ ਦਖ਼ਲ ਅੰਦਾਜ਼ੀ ਕਰ ਸਕਦਾ ਸੀ। ਬਿਨਾਂ ਸ਼ੱਕ ਬਰਤਾਨਵੀ ਰਾਜ, ਵਿਸ਼ਵਵਿਆਪੀ ਬਰਤਾਨਵੀ ਬਸਤੀਵਾਦੀ ਪ੍ਰਬੰਧ, ਅਤੇ ਬਰਤਾਨਵੀ ਅਤੇ ਆਮ ਤੌਰ ਤੇ ਦੂਸਰੇ ਪੱਛਮ ਵਾਲਿਆਂ ਪ੍ਰਤੀ ਸਾੜੇ ਵਾਲੇ ਨਜ਼ਰੀਏ ਸਮੇਤ ਉਹ ਇੱਕ ਭਾਰਤੀ ਦੇਸ਼ਭਗਤ ਸੀ। ਇਸ ਦਾ ਬਹੁਤਾ ਕੁੱਝ, ਉਸਦੇ ਮਲਾਇਆ ਵਾਲੇ ਸਮੇਂ ਅਤੇ ਜੋ ਕੁੱਝ ਉਸ ਨੇ ਉੱਥੇ ਬਾਹਰੋਂ ਦਰਾਮਦ ਕੀਤੇ ਭਾਰਤੀ ਕੁੱਲੀ ਮਜ਼ਦੂਰਾਂ ਨਾਲ ਵਿਵਹਾਰ ਬਾਰੇ ਦੇਖਿਆ, ਉਸ 'ਚੋਂ ਸਾਹਮਣੇ ਆਇਆ ਸੀ। ਭਾਵੇਂ ਜੋ ਕੁਝ ਉਸ ਨੇ ਕੀਤਾ ਅਤੇ ਲਿਖਿਆ ਉਸ 'ਚੋਂ ਉਹ ਗਦਰੀਆਂ ਦਾ ਮਿੱਤਰ ਰਿਹਾ ਲਗਦਾ ਹੈ ਅਤੇ ਉਨ੍ਹਾਂ ਦੀਆਂ ਕੌਮੀ ਭਾਵਨਾਵਾਂ ਨਾਲ ਉਸ ਦੀ ਬਹੁਤ ਜ਼ਿਆਦਾ ਸੁਰ ਮਿਲਦੀ ਲਗਦੀ ਹੈ। ਉਸ ਨੇ ਇੱਕ ਗਦਰੀ ਦੇ ਤੌਰ 'ਤੇ ਆਪਣਾ ਵਰਣਨ ਨਹੀਂ ਕੀਤਾ ਅਤੇ ਸ਼ਇਦ ਕਦੇ ਵੀ ਗਦਰੀ ਨਹੀਂ ਸੀ।

ਜਦੋਂ ਗੁਰਦਿੱਤ ਸਿੰਘ ਗਵਾਲੀਅਰ ਵਿੱਚ ਵਸੇ ਸਿੱਖਾਂ ਵਿੱਚ ਅਗਿਆਤ ਰੂਪ 'ਚ ਰਹਿ ਰਿਹਾ ਸੀ, ਉਸ ਦਾ ਆਪਣੇ ਜਿਲ੍ਹੇ ਦੇ ਇੱਕ ਸਿੱਖ ਨਾਲ ਅਕਸਰ ਸਾਹਮਣਾ ਹੁੰਦਾ ਸੀ। ਉਸ ਨੇ ਇਸ ਆਦਮੀ ਨੂੰ ਪੁੱਛਿਆ ਕਿ ਉਹ ਉਸ ਗੁਰਦਿੱਤ ਸਿੰਘ ਬਾਰੇ ਕੁੱਝ ਜਾਣਦਾ ਹੈ ਜਿਸਨੇ ਇੱਕ ਸਮੁੰਦਰੀ ਜਹਾਜ਼ ਕਨੇਡਾ ਲਈ ਕਿਰਾਏ ਤੇ ਲਿਆ ਸੀ। ਜੋ ਕਾਲਪਨਿਕ ਉੱਤਰ ਉਸ ਨੂੰ ਮਿਲਿਆ। ਉਹ ਇਹ ਸੀ ਕਿ ਗੁਰਦਿੱਤ ਸਿੰਘ, ਪੁਲਿਸ ਤੋਂ ਬਚਦਾ ਹੋਇਆ ਤੇ ਇੱਕ ਸ਼ਰਨਾਰਥੀ ਅਤੇ ਲੁਟੇਰੇ ਦੇ ਤੌਰ ਤੇ ਘੁੰਮਦਾ ਹੋਇਆ ਵਾਪਸ ਅੰਮ੍ਰਿਤਸਰ ਵਿੱਚ ਹੈ। ਪੰਜਾਬ ਵਿੱਚ ਬਿਲਕੁਲ ਇਹੀ ਕੁੱਝ ਕਰਨ ਵਾਲੇ ਗੁਰਦਿੱਤ ਸਨ। ਪਰੰਤੂ ਗੁਰਦਿੱਤ ਸਿੰਘ ਨੇ ਇਸ ਵਿਚਾਰ 'ਤੇ ਇਤਰਾਜ਼ ਕੀਤਾ, ਕਿ ਉਹ ਇਸ ਤਰਾਂ ਦਾ ਨਹੀਂ ਹੋ ਸਕਦਾ ਹੈ। "ਆਪਣੇ ਭਰਾਵਾਂ ਨੂੰ ਲੁੱਟ ਕੇ ਕੋਈ ਖਰਾ ਆਦਮੀ ਨਹੀਂ ਬਣਦਾ।" ਆਪਣੀਆ ਯਾਤਰਾਵਾਂ ਦੇ ਵੇਰਵੇ ਵਿੱਚ ਉਸ ਨੇ ਦਾਅਵਾ ਕੀਤਾ ਹੈ ਕਿ ਉਹ ਕਾਨੂੰਨ ਦੇ ਸਹੀ ਪਾਸੇ ਖੜ੍ਹਨ ਲਈ ਹਮੇਸ਼ਾਂ ਸਾਵਧਾਨ ਸੀ, ਕਿ ਉਸ ਨੇ ਅਦਾਲਤਾਂ ਤੋਂ ਇਨਸਾਫ ਲੈਣ ਦੀ ਆਸ ਕੀਤੀ ਅਤੇ ਜ਼ੁਰਮ ਕਰਕੇ ਇਸ ਨੂੰ ਖ਼ਤਰੇ ਵਿੱਚ ਨਹੀਂ ਪਾਉਣਾ ਚਾਹਿਆ। ਉਸ ਦੇ ਸਮੁੱਚੇ ਇਤਿਹਾਸ ਤੋਂ ਉਸ ਦਾ ਦਾਅਵਾ ਵਿਸ਼ਵਾਸ ਯੋਗ ਹੈ। ਉਹ ਜੋ ਚਾਹੁੰਦਾ ਸੀ ਉਹ ਸੀ ਵਿਧੀ ਅਨੁਕੂਲਤਾ। ਭਾਵੇਂ ਇਹ ਬਰਤਾਨਵੀਆਂ ਤੋਂ ਆਉਣੀ ਹੋਵੇ। ਇਹ ਅਦਾਲਤਾਂ ਰਾਹੀ ਹੀ ਸੀ, ਕਿ ਉਸ ਨੇ ਕਨੇਡਾ ਵਿੱਚ ਜਿੱਤ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਅਦਾਲਤਾਂ ਰਾਹੀ ਉਸ ਨੇ ਭਾਰਤ ਵਿੱਚ ਮਾਨਤਾ ਅਤੇ ਪੁਨਰ ਸਥਾਪਨਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ। ਜਦੋਂ ਉਹ ਆਪਣੀ ਛੁੱਪਣਗਾਹ 'ਚੋਂ

ਬਾਹਰ ਆਇਆ, ਪਹਿਲੇ ਕੌਮੀ ਆਗੂਆਂ, ਜਿਨ੍ਹਾਂ ਨੂੰ ਉਸ ਨੇ ਪਹੁੰਚ ਕੀਤੀ ਉਹ ਹਥਿਆਰ ਉਠਾਉਣ ਵਾਲੇ ਗਦਰੀ ਨਹੀਂ ਸਨ, ਬਲਕਿ ਗਾਂਧੀ ਅਤੇ ਚੌਧਰੀ ਵਰਗੇ ਬੰਦੇ ਸਨ। ਉਸ ਨੇ ਆਪਣੇ ਆਪ ਨੂੰ ਅਹਿੰਸਾ ਅਤੇ ਸਮਝੌਤੇ ਵਾਲੀ ਅਜ਼ਾਦੀ, ਜਿਸ ਦਾ ਬਰਤਾਨਵੀ ਰਾਜ ਦੇ ਸਮੇਂ ਵਿੱਚ ਕਾਨੂੰਨੀ ਅਧਾਰ ਸੀ, ਨਾਲ ਜੋੜਿਆ। ਉਸ ਦੀਆਂ ਕਾਰਵਾਈਆਂ ਵਿੱਚ ਉਸ ਦੇ ਕਾਮਾਗਾਟਾ ਮਾਰੂ ਨਾਲ ਸੰਬੰਧਾਂ ਦੌਰਾਨ ਧੁਰ ਤੱਕ ਇਕਸਾਰਤਾ ਸੀ।

***

ਅਧਿਆਇ 13

## ਹੱਤਿਆ : ਇੱਕ ਅੰਤ — ਇੱਕ ਸ਼ੁਰੂਆਤ

ਕਾਮਾਗਾਟਾ ਮਾਰੂ ਘਟਨਾ ਤੋਂ ਸੌ ਸਾਲ ਬਾਅਦ, ਪੰਜਾਬੀ ਕਨੇਡਾ ਵਿੱਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ। ਵਿਰਲੇ ਕਨੇਡੀਅਨਾਂ ਨੇ ਇਸ ਗੱਲ ਨੂੰ ਨੋਟ ਕੀਤਾ ਹੈ, ਕਿਉਂਕਿ ਅੰਗਰੇਜ਼ੀ ਅਤੇ ਫਰਾਂਸੀਸੀ ਤੋਂ ਪਿੱਛੋਂ, ਦੇਸ਼ ਦੀਆਂ ਬਹੁਤ ਸਾਰੀਆਂ ਘੱਟ ਗਿਣਤੀ ਭਾਸ਼ਾਵਾਂ ਹਨ ਅਤੇ ਪੰਜਾਬੀ ਦਾ ਘੱਟ ਗਿਣਤੀ ਭਾਸ਼ਾਵਾਂ ਵਿੱਚ ਉੱਚਾ ਦਰਜਾ ਹੈ। ਮੁੱਖ ਤੌਰ ਤੇ ਇਸ ਕਰਕੇ ਕਿ ਬਹੁਤ ਸਾਰੇ ਪੰਜਾਬੀ ਹੁਣੇ ਹੁਣੇ ਆਏ ਹਨ। ਫਿਰ ਵੀ ਅੱਜ ਉਨ੍ਹਾਂ ਦਾ ਤੀਸਰਾ ਸਥਾਨ ਇੱਕ ਨੋਟ ਕਰਨ ਯੋਗ ਪ੍ਰਾਪਤੀ ਹੈ। ਕਿਉਂਕਿ ਇਨ੍ਹਾਂ ਦਾ ਭਾਈਚਾਰਾ ਇੱਕ ਵਾਰ ਲੋਪ ਹੋਣ ਦੇ ਨੇੜੇ ਸੀ। ਇਸ ਦਾ ਸਥਾਨ ਘੱਟੋ ਘੱਟ ਪੱਧਰ ’ਤੇ ਪੁੱਜਾ, ਜਦ ਪਹਿਲੀ ਵਿਸ਼ਵ ਜੰਗ ਦੌਰਾਨ ਵੱਡੀ ਗਿਣਤੀ ਪੰਜਾਬੀਆਂ ਨੇ ਦੇਸ਼ ਛੱਡਿਆ, ਜਦੋਂ ਉਨ੍ਹਾਂ ਪਾਸ ਇਮੀਗਰੇਸ਼ਨ ਰਾਹੀਂ ਜਾਂ ਪਰਿਵਾਰਕ ਜੀਵਨ ਰਾਹੀਂ ਕਾਇਆ ਪਲਟ ਦੇ ਵਿਰਲੇ ਸਾਧਨ ਸਨ, ਜਦੋਂ ਉਨ੍ਹਾਂ ਉਤੇ ਕੰਬਾ ਦੇਣ ਵਾਲਾ ਹਿੰਸਾ ਦਾ ਦੌਰ ਚੱਲਿਆ, ਅਤੇ ਜਦੋਂ ਉਨ੍ਹਾਂ ਨੂੰ ਦੂਸਰੇ ਕਨੇਡੀਅਨਾਂ ਦੁਆਰਾ ਬਹੁਤਾ ਗਲਤ ਸਮਝਿਆ ਗਿਆ। ਸਭ ਤੋਂ ਨੀਵਾਂ ਸਥਾਨ ਉਸ ਘਟਨਾ ਨਾਲ ਮੇਲ ਖਾਂਦਾ ਹੈ, ਜਦ ਇੱਕ ਸਿੱਖ, ਮੇਵਾ ਸਿੰਘ ਦੁਆਰਾ ਇਮੀਗਰੇਸ਼ਨ ਇਨਸਪੈਕਟਰ ਹਾੱਪਕਿਨਸਨ ਦੀ ਹੱਤਿਆ ਹੋਈ ਸੀ। ਪਰੰਤੂ ਬਿਲਕੁਲ ਉਸੇ ਸਮੇਂ ਕੁੱਝ ਸਿੱਖ ਰਹਿਨੁਮਾ, ਇਮਾਰਤੀ ਲੱਕੜੀ ਦੀ ਸੱਨਅਤ ਵਿੱਚ ਕਾਰੋਬਾਰ ਉਸਾਰ ਕੇ ਪੱਕੀਆਂ ਜੜ੍ਹਾਂ ਲਾ ਰਹੇ ਸਨ। ਉਹ ਪ੍ਰਵਾਨਗੀ ਲਈ ਸ਼ਾਤਮਈ ਜੱਦੋ ਜਹਿਦ ਨੂੰ ਜਾਰੀ ਰੱਖਦਿਆਂ ਆਪਣੇ ਭਵਿੱਖ ਲਈ ਕਨੇਡਾ ਨੂੰ ਚੁਣ ਰਹੇ ਸਨ। ਜਿਸ ਨੇ ਅੰਤ ਨੂੰ ਇਹ ਦੇਸ਼, ਉਨ੍ਹਾਂ ਦੇ ਹਮਵਤਨਾਂ ਲਈ ਖੋਲ੍ਹ ਦਿੱਤਾ, ਜੋ ਕੁਝ ਉਨ੍ਹਾਂ ਨੇ ਉਸ ਸਮੇਂ ਅਤੇ ਆਪਣੀਆਂ ਬਾਕੀ ਦੀਆਂ ਜ਼ਿੰਦਗੀਆਂ ’ਚ ਕੀਤਾ, ਉਹ ਸਿੱਧੇ ਤੌਰ ਤੇ ਪ੍ਰਤੱਖ ਅਤੇ ਭਰਪੂਰ ਪੰਜਾਬੀ ਅਤੇ ਭਾਰਤੀ-ਕਨੇਡੀਅਨ ਮੌਜੂਦਗੀ ਵੱਲ ਲੈ ਗਿਆ, ਜੋ ਅੱਜ ਇਸ ਦੇਸ਼ ਵਿੱਚ ਹੈ।

1914-15 ਵਿੱਚ ਸਿੱਖਾਂ ਦੇ ਛੋਟੇ ਵਰਗ ਗਦਰੀ ਇਨਕਲਾਬੀਆਂ ਦੇ ਤੌਰ ’ਤੇ ਕਨੇਡਾ ਅਤੇ ਸੰਯੁਕਤ ਰਾਜ ਨੂੰ ਛੱਡ ਰਹੇ ਸਨ। ਅਗਰ ਉਨ੍ਹਾਂ ਦਾ ਇਰਾਦਾ ਕਦੇ ਗੁਪਤ ਹੁੰਦਾ ਤਾਂ ਉਹ ਇਸ ਨੂੰ ਇੰਨਾ ਲੰਬਾ ਸਮਾਂ ਨਾ ਰੱਖਦੇ। ਕਾਮਾਗਾਟਾ ਮਾਰੂ ਨੂੰ ਸੁਰੱਖਿਆ ਹੇਠ ਵੈਨਕੂਵਰ ਤੋਂ ਬਾਹਰ ਕੱਢਣ ਤੋਂ ਦੋ ਹਫਤੇ ਪਿੱਛੋਂ ਹਾੱਪਕਿਨਸਨ ਮੁਖ਼ਬਰਾਂ ਨੂੰ ਮਿਲਣ ਲਈ ਪੋਰਟਲੈਂਡ ਅਤੇ ਐਸਟੋਰੀਆ, ਆੱਰੇਗਾਨ

ਗਿਆ, ਵਿਸ਼ੇਸ਼ ਤੌਰ ਤੇ ਮੁਹੰਮਦ ਦੀਨ ਨਾਂ ਦੇ ਇੱਕ ਮੁਸਲਿਮ ਨੂੰ ਜੋ ਆੱਰੇਗਾਨ ਵਿੱਚ ਭਾਰਤੀਆਂ ਦਰਮਿਆਨ ਇੱਕ ਨੇਤਾ ਸੀ ਅਤੇ ਹਾੱਪਕਿਨਸਨ ਲਈ ਸੂਚਨਾ ਦਾ ਇੱਕ ਸਰੋਤ ਸੀ। ਮੁਹੰਮਦ ਦੀਨ ਤੋਂ ਹਾੱਪਕਿਨਸਨ ਨੂੰ ਪਤਾ ਲੱਗਿਆ ਕਿ ਕਾਫ਼ੀ ਸਾਰੇ ਸਿੱਖ ਕੁੱਝ ਦਿਨਾਂ ਵਿੱਚ ਭਾਰਤ ਨੂੰ ਜਾਣ ਵਾਲੇ ਇੱਕ ਦਲ ਵਿੱਚ ਸ਼ਾਮਿਲ ਹੋਣ ਵਾਲੇ ਸਨ ਅਤੇ ਸਨਫਰਾਂਸਿਸਕੋ ਤੋਂ ਭਾਰਤ ਜਾ ਰਹੇ ਹਨ। ਇਹ ਸਭ ਕੁਝ ਭਗਵਾਨ ਸਿੰਘ ਜੱਖ ਅਤੇ ਮੌਲਵੀ ਬਰਕਤਉੱਲਾ, ਪਿਛਲੇ ਸਮੇਂ ਵਿੱਚ ਟੋਕੀਓ ਦੇ, ਜੋ ਲਾਲਾ ਹਰਦਿਆਲ ਦੇ ਜਲਾਵਤਨ ਕੀਤੇ ਜਾਣ ਦੇ ਖ਼ਤਰੇ ਕਰਕੇ ਸਵਿਟਜ਼ਰਲੈਂਡ ਚਲੇ ਜਾਣ ਤੋਂ ਲੈ ਕੇ ਗਦਰ ਪਾਰਟੀ ਦੇ ਨੇਤਾ ਸਨ, ਨੇ ਆਯੋਜਿਤ ਕੀਤਾ ਸੀ। ਜਿਸ ਦਿਨ ਬਰਤਾਨੀਆ ਨੇ ਯੁੱਧ ਸ਼ੁਰੂ ਕੀਤਾ, ਉਸ ਦਿਨ ਭਗਵਾਨ ਸਿੰਘ ਅਤੇ ਬਰਕਤਉੱਲਾ ਨੇ ਵਲੰਟੀਅਰਾਂ ਨੂੰ ਗਦਰ ਲਈ ਸੱਦਿਆ ਸੀ, ਜਿਸ ਦਾ ਉਹ ਸਮਝਦੇ ਸਨ ਕਿ ਵਕਤ ਆ ਗਿਆ ਹੈ। ਫਰੇੱਜਨੋ, ਸੈਕਰਾਮੈਂਟੋ, ਅਤੇ ਐਸਟੋਰੀਆ ਵਿਖੇ ਉਹ ਆਦਮੀ ਭਰਤੀ ਕਰ ਰਹੇ ਸਨ ਅਤੇ ਪੈਸਾ ਇਕੱਠਾ ਕਰ ਰਹੇ ਸਨ। ਇੱਕ ਦਮ ਦੋ ਜਾਂ ਤਿੰਨ ਸੌ ਸਿੱਖਾਂ ਅਤੇ ਉਨਾਂ ਦੇ ਪਿੱਛੋਂ ਹੋਰ ਨੂੰ ਭੇਜਣ ਦੀ ਯੋਜਨਾ ਬਣਾ ਰਹੇ ਸਨ ਅਤੇ ਵਾਅਦਾ ਕਰ ਰਹੇ ਸਨ, ਕਿ ਉਨ੍ਹਾਂ ਦੇ ਪਹੁੰਚਣ ਤੇ ਉਨ੍ਹਾਂ ਲਈ ਹਥਿਆਰ ਤਿਆਰ ਹੋਣਗੇ।

ਹਾੱਪਕਿਨਸਨ ਪਾਸ ਸਨਫਰਾਂਸਿਸਕੋ ਵਿੱਚ ਵੀ ਆਰਥਰ ਟਿਲਟਨ ਸਟੀਲੇ (Arthur Tilton Steele) ਨਾਂ ਦਾ ਇੱਕ ਮੁਖਬਰ ਸੀ, ਅਮਰੀਕਨ ਮੁਨੀਮ, ਜੋ ਕੋਲਕਾਤਾ ਵਿੱਚ ਵੱਡਾ ਹੋਇਆ ਸੀ ਅਤੇ ਹਿੰਦੀ ਬੋਲਦਾ ਸੀ। ਮੱਧ ਅਗਸਤ 1914 ਵਿੱਚ, ਸਟੀਲੇ ਨੇ ਸ਼ੱਕ ਨਾ ਕਰਨ ਵਾਲੇ ਗਦਰੀ ਨੇਤਾ, ਭਗਵਾਨ ਸਿੰਘ ਜੱਖ ਨਾਲ ਗਲੀ ਵਿੱਚ ਗੱਲਬਾਤ ਕੀਤੀ ਜੋ ਸਨਫਰਾਂਸਿਸਕੋ ਕਰਾੱਨੀਕਲ ਦੇ ਦਫਤਰ ਦੇ ਬਾਹਰ ਕੁਝ ਦੂਸਰੇ ਸਿੱਖਾਂ ਨਾਲ ਖੜ੍ਹਾ ਯੁੱਧ ਬੁਲੇਟਿਨ ਪੜ੍ਹ ਰਿਹਾ ਸੀ। ਜਦੋਂ ਭਗਵਾਨ ਸਿੰਘ ਨੇ ਆਪਣੀ ਇਸ ਹੈਰਾਨੀ ਤੇ ਕਾਬੂ ਪਾ ਲਿਆ ਕਿ ਇੱਕ ਅਮਰੀਕਣ ਹਿੰਦੀ ਜਾਣਦਾ ਹੈ, ਉਹ ਖੁਲ੍ਹੇਆਮ ਗਦਰ ਪਾਰਟੀ ਦੀਆਂ ਯੋਜਨਾਵਾਂ ਬਾਰੇ ਬੋਲਿਆ। ਸਟੀਲ ਨੇ ਸੁਝਾਅ ਦਿੱਤਾ ਕਿ ਬਗਾਵਤ ਮੂਰਖਾਂ ਵਾਲੀ ਗੱਲ ਹੋਵੇਗੀ ਜਦੋਂ ਬਰਤਾਨੀਆਂ ਪਾਸ ਹਰ ਯੁੱਧਨੀਤਕ ਸ੍ਰੇਸ਼ਟਤਾ ਅਤੇ ਸਾਰੇ ਹਥਿਆਰ ਹਨ। ਭਗਵਾਨ ਸਿੰਘ ਹੱਸਿਆ। ਭਾਰਤ ਵਿੱਚ ਸਾਰੇ ਦੇਸੀ ਸੈਨਿਕ ਇੱਕਦਮ ਉੱਠਣਗੇ, ਉਸ ਨੇ ਕਿਹਾ ਅਤੇ ਅਫਗਾਨਿਸਤਾਨ ਦਾ ਆਮੀਰ ਇੱਕ ਮਿਲੀਅਨ ਆਦਮੀਆਂ ਲਈ ਹਥਿਆਰ ਅਤੇ ਅਸਲੇ ਸਮੇਤ ਤਿਆਰ ਬਰ ਤਿਆਰ ਖੜ੍ਹਾ ਹੈ। ਜੋ ਕੁੱਝ ਵਾਪਰਨ ਦੀ ਸੰਭਾਵਨਾ ਸੀ। ਉਸ ਦੀ ਉਸ ਵੱਲੋਂ ਬਹੁਤ ਜ਼ਿਆਦਾ ਗੈਰ ਹਕੀਕੀ ਪੇਸ਼ਕਾਰੀ ਸੀ ਅਤੇ ਉਹ ਆਪਣੀ ਖੁਦ ਦੀ ਸਲਾਹ ਨੂੰ ਨਾ ਮੰਨਣ ਅਤੇ ਖ਼ੁਦ ਭਾਰਤ ਲਈ ਰਵਾਨਾ ਨਾ ਹੋਣ ਲਈ ਚੋਖਾ ਸ਼ਾਤਰ ਸੀ। ਜਿਵੇਂ ਕਿ ਇਹ ਵਾਪਰਿਆ ਸਭ ਤੋਂ ਵੱਧ ਜੋਸ਼ੀਲੇ ਗਦਰੀਆਂ ਨੇ–ਜਿਹੜੇ ਪਹਿਲਾਂ ਵਾਪਸ ਗਏ–ਕੋਲਕਾਤਾ

ਪੁਲਿਸ ਕਮਿਸ਼ਨਰ ਨੂੰ ਕਿੱਡਰਪੁਰ ਘਾਟਾਂ ਵਿਖੇ ਗ੍ਰਿਫ਼ਤਾਰੀਆਂ ਕਰਨ ਲਈ ਉਨ੍ਹਾਂ ਦੀ ਇੰਤਜ਼ਾਰ ਕਰਦਿਆਂ ਪਾਇਆ।

ਜੋ ਕੁੱਝ ਉਸ ਦੇ ਮੁਖਬਰਾਂ ਨੇ ਉਸ ਨੂੰ ਦੱਸਿਆ ਸੀ, ਉਸ ਤੇ ਅਮਲ ਕਰਦਿਆਂ ਹਾੱਪਕਿਨਸਨ ਨੇ ਸਨਫਰਾਂਸਿਸਕੋ ਵਿੱਚ ਬਰਤਾਨਵੀ ਕੌਂਸਲ ਜਨਰਲ ਐਂਡਰਿਊ ਕਾਰਨੇਗੀ ਰਾੱਸ (Andrew Corneige Ross) ਦੀ ਭਰੋਸੇਯੋਗ ਮਦਦ ਪ੍ਰਾਪਤ ਕੀਤੀ ਸੀ। ਜਿਸ ਨੂੰ ਉਹ ਆਪਣੇ ਕੈਲੇਫੋਰਨੀਆ ਦੇ ਪਿਛਲੇ ਦੌਰਿਆਂ ਤੋਂ ਜਾਣਦਾ ਸੀ। ਬਰਤਾਨਵੀ ਅਤੇ ਕਨੇਡੀਅਨ ਸਰਕਾਰਾਂ ਦੀ ਪ੍ਰਤੱਖ ਮਨਜ਼ੂਰੀ ਨਾਲ ਇਕੱਠਿਆਂ ਕੰਮ ਕਰਦਿਆਂ ਉਨ੍ਹਾਂ ਨੇ ਇੱਕ ਪ੍ਰਬੰਧ ਕੀਤਾ ਹੋਇਆ ਸੀ। ਜਿਸ ਰਾਹੀਂ ਕਾਰਨੇਗੀ ਰਾੱਸ ਨੇ ਸਨਫਰਾਂਸਿਸਕੋ ਤੋਂ ਜਾ ਰਹੇ ਭਾਰਤੀ ਯਾਤਰੀਆਂ ਦੀਆਂ ਸੂਚੀਆਂ ਪ੍ਰਾਪਤ ਕੀਤੀਆਂ ਅਤੇ ਹਾੱਪਕਿਨਸਨ ਨੇ ਜਾਣੇ ਪਛਾਣੇ ਗਦਰੀਆਂ ਦੀ ਇਨ੍ਹਾਂ ਸੂਚੀਆਂ ਵਿੱਚੋਂ ਜਾਂਚ ਕੀਤੀ। ਕਨੇਡਾ ਵਿੱਚ ਵੀ ਇਨਕਲਾਬੀ ਪਾਰਟੀ ਭਾਰਤ ਨੂੰ ਆਮ ਵਾਪਸੀ ਦਾ ਪ੍ਰਬੰਧ ਕਰ ਰਹੀ ਸੀ ਅਤੇ ਹਾੱਪਕਿਨਸਨ ਦੁਆਰਾ ਚੌਕਸ ਕੀਤਾ ਹੋਇਆ ਮਾਲਕਮ ਰੀਡ ਹੁਣ ਭਾਰਤੀਆਂ ਨੂੰ ਬਾਹਰ ਜਾਣ ਤੋਂ ਰੋਕਣ ਲਈ ਉੱਨਾ ਹੀ ਫਿਕਰਮੰਦ ਸੀ, ਜਿੰਨਾ ਕਿ ਕਾਮਾਗਾਟਾ ਮਾਰੂ ਦੇ ਲੋਕਾਂ ਨੂੰ ਅੰਦਰ ਆਉਣ ਤੋਂ ਰੋਕਣ ਲਈ।

ਬੇਲਾ ਸਿੰਘ ਜਿਆਨ, ਹਾੱਪਕਿਨਸਨ ਦਾ ਮੁੱਖ ਮੁਖ਼ਬਰ, ਉਹ 62.50 ਡਾਲਰ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਕਨੇਡੀਅਨ ਸਰਕਾਰ ਦੀ ਤਨਖਾਹ ਸੂਚੀ ਤੇ ਸੀ। ਉਸ ਦੀ ਇਸ ਵਿੱਚ ਅਹਿਮ ਭੂਮਿਕਾ ਸੀ। ਉਹ 22 ਅਤੇ 25 ਅਗਸਤ 1914 ਨੂੰ, ਸਮੁੰਦਰੀ ਸਫਰ ਤੇ ਜਾਣ ਵਾਲੇ ਸਥਾਨਕ ਸਿੱਖਾਂ ਦੀ ਸੂਚੀ ਬਣਾਉਣ ਲਈ ਵੈਨਕੂਵਰ ਅਤੇ ਵਿਕਟੋਰੀਆ ਦੀਆਂ ਗੋਦੀਆਂ 'ਤੇ ਗਿਆ। ਉਸ ਦੇ ਭਾਈਚਾਰੇ ਵਿੱਚ ਬਹੁਤ ਸਾਰੇ ਉਸ ਨੂੰ ਪਹਿਲਾਂ ਹੀ ਦੱਲਾ ਕਹਿੰਦੇ ਸਨ, ਅਤੇ ਜਦੋਂ ਉਹ ਗੋਦੀਆਂ 'ਤੇ ਗਿਆ ਉਸ ਦੀ ਜੇਬ ਫੁੱਲੀ ਹੋਈ ਸੀ:ਇੱਕ ਰਿਵਾਲਵਰ ਨਾਲ, ਉਹ ਰਵਾਨਾ ਹੋ ਰਹੇ ਸਿੱਖਾਂ ਨਾਲ ਇੱਕ ਭੈ ਭੀਤ ਕਰਨ ਵਾਲੇ ਢੰਗ ਨਾਲ ਬੋਲਿਆ। ਫਿਰ ਵੀ ਉਨ੍ਹਾਂ 'ਚੋਂ 45 ਜਹਾਜ਼ 'ਤੇ ਸਵਾਰ ਹੋ ਗਏ। ਪਰੰਤੂ ਬੇਲਾ ਸਿੰਘ ਨੇ ਉਨ੍ਹਾਂ ਦੇ ਨਾਂ ਲੈ ਲਏ ਅਤੇ ਹਾੱਪਕਿਨਸਨ ਭਾਰਤੀ ਅਧਿਕਾਰੀਆਂ ਨੂੰ ਇਹ ਸੁਨੇਹਾ ਭੇਜਣ ਦੇ ਯੋਗ ਹੋਇਆ ਕਿ ਅਨੁਮਾਨਿਤ ਰੂਪ 'ਚ ਕੌਣ ਵਿਦਰੋਹੀ ਹੈ ਕੌਣ ਨਹੀਂ। ਇਹੀ ਕਾਰਨ ਸੀ ਕਿ ਦੋ ਮਹੀਨੇ ਪਿੱਛੋਂ ਹਾੱਲੀਡੇ, ਕਿਡਰਪੁਰ ਗੋਦੀਆਂ ਵਿਖੇ ਗ੍ਰਿਫ਼ਤਾਰੀਆਂ ਕਰਨ ਲਈ ਤਿਆਰ ਸੀ।

ਗਦਰੀਆਂ ਦਾ 1914-15 ਦਾ ਕੂਚ ਪੰਜਾਬੀਆਂ ਵਿੱਚ ਮਸ਼ਹੂਰ ਹੋ ਚੁੱਕਾ ਹੈ। ਪਰੰਤੂ ਇਹ ਸਿਰਫ਼ ਉਸ ਦਾ ਇੱਕ ਹਿੱਸਾ ਸੀ ਜੋ ਬ੍ਰਿਟਿਸ਼ ਕੋਲੰਬੀਆ ਵਿੱਚ ਇਮੀਗਰੇਂਟ ਕਾਮਿਆਂ ਦਰਮਿਆਨ ਵਾਪਰ ਰਿਹਾ ਸੀ। 1914 ਦੀ ਗਰਮੀਆਂ ਦੀ ਰੁੱਤ ਤੋਂ ਲੈ ਕੇ ਅਗਲੀ ਗਰਮੀਆਂ ਦੀ ਰੁੱਤ ਤੱਕ, ਬ੍ਰਿਟਿਸ਼ ਕੋਲੰਬੀਆ ਵਿਚਲੇ ਘੱਟੋ ਘੱਟ ਅੱਧੇ

ਸਿੱਖ ਅਤੇ ਦੂਸਰੇ ਭਾਰਤੀ ਪ੍ਰਾਂਤ ਛੱਡ ਗਏ। ਉਨ੍ਹਾਂ ਵਿੱਚੋਂ ਬਹੁਤੇ ਕਦੀ ਵੀ ਵਾਪਸ ਨਾ ਆਏ। ਉਨ੍ਹਾਂ ਵਿੱਚ ਸਮਰਪਤ ਗਦਰੀ ਘੱਟ ਗਿਣਤੀ ਵਿੱਚ ਸਨ, ਭਾਵੇਂ ਭਾਰਤ ਨੂੰ ਜਾਣ ਵਾਲੇ ਸਾਰਿਆਂ 'ਤੇ ਹੀ ਸ਼ੱਕ ਸੀ। ਸਿਰਫ਼ ਭਾਰਤੀ ਪੁਲਿਸ ਵੱਲੋਂ ਹੀ ਨਹੀਂ ਬਲਕਿ ਕਨੇਡੀਅਨ ਇਮੀਗਰੇਸ਼ਨ ਵਿਭਾਗ ਵੱਲੋਂ ਵੀ ਜਿਹੜੇ ਭਾਰਤ ਵਾਪਸ ਗਏ, ਨਿਯਮ ਦੇ ਤੌਰ 'ਤੇ ਉਨ੍ਹਾਂ ਨੂੰ ਕਦੇ ਵੀ ਕਨੇਡਾ ਵਾਪਸ ਪਰਤਣ ਦੀ ਆਗਿਆ ਨਹੀਂ ਦਿੱਤੀ ਗਈ। ਕਿਉਂਕਿ ਇਮੀਗਰੇਸ਼ਨ ਅਧਿਕਾਰੀ ਮੰਨਦੇ ਸਨ ਕਿ ਉਹ ਇਨਕਲਾਬੀ ਸਨ। ਵਾਪਸ ਆਉਣ ਲਈ ਉਨ੍ਹਾਂ ਨੂੰ ਦੂਸਰੀ ਤਰ੍ਹਾਂ ਸਾਬਤ ਕਰਨਾ ਪੈਂਣਾ ਸੀ ਅਤੇ ਇਸ ਦਾ ਮਤਲਬ ਸੀ, ਉਨ੍ਹਾਂ ਦੇਸ਼ਵਾਸੀਆਂ ਤੋਂ ਵਿਵਾਦ ਰਹਿਤ ਦਾ ਪ੍ਰਮਾਣ ਲੈਣਾ। ਜਿਹੜੇ ਪਿੱਛੇ ਰਹਿ ਗਏ ਸਨ, ਉਨ੍ਹਾਂ ਦੇ ਭਾਈਚਾਰੇ ਵਿੱਚ ਧੜੇਬਾਜ਼ੀ ਵਾਲੀਆਂ ਵੰਡੀਆਂ ਹੋਣ ਕਰਕੇ ਇਹ ਪ੍ਰਾਪਤ ਕਰਨਾ ਅਸਾਨ ਨਹੀਂ ਸੀ।

ਹਿਦੰਸੇ ਆਮ ਕਹਾਣੀ ਦੱਸਦੇ ਹਨ। ਕੈਨੇਡਾ ਦੀ ਕੌਮੀ ਜਨਗਣਨਾ ਅਨੁਸਾਰ 1911 ਵਿੱਚ 2292 ਭਾਰਤੀ (ਭਾਰਤ ਤੋਂ) ਬ੍ਰਿਟਿਸ਼ ਕੋਲੰਬੀਆ ਵਿੱਚ ਰਹਿੰਦੇ ਸਨ, ਸਮੇਤ ਸਿਰਫ਼ ਤਿੰਨ ਇਸਤਰੀਆਂ ਅਤੇ ਮੁਸ਼ਕਲ ਨਾਲ ਹੀ ਕਿਸੇ ਬੱਚਿਆਂ ਦੇ। ਇਹ ਚਲਦੇ-ਫਿਰਦੇ ਮਰਦ ਕਾਮਿਆਂ ਦੀ ਜਨਸੰਖਿਆ ਸੀ। ਕੁਆਰੇ ਅਤੇ ਵਿਆਹੇ ਆਦਮੀ, ਜੋ ਸਭ ਪੰਜਾਬ ਵਿਚਲੇ ਆਪਣੇ ਪਰਿਵਾਰਾਂ ਤੋਂ ਦੂਰ ਰਹਿ ਰਹੇ ਸਨ। ਗਿਣਤੀ ਤਿੰਨ ਸਾਲ ਬਾਅਦ 1914 ਦੀਆਂ ਗਰਮੀਆਂ 'ਚ, ਕਾਮਾਗਾਟਾ ਮਾਰੂ ਦੇ ਸਮੇਂ, ਬਹੁਤਾ ਕਰਕੇ ਇਹੀ ਰਹੀ ਹੋਵੇਗੀ। ਪਰੰਤੂ ਇਸ ਤੋਂ ਇੱਕ ਸਾਲ ਬਾਅਦ ਇਮੀਗਰੇਸ਼ਨ ਅਧਿਕਾਰੀਆਂ ਦੇ ਪ੍ਰਾਂਤ ਪੱਧਰ ਦੇ ਸਰਵੇਖਣ ਨੇ ਦਿਖਾਇਆ, ਕਿ ਘੱਟੋ ਘੱਟ ਅੱਧੇ ਜਾ ਚੁੱਕੇ ਸਨ। ਮੁੱਖ ਕਾਰਨ ਜੋ ਇਮੀਗਰੇਸ਼ਨ ਅਧਿਕਾਰੀਆਂ ਨੇ ਉਨ੍ਹਾਂ ਲੋਕਾਂ ਤੋਂ ਸੁਣਿਆ, ਜਿਨ੍ਹਾਂ ਨਾਲ ਉਨ੍ਹਾਂ ਨੇ ਗੱਲ ਕੀਤੀ ਸੀ, "ਕੰਮ ਦੀ ਘਾਟ" ਸੀ। 1918 ਵਿੱਚ ਬੀ. ਸੀ. ਕਿਰਤ ਵਿਭਾਗ ਨੇ ਸਿਰਫ਼ 567 ਭਾਰਤੀਆਂ ਦੇ ਪ੍ਰਾਂਤ ਅੰਦਰ ਸੱਨਅਤ ਵਿੱਚ ਲੱਗੇ ਹੋਣ ਦੀ ਸੂਚਨਾ ਦਿੱਤੀ। ਬੇਰੁਜ਼ਗਾਰਾਂ ਅਤੇ ਸਵੈ-ਰੁਜ਼ਗਾਰ ਪ੍ਰਾਪਤ ਨੂੰ ਸ਼ਾਮਿਲ ਕਰਕੇ ਭਾਰਤੀਆਂ ਦੀ ਕੁੱਲ ਜਨਸੰਖਿਆ ਉਸ ਸਮੇਂ 700 ਤੋਂ ਵੱਧ ਨਹੀਂ ਹੋ ਸਕਦੀ ਸੀ।

ਕੰਮ ਦੀ ਘਾਟ, ਜਿਸ ਨੇ ਬਹੁਤ ਸਾਰੇ ਆਦਮੀਆਂ ਨੂੰ ਪ੍ਰਾਂਤ 'ਚੋਂ ਬਾਹਰ ਧੱਕ ਦਿੱਤਾ ਸੀ ਰੇਲਵੇ, ਖਾਣਾਂ, ਅਤੇ ਇਮਾਰਤੀ ਲੱਕੜੀ ਦੀਆਂ ਮਿੱਲਾਂ ਵਿੱਚ ਲਗਾਈ ਗਈ ਆਮ ਕਟੌਤੀ 'ਚੋਂ ਪੈਦਾ ਹੋਈ ਸੀ। ਇਹ ਸੰਯੁਕਤ ਰਾਜ ਵਿੱਚ ਮੰਦਵਾੜੇ ਦਾ ਨਤੀਜਾ ਸੀ। ਜਿਹੜਾ 1913 ਵਿੱਚ ਸ਼ੁਰੂ ਹੋ ਚੁੱਕਾ ਸੀ ਅਤੇ 1916 ਤੱਕ ਜਾਰੀ ਰਿਹਾ। 1914-15 ਵਿੱਚ ਬਹੁਤ ਸਾਰੇ ਆਦਮੀਆਂ ਨੇ ਪੰਜਾਬ 'ਚ ਘਰ ਨੂੰ ਜਾਣ ਦੀ ਅਮਲੀ ਚੋਣ ਕੀਤੀ, ਜਿੱਥੇ ਉਹ, ਉੱਤਰੀ ਅਮਰੀਕਾ ਵਿੱਚ ਆਪਣੀਆਂ ਬੱਚਤਾਂ ਦੀ ਵਰਤੋਂ ਕਰਨ ਨਾਲੋਂ ਬਹੁਤ ਘੱਟ ਖਰਚੇ ਨਾਲ ਰਹਿ ਸਕਦੇ ਸਨ। ਉਨ੍ਹਾਂ

ਨੂੰ ਅਜਿਹਾ ਯੁੱਧ ਦੇ ਸਮੇਂ ਕਰਨਾ ਪਿਆ, ਜਿਸ ਨੇ ਬੁਰੀ ਤਰ੍ਹਾਂ ਉਨ੍ਹਾਂ ਦੀ ਚੋਣ ਨੂੰ ਜੋਖ਼ਮ ਵਿੱਚ ਪਾਇਆ। ਕੁੱਝ ਕੰਮ ਦੀ ਤਲਾਸ਼ ਕਰਨ ਲਈ ਸਰਹੱਦ ਪਾਰ ਕਰਕੇ ਸੰਯੁਕਤ ਰਾਜ ਵੀ ਚਲੇ ਗਏ ਅਤੇ ਜਦੋਂ ਕੰਮ ਦੀ ਸਥਿਤੀ ਬ੍ਰਿਟਿਸ਼ ਕੋਲੰਬੀਆ ਵਿੱਚ ਸੁਧਰਨ ਲੱਗੀ, ਇਹ ਉਹੀ ਸਨ ਜੋ ਵਾਪਸ ਆਏ।

ਜਦੋਂ ਭਾਰਤੀਆਂ ਨੇ ਪਹਿਲੇ ਵਿਸ਼ਵ ਯੁੱਧ ਦੇ ਆਰੰਭ ਵਿੱਚ ਪ੍ਰਾਂਤ ਨੂੰ ਖਾਲੀ ਕੀਤਾ, ਉਹ ਇਕੱਲੇ ਨਹੀਂ ਸਨ। ਕੰਮ ਦੀਆਂ ਥੁੜ੍ਹਾਂ ਨੇ ਸਾਰੇ ਇਮੀਗਰੇਸ਼ਨ ਕਾਮਿਆਂ ਨੂੰ ਪ੍ਰਭਾਵਿਤ ਕੀਤਾ। ਵੈਨਕੂਵਰ ਵਿੱਚ ਚੀਨੀਆਂ ਨਾਲ ਕੰਮ ਕਰ ਰਹੇ ਇੱਕ ਧਰਮ ਪ੍ਰਚਾਰਕ ਨੇ 1916 ਵਿੱਚ ਅੰਦਾਜ਼ਾ ਲਗਾਇਆ ਕਿ ਉਨ੍ਹਾਂ ਵਿੱਚੋਂ 70 ਜਾਂ 80 ਪ੍ਰਤੀਸ਼ਤ ਬੇਰੁਜ਼ਗਾਰ ਸਨ। ਬਹੁਤ ਸਾਰੇ ਚੀਨੀ ਯੁੱਧ ਦੇ ਸੰਤੁਲਨ ਲਈ ਵਾਪਸ ਚੀਨ ਚਲੇ ਗਏ। ਪ੍ਰਾਂਤ ਵਿਚਲੇ ਬਹੁਤੇ ਇਤਾਲਵੀ ਅਤੇ ਯੂਕਰੇਨੀਅਨ ਕਾਮੇਂ, ਇੰਨੇ ਹੀ ਸਕੈਂਡੇਨੇਵੀਅਨ, ਪੋਲੈਂਡੀ ਅਤੇ ਦੂਸਰੇ ਪੂਰਬੀ ਯੂਰਪੀਅਨ ਜਾ ਰਹੇ ਸਨ। ਭਾਰਤੀਆਂ ਵਾਂਗ, ਉਹ ਸਾਰੇ ਯੁੱਧ ਦੀਆਂ ਅਸਾਧਾਰਨ ਹਾਲਤਾਂ ਦੁਆਰਾ ਗਹਿਰੀ ਤਰਾਂ ਪ੍ਰਭਾਵਿਤ ਹੋਏ ਸਨ। ਸੰਯੁਕਤ ਰਾਜ ਅਤੇ ਪੂਰਬੀ ਕਨੇਡਾ ਇਨ੍ਹਾਂ ਇਮੀਗਰੇਂਟਾਂ ਵਿੱਚੋਂ ਬਹੁਤਿਆਂ ਦੇ ਮਨ ਪਸੰਦ ਟਿਕਾਣੇ ਸਨ। ਪਰੰਤੂ ਬਹੁਤੇ ਕਿਤੇ ਵੀ ਨਾ ਪਹੁੰਚੇ। ਜੇਕਰ ਉਹ ਕਿਸੇ ਦੁਸ਼ਮਣ ਦੇਸ਼ ਦੇ ਨਾਗਰਿਕ ਹੁੰਦੇ, ਜਿਵੇਂ ਕਿ ਆਸਟਰੀਆ ਦੇ। ਰਾਜ ਅਧੀਨ ਯੂਕਰੇਨੀਅਨ ਅਤੇ ਯੁੱਧ ਸਮੇਂ ਦੀ ਸੇਵਾ ਲਈ ਘਰ ਪਹੁੰਚਣ ਦੀ ਕੋਸ਼ਿਸ਼ ਕਰਨ ਦਾ ਕੋਈ ਸੰਕੇਤ ਦਿੰਦੇ ਤਾਂ ਉਹ ਗ੍ਰਿਫ਼ਤਾਰ ਕੀਤੇ ਜਾਂਦੇ ਅਤੇ ਕਨੇਡਾ ਵਿੱਚ ਨਜ਼ਰਬੰਦ ਕੀਤੇ ਜਾਣ ਦੇ ਭਾਗੀ ਹੁੰਦੇ। ਜੇਕਰ ਉਹ ਕਿਸੇ ਮਿੱਤਰ ਦੇਸ਼ ਦੇ ਨਾਗਰਿਕ ਹੁੰਦੇ, ਜਿਵੇਂ ਕਿ ਇਤਾਲਵੀ, ਉਨ੍ਹਾਂ ਨੂੰ ਦ੍ਰਿੜਤਾ ਨਾਲ ਇਤਾਲਵੀ ਫੌਜ ਲਈ ਕਨੇਡਾ ਵਿੱਚ ਭਰਤੀ ਕਰ ਲਿਆ ਜਾਂਦਾ ਅਤੇ ਘਰ ਭੇਜ ਦਿੱਤਾ ਜਾਂਦਾ। ਅਗਰ ਇਨ੍ਹਾਂ ਯੂਰਪੀਅਨਾਂ ਨੂੰ ਕਦੇ ਪੰਜਾਬੀਆਂ ਨਾਲ ਖੁੱਲ੍ਹੇਆਮ ਅਤੇ ਵਿਸਥਾਰ ਵਿੱਚ ਆਪਣੇ ਯੁੱਧ ਸਮੇਂ ਦੇ ਅਨੁਭਵ ਬਾਰੇ ਗੱਲ ਕਰਨ ਦਾ ਮੌਕਾ ਮਿਲਿਆ ਹੁੰਦਾ, ਉਨ੍ਹਾਂ ਕੋਲ ਕਾਫੀ ਕੁੱਝ ਸਾਂਝਾ ਕਰਨ ਲਈ ਹੁੰਦਾ। ਵਿਲੱਖਣ ਰੂਪ ਵਿੱਚ, ਜਦੋਂ ਯੁੱਧ ਸਮਾਪਤ ਹੋਇਆ ਯੂਰਪੀਅਨ ਕਾਮੇ ਆਮ ਤੌਰ ਤੇ ਵਾਪਸ ਨਾ ਆਏ। ਚੀਨੀ ਅਤੇ ਜਪਾਨੀ ਆਏ ਅਤੇ ਕੁੱਝ ਭਾਰਤੀ ਵਾਪਸ ਪਰਤੇ। ਪਰ ਉਨ੍ਹੇ ਨਹੀਂ ਜਿੰਨੇ ਗਏ ਸਨ। ਉਨ੍ਹਾਂ ਦੇ ਵਾਪਸ ਮੁੜਨ ਦੇ ਮੌਕੇ ਪੇਤਲੇ ਸਨ। ਜੇਕਰ ਉਹ ਸੰਯੁਕਤ ਰਾਜ ਤੋਂ ਗਏ ਹੁੰਦੇ, ਤਾਂ ਵਾਪਸ ਪਰਤਨਾ ਵਧੇਰੇ ਆਸਾਨ ਹੁੰਦਾ।

ਯੁੱਧ ਦੇ ਆਰੰਭਿਕ ਮਹੀਨਿਆਂ ਵਿੱਚ, ਬ੍ਰਿਟਿਸ਼ ਕੋਲੰਬੀਆ ਤੋਂ ਪੰਜਾਬੀਆਂ ਦੀ ਹਿਜ਼ਰਤ ਹੋ ਰਹੀ ਹੋਣ ਕਰਕੇ, ਪੰਜਾਬੀ ਮੁੱਖ ਸੁਰਖੀਆਂ ਦੇ ਪਾਤਰ ਬਣੇ, ਪੀੜਤਾਂ ਦੇ ਤੌਰ 'ਤੇ ਅਤੇ ਬਦਨਾਮ ਕਤਲਾਂ ਦੇ ਸਿਲਸਿਲੇ ਦੇ ਕੁਕਰਮੀਆਂ ਦੇ ਤੌਰ 'ਤੇ ਇਹ ਕਤਲ ਜਾਂਚ ਪੜਤਾਲਾਂ ਅਤੇ ਮੁਕੱਦਮਿਆਂ ਵੱਲ ਲੈ ਗਏ। ਜੋ ਉੱਘੜਵੇਂ ਰੂਪ ਜਾਂ ਤਾਂ ਬੇ ਸਿੱਟਾ ਸਨ ਜਾਂ ਫਿਰ ਅਸਾਧਾਰਨ ਰੂਪ 'ਚ ਕਾਹਲੇ ਅਤੇ ਅੰਤਮ ਸਨ। ਕਤਲ

ਧੜੇਬੰਦਕ ਜਾਪਦੇ ਸਨ। ਉਨ੍ਹਾਂ ਬਾਰੇ ਪ੍ਰਮਾਣ ਆਪਾ ਵਿਰੋਧੀ ਅਤੇ ਗੈਰ ਭਰੋਸੇਮੰਦ ਸਨ ਅਤੇ ਗੋਰੇ ਜੱਜ, ਨਿਆਂ ਜਿਉਰੀ (ਜੁਰਇਸ), ਅਤੇ ਆਮ ਜਨਤਾ ਆਪਣੇ ਦਰਮਿਆਨ ਪੰਜਾਬੀਆਂ ਬਾਰੇ ਸਭ ਤੋਂ ਭੈੜੀ ਗੱਲ ਬਾਰੇ ਵਿਸ਼ਵਾਸ ਕਰਨ ਲਈ ਕਾਹਲੇ ਸਨ। ਭਾਵੇਂ ਹੱਤਿਆਵਾਂ ਕਾਮਾਗਾਟਾ ਮਾਰੂ ਤੋਂ ਬਾਅਦ ਦੇ ਸਮੇਂ 'ਚ ਹੋਈਆਂ, ਪਰ ਇਹਨਾਂ ਘਟਨਾਵਾਂ ਦੇ ਇਤਿਹਾਸ ਉਤੇ ਜੇ ਪਿੱਛੋਕੜ ਵੱਲ ਝਾਤ ਮਾਰੀਏ ਤਾਂ ਕਈ ਸਾਰੇ ਕਾਰਨ ਨਜ਼ਰ ਆਉਂਦੇ ਹਨ। ਜਿਵੇਂ ਕਿ ਕਨੇਡਾ ਦੇ ਪੱਖਪਾਤੀ ਇਮੀਗਰੇਸ਼ਨ ਨਿਯਮ, ਸਮੁੰਦਰੋਂ ਪਾਰ ਭਾਰਤੀ ਪਰਵਾਸੀਆਂ ਦਾ ਵਧ ਫੁੱਲ ਰਿਹਾ ਰਾਸ਼ਟਰਵਾਦ, ਇਨਕਲਾਬੀ ਗਦਰ ਪਾਰਟੀ, ਅਤੇ ਭਾਰਤੀ ਪਰਵਾਸੀ ਭਾਈਚਾਰੇ ਦੀ ਲਗਾਤਾਰ ਨਿਗਰਾਨੀ। ਕਿਉਂਕਿ ਇਨਸਪੈਕਟਰ ਹਾੱਪਕਿਨਸਨ ਨਿਗਰਾਨੀ ਕਰਨ ਵਾਲਾ ਮੁੱਖ ਚਿਹਰਾ ਸੀ, ਉਹ ਅੰਤਮ ਨਿਸ਼ਾਨਾ ਸੀ, ਅਤੇ ਉਸ ਦੀ ਹੱਤਿਆ ਇੱਕ ਸਿੱਖਰਲੀ ਘਟਨਾ ਸੀ।

1914 ਦੀ ਪੱਤਝੜ ਰੁੱਤੇ ਵੈਨਕੂਵਰ ਦੇ ਭਾਰਤੀ ਭਾਈਚਾਰੇ ਵਿੱਚ ਹਿੰਸਾ ਨੇ ਦੋ ਧੜਿਆਂ ਨੂੰ ਰੂਪਮਾਨ ਕੀਤਾ। ਇੱਕ ਧੜੇ ਵਿੱਚ ਇਮੀਗਰੇਸ਼ਨ ਮੁਖ਼ਬਰਾਂ ਅਤੇ ਉਨ੍ਹਾਂ ਦੇ ਮਿੱਤਰਾਂ ਅਤੇ ਰਿਸ਼ਤੇਦਾਰਾਂ ਦਾ ਛੋਟਾ ਜਿਹਾ ਟੋਲਾ ਸੀ। ਦੂਸਰੇ ਵਿੱਚ ਕੁੱਝ ਵਧੇਰੇ ਜੋਸ਼ੀਲੇ ਗਦਰੀ ਇਨਕਲਾਬੀ ਸਨ। 1913 ਦੀ ਪੱਤਝੜ ਤੱਕ ਉਨ੍ਹਾਂ ਦੀ ਵਿਰੋਧਤਾਈ ਤਿੱਖੀ ਹੋ ਚੁੱਕੀ ਸੀ, ਜਦੋਂ ਇਮੀਗਰੇਸ਼ਨ ਏਜੰਟ ਮਾਲਕਮ ਰੀਡ ਨੇ ਭਾਈਚਾਰੇ ਦੇ ਅੰਦਰੋਂ ਪ੍ਰਾਪਤ ਸੂਚਨਾ ਤੇ ਕਾਰਵਾਈ ਕਰਦਿਆਂ ਇਨਕਲਾਬੀ ਭਗਵਾਨ ਸਿੰਘ ਜੱਖ ਨੂੰ ਜ਼ਬਰਦਸਤੀ ਜਲਾਵਤਨ ਕਰ ਦਿੱਤਾ। ਇਨਸਪੈਕਟਰ ਹਾੱਪਕਿਨਸਨ ਨੇ ਮਾਰਚ 1914 'ਚ ਪਿੱਛੋਂ ਜਾ ਕੇ ਇਨ੍ਹਾਂ ਦੋ ਧੜਿਆਂ ਦੀ ਸੂਚੀ ਬਣਾਈ। ਇਹ ਕਾਮਾਗਾਟਾ ਮਾਰੂ ਦੇ ਪਹੁੰਚਣ ਤੋਂ ਪਹਿਲਾਂ ਦਾ ਮਹੀਨਾ ਸੀ, ਜਿਹੜਾ ਸਾਨੂੰ ਦਸਦਾ ਹੈ ਕਿ ਪਰਵਾਸੀ ਸਮੁੰਦਰੀ ਜਹਾਜ਼ ਨੇ ਭਾਈਚਾਰੇ ਵਿੱਚ ਫੁੱਟ ਲਈ ਯੋਗਦਾਨ ਪਾਇਆ ਹੋ ਸਕਦਾ ਹੈ। ਇਹ ਕਾਰਨ ਨਹੀਂ ਸੀ। ਹਾੱਪਕਿਨਸਨ ਦੀ ਇਮੀਗਰੇਸ਼ਨ ਮੁਖ਼ਬਰਾਂ ਦੀ ਸੂਚੀ ਦੇ ਪਹਿਲੇ ਨੰਬਰ ਤੇ ਸੀ, ਬੇਲਾ ਸਿੰਘ ਜਿਆਨ, ਉਸ ਅੱਤਿਆਚਾਰ ਵਿੱਚ ਜਿਹੜਾ ਕੇਂਦਰੀ ਚਿਹਰਾ ਸਾਬਤ ਹੋਇਆ।

ਸਿੱਧੀ ਹਾੱਪਕਿਨਸਨ ਦੀ ਹੱਤਿਆ ਵੱਲ ਜਾਣ ਵਾਲੀ ਹਿੰਸਕ ਕਾਰਵਾਈਆਂ ਦੀ ਲੜੀ ਅਗਸਤ 1914 ਵਿੱਚ ਸ਼ੁਰੂ ਹੋਈ। ਕਾਮਾਗਾਟਾ ਮਾਰੂ ਦੇ ਵੈਨਕੂਵਰ ਤੋਂ ਚਲੇ ਜਾਣ ਤੋਂ ਇੱਕ ਮਹੀਨਾ ਪਿੱਛੋਂ, ਅਗਸਤ ਦੇ ਆਖਰੀ ਦਿਨ, ਵੈਨਕੂਵਰ ਦੇ ਇੱਕ ਆਦਮੀ ਨੂੰ ਕਿਟਸੀਲੇਨੋ ਫਸਟ ਨੇਸ਼ਨਜ਼ ਰਿਜ਼ਰਵ(KItsilano First Nation Reserve) ਰਾਹੀਂ ਲੰਘਦੀ ਬੀ. ਸੀ. ਇਲੈਕਟਰਿਕ ਰੇਲਵੇ ਪਟੜੀ 'ਤੇ ਚਲਦਿਆਂ ਅੰਸ਼ਿਕ ਤੌਰ 'ਤੇ ਗਲ਼ੀ ਸੜੀ ਦੇਹ ਮਿਲੀ। ਇਹ ਰੇਲਵੇ ਦੇ ਪੁਰਜਿਆਂ ਵਾਲੇ ਗੁਦਾਮਾਂ ਨੇੜੇ ਘਾਹ ਅਤੇ ਝਾੜੀਆਂ ਵਿੱਚ ਪਈ ਸੀ ਅਤੇ ਵੈਸਟ ਸੈਕਿੰਡ ਐਵਿਨਿਊ ਤੇ ਗੁਰਦੁਆਰੇ ਦੇ ਪਿੱਛੇ 180 ਮੀਟਰ 'ਤੇ ਸੀ। ਇਸ ਰਿਜ਼ਰਵ ਨੂੰ ਇੱਕ ਸਾਲ ਪਹਿਲਾਂ

ਹੀ ਪ੍ਰਾਂਤਕ ਸਰਕਾਰ ਦੁਆਰਾ ਵਿਕਾਸ 'ਚ ਤੇਜ਼ੀ ਲਿਆਉਣ ਲਈ ਇਸਦੇ ਬਹੁਤੇ ਮੂਲ ਨਿਵਾਸੀਆਂ ਤੋਂ ਖਾਲੀ ਕਰਾ ਲਿਆ ਗਿਆ ਸੀ। ਇਸ ਤਰਾਂ ਰਿਜ਼ਰਵ ਦੇ ਘਾਹ ਬੂਟਿਆਂ ਨਾਲ ਢੱਕੇ ਏਕੜਾਂ ਨੇ ਇੱਕ ਹਿੰਸਕ ਕਾਰਵਾਈ ਲਈ ਆਰਜ਼ੀ ਪਨਾਹ ਮੁਹੱਈਆ ਕੀਤੀ। ਇਹ ਦੇਹ ਇੱਕ ਸਮੇਂ ਮਾਲੇ ਪੁਲਿਸ ਵਿੱਚ ਰਹੇ ਕਾਰਪੋਰਲ ਹਰਨਾਮ ਸਿੰਘ ਗਹਿਲ ਨਾਂ ਦੇ ਇੱਕ ਸਿੱਖ ਦੀ ਸੀ। ਜਿਹੜਾ ਬੇਲਾ ਸਿੰਘ ਜਿਆਨ ਦਾ ਦੋਸਤ ਸੀ। ਬੇਲਾ ਸਿੰਘ ਵਾਂਗ ਹਰਨਾਮ ਸਿੰਘ ਇਮੀਗਰੇਸ਼ਨ ਵਿਭਾਗ ਲਈ ਕੰਮ ਕਰ ਚੁੱਕਾ ਸੀ। ਉਸ ਦੀ ਲਾਸ਼ ਦੇ ਪਾਸ ਇੱਕ ਖਾਲੀ ਵਿਸਕੀ ਦੀ ਸੁਰਾਹੀ ਸੀ। ਉਸ ਦੀ ਪਗੜੀ ਉਸ ਦੇ ਪੈਰਾਂ ਦੁਆਲੇ ਬੰਨ੍ਹੀ ਹੋਈ ਸੀ ਅਤੇ ਉਸ ਦਾ ਗਲਾ ਇੱਕ ਕੰਨ ਤੋਂ ਦੂਸਰੇ ਤੱਕ ਵੱਢਿਆ ਹੋਇਆ ਸੀ। ਉਹ 17 ਅਗਸਤ ਤੋਂ ਗੁੰਮ ਸੀ, ਜਿਸ ਦਾ ਮਤਲਬ ਸੀ ਕਿ ਉਸ ਦੀ ਦੇਹ ਲਗਭਗ ਦੋ ਹਫਤਿਆਂ ਤੋਂ ਉੱਥੇ ਪਈ ਸੀ।

ਹਰਨਾਮ ਸਿੰਘ ਦੀ ਮੌਤ ਬਾਰੇ ਇੱਕ ਤਫ਼ਤੀਸ਼ਕਾਰ ਦੀ ਤਫ਼ਤੀਸ਼ ਨੇ ਜਾਂ ਤਾਂ ਕਤਲ ਜਾਂ ਖੁਦਕਸ਼ੀ ਦਾ ਇੱਕ ਖੁੱਲ੍ਹਾ ਫਤਵਾ ਦਿੱਤਾ। ਉਸ ਦੇ ਮਿੱਤਰ, ਸਮੇਤ ਬੇਲਾ ਸਿੰਘ ਦੇ, ਵਿਸ਼ਵਾਸ ਕਰਦੇ ਸਨ ਕਿ ਇਹ ਗੁਰਦਵਾਰੇ ਵਿਖੇ ਕੀਤਾ ਗਿਆ ਕਤਲ ਹੈ, ਜਿੱਥੇ ਉਹ ਪ੍ਰਾਰਥਨਾ ਕਰਨ ਗਿਆ ਸੀ, ਅਤੇ ਉਸ ਦੀ ਦੇਹ ਅਣਉਪਚਾਰਕ ਤਰੀਕੇ ਨਾਲ ਗੁਰਦੁਆਰੇ ਨੇੜੇ ਖਾਲੀ ਜ਼ਮੀਨ 'ਤੇ ਸੁੱਟ ਦਿੱਤੀ ਗਈ ਸੀ। ਉਹ ਇਸ ਕਰਕੇ ਕਤਲ ਕੀਤਾ ਗਿਆ ਸੀ, ਕਿਉਂਕਿ ਉਹ ਗੁਰਦੁਆਰੇ ਦੇ ਪ੍ਰਧਾਨ ਵੱਲੋਂ ਸਰਕਾਰ ਨਾਲ ਸਬੰਧਿਤ ਕਿਸੇ ਵੀ ਵਿਅਕਤੀ ਦੇ ਪ੍ਰਵੇਸ਼ 'ਤੇ ਪਾਬੰਦੀ ਦੇ ਤਾਜ਼ਾ ਹੁਕਮ ਦੇ ਬਾਵਜੂਦ ਗੁਰਦੁਆਰੇ ਅੰਦਰ ਦਾਖ਼ਲ ਹੋਇਆ ਸੀ। ਉਨ੍ਹਾਂ ਕਿਹਾ ਕਿ ਜਿਸ ਆਦਮੀ ਨੇ ਇਹ ਕੀਤਾ ਇੱਕ ਮੋਹਰੀ ਗਦਰੀ ਜਗਤ ਸਿੰਘ ਸੁਰ ਸਿੰਘ ਸੀ, ਜੋ ਪਹਿਲਾਂ ਹੀ ਭਾਰਤ ਨੂੰ ਜਾ ਚੁੱਕਾ ਸੀ। ਅਸਲ ਵਿੱਚ ਹਰਨਾਮ ਸਿੰਘ ਦੀ ਦੇਹ ਲੱਭੇ ਜਾਣ ਤੋਂ ਅਗਲੇ ਦਿਨ ਜਗਤ ਸਿੰਘ ਵਿਕਟੋਰੀਆ ਤੋਂ ਸਮੁੰਦਰੀ ਜਹਾਜ਼ 'ਤੇ ਚੜ੍ਹਿਆ ਸੀ (ਪੰਦਰਾਂ ਮਹੀਨੇ ਪਿੱਛੋਂ ਜਗਤ ਸਿੰਘ ਸੁਰ ਸਿੰਘ ਬਰਤਾਨਵੀ ਸਰਕਾਰ ਦੁਆਰਾ ਲਾਹੌਰ ਵਿੱਚ 16 ਨਵੰਬਰ 1915 ਫਾਂਸੀ 'ਤੇ ਲਟਕਾਇਆ ਜਾਂਦਾ ਹੈ, ਉਹ ਪਹਿਲੇ ਸੱਤ ਗਦਰੀਆਂ ਵਿਚੋਂ ਸੀ, ਜੋ ਲਾਹੌਰ ਫਾਂਸੀ ਲਗੇ। ਜਿਨ੍ਹਾਂ ਵਿਚ ਸ਼ਹੀਦ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ ਵੀ ਸਨ।)

ਸਦਮੇ ਭਰਪੂਰ ਦੂਸਰੀ ਮੌਤ 3 ਸਤੰਬਰ ਨੂੰ, ਹਰਨਾਮ ਸਿੰਘ ਦੀ ਦੇਹ ਲੱਭਣ ਤੋਂ ਤਿੰਨ ਦਿਨ ਬਾਅਦ ਹੋਈ। ਗੁਰਦੁਆਰੇ ਤੋਂ ਦੋ ਕੁ ਬਲਾਕ ਪਰ੍ਹਾਂ ਇੱਕ ਹੋਸਟਲ ਵਿੱਚ ਬੇਲਾ ਸਿੰਘ ਗੁੱਟ ਦੇ ਇੱਕ ਹੋਰ ਅਰਜਨ ਸਿੰਘ ਨੂੰ ਗਲੇ ਵਿੱਚ ਗੋਲ਼ੀ ਮਾਰੀ ਗਈ ਅਤੇ ਉਹ ਮਿੰਟਾਂ ਵਿੱਚ ਹੀ ਮਰ ਗਿਆ। ਜਿਸ ਆਦਮੀ ਨੇ ਗੋਲੀ ਮਾਰੀ ਉਹ ਰਾਮ ਸਿੰਘ ਧੁਲੇਟਾ ਸੀ। ਉਸ ਹੋਸਟਲ ਦਾ ਇੱਕ ਜੋਟੀਦਾਰ, ਜਾਇਦਾਦ ਵਾਲਾ ਅਮੀਰ ਇਮੀਗਰੇਂਟ, ਅਤੇ ਗ਼ਦਰ ਕਾਰਕੁੰਨ ਸੀ। ਚਾਰ ਸਿੱਖਾਂ, ਜਿਹੜੇ ਉਸ ਹੋਸਟਲ ਵਿੱਚ ਰਹਿੰਦੇ ਸਨ ਅਤੇ ਜਿਹੜੇ ਉੱਥੇ ਸਨ ਜਦੋਂ ਇਹ ਵਾਪਰਿਆ, ਨੇ ਪੁਲਿਸ ਨੂੰ ਦੱਸਿਆ

ਕਿ ਇਹ ਇੱਕ ਦੁਰਘਟਨਾ ਸੀ।(ਚਾਰ ਸਾਲ ਬਾਅਦ ਸਨ ਫਰਾਂਸਿਸਕੋ ਅਦਾਲਤ ਵਿੱਚ ਇਸੇ ਰਾਮ ਸਿੰਘ ਨੇ ਇੱਕ ਨੁਮਾਇਸ਼ੀ ਗਦਰ ਸਾਜ਼ਿਸ਼ ਮੁਕੱਦਮੇ ਦੇ ਸਹਿ-ਮੁੱਦਈ ਦੇ ਗੋਲੀ ਮਾਰੀ ਤੇ ਮਾਰ ਦਿੱਤਾ ਅਤੇ ਖ਼ੁਦ ਮਾਰਿਆ ਗਿਆ, ਜਦੋਂ ਉਸ ਨੂੰ ਯੂ ਐਸ ਮਾਰਸ਼ਲ ਨੇ ਮੌਕੇ 'ਤੇ ਗੋਲੀ ਮਾਰ ਦਿੱਤੀ)।

ਅਰਜਨ ਸਿੰਘ ਗੋਲੀਕਾਂਡ ਤੋਂ ਫੌਰੀ ਪਿੱਛੋਂ ਦੋਵੇਂ ਧੜੇ ਬੇਹੱਦ ਪਰੇਸ਼ਾਨ ਜਾਪਦੇ ਸਨ। ਬੇਲਾ ਸਿੰਘ ਜਿਆਨ ਅਤੇ ਉਸ ਦੇ ਦੋਸਤ ਇਸ ਗੱਲ ਤੇ ਜ਼ੋਰ ਦਿੰਦੇ ਸਨ ਕਿ ਅਰਜਨ ਸਿੰਘ ਨੂੰ ਇਸ ਕਰਕੇ ਮਾਰਿਆ ਗਿਆ ਸੀ ਕਿਉਂਕਿ ਉਹ ਹਰਨਾਮ ਸਿੰਘ ਦੀ ਮੌਤ ਬਾਰੇ ਸ਼ੱਕੀ ਸੁਆਲ ਪੁੱਛ ਰਿਹਾ ਸੀ। ਬੇਲਾ ਸਿੰਘ ਦੇ ਵਿਰੋਧੀ ਉਸ ਵੱਲੋਂ ਮੋੜਵੇਂ ਵਾਰ ਦੀ ਉਮੀਦ ਕਰਦੇ ਸਨ ਅਤੇ ਉਲਟੇ ਰੂਪ 'ਚ, ਉਹ ਉਨ੍ਹਾਂ ਵੱਲੋਂ ਘਾਤ ਲਾ ਕੇ ਹਮਲਾ ਕਰਨ ਦੀ ਉਮੀਦ ਕਰਦਾ ਸੀ। ਬਚਿਆ ਹੋਇਆ ਪੱਤਰ ਵਿਹਾਰ ਤਸਵੀਰ ਚਿਤਰਤ ਕਰਦਾ ਹੈ। 4 ਸਤੰਬਰ ਨੂੰ ਬੇਲਾ ਸਿੰਘ ਜਿਆਨ ਨੇ ਇਮੀਗਰੇਸ਼ਨ ਏਜੰਟ ਮਾਲਕਮ ਰੀਡ ਨੂੰ ਸ਼ਿਕਾਇਤ ਕੀਤੀ ਕਿ ਉਸ ਦਿਨ ਉਸ ਨੂੰ ਜਾਨ ਤੋਂ ਮਾਰਨ ਦੀ ਧਮਕੀ ਮਿਲੀ ਹੈ। ਇਸੇ ਸਮੇਂ ਕਾਮਾਗਾਟਾ ਮਾਰੂ ਤਟਈ ਕਮੇਟੀ ਦੇ ਮੈਂਬਰ ਆਪਣੇ ਵਕੀਲ ਏ.ਐੱਚ.ਮੈਕਨੀਲ ਨੂੰ ਅਸਲਾ ਰੱਖਣ ਦੇ ਲਾਇਸੰਸ ਲੈ ਕੇ ਦੇਣ ਲਈ ਕਹਿ ਰਹੇ ਸਨ। ਕਿਉਂਕਿ ਉਨ੍ਹਾਂ ਦੀਆਂ ਜ਼ਿੰਦਗੀਆਂ ਨੂੰ ਬੇਲਾ ਸਿੰਘ ਤੋਂ ਖਤਰਾ ਸੀ। ਮੈਕਨੀਲ ਦੀ ਉਨ੍ਹਾਂ ਨੂੰ ਸਮਝਣਯੋਗ ਚੇਤਾਵਨੀ ਹਥਿਆਰ ਨਾ ਰੱਖਣ ਦੀ ਸੀ। ਅਜਿਹਾ ਨਾ ਹੋਵੇ ਕਿ ਪੁਲਿਸ ਵੱਲੋਂ ਉਨ੍ਹਾਂ ਦੇ ਇਰਾਦਿਆਂ ਦੇ "ਅਰਥਾਂ ਦੇ ਅਨਰਥ" ਕਰ ਦਿੱਤੇ ਜਾਣ।

ਇਸ ਸਿਲਸਿਲੇ ਵਿੱਚ ਸਭ ਤੋਂ ਭਿਆਨਕ ਕਾਰਵਾਈ 5 ਸਤੰਬਰ ਦੀ ਸ਼ਾਮ ਨੂੰ ਗੁਰਦਵਾਰੇ ਵਿਖੇ ਅਰਜਨ ਸਿੰਘ ਦੇ ਅੰਤਿਮ ਸਸਕਾਰ ਵਿਖੇ ਹੋਈ। ਬੇਲਾ ਸਿੰਘ, ਪਿਛਲੇ ਦਰਵਾਜ਼ੇ ਰਾਹੀਂ ਦੂਸਰੀ ਮੰਜ਼ਲ 'ਤੇ ਗੁਰਦੁਆਰੇ ਦੇ ਦਰਬਾਰ 'ਚ ਪਰਵੇਸ਼ ਕਰਕੇ ਹਾਜ਼ਰ ਹੋਇਆ। ਉੱਥੇ ਅਠੱਤੀ ਲੋਕ ਹਾਜ਼ਰ ਸਨ ਸਮੇਤ ਤਟਈ ਕਮੇਟੀ ਨੇਤਾਵਾਂ ਅਤੇ ਗਦਰ ਕਾਰਕੁੰਨਾਂ ਭਾਗ ਸਿੰਘ ਭਿੱਖੀਵਿੰਡ, ਬਲਵੰਤ ਸਿੰਘ ਖ਼ੁਰਦਪੁਰ ਅਤੇ ਸੋਹਨ ਲਾਲ ਔਲਖ ਦੇ ਜਿਹੜਾ ਤਟਈ ਕਮੇਟੀ ਅਤੇ ਉਨ੍ਹਾਂ ਦੇ ਵਕੀਲ ਐਡਵਾਰਡ ਬਰਡ ਵਿਚਕਾਰ ਮੁੱਖ ਕੜੀ ਰਿਹਾ ਸੀ। ਸਾਹਮਣੇ ਵਾਲੇ ਹਿੱਸੇ ਦੇ ਨੇੜੇ ਫਰਸ਼ 'ਤੇ ਬੇਲਾ ਸਿੰਘ ਦੇ ਬੈਠਣ ਤੋਂ ਕੋਈ 20 ਮਿੰਟ ਪਿੱਛੋਂ, ਗੋਲੀਆਂ ਦੀ ਬੁਛਾੜ ਨਿਕਲੀ। ਪੱਤਰਕਾਰ ਬਰੂਸ ਮਕੈਲਵੀ(Bruce McKelvie), ਜਿਹੜਾ ਨੇੜੇ ਹੀ ਰਹਿੰਦਾ ਸੀ, 7 ਵਜੇ ਤੋਂ ਕੁੱਝ ਮਿੰਟ ਪਿੱਛੋਂ ਸਟਰੀਟ ਕਾਰ (ਟਰੈਮ) ਪਕੜਨ ਲਈ ਆਪਣੇ ਰਸਤੇ 'ਚ ਸੀ। ਜਦੋਂ ਉਸ ਨੇ ਇਕਹਿਰੀ ਗੋਲੀ ਦੀ ਆਵਾਜ਼ ਸੁਣੀ ਅਤੇ ਫਿਰ, ਥੋੜੇ ਜਿਹੇ ਵਕਫੇ ਬਾਅਦ ਇੱਕ ਬੁਛਾੜ। ਇਸ ਤੋਂ ਪਿੱਛੋਂ ਇੱਕ ਹੋਰ ਵਕਫਾ, ਅਤੇ ਇੱਕ ਆਖਰੀ ਗੋਲੀ। ਪੁਲਿਸ ਨੂੰ ਕੁਝ ਮਿੰਟ ਬਾਅਦ ਪਹੁੰਚਣ ਤੇ ਤਿੰਨ ਜ਼ਖ਼ਮੀ ਸਿੱਖ ਫਰਸ਼ ਤੇ ਮਿਲੇ। ਇੱਕ ਪਿਛਲੇ ਦਰਵਾਜ਼ੇ ਦੇ ਨੇੜੇ, ਜਿਸਦੇ ਪਿਛਲੇ ਪਾਸੇ ਤੋਂ

ਖੱਬੀ ਵੱਖੀ ਵਿਚ ਗੋਲੀ ਲੱਗੀ ਸੀ, ਇੱਕ ਹੋਰ ਨੇ ਪੱਛਮੀ ਕੰਧ ਦਾ ਸਹਾਰਾ ਲਿਆ ਹੋਇਆ ਸੀ, ਉਸ ਨੂੰ ਗੋਡੇ ਵਿੱਚ ਗੋਲੀ ਲੱਗੀ ਸੀ, ਅਤੇ ਉਸ ਤੋਂ ਲਗਭਗ ਇੱਕ ਮੀਟਰ ਦੂਰ ਭਾਗ ਸਿੰਘ ਭਿੱਖੀਵਿੰਡ ਸੀ ਜਿਸ ਦੇ ਫੇਫੜਿਆਂ ਅਤੇ ਪੇਟ ਵਿੱਚੋਂ ਦੀ ਗੋਲੀਆਂ ਲੰਘੀਆਂ ਸਨ। ਖ਼ੂਨ ਦੀ ਲੀਹ ਗੁਰਦੁਆਰੇ ਦੀਆਂ ਪੌੜੀਆਂ ਤੋਂ ਨਾਲ਼ ਲਗਦੀ ਇਮਾਰਤ ਤੱਕ ਜਾਂਦੀ ਸੀ, ਜਿੱਥੇ ਕਈ ਹੋਰ ਆਦਮੀ ਪਨਾਹ ਲੈਣ ਲਈ ਭੱਜ ਕੇ ਚਲੇ ਗਏ ਸਨ। ਉਨ੍ਹਾਂ ਵਿੱਚੋਂ ਕੁੱਝ ਨੇ ਉਥੋਂ ਪਰੇ ਜਾਣ ਦੀ ਕਾਹਲੀ 'ਚ ਦੂਸਰੀ ਮੰਜ਼ਲ ਦੀ ਪੋਰਚ ਤੋਂ ਛਾਲ਼ਾਂ ਮਾਰ ਦਿੱਤੀਆਂ ਸਨ। ਉਨ੍ਹਾਂ ਵਿੱਚੋਂ ਇੱਕ ਗੁਰਦੁਆਰੇ ਦਾ ਵਸਨੀਕ, ਬਦਨ ਸਿੰਘ ਦਲੇਲ ਸਿੰਘ ਵਾਲਾ ਦਾ ਸੀ। ਜਿਸ ਦੇ ਸਰੀਰ ਦੇ ਉਪਰਲੇ ਹਿੱਸੇ ਵਿੱਚ ਤਕਲੀਫਦੇਹ ਢੰਗ ਨਾਲ ਚਾਰ ਵਾਰ ਗੋਲੀਆਂ ਮਾਰੀਆਂ ਗਈਆਂ ਸਨ। ਬੰਦੂਕਧਾਰੀ ਨੂੰ ਲੱਭਣਾ ਕੋਈ ਚੁਣੌਤੀ ਨਹੀਂ ਸੀ। ਪੁਲਿਸ ਨੇ ਬੇਲਾ ਸਿੰਘ ਨੂੰ ਗਲੀ 'ਚ ਗ੍ਰਿਫ਼ਤਾਰ ਕਰ ਲਿਆ। ਜਿੱਥੇ ਉਹ ਇੱਕ ਐਂਬੂਲੈਂਸ ਪਾਸ ਖੜ੍ਹਾ ਦੇਖ ਰਿਹਾ ਸੀ। ਜਿਉਂ ਹੀ ਸੱਤ ਜਖ਼ਮੀਆਂ ਨੂੰ ਰੇੜ੍ਹੇ 'ਤੇ ਹਸਪਤਾਲ ਲਿਜਾਇਆ ਗਿਆ। ਅੱਠਵੇਂ ਸੋਹਨ ਲਾਲ ਔਲਖ ਦੀ ਲੱਤ ਦੇ ਜ਼ਖ਼ਮ ਦਾ ਇਲਾਜ ਥਾਣੇ ਵਿੱਚ ਕੀਤਾ ਗਿਆ। ਗੋਲੀਬਾਰੀ ਵਿੱਚ ਵਰਤੇ ਗਏ ਰਿਵਾਲਵਰਾਂ 'ਚੋਂ ਇੱਕ ਗੁਰਦੁਆਰੇ ਦੇ ਸਾਮ੍ਹਣਿਉਂ ਮਿਲਿਆ ਅਤੇ ਇੱਕ ਹੋਰ ਬੇਲਾ ਸਿੰਘ ਦੇ ਘਰ ਤੋਂ, ਸਮੇਤ ਲਗਭਗ 300 ਕਾਰਤੂਸਾਂ ਅਤੇ ਦੂਸਰੇ ਅਸਲੇ ਦੇ। ਗੋਲੀਬਾਰੀ ਪਿੱਛੋਂ ਬੇਲਾ ਸਿੰਘ ਪੁਲਿਸ ਨੂੰ ਬੁਲਾਉਣ ਲਈ ਘਰ ਨੂੰ ਦੌੜ ਗਿਆ ਸੀ ਅਤੇ ਫਿਰ ਆਪਣੀ ਸਾਖ ਬਚਾਉਣ ਲਈ, ਵਾਪਸ ਪਰਤ ਆਇਆ ਸੀ। ਜਨਰਲ ਹਸਪਤਾਲ ਦੇ ਓਪਰੇਸ਼ਨ ਵਾਲੇ ਕਮਰੇ ਵਿੱਚ ਜਿਉਂ ਹੀ ਡਾਕਟਰਾਂ ਨੇ ਜ਼ਖ਼ਮਾਂ ਨੂੰ ਸਾਫ ਕੀਤਾ ਅਤੇ ਟਾਂਕੇ ਲਾਏ, ਇੱਕ ਸਥਾਨਕ ਅਦਾਲਤ ਦੇ ਜੱਜ ਨੇ ਗਵਾਹੀਆਂ ਲਈਆਂ, ਹਾੱਪਕਿਨਸਨ ਨੇ ਅਨੁਵਾਦ ਕੀਤਾ ਅਤੇ ਬੇਲਾ ਸਿੰਘ ਦੀ ਪਛਾਣ ਕਰਨ ਲਈ, ਪੁਲਿਸ ਹਿਰਾਸਤ ਵਿੱਚ, ਮੌਜੂਦ ਸੀ। "ਮੈਂ ਮਰਨ ਜਾ ਰਿਹਾ ਹਾਂ ਤੁਸੀਂ ਮੇਰੀ ਮਦਦ ਕਰਨ ਲਈ ਕੁੱਝ ਨਹੀਂ ਕਰ ਸਕਦੇ", ਭਾਗ ਸਿੰਘ ਭਿਖੀਵਿੰਡ ਨੇ ਅਪਣਾ ਬਿਆਨ ਦੇਣ ਤੋਂ ਪਹਿਲਾਂ ਕਿਹਾ, ਅਤੇ ਜਦੋਂ ਇਹ ਦੁਬਾਰਾ ਪੜ੍ਹਿਆ ਜਾ ਰਿਹਾ ਸੀ, ਉਸ ਨੇ ਆਪਣਾ ਆਖਰੀ ਸਾਹ ਲਿਆ, ਬਦਨ ਸਿੰਘ ਵੀ ਦਾਖਲ ਕੀਤੇ ਜਾਣ ਤੋਂ ਥੋੜ੍ਹੀ ਦੇਰ ਬਾਅਦ ਮਰ ਗਿਆ।

ਭਾਗ ਸਿੰਘ ਭਿਖੀਵਿੰਡ ਅਤੇ ਬਹੁਤੇ ਜਖ਼ਮੀ ਆਦਮੀਆਂ ਨੇ ਇਹੀ ਕਹਾਣੀ ਸੁਣਾਈ। ਉਨ੍ਹਾਂ ਨੇ ਕਿਹਾ ਕਿ ਬੇਲਾ ਸਿੰਘ ਜਿਆਨ ਨੇ ਪ੍ਰਵੇਸ਼ ਕਰਕੇ, ਆਪਣਾ ਮੱਥਾ ਟੇਕਿਆ, ਆਪਣਾ ਸਿੱਕਾ ਗੋਲਕ ਵਿੱਚ ਪਾਇਆ ਅਤੇ ਸਾਹਮਣੇ ਵਾਲੇ ਹਿਸੇ ਦੇ ਨੇੜੇ ਫਰਸ਼ 'ਤੇ ਬੈਠ ਗਿਆ, ਅਚਾਨਕ ਆਪਣੇ ਪੈਰਾਂ 'ਤੇ ਉੱਛਲਿਆ, ਜਦੋਂ ਹਰ ਕੋਈ ਅਰਦਾਸ ਦੀ ਅਵਸਥਾ ਵਿੱਚ ਸੀ। ਉਸ ਨੇ ਦੋ ਰਿਵਾਲਵਰਾਂ ਨਾਲ ਭਾਗ ਸਿੰਘ 'ਤੇ ਗੋਲੀਆਂ ਚਲਾਈਆਂ ਸਨ ਅਤੇ ਜਦੋਂ ਉਥੇ ਬਚ ਕੇ ਨਿਕਲਣ ਲਈ

ਆਮ ਭਗਦੜ ਮੱਚ ਗਈ, ਉਸ ਨੇ ਆਪਣੇ ਹਥਿਆਰਾਂ ਦਾ ਰੁੱਖ ਬਾਕੀਆਂ ਵੱਲ ਕਰ ਦਿੱਤਾ ਸੀ।

ਦੂਸਰੇ ਗਵਾਹਾਂ ਅਤੇ ਬੇਲਾ ਸਿੰਘ ਦੇ ਮਿੱਤਰਾਂ ਨੇ ਦਾਅਵਾ ਕੀਤਾ ਕਿ ਉਸ ਨੇ ਆਤਮ ਰੱਖਿਆ ਲਈ ਗੋਲੀ ਚਲਾਈ ਸੀ। ਉਨ੍ਹਾਂ ਨੇ ਕਿਹਾ ਕਿ ਉਹ ਭਾਗ ਸਿੰਘ ਭਿੱਖੀਵਿੰਡ ਦੇ ਨੇੜੇ ਬੈਠਾ ਸੀ, ਜ਼ਰਾ ਕੁ ਇੱਕ ਪਾਸੇ ਨੂੰ ਅਤੇ ਦੋਨਾਂ ਆਦਮੀਆਂ ਨੇ ਅਰਦਾਸ ਦੌਰਾਨ ਦਲੀਲ ਬਾਜ਼ੀ ਕੀਤੀ ਸੀ। ਜਿਉਂ ਹੀ ਕੀਰਤਨ ਅਤੇ ਅਰਦਾਸਾਂ ਸਮਾਪਤ ਹੋਈਆਂ, ਬਦਨ ਸਿੰਘ, ਆਪਣੀ ਜੇਬ 'ਚੋਂ ਇੱਕ ਕਾਲਾ ਪਿਸਤੌਲ ਕੱਢਦਿਆਂ, ਇਹ ਕਹਿੰਦਾ ਹੋਇਆ ਕਮਰੇ 'ਚ ਆਇਆ, "ਮੈਂ ਖ਼ੁਦ ਉਸ ਨੂੰ ਠੀਕ ਕਰਦਾ ਹਾਂ" ਬੇਲਾ ਸਿੰਘ ਪਿੱਛੇ ਨੂੰ ਦੌੜਿਆ। ਬਦਨ ਸਿੰਘ ਨੇ ਗੋਲੀ ਚਲਾ ਦਿੱਤੀ, ਅਤੇ ਭਾਗ ਸਿੰਘ ਵੇਦੀ ਹੇਠਲੀ ਪਵਿੱਤਰ ਤਲਵਾਰ ਲਈ ਪਹੁੰਚਿਆ। ਫਿਰ ਗੋਲੀਆਂ ਦੀ ਬੁਛਾੜ ਦੇ ਦਰਮਿਆਨ ਬਾਹਰ ਜਾਣ ਦੇ ਰਸਤਿਆਂ ਲਈ ਘਬਰਾਹਟ ਭਰੀ ਭਗਦੜ ਮੱਚ ਗਈ। ਬੇਲਾ ਸਿੰਘ ਦੀ ਕਹਾਣੀ ਉਸ ਦੇ ਮਿੱਤਰਾਂ ਦੀ ਕਹਾਣੀ ਦੇ ਪੱਖ ਵਿੱਚ ਜਾਂਦੀ ਸੀ। ਹਾੱਪਕਿਨਸਨ, ਜਿਸ ਨੇ ਆਪਣੇ ਸਹਾਇਕ ਗਵਾਇਥਰ ਨਾਲ, ਥਾਣੇ ਵਿਖੇ ਅਠਾਰਾਂ ਹੋਰ ਗਵਾਹਾਂ ਤੋਂ ਪੁੱਛਗਿਛ ਕੀਤੀ, ਨੂੰ ਕੋਈ ਸ਼ੱਕ ਨਹੀਂ ਸੀ, ਕਿ ਮਰ ਰਹੇ ਪੀੜਤ ਉਹ ਵਿਅਕਤੀ ਸਨ ਜਿਹਨਾਂ ਨੇ ਸੱਚ ਬੋਲਿਆਂ ਸੀ। ਉਸ ਓਟਾਵਾ ਵਿੱਚ ਉੱਪ ਗ੍ਰਹਿ ਮੰਤਰੀ ਨੂੰ ਆਪਣੀ ਰਿਪੋਰਟ ਵਿੱਚ ਇਸ ਢੰਗ ਨਾਲ ਲਿਖਿਆ, ਕਿ ਜੋ ਬੇਲਾ ਸਿੰਘ ਕਰ ਚੁੱਕਾ ਸੀ। ਉਸ ਲਈ ਉਸ ਪਾਸ ਕੋਈ ਬਹਾਨਾ ਨਹੀਂ ਸੀ ਅਤੇ ਕਿ ਇਹ ਖ਼ੁਦ ਉਸ ਲਈ ਇੱਕ ਵੱਡਾ ਸਦਮਾ ਸੀ। ਸਭ ਤੋਂ ਵਧੀਆ ਜੋ ਉਹ ਬੇਲਾ ਸਿੰਘ ਬਾਰੇ ਕਹਿ ਸਕਦਾ ਸੀ, ਜੋ ਉਸ ਨੇ ਕਿਹਾ, ਕਿ ਉਹ ਉਸਤੇ ਭਰੋਸਾ ਕਰਦਾ ਸੀ। ਉਸ ਨੇ ਅਗੇ ਕਿਹਾ ਕਿ ਉਸ ਦੀ ਕਾਰਵਾਈ "ਇੱਕ ਅਜਿਹੇ ਆਦਮੀ ਦੀ ਕਾਰਵਾਈ ਸੀ ਜਿਸ ਦਾ ਮਨ ਅਸੰਤੁਲਿਤ ਸੀ" ਇਹ ਵਕਤੀ ਪਾਗਲਪਣ ਸੀ, ਜਿਸ ਦਾ ਉਹ ਸੰਕੇਤ ਦੇ ਰਿਹਾ ਸੀ।

ਇਹਨਾਂ ਘਟਨਾਵਾਂ ਦੀ ਕਿਸੇ ਵੀ ਵਿਆਖਿਆ ਲਈ ਬੇਲਾ ਸਿੰਘ ਦੇ ਕਾਤਲਾਨਾ ਉਬਾਲ ਪ੍ਰਤੀ ਹਾੱਪਕਿਨਸਨ ਦੇ ਪ੍ਰਤੀਕਰਮ ਨੂੰ ਸਮਝਣਾ ਮਹੱਤਵਪੂਰਨ ਹੈ। ਸੁਆਲ ਇਸ ਗੱਲ ਦੁਆਲੇ ਘੁੰਮਦਾ ਹੈ ਕਿ ਘਟਨਾ ਤੋਂ ਪਹਿਲਾਂ ਹਾੱਪਕਿਨਸਨ ਕੀ ਜਾਣਦਾ ਸੀ, ਕੀ ਨਹੀਂ ਜਾਣਦਾ ਸੀ? ਉਸ ਦਾ ਪ੍ਰਤੀਕਰਮ ਸਾਨੂੰ ਦੱਸਦਾ ਹੈ ਕਿ ਉਸ ਨੂੰ ਹੈਰਾਨੀ ਹੋਈ ਸੀ, ਭਾਵੇਂ ਉਹ ਅਜੇ ਵੀ ਬੇਲਾ ਸਿੰਘ ਨੂੰ ਉੱਨੀ ਮਦਦ ਦੀ ਪੇਸ਼ਕਸ਼ ਕਰਨ ਲਈ ਤਿਆਰ ਸੀ, ਜਿੰਨੀ ਉਹ ਕਰ ਸਕਦਾ ਸੀ। ਤਫ਼ਤੀਸ਼ਕਾਰ ਨੇ ਬੁੱਧਵਾਰ 9 ਸਤੰਬਰ ਨੂੰ ਇੱਕ ਤਫ਼ਤੀਸ਼ ਕੀਤੀ ਅਤੇ ਬੇਲਾ ਸਿੰਘ ਨੂੰ ਕਤਲ ਦਾ ਦੋਸ਼ੀ ਠਹਿਰਾਇਆ ਗਿਆ ਅਤੇ ਮੁਕੱਦਮਾ ਦਰਜ ਕੀਤਾ ਗਿਆ। ਬੇਲਾ ਸਿੰਘ ਦੇ ਬਚਾਉ ਪੱਖ ਲਈ ਇਹ ਦਿਖਾਉਣਾ ਜ਼ਰੂਰੀ ਸੀ ਕਿ ਉਸ ਨੂੰ ਪਹਿਲਾਂ ਹੀ ਧਮਕੀਆਂ ਮਿਲੀਆਂ ਹੋਈਆਂ ਸਨ ਅਤੇ ਜਦੋਂ ਕਿ ਉਸ ਦੇ ਮਿੱਤਰ ਗਵਾਹੀ ਦਿੰਦੇ ਸਨ ਅਤੇ

ਡਾ.ਰਘੂਨਾਥ ਸਿੰਘ ਅਜੇ ਵੀ ਵੈਨਕੂਵਰ ਵਿੱਚ, ਆਪਣੇ ਗਵਾਹੀ ਦੇਣ ਲਈ ਪੱਕਾ ਸੀ। ਇੰਸਪੈਕਟਰ ਹਾੱਪਕਿਨਸਨ ਦੀ ਗਵਾਹੀ ਵਿਸ਼ੇਸ਼ ਤੌਰ ਤੇ ਮੰਗੀ ਗਈ ਸੀ। ਇਮੀਗਰੇਸ਼ਨ ਵਿਭਾਗ ਪਿੱਛੋਂ ਦਸੰਬਰ 1913 ਤੱਕ ਦੇ ਆਪਣੇ ਲੋਕਾਂ ਦੇ ਖ਼ਿਲਾਫ਼ ਧਮਕੀਆਂ ਦੇ ਪ੍ਰਮਾਣ ਇਕੱਠੇ ਕਰਨ ਲੱਗਿਆ ਹੋਇਆ ਸੀ। ਜਿਵੇਂ ਕਿ ਅਧਿਆਇ 8 ਵਿੱਚ ਜ਼ਿਕਰ ਕੀਤਾ ਗਿਆ ਹੈ, ਵਿਭਾਗ ਪਾਸ ਹੁਸੈਨ ਰਾਹੀਮ, ਸੋਹਣ ਲਾਲ ਔਲਖ, ਅਤੇ ਗੁਰਦੁਆਰਾ ਕਮੇਟੀ ਦੇ ਮੈਂਬਰਾਂ ਬਾਰੇ ਮੁਖ਼ਬਰਾਂ ਦੇ ਪਿਛਲੇ ਬਿਆਨ ਸਨ। ਇਨ੍ਹਾਂ ਬਿਆਨਾਂ ਵਿੱਚ ਬੇਲਾ ਸਿੰਘ ਅਤੇ ਉਸ ਸਭ ਤੋਂ ਨੇੜਲੇ ਮਿੱਤਰਾਂ, ਬਾਬੂ ਸਿੰਘ ਲਿੱਤਰਾਂ ਅਤੇ ਗੰਗਾ ਰਾਮ- ਹਾੱਪਕਿਨਸਨ ਅਤੇ ਮਾਲਕਮ ਰੀਡ ਵੀ, ਤੋਂ ਛੁਟਕਾਰਾ ਪਾਉਣ ਦੀ ਸ਼ਰੇਆਮ ਗੱਲਬਾਤ ਦੀ ਸੂਚਨਾ ਦਿੱਤੀ ਗਈ ਸੀ। ਬੇਲਾ ਸਿੰਘ ਦੇ ਮੁਕੱਦਮੇ ਸਮੇਂ ਹਾੱਪਕਿਨਸਨ ਇਸ ਗੱਲ ਦੀ ਗਵਾਹੀ ਦੇ ਸਕਦਾ ਸੀ।

ਪਰੰਤੂ ਹਾੱਪਕਿਨਸਨ ਗਵਾਹੀ ਦੇਣ ਲਈ ਜਿੰਦਾ ਨਾ ਰਿਹਾ। ਉਸ ਦਾ ਇੱਕ ਪ੍ਰਾਂਤਕ ਕਚਹਿਰੀ ਵਿੱਚ ਗਵਾਹਾਂ ਦੇ ਕਮਰੇ ਨੂੰ ਜਾਣ ਵਾਲੇ ਵਕੀਲਾਂ ਦੇ ਪ੍ਰਵੇਸ਼ ਦਰਵਾਜ਼ੇ ਵਿਖੇ ਪਾਇਦਾਨ ਉੱਪਰ ਢਹਿ ਢੇਰੀ ਹੋਏ ਪਏ ਦਾ ਅੰਤ ਹੋ ਗਿਆ। ਜਦੋਂ ਮੱਧ ਅਕਤੂਬਰ ਵਿੱਚ ਫੌਜਦਾਰੀ ਮੁਕੱਦਮੇ ਦੀਆਂ ਬੈਠਕਾਂ ਸ਼ੁਰੂ ਹੋਈਆਂ, ਬੇਲਾ ਸਿੰਘ ਦਾ ਮੁਕੱਦਮਾ ਫੋਰਨ ਅੱਗੇ ਨਾ ਵਧਿਆ। ਪਰੰਤੂ ਸਾਰੇ ਗਵਾਹਾਂ ਨੂੰ ਹਰੇਕ ਸਵੇਰ ਨੂੰ ਹਾਜ਼ਰ ਹੋਣਾ ਪੈਂਦਾ ਸੀ ਅਤੇ ਆਪਣੇ ਆਪ ਨੂੰ ਤਿਆਰ ਰੱਖਣਾ ਪੈਂਦਾ ਸੀ। 21 ਅਕਤੂਬਰ ਨੂੰ ਜਿਉਂ ਹੀ ਹਾੱਪਕਿਨਸਨ ਨੇ ਵੈਨਕੂਵਰ ਕਚਹਿਰੀ ਦੇ ਬਰਾਂਡੇ ਵਿੱਚ ਇੰਤਜ਼ਾਰ ਕੀਤੀ, ਸੱਤ ਜਾਂ ਅੱਠ ਸਿੱਖਾਂ ਦੀ ਇੱਕ ਟੋਲੀ ਪਹੁੰਚੀ, ਮੇਵਾ ਸਿੰਘ ਲੋਪੋਕੇ ਉਨ੍ਹਾਂ ਵਿੱਚ ਸੀ। ਇਹ ਉਹ ਆਦਮੀ ਸੀ ਜਿਸ ਨੂੰ ਹਾੱਪਕਿਨਸਨ ਚੰਗੀ ਤਰਾਂ ਜਾਣਦਾ ਸੀ ਅਤੇ ਜਿਸ ਤੋਂ ਡਰਨ ਦਾ ਕੋਈ ਕਾਰਨ ਨਹੀਂ ਸੀ। ਇਮੀਗਰੇਸ਼ਨ ਅਧਿਕਾਰੀ ਆਪਣੀਆਂ ਜੇਬਾਂ ਵਿੱਚ ਹੱਥ ਪਾਈ ਖੜ੍ਹਾ ਸੀ। ਜਦੋਂ ਮੇਵਾ ਸਿੰਘ ਉਸ ਵੱਲ ਕਦਮ ਪੁੱਟ ਕੇ ਗਿਆ, ਨਿਕਲ ਦੇ ਪੱਤਰੇ ਵਾਲਾ ਬੱਤੀ ਬੋਰ ਦਾ ਰਿਵਾਲਵਰ ਕੱਢਿਆ ਅਤੇ ਬਹੁਤ ਨੇੜੇ ਤੋਂ ਗੋਲ਼ੀ ਚਲਾ ਦਿੱਤੀ। ਹਾੱਪਕਿਨਸਨ ਮੇਵਾ ਸਿੰਘ ਨੂੰ ਪੱਟ ਤੋਂ ਪਕੜਦਿਆਂ ਆਪਣੇ ਗੋਡਿਆਂ ’ਤੇ ਲੁੜਕ ਗਿਆ। ਮੇਵਾ ਸਿੰਘ ਨੇ ਆਪਣੇ ਸੱਜੇ ਹੱਥ ਵਿੱਚ ਫੜਿਆ ਰਿਵਾਲਵਰ ਉਸ ਦੇ ਸਿਰ ’ਤੇ ਮਾਰਿਆ ਅਤੇ ਫਿਰ ਇਸ ਨੂੰ ਸੁੱਟਦਿਆਂ ਅਤੇ ਖੱਬੇ ਹੱਥ ’ਚੋਂ ਮਿੱਡੀ ਨਾਲੀ ਵਾਲਾ ਰਿਵਾਲਵਰ ਬਦਲ ਕੇ ਲੈਂਦਿਆਂ, ਹਾੱਪਕਿਨਸਨ ਤੋਂ ਛੁਡਾਉਣ ਲਈ ਰਿਵਾਲਵਰ ਦਾ ਹਰ ਵਾਰ ਘੋੜਾ ਦੱਬਣ ਤੋਂ ਪਿੱਛੋਂ ਆਪਣੀ ਬਾਂਹ ਨੂੰ ਝਟਕਾ ਦਿੰਦਿਆਂ ਅਤੇ ਉੱਛਲਦਿਆਂ, ਗੋਲੀਆਂ ਚਲਾਉਂਦਾ ਰਿਹਾ।

ਮੇਵਾ ਸਿੰਘ, ਆਪਣੇ ਨਿਸ਼ਾਨੇ ਤੇ ਕੇਂਦਰਿਤ, ਕਿਸੇ ਹੋਰ ਲਈ ਖਤਰਾ ਨਹੀਂ ਸੀ, ਭਾਵੇਂ ਇਹ ਗੱਲ ਫੌਰੀ ਤੌਰ ਤੇ ਸਪੱਸ਼ਟ ਨਹੀਂ ਸੀ। ਗਵਾਹਾਂ ਵਾਲੇ ਕਮਰੇ ਵਿੱਚ

ਕਈ ਆਦਮੀਆਂ ਨੇ ਗੋਲੀਬਾਰੀ ਦੇਖੀ ਸੀ। ਲੇਕਿਨ ਪਥਰਾਏ ਅਤੇ ਡਰੇ ਹੋਏ, ਹਿੱਲੇ ਨਾ, ਸਿਵਾਏ ਦਰਵਾਜ਼ਾ ਬੰਦ ਕਰਕੇ ਆਪਣੇ ਆਪ ਨੂੰ ਇਸ ਦ੍ਰਿਸ਼ ਤੋਂ ਵੱਖ ਕਰ ਲੈਣ ਦੇ। ਪਰੰਤੂ ਰਿਚਰਡ ਪੌਲੀ, ਅਦਾਲਤ ਦਾ ਇੱਕ ਮੁਲਾਜ਼ਮ, ਮਹਿਜ ਕੁੱਝ ਹੀ ਮੀਟਰ ਦੀ ਦੂਰੀ ਤੇ ਸੀ ਅਤੇ ਉਹ ਸ਼ਾਂਤਮਈ ਢੰਗ ਨਾਲ ਮੇਵਾ ਸਿੰਘ ਪਾਸ ਗਿਆ ਅਤੇ ਉਸ ਤੋਂ ਹਥਿਆਰਾਂ ਦੀ ਮੰਗ ਕੀਤੀ। ਮੇਵਾ ਸਿੰਘ ਨੇ ਜੁਆਬ ਦਿੱਤਾ, "ਮੈਂ ਇਹ ਪੁਲਿਸ ਨੂੰ ਦਿਆਂਗਾ" ਜੇਮਜ਼ ਮਕੈਨ, ਮੁੱਖ ਦਰਬਾਨ ਪਹਿਲੀ ਗੋਲੀ ਤੋਂ ਬਾਅਦ ਤੇਜ਼ੀ ਨਾਲ ਪੌੜੀਆਂ ਚੜ੍ਹਿਆ, ਸਿੱਖ ਤੇ ਝਪਟਿਆ, ਉਸ ਨੂੰ ਕਾਬੂ ਕੀਤਾ ਅਤੇ ਹੱਥੋਪਾਈ ਕਰਕੇ ਉਸ ਤੋਂ ਹਥਿਆਰ ਲੈ ਲਏ "ਮੈਂ ਗੋਲੀ ਮਾਰ ਦਿਆਂਗਾ", ਮੇਵਾ ਸਿੰਘ ਨੇ ਕਿਹਾ, "ਮੈਂ ਸਟੇਸ਼ਨ ਨੂੰ ਜਾਂਦਾ ਹਾਂ" ਇਸ ਸਮੇਂ ਤੱਕ ਦੋ ਡਾਕਟਰ ਜੋ ਇਮਾਰਤ ਵਿੱਚ ਸਨ ਪਹੁੰਚ ਗਏ ਸਨ। ਹਾੱਪਕਿਨਸਨ ਮਰ ਗਿਆ ਸੀ, ਜਿਸ ਗਤੀ ਨਾਲ ਬੀ ਸੀ ਦੀ ਕਾਨੂੰਨੀ ਪ੍ਰਣਾਲੀ ਨੇ ਮੇਵਾ ਸਿੰਘ ਲੋਪੋਕੇ ਨੂੰ ਨਜਿੱਠਿਆ ਉਸ ਦੀ ਅਧੁਨਿਕ ਕਨੇਡਾ ਵਿੱਚ ਕੋਈ ਮਿਸਾਲ ਨਹੀਂ ਮਿਲਦੀ। ਗੋਲੀਬਾਰੀ ਤੋਂ ਦਸ ਦਿਨ ਬਾਅਦ ਮੇਵਾ ਸਿੰਘ ਲੋਪੋਕੇ 'ਤੇ ਕਤਲ ਦਾ ਮੁਕੱਦਮਾ ਚਲਾਇਆ ਗਿਆ ਅਤੇ ਫਾਂਸੀ ਦੀ ਸਜ਼ਾ ਦਿੱਤੀ ਗਈ। ਇਸ ਦਾ ਰਾਹ ਪੱਧਰਾ ਕਰਨ ਲਈ ਬੇਲਾ ਸਿੰਘ ਦੇ ਨਿਯਤ ਮੁਕੱਦਮੇ ਨੂੰ ਲਾਂਭੇ ਸੁੱਟ ਦਿੱਤਾ ਗਿਆ। ਕੋਈ ਬਚਾਉ ਪੱਖ ਨਹੀਂ ਸੀ। ਖਚਾ ਖਚ ਭਰੇ ਅਦਾਲਤ ਦੇ ਕਮਰੇ ਵਿੱਚ ਗਵਾਹੀ, ਫਤਵਾ, ਅਤੇ ਸਜ਼ਾ ਸਭ ਕੁੱਝ ਇੱਕ ਘੰਟਾ ਚਾਲੀ ਮਿੰਟਾਂ ਵਿੱਚ ਸੁਣਿਆ ਗਿਆ। ਇਹ ਗੋਰਿਆਂ ਨਾਲ ਭਰਿਆ ਹੋਇਆ ਅਦਾਲਤ ਦਾ ਕਮਰਾ ਸੀ-ਸਿਵਾਏ ਚਾਰ ਸਿੱਖਾਂ ਦੇ, ਸਭ ਨੂੰ ਜੋ ਅੰਦਰ ਦਾਖਲ ਹੋਣਾ ਚਾਹੁੰਦੇ ਸਨ ਦਰਵਾਜ਼ੇ 'ਤੇ ਰੋਕ ਦਿੱਤਾ ਗਿਆ। ਜਿਹੜੇ ਅੰਦਰ ਆਏ ਉਨ੍ਹਾਂ ਦੀ ਤਲਾਸ਼ੀ ਲਈ ਗਈ। ਮੇਵਾ ਸਿੰਘ, ਵਾਰ ਵਾਰ ਆਪਣੀਆਂ ਅੱਖਾਂ ਪੂੰਝਦਿਆਂ, ਦੋਸ਼ੀ ਹੋਣ ਦੀ ਬੇਨਤੀ ਕਰਨੀ ਚਾਹੁੰਦਾ ਸੀ। ਉਸ ਦੇ ਵਕੀਲ ਨੇ ਸਾਰੀ ਜਿਰ੍ਹਾ ਛੱਡ ਦਿੱਤੀ, ਅਤੇ ਸਰਕਾਰੀ ਵਕੀਲ ਨੇ ਉਸ ਦੇ ਮੁਕੱਦਮੇ ਨੂੰ ਸੰਖੇਪ ਕਰ ਦਿੱਤਾ।

ਫਿਰ ਵੀ ਮੁਕੱਦਮੇ ਦੀ ਪ੍ਰਤੀਲਿਪੀ ਮੇਵਾ ਸਿੰਘ ਦੇ ਮਕਸਦ ਬਾਰੇ ਕੁੱਝ ਨਿਰਣਾਇਕ ਚਾਨਣਾ ਪਾਉਂਦੀ ਹੈ। ਉਸ ਦਾ ਬਿਆਨ ਜੋ ਪੰਜਾਬੀ ਵਿੱਚ ਦਿੱਤਾ ਗਿਆ ਅਤੇ ਅਦਾਲਤ ਦੀ ਦੁਭਾਸ਼ਣ, ਸ਼੍ਰੀਮਤੀ ਡੇਜ਼ੀ ਮੈਰੀ ਡਾਲਟਨ ਨਾਂ ਦੀ ਐਂਗਲੋ-ਇੰਡੀਅਨ ਵੱਲੋਂ ਪ੍ਰਵਾਣਿਤਾ ਪੂਰਵਕ ਅਨੁਵਾਦਿਤ ਕੀਤਾ ਗਿਆ ਸੀ। ਮੇਵਾ ਸਿੰਘ ਲਈ ਉਸ ਦੇ ਵਕੀਲ ਨੇ ਅਦਾਲਤ ਵਿੱਚ ਪੜ੍ਹ ਕੇ ਸੁਣਾਇਆ ਮਹੱਤਵਪੂਰਨ ਤੌਰ'ਤੇ, ਮੇਵਾ ਸਿੰਘ ਨੇ ਕਾਮਾਗਾਟਾ ਮਾਰੂ ਦਾ ਜ਼ਿਕਰ ਨਾ ਕੀਤਾ। ਜਿਸ ਗੱਲ 'ਤੇ ਉਸ ਨੇ ਜ਼ੋਰ ਦਿੱਤਾ ਉਹ ਸੀ, ਬੇਲਾ ਸਿੰਘ ਦੁਆਰਾ ਗੁਰਦੁਆਰੇ ਦੀ ਬੇਅਦਬੀ ਕਰਨਾ "ਤੁਸੀਂ, ਇਸਾਈਆਂ ਦੇ ਤੌਰ ਤੇ, ਕੀ ਤੁਸੀਂ ਸੋਚੋਂਗੇ ਕਿ ਤੁਹਾਡੇ ਗਿਰਜੇ ਵਿੱਚ ਕੋਈ ਨੇਕੀ ਬਾਕੀ ਬਚੀ ਰਹਿ ਜਾਵੇਗੀ। ਜੇਕਰ ਤੁਸੀਂ ਇਸ ਦੇ ਅੰਦਰ ਲੋਕਾਂ ਦੇ ਗੋਲੀਆਂ ਵਜਦੀਆਂ ਅਤੇ ਉਨ੍ਹਾਂ ਨੂੰ ਮਾਰੇ ਜਾਂਦੇ

ਦੇਖੋਂ?" ਉਸ ਨੇ ਬੇਲਾ ਸਿੰਘ ਦੀਆਂ ਕਾਰਵਾਈਆਂ ਲਈ ਹਾੱਪਕਿਨਸਨ ਅਤੇ ਮਾਲਕਮ ਰੀਡ 'ਤੇ ਦੋਸ਼ ਲਾਇਆ। ਉਸ ਨੇ ਇਹ ਵੀ ਕਿਹਾ ਕਿ ਉਹ ਰੱਬ ਤੋਂ ਡਰਨ ਵਾਲਾ ਆਦਮੀ ਹੈ ਜੋ ਇੱਕ ਘੰਟਾ ਸਵੇਰ ਵੇਲੇ ਅਤੇ ਇੱਕ ਡੇਢ ਘੰਟਾ ਰਾਤ ਨੂੰ ਪ੍ਰਾਰਥਨਾ ਕਰਦਾ ਹੈ ਅਤੇ ਇਸ ਕਰਕੇ ਕੀਤੇ ਗਏ ਗਲਤ ਕੰਮ ਤੋ ਆਪਣੀ ਪਿੱਠ ਨਹੀਂ ਭੁਆ ਸਕਦਾ। ਉਸ ਨੇ ਦਾਅਵਾ ਕੀਤਾ ਕਿ ਹਾੱਪਕਿਨਸਨ ਪੂਰੀ ਤਰ੍ਹਾਂ ਭ੍ਰਿਸ਼ਟ ਹੈ ਅਤੇ ਉਸ ਨੇ ਮੇਵਾ ਸਿੰਘ ਨੂੰ, ਬੇਲਾ ਸਿੰਘ ਦੇ ਹੱਕ ਵਿੱਚ ਗਵਾਹੀ ਦੇਣ ਲਈ ਮਜ਼ਬੂਰ ਕਰਨ ਦੀ ਕੋਸ਼ਿਸ਼ ਕੀਤੀ। ਮੇਵਾ ਸਿੰਘ ਨੇ ਆਪਣੇ ਧਰਮ ਦੇ ਅਸੂਲਾਂ ਅਤੇ ਮਾਣ ਨੂੰ ਬੁਲੰਦ ਕਰਨ ਲਈ ਇਨਸਪੈਕਟਰ ਦਾ ਕਤਲ ਕੀਤਾ ਸੀ। ਉਸ ਨੇ ਇਹ ਵੀ ਕਿਹਾ ਕਿ ਉਸ ਨੇ ਅਜਿਹਾ "ਵੈਨਕੂਵਰ ਦੀ ਜਨਤਾ ਨੂੰ ਮਸਲੇ ਦੀ ਸੱਚਾਈ ਦਿਖਾਉਣ" ਲਈ ਕੀਤਾ ਹੈ। ਉਨ੍ਹਾਂ ਨੂੰ ਇਹ ਸਚਾਈ ਇਮੀਗਰੇਸ਼ਨ ਵਿਭਾਗ ਅਤੇ ਇਸ ਦੇ ਮੁਖ਼ਬਰਾਂ ਤੋਂ ਨਹੀਂ ਮਿਲੇਗੀ।

ਮੇਵਾ ਸਿੰਘ ਲੋਪੋਕੇ ਹਾੱਪਕਿਨਸਨ ਨਾਲ ਆਪਣੀ ਪਹਿਲਾਂ ਦੀ ਉਲਝਣ ਬਾਰੇ ਵੀ ਬੋਲਿਆ। ਇਹ ਕੁੱਝ ਐਸੀ ਸੀ ਜਿਸ ਦੀ ਉਹ ਸਾਫ ਸਾਫ ਵਿਆਖਿਆ ਕਰਨੀ ਚਾਹੁੰਦਾ ਸੀ। 17 ਜੁਲਾਈ ਤੋਂ ਬਾਅਦ ਉਸ ਦੀ ਅਜ਼ਾਦੀ ਹਾੱਪਕਿਨਸਨ ਦੇ ਹੱਥਾਂ ਵਿੱਚ ਸੀ, ਜਦੋਂ ਉਸ ਨੂੰ ਕਨੇਡੀਅਨ-ਅਮਰੀਕਨ ਸਰਹੱਦ ਪਾਰ ਕਰਨ ਪਿੱਛੋਂ ਅਸਲੇ ਅਤੇ ਇੱਕ ਰਿਵਾਲਵਰ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਮੀਗਰੇਸ਼ਨ ਅਧਿਕਾਰੀ ਉਸ ਤੋਂ ਤਟਈ ਕਮੇਟੀ ਦੇ ਆਗੂਆਂ ਖ਼ਿਲਾਫ਼, ਉਨ੍ਹਾਂ ਨੂੰ ਫਸਾਉਣ ਲਈ, ਗਵਾਹੀ ਦਵਾਉਣੀ ਚਾਹੁੰਦਾ ਸੀ ਅਤੇ ਗਵਾਹੀ ਦੇਣ ਲਈ ਉਸ 'ਤੇ ਦਬਾਅ ਪਾਇਆ। ਵੱਡਾ ਖ਼ਤਰਾ ਇਹ ਸੀ ਕਿ ਉਸ ਨੂੰ ਹਥਿਆਰਾਂ ਦੀ ਤਸਕਰੀ ਦੇ ਦੋਸ਼ ਤਹਿਤ ਪੰਜ ਜਾਂ ਦਸ ਸਾਲ ਦੀ ਸਜ਼ਾ ਹੋ ਸਕਦੀ ਸੀ। ਉਸ ਦਾ ਮੁਕੱਦਮਾ ਇੱਕ ਹਫਤੇ ਲਈ ਮੁਲਤਵੀ ਕਰ ਦਿੱਤਾ ਗਿਆ ਸੀ ਤਾਂ ਕਿ ਉਹ ਇਸ ਤੇ ਸੋਚ ਸਕੇ। ਫਿਰ ਉਸ ਨੇ ਇੱਕ ਬਿਆਨ ਦਿੱਤਾ ਜੋ ਬਹੁਤਾ ਫਾਇਦੇਮੰਦ ਨਹੀਂ ਸੀ। ਹਾੱਪਕਿਨਸਨ ਅਤੇ ਮਾਲਕਮ ਰੀਡ ਅਜੇ ਵੀ ਉਸ ਤੋਂ ਹੋਰ ਜ਼ਿਆਦਾ ਕੰਮ ਲੈਣ ਦੀ ਆਸ ਕਰਦੇ ਸਨ ਅਤੇ ਉਸ ਨੂੰ ਛੁੱਟੇਰੇ ਦੋਸ਼ ਨਾਲ ਛੱਡ ਦਿੱਤਾ ਗਿਆ ਸੀ। ਜਿਵੇਂ ਕਿ ਉਨ੍ਹਾਂ ਨੇ ਵਿਆਖਿਆ ਕੀਤੀ, ਉਸ ਨੂੰ ਉਨ੍ਹਾਂ ਨੇ ਕੁਝ ਰਿਆਇਤ ਦੇ ਦਿੱਤੀ। ਕਿਉਂਕਿ ਉਹ ਕਹਿੰਦਾ ਸੀ ਕਿ ਉਸ ਦੀ ਜਾਨ ਖ਼ਤਰੇ ਵਿੱਚ ਹੈ। ਗੁਰਦੁਆਰੇ ਨੇ ਉਸ ਦਾ 50 ਡਾਲਰ ਦਾ ਜੁਰਮਾਨਾ ਦਿੱਤਾ ਅਤੇ ਉਸ ਨੂੰ ਇੱਕੋ ਸਮੇਂ ਗੁਰਦੁਆਰੇ ਦੇ ਆਗੂਆਂ ਅਤੇ ਇਮੀਗਰੇਸ਼ਨ ਇੰਸਪੈਕਟਰ ਨੂੰ ਸੰਤੁਸ਼ਟ ਕਰਨ ਦੀ ਕੋਸ਼ਿਸ਼ ਕਰਨੀ ਪੈਂਦੀ ਸੀ। ਅਗਸਤ ਅਤੇ ਸਤੰਬਰ ਵਿੱਚ ਉਸ ਨੇ ਹਾੱਪਕਿਨਸਨ ਨੂੰ ਮਿਲਣਾ ਜਾਰੀ ਰੱਖਿਆ। ਅਤੇ ਹਾੱਪਕਿਨਸਨ ਨੇ ਸੋਚਿਆ ਕਿ ਉਨ੍ਹਾਂ ਵਿੱਚ ਮਿੱਤਰਤਾ ਸਥਾਪਿਤ ਹੋ ਗਈ ਹੈ। ਵਕੀਲਾਂ ਨੇ ਜੋ ਵਿਆਖਿਆ ਮੇਵਾ ਸਿੰਘ ਲਈ ਦਿੱਤੀ ਉਹ ਇਹ ਹੈ ਕਿ ਉਸ ਨੇ ਜਾਣ ਬੁੱਝ ਕੇ ਅਪਣੇ ਆਪ ਨੂੰ ਹਾੱਪਕਿਨਸਨ ਦਾ ਪਿਆਰਾ

ਬਣਾਇਆ ਅਤੇ ਉਸ ਦੇ ਮੁਖ਼ਬਰ ਦਾ ਕੰਮ ਕੀਤਾ ਤਾਂ ਕਿ ਉਹ ਬਦਲਾ ਲੈਣ ਦਾ ਮੌਕਾ ਪਾ ਸਕੇ।

ਕਿਸੇ ਵੀ ਇਮੀਗਰੇਸ਼ਨ ਅਧਿਕਾਰੀ ਨੇ ਇਹ ਨਹੀਂ ਸੋਚਿਆ ਕਿ ਮੇਵਾ ਸਿੰਘ ਨੇ ਆਪਣੇ ਆਪ ਕਾਰਵਾਈ ਕੀਤੀ ਸੀ। ਉਨ੍ਹਾਂ ਦੇ ਅੰਦਾਜ਼ੇ ਵਿੱਚ ਉਹ ਬੇਹੱਦ ਨਰਮ ਅਤੇ ਡਰਾਕਲ ਸੀ। ਮਾਲਕਮ ਨੇ ਗੋਲੀਬਾਰੀ ਤੋਂ ਠੀਕ ਬਾਅਦ ਕਿਹਾ ਸੀ ਕਿ ਮੇਵਾ ਸਿੰਘ ਆਖਰੀ ਆਦਮੀ ਹੋਵੇਗਾ ਜਿਸ 'ਤੇ ਉਸ ਨੇ ਅਜਿਹੀ ਕਾਰਵਾਈ ਦਾ ਸ਼ੱਕ ਕੀਤਾ ਹੁੰਦਾ। ਵੈਨਕੂਵਰ ਇਮੀਗਰੇਸ਼ਨ ਦਫਤਰ ਵਿੱਚ ਕਹਾਣੀ ਇਸ ਤਰ੍ਹਾਂ ਸੀ, ਕਿ ਮੇਵਾ ਸਿੰਘ ਨੂੰ ਇਸ ਕੰਮ ਲਈ ਦੂਸਰਿਆਂ ਵੱਲੋਂ ਲਗਾਇਆ ਗਿਆ ਸੀ ਅਤੇ ਉਸ ਨੇ ਹਾੱਪਕਿਨਸਨ ਨੂੰ ਗੋਲੀ ਉਸ ਲਈ ਮੁਖ਼ਬਰੀ ਕਰਨ ਦਾ ਪਛਤਾਵਾ ਕਰਨ ਲਈ ਮਾਰੀ ਸੀ। ਪੁਲਿਸ ਨੇ ਇੰਨ੍ਹਾਂ ਸ਼ੰਕਿਆਂ ਦੀ ਪੈਰਵਾਈ ਕੀਤੀ, ਪਰੰਤੂ ਇੱਕ ਸੰਤੋਸ਼ਜਨਕ ਮੁਕੱਦਮਾ ਬਣਾਉਣ ਵਿੱਚ ਅਸਮਰੱਥ ਰਹੀ। ਫਿਰ ਵੀ ਉਨ੍ਹਾਂ ਨੇ ਹੁਸੈਨ ਰਹੀਮ, ਬਲਵੰਤ ਸਿੰਘ ਖੁਰਦਪੁਰ, ਸੋਹਣ ਲਾਲ ਔਲਖ, ਮਿੱਤ ਸਿੰਘ ਪੰਡੋਰੀ, ਅਤੇ ਕਰਤਾਰ ਸਿੰਘ ਨਵਾਂ ਚੰਦ ਨੂੰ ਗ੍ਰਿਫ਼ਤਾਰ ਕਰ ਲਿਆ। ਇਹ ਸਾਰੇ ਤਟਈ ਕਮੇਟੀ ਦੇ ਮੈਂਬਰ ਸਨ ਅਤੇ ਉਨ੍ਹਾਂ 'ਚੋਂ ਲਗਭਗ ਹਰੇਕ ਗਦਰੀ ਸੀ। ਉਨ੍ਹਾਂ ਖ਼ਿਲਾਫ਼ ਹਾੱਪਕਿਨਸਨ ਦਾ ਕਤਲ ਕਰਨ ਲਈ ਮੇਵਾ ਸਿੰਘ ਨੂੰ ਉਕਸਾਉਣ ਦਾ ਦੋਸ਼ ਸੀ। ਪਹਿਲਾਂ ਸੋਹਣ ਲਾਲ ਔਲਖ ਦੇ ਮੁਕੱਦਮੇ ਦੀ ਸੁਣਵਾਈ ਹੋਈ। ਪਰਸਪਰ ਵਿਰੋਧੀ ਗਵਾਹੀਆਂ ਦੇ ਸਨਮੁੱਖ ਉਸ ਨੂੰ ਬਰੀ ਕਰ ਦਿੱਤਾ ਗਿਆ ਅਤੇ ਅਧਿਕਾਰੀਆਂ ਨੇ ਦੂਸਰਿਆਂ ਉਤੇ ਮੁਕੱਦਮੇ ਨੂੰ ਤਿਆਗ ਦਿੱਤਾ।

ਸਾਨੂੰ ਉਸ ਦੇ ਅਦਾਲਤ ਵੱਲੋਂ ਨਿਯੁਕਤ ਵਕੀਲ ਐਡਵਰਡ ਮਾਨਟੇਗ ਵੁੱਡਜ਼ (Edward Montague Woods), ਜੋ ਭਾਰਤੀ ਮੁਵੱਕਿਲਾਂ ਦੀ ਸੇਵਾ 'ਚ ਵਿਸ਼ਾਲ ਵਕਾਲਤ ਕਰਨ ਸਮੇਤ ਇੱਕ ਤਜਰਬੇਕਾਰ ਵਕੀਲ ਸੀ ਵੱਲੋਂ ਮੇਵਾ ਸਿੰਘ ਦੀ ਇਕ ਹਮਦਰਦੀ ਪੂਰਨ ਤਸਵੀਰ ਮਿਲਦੀ ਹੈ। ਆਪਣੇ ਕਾਨੂੰਨੀ ਕੰਮ ਦੇ ਸਾਲਾਂ ਤੋਂ ਵੁੱਡਜ਼ ਨੇ ਮਹਿਸੂਸ ਕੀਤਾ ਕਿ ਉਹ ਇਸ ਭਾਈਚਾਰੇ ਨੂੰ ਚੰਗੀ ਤਰ੍ਹਾਂ ਜਾਣਦਾ ਹੈ। ਮੁਕੱਦਮੇ ਦੌਰਾਨ ਉਸ ਨੇ ਮੇਵਾ ਸਿੰਘ ਦੀਆਂ ਕਿਸੇ ਵੀ ਗਵਾਹ ਨੂੰ ਨਾ ਬੁਲਾਉਣ ਅਤੇ ਕੋਈ ਜਿਰ੍ਹਾ ਨਾ ਕਰਨ ਦੀਆਂ ਹਦਾਇਤਾਂ ਦੀ ਪਾਲਣਾ ਕੀਤੀ, ਪਰੰਤੂ ਉਸ ਨੇ ਇਸ ਲਈ ਜ਼ੁੰਮੇਵਾਰੀ ਮਹਿਸੂਸ ਕੀਤੀ। ਬਿਨਾ ਮੇਵਾ ਸਿੰਘ ਦੀ ਸਹਿਮਤੀ ਤੋਂ, ਅਤੇ ਬਿਨਾ ਕਿਸੇ ਹੋਰ ਵੱਲੋਂ ਹਦਾਇਤ ਦੇ, ਉਸ ਨੇ ਅਸਫਲਤਾ ਪੂਰਵਕ ਓਟਾਵਾ ਵਿੱਚ ਨਿਆਂ ਮੰਤਰੀ ਨੂੰ ਮੇਵਾ ਸਿੰਘ ਦੀ ਸਜ਼ਾ ਬਦਲਾਉਣ ਲਈ ਅਰਜ਼ੀ ਦਿੱਤੀ। ਉਸ ਦਾ ਵਿਸ਼ਵਾਸ ਸੀ ਕਿ ਮੇਵਾ ਸਿੰਘ ਨੇ ਬਿਨਾਂ ਕਿਸੇ ਹੋਰ ਵੱਲੋਂ ਉਕਸਾਉਣ ਦੇ ਕਾਰਵਾਈ ਕੀਤੀ ਸੀ, ਪਰੰਤੂ ਉਹ ਇਹ ਵੀ ਵਿਸ਼ਵਾਸ ਕਰਦਾ ਸੀ ਕਿ ਇਮੀਗਰੇਸ਼ਨ ਵਿਭਾਗ–ਅਤੇ ਹਾੱਪਕਿਨਸਨ ਅਤੇ ਮਾਲਕਮ ਰੀਡ ਖਾਸ ਕਰਕੇ–ਨੇ ਸਮੁੱਚੀ ਸਥਿਤੀ ਪੈਦਾ ਕੀਤੀ ਸੀ। ਉਹ ਇੱਕ ਭਾਈਚਾਰੇ ਦੇ ਅੰਦਰੂਨੀ ਝਗੜਿਆਂ

ਵਿੱਚ ਖਿਡਾਰੀ ਬਣ ਚੁੱਕੇ ਸਨ ਅਤੇ ਉਹ ਇੱਕ ਤਿੱਖੇ ਟਕਰਾ ਵਾਲੇ ਮਹੌਲ ਦਾ ਪਾਲਣ ਪੋਸ਼ਣ ਕਰ ਚੁੱਕੇ ਸਨ। ਭਾਵੇਂ ਵੁੱਡਜ਼ ਇੱਕ ਪਲ ਲਈ ਵੀ ਇਹ ਨਹੀਂ ਸੋਚਦਾ ਸੀ ਕਿ ਹਾੱਪਕਿਨਸਨ ਦਾ ਬੇਲਾ ਸਿੰਘ ਜਿਆਨ ਦੇ ਗੁਰਦੁਆਰੇ ਅੰਦਰਲੇ ਅੱਤਿਆਚਾਰ ਨਾਲ ਕੋਈ ਲਾਗਾ ਦੇਗਾ ਸੀ। ਉਹ ਇਹ ਸਮਝਦਾ ਸੀ ਕਿ ਮੇਵਾ ਸਿੰਘ ਲੋਪੋਕੇ ਨੂੰ ਇਹ ਕਿਵੇਂ, ਇਸ ਤਰਾਂ ਲੱਗਿਆ ਹੋ ਸਕਦਾ ਸੀ ਅਤੇ ਮੇਵਾ ਸਿੰਘ ਨੇ ਮਹਿਸੂਸ ਕੀਤਾ ਹੋ ਸਕਦਾ ਹੈ, ਕਿ ਉਸ ਦਾ ਇੱਕੋ ਇਕ ਜੀਵਨ ਉਦੇਸ਼ ਹੈ ਹਾੱਪਕਿਨਸਨ ਨੂੰ ਮਾਰਨਾ।

ਵੁੱਡਜ਼ ਨੇ ਮੇਵਾ ਸਿੰਘ ਲਈ ਰਹਿਮ ਦੀ ਪ੍ਰਾਪਤੀ ਦਾ ਯਤਨ ਕੀਤਾ। ਉਹ ਉਸ ਨੂੰ ਜੇਲ੍ਹ ਵਿੱਚ ਤਿੰਨ ਵਾਰ ਮਿਲਿਆ ਅਤੇ ਉਸ ਨੇ ਉਸ ਨੂੰ ਆਪਣਾ ਸਾਰਾ ਸਮਾਂ ਪ੍ਰਾਰਥਨਾ 'ਚ ਬਤੀਤ ਕਰਦਿਆਂ ਪਾਇਆ। ਇਸ ਹਾਲਾਤ ਤਹਿਤ ਯਾਨੀ ਮੌਤ ਦੀ ਸਜ਼ਾ ਤਹਿਤ ਇੱਕ ਬੇਹੱਦ ਧਾਰਮਿਕ ਵਿਅਕਤੀ ਤੋਂ ਅਜਿਹੀ ਆਸ ਕੀਤੀ ਜਾ ਸਕਦੀ ਸੀ, ਪਰੰਤੂ ਵੁੱਡਜ਼ ਨੇ ਮੇਵਾ ਸਿੰਘ ਦੀ ਸ਼ਰਧਾ ਨੂੰ ਅਸੀਮ ਦੱਸਿਆ ਹੈ। ਉਸ ਦੀ ਫਾਂਸੀ ਤੋਂ ਛੇ ਦਿਨ ਪਹਿਲਾਂ ਮੇਵਾ ਸਿੰਘ ਦਾ ਮਾਨਸਿਕ ਮੁਆਇਨਾ ਹੋਇਆ। ਅਤੇ ਮੇਵਾ ਸਿੰਘ ਨੂੰ ਬਿਨਾਂ ਕਿਸੇ ਵੀ ਧਾਰਮਿਕ ਪਾਗਲਪਣ ਦੇ ਸੰਕੇਤ ਤੋਂ ਪਾਇਆ ਕਿ ਉਸ ਦਾ ਮਨ ਤੰਦਰੁਸਤ ਹੈ। ਇਹ ਮੁਆਇਨਾ ਨਿਆਂ ਮੰਤਰੀ ਦੀ ਬੇਨਤੀ 'ਤੇ ਹੋਇਆ ਸੀ ਅਤੇ ਇਹ ਸ਼੍ਰੀ ਮਤੀ ਡਾਲਟਨ, ਅਦਾਲਤ ਦੀ ਦੁਭਾਸ਼ਣ ਰਾਹੀਂ, ਪਾਗਲਾਂ ਲਈ ਪ੍ਰਾਂਤਕ ਹਸਪਤਾਲ ਦੇ ਸੁਪਰਡੈਂਟ ਦੁਆਰਾ ਕੀਤਾ ਗਿਆ ਸੀ। ਇਹ ਮੁਆਇਨ ਕਰਾਉਣਾ ਹੀ ਸਭ ਕੁੱਝ ਸੀ, ਜੋ ਵੁੱਡਜ਼ ਨੇ ਆਪਣੀ ਅਪੀਲ ਰਾਹੀਂ ਪ੍ਰਾਪਤ ਕੀਤਾ।

ਆਪਣੇ ਆਖਰੀ ਬਿਆਨ ਵਿੱਚ ਮੇਵਾ ਸਿੰਘ ਨੇ ਬਹੁਤ ਜ਼ਿਆਦਾ ਸ਼ਾਤੀ ਦਾ ਪ੍ਰਗਟਾਵਾ ਕੀਤਾ। ਉਹ ਕੈਲੀਫੋਰਨੀਆ ਦੇ ਸਟਾੱਕਟਨ ਵਿਚਲੇ ਗੁਰਦੁਆਰੇ ਵੱਲੋਂ ਉਸ ਦੀ ਫਾਂਸੀ ਦੀ ਤਾਰੀਖ ਬਾਰੇ ਪੁੱਛੇ ਜਾਣ ਦੇ ਜੁਆਬ ਵਿੱਚ ਲਿਖ ਚੁੱਕਾ ਸੀ, ਜੋ ਮਿੱਤ ਸਿੰਘ ਪੰਡੋਰੀ ਵੈਨਕੂਵਰ ਦੇ ਗੁਰਦੁਆਰੇ ਦੇ ਸਕੱਤਰ ਨੂੰ ਸੰਬੋਧਿਤ ਤਾਰ ਰਾਹੀਂ ਪਹੁੰਚਿਆ ਸੀ। ਮਿੱਤ ਸਿੰਘ ਇਸ ਦੇ ਵਿਸ਼ਾ ਵਸਤੂ ਨੂੰ ਅੱਗੇ ਜੇਲ੍ਹ ਵਿੱਚ ਮੇਵਾ ਸਿੰਘ ਨੂੰ ਪ੍ਰਸਾਰਿਤ ਕਰ ਚੁੱਕਾ ਸੀ। ਸਟਾੱਕਟਨ ਦੇ ਸਿੱਖਾਂ ਨੇ ਮੇਵਾ ਸਿੰਘ ਦੀ ਫਾਂਸੀ ਮੌਕੇ ਸਿੱਖਾਂ ਦੇ ਪਵਿੱਤਰ ਗ੍ਰੰਥ 'ਚੋਂ ਪਾਠ ਕਰਨ ਦੀ ਯੋਜਨਾ ਬਣਾਈ ਸੀ ਅਤੇ ਜੁਆਬ 'ਚ ਮੇਵਾ ਸਿੰਘ ਨੇ ਉਨ੍ਹਾਂ ਨੂੰ ਹਦਾਇਤ ਦਿੱਤੀ ਸੀ, ਕਿ ਕਿਹੜਾ ਪਾਠ ਹੋਣਾ ਚਾਹੀਦਾ ਹੈ। "ਜੇਕਰ ਕੋਈ ਮੇਰੀ ਮੌਤ ਤੇ ਦੁਖੀ ਹੁੰਦਾ ਹੈ।" ਉਸ ਨੇ ਲਿਖਿਆ "ਉਹ ਮੇਰਾ ਮਿੱਤਰ ਨਹੀਂ" ਯਾਦਗਾਰ ਦੇ ਤੌਰ 'ਤੇ ਇਹ ਆਖਰੀ ਸ਼ਬਦ ਉਹ ਆਉਣ ਵਾਲੀਆਂ ਪੀੜ੍ਹੀਆਂ ਲਈ ਲਿਖ ਰਿਹਾ ਸੀ।

ਦੋਨੋ ਮੌਤਾਂ 'ਤੇ ਮੇਵਾ ਸਿੰਘ ਦੀ ਅਤੇ ਹਾੱਪਕਿਨਸਨ ਦੀ, ਮੇਜ਼ਬਾਨ ਗੋਰੀ ਆਬਾਦੀ ਵੱਲੋਂ ਅਤੇ ਛੋਟੇ ਜਿਹੇ ਭਾਰਤੀ ਭਾਈਚਾਰੇ ਵੱਲੋਂ ਸ਼ਕਤੀਸ਼ਾਲੀ ਲੇਕਿਨ

ਬੇਹੱਦ ਪੱਖਪਾਤੀ ਪ੍ਰਤੀਕਰਮ ਹੋਏ। ਨਾਇਕ ਜਾਂ ਖਲਨਾਇਕ-ਇਹ ਗੁਣ ਆਰੋਪਣ ਇਸ ਗੱਲ ਤੇ ਨਿਰਭਰ ਕਰਦਾ ਸੀ ਕਿ ਕੋਈ ਨਸਲੀ ਕਤਾਰ ਦੇ ਕਿਸ ਪਾਸੇ ਖੜ੍ਹਦਾ ਹੈ। ਜੋ ਚੀਜ਼ਾਂ ਵੱਲ ਅਜ਼ਾਦ ਰੂਪ 'ਚ ਦੇਖਦੇ ਸਨ, ਉਹ ਬੇਲਾ ਸਿੰਘ ਦੀ ਧਿਰ ਦੇ ਸਨ ਜਾਂ ਵਕੀਲ ਐਡਵਾਰਡ ਵੁੱਡਜ਼ ਵਰਗੇ, ਜੋ ਕੁੱਝ ਵਾਪਰ ਚੁੱਕਾ ਸੀ ਉਸ ਬਾਰੇ ਇੱਕ ਵਿਲੱਖਣ ਪਰਿਪੇਖ ਰੱਖਣ ਵਾਲੇ।

ਜਦੋਂ ਮ੍ਰਿਤਕ ਆਦਮੀਆਂ ਦਾ ਸਨਮਾਨ ਕਰਨ ਦੀ ਗੱਲ ਆਈ ਤਾਂ ਭਾਰਤੀ ਭਾਈਚਾਰੇ ਦੀ ਇਕੱਲਤਾ ਬਿਲਕੁਲ ਸਾਫ ਸੀ। ਹਾੱਪਕਿਨਸਨ ਦਾ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਜਨਤਕ ਸਸਕਾਰ ਕੀਤਾ ਗਿਆ, ਜਿਸ 'ਚ ਹਜ਼ਾਰਾਂ ਲੋਕ ਸ਼ਾਮਿਲ ਹੋਏ। 'ਦਾ ਵੈਨਕੂਵਰ ਸਨ' ਨੇ ਸੂਚਨਾ ਦਿੱਤੀ ਕਿ ਇਸ ਰਸਮ ਦੌਰਾਨ, ਜਦੋਂ ਭੀੜ ਨੇ ਗਲ਼ੀ ਵਿੱਚ ਇਸਾਈ ਭਜਨ "ਮੇਰੇ ਸਾਥ ਰਹੋ" ਉਚਾਰਿਆ, ਇਸ ਦੇ ਗਾਏ ਜਾਣ ਨੂੰ ਆਲੇ ਦੁਆਲੇ ਦੇ ਬਲਾਕਾਂ ਵਿੱਚ ਸੁਣਿਆ ਜਾ ਸਕਦਾ ਸੀ। ਦੋ ਹਜ਼ਾਰ ਤੋਂ ਵੱਧ ਨੇ ਜਲੂਸ ਵਿੱਚ ਮਾਰਚ ਕੀਤਾ, ਜਿਸ ਨੇ ਕਸਬੇ ਦੇ ਕੇਂਦਰ ਤੋਂ ਸ਼ਹਿਰ ਦੇ ਕਬਰਸਤਾਨ ਤੱਕ ਸੱਤ ਕਿਲੋਮੀਟਰ ਦਾ ਪੰਧ ਤਹਿ ਕੀਤਾ ਅਮਲੇ ਫੈਲੇ ਦੇ ਪਿੱਛੇ ਮਾਰਚ ਕਰ ਰਹੇ ਸਨ। ਪੁਲਿਸ ਵਿਭਾਗ, ਫਾਇਰ ਵਿਭਾਗ ਦੇ ਮੈਂਬਰ ਅਤੇ ਸਥਾਨਕ ਇਮੀਗਰੇਸ਼ਨ ਅਤੇ ਆਯਾਤ ਕਰ ਅਫ਼ਸਰ ਉਨ੍ਹਾਂ ਦੇ ਨਾਲ ਸਨ। ਡਾਕ ਮੁਲਾਜ਼ਮ, ਸੀ. ਪੀ. ਆਰ. ਪੁਲਿਸ, ਸਥਾਨਕ ਯੂ. ਐਸ. ਇਮੀਗਰੇਸ਼ਨ ਅਧਿਕਾਰੀ, ਮਿਲੀਸ਼ੀਆ ਦੇ ਮੈਂਬਰ, ਆਰੇਂਜ ਲਾੱਜਜ਼ (ਹਾੱਪਕਿਨਸਨ ਆਰੇਂਜ ਸਿਲਸਿਲੇ ਦਾ ਮੈਂਬਰ ਸੀ), ਅਤੇ ਸਥਾਨਕ ਸਾਬਕਾ ਫੌਜੀਆਂ ਦੇ ਸੰਗਠਨ ਸਨ। ਇਹ ਅਮਨ-ਕਾਨੂੰਨ ਲਈ ਜ਼ਿੰਮੇਵਾਰ ਸਭ ਸਰਕਾਰੀ ਸੰਸਥਾਵਾਂ ਦੀ ਪੂਰੀ ਹਾਜ਼ਰੀ ਸੀ। ਪਰੰਤੂ ਭੀੜ ਦੇ ਅਕਾਰ ਦਾ ਬਹੁਤਾ ਸੰਬੰਧ ਹਾੱਪਕਿਨਸਨ ਦੇ ਮਰਨ ਦੇ ਢੰਗ ਨਾਲ ਸੀ। ਇੱਕ ਭਾਰਤੀ ਦੇ ਹੱਥੋਂ ਜਿਸ ਨੂੰ ਖਾੜਕੂ ਮੰਨਿਆ ਗਿਆ ਸੀ। ਸਸਕਾਰ ਵਿਖੇ ਵੀ ਭਾਰਤੀਆਂ ਬਾਰੇ ਸ਼ੱਕ ਦਾ ਮਹੌਲ ਸੀ। ਭੀੜ ਵਿੱਚ ਸਾਰੇ ਭਾਰਤੀ ਸਾਦੇ ਕੱਪੜਿਆਂ ਵਾਲੇ ਅਫ਼ਸਰਾਂ ਦੀ ਨਜ਼ਰ ਹੇਠ ਸਨ, ਜਿਨ੍ਹਾਂ ਨੂੰ ਭਾਰਤੀ ਮੁਖ਼ਬਰਾਂ ਦੁਆਰਾ ਸੰਭਵ ਕਾਤਲਾਂ ਬਾਰੇ ਚੇਤਾਵਨੀ ਦਿੰਦਿਆਂ ਚੌਕਸੀ 'ਤੇ ਰੱਖਿਆ ਗਿਆ ਸੀ।

ਗਿਆਰਾਂ ਹਫਤੇ ਬਾਅਦ ਮੇਵਾ ਸਿੰਘ ਦੇ ਸਸਕਾਰ ਲਈ ਸਿੱਖ ਪੂਰੀ ਗਿਣਤੀ ਵਿੱਚ ਇਕੱਠੇ ਹੋਏ। ਲਗਭਗ 150 ਦੇ ਕਰੀਬ 11 ਜਨਵਰੀ 1915 ਨੂੰ ਪਹੁਫੁਟਾਲੇ ਸਮੇਂ ਪ੍ਰਾਰਥਨਾ ਕਰਨ ਲਈ ਨਿਊਵੈਸਟਮਿੰਸਟਰ ਜੇਲ੍ਹ ਦੇ ਬਾਹਰ ਸਾਝਰੇ ਪਹੁੰਚੇ, ਜਿੱਥੇ ਮੇਵਾ ਸਿੰਘ ਨੂੰ ਉਸ ਸਵੇਰ ਫਾਂਸੀ ਦਿੱਤੀ ਜਾਣੀ ਸੀ। ਜਿਸ ਸਮੇਂ ਉਸ ਦੀ ਦੇਹ ਇਕੱਤਰ ਹੋਏ ਸਿੱਖਾਂ ਨੂੰ ਸੌਂਪੀ ਗਈ ਉਸ ਸਮੇਂ ਤੱਕ ਉਨ੍ਹਾਂ ਦੀ ਗਿਣਤੀ ਵੱਧ ਚੁੱਕੀ ਸੀ। 370 ਵਿਅਕਤੀਆਂ ਦਾ ਇੱਕ ਜਲੂਸ ਪੰਜਾਂ ਪੰਜਾਂ ਦੀਆਂ ਕਤਾਰਾਂ ਵਿਚ ਦੇਹ ਨੂੰ ਲੈ ਕੇ ਅਤੇ ਕੀਰਤਨ ਕਰਦਿਆਂ ਤਿੰਨ ਕਿਲੋਮੀਟਰ ਪੈਦਲ ਚੱਲਿਆ। ਜਦੋਂ ਤੱਕ ਕਿ ਇਹ ਫਰੇਜ਼ਰ ਮਿਲਜ਼, ਉਸ ਕੰਪਨੀ ਕਸਬੇ ਜਿੱਥੇ ਕਿ ਬਹੁਤੇ ਕੰਮ ਕਰਦੇ ਸਨ,

ਨਾ ਪਹੁੰਚ ਗਿਆ। ਮੇਵਾ ਸਿੰਘ ਦੀ ਫਾਂਸੀ ਦੇ ਮੌਕੇ, ਪ੍ਰਾਂਤ ਵਿੱਚ ਸ਼ਾਇਦ 700 ਤੋਂ ਵੱਧ ਸਿੱਖ ਨਹੀਂ ਸਨ, ਇਸ ਲਈ 370 ਦਾ ਮਤਲਬ ਸੀ। ਕਿ ਲਗਭਗ ਹਰ ਕੋਈ ਉੱਥੇ ਸੀ ਜੋ ਵੀ ਸੰਭਵ ਤੌਰ ਤੇ ਪਹੁੰਚ ਸਕਦਾ ਸੀ।

1914-15 ਦੀਆਂ ਸਰਦੀਆਂ 'ਚ, ਬ੍ਰਿਟਿਸ਼ ਕੋਲੰਬੀਆ ਵਿੱਚ ਸਿੱਖ ਭਾਈਚਾਰਾ ਪਿਛਲੇ ਸਾਰੇ ਸਮੇਂ ਵਿਚ ਸਭ ਤੋਂ ਨੀਵੀਂ ਪੱਧਰ 'ਤੇ ਪਹੁੰਚ ਗਿਆ ਸੀ। ਗਿਣਤੀ ਅਤੇ ਭਾਵਨਾਤਮਿਕ ਦੋਵਾਂ ਪੱਖਾਂ ਤੋ ਇਸ ਨੇ ਸਾਰੇ ਮੁਹਾਜਾਂ ਤੇ ਮੁਸੀਬਤ ਦਾ ਸਾਹਮਣਾ ਕੀਤਾ ਅਤੇ ਸਮੁੱਚੇ ਤੌਰ ਤੇ ਅਲੋਪ ਹੋਣ ਦੇ ਨੇੜੇ ਪਹੁੰਚ ਗਿਆ। ਪਰੰਤੂ ਇੱਕ ਨਾਜ਼ੁਕ ਕੇਂਦਰੀ ਹਿੱਸਾ ਪਿੱਛੇ ਰਹਿ ਗਿਆ। ਇਸ ਨੇ ਭਾਈਚਾਰੇ ਲਈ ਪਾਇਦਾਰ ਹਾਂ ਪੱਖੀ ਸਿੱਟੇ ਕੱਢੇ। ਆਗੂ ਗਦਰੀਆਂ ਅਤੇ ਕੁੱਝ ਮੁਖਬਰਾਂ ਦੀ ਰਵਾਨਗੀ ਨੇ ਵਧੇਰੇ ਸਥਿਰਤਾ ਅਤੇ ਸ਼ਾਂਤੀ ਪੈਦਾ ਕੀਤੀ। ਬੇਲਾ ਸਿੰਘ ਜਿਆਨ ਦੀ ਰਵਾਨਗੀ ਨਾਜ਼ੁਕ ਤੌਰ 'ਤੇ ਮਹੱਤਵਪੂਰਨ ਸੀ। ਮੇਵਾ ਸਿੰਘ ਲੋਪੋਕੇ ਦੀ ਦੋਸ਼-ਸਿੱਧੀ ਤੋਂ ਇੱਕ ਹਫਤੇ ਦੇ ਅੰਦਰ ਅੰਦਰ ਬੇਲਾ ਸਿੰਘ ਨੇ ਆਪਣੇ ਪਹਿਲੇ ਮੁਕੱਦਮੇ ਦਾ ਸਾਹਮਣਾ ਕੀਤਾ, ਜਿਸ ਦਾ ਸਿੱਟਾ ਵੰਡੀ ਹੋਈ ਜਿਊਰੀ ਵਿੱਚ ਨਿਕਲਿਆ। ਪੱਖਪਾਤੀ ਜੱਜ, ਜੋ ਜਿਊਰੀ ਦਾ ਇੰਚਾਰਜ ਸੀ, ਨੇ ਕੋਈ ਸ਼ੱਕ ਨਾ ਰਹਿਣ ਦਿੱਤੀ ਕਿ ਉਹ ਸਮਝਦਾ ਹੈ ਕਿ ਕੈਦੀ ਨੂੰ ਬਰੀ ਕਰਨਾ ਚਾਹੀਦਾ ਹੈ, ਪਰੰਤੂ ਜਿਊਰੀ ਚਾਰ ਘੰਟੇ ਬੈਠੀ ਅਤੇ ਕਿਸੇ ਫ਼ੈਸਲੇ 'ਤੇ ਪਹੁੰਚਣ 'ਚ ਅਸਫਲ ਰਹੀ। ਦੋ ਹਫਤਿਆਂ ਬਾਅਦ, ਉਸ ਜੱਜ ਅਤੇ ਨਵੀਂ ਜਿਊਰੀ ਸਾਹਮਣੇ ਦੂਸਰੇ ਮੁਕੱਦਮੇਂ ਪਿੱਛੋਂ, ਬੇਲਾ ਸਿੰਘ ਨੂੰ ਅਜ਼ਾਦ ਕਰ ਦਿੱਤਾ ਗਿਆ। ਦੂਸਰੇ ਮੁਕੱਦਮੇ ਬਾਰੇ ਅੰਦਰਲੀ ਕਹਾਣੀ ਇਹ ਸੀ ਕਿ ਜਿਊਰੀ ਗੰਭੀਰ ਰੂਪ ਵਿੱਚ ਵੰਡੀ ਗਈ ਸੀ ਅਤੇ ਅਤੇ ਮੁਸ਼ਕਿਲ ਨਾਲ ਹੀ ਇਸ ਨੇ ਆਪਣਾ ਫਤਵਾ ਦਿੱਤਾ। ਜਿਊਰੀ ਦੇ ਕੁੱਝ ਮੈਂਬਰ ਬੇਲਾ ਸਿੰਘ ਦੀ ਕਹਾਣੀ ਬਾਰੇ ਜੱਜ ਨਾਲੋਂ ਵਧੇਰੇ ਸ਼ੱਕੀ ਸਨ।

ਬ੍ਰਿਟਿਸ਼ ਕੋਲੰਬੀਆ ਵਿੱਚ ਬੇਲਾ ਸਿੰਘ ਦੀ ਅਜ਼ਾਦੀ ਸਿਰਫ਼ ਕੁੱਝ ਮਹੀਨੇ ਚੱਲੀ ਅਤੇ ਜਦੋਂ ਇਹ ਖਤਮ ਹੋ ਗਈ, ਉਸ ਆਦਮੀ ਦਾ ਆਲੇ ਦੁਆਲੇ ਹੋਣਾ ਖਤਰਨਾਕ ਸੀ। 18 ਮਾਰਚ 1915 ਨੂੰ ਉਸ ਦੇ ਕੋਟ ਵਿੱਚੋਂ ਗੋਲੀ ਲੰਘਣ 'ਤੇ ਉਹ ਬਚ ਗਿਆ। ਜਦੋਂ ਉਸ ਦੇ ਦੋ ਸਾਥੀਆਂ ਦੇ ਗੋਲੀਆਂ ਮਾਰੀਆਂ ਗਈਆਂ। ਉਨ੍ਹਾਂ ਵਿੱਚੋਂ ਇੱਕ ਭੱਜ ਕੇ ਗਰੈਨਵਿਲ ਗਲ਼ੀ 'ਚ ਗਦਰ ਹਮਾਇਤੀ ਦੇ ਇੱਕ ਸਿੱਖ ਸਟੋਰ ਵਿੱਚ ਵੜਨ ਪਿੱਛੋਂ ਮਾਰਿਆ ਗਿਆ। (ਗੋਲ਼ੀ ਮਾਰਨ ਵਾਲੇ ਨੂੰ ਗ੍ਰਿਫ਼ਤਰ ਕਰ ਲਿਆ ਗਿਆ, ਮੁਕੱਦਮਾ ਚਲਾਇਆ ਗਿਆ ਅਤੇ ਕਤਲ ਦਾ ਦੋਸ਼ੀ ਠਹਿਰਾਇਆ ਗਿਆ ) ਅਪ੍ਰੈਲ ਵਿੱਚ, ਤੀਸਰੇ ਐਵਨਿਊ ਢਾਂਚੇ ਵਾਲੇ ਹੋਸਟਲ ਦੇ ਸਮੁੱਚੇ ਸਾਹਮਣੇ ਵਾਲੇ ਸਿਰੇ ਨੂੰ, ਇੱਕ ਬਰੂਦ ਦੇ ਧਮਾਕੇ ਨੇ ਉਡਾ ਦਿੱਤਾ। ਜਿਸ ਵਿੱਚ ਬੇਲਾ ਸਿੰਘ ਦੇ ਬਹੁਤ ਸਾਰੇ ਦੋਸਤ ਸੁੱਤੇ ਹੋਏ ਸਨ। ਤਿੰਨ ਦਿਨਾਂ ਬਾਅਦ ਜਦੋਂ ਪੁਲਿਸ ਦ੍ਰਿਸ਼ 'ਤੇ ਪਹੁੰਚੀ ਅਤੇ ਬੇਲਾ ਸਿੰਘ ਆਪਣੇ ਵਿਰੋਧੀਆਂ ਵਿੱਚੋਂ ਇੱਕ ਨੂੰ ਘਸੁੰਨ ਮਾਰਦਿਆਂ

ਦੇਖਿਆ। ਉਸ ਨੂੰ ਹਮਲੇ ਲਈ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਨੂੰ ਬਾਰਾਂ ਮਹੀਨੇ ਦੀ ਕੈਦ ਦੀ ਸਜ਼ਾ ਹੋਈ ਅਤੇ ਉਸ ਨੇ ਇਹ ਸਮਾਂ ਬਾਬੂ ਸਿੰਘ ਲਿਤਰਾਂ, ਜਿਸ ਨੂੰ ਜਾਲ੍ਹਸਾਜੀ ਲਈ ਦੋਸ਼ੀ ਠਹਿਰਾਇਆ ਗਿਆ ਸੀ, ਨਾਲ ਵੈਨਕੂਵਰ ਦੇ ਬਿਲਕੁਲ ਬਾਹਰਵਾਰ, ਬਰਨਾਬੀ ਵਿੱਚ ਓਖਲਾ ਜੇਲ੍ਹ ਫਾਰਮ ਵਿਚ ਕੱਟਿਆ। ਤਦ ਵੀ ਜੇਲ੍ਹ 'ਚੋਂ ਬਾਹਰ ਨਿਕਲਣ ਦੀ ਆਸ ਨਾਲ ਉਸ ਨੇ ਰੀਡ ਨੂੰ ਸੂਚਨਾ ਦੇਣੀ ਜਾਰੀ ਰੱਖੀ। ਪਰੰਤੂ ਰੀਡ ਦਾ ਬਹੁਤਾ ਪ੍ਰਭਾਵ ਨਹੀਂ ਰਿਹਾ ਸੀ। ਅਤੇ ਵਿਸ਼ੇਸ਼ ਕਮਿਸ਼ਨਰ ਕਲਾੱਗਸਟਾਊਨ(Clogstoun) ਜਿਸ ਨੂੰ ਦੂਸਰੀ ਵਾਰ ਭਾਰਤੀ ਸਥਿਤੀ ਦੀ ਜਾਂਚ ਕਰਨ ਲਈ ਵਾਪਸ ਬੁਲਾਇਆ ਗਿਆ ਸੀ, ਨੇ ਕਿਹਾ ਕਿ ਬੇਲਾ ਸਿੰਘ ਲਈ ਸਭ ਤੋਂ ਵਧੀਆ ਥਾਂ ਜੇਲ੍ਹ ਹੀ ਹੈ। ਕਮਿਸ਼ਨਰ ਕਲਾੱਗਸਟਾਊਨ ਨੇ ਦੋ ਟੁੱਕ ਕਿਹਾ ਕਿ ਬੇਲਾ ਸਿੰਘ ਨੂੰ ਫਾਂਸੀ ਦਿੱਤੀ ਜਾਣੀ ਚਾਹੀਦੀ ਸੀ, ਅਤੇ ਜੇਕਰ ਉਸ ਨੂੰ ਜੇਲ੍ਹ ਵਿੱਚ ਨਹੀਂ ਰੱਖਿਆ ਜਾਂਦਾ ਤਾਂ ਉਸ ਨੂੰ ਜਲਵਤਨ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਉਹ ਭਾਈਚਾਰੇ ਦੀ ਸ਼ਾਂਤੀ ਲਈ ਖਤਰਾ ਹੈ।

ਜਦੋਂ ਉਸ ਨੂੰ 1916 ਵਿੱਚ ਰਿਹਾ ਕੀਤਾ ਗਿਆ, ਬੇਲਾ ਸਿੰਘ ਨੂੰ ਵਾਪਸ ਭਾਰਤ ਭੇਜ ਦਿੱਤਾ ਗਿਆ। ਹੁਸ਼ਿਆਰਪੁਰ ਵਿੱਚ ਅਗਸਤ 1916 ਵਿੱਚ-ਜਿਵੇਂ ਕਿ ਅਧਿਆਇ 11 ਵਿੱਚ ਜ਼ਿਕਰ ਕੀਤਾ ਗਿਆ ਹੈ-ਉਸ ਤੋਂ ਇੰਸਪੈਕਟਰ ਇਕਰਾਮ-ਉਲ-ਹੱਕ ਨੇ ਪੁੱਛਗਿੱਛ ਕੀਤੀ ਜਿਸ ਨੇ ਉਸ ਦਾ ਨਾਂ ਰਘੂਨਾਥ ਤੋਂ ਲਿਆ ਸੀ। ਬੇਲਾ ਸਿੰਘ ਨੇ ਉਸ ਇੰਸਪੈਕਟਰ ਨੂੰ "ਵਫਾਦਾਰ" ਧਿਰ ਦੇ ਕਈ ਹੋਰ ਆਦਮੀਆਂ ਦੇ ਨਾਂ ਦਿੱਤੇ, ਅਤੇ ਇਹ ਉਸ ਦੀ ਅਤੇ ਉਨ੍ਹਾਂ ਦੀ ਗਵਾਹੀ ਸੀ ਜਿਸ ਨੇ ਬਲਵੰਤ ਸਿੰਘ ਖੁਰਦਪੁਰ ਨੂੰ ਫਾਂਸੀ ਦੇ ਫੰਦੇ ਤੱਕ ਪਹੁੰਚਾਇਆ। 1922-23 ਵਿੱਚ, ਜਦੋਂ ਬੱਬਰ ਅਕਾਲੀਆਂ ਨੇ -ਜਿਨ੍ਹਾਂ ਵਿੱਚੋਂ ਬਹੁਤ ਸਾਰੇ ਪੁਰਾਣੇ ਗਦਰੀ ਸਨ-ਨੇ ਅਧਿਕਾਰੀਆਂ ਅਤੇ ਮੁਖ਼ਬਰਾਂ ਦਾ ਕਤਲ ਕਰਨ ਰਾਹੀਂ ਜਲੰਧਰ ਅਤੇ ਹੁਸ਼ਿਆਰਪੁਰ ਵਿੱਚ ਬਾਰ ਬਾਰ ਵਾਰ ਕੀਤੇ, ਪੁਲਿਸ ਸੂਚਨਾ ਲਈ ਇੱਕ ਵਾਰ ਫਿਰ ਬੇਲਾ ਸਿੰਘ ਵੱਲ ਪਰਤੀ। ਦਸ ਸਾਲ ਬਾਅਦ, ਜੂਨ ਮਹੀਨੇ ਦੀ ਇੱਕ ਸ਼ਾਮ ਨੂੰ ਹੁਸ਼ਿਆਰਪੁਰ ਤੋਂ ਵਾਪਸ ਆਉਂਦੀ ਸੜਕ ਤੇ ਇਨ੍ਹਾਂ ਬੱਬਰਾਂ ਵਿੱਚੋਂ ਤਿੰਨ ਨੇ, ਉਸ ਨੂੰ ਉਸ ਦੇ ਪਿੰਡ ਜਿਆਨ ਦੇ ਬਾਹਰਵਾਰ ਕਾਬੂ ਕਰ ਲਿਆ ਅਤੇ ਇਨ੍ਹਾਂ ਵਿੱਚੋਂ ਇੱਕ ਹਰੀ ਸਿੰਘ ਸੂੰਢ ਨਾਂ ਦੇ ਪੁਰਾਣੇ ਗਦਰੀ ਦੇ ਹੱਥੋਂ ਉਹ ਮਾਰਿਆ ਗਿਆ।

ਵੈਨਕੂਵਰ ਵਿੱਚ ਹਾੱਪਕਿਨਸਨ ਦੀ ਵਿਲੱਖਣ ਅਤੇ ਭੜਕਾਊ ਨਿਗਰਾਨੀ ਦੇ ਕਾਂਡ ਦਾ ਉਸ ਦੀ ਮੌਤ ਦੇ ਨਾਲ ਅੰਤ ਹੋ ਗਿਆ। ਉਸ ਦੇ ਉੱਪਰਲੇ ਅਧਿਕਾਰੀਆਂ ਨੇ, ਉਸ ਦੇ ਅਹੁਦੇ ਨੂੰ ਖਤਮ ਕਰਕੇ, ਅਹੁਦੇ ਦੀ ਮਹੱਤਤਾ ਬਾਰੇ ਇੱਕ ਨਾਂਹ ਪੱਖੀ ਫਤਵਾ ਦਿੱਤਾ। ਜਦ ਕਿ ਇਹ ਉਸ ਤੇ ਨਿੱਜੀ ਫਤਵਾ ਨਹੀ ਸੀ। ਲੁਇਸ ਹਰਕੋਰਟ, (Lewis Harcourt) ਬਰਤਾਨਵੀ ਬਸਤੀਵਾਦੀ ਸਕੱਤਰ, ਨੇ ਹਾੱਪਕਿਨਸਨ ਦੇ ਕਾਮਾਗਾਟਾ ਮਾਰੂ ਨਾਲ ਸੰਬੰਧਿਤ ਕੰਮ ਦੀ ਸ਼ਲਾਘਾ ਕੀਤੀ ਸੀ-ਜਿਵੇਂ ਕਿ ਭਾਰਤ

ਲਈ ਬਰਤਾਨਵੀ ਰਾਜ ਸਕੱਤਰ ਨੇ ਵੀ ਕੀਤੀ ਸੀ। ਹਾੱਪਕਿਨਸਨ ਦੀ ਮੌਤ ਤੋਂ ਪਿੱਛੋਂ, ਲੁਇਸ ਹਰਕੋਰਟ ਨੇ ਹਾੱਪਕਿਨਸਨ ਦੇ ਪਰਿਵਾਰ ਦੀ ਭਲਾਈ ਬਾਰੇ ਪੁੱਛਿਆ। ਉਸ ਦੀ ਵਿਧਵਾ, ਨੈਲੀ, ਅਤੇ ਦੋ ਬੇਟੀਆਂ, ਜੀਨ ਅਤੇ ਕੌਨਸਟੈਂਸੀ, ਉਮਰ ਛੇ ਅਤੇ ਦੋ ਸਾਲ, ਦੋਵੇਂ ਵੈਨਕੂਵਰ ਵਿੱਚ ਪੈਦਾ ਹੋਈਆਂ। ਜਿਵੇਂ ਕਿ ਇਹ ਹੋਇਆ, ਨੈਲੀ ਹਾੱਪਕਿਨਸਨ ਭਾਰਤੀ ਸਿਵਲ ਸਰਵਿਸ ਪੈਨਸ਼ਨ ਪ੍ਰਾਪਤ ਨਾ ਕਰ ਸਕੀ। ਕਿਉਂਕਿ ਉਸ ਦੇ ਪਤੀ ਨੂੰ ਭਾਰਤ ਦੀ ਸਰਕਾਰ ਨੇ ਸਿਰਫ਼ ਅਸਿੱਧੇ ਤੌਰ ਤੇ ਲਗਾਇਆ ਸੀ। ਕਨੇਡੀਅਨ ਇਮੀਗਰੇਸ਼ਨ ਵਿਭਾਗ ਨੇ ਵੈਨਕੂਵਰ ਦੇ ਦਫਤਰ ਵਿੱਚ ਸਟੈਨੋਗ੍ਰਾਫਰ ਦੀ ਨੌਕਰੀ ਦੀ ਪੇਸ਼ਕਸ਼ ਕਰਦਿਆਂ, ਜੋ ਕੁੱਝ ਇਹ ਨੈਲੀ ਲਈ ਕਰ ਸਕਦਾ ਸੀ ਕੀਤਾ, ਅਤੇ ਉਸ ਨੇ ਉੱਥੇ ਫਰਵਰੀ 1915 ਤੋਂ 1921 ਤੱਕ ਕੰਮ ਕੀਤਾ, ਤਦ ਉਹ ਆਪਣੀ ਮਾਂ ਅਤੇ ਭਰਾ ਨਾਲ ਰਹਿਣ ਲਈ ਕੈਲੀਫੋਰਨੀਆਂ ਚਲੀ ਗਈ, ਜਿੱਥੇ ਉਹ ਦੁਬਾਰਾ ਵਸ ਗਏ ਸਨ।

ਭਾਰਤੀ ਦਫਤਰ ਦੇ ਹਾੱਪਕਿਨਸਨ ਦੇ ਬਾਅਦ ਕਿਸੇ ਨੂੰ ਨਾ ਲਗਾਉਣ ਦੇ ਫ਼ੈਸਲੇ ਦਾ ਇਹ ਮਤਲਬ ਨਹੀਂ ਸੀ ਕਿ ਉਹ ਉਸ ਕੰਮ ਨੂੰ ਤਿਆਗ ਰਹੇ ਸਨ, ਜੋ ਉਹ ਕਰ ਰਿਹਾ ਸੀ। ਜੰਗ ਦੇ ਸਮੇਂ ਵਿੱਚ, ਭਾਰਤੀ ਰਾਜਨੀਤਕ ਕਾਰਕੁੰਨਾਂ ਦੀ ਨਿਗਰਾਨੀ ਪਹਿਲਾਂ ਨਾਲੋਂ ਵਧੇਰੇ ਮਹੱਤਵਪੂਰਨ ਸੀ। ਪਰੰਤੂ ਭਾਰਤੀ ਬਰਤਾਨਵੀ ਦਫਤਰ ਕਨੇਡੀਅਨ ਇਮੀਗਰੇਸ਼ਨ ਵਿਭਾਗ ਦੀ ਨੌਕਰੀ ਕਰਨ ਵਾਲੇ ਕਿਸੇ ਅਫ਼ਸਰ ਦੀ ਵਰਤੋਂ ਕਰਨ ਦੀ ਇੱਛਾ ਨਹੀਂ ਰੱਖਦਾ ਸੀ। ਇਹ ਇੱਕ ਅਜਿਹਾ ਫ਼ੈਸਲਾ ਸੀ ਜਿਸ ਨੂੰ ਕਨੇਡੀਅਨ ਸਰਕਾਰ ਨੇ ਝੱਟਪਟ ਪ੍ਰਵਾਨ ਕਰ ਲਿਆ। ਜੋ ਬਰਤਾਨਵੀਆਂ ਦੀ ਆਪਣੀ ਗੁੱਪਤ ਸੂਚਨਾ ਇਕੱਤਰ ਕਰਨ ਨੂੰ, ਉਨ੍ਹਾਂ 'ਤੇ ਛੱਡ ਕੇ ਖ਼ੁਸ਼ ਸੀ। "ਮੈਨੂੰ ਸ਼ੰਕਾ ਹੈ" ਓਟਾਵਾ ਇਮੀਗਰੇਸ਼ਨ ਵਿਭਾਗ ਦੇ ਮੁੱਖੀ ਨੇ ਕਿਹਾ, "ਹਾੱਪਕਿਨਸਨ ਨੇ ਆਪਣੀ ਜਾਨ ਬਹੁਤਾ ਕਰਕੇ ਇਸ ਤੱਥ ਰਾਹੀਂ ਗੁਆਈ ਕਿ ਉਹ ਦੋਹਰੇ ਚਰਿੱਤਰ ਦੀਆਂ ਸੇਵਾਵਾਂ ਨਿਭਾਅ ਰਿਹਾ ਸੀ, ਅਤੇ ਕਿ ਉਸ ਦੇ ਫਰਜ਼ਾਂ ਦਾ ਇੱਕ ਸਮੂਹ ਦੂਸਰੇ ਸੰਬੰਧੀ ਉਸ ਦੀ ਸਥਿਤੀ ਨੂੰ ਸਗੋਂ ਖਤਰੇ ਵਿੱਚ ਪਾ ਦਿੰਦਾ ਸੀ।"

ਵੈਨਕੂਵਰ ਇਮੀਗਰੇਸ਼ਨ ਵਿਭਾਗ ਇੱਕ ਹੋਰ ਤਬਦੀਲੀ ਵਿੱਚੋਂ ਗੁਜ਼ਰਿਆ। ਜਿਸ ਨੇ, ਇਸ ਦੇ ਭਾਰਤੀ ਅਵਾਸੀ ਭਾਈਚਾਰੇ ਨਾਲ ਸੰਬੰਧਾਂ ਨੂੰ ਮਹੱਤਵਪੂਰਨ ਤੌਰ ਤੇ ਪ੍ਰਭਾਵਿਤ ਕੀਤਾ। ਹਾੱਪਕਿਨਸਨ ਦੀ ਮੌਤ ਤੋਂ ਪਿੱਛੋਂ, ਮਾਲਕਮ ਰੀਡ ਨੂੰ ਉਸ ਦੀ ਆਪਣੀ ਸੁਰੱਖਿਆ ਲਈ ਇੱਕ ਮਹੀਨੇ ਵਾਸਤੇ ਓਟਾਵਾ ਤਬਦੀਲ ਕਰ ਦਿੱਤਾ ਗਿਆ। ਈ. ਬਲੇਕ ਰਾੱਬਰਟਸਨ, (E Blake Robertson) ਡਿਪਟੀ ਸੁਪਰਡੈਂਟ ਇਮੀਗਰੇਸ਼ਨ, ਆਰਜ਼ੀ ਤੌਰ 'ਤੇ ਉਸ ਦੀ ਥਾਂ ਚਾਰਜ ਲੈਣ ਲਈ ਵੈਨਕੂਵਰ ਆਇਆ। ਰਾੱਬਰਟਸਨ ਨੇ ਆਲਾ ਦੁਆਲਾ ਦੇਖਿਆ, ਅਮਲੇ ਨਾਲ ਗੱਲਬਾਤ ਕੀਤੀ, ਵੱਡੀਆਂ ਪ੍ਰਬੰਧਕੀ ਸਮੱਸਿਆਵਾਂ ਦੇਖੀਆਂ ਅਤੇ ਫ਼ੈਸਲਾ ਕੀਤਾ ਕਿ ਰੀਡ ਨੂੰ ਆਪਣੇ ਪੁਰਾਣੇ ਕੰਮ ਤੇ ਨਹੀਂ ਆਉਣਾ ਚਾਹੀਂਦਾ। ਇੱਕ ਵੱਡਾ ਮਸਲਾ ਉਸ ਦੇ

ਏਸ਼ੀਅਨ ਇਮੀਗਰੇਸ਼ਨ ਨਾਲ ਨਜਿੱਠਣ ਬਾਰੇ ਸੀ। ਜਿਵੇਂ ਕਿ ਰੀਡ ਨੇ ਬਾਅਦ ਵਿੱਚ ਕਿਹਾ ਕਿ ਰਾੱਬਰਟਸਨ ਉਸ ਦੇ ਖ਼ਿਲਾਫ਼ ਸੀ। "ਕਿਉਂਕਿ ਮੈਂ ਪੂਰਬੀ ਸੁਆਲ ਬਾਰੇ ਜਮ ਕੇ ਡਟਿਆ ਹੋਇਆ ਸੀ।"

ਨਾ ਤਾਂ ਰਾੱਬਰਟਸਨ ਨੇ ਅਤੇ ਨਾ ਹੀ ਉਸ ਦੇ ਮੁੱਖੀ, ਸਪੁਰਡੈਂਟ ਡੱਬਲਿਯੂ.ਡੀ.ਸਕਾੱਟ(W D Scott) ਨੇ ਏਸ਼ੀਅਨਾਂ ਲਈ ਖੁੱਲੀ ਇਮੀਗਰੇਸ਼ਨ ਨੀਤੀ ਦੀ ਵਕਾਲਤ ਕੀਤੀ, ਪਰੰਤੂ ਉਨ੍ਹਾਂ ਨੂੰ ਮਾਲਕਮ ਰੀਡ ਏਸ਼ੀਅਨਾਂ ਨੂੰ ਬਾਹਰ ਰੱਖਣ 'ਚ ਬੇਹੱਦ ਜਨੂੰਨੀ ਲੱਗਿਆ। ਇਸ ਤੋਂ ਇਲਾਵਾ ਆਪਣੀ ਪ੍ਰਬੰਧਕੀ ਸ਼ੈਲੀ ਲਈ ਉਸ ਨੂੰ ਆਪਣੇ ਸਟਾਫ ਦੇ ਸਤਿਕਾਰ ਦੀ ਕੀਮਤ ਚੁਕਾਉਣੀ ਪਈ, ਜਿਹੜਾ ਕਿ ਸ਼ਾਇਦ ਅਸਲੀ ਕਾਰਨ ਸੀ, ਕਿ ਉਸ ਨੂੰ ਜਾਣਾ ਪਿਆ। ਰਾੱਬਰਟਸਨ ਨੇ ਰੀਡ ਨੂੰ ਪੁਲਿਸ ਬਲ ਵਿੱਚ ਧੱਕਣ ਦੀ ਕੋਸ਼ਿਸ਼ ਕੀਤੀ, ਪਰੰਤੂ ਰੀਡ ਸਹਿਮਤ ਨਾ ਹੋਇਆ। ਰਾੱਬਰਟਸਨ ਨੇ ਸਮਾਨ ਦਰਜੇ ਅਤੇ ਤਨਖਾਹ ਦੀ ਦਰ ਤੇ ਲੈੱਥਬਰਿੱਜ, ਅਲਬਰਟਾ (Lethbridge, Alberta) ਭੇਜਣ ਦੀ ਸਿਫਾਰਿਸ਼ ਕੀਤੀ, ਪਰੰਤੂ ਰੀਡ ਵੈਨਕੂਵਰ ਵਿੱਚ ਠਹਿਰਨਾ ਚਾਹੁੰਦਾ ਸੀ। ਅੰਤ ਵਿੱਚ ਉਸ ਨੂੰ ਬ੍ਰਿਟਿਸ਼ ਕੋਲੰਬੀਆ ਲਈ ਡੋਮੀਨੀਅਨ ਇਮੀਗਰੇਸ਼ਨ ਇੰਸਪੈਕਟਰ ਦੇ ਤੌਰ 'ਤੇ ਠਹਿਰਨ ਦੀ ਆਗਿਆ ਦੇ ਦਿੱਤੀ ਗਈ। ਉਸ ਦਾ ਵੈਨਕੂਵਰ ਅਤੇ ਵਿਕਟੋਰੀਆ, ਦੋ ਬੰਦਰਗਾਹਾਂ ਜਿਨ੍ਹਾਂ ਦੀ ਸੱਚਮੁੱਚ ਮਹੱਤਤਾ ਸੀ, ਉੱਪਰ ਕੋਈ ਅਧਿਕਾਰ ਨਹੀਂ ਸੀ। ਵੈਨਕੂਵਰ ਇਮੀਗਰੇਸ਼ਨ ਇਮਾਰਤ ਵਿੱਚ ਪੌੜੀਆਂ ਉੱਪਰਲੇ ਇਕ ਦਫਤਰ ਵਿੱਚ ਤੁੰਨਿਆ ਹੋਇਆ, ਉਹ ਕੁੱਝ ਨਿਗਰਾਨੀ ਦਾ ਕੰਮ ਜਾਰੀ ਰੱਖਣ ਵਿੱਚ ਸਫਲ ਹੋਇਆ। ਜੋ ਹਾੱਪਕਿਨਸਨ ਦਾ ਅਧਿਕਾਰ ਖੇਤਰ ਸੀ। ਗੰਗਾ ਰਾਮ, ਜੋ ਹਾੱਪਕਿਨਸਨ ਦਾ ਮੁਖ਼ਬਰ ਰਿਹਾ ਸੀ, ਨੇ ਰੀਡ ਲਈ ਕੰਮ ਕਰਨਾ ਜਾਰੀ ਰੱਖਿਆ, ਪਰੰਤੂ ਭਾਰਤੀ ਭਾਈਚਾਰੇ ਲਈ ਰੀਡ ਦੀ ਪਹਿਲਾਂ ਵਰਗੀ ਬਹੁਤੀ ਮਜ਼ਬੂਤ ਹੋਂਦ ਨਹੀਂ ਰਹੀ ਸੀ।

ਹੁਸੈਨ ਰਾਹੀਮ ਇੱਕ ਸਰਗਰਮ ਕਾਰਜ ਕਰਤਾ ਸੀ, ਜੋ ਵੈਨਕੂਵਰ ਵਿੱਚ ਰਿਹਾ, ਭਾਵੇਂ ਉਸ ਨੂੰ ਮਾਰਟਿਨ ਬੁਰੈਲ(Martin Burrell) ਦੇ ਕਾਮਾਗਾਟਾ ਮਾਰੂ ਦੇ ਦਾਅਵਿਆਂ ਲਈ ਹਮਦਰਦੀ ਪੂਰਨ ਵਿਚਾਰਨ ਦੇ ਵਾਅਦੇ 'ਚੋਂ ਕੁੱਝ ਹੱਥ ਪਲੇ ਨਹੀਂ ਪਿਆ ਸੀ। ਡਨਕਨ, ਬੀਸੀ। ਦੇ ਐਚ.ਸੀ.ਕਲਾੱਗਸਟਾਊਨ, (H C Cloggstoun of Duncon B C) ਸੇਵਾ ਮੁਕਤ ਭਾਰਤੀ ਸਿਵਲ ਸਰਵਿਸ ਅਧਿਕਾਰੀ, 1914 ਵਿੱਚ ਅਤੇ ਮੁੜ 1915 ਵਿੱਚ ਇਸ ਮਾਮਲੇ ਦੀ ਜਾਂਚ ਕਰਨ ਲਈ ਕਮਿਸ਼ਨਰ ਨਿਯੁੱਕਤ ਕੀਤਾ ਗਿਆ ਸੀ ਅਤੇ ਉਸ ਨੇ ਕਿਸੇ ਮੁਆਵਜ਼ੇ ਦੀ ਸਿਫਾਰਿਸ਼ ਨਾ ਕੀਤੀ ਇਸ ਦੀ ਬਜਾਏ ਉਸ ਨੇ ਸੁਝਾਅ ਦਿੱਤਾ ਕਿ ਸਰਕਾਰ ਸਭ ਉਹਨਾਂ ਸਥਾਨਿਕ ਭਾਰਤੀਆਂ ਨੂੰ ਕਾਨੂੰਨੀ ਸਹਇਤਾ ਦੇਵੇ ਜੋ ਕਾਮਾਗਾਟਾ ਮਾਰੂ ਫੰਡ ਲਈ ਦਿੱਤੇ ਚੰਦੇ ਵਾਪਸ ਲੈਣ ਲਈ ਤਟਈ ਕਮੇਟੀ ਦੇ ਸਹਿ-ਨਿਰਦੇਸ਼ਕਾਂ ਖ਼ਿਲਾਫ਼ ਅਦਾਲਤ 'ਚ ਜਿੱਤਣਾ ਚਾਹੁੰਣ। ਇਹ ਵਿਚਾਰ ਇਕ ਗਿਣਿਆ ਮਿਥਿਆ ਦਾਅ

ਸੀ। ਇਨਕਲਾਬੀਆਂ ਅਤੇ ਬਾਕੀ ਦੇ ਭਾਰਤੀ ਭਾਈਚਾਰੇ ਵਿੱਚ ਪਾੜ ਪਾਉਣ ਦਾ ਸਮੇਂ ਸਿਰ, ਮੁੱਠੀ ਭਰ ਆਦਮੀਆਂ ਨੇ ਰਹੀਮ ਅਤੇ ਮਰਹੂਮ ਭਾਗ ਸਿੰਘ ਭਿੱਖੀਵਿੰਡ ਦੀ ਸੰਪਤੀ ਵਿਰੁੱਧ ਮੁਕੱਦਮਾ ਕਰ ਦਿੱਤਾ ਅਤੇ ਉਹ ਕੁੱਲ 2000 ਡਾਲਰ ਤੋਂ ਥੋੜ੍ਹੇ ਜਿਹੇ ਵੱਧ ਦੇ ਫ਼ੈਸਲੇ ਜਿੱਤ ਗਏ। ਨਿਰਸੰਦੇਹ ਹਰ ਕੋਈ ਜਾਣਦਾ ਸੀ ਕਿ ਜੋ ਪੈਸਾ ਰਾਹੀਮ ਦੇ ਕਾਬੂ 'ਚ ਸੀ ਉਹ ਲੰਬਾ ਸਮਾਂ ਪਹਿਲਾਂ ਖਤਮ ਹੋ ਗਿਆ ਸੀ। ਕੁੱਝ ਗੁਰਦਿੱਤ ਸਿੰਘ ਸਰਹਾਲੀ ਨੂੰ ਅਤੇ ਬਾਕੀ ਦਾ ਭਾਰਤ ਵਿੱਚ ਗਦਰ ਪ੍ਰਾਜੈਕਟਾਂ ਲਈ ਭੇਜ ਦਿੱਤਾ ਗਿਆ ਸੀ। ਰਹੀਮ, ਜਿਸ ਨੇ ਆਪਣੀ ਸਪਲਾਈ ਅਤੇ ਟ੍ਰੱਸਟ ਕੰਪਨੀ ਬੰਦ ਕਰ ਦਿੱਤੀ ਸੀ ਅਤੇ ਇਮਾਰਤੀ ਲੱਕੜੀ ਦੇ ਕਾਰੋਬਾਰ ਵਿੱਚ ਚਲਾ ਗਿਆ ਸੀ, ਪਾਸ ਕਿਸੇ ਮੁਕੱਦਮੇਂ ਰਾਹੀਂ ਕੁਰਕ ਕੀਤੇ ਜਾਣ ਲਈ ਕੋਈ ਸੰਪਤੀ ਨਹੀਂ ਸੀ। ਸੋ ਮਹੌਲ ਨੂੰ ਸਾਫ ਸੁਥਰਾ ਬਣਾਉਣ ਲਈ, ਸਰਕਾਰ ਨੇ ਉਨ੍ਹਾਂ ਦੇ ਦਾਅਵਿਆਂ ਦੀ ਅਦਾਇਗੀ ਕਰ ਦਿੱਤੀ, ਜਿਹੜੇ ਅਦਾਲਤ ਗਏ ਸਨ। ਸਰਕਾਰ ਇਸ ਗੱਲ ਤੇ ਸੰਤੁਸ਼ਟ ਸੀ ਕਿ ਇਨਕਲਾਬੀਆਂ ਦੀ ਬੇਪ੍ਰਤੀਤੀ ਹੋ ਗਈ ਹੈ।

ਜਦੋਂ ਕਿ ਸਤਹੀ ਤੌਰ ਤੇ, 1915 ਤੋਂ ਬਾਅਦ ਵੈਨਕੂਵਰ ਵਿੱਚ ਸਭ ਕੁੱਝ ਵਧੇਰੇ ਸ਼ਾਂਤ ਸੀ, ਭਾਰਤੀ ਜਿਹੜੇ ਕਨੇਡਾ ਵਿੱਚ ਰਹਿ ਗਏ ਸਨ ਅਜੇ ਵੀ ਜੋਸ਼ੀਲੇ ਕੌਮਪ੍ਰਸਤ ਸਨ। ਉਨ੍ਹਾਂ ਨੇ ਮਿੱਤ ਸਿੰਘ ਪੰਡੋਰੀ, ਮੁਹੰਮਦ ਅਕਬਰ ਸੀਕਰੀਵਾਲ, ਅਤੇ ਬਿਲਗਾ ਦੇ ਗੁਰਦਿੱਤ ਸਿੰਘ (ਇੱਕ ਹੋਰ ਗੁਰਦਿੱਤ ਸਿੰਘ) ਵਰਗੇ ਆਦਮੀਆਂ ਦੀ ਅਗਵਾਈ ਪ੍ਰਵਾਨ ਕਰਨੀ ਜਾਰੀ ਰੱਖੀ। ਇਹ ਉਹ ਆਦਮੀ ਸਨ ਜੋ ਕਾਮਾਗਾਟਾ ਮਾਰੂ ਮਾਮਲੇ ਵਿੱਚ ਸਰਗਰਮ ਰਹੇ ਸਨ ਅਤੇ ਜਿਨ੍ਹਾਂ ਦੀ ਗਦਰ ਦੇ ਮਕਸਦ ਨਾਲ ਹਮਦਰਦੀ ਸੀ। ਮੇਵਾ ਸਿੰਘ ਲੋਪੋਕੇ, ਗਦਰ ਪਾਰਟੀ ਸਾਹਿਤ ਵਿੱਚ ਸਤਿਕਾਰਤ, ਨੂੰ 11 ਜਨਵਰੀ 1916 ਨੂੰ ਉਸ ਦੀ ਫਾਂਸੀ ਦੀ ਪਹਿਲੀ ਬਰਸੀ 'ਤੇ ਯਾਦ ਕੀਤਾ ਗਿਆ। ਦੂਸਰੀ ਬਰਸੀ ਤੇ, 1917 ਵਿੱਚ, ਸਿੱਖ, ਫਰੇਜ਼ਰ ਮਿਲਜ਼ ਦੇ ਗੁਰਦੁਆਰੇ ਵਿਖੇ ਤਿੰਨ ਦਿਨਾਂ ਲਈ ਇਕੱਠੇ ਹੋਏ, ਜਿੱਥੇ ਉਸ ਦਾ ਸਸਕਾਰ ਕੀਤਾ ਗਿਆ ਸੀ। ਅਗਲੇ ਸਾਲ ਪੰਜ ਸੌ ਆਏ ਜਦੋਂ ਪ੍ਰਾਂਤ ਵਿੱਚ ਮੁਸ਼ਕਿਲ ਨਾਲ ਸੱਤ ਸੌ ਸਿੱਖ ਸਨ ਅਤੇ ਬਾਅਦ ਵਾਲੇ ਸਾਲਾਂ ਵਿੱਚ, ਠੀਕ ਵਰਤਮਾਨ ਸਮੇਂ ਤੱਕ, ਇਹ ਮੌਕਾ ਕਨੇਡਾ ਅਤੇ ਸੰਯੁਕਤ ਰਾਜ ਦੋਵਾਂ ਦੇ ਗੁਰਦੁਆਰਿਆਂ ਵਿੱਚ ਵਿਸ਼ੇਸ਼ ਰਿਹਾ ਹੈ।

ਇਹ ਥੋੜ੍ਹੀ ਜਿਹੀ ਆਬਾਦੀ ਸੀ ਜਿਸਦਾ ਕਨੇਡਾ ਵਿੱਚ ਕੋਈ ਪ੍ਰਭਾਵ ਨਹੀਂ ਸੀ। ਪਰੰਤੂ-ਉਨ੍ਹਾਂ ਦੀ ਕਹਾਣੀ ਦੀ ਪ੍ਰਤੀਕਾਤਮਕਤਾ ਹੋਣ ਕਰਕੇ-ਸਾਮਰਾਜ ਦੀਆਂ ਉੱਚਤਮ ਪ੍ਰੀਸ਼ਦਾਂ ਦੀਆਂ ਮੋਹਰੀ ਹਸਤੀਆਂ ਨੂੰ ਚਿੰਤਤ ਕਰਨ ਦੀ ਸ਼ਕਤੀ ਰੱਖਦੀ ਸੀ। ਵੈਨਕੂਵਰ ਵਿੱਚ ਇੱਕ ਖ਼ੂਨੀ ਦੁਸ਼ਮਣੀ ਅਤੇ ਇੱਕ ਸਰਕਾਰੀ ਅਫ਼ਸਰ ਦੇ ਕਤਲ ਨੇ ਬ੍ਰਿਟਿਸ਼ ਕੋਲੰਬੀਆ ਵਿੱਚ ਪੱਖਪਾਤ ਨੂੰ ਖਤਮ ਕਰਨ ਲਈ ਕੁੱਝ ਨਹੀਂ ਕੀਤਾ ਸੀ। ਵਿਰਲੇ ਕਨੇਡੀਅਨਾਂ ਨੇ ਹੀ ਇਤਰਾਜ਼ ਕੀਤਾ ਹੁੰਦਾ, ਜੇਕਰ ਸਰਕਾਰ ਸਖ਼ਤ ਵਖਰੇਵੇਂ ਵਾਲੀ ਨੀਤੀ 'ਤੇ ਅੜ ਗਈ ਹੁੰਦੀ ਅਤੇ ਸਮੇਂ ਸਿਰ ਭਾਰਤੀ

ਭਾਈਚਾਰੇ ਦੇ ਮੁਕੰਮਲ ਰੂਪ 'ਚ ਲੋਪ ਹੋਣ ਨੂੰ ਯਕੀਨੀ ਬਣਾਇਆ ਹੁੰਦਾ। ਫਿਰ ਵੀ ਕਨੇਡਾ ਦੀ ਇਮੀਗਰੇਸ਼ਨ ਨੀਤੀ ਬਰਤਾਨਵੀ ਸਰਕਾਰ ਦਾ ਯੁੱਧ ਸਮੇਂ ਦਾ ਪ੍ਰਮੁੱਖ ਸਰੋਕਾਰ ਸੀ। 1918 ਦੀ ਸਾਮਰਾਜੀ ਯੁੱਧ ਕਾਨਫਰੰਸ ਵਿਖੇ, ਪ੍ਰਧਾਨ ਮੰਤਰੀ ਗਾੱਰਡਨ ਦੇਸ਼ ਵਿੱਚ ਪਹਿਲਾਂ ਤੋਂ ਮੌਜੂਦ ਆਦਮੀਆਂ ਦੀਆਂ ਪਤਨੀਆਂ ਅਤੇ ਬੱਚਿਆਂ ਨੂੰ ਦਾਖ਼ਲ ਕਰਨ ਲਈ ਮੰਨ ਗਿਆ ਸੀ। ਉਹ ਬਰਤਾਨਵੀ ਅਧਿਕਾਰੀਆਂ ਦੇ ਦਬਾਅ ਹੇਠ ਝੁਕ ਗਿਆ। ਜਿਨ੍ਹਾਂ ਨੇ ਉਸ ਨੂੰ ਦੱਸਿਆ ਕਿ ਬਹੁਤ ਕੁੱਝ ਦਾਅ 'ਤੇ ਲੱਗਿਆ ਹੋਇਆ ਹੈ। ਕਿ ਭਾਰਤੀ ਫੌਜ ਲਈ ਭਰਤੀ ਦਾ ਮੁੱਖ ਮੈਦਾਨ, ਪੰਜਾਬ ਦਾ ਮਹੌਲ, ਅੰਦੋਲਨਕਾਰੀਆਂ ਵੱਲੋਂ ਕਨੇਡੀਅਨ ਸਥਿਤੀ ਦੀ ਹੁਨਰਮੰਦ ਢੰਗ ਨਾਲ ਵਰਤੋਂ ਨਾ ਕਰਕੇ, ਜ਼ਹਿਰੀਲਾ ਬਣਾਇਆ ਜਾ ਰਿਹਾ ਸੀ ਅਤੇ ਉਸ ਨੇ ਕਾਮਾਗਾਟਾ ਮਾਰੂ ਮਾਮਲੇ ਦੁਆਰਾ ਕੀਤੇ ਗਏ ਨੁਕਸਾਨ ਨੂੰ ਪਹਿਚਾਣ ਲਿਆ ਸੀ।

ਇੱਕ ਛੋਟੀ ਜਿਹੀ ਛੋਟ ਨੇ ਕਨੇਡਾ ਵਿਚਲੇ ਪੰਜਾਬੀਆਂ ਲਈ ਵੱਡਾ ਫਰਕ ਪਾਇਆ। 1920 ਤੋਂ ਪਿੱਛੋਂ, ਆਖਰ ਪੰਜਾਬੀਆਂ ਨੇ ਆਪਣੀਆਂ ਪਤਨੀਆਂ ਅਤੇ ਬੱਚਿਆਂ ਨੂੰ ਲਿਆਉਣਾ ਸ਼ੁਰੂ ਕੀਤਾ, ਭਾਵੇਂ ਵੱਡੀ ਗਿਣਤੀ 'ਚ ਨਾ ਸਹੀ। ਕਨੇਡਾ ਤੇ ਵਿਦੇਸ਼ ਅਤੇ ਵਿਰੋਧੀ ਸਮਾਜਿਕ ਵਾਤਾਵਰਣ ਵਿੱਚ ਰਹਿਣ ਦੀ ਲਾਗਤ ਉਨ੍ਹਾਂ ਨੂੰ ਰੋਕਣ ਦੇ ਸਾਂਝੇ ਕਾਰਣ ਸਨ। ਫਿਰ ਵੀ, ਜਿਹੜੀਆਂ ਵੀ ਔਰਤਾਂ ਅਤੇ ਬੱਚੇ ਆਏ ਉਨ੍ਹਾਂ ਨੇ ਕਨੇਡੀਅਨ ਸਿੱਖ ਭਾਈਚਾਰੇ ਦੇ ਭਵਿੱਖ ਦੀ ਜ਼ਾਮਨੀ ਦੇ ਦਿੱਤੀ। ਆਰੰਭਿਕ ਸਿੱਖਾਂ ਵਿੱਚੋਂ ਆਪਣੀ ਪਤਨੀ ਨੂੰ ਕਨੇਡਾ ਵਸਾਉਣ ਵਾਲਾ ਇੱਕ ਸੀ ਕਪੂਰ ਸਿੰਘ ਸਿੱਧੂ, ਜਿਹੜਾ ਕੁੱਝ ਸਮੇਂ ਤੋਂ ਉਸ ਨੂੰ ਬੁਲਾਉਣ ਦੀ ਕੋਸ਼ਿਸ਼ ਵਿਚ ਸੀ ਅਤੇ ਪਹਿਲੀ ਵਾਰ ਉਸਨੇ ਅਸਫਲ ਰੂਪ ਵਿੱਚ, ਇਮੀਗਰੇਸ਼ਨ ਵਿਭਾਗ ਨੂੰ 1916 ਵਿੱਚ ਅਰਜ਼ੀ ਦਿੱਤੀ। ਚਾਰ ਸਾਲ ਬਾਅਦ ਨਿਯਮ ਬਦਲਣ ਤੋਂ ਪਿੱਛੋਂ ਉਸ ਨੇ ਆਗਿਆ ਪ੍ਰਾਪਤ ਕੀਤੀ। 1923 ਵਿੱਚ ਉਸ ਦੀ ਪਤਨੀ ਬਸੰਤ ਕੌਰ, ਸੱਤ ਹੋਰ ਇਸਤਰੀਆਂ ਦੇ ਸਮੂਹ ਨਾਲ ਭਾਰਤ ਤੋਂ ਚੱਲੀ। ਦੂਸਰੀਆਂ ਆਪਣੇ ਕਨੇਡੀਅਨ ਸਿੱਖ ਪਤੀਆਂ ਅਤੇ ਬਸੰਤ ਕੌਰ ਆਪਣੇ ਦੇਵਰ ਦੀ ਅਗਵਾਈ 'ਚ ਜਿਵੇਂ ਕੋਈ ਕਲਪਨਾ ਕਰ ਸਕਦਾ ਹੈ, ਇਹ ਉਸ ਲਈ ਮਹੱਤਵਪੂਰਨ ਯਾਤਰਾ ਸੀ, ਵਿਸ਼ੇਸ਼ ਤੌਰ 'ਤੇ ਕਿਉਂਕਿ ਉਸ ਨੇ ਸੋਲਾਂ ਸਾਲਾਂ ਤੋਂ ਆਪਣੇ ਪਤੀ ਨੂੰ ਨਹੀਂ ਦੇਖਿਆ ਸੀ। ਉਦੋਂ ਤੋਂ ਨਹੀਂ ਜਦੋਂ ਉਹ ਸੋਲਾਂ ਸਾਲ ਦੀ ਸੀ। ਰਸਤੇ 'ਚ, ਹਾਂਗਕਾਂਗ ਵਿੱਚ ਕੁੱਕਰੇ ਦੇ ਇਲਾਜ ਲਈ ਉਸ ਨੂੰ ਆਪਣੀਆਂ ਪੰਜ ਸਾਥਣਾਂ ਸਮੇਤ ਕਈ ਮਹੀਨਿਆਂ ਦੀ ਰੁਕਾਵਟ ਪਈ। ਕਨੇਡੀਅਨ ਇਮੀਗਰੇਸ਼ਨ ਵਿਭਾਗ ਹੁਣੇ ਹੁਣੇ ਸਮੁੰਦਰੋਂ ਪਾਰ ਰਵਾਨਗੀ ਦੀ ਆਖਰੀ ਬੰਦਰਗਾਹ ਵਿਖੇ ਮੈਡੀਕਲ ਜਾਂਚ ਸ਼ੁਰੂ ਕਰ ਚੁੱਕਾ ਸੀ ਅਤੇ ਇੱਕ ਇਮੀਗਰੇਸ਼ਨ ਡਾਕਟਰ ਨੇ ਹਰੇਕ ਔਰਤ 'ਚ ਅੱਖ ਦੀ ਸੋਜ਼ਸ਼ ਨੂੰ ਪਹਿਚਾਣਿਆ ਸੀ।(ਉਸ ਦੇ ਮਾਮਲੇ 'ਚ ਲਾਲੀ ਘਰ ਛੱਡਣ ਸਮੇਂ ਰੋਣ ਕਰਕੇ ਹੋਈ ਸੀ)। 1923 ਦੇ ਆਰੰਭ

ਵਿੱਚ, ਜਦੋਂ ਵੈਨਕੂਵਰ ਟਾਪੂ ਪਹੁੰਚੀ, ਉਸ ਦਾ ਪਤੀ ਉਸ ਨੂੰ ਸਿੱਧਾ ਇਮਾਰਤੀ ਲੱਕੜੀ ਵਾਲੇ ਪਿੰਡ ਲੈ ਗਿਆ। ਜਿਸ ਦਾ ਉਹ ਇੱਕ ਭਾਈਵਾਲ ਮੇਓ ਸਿੰਘ ਨਾਲ ਸਾਂਝਾ ਮਾਲਕ ਸੀ। ਜਦੋਂ ਉਹ ਇਸ ਮੇਓ ਸਾਇਡਿੰਗ ਦੇ ਪਿੰਡ ਪਹੁੰਚੀ, ਜਿਸ ਨੂੰ ਬਾਅਦ 'ਚ ਪਲਦੀ ਕਿਹਾ ਜਾਂਦਾ ਸੀ, ਉਹ ਉੱਥੇ ਇੱਕੋ ਇੱਕ ਪੰਜਾਬੀ ਔਰਤ ਸੀ।

ਕਪੂਰ ਸਿੰਘ ਸਿੱਧੂ ਜਿਹੜਾ ਪੰਜਾਬ ਦੇ ਹੁਸ਼ਿਆਰਪੁਰ ਜਿਲ੍ਹੇ ਵਿੱਚ ਖਰੌੜੀ ਪਿੰਡ ਦਾ ਸੀ ਅਤੇ ਉਸ ਦੇ ਭਾਈਵਾਲ ਮੇਓ ਸਿੰਘ ਜੋ ਨਾਲ ਲੱਗਦੇ ਪਿੰਡ ਪਲਦੀ ਦਾ ਸੀ ਨੇ ਬਹੁਤ ਵਧੀਆ ਕਾਰਗੁਜ਼ਾਰੀ ਕੀਤੀ ਸੀ। ਉਹ 1906 ਵਿੱਚ ਵੱਖ ਵੱਖ ਪ੍ਰਵਾਸੀ ਦਲਾਂ ਵਿੱਚ ਉੱਤਰੀ ਅਮਰੀਕਾ ਆਏ ਸਨ। ਉਨ੍ਹਾਂ ਵਿੱਚੋਂ ਹਰ ਇੱਕ ਕਈ ਸਾਲ ਕੈਲੇਫੋਰਨੀਆ ਵਿੱਚ ਕੰਮ ਕਰ ਚੁੱਕਾ ਸੀ ਅਤੇ ਫਿਰ ਆਪਣੀਆਂ ਚੋਖੀਆਂ ਬੱਚਤਾਂ ਸਮੇਤ ਵੱਖਰੇ ਵੱਖਰੇ ਤੌਰ 'ਤੇ ਕਨੇਡਾ ਆਏ ਸਨ। ਕਪੂਰ ਪੜ੍ਹਿਆ ਲਿਖਿਆ ਸੀ ਅਤੇ ਮੇਓ ਮਿਲਣਸਾਰ ਸੀ। ਮੇਓ ਵੱਲੋਂ ਅਕਤੂਬਰ 1915 'ਚ ਆਪਣੇ ਨਾਲ਼ ਦੇ ਸਿੱਖ ਕਾਮਿਆਂ ਦੇ ਇੱਕ ਵਪਾਰਕ ਸੰਘ ਨਾਲ ਇਮਾਰਤੀ ਲੱਕੜੀ ਦੀ ਇੱਕ ਮਿੱਲ ਲੈ ਲੈਣ ਪਿੱਛੋਂ ਉਹ ਭਾਈਵਾਲ ਬਣ ਗਏ।

ਮੇਓ ਦੇ ਵਪਾਰਕ ਸੰਘ ਨੇ ਕਾਮਾਗਾਟਾ ਮਾਰੂ ਨੂੰ ਵੈਨਕੂਵਰ ਤੋਂ ਵਾਪਸ ਮੋੜੇ ਜਾਣ ਤੋਂ ਇੱਕ ਸਾਲ ਨਾਲੋਂ ਥੋੜ੍ਹਾ ਜਿਹਾ ਵੱਧ ਸਮਾਂ ਪਿੱਛੋਂ ਛੋਟੇ ਪੈਮਾਨੇ ਦੇ ਉੱਦਮੀਆਂ ਦਾ ਰੂਪ ਲੈ ਲਿਆ ਸੀ। ਉਨ੍ਹਾਂ ਨੇ ਸਭ ਤੋਂ ਵੱਧ ਮੁਸ਼ਕਿਲ ਸਮਿਆਂ ਦੇ ਦਰਮਿਆਨ, ਜਿਨ੍ਹਾਂ ਦਾ ਕਿ ਉਨ੍ਹਾਂ ਨੇ ਪ੍ਰਵਾਸ ਤੋਂ ਲੈ ਕੇ ਸਾਹਮਣਾ ਕੀਤਾ ਸੀ, ਹਾਂ ਪੱਖੀ ਕਾਰਜ ਕੀਤਾ। ਪਿਛਲੇ ਦੋ ਸਾਲ ਮੇਓ ਅਤੇ ਉਸ ਦੇ ਗਰੁੱਪ ਨੇ ਬੰਦ ਪਈ ਮਿੱਲ, ਜਿਸ ਨੇ ਪਿਛਲੀ ਵਾਰ ਉਨ੍ਹਾਂ ਨੂੰ ਨਿਯਮਤ ਰੁਜ਼ਗਾਰ ਦਿੱਤਾ ਸੀ, ਦੇ ਕਾਮਿਆਂ ਦੀ ਸੌਣ ਵਾਲੀ ਇਮਾਰਤ ਵਿੱਚ ਰਹਿੰਦਿਆਂ, ਵਕਤੀ ਕੰਮ 'ਤੇ ਗੁਜ਼ਾਰਾ ਕੀਤਾ। ਫਿਰ ਉਨ੍ਹਾਂ ਕੋਲ ਮਿੱਲ ਨੂੰ ਠੇਕੇ 'ਤੇ ਦੇਣ ਅਤੇ ਇਸ ਨੂੰ ਦੁਬਾਰਾ ਸ਼ੁਰੂ ਕਰਨ ਲਈ ਆਪਣੀਆਂ ਬੱਚਤਾਂ ਅਤੇ ਕਿਰਤ ਦਾ ਨਿਵੇਸ਼ ਕਰਨ ਦੀ ਪ੍ਰਤਿਭਾ ਸੀ। ਉਨ੍ਹਾਂ ਨੇ ਇਮਾਰਤੀ ਲੱਕੜੀ ਦੇ ਬਜ਼ਾਰ ਵਿੱਚ ਉਭਾਰ ਲੈ ਆਂਦਾ ਅਤੇ ਪੈਸਾ ਕਮਾਇਆ।

ਮੇਓ ਉਸ ਵਪਾਰਕ ਸੰਘ ਵਿੱਚ ਇੱਕ ਦੂਰ ਅੰਦੇਸ਼ੀ ਯੋਜਨਾਕਾਰ ਅਤੇ ਪ੍ਰਬਲ ਭਾਈਵਾਲ ਦੇ ਤੌਰ 'ਤੇ ਉੱਭਰਿਆ। ਉਸ ਨੇ ਕਾਰਜਨੀਤਕ ਸਲਾਹ ਹੁਸੈਨ ਰਹੀਮ ਤੋਂ ਲਈ, ਜਿਸ ਨੇ ਕਪੂਰ ਸਿੰਘ ਨੂੰ ਸ਼ਾਮਿਲ ਕਰਨ ਦਾ ਸੁਝਾਅ ਦਿੱਤਾ, ਕਿਉਂਕਿ ਉਹ ਪੜ੍ਹਿਆ ਲਿਖਿਆ ਸੀ। ਅੰਗਰੇਜ਼ੀ ਬੋਲ ਸਕਦਾ ਸੀ, ਅਤੇ ਹਿਸਾਬ ਕਿਤਾਬ ਕਰ ਸਕਦਾ ਸੀ। ਕਪੂਰ ਉਸ ਸਮੇਂ ਉੱਤਰੀ ਆੱਨਟਾਰੀਓ ਵਿੱਚ ਇੱਕ ਖੇਤ ਵਿਚਲੇ ਘਰ ਵਿੱਚ ਰਹਿ ਰਿਹਾ ਸੀ, ਅਤੇ ਉਸ ਦੀ ਬ੍ਰਿਟਿਸ਼ ਕੋਲੰਬੀਆ ਵਾਪਸ ਪਰਤਣ ਦੀ ਇੱਛਾ ਇਸ ਗੱਲ ਦਾ ਸੰਕੇਤ ਸੀ ਕਿ ਪੱਛਮ ਵਿੱਚ ਸਥਿਤੀ ਆਮ ਵਾਂਗ ਹੋ ਗਈ ਹੈ ਅਤੇ ਵਧੇਰੇ ਸੁਰੱਖਿਅਤ ਬਣ ਗਈ ਹੈ। ਕਪੂਰ ਸਿੰਘ ਅਤੇ ਉਸ ਦੇ ਦੋਸਤ ਡਾ.ਸੁੰਦਰ ਸਿੰਘ ਦੇ ਨਰਮ ਖਿਆਲੀ ਖੇਮੇ ਨਾਲ ਸੰਬੰਧ ਰਖਦੇ ਸਨ। ਉਨ੍ਹਾਂ ਦੀ ਡਾ. ਸਿੰਘ

ਦੀਆਂ ਥੋੜ੍ਹ ਚਿਰੀਆਂ ਪੱਤਰਕਾਵਾਂ 'ਸੰਸਾਰ' ਅਤੇ 'ਦੀ ਆਰੀਅਨ' ਲਈ ਹਮਾਇਤ ਨੇ ਗਰਮਦਲੀਆਂ ਦਾ ਗੁੱਸਾ ਸਹੇੜ ਲਿਆ ਸੀ ਅਤੇ ਜਦੋਂ ਗੁੱਸਾ ਵਧਣਾ ਸ਼ੁਰੂ ਹੋ ਗਿਆ, ਕਪੂਰ ਅਤੇ ਦੂਸਰੇ ਆੱਨਟਾਰੀਓ ਪਰਤ ਗਏ।

ਕਪੂਰ ਸਿੰਘ ਬ੍ਰਿਟਿਸ਼ ਕੋਲੰਬੀਆ ਰਹਿ ਰਿਹਾ ਸੀ ਜਦੋਂ ਕਾਮਾਗਾਟਾ ਮਾਰੂ ਪਹੁੰਚਿਆ, ਪਰੰਤੂ ਉਹ ਜਲਦੀ ਜਰੂਰਤ ਵੱਸ ਚਲਾ ਗਿਆ। ਉਹ ਅਤੇ ਉਸਦੇ ਦੂਸਰੇ ਨਰਮ ਖਿਆਲੀ ਮਿੱਤਰਾਂ ਦਾ ਤਟਈ ਕਮੇਟੀ ਵਿੱਚ ਸਵਾਗਤ ਨਾ ਹੋਇਆ ਅਤੇ ਇਸ ਤੋਂ ਵੀ ਬੁਰੀ ਗੱਲ ਉਨ੍ਹਾਂ ਨੂੰ ਕੁੱਝ ਗਰਮਖਿਆਲੀ ਗਦਰੀਆਂ ਵੱਲੋਂ ਧਮਕੀਆਂ ਸੁਣਨ ਨੂੰ ਮਿਲ ਰਹੀਆਂ ਸਨ। ਬਾਵਜੂਦ ਕਪੂਰ ਸਿੰਘ ਦੇ ਗਦਰ ਦੇ ਮਕਸਦ ਨਾਲ ਆਪਣੀ ਹਮਦਰਦੀ ਦੇ ਬਦਕਿਸਮਤ ਹਕੀਕਤ ਇਹ ਸੀ ਕਿ, ਆਲੇ ਦੁਆਲੇ ਬੇਲਾ ਸਿੰਘ ਵਰਗੇ ਲੋਕਾਂ ਦੇ ਹੋਣ ਕਰਕੇ ਕੋਈ ਵੀ ਵਿਚਕਾਰਲਾ ਸੁਰੱਖਿਅਤ ਸਥਾਨ ਨਹੀਂ ਸੀ। ਕਪੂਰ ਸਿੰਘ ਦਾ ਨੇੜਲਾ ਦੋਸਤ ਪਿਆਰਾ ਸਿੰਘ ਲੰਗੇਰੀ ਅਸਲ ਵਿੱਚ ਗਦਰੀਆਂ ਦੀ ਪਹਿਲੀ ਟੋਲੀ ਨਾਲ ਭਾਰਤ ਵਾਪਸ ਚਲਾ ਗਿਆ। ਕਪੂਰ ਸਿੰਘ ਨੇ ਇਸ ਚੋਣ ਦਾ ਡੂੰਘਾ ਸਤਿਕਾਰ ਕੀਤਾ ਅਤੇ ਉਸ ਦੇ ਭਾਰਤ ਵਿੱਚ ਗ੍ਰਿਫ਼ਤਾਰ ਹੋਣ, ਮੁਕੱਦਮਾ ਚੱਲਣ, ਸਜ਼ਾ ਹੋਣ, ਅਤੇ ਕੈਦ ਹੋਣ ਪਿੱਛੋਂ ਉਸ ਦੀ ਮਦਦ ਕਰਨ ਲਈ ਜੋ ਕੁੱਝ ਕਰ ਸਕਦਾ ਸੀ ਕੀਤਾ। ਪਰੰਤੂ ਕਪੂਰ ਨੇ ਕਨੇਡਾ ਰਹਿਣ ਦਾ ਫੈਸਲਾ ਕਰ ਲਿਆ ਸੀ ਅਤੇ ਇਸ ਫੈਸਲੇ ਨੂੰ ਲਾਗੂ ਕਰਨ ਲਈ ਉਸ ਨੇ ਬ੍ਰਿਟਿਸ਼ ਕੋਲੰਬੀਆ ਛੱਡਣ ਪਿੱਛੋਂ ਟੌਰਾਂਟੋ ਪਹੁੰਚ ਕੇ ਹਜ਼ਾਮਤ ਕਰਾ ਲਈ ਸੀ ਅਤੇ ਆਪਣੇ ਵਾਲ ਕੱਟ ਲਏ ਸਨ। ਇਹ ਉਸ ਨੇ ਉਦੋਂ ਕੀਤਾ ਜਦੋਂ ਕਾਮਾਗਾਟਾ ਮਾਰੂ ਅਜੇ ਵੈਨਕੂਵਰ ਦੀ ਬੰਦਰਗਾਹ ਵਿੱਚ ਖੜ੍ਹਾ ਸੀ। ਬਹੁਤ ਸਾਰੇ ਸਿੱਖਾਂ ਵਾਂਗ ਉਹ ਅਸਾਨੀ ਨਾਲ ਕਿਸੇ ਸਰਲ ਰਾਜਨੀਤਕ ਪਰਿਭਾਸ਼ਾ ਦੇ ਮੇਚ ਨਹੀਂ ਆਉਂਦਾ ਸੀ। ਨਾ ਹੀ ਹੁਸੈਨ ਰਾਹੀਮ ਵਰਗਾ ਆਦਮੀ, ਜਿਹੜਾ ਆਪਣੇ ਸਮਰਪਤ ਗਦਰੀ ਸਾਥੀਆਂ ਨਾਲ ਤਟਈ ਕਮੇਟੀ ਵਿੱਚ ਵੀ ਸੀ ਅਤੇ ਮੇਓ ਸਿੰਘ, ਕਪੂਰ ਸਿੰਘ ਵਰਗੇ ਆਦਮੀਆਂ ਨਾਲ ਕਾਰੋਬਾਰ ਕਰਨ ਲਈ ਪਿੱਛੇ ਵੀ ਰਿਹਾ ਸੀ।

ਅਕਤੂਬਰ 1916 ਤੋਂ ਕਪੂਰ ਸਿੰਘ ਅਤੇ ਮੇਓ ਸਿੰਘ ਬ੍ਰਿਟਿਸ਼ ਕੋਲੰਬੀਆ ਵਿੱਚ ਬਰਾਬਰ ਦੇ ਭਾਈਵਾਲ ਸਨ। 1920 ਤੱਕ ਉਨ੍ਹਾਂ ਦੇ ਕਈ ਮਿੱਲਾਂ ਵਿੱਚ ਹਿੱਸੇ ਸਨ। ਸਮੇਤ ਡਨਕਨ ਕਸਬੇ ਦੇ ਨੇੜੇ ਵੈਨਕੂਵਰ ਟਾਪੂ 'ਤੇ ਇੱਕ ਵੱਡੀ ਮਿੱਲ ਦੇ। ਇਹ ਉਨ੍ਹਾਂ ਦੀ ਮੇਓ ਸਾਇਡੀਂਗ ਕੰਪਨੀ ਦਾ ਕਸਬਾ ਸੀ। ਜਿੱਥੇ ਕਪੂਰ ਆਪਣੀ ਪਤਨੀ ਲੈ ਕੇ ਆਇਆ ਸੀ ਅਤੇ ਉਸ ਤੋਂ ਪਿੱਛੋਂ ਮੇਓ ਆਪਣੀ ਪਤਨੀ ਲਿਆਇਆ ਸੀ। ਕੁੱਝ ਸਾਲ ਪਿੱਛੋਂ ਉਨ੍ਹਾਂ ਨੇ ਸੁੱਕੇ ਲੇਕ (Sooke Lake) ਵਿਖੇ ਇੱਕ ਹੋਰ ਵੱਡੀ ਮਿੱਲ ਸ਼ਾਮਿਲ ਕਰ ਲਈ। ਜਿਸ ਨੂੰ ਉਹ ਕਪੂਰ ਕਹਿੰਦੇ ਸਨ। ਆਪਣੀਆਂ ਮਿੱਲਾਂ ਵਿਖੇ ਉਨ੍ਹਾਂ ਨੇ ਸੈਂਕੜੇ ਆਦਮੀਆਂ ਨੂੰ ਕੰਮ ਤੇ ਲਾਇਆ-ਯੂਰਪੀਅਨ, ਜਪਾਨੀ, ਚੀਨੀ, ਅਤੇ ਭਾਰਤੀ ਮੋਹਰੀ ਕਾਰੋਬਾਰੀ ਆਦਮੀਆਂ ਦੇ ਤੌਰ 'ਤੇ ਉਨ੍ਹਾਂ

ਨੇ ਗੋਰੇ ਭਾਈਚਾਰਿਆਂ ਦਾ ਸਤਿਕਾਰ ਵੀ ਜਿੱਤ ਲਿਆ ਜਿਨ੍ਹਾਂ 'ਚ ਉਹ ਵਿਚਰੇ। ਵਿਸ਼ੇਸ਼ ਤੌਰ ਤੇ ਸਥਾਨਕ ਵਪਾਰੀਆਂ ਅਤੇ ਪੇਸ਼ਾਵਰਾਂ ਦਾ ਬ੍ਰਿਟਿਸ਼ ਕੋਲੰਬੀਆ ਵਿੱਚ ਆਪਣੇ ਸਾਥੀ ਭਾਰਤੀਆਂ ਵਾਂਗ, ਦਹਾਕਿਆਂ ਤੱਕ ਉਨ੍ਹਾਂ ਨੂੰ ਵੋਟ ਤੋਂ ਵਾਂਝੇ ਰੱਖਿਆ ਗਿਆ ਅਤੇ ਸਿੱਟੇ ਵਜੋਂ ਚੰਗੇ ਮੌਕਿਆਂ ਦੇ ਬਹੁਤੇ ਰਸਤੇ ਨਾ ਅਪਣਾ ਸਕੇ। ਪਰੰਤੂ ਉਹ ਆਪਣੇ ਭਾਈਚਾਰੇ ਦੀ ਸਮਾਨ ਅਧਿਕਾਰਾਂ ਲਈ ਲਗਾਤਾਰ ਜਦੋਜਹਿਦ ਦੀ ਹਮਾਇਤ ਵਿੱਚ ਆਪਣੀਆਂ ਜੇਬਾਂ ਵਿਚੋਂ ਖਰਚ ਕਰਨ ਦੇ ਸਮਰੱਥ ਸਨ। ਅਹਿਸਤਾ ਅਹਿਸਤਾ ਉਹ ਦੇਸ਼ ਵਿੱਚ ਪੰਜਾਬੀਆਂ ਅਤੇ ਦੂਸਰੇ ਭਾਰਤੀਆਂ ਲਈ ਇੱਕ ਜਗ੍ਹਾ ਸਥਾਪਤ ਕਰ ਰਹੇ ਸਨ। ਭਾਵੇਂ ਕਪੂਰ ਅਤੇ ਮੇਓ ਸਭ ਤੋਂ ਵੱਡੇ ਉੱਦਮੀ ਸਨ, ਉਨ੍ਹਾਂ ਦੀ ਨਾਲ ਦੂਸਰੇ ਪੰਜਾਬੀ ਵੀ ਉੱਦਮੀ ਕੰਪਨੀਆਂ ਖੜੀਆਂ ਕਰ ਰਹੇ ਸਨ ਜਿਨ੍ਹਾਂ ਨੇ ਖੇਤ, ਟਰੱਕਿੰਗ ਕੰਪਨੀਆਂ, ਬਾਲਣ ਦੀ ਲੱਕੜੀ ਅਤੇ ਆਮ ਬਾਲਣ ਕਾਰੋਬਾਰ, ਦੂਸਰੀਆਂ ਆਰਾ ਮਿੱਲਾਂ, ਖਪਰੈਲ (Shingle) ਮਿੱਲਾਂ, ਲੱਕੜੀ ਕੱਟਣ ਦੇ ਕਾਰੋਬਾਰ ਸਥਾਪਤ ਕੀਤੇ। ਇਹਨਾਂ ਉਦਯੋਗਾਂ ਰਾਹੀਂ ਉਨ੍ਹਾਂ ਨੇ ਕਨੇਡਾ ਵਿੱਚ ਭਵਿੱਖ ਨੂੰ ਪੱਕਾ ਕਰ ਲਿਆ, ਅਤੇ ਇਹ ਉਨ੍ਹਾਂ ਨੇ ਬ੍ਰਿਟਿਸ਼ ਕੋਲੰਬੀਆ ਵਿੱਚ ਕੀਤਾ, ਜਿੱਥੇ ਉਨ੍ਹਾਂ ਨੇ ਵਿਰੋਧ ਦਾ ਸਾਹਮਣਾ ਕੀਤਾ। ਪਰੰਤੂ ਵਣ ਸਨਅਤ ਵਿੱਚ ਆਪਣਾ ਟਿਕਾਣਾ ਵੀ ਬਣਾ ਲਿਆ, ਜਦੋਂ ਇਸ ਸੱਨਅਤ ਦਾ ਪਸਾਰ ਹੋ ਰਿਹਾ ਸੀ। ਸ਼ੁਰੂ ਵਿੱਚ ਪੱਖਪਾਤ ਤੋਂ ਮੁਕਤ ਮਹੌਲ ਪ੍ਰਾਪਤ ਕਰਨ ਨਾਲੋਂ, ਕੰਮ ਧੰਦੇ ਸ਼ੁਰੂ ਕਰਨੇ, ਉਨ੍ਹਾਂ ਲਈ ਵਧੇਰੇ ਮਹੱਤਵਪੂਰਨ ਸਨ, ਅਤੇ ਇਹੀ ਗੱਲ ਸੀ ਜਿਸ ਨੇ ਉਨ੍ਹਾਂ ਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਰੱਖਿਆ। ਉਨ੍ਹਾਂ ਦੇ ਬੱਚੇ ਕਨੇਡੀਅਨਾਂ ਦੇ ਤੌਰ 'ਤੇ ਵੱਡੇ ਹੋਏ ਅਤੇ ਬਹੁਤਿਆਂ ਨੂੰ ਇਸ 'ਤੇ ਮਾਣ ਸੀ। ਪਰੰਤੂ ਪਰਿਵਾਰਾਂ ਦੀਆਂ ਕਹਾਣੀਆਂ ਤੋਂ ਇਹ ਗੱਲ ਪ੍ਰਤੱਖ ਹੈ ਕਿ ਉਨ੍ਹਾਂ ਨੂੰ ਕਦੇ ਵੀ ਕਾਮਾਗਾਟਾ ਮਾਰੂ ਦੀ ਨੁਮਾਇੰਦਗੀ ਵਾਲੀਆਂ ਜਦੋਜਹਿਦਾਂ ਨੂੰ ਭੁਲਾਉਣ ਦੀ ਆਗਿਆ ਨਹੀਂ ਦਿੱਤੀ।

***



*18. ਬਸੰਤ ਕੋਰ ਸੀਦੋਂ ਜੋ 1923 ਵਿਚ ਪਹਿਲੀਆਂ ਔਰਤਾਂ ਵਿਚੋਂ ਸੀ ਜੋ ਆਪਣੇ ਪਤੀ ਨਾਲ ਰਹਿਣ ਵਾਸਤੇ ਆਈ ਕਿਉਂਕਿ ਸਪੌਂਸਰਸ਼ਿਪ ਪਰੋਗਰਾਮ ਤਦ ਲਾਗੂ ਹੋਇਆ ਸੀ। -(ਕਪੂਰ ਸਿੰਘ ਸੀਦੋ ਪਿੰਡ ਖਰੋਦੀ)*

ਅਧਿਆਏ 14

## ਕਾਮਾਗਾਟਾ ਮਾਰੂ ਤੋਂ ਪਿਛੋਂ ਦੀ ਕਹਾਣੀ

1903-04 ਵਿੱਚ ਬ੍ਰਿਟਿਸ਼ ਕੋਲੰਬੀਆ ਵਿੱਚ ਬਿਲਕੁਲ ਪਹਿਲੇ ਪੰਜਾਬੀ ਰਹਿਨੁਮਾਵਾਂ 'ਚ ਇੱਕ ਨੌਜਵਾਨ ਸਿੱਖ ਸੀ, ਜਿਸ ਦਾ ਨਾਮ ਸੀ, ਮੁਨਸ਼ਾ ਸਿੰਘ ਛੀਨਾ ਇੱਕ ਵਾਰ ਕਨੇਡਾ 'ਚ ਉੱਤਰਨ ਤੋਂ ਬਾਅਦ ਉਸ ਨੇ ਕਦੇ ਵੀ ਵਾਪਸ ਘਰ ਨਾ ਜਾਣ ਨੂੰ ਚੁਣਿਆ। ਉਸ ਨੇ ਅਚੱਲ ਸੰਪਤੀ ਦੇ ਏਜੰਟ ਅਤੇ ਅਦਾਲਤੀ ਦੁਭਾਸ਼ੀਏ ਦੇ ਤੌਰ 'ਤੇ ਕੰਮ ਕਰਦਿਆਂ ਆਪਣਾ ਜੀਵਨ ਵੈਨਕੂਵਰ ਵਿੱਚ ਬਿਤਾਇਆ। ਭਾਵੇਂ ਮੁਨਸ਼ਾ ਸਿੰਘ ਦੇ ਕਨੇਡਾ ਤੋਂ ਪਹਿਲਾਂ ਦੇ ਜੀਵਨ ਦੀ ਲੜੀ ਜੋੜਨੀ ਔਖੀ ਹੈ, ਪਰ ਉਸ ਦਾ ਪੋਤਾ ਚੋਖੀ ਮਾਤਰਾ 'ਚ ਜਾਣਕਾਰੀ ਇਕੱਠੀ ਕਰ ਚੁੱਕਾ ਹੈ ਅਤੇ ਜੋ ਕੁੱਝ ਉਹ ਜਾਣਦਾ ਹੈ। ਉਹ ਸਾਂਝਾ ਕਰਨ 'ਚ ਕਾਫ਼ੀ ਖੁਲ੍ਹ ਦਿਲਾ ਰਿਹਾ ਹੈ। ਕਹਾਣੀ ਕੋਈ ਮਿਸਾਲ ਦੇਣ ਵਾਲੀ ਨਹੀਂ ਸੀ, ਵਿਸ਼ੇਸ਼ ਤੌਰ ਤੇ ਕਿਉਂਕਿ ਮੁਨਸ਼ਾ ਸਿੰਘ ਨੇ ਸਿੱਖ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਤੋਂ ਬਾਹਰ ਦੋ ਵਾਰ ਸ਼ਾਦੀ ਕੀਤੀ ਪਰੰਤੂ ਇਹ ਦ੍ਰਿਸ਼ਟਾਂਤ ਯੁਕਤ ਹੈ। ਇਹ ਸਾਡੀ ਉਸ ਸਮੇਂ ਦੇ ਸਿੱਖ ਅਨੁਭਵ ਦੇ ਠੀਕ ਠੀਕ ਅਰਥਾਂ ਵਿੱਚ ਘਸੇ ਪਿਟੇ ਸੰਕਲਪ ਤੋਂ ਪਰੇ ਲਿਜਾਣ 'ਚ ਮਦਦ ਕਰਦੀ ਹੈ।

ਮੁਨਸ਼ਾ ਸਿੰਘ ਲਗਭਗ 26 ਸਾਲ ਦਾ ਸੀ ਜਦੋਂ ਉਹ ਕਨੇਡਾ ਪਹੁੰਚਿਆ। ਪਰਿਵਾਰ ਦੀ ਯਾਦਦਾਸ਼ਤ ਦੇ ਅਧਾਰ 'ਤੇ ਉਹ ਜਲੰਧਰ ਜਿਲ੍ਹੇ ਵਿੱਚ ਚਿੱਟੀ ਪਿੰਡ ਤੋਂ ਸੀ। ਇਸ ਦੀ ਪੁਸ਼ਟੀ ਕਰਨਾ ਮੁਸ਼ਕਿਲ ਹੈ, ਕਿਉਂਕਿ ਉਸ ਦੇ ਆਪਣੇ ਦਸਤਾਵੇਜ਼ ਅਲੋਪ ਹੋ ਗਏ ਹਨ। ਕਿਉਂਕਿ ਉਹ ਕਦੇ ਵੀ ਆਪਣੀ ਸ਼ੁਰੂਆਤੀ ਜਿੰਦਗੀ ਬਾਰੇ ਖੁੱਲ੍ਹ ਕੇ ਗੱਲ ਨਹੀਂ ਕਰਦਾ ਸੀ। ਮੁਨਸ਼ਾ ਸਿੰਘ ਵੀਹਵੀਂ ਸਦੀ ਦੇ ਆਰੰਭਿਕ ਸਾਲਾਂ ਵਿੱਚ ਜ਼ਰੂਰ ਹੀ 13 ਤੋਂ 19 ਸਾਲ ਦੀ ਉਮਰ ਵਿੱਚ ਰਿਹਾ ਹੋਣਾ ਹੈ, ਜਦੋਂ ਉਸ ਨੇ ਰੰਗੂਨ ਅਤੇ ਫਿਰ ਸਿੰਗਾਪੁਰ ਲਈ ਘਰ ਛੱਡਿਆ, ਜਿੱਥੇ ਉਸ ਨੇ ਗੋਦੀ ਮਜ਼ਦੂਰ ਦੇ ਤੌਰ 'ਤੇ ਕੰਮ ਕੀਤਾ। ਇੱਕ ਦੋਸਤ ਨਾਲ ਯੋਕੋਹਾਮਾ ਲਈ ਸਟੀਮਰ ਫੜਨ ਤੋਂ ਪਹਿਲਾਂ ਉਸ ਨੇ ਕੁੱਝ ਸਮਾਂ ਹਾਂਗਕਾਂਗ ਵਿਖੇ ਪੁਲਿਸ ਜਾਂ ਮਿਲਟਰੀ ਵਿੱਚ ਬਿਤਾਇਆ। ਉੱਥੇ ਪ੍ਰਤੱਖ ਤੌਰ 'ਤੇ ਉਸ ਨੇ ਇੱਕ ਸਾਲ ਕੰਮ ਕੀਤਾ ਅਤੇ ਕਨੇਡਾ ਲਈ ਜਲ ਯਾਤਰਾ ਦੇ ਭਾੜੇ ਲਈ ਚੋਖਾ ਬਚਾ ਲਿਆ ਸੀ।

ਕਨੇਡਾ ਵਿੱਚ, ਉਹ ਹੁਣੇ ਹੁਣੇ ਬਣ ਰਹੇ, ਅਭਿਲਾਸ਼ੀ ਪਰਵਾਸੀ ਭਾਈਚਾਰੇ, ਜਿਸ ਨੇ ਉੱਤਰੀ ਅਮਰੀਕਾ ਵਿੱਚ ਪਹਿਲਾ ਗੁਰਦਵਾਰਾ ਉਸਾਰਨ ਰਾਹੀਂ ਆਪਣੀਆਂ



*19. ਟੈਗੋਰ ਨੇ 1929 ਵਿਚ ਕਨੇਡਾ ਫੇਰੀ ਸਮੇਂ ਰੌਸ ਗੁਰਦਵਾਰੇ ਕਾਮਾਗਾਟਾ ਮਾਰੂ ਨੂੰ ਤੇ ਗਦਰ ਪਾਰਟੀ ਨੂੰ ਸ਼ਰਧਾਜਲੀ ਭੇਂਟ ਕੀਤੀ।*

ਲੰਮੇ ਸਮੇਂ ਦੀਆਂ ਅਭਿਲਾਸ਼ਾਵਾਂ ਦਾ ਸੰਕੇਤ ਦੇ ਦਿੱਤਾ ਸੀ, ਵਿੱਚ ਰਹਿਨੁਮਾ ਸੀ। 1908 ਵਿੱਚ, ਉਸ ਨੇ ਉਸ ਗੁਰਦਵਾਰੇ ਅਤੇ ਉੱਤਰੀ ਅਮਰੀਕਾ ਵਿੱਚ, ਕੀਤੀ ਗਈ ਪਹਿਲੀ ਸਿੱਖ ਸ਼ਾਦੀ ਦਾ ਲਾੜਾ ਹੋਣ ਦੀ ਵਿਲੱਖਣਤਾ ਪ੍ਰਾਪਤ ਕੀਤੀ। ਉਸ ਦੀ ਦੁਲਹਨ, ਐਨੀ ਰਾਇਟ, (Annie Wright) ਜਿਸ ਨੇ ਸ਼ਾਦੀ ਤੋਂ ਪਹਿਲਾਂ ਅੰਮ੍ਰਿਤ ਛਕਣ ਦੀ ਰਸਮ ਕੀਤੀ, ਇੱਕ ਗੋਰੀ ਔਰਤ ਸੀ। ਪਰਿਵਾਰ ਦੀ ਕਹਾਣੀ ਅਨੁਸਾਰ, ਉਹ ਪਹਿਲੀ ਵਾਰ ਉਸ ਨੂੰ ਉਦੋਂ ਮਿਲਿਆ ਜਦੋਂ ਉਹ ਅੰਗਰੇਜ਼ੀ ਦੇ ਨਿੱਜੀ ਅਧਿਆਪਕ ਦੀ ਤਲਾਸ਼ ਵਿੱਚ ਇੱਕ ਅੰਗਲੀਕੀ ਪਾਦਰੀ ਨੂੰ ਮਿਲਿਆ ਸੀ ਅਤੇ ਪਾਦਰੀ ਨੇ ਉਸ ਨੂੰ ਉਸ ਔਰਤ ਦਾ ਨਾਂ ਦਿੱਤਾ ਸੀ। ਉਸੇ ਗਰਮੀਆਂ ਦੀ ਰੁੱਤੇ ਉਸ ਨੇ ਦੂਸਰੀ ਸ਼ਾਦੀ ਦੀ ਰਸਮ ਇੱਕ ਅੰਗਲੀਕੀ ਗਿਰਜੇ ਵਿੱਚ ਕੀਤੀ ਅਤੇ ਇੱਕ ਤੀਸਰੀ ਦੀ ਇੱਕ ਹੋਰ ਅੰਗਲੀਕੀ ਗਿਰਜੇ ਵਿੱਚ ਉਸ ਤੋਂ ਪੰਜ ਸਾਲ ਬਾਅਦ ਜਿਵੇਂ ਪੋਤਰਾ ਗੈਰੀ ਛੀਨਾ ਕਹਿੰਦਾ ਹੈ। ਕੋਈ ਜਣਾ ਆਖਰੀ ਰਸਮ ਦੇ ਕਾਰਨਾਂ ਬਾਰੇ

ਸਿਰਫ਼ ਅਨੁਮਾਨ ਹੀ ਲਗਾ ਸਕਦਾ ਹੈ। ਐਨੀ ਉਨ੍ਹਾਂ ਦੀ ਮੁੱਢਲੀ ਸ਼ਾਦੀ ਤੋਂ 15 ਸਾਲ ਬਾਅਦ ਮਰ ਗਈ ਅਤੇ ਮੁਨਸ਼ਾ ਸਿੰਘ ਨੇ ਬਾਅਦ ਵਿੱਚ ਇੱਕ ਹੋਰ ਗੋਰੀ ਔਰਤ, ਮੈਰੀ ਮਾਰਗਰੇਟ ਕਾੱਨਲ, (Mary Marguerite Connell) ਨਾਲ ਸ਼ਾਦੀ ਕਰ ਲਈ, ਜਿਸ ਨੂੰ ਉਸ ਨੇ ਪਹਿਲਾਂ ਘਰੇਲੂ ਨੌਕਰਾਣੀ ਦੇ ਤੌਰ 'ਤੇ ਕਿਰਾਏ 'ਤੇ ਰੱਖਿਆ ਸੀ। ਆਪਣੀ ਪੰਜਾਹ ਸਾਲ ਦੀ ਉਮਰ ਵਿੱਚ ਉਹ ਐਂਗਲੋ-ਪੰਜਾਬੀ ਵਿਰਸੇ ਵਾਲੇ ਤਿੰਨ ਬੱਚਿਆਂ ਦਾ ਪਿਤਾ ਬਣਿਆ। ਉਹ ਆਪਣੇ ਲੜਕਪਣ ਤੋਂ, "ਘਿਰਣਾਮਈ ਨਜ਼ਰਾਂ" ਅਤੇ "ਜ਼ਾਲਮਾਨਾ ਢੰਗ ਦੀਆਂ ਅਣਜਾਣ ਟਿੱਪਣੀਆਂ।" ਜੋ ਸਭ ਉਸ ਦੇ ਦਾਦਾ ਜੀ ਨੂੰ ਅਕਸਰ ਵੈਨਕੂਵਰ ਦੀਆਂ ਟ੍ਰਾਮਕਾਰਾਂ, ਬੱਸਾਂ ਅਤੇ ਪਾਸੇ ਵਾਲੇ ਰਸਤਿਆਂ 'ਤੇ ਮਿਲਦੀਆਂ, ਵੀ ਚੇਤੇ ਕਰਦਾ ਹੈ।

ਮੁਨਸ਼ਾ ਸਿੰਘ 71 ਸਾਲ ਦਾ ਸੀ ਜਦੋਂ ਅੰਤ ਨੂੰ ਦੱਖਣੀ ਏਸ਼ੀਅਨਾਂ ਨੂੰ ਵੋਟ ਪਾਉਣ ਦਾ ਹੱਕ ਮਿਲਿਆ ਅਤੇ 75 ਸਾਲ ਦਾ ਸੀ ਜਦੋਂ ਕਨੇਡਾ ਨੇ ਭਾਰਤ, ਪਾਕਿਸਤਾਨ ਅਤੇ ਸ਼੍ਰੀ ਲੰਕਾ ਲਈ ਛੋਟੇ ਜਿਹੇ ਕੋਟੇ ਪ੍ਰਵਾਨ ਕਰਨ ਰਾਹੀਂ ਆਪਣੀਆਂ ਇਮੀਗਰੇਸ਼ਨ ਸ਼ਰਤਾਂ ਨਰਮ ਕਰਨੀਆਂ ਸ਼ੁਰੂ ਕੀਤੀਆਂ। ਉਹ 86 ਸਾਲ ਦਾ ਸੀ ਜਦੋਂ ਕਨੇਡੀਅਨ ਸਰਕਾਰ ਨੇ ਆਪਣੀ ਇਮੀਗਰੇਸ਼ਨ ਨੀਤੀ ਵਿੱਚ ਨਸਲੀ ਕਸੌਟੀ ਨੂੰ ਰੱਦ ਕਰਨ ਦੇ ਇਰਾਦੇ ਦਾ ਐਲਾਨ ਕੀਤਾ। 89 ਸਾਲ ਦੀ ਉਮਰ ਵਿੱਚ ਉਸ ਦੀ ਮੌਤ ਹੋਣ ਤੋਂ ਸਿਰਫ਼ ਦੋ ਸਾਲ ਪਿੱਛੋਂ, ਉਸ ਨੀਤੀ ਦਾ ਆਖਰੀ ਸੰਗੀਨ ਰੂਪ ਵਿੱਚ ਪੱਖਪਾਤੀ ਤੱਤ ਅਲੋਪ ਹੋ ਗਿਆ। ਇਸ ਨੇ ਵਿਸ਼ਾਲ ਰੂਪ ਵਿੱਚ ਵਧੇਰੇ ਇਮੀਗਰੇਸ਼ਨ ਦੀ ਸ਼ੁਰੂਆਤ ਕੀਤੀ ਜਿਸ ਨਾਲ ਦੇਸ਼ ਵਿੱਚ ਸਿੱਖਾਂ ਅਤੇ ਦੂਸਰੇ ਦੱਖਣੀ ਏਸ਼ੀਆਈਆਂ ਦੀ ਵੱਡੀ ਉਪਸਥਿਤੀ ਹੋ ਗਈ।

ਰਸਮੀ ਅਤੇ ਗੈਰਰਸਮੀ ਰੋਕਾਂ ਦੇ ਬਾਵਜੂਦ ਭਾਈਚਾਰਾ ਸਥਿਰ ਰਿਹਾ। ਜਿਹੜੇ ਪ੍ਰਾਂਤ ਵਿੱਚ ਮੁਨਸ਼ਾ ਸਿੰਘ ਦੇ ਜ਼ਿਆਦਾਤਰ ਹਮਵਤਨ ਰਹਿੰਦੇ ਸਨ, ਇੱਕੋ ਇੱਕ ਅਜਿਹਾ ਪ੍ਰਾਂਤ ਸੀ ਜਿਸ ਨੇ ਦੱਖਣੀ ਏਸ਼ੀਆਈਆਂ ਨੂੰ ਵੋਟ ਦਾ ਹੱਕ ਨਹੀਂ ਦਿੱਤਾ ਸੀ ਅਤੇ ਕਿਉਂਕਿ ਉਨ੍ਹਾਂ ਪਾਸ ਵੋਟ ਦਾ ਹੱਕ ਨਹੀਂ ਸੀ, ਜਿਸ ਕਰਕੇ ਉਹਨਾਂ ਨੂੰ ਰੋਜ਼ਗਾਰ ਦੇ ਮੌਕਿਆਂ ਦੇ ਸਿਲਸਿਲੇ ਤੋਂ ਬਾਹਰ ਰੱਖਿਆ ਗਿਆ-ਪ੍ਰਾਂਤਕ ਜਾਂ ਨਗਰਪਾਲਿਕਾ ਸਰਕਾਰਾਂ ਦੀਆਂ ਨੌਕਰੀਆਂ, ਜਨਤਕ ਨਿਰਮਾਣ ਜਾਂ ਸਰਕਾਰੀ ਜ਼ਮੀਨਾਂ ਤੇ ਲੱਕੜੀ ਕੱਟਣ ਬਾਰੇ ਨੌਕਰੀਆਂ ਜਾਂ ਠੇਕੇ। ਇਹ ਇਤਫ਼ਾਕੀਆ ਨਹੀਂ ਸੀ। ਇਹ ਪ੍ਰਾਂਤਕ ਸਰਕਾਰ ਦੀ ਏਸ਼ੀਅਨਾਂ ਵੱਲ ਸੇਧਿਤ ਸੋਚੀ ਸਮਝੀ ਨੀਤੀ ਦਾ ਮਸਲਾ ਸੀ ਅਤੇ ਪ੍ਰਤੱਖ ਘੱਟਗਿਣਤੀ ਦੇ ਮੈਂਬਰ ਹੋਣ ਦੇ ਨਾਤੇ ਉਨ੍ਹਾਂ ਨੂੰ ਬਿਨਾਂ ਕਿਸੇ ਕਾਨੂੰਨੀ ਸੁਰੱਖਿਆ ਦੇ ਭੇਦਭਾਵ ਦੀਆਂ ਆਪਹੁਦਰੀਆਂ ਕਾਰਵਾਈਆਂ ਸਾਹਮਣੇ ਖੜਾ ਕਰ ਦਿੱਤਾ ਗਿਆ। ਉਨ੍ਹਾਂ ਨੂੰ ਕੁੱਝ ਯੂਨੀਅਨਾਂ ਦੀ ਮੈਂਬਰਸ਼ਿੱਪ ਤੋਂ ਵਾਂਝੇ ਕਰ ਦਿੱਤਾ ਗਿਆ। ਬਹੁਤ ਸਾਰੀਆਂ ਸਮਾਜਿਕ ਅਤੇ ਮਨੋਰੰਜਨ ਵਾਲੀਆਂ ਥਾਵਾਂ 'ਚ ਦਾਖਲੇ ਤੋਂ ਇਨਕਾਰ ਕਰ ਦਿੱਤਾ ਗਿਆ-ਬਾਰਾਂ, ਕਲੱਬਾਂ, ਫਿਲਮ

ਨਾਟਘਰ ;ਅਤੇ ਬਹੁਤ ਸਾਰੇ ਹੋਟਲਾਂ ਅਤੇ ਹਜ਼ਾਮਾਂ ਦੀਆਂ ਦੁਕਾਨਾਂ 'ਚ ਸੇਵਾ ਲਈ ਨਜ਼ਰ ਅੰਦਾਜ਼ ਕਰ ਦਿੱਤੇ ਗਏ ਜਾਂ ਉਨ੍ਹਾਂ ਨੂੰ ਇਨਕਾਰ ਕਰ ਦਿੱਤਾ ਗਿਆ ਅਤੇ ਜਿਵੇਂ ਕਿ ਮੁਨਸ਼ਾ ਸਿੰਘ ਨੇ ਅਨੁਭਵ ਕੀਤਾ ਗਲੀਆਂ ਵਿੱਚ ਉਨ੍ਹਾਂ ਨਾਲ ਦੁਸ਼ਮਣਾ ਵਾਲਾ ਵਿਵਹਾਰ ਹੁੰਦਾ ਸੀ। ਜਦੋਂ ਉਹ ਆਪਣੀ ਰੋਜ਼ਮਰ੍ਹਾ ਦੀ ਰੋਜ਼ੀ ਲਈ ਇਧਰ ਉੱਧਰ ਜਾਂਦੇ, ਉਨ੍ਹਾਂ ਨੇ ਪੱਛਮੀ ਲਿਬਾਸ ਦੇ ਅਨੁਕੂਲ ਹੋਕੇ ਅਪਣੇ ਵੱਲ ਧਿਆਨ ਕੇਂਦਰਿਤ ਹੋਣ ਤੋਂ ਬਚਣਾ ਸਿੱਖ ਲਿਆ ਸੀ। ਸਮੇਤ ਔਰਤਾਂ ਵੱਲੋਂ ਪੰਜਾਬੀ ਸੂਟ ਪਾਉਣੇ ਛੱਡਣ ਅਤੇ ਪੱਛਮੀ ਲਿਬਾਸ ਪਹਿਨਣ ਦੇ ਜਿਹੜਾ ਉਹ ਸਥਾਨਕ ਦੁਕਾਨਾਂ ਤੋਂ ਖਰੀਦਦੀਆਂ ਸਨ ਅਤੇ ਆਦਮੀਆਂ ਨੇ ਆਪਣੀਆਂ ਪੱਗਾਂ ਅਤੇ ਦਾਹੜੀਆਂ ਤਿਆਗ ਦਿੱਤੀਆਂ। ਫਿਰ ਵੀ, ਵਿਸ਼ੇਸ਼ ਤੌਰ ਤੇ, ਗੋਰਿਆਂ ਦੀ ਬਹੁਤਾਤ ਵਾਲੇ ਗੁਆਂਢ ਵਿੱਚ, ਜਿੱਥੇ ਬਹੁਤੇ ਦੱਖਣੀ ਏਸ਼ੀਆਈ ਪਰਿਵਾਰਾਂ ਦੇ ਘਰ ਸਨ, ਆਪਣੇ ਗੁਆਂਢੀ ਗੋਰੇ ਪਰਿਵਾਰਾਂ ਨਾਲ ਬਹੁਤ ਮਿਲਜੁਲ ਕੇ ਰਹਿੰਦੇ ਸਨ ਅਤੇ ਉਹ ਆਪਣੇ ਬੱਚਿਆਂ ਨੂੰ ਮਿਸ਼ਰਿਤ ਸਕੂਲਾਂ ਵਿੱਚ ਭੇਜਦੇ ਸਨ ਜਿੱਥੇ ਇਨ੍ਹਾਂ ਬੱਚਿਆਂ ਦੀ ਕਾਰਗੁਜ਼ਾਰੀ ਵਧੀਆ ਸੀ ਅਤੇ ਉਨ੍ਹਾਂ ਨੇ ਪੱਕੇ ਮਿੱਤਰ ਬਣਾਏ। ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਗਿਆ ਹੈ ਕਪੂਰ ਸਿੰਘ ਅਤੇ ਮੇਓ ਸਿੰਘ ਵਰਗੇ ਆਦਮੀਆਂ ਦਾ ਉਨ੍ਹਾਂ ਦੇ ਭਾਈਚਾਰਿਆਂ ਵਿੱਚ ਮੋਹਰੀ ਸ਼ਹਿਰ ਨਿਵਾਸੀਆਂ ਵੱਜੋਂ ਸਤਿਕਾਰ ਕੀਤਾ ਜਾਂਦਾ ਸੀ।

ਦੱਖਣੀ ਏਸ਼ੀਆਈ, ਵਿਸ਼ਾਲ ਕਨੇਡੀਅਨ ਭਾਈਚਾਰੇ ਵਿੱਚ ਰਾਜਨੀਤਿਕ ਦੋਸਤ ਅਤੇ ਸਾਥੀ ਲੱਭ ਲੈਂਦੇ ਸੀ। ਭਾਵੇਂ ਕਿ ਕਨੇਡਾ (ਸੰਯੁਕਤ ਰਾਜ ਵਾਂਗ) ਵਧੇਰੇ ਤੌਰ 'ਤੇ ਯੂਰਪ ਕੇਂਦਰੀ ਬਣ ਰਿਹਾ ਸੀ। ਤਬਦੀਲੀ ਦੀ ਦਿਸ਼ਾ ਹਮੇਸ਼ਾਂ ਅਗਾਂਹ ਵਧੂ ਨਹੀਂ ਸੀ। ਯੁੱਧਾਂ ਦੇ ਵਿਚਕਾਰਲੇ ਸਾਲਾਂ ਵਿੱਚ (1920ਵਿਆਂ ਅਤੇ 1930ਵਿਆਂ), ਉੱਤਰੀ ਅਮਰੀਕਾ ਆਪਣੀ "ਗੋਰੇ ਪਹਿਲਾਂ" ਜਾਂ "ਸਿਰਫ਼ ਗੋਰੇ" ਵਾਲੀ ਨਿਖੇੜੇ ਦੀ ਦੁਖਦਾਈ ਸੰਪੂਰਨਤਾ ਤੇ ਪਹੁੰਚ ਗਿਆ ਸੀ। ਬ੍ਰਿਟਿਸ਼ ਕੋਲੰਬੀਆ ਵਿੱਚ ਚੁਣੀ ਹੋਈ ਸਰਕਾਰ ਨੇ ਫਿਰ ਪ੍ਰਾਂਤ ਦੀ ਮੁੱਖ ਸੱਨਅਤ 'ਚੋਂ ਏਸ਼ੀਅਨ ਕਿਰਤ ਦੇ ਲਗਾਤਾਰ ਸਫਾਏ ਨੂੰ ਆਪਣਾ ਐਲਾਨੀਆ ਨਿਸ਼ਾਨਾ ਬਣਾ ਲਿਆ ਸੀ।

ਸਤੰਬਰ 1930 ਵਿੱਚ, ਮਹਾਨ ਮੰਦਵਾੜੇ ਦੀ ਸ਼ੁਰੂਆਤ ਵਿੱਚ, ਕਨੇਡਾ ਦੀ ਸਰਕਾਰ, ਪਹਿਲਾਂ ਤੋਂ ਦੇਸ਼ ਅੰਦਰਲੇ ਆਦਮੀਆਂ ਦੀਆਂ ਪਤਨੀਆਂ ਅਤੇ ਬੱਚਿਆਂ ਨੂੰ ਛੱਡ ਕੇ, ਸਾਰੇ ਏਸ਼ੀਅਨ ਇਮੀਗਰੇਸ਼ਨ (ਦੱਖਣੀ ਏਸ਼ੀਅਨ, ਚੀਨੀ, ਅਤੇ ਜਪਾਨੀ), ਨੂੰ ਰੋਕਣ ਲਈ ਹਰਕਤ ਵਿੱਚ ਆ ਗਈ। ਇਸ ਸਮੇਂ ਤੋਂ ਲਗਾਤਾਰ ਸਮੁੰਦਰੀ ਯਾਤਰਾ ਦਾ ਨਿਯਮ, ਭਾਵੇਂ ਅਜੇ ਵੀ ਸੂਚੀ ਵਿੱਚ ਸੀ, ਦਾ ਕੋਈ ਮਤਲਬ ਨਾ ਰਿਹਾ। ਇਮੀਗਰੇਸ਼ਨ ਵਿਭਾਗ ਨੇ ਇਸ ਸਧਾਰਨ ਤੱਥ ਲਈ ਪ੍ਰਵਾਸੀਆਂ ਨੂੰ ਬਾਹਰ ਕੱਢ ਦਿੱਤਾ ਕਿ ਉਹ ਏਸ਼ੀਅਨ ਸਨ, ਬਿਨਾਂ ਇਸ ਗੱਲ ਦਾ ਖਿਆਲ ਕੀਤਿਆਂ ਕਿ ਉਹ ਲਗਾਤਾਰ ਸਮੁੰਦਰੀ ਯਾਤਰਾ ਰਾਹੀਂ ਆਏ ਸਨ। ਜਿਵੇਂ ਕਿਵੇਂ ਵੀ

ਉਨ੍ਹਾਂ ਮੰਦਵਾੜੇ ਦੇ ਸਾਲਾਂ ਵਿੱਚ ਕੋਈ ਵਿਰਲੇ ਲੋਕ ਹੀ ਆਏ ਹੋਣਗੇ। ਇਸ ਦੀ ਬਜਾਏ, ਜਿਵੇਂ ਹੀ ਇਮਾਰਤੀ ਲੱਕੜੀ ਦੀਆਂ ਮਿਲਾਂ ਬੰਦ ਹੋਈਆਂ, ਪੰਜਾਬੀ ਕਾਮੇ ਆਪਣਾ ਸਮਾਨ ਬੰਨ ਰਹੇ ਸਨ ਅਤੇ ਮੰਦਵਾੜੇ ਨੂੰ ਆਪਣੇ ਪਿੰਡਾਂ 'ਚ ਲੰਘਾਉਣ ਲਈ ਭਾਰਤ ਨੂੰ ਚਾਲੇ ਪਾ ਰਹੇ ਸਨ, ਜਿੱਥੇ ਨਿਬਾਹ ਦੇ ਖਰਚੇ ਕਿਤੇ ਘੱਟ ਸਨ ਮੁਸ਼ਕਿਲ ਸਮਿਆਂ ਦਰਮਿਆਨ ਦੱਖਣੀ ਏਸ਼ੀਆਈ ਜਿਹੜੇ ਕਨੇਡਾ ਠਹਿਰ ਗਏ ਸਨ। ਆਪਣੇ ਗੈਰ ਭਾਰਤੀ ਦੋਸਤਾਂ ਤੋਂ ਮਦਦ ਪ੍ਰਪਤ ਕਰ ਸਕਦੇ ਸਨ। ਕੁੱਝ ਬਹੁਤ ਹੀ ਚੰਗੇ ਦੋਸਤ ਵਿਰੋਧੀ ਧਿਰ ਯਾਨੀ ਸਮਾਜਵਾਦੀ ਪਾਰਟੀ (The Cooperative Commonwealth Federation, ਜਾਂ CCF, ਵਰਤਮਾਨ N D P ਦੀ ਪੂਰਵਗਾਮੀ) ਨਾਲ ਸੰਬੰਧਿਤ ਸਨ। ਕੁੱਝ ਕਿਰਤੀ ਲਹਿਰ ਵਿੱਚ ਸਨ, ਖਾਸ ਕਰਕੇ ਲੇਬਰ ਵਰਕਰਜ਼ ਯੂਨੀਅਨ ਵਿੱਚ, ਅਤੇ ਕੁੱਝ ਵਣਜ ਸਹਿਚਾਰੀ (Bussiness Associate) ਸਨ। ਲੇਖਾਕਾਰ, ਸੌਦਾਗਰ, ਵਕੀਲ, ਅਤੇ ਅਚੱਲ ਸੰਪਤੀ ਦਲਾਲ ਜੋ ਕਦੀ ਕਦੀ ਨਿੱਘੇ ਅਤੇ ਸਮਰਪਿਤ ਮਿੱਤਰ ਬਣ ਜਾਂਦੇ ਸਨ। ਕੁੱਝ ਗੁਆਂਢੀ ਵੀ ਸਨ। ਕੁੱਝ ਅਧਿਆਪਕ ਸਨ ਜਿਨ੍ਹਾਂ ਨੂੰ ਉਹ ਉਨ੍ਹਾਂ ਸਕੂਲਾਂ ਰਾਹੀਂ ਜਾਣਦੇ ਸਨ ਜਿਨ੍ਹਾਂ 'ਚ ਉਨ੍ਹਾਂ ਦੇ ਬੱਚੇ ਪੜ੍ਹਦੇ ਸਨ ਅਤੇ ਕੁੱਝ ਬੇਹੱਦ ਛੋਟੀ ਪਰ ਗੁੰਦਵੀਂ ਥੀਓਸਾੱਫੀਕਲ ਸੋਸਾਇਟੀ ਦੇ ਮੈਂਬਰ ਸਨ, ਜਿਸ ਨੇ ਕੈਨਡੀਅਨਾਂ ਨੂੰ ਇਕੱਠੇ ਕੀਤਾ ਸੀ ਜਿਨ੍ਹਾਂ ਦੀ ਪੂਰਬੀ ਧਰਮਾਂ ਪ੍ਰਤੀ ਖਿੱਚ ਸੀ ਅਤੇ ਕੁੱਝ ਪ੍ਰੈੱਸ ਦੇ ਮੈਂਬਰ ਸਨ। ਕਪੂਰ ਸਿੰਘ ਸਿੱਧੂ ਵਰਗੇ ਵਿਅਕਤੀਆਂ ਦੀਆਂ ਨਿੱਜੀ ਦੋਸਤੀਆਂ ਸਨ ਜਿਹੜੀਆਂ ਉਨ੍ਹਾਂ ਨੂੰ ਇਹਨਾਂ ਸਾਰੇ ਸਮੂਹਾਂ ਨਾਲ ਜੋੜਦੀਆਂ ਸਨ ਅਤੇ ਇਹ ਬਹੁਤ ਸਾਰੀਆਂ ਦੋਸਤੀਆਂ ਸਮੂਹਿਕ ਤੌਰ ਤੇ ਇੱਕ ਭਾਈਚਾਰੇ ਲਈ ਕੀਮਤੀ ਸੰਪਤੀ ਸਨ ਜੋ ਦੂਸਰੇ ਪੱਖੋਂ ਕਨੇਡੀਅਨ ਸਮਾਜ ਦੇ ਹਾਸ਼ੀਆਂ 'ਤੇ ਧੱਕ ਦਿੱਤੀ ਗਈ ਜਾਪਦੀ ਸੀ।

ਕਨੇਡਾ ਵਿੱਚ-ਅਤੇ ਸੰਯੁਕਤ ਰਾਜ ਵਿੱਚ -ਦੂਜੇ ਵਿਸ਼ਵ ਯੁੱਧ ਦੇ ਪਰਿਣਾਮ ਨੇ ਏਸ਼ੀਅਨਾਂ ਅਤੇ ਦੂਸਰੇ ਗੈਰ ਯੂਰਪੀ ਪ੍ਰਵਾਸੀਆਂ ਲਈ ਜ਼ਰਾ ਕੁ ਖੁੱਲ੍ਹ ਦੀ ਸ਼ਾਹਦੀ ਭਰੀ। ਫਿਰ ਵਧੇਰੇ ਉਦਾਰਵਾਦੀ ਨੀਤੀਆਂ ਦਾ ਦੌਰ ਸ਼ੁਰੂ ਹੋਇਆ, ਜਿਨ੍ਹਾਂ ਸਭ ਦਾ ਪਾਲਣ ਪੋਸ਼ਣ ਕਨੇਡੀਅਨਾਂ ਦੇ ਆਮ ਰਵੱਈਏ ਅਤੇ ਤਰਜੀਹਾਂ ਨੇ ਕੀਤਾ ਸੀ। ਜਿਸ ਨੇ ਆਖਰ ਨੂੰ ਕਿਤੇ ਵਧੇਰੇ ਵੰਨ-ਸੁਵੰਨੇ ਅਤੇ ਖੁੱਲ੍ਹੇ ਦੇਸ਼ ਦਾ ਨਿਰਮਾਣ ਕੀਤਾ। ਆਪਣੇ ਬੇਹੱਦ ਨਾਜ਼ੁਕ ਦੌਰ ਵਿੱਚ, ਇਹ ਵਿਸਥਾਰਮਈ ਵਿਕਾਸ ਤੀਹ ਸਾਲ ਦੀ ਪ੍ਰਕਿਰਿਆ ਸੀ। ਨਤੀਜਾ ਸੀ ਦੱਖਣੀ ਏਸ਼ੀਆਈ ਭਾਈਚਾਰਿਆਂ, ਜੋ ਅੱਜ-ਕਲ੍ਹ ਦੇਸ਼ ਵਿੱਚ ਐਨੇ ਸਿਰਕੱਢ ਹਨ। ਸਮੇਤ ਪੰਜਾਬੀ ਸਿੱਖਾਂ ਦੇ ਅਜੇ ਵੀ ਮੋਹਰੀ ਹੋਣ ਦੇ ਅਤੇ ਵਿਸ਼ਾਲ ਭਵਨ ਸਮੂਹ ਦੀ ਸਥਾਪਤੀ ਦੀ ਸ਼ੁਰੂਆਤ। ਜੇਕਰ ਅਸੀਂ ਛੇਕਣ ਵਾਲੇ ਦੌਰ ਅਤੇ ਦੂਸਰੇ ਵਿਸ਼ਵ ਯੁੱਧ ਸ਼ੁਰੂ ਹੋਣ ਦੇ ਸਮੇਂ ਵੱਲ ਪਿੱਛੇ ਜਾਈਏ। ਸਾਨੂੰ ਬ੍ਰਿਟਿਸ਼ ਕੋਲੰਬੀਆ ਵਿੱਚ ਛੋਟਾ ਜਿਹਾ ਸਿੱਖ ਭਾਈਚਾਰਾ, ਇਸਦੇ ਮਨੋਨੀਤ ਬੁਲਾਰੇ ਦੇ ਤੌਰ ਤੇ ਡਾ.ਦੁਰਾਏਪਾਲ ਪਾਂਡੀਆ ਸਮੇਤ ਮਿਲਦਾ ਹੈ।




*20. ਪੰਡਿਤ ਨਹਿਰੂ ਪ੍ਰਧਾਨ ਮੰਤਰੀ ਭਾਰਤ 1949 ਕਨੇਡਾ ਫੇਰੀ ਦੌਰਾਨ ਗੁਰਦਵਾਰੇ ਗਏ ਤੇ ਕਾਮਾਗਾਟਾ ਮਾਰੂ ਨੂੰ ਸ਼ਰਧਾਜਲੀ ਭੇਂਟ ਕੀਤੀ*

ਡਾ.ਪਾਂਡੀਆ ਦੱਖਣੀ ਭਾਰਤ ਤੋਂ ਬਹੁਤ ਜ਼ਿਆਦਾ ਪੜ੍ਹਿਆ ਲਿਖਿਆ ਤਾਮਿਲ ਸੀ। ਜੋ ਕਨੇਡੀਅਨ ਥੀਓਸਾੱਫੀਕਲ ਸੋਸਾਇਟੀ ਲਈ ਭਾਵ ਪ੍ਰਗਟਾਓ ਯਾਤਰਾ 'ਤੇ ਕਨੇਡਾ ਆਇਆ ਹੋਇਆ ਸੀ। ਜੋ ਕਾਰਜ ਉਸ ਨੇ ਸਿੱਖਾਂ ਲਈ ਹੱਥ ਲਿਆ, ਉਹ ਸੀ ਉਨ੍ਹਾਂ ਆਦਮੀਆਂ ਲਈ ਆਮ ਮਾਫ਼ੀ ਦੇ ਹੱਕ ਵਿੱਚ ਲਾਮਬੰਦੀ ਕਰਨੀ, ਜਿਹੜੇ ਦੇਸ਼ ਵਿੱਚ ਗੈਰ ਕਾਨੂੰਨੀ ਤੌਰ ਤੇ ਦਾਖਲ ਹੋਏ ਸਨ ਅਤੇ ਜਿਹੜੇ ਜਲਾਵਤਨ ਕੀਤੇ ਜਾ ਸਕਦੇ ਸਨ। ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਡਾ.ਪਾਂਡੀਆ ਰਾਹੀਂ ਸਿੱਖ, ਇਹ ਮੁਹਿਮ ਸ਼ੁਰੂ ਕਰ ਚੁੱਕੇ ਸਨ। ਉਨ੍ਹਾਂ ਨੂੰ 1939 ਵਿੱਚ ਸਫਲਤਾ ਮਿਲੀ ਕਿਉਂਕਿ ਓਟਾਵਾ ਵਿੱਚ ਉੱਚ ਅਧਿਕਾਰੀਆਂ ਨੂੰ ਅਜੇ ਵੀ ਪਿੱਛੇ 1914 ਦੀ ਕਾਮਾਗਾਟਾ ਮਾਰੂ ਘਟਨਾ ਦੇ ਭਾਰਤ ਵਿੱਚ ਨਾਂਹ ਪੱਖੀ ਪ੍ਰਭਾਵ ਦਾ ਚੇਤਾ ਸੀ। ਕਨੇਡੀਅਨ ਸਰਕਾਰ ਨਹੀਂ ਚਾਹੁੰਦੀ ਸੀ ਕਿ ਓਹੀ ਕੁੱਝ ਦੁਬਾਰਾ ਵਾਪਰੇ। ਕਿਉਂਕਿ ਬਰਤਾਨਵੀ ਸਲਤਨਤ ਇੱਕ ਵਾਰ ਫਿਰ, ਯੁੱਧ ਦੇ ਸਮੇਂ 'ਚ ਭਾਰਤ ਦੇ ਯੋਗਦਾਨ 'ਤੇ ਨਿਰਭਰ

ਸੀ। ਨਤੀਜਾ ਸੀ, 217 ਗੈਰ ਕਾਨੂੰਨੀ ਪ੍ਰਵਾਸੀਆਂ ਲਈ ਆਮ ਮੁਆਫ਼ੀ ਉਨ੍ਹਾਂ ਵਿੱਚੋਂ ਬਹੁਤੇ ਸਾਲਾਂ ਬੱਧੀ ਸਮੇਂ ਤੋਂ ਕਨੈਡਾ ਵਿੱਚ ਰਹਿ ਰਹੇ ਸਨ ਅਤੇ ਕੰਮ ਕਰ ਰਹੇ ਸਨ। ਇਹ ਅਜਿਹੀ ਆਮ ਮੁਆਫ਼ੀ ਸੀ ਜਿਸ ਨੂੰ ਕਨੇਡਾ ਵਿੱਚ ਸਿੱਖਾਂ ਨੇ ਉਸ ਸਮੇਂ ਦੀ ਵੱਡੀ ਪ੍ਰਾਪਤੀ ਦਾ ਦਰਜਾ ਦਿੱਤਾ।

ਯੁੱਧ ਦੇ ਅੱਧ ਵਿਚਾਲੇ, ਵੈਨਕੂਵਰ ਅਤੇ ਵਿਕਟੋਰੀਆ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿੱਚ ਜ਼ਬਰੀ ਫੌਜੀ ਸੇਵਾ ਖਿਲਾਫ਼ ਅਤੇ ਵੋਟ ਦੇ ਅਧਿਕਾਰਾਂ ਬਾਰੇ ਮੁਹਿੰਮ ਵਿੱਢ ਦਿੱਤੀ ਗਈ। ਉਨ੍ਹਾਂ ਲਈ ਇਹ ਮਾਮਲੇ ਅਨਿੱਖੜਵੇਂ ਸਨ। ਕਨੇਡੀਅਨ ਸਰਕਾਰ ਨੇ ਆਪਣਾ ਸਵੈ ਸੇਵਕਾਂ ਦਾ ਭੰਡਾਰ ਮੁਕਾਉਣ ਪਿੱਛੋਂ ਹਥਿਆਰਬੰਦ ਸੇਵਾਵਾਂ ਲਈ ਜ਼ਬਰੀ ਭਰਤੀ ਕਰਨੀ ਸ਼ੁਰੂ ਕਰ ਦਿੱਤੀ ਸੀ। ਸਿੱਖ ਨੌਜਵਾਨ ਬਹੁਤ ਸਾਰੇ ਉਨ੍ਹਾਂ ਆਦਮੀਆਂ ਵਿੱਚ ਸਨ ਜਿਨ੍ਹਾਂ ਨੂੰ ਸੂਚਨਾ ਪੱਤਰ ਮਿਲੇ ਸਨ। ਇਨ੍ਹਾਂ ਵਿੱਚੋਂ ਕੁੱਝ ਨੌਜਵਾਨ ਸਿੱਖਾਂ ਨੇ, ਵੋਟ ਲਈ ਮੁਹਿੰਮ ਖੜ੍ਹੀ ਕਰਕੇ ਜਵਾਬ ਦਿੱਤਾ। ਇਹ ਕਹਿੰਦਿਆਂ ਕਿ ਉਹ ਲੜਨ ਦੇ ਇੱਛਕ ਹਨ, ਪਰੰਤੂ ਉਨ੍ਹਾਂ ਨੂੰ ਇਹ ਨਹੀਂ ਸਮਝ ਆਉਂਦੀ ਕਿ ਉਹ ਵੋਟ ਕਿਉਂ ਨਹੀਂ ਪਾ ਸਕਦੇ। ਉਨ੍ਹਾਂ ਨੂੰ ਯੁੱਧ ਦੇ ਖਤਮ ਹੋਣ ਤੋਂ ਦੋ ਸਾਲ ਤੱਕ ਵੋਟ ਦੀ ਪ੍ਰਾਪਤੀ ਨਾ ਹੋਈ। ਪਰੰਤੂ ਉਨ੍ਹਾਂ ਨੂੰ ਪ੍ਰੈੱਸ ਅਤੇ ਹੋਰ ਕਿਤੇ ਜ਼ੋਰਦਾਰ ਅਵਾਜ਼ ਉਠਾਉਣ ਵਾਲੇ ਸਾਥੀ ਮਿਲ ਗਏ। ਉਨ੍ਹਾਂ ਨੇ ਇਸ ਮਾਮਲੇ ਦਾ ਪ੍ਰਚਾਰ ਇਸ ਤਰਾਂ ਕੀਤਾ ਕਿ ਦੂਸਰੇ ਬ੍ਰਿਟਿਸ਼ ਕੋਲੰਬੀਅਨਾਂ ਨੂੰ ਚੇਤੰਨ ਕਰਨ ਅਤੇ ਸਫਲਤਾ ਦੀ ਨੀਂਹ ਰੱਖਣੀ ਸ਼ੁਰੂ ਕਰ ਦਿੱਤੀ।

ਦੂਸਰੇ ਵਿਸ਼ਵ ਯੁੱਧ ਦੇ ਸਿੱਟੇ ਵਜੋਂ, ਕਨੇਡੀਅਨਾਂ ਨੇ ਸਮੂਹਿਕ ਤੌਰ 'ਤੇ ਨਸਲ ਅਤੇ ਸਾਮਰਾਜਵਾਦ ਦੇ ਸੁਆਲਾਂ 'ਤੇ ਵਧੇਰੇ ਸੰਵੇਦਨਸ਼ੀਲਤਾ ਗ੍ਰਹਿਣ ਕਰ ਲਈ। ਨਾਜ਼ੀਆਂ ਦੀ ਉਦਾਹਰਣ ਕਿਸੇ ਵੀ ਨਸਲ ਅਧਾਰਿਤ ਘਰੇਲੂ ਨੀਤੀ ਲਈ ਇੱਕ ਵਿਤਕਰੇ ਭਰੀ ਮਿਸਾਲ ਛੱਡ ਗਈ। ਕੋਈ ਜਣਾ ਕਨੇਡੀਅਨ ਨੀਤੀ ਵਿੱਚ ਨਸਲ ਦੇ ਇੱਕ ਕਾਰਨ ਹੋਣ ਬਾਰੇ ਗੱਲ ਕਰਦਿਆਂ, ਨਾਜ਼ੀਆਂ ਦਾ ਹਵਾਲਾ ਦੇ ਕੇ ਬਹੁਤੇ ਕਨੇਡੀਅਨਾਂ ਨੂੰ ਬੇਹੱਦ ਰੱਖਿਆਤਮਕ ਬਣਾ ਸਕਦਾ ਸੀ ਅਤੇ ਬੇਚੈਨ ਕਰ ਸਕਦਾ ਸੀ। ਕਨੇਡਾ ਵਿਚਲੇ ਸਿੱਖਾਂ ਅਤੇ ਦੂਸਰੇ ਦੱਖਣੀ ਏਸ਼ੀਅਨਾਂ ਲਈ ਯੁੱਧ ਤੋਂ ਬਾਅਦ ਦਾ ਮਹੌਲ ਅਜਿਹਾ ਸੀ। ਜਿਸ ਵਿੱਚ ਨਸਲੀ ਵਿਤਕਰੇ ਖ਼ਿਲਾਫ਼ ਦਲੀਲਾਂ ਲਈ ਗ੍ਰਹਿਣਸ਼ੀਲ ਅਧਾਰ ਸੀ। ਇਸ ਤੋਂ ਇਲਾਵਾ, ਭਾਰਤ ਅਤੇ ਪਾਕਿਸਤਾਨ ਦੀ ਅਜ਼ਾਦੀ ਨਾਲ 1947 ਵਿੱਚ ਬਰਤਾਨਵੀ ਸਲਤਨਤ ਦੇ ਢਹਿਢੇਰੀ ਹੋਣ ਦੀ ਸ਼ੁਰੂਆਤ ਨੇ ਵਿਚਾਰ ਚਰਚਾ ਲਈ ਸਮੁੱਚੇ ਤੌਰ 'ਤੇ ਨਵੇਂ ਚੌਖਟੇ ਦੀ ਸਿਰਜਨਾ ਕਰ ਦਿੱਤੀ। ਕਨੇਡਾ ਵਿੱਚ ਦੱਖਣੀ ਏਸ਼ੀਅਨਾਂ ਨੂੰ ਹੁਣ ਭਾਰਤ ਦੀ ਨਵੀਂ ਅਜ਼ਾਦ ਸਰਕਾਰ ਦੀ ਨੈਤਿਕ ਅਤੇ ਕੂਟਨੀਤਿਕ ਹਮਾਇਤ ਹਾਸਲ ਸੀ। ਜਿਸ ਦੇ ਪਹਿਲੇ ਪ੍ਰਧਾਨ ਮੰਤਰੀ, ਜਵਾਹਰ ਲਾਲ ਨਹਿਰੂ, ਇੱਕ ਪ੍ਰਤਿਸ਼ਠਾਵਾਨ ਵਿਸ਼ਵ ਹਸਤੀ ਸੀ।

ਸਿੱਖ ਭਾਈਚਾਰਾ (ਜਿਸ ਨੇ ਆਪਣਾ ਮੁਕੱਦਮਾ ਲੜਨ ਲਈ ਡਾ.ਪਾਂਡੀਆ ਨੂੰ ਦੁਬਾਰਾ ਰੱਖ ਲਿਆ ਸੀ) ਬ੍ਰਿਟਿਸ਼ ਕੋਲੰਬੀਆ ਦੀਆਂ ਪ੍ਰਾਂਤਕ, ਸੰਘੀ, ਅਤੇ ਨਗਰਪਾਲਿਕਾ ਚੋਣਾਂ ਵਿੱਚ ਵੋਟ ਦਾ ਅਧਿਕਾਰ ਪ੍ਰਾਪਤ ਕਰਨ ਲਈ 1947 ਵਿੱਚ ਸਫਲਤਾ ਪੂਰਵਕ ਅੱਗੇ ਵਧਿਆ। ਡਾ.ਪਾਂਡੀਆ ਦੀ ਮਦਦ ਨਾਲ ਉਨ੍ਹਾਂ ਨੇ ਇਮੀਗਰੇਸ਼ਨ ਦੇ ਮਸਲੇ 'ਤੇ ਦਬਾਅ ਵੀ ਬਣਾਈ ਰੱਖਿਆ ਅਤੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੇ ਇਮੀਗਰੇਟਾਂ ਨੂੰ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਕਨੇਡਾ-ਭਾਰਤ ਵਿਚ ਵਿਚਾਰ ਵਾਲੇ ਵਿਸ਼ਿਆਂ ਦੀ ਸੂਚੀ 'ਚ ਸ਼ਾਮਿਲ ਕਰਵਾ ਦਿੱਤਾ। ਜਦੋਂ ਨਹਿਰੂ ਨੇ ਪਹਿਲੀ ਵਾਰ 1949 ਵਿੱਚ ਓਟਾਵਾ ਦਾ ਦੌਰਾ ਕੀਤਾ। ਨਤੀਜਾ ਸੀ 1951 ਵਿੱਚ ਕਨੇਡਾ ਵੱਲੋਂ ਭਾਰਤ, ਪਾਕਿਸਤਾਨ ਅਤੇ ਸ਼੍ਰੀ ਲੰਕਾ ਲਈ ਇਮੀਗਰੇਸ਼ਨ ਕੋਟੇ ਦੀ ਸ਼ੁਰੂਆਤ।ਇਹ ਕੋਟਾ 1930 ਤੋਂ ਲਾਗੂ ਏਸ਼ੀਅਨ ਵਾਸੀਆਂ ਨਾਲ ਵਿਤਕਰੇ, ਵਿਚ ਛੋਟ ਸੀ। ਕੋਟੇ ਬੇਹੱਦ ਥੋੜ੍ਹੇ ਸਨ। 150 ਇਮੀਗਰੇਟਾਂ ਇੱਕ ਸਾਲ ਵਿੱਚ ਭਾਰਤ ਤੋਂ, 100 ਪਾਕਿਸਤਾਨ ਤੋਂ ਅਤੇ 50 ਸ਼੍ਰੀ ਲੰਕਾ ਤੋਂ। ਪਰੰਤੂ ਕਨੇਡਾ ਵਿੱਚ ਦੱਖਣੀ ਏਸ਼ੀਆਈ ਭਾਈਚਾਰੇ-ਤਦ ਤੱਕ ਅਜੇ ਵੀ ਜਿਸ ਦੀ ਗਿਣਤੀ 2200 ਤੋਂ ਘੱਟ ਸੀ-ਨੇ ਇਨ੍ਹਾਂ ਕੋਟਿਆਂ ਦਾ ਅੱਗੇ ਵੱਲ ਨੂੰ ਇੱਕ ਮਹੱਤਵਪੂਰਨ ਕਦਮ ਦੇ ਤੌਰ ਤੇ ਸਵਾਗਤ ਕੀਤਾ।

1950 ਵਿਆਂ ਨੇ ਭਾਈਚਾਰੇ ਲਈ ਇੱਕ ਨਵੀਂ ਸ਼ੁਰੂਆਤ ਅਤੇ ਨਵੀਆਂ ਚੁਣੌਤੀਆਂ ਲਿਆਂਦੀਆਂ। ਕੋਟਾ ਇਮੀਗਰੇਟਾਂ ਤੋਂ ਇਲਾਵਾ ਕਨੇਡਾ ਨੇ ਸਰਪ੍ਰਸਤੀ ਵਾਲੀਆਂ ਪਤਨੀਆਂ ਅਤੇ ਬੱਚਿਆਂ ਨੂੰ ਦਾਖ਼ਲ ਕਰਨਾ ਜਾਰੀ ਰੱਖਿਆ ਹੋਇਆ ਸੀ। ਜਿਵੇਂ ਕਿ ਇਸ ਨੇ ਪਿਛਲੇ ਤੀਹ ਸਾਲਾਂ ਤੋਂ ਕੀਤਾ ਸੀ। ਕੋਟਾ ਪ੍ਰਣਾਲੀ ਹੁਣ ਦੂਸਰੇ ਰਿਸ਼ਤੇਦਾਰਾਂ ਅਤੇ ਆਪਣੇ ਪਿੰਡ ਵਾਸੀਆਂ ਨੂੰ ਲਿਆਉਣ ਦੇ ਮੌਕਿਆਂ ਦੀ ਪੇਸ਼ਕਸ਼ ਕਰਦੀ ਸੀ ਕਨੇਡਾ ਵਿੱਚ ਸਿੱਖ ਇਹ ਗੱਲ ਲਾਗੂ ਕਰਵਾਉਣ ਲਈ ਜੋਸ਼ ਭਰਪੂਰ ਢੰਗ ਨਾਲ ਜਥੇਬੰਦ ਹੋ ਗਏ। ਸਿੱਟੇ ਵਜੋਂ ਉਨ੍ਹਾਂ ਨੇ ਸਫਲਤਾ ਪੂਰਨ ਸਰਪ੍ਰਸਤ ਇਮੀਗਰੇਟਾਂ, ਜਿਹੜੇ ਪੰਜਾਬ ਵਿੱਚ ਉਨ੍ਹਾਂ ਦੇ ਜੱਦੀ ਪਿੰਡਾਂ ਅਤੇ ਜ਼ਿਲ੍ਹਿਆਂ ਤੋਂ ਆਏ ਸਨ, ਦੇ ਦੋ ਤਿਹਾਈ ਕੋਟਾ ਸਥਾਨਾਂ 'ਤੇ ਆਪਣੀ ਇਜਾਰੇਦਾਰੀ ਕਾਇਮ ਕਰ ਲਈ। ਇਸ ਨਾਲ ਬਾਕੀ ਦੇ ਸਾਰੇ ਭਾਰਤ 'ਚੋਂ ਅਰਜ਼ੀਆਂ ਦੇਣ ਵਾਲੇ ਅਜ਼ਾਦ ਇਮੀਗਰੈਂਟਾਂ ਲਈ ਸਿਰਫ਼ ਇੱਕ ਤਿਹਾਈ ਸਥਾਨ ਰਹਿ ਗਏ। ਪ੍ਰਭਾਵਸ਼ਾਲੀ ਢੰਗ ਨਾਲ ਜਥੇਬੰਦ ਕਰਕੇ ਵਕੀਲ ਰੱਖ ਕੇ ਅਤੇ ਆਪਣੇ ਸਥਾਨਕ ਸੰਸਦ ਮੈਂਬਰਾਂ ਦੀ ਮਦਦ ਜੁਟਾਕੇ, ਕਨੇਡੀਅਨ ਸਿੱਖਾਂ ਨੇ ਕੋਟੇ 'ਤੇ ਇਜ਼ਾਰੇਦਾਰੀ ਕਾਇਮ ਕਰ ਲਈ। ਭਾਵੇਂ ਭਾਰਤ ਦੇ ਦੂਸਰੇ ਭਾਗਾਂ ਦੇ ਭਾਵੀ ਇਮੀਗਰੇਟ ਹਜ਼ਾਰਾਂ ਦੀ ਗਿਣਤੀ 'ਚ ਅਰਜ਼ੀਆਂ ਦੇ ਰਹੇ ਸਨ ਅਤੇ ਜਿਉਂ ਹੀ ਉਨ੍ਹਾਂ ਲੋਕਾਂ ਦੀ ਸੂਚੀ, ਜਿਨ੍ਹਾਂ ਨੂੰ ਉਹ ਸਰਪ੍ਰਸਤੀ ਦੇਣੀ ਚਾਹੁੰਦੇ ਸਨ, ਵਧੀ ਉਨ੍ਹਾਂ ਨੇ ਹੋਰ ਵਧੇਰੇ ਕੋਟੇ ਲਈ ਦ੍ਰਿੜਤਾ ਪੂਰਨ ਮੁਹਿਮ ਚਲਾਈ। 1957 ਵਿੱਚ, ਈਸਟ ਇੰਡੀਅਨ ਵੈਲਫੇਅਰ ਕਮੇਟੀ, ਵੈਨਕੂਵਰ

ਅਤੇ ਵਿਕਟੋਰੀਆ ਦੇ ਵੱਖਰੇ ਮੰਦਰਾਂ ਦੀ ਤਰਫੋਂ ਕੰਮ ਕਰਨ ਵਾਲਾ ਇੱਕ ਛਤਰੀ ਸੰਗਠਨ ਸੀ, ਜੋ ਸਭ ਦੀ ਹੱਕ ਜਤਾਈ ਕਰਦੀ ਸੀ। ਕਨੇਡੀਅਨ ਸਰਕਾਰ ਤੋਂ ਭਾਰਤ ਲਈ ਕੋਟਾ ਤਿੰਨ ਸੌ ਪ੍ਰਤੀ ਸਾਲ ਤੱਕ ਵਧਾਉਣ ਵਿੱਚ ਕਾਮਯਾਬ ਹੋ ਗਈ। ਇੱਕ ਅਜਿਹੀ ਰਿਆਇਤ, ਜਿਸ ਦਾ ਪਹਿਲਾਂ ਤੋਂ ਕਨੇਡਾ ਵਿਚਲੇ ਸਿੱਖਾਂ ਨੇ ਅੱਗੇ ਵੱਲ ਨੂੰ ਇੱਕ ਹੋਰ ਵੱਡੇ ਕਦਮ ਦੇ ਤੌਰ 'ਤੇ ਜਸ਼ਨ ਮਨਾਇਆ।

ਈਸਟ ਇੰਡੀਅਨ ਵੈਲਫੇਅਰ ਕਮੇਟੀ ਨੇ ਅਗਲੇ ਦਹਾਕੇ ਦੌਰਾਨ ਵੀ, ਵਿਅਕਤੀਗਤ ਇਮੀਗਰੇਸਨ ਦੇ ਮਾਮਲਿਆਂ ਨੂੰ ਹੱਥ ਲੈਂਦਿਆਂ ਅਤੇ ਸੰਘੀ ਸਰਕਾਰ ਨੂੰ ਉਸ ਦੀ ਇਮੀਗਰੇਸ਼ਨ ਨੀਤੀ ਦੇ ਸੁਧਾਰ ਨੂੰ ਅੱਗੇ ਲਿਜਾਣ ਲਈ ਪ੍ਰਭਾਵਿਤ ਕਰਦਿਆਂ, ਆਪਣਾ ਕੰਮ ਜਾਰੀ ਰੱਖਿਆ। 1961 ਦੀ ਦਸ ਸਾਲਾ ਜਨਗਣਨਾ ਅਨੁਸਾਰ, ਕਨੇਡਾ ਵਿੱਚ ਦੱਖਣੀ ਏਸ਼ੀਆਈ ਜਨਸੰਖਿਆ, ਜ਼ਿਆਦਾਤਰ ਪੰਜਾਬੀ ਸਿੱਖ, ਸੱਤ ਹਜ਼ਾਰ ਨੂੰ ਪਹੁੰਚ ਰਹੀ ਸੀ। ਇਸ ਸਮੇਂ ਤੱਕ ਨਵੇਂ ਅਜ਼ਾਦ ਹੋਏ ਏਸ਼ੀਆਈ, ਅਫਰੀਕੀ ਅਤੇ ਕੈਰੀਬੀਆਈ ਕਾਮਨਵੈੱਲਥ ਦੇਸ਼ਾਂ ਦੀ ਵਧ ਰਹੀ ਸੂਚੀ ਕਨੇਡਾ ਦੇ ਗੈਰ ਗੋਰਿਆਂ ਲਈ ਰੁਕਾਵਟਾਂ ਨੂੰ ਸੁਆਲ ਕਰ ਰਹੀ ਸੀ ਅਤੇ ਉਨ੍ਹਾਂ ਦੀ ਆਵਾਜ਼ ਸੁਣੀ ਜਾ ਰਹੀ ਸੀ। ਜਨਵਰੀ 1962 ਵਿੱਚ ਜਾੱਨ ਡਾਈਫੈੱਨਬੇਕਰ (John Diefenbaker) ਦੀ ਕਨੇਡੀਅਨ ਕੰਜਰਵੇਟਿਵ ਸਰਕਾਰ ਨੇ ਆਜ਼ਾਦ ਇਮੀਗਰੇਂਟਾਂ ਲਈ ਨਵੇਂ ਇਮੀਗਰਸ਼ਨ ਨਿਯਮਾਂ ਦਾ ਐਲਾਨ ਕਰ ਦਿੱਤਾ। ਜਿਨ੍ਹਾਂ ਨੇ ਦਾਖਲੇ ਦੇ ਅਧਾਰ ਦੇ ਤੌਰ 'ਤੇ ਕੌਮੀ ਮੂਲ ਨੂੰ ਹਟਾ ਦਿੱਤਾ ਅਤੇ ਇਸ ਦੀ ਬਜਾਏ ਭਾਸ਼ਾ, ਸਿੱਖਿਆ, ਸਿਖਲਾਈ, ਅਤੇ ਹੁਨਰਾਂ ਤੇ ਜ਼ੋਰ ਦਿੱਤਾ। ਇਹ ਇੱਕ ਮਹੱਤਵਪੂਰਨ ਤਬਦੀਲੀ ਸੀ, ਚਿੰਨ੍ਹਾਤਮਕ ਤੌਰ 'ਤੇ ਹੀ ਨਹੀਂ ਬਲਕਿ ਇਸ ਦੇ ਨਤੀਜਿਆਂ ਵਿੱਚ ਵੀ।

ਦੱਖਣੀ ਏਸ਼ੀਆਈਆਂ ਲਈ, ਕੋਈ ਪ੍ਰਚੱਲਿਤ ਕੋਟਾ ਨਹੀਂ ਰਿਹਾ ਸੀ ਅਤੇ ਭਾਰਤ ਤੋਂ ਪਹੁੰਚਣ ਵਾਲੇ ਇਮੀਗਰੇਂਟਾਂ ਦੀ ਗਿਣਤੀ ਅਗਲੇ ਪੰਜ ਸਾਲਾਂ ਵਿੱਚ ਚੌਗੁਣੀ ਹੋ ਗਈ। ਫਿਰ ਵੀ, ਕਨੇਡਾ ਦੀ ਨੀਤੀ ਅਜੇ ਵੀ ਪੱਖਪਾਤੀ ਸੀ। ਇਸ ਨੇ ਯੂਰਪੀ ਅਤੇ ਪੱਛਮੀ ਅਰਧਗੋਲੇ ਦੇ ਮੂਲ ਵਾਲੇ ਕਨੇਡਾ ਵਾਸੀਆਂ ਦੇ ਦੂਰ ਦੇ ਰਿਸ਼ਤੇਦਾਰਾਂ ਦੀ ਸਰਪ੍ਰਸਤੀ ਦੀ ਆਗਿਆ ਦਿੱਤੀ ਹੋਈ ਸੀ। ਇਸ ਦੇ ਟਾਕਰੇ 'ਚ, ਏਸ਼ੀਆ ਅਤੇ ਅਫ਼ਰੀਕਾ ਦੇ ਕਨੇਡੀਅਨ ਸਿਰਫ਼ ਆਪਣੇ ਨਜ਼ਦੀਕੀ ਪਰਿਵਾਰ ਨੂੰ ਹੀ ਸਰਪ੍ਰਸਤੀ ਦੇ ਸਕਦੇ ਸਨ। ਇਹ 1967 ਵਿੱਚ ਬਦਲਿਆ ਜਦੋਂ ਲੈੱਸਟਰ ਪੀਅਰਸਨ (Lester Pearson) ਦੀ ਲਿਬਰਲ ਸਰਕਾਰ ਨੇ ਇਹੀ ਸਰਪ੍ਰਸਤੀ ਦੇ ਹੱਕ "ਸਾਰੇ ਸਮੂਹਾਂ ਨੂੰ ਪ੍ਰਦਾਨ ਕਰ ਦਿੱਤੇ।" ਉਨ੍ਹਾਂ ਦੇ ਕੌਮੀ ਮੂਲ ਭਾਵੇਂ ਕੋਈ ਵੀ ਹੋਣ। ਇਹ ਤਬਦੀਲੀ ਦੱਖਣ ਏਸ਼ੀਆਈਆਂ ਲਈ ਉਸੇ ਸਮੇਂ ਲਾਗੂ ਕੀਤੀ ਗਈ ਮਸ਼ਹੂਰ ਨੰਬਰ ਪ੍ਰਣਾਲੀ ਨਾਲੋਂ ਵਧੇਰੇ ਮਹੱਤਵਪੂਰਨ ਸੀ (ਨੰਬਰ ਪ੍ਰਣਾਲੀ, ਫਿਰ ਵੀ, ਸਰਕਾਰ ਵੱਲੋਂ ਦਾਖਲੇ ਦੇ ਮਾਪ ਦੰਡ ਦੇ ਤੌਰ ਤੇ ਨਸਲ ਅਤੇ ਕੌਮੀਅਤ ਨੂੰ ਰੱਦ

ਕਰਨ ਦੀ ਪੁਸ਼ਟੀ ਕਰਨ ਲਈ ਮਹੱਤਵਪੂਰਨ ਸੀ) ਇਕੱਠਿਆਂ ਇਨ੍ਹਾਂ ਤਬਦੀਲੀਆਂ ਨੇ ਕਨੇਡਾ ਨੂੰ ਉਸ ਰਸਤੇ ਤੇ ਪਾ ਦਿੱਤਾ ਜਿਸ ਤੇ ਚਲਦਿਆਂ ਇਸ ਨੂੰ ਵੱਧ ਤੋਂ ਵੱਧ ਬਹੁ ਨਸਲੀ ਦੇਸ਼ ਬਣਾ ਦਿੱਤਾ ਹੈ। ਸਿੱਖਾਂ ਅਤੇ ਦੱਖਣੀ ਏਸ਼ੀਆਈਆਂ ਲਈ ਆਮ ਤੌਰ ਤੇ, ਇਨ੍ਹਾਂ ਤਬਦੀਲੀਆਂ ਦਾ ਲਾਗੂ ਹੋਣਾ ਇੱਕ ਜਿੱਤ ਦਾ ਪਲ ਅਤੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਸੀ। ਇਹ ਦੇਸ਼ ਜਿਹੜਾ ਕਿ ਉਨ੍ਹਾਂ ਨੇ ਅਪਣਾ ਲਿਆ ਸੀ। ਉਸ ਵਿਚ ਵਧ ਰਹੀ ਹਾਜ਼ਰੀ ਅਤੇ ਸਤਿਕਾਰ ਇਸ ਦਾ ਨਤੀਜਾ ਸੀ।

ਇਨ੍ਹਾਂ ਤਬਦੀਲੀਆਂ ਦਾ ਉਨ੍ਹਾਂ ਹਜ਼ਾਰਾਂ ਲੱਖਾਂ ਸਿੱਖਾਂ ਲਈ ਬਹੁਤ ਵੱਡਾ ਪਰਿਣਾਮ ਹੋਇਆ, ਜਿਨ੍ਹਾਂ ਨੇ ਉਦੋਂ ਤੋਂ ਕਨੇਡਾ ਦਾ ਰਸਤਾ ਪਕੜਿਆ ਸੀ। ਸਾਲ ਦਰ ਸਾਲ ਉਨ੍ਹਾਂ ਦੀ ਪਹੁੰਚ ਨੇ ਸਿੱਖ ਜਨਸੰਖਿਆ, ਜੋ 1967 ਵਿੱਚ ਲਗਭਗ ਦਸ ਹਜ਼ਾਰ ਸੀ ਨੂੰ ਅੱਜ ਪੰਜ ਲੱਖ ਤੋਂ ਉੱਪਰ ਤੱਕ ਪਹੁੰਚਾ ਦਿੱਤਾ ਹੈ। ਬਹੁ ਗਿਣਤੀ ਸਿੱਧੀ ਭਾਰਤ ਤੋਂ ਆਈ ਸੀ, ਪਰੰਤੂ ਬਹੁਤ ਸਾਰੇ ਬਰਤਾਨੀਆਂ, ਪੂਰਬੀ ਅਫਰੀਕਾ, ਫਿਜੀ ਅਤੇ ਹੋਰਾਂ ਥਾਵਾਂ ਵਿਚਲੇ ਸਿੱਖ ਭਾਈਚਾਰਿਆਂ ਦੇ ਪਰਵਾਸੀ ਸਨ। ਉਹ ਪੂਰੇ ਕਨੇਡਾ ਵਿੱਚ ਫੈਲ ਚੁੱਕੇ ਸਨ ਭਾਵੇਂ ਪਹਿਲਾਂ ਉਹ ਟਾਰਾਂਟੋ ਅਤੇ ਵੈਨਕੂਵਰ ਦੇ ਇਲਾਕਿਆਂ ਵਿੱਚ ਕੇਂਦਰਿਤ ਸਨ। 1980 ਵਿਆਂ ਦੇ ਪਿਛਲੇ ਸਮੇਂ ਤੱਕ, ਨਵੇਂ ਇਮੀਗਰੈਸ਼ਨ ਦੇ ਯੁੱਗ ਵਿੱਚ ਇੱਕ ਪੀੜ੍ਹੀ, ਕਨੇਡੀਅਨ ਸਿੱਖ ਕਨੇਡੀਅਨ ਰਾਜਨੀਤੀ ਵਿੱਚ ਅਸਰਦਾਰ ਬਣ ਚੁੱਕੇ ਹਨ ਅਤੇ ਉਦੋਂ ਤੋਂ ਲੈ ਕੇ ਹੁਣ ਤਕ ਉਹ ਕੌਮੀ ਅਤੇ ਪ੍ਰਾਂਤਕ ਪੱਧਰ 'ਤੇ ਕਈ ਸਿਰਮੌਰ ਸਿਆਸਤਦਾਨ ਪੈਦਾ ਕਰ ਚੁੱਕੇ ਹਨ। ਉਨ੍ਹਾਂ ਵਿਚੋਂ, ਉੱਜਲ ਦੁਸਾਂਝ, ਹਰਬ ਧਾਲੀਵਾਲ, ਅਤੇ ਵਾਲੀ ਉੱਪਲ ਨੇ ਵਿਸ਼ੇਸ਼ ਪ੍ਰਮੁਖਤਾ ਹਾਸਲ ਕੀਤੀ। ਪਹਿਲੇ ਨੇ ਬ੍ਰਿਟਿਸ਼ ਕੋਲੰਬੀਆ ਦੇ ਪ੍ਰਾਂਤਕ ਪ੍ਰਧਾਨ ਦੇ ਤੌਰ 'ਤੇ, ਦੂਸਰੇ ਨੇ ਸੰਘੀ ਕੈਬਨਿਟ ਮੰਤਰੀ ਦੇ ਤੌਰ 'ਤੇ ਅਤੇ ਤੀਸਰੇ ਨੇ ਬ੍ਰਿਟਿਸ਼ ਕੋਲੰਬੀਆ ਦੀ ਸਰਵਉੱਚ ਅਦਾਲਤ ਦੇ ਤੌਰ 'ਤੇ ਅਤੇ ਪ੍ਰਾਂਤਕ ਕੈਬਨਿਟ ਮੰਤਰੀ ਦੇ ਤੌਰ 'ਤੇ ਕਨੇਡਾ ਵਿੱਚ ਸਿੱਖਾਂ ਦੇ ਵਾਧੇ ਅਤੇ ਸਫਲਤਾ ਨੇ ਉਨ੍ਹਾਂ ਦੇ ਭੂਤਕਾਲ ਨੂੰ ਧਿਆਨ ਦਾ ਨਵਾਂ ਕੇਂਦਰ ਬਿੰਦੂ ਬਣਾਇਆ ਹੈ। 2001 ਵਿੱਚ ਵਿਰੋਧੀ ਧਿਰ ਦੇ ਐਮ.ਪੀ. ਗੁਰਮੰਤ ਗਰੇਵਾਲ ਨੇ ਕਾਮਾਗਾਟਾ ਮਾਰੂ ਲਈ ਸੰਘੀ ਸਰਕਾਰ ਨੂੰ ਮਾਫ਼ੀ ਮੰਗਣ ਲਈ ਕਿਹਾ ਅਤੇ ਅਗਲੇ ਸਾਲ ਵੱਖ ਵੱਖ ਸਿੱਖ ਸਮੂਹਾਂ ਨੇ ਇਸੇ ਮਕਸਦ ਨਾਲ ਇੱਕ ਦਸਖ਼ਤੀ ਮੁਹਿੰਮ ਸ਼ੁਰੂ ਕੀਤੀ। ਕਈ ਸਾਲਾਂ ਦੇ ਦਬਾਅ ਨੇ ਨਤੀਜੇ ਪੈਦਾ ਕੀਤੇ ਹਨ। ਬੀ, ਸੀ ਸਰਕਾਰ ਨੇ ਮਈ 2008 ਵਿੱਚ ਸਰਕਾਰੀ ਤੌਰ 'ਤੇ ਮਾਫ਼ੀ ਮੰਗੀ ਹੈ, ਅਤੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਅਗਸਤ 2008 ਵਿੱਚ ਬੀ, ਸੀ ਦੇ ਸਰੀ ਵਿੱਚ ਸਿੱਖ ਸ੍ਰੋਤਾਗਣ ਤੋਂ ਮਾਫ਼ੀ ਮੰਗੀ ਹੈ। ਹਾਰਪਰ ਦੀ ਮਾਫ਼ੀ ਨੇ ਸ੍ਰੋਤਾਗਣਾਂ ਦੇ ਬਹੁਤ ਸਾਰੇ ਮੈਂਬਰਾਂ ਨੂੰ ਸੰਤੁਸ਼ਟ ਨਾ ਕੀਤਾ ਜਿਹੜੇ ਇਸ ਨੂੰ ਕਾਮਨ ਸਦਨ ਦੇ ਰਸਮੀ ਮਹੌਲ ਵਿੱਚ ਮੰਗੇ ਜਾਣ ਦੀ ਆਸ ਕਰਦੇ ਸਨ। ਪਰੰਤੂ ਹਾਰਪਰ ਨੇ ਵਿੱਦਿਅਕ ਅਤੇ ਯਾਦਗਾਰੀ ਸਰਗਰਮੀਆਂ ਲਈ 25 ਲੱਖ ਡਾਲਰ ਦੀ ਰਕਮ ਵੀ ਰੱਖੀ ਹੈ। ਇਸ ਨੇ

ਕਈ ਪ੍ਰਾਜੈਕਟਾਂ ਨੂੰ ਸਹਾਰਾ ਦਿੱਤਾ ਹੈ ਸਮੇਤ ਉਸ ਸਮਾਰਕ ਦੇ ਜਿਹੜਾ ਵੈਨਕੂਵਰ ਵਿੱਚ ਕੋਲ ਹਾਰਬਰ (Coal Harbour) ਦੇ ਉਪਰੋਂ ਦੀ ਦਿਖਾਈ ਦਿੰਦਾ ਹੈ, ਜਿਥੇ ਕਾਮਾਗਾਟਾ ਮਾਰੂ ਨੇ ਲੰਗਰ ਸੁੱਟੇ ਸਨ। ਇਹ ਪ੍ਰਾਜੈਕਟ, ਸਰੀ ਵਾਲੀ ਮਾਫ਼ੀ ਦੀ ਹੱਦ ਤਕ ਹੈ, ਜੋ ਹਾਰਪਰ ਸਰਕਾਰ ਕਰਨ ਲਈ ਤਿਆਰ ਸੀ।

ਖ਼ੁਦ ਸਿੱਖ ਬੀਤੇ ਦੇ ਇਨ੍ਹਾਂ ਮਾਮਲਿਆਂ ਬਾਰੇ ਵਿਸ਼ਾਲ ਤੌਰ ਤੇ ਵੱਖ ਵੱਖ ਦ੍ਰਿਸ਼ਟੀਕੋਣਾਂ ਤੋਂ ਦੇਖਦੇ ਹਨ। ਇਹੀ ਗੱਲ ਆਮ ਤੌਰ 'ਤੇ ਹਿੰਦ-ਕਨੇਡੀਅਨਾਂ ਬਾਰੇ ਵੀ ਕਹੀ ਜਾ ਸਕਦੀ ਹੈ। 2004 ਵਿੱਚ ਮਾਫ਼ੀ ਵਾਲੀ ਮੁਹਿੰਮ ਪਹਿਲਾਂ ਹੀ ਚੱਲ ਰਹੀ ਹੋਣ ਦੇ ਨਾਲ ਨਾਲ ਫਿਲਮ ਨਿਰਮਾਤਾ ਅਲੀ ਕਾਜ਼ਮੀ ਨੇ ਜਹਾਜ਼ ਅਤੇ ਯਾਤਰੀਆਂ ਬਾਰੇ ਦੋ ਭਾਗਾਂ ਵਾਲੀ ਦਸਤਾਵੇਜੀ ਫਿਲਮ ਜਾਰੀ ਕਰ ਦਿੱਤੀ। ਅਜੋਕੇ ਹਿੰਦ-ਕਨੇਡੀਅਨਾਂ ਦੀ ਵੱਡੀ ਬਹੁਗਿਣਤੀ ਦੀ ਤਰ੍ਹਾਂ ਕਾਜ਼ਿਮੀ ਬਹੁ-ਸਭਿਆਚਾਰ ਦੇ ਸਰਕਾਰੀ ਨੀਤੀ ਬਣ ਜਾਣ ਤੋਂ ਕੁੱਝ ਸਮਾਂ ਬਾਅਦ ਕਨੇਡਾ ਆਇਆ ਸੀ। ਦਿੱਲੀ ਵੱਡਾ ਹੋਣ 'ਤੇ, ਉਹ ਬਤੌਰ ਵਟਾਂਦਰਾ ਵਿਦਿਆਰਥੀ 1983 ਵਿੱਚ ਕਨੇਡਾ ਆਇਆ ਸੀ। ਜਿਵੇਂ ਕਿ ਉਹ ਵਿਆਖਿਆ ਕਰਦਾ ਹੈ ਕਿ ਉਸ ਦੇ ਕਨੇਡਾ ਆਉਣ ਅਤੇ ਦੇਸ਼ ਦੇ ਮੌਜੂਦਾ ਅਤੇ ਵਧੇਰੇ ਦੂਰ ਦੇ ਅਤੀਤ ਬਾਰੇ ਵਧੇਰੇ ਸਿੱਖਣਾ ਸ਼ੁਰੂ ਕਰਨ ਪਿੱਛੋਂ ਹੀ ਉਸ ਨੇ ਉਸ ਬਾਰੇ ਸੁਆਲ ਕਰਨਾ ਸ਼ੁਰੂ ਕੀਤਾ ਜੋ ਉਸ ਨੂੰ ਦੱਸਿਆ ਗਿਆ ਸੀ ਕਿ ਕਨੇਡਾ ਇੱਕ "ਬਹੁ-ਸਭਿਆਚਾਰੀ, ਸਹਿਣਸ਼ੀਲ, ਸੁਆਗਤੀ ਸਮਾਜ" ਜਿਸ ਓਪਰੀ ਚਰਿੱਤਰਕਾਰੀ ਨੂੰ ਪ੍ਰਵਾਨ ਨਾ ਕਰ ਸਕਿਆ।1980 ਵਿਆਂ ਦੇ ਆਰੰਭ ਦੇ ਉਸ ਦੇ ਆਪਣੇ ਅਨੁਭਵ ਇਸ ਦਾ ਖੰਡਨ ਕਰਦੇ ਸਨ ਅਤੇ ਉਸ ਨੇ ਇਹ ਪਾਇਆ ਕਿ ਜੋ ਕੁੱਝ ਅਤੀਤ ਵਿੱਚ ਪਿਆ ਸੀ, ਵਧੇਰੇ ਤਾਕਤਵਰ ਅਤੇ ਹੋਰ ਜ਼ਿਆਦਾ ਇਤਰਾਜ਼ਯੋਗ ਸਾਮੱਗਰੀ ਸੀ।

ਉਸ ਦਾ ਪ੍ਰਤੀਕਰਮ ਇੱਕ ਅਜਿਹੇ ਇਮੀਗਰੇਂਟ ਵਾਲਾ ਸੀ ਜਿਸ ਨੂੰ ਕਨੇਡਾ ਦੇ ਆਦਰਸ਼ ਰੂਪ ਵਾਲੀ ਤਸਵੀਰ ਦਿੱਤੀ ਗਈ ਸੀ। ਜਦੋਂ ਕਿ ਉਸ ਨੇ ਮਹਿਜ਼ ਇੱਕ ਹੋਰ, ਘੱਟ ਪ੍ਰਸੰਸਾਯੋਗ ਹਕੀਕਤ, ਦਾ ਸਾਹਮਣਾ ਕਰਨਾ ਸੀ। ਉਸ ਦੀ ਨਿਰਾਸ਼ਤਾ ਵਧੇਰੇ ਤਿੱਖੀ ਰਹੀ ਜਾਪਦੀ ਹੈ। ਉਹਨਾਂ ਵਿਸਤ੍ਰਿਤ ਪਰਿਪੇਖ ਵਾਲੇ ਹਿੰਦ-ਕਨੇਡੀਅਨ ਨਾਲੋਂ ਵਧੇਰੇ – ਜਿਨ੍ਹਾਂ ਨੇ ਇਸ ਸਭ ਕਾਸੇ ਦੀ ਸਭ ਤੋਂ ਭੈੜੀ ਸਥਿਤੀ ਵਿੱਚ ਜੀਵਨ ਗੁਜ਼ਾਰਿਆ। ਮੁਨਸ਼ਾ ਸਿੰਘ ਅਤੇ ਉਸ ਦੀ ਰਹਿਨੁਮਾ ਪੀੜ੍ਹੀ ਨੇ ਕਨੇਡਾ ਦਾ ਸਭ ਤੋਂ ਵੱਧ ਸੰਗੀਨ ਸਰਕਾਰੀ ਅਤੇ ਗੈਰ ਸਰਕਾਰੀ ਨਸਲਵਾਦ ਭੋਗਿਆ। ਉਨ੍ਹਾਂ ਨੇ ਜਿਸ ਨਾਂਹ ਪੱਖੀ ਵਿਵਹਾਰ ਦਾ ਸਾਹਮਣਾ ਕੀਤਾ। ਉਸ ਨੂੰ ਉਦਾਸੀਨ ਰੂਪ ਵਿੱਚ ਸਵੀਕਾਰ ਨਹੀਂ ਕੀਤਾ। ਫਿਰ ਵੀ ਉਹ ਇੱਥੇ ਠਹਿਰੇ ਰਹੇ। ਠਹਿਰਨ ਦਾ ਮਤਲਬ ਸੀ ਸਾਬਤਕਦਮੀ ਨਾਲ ਬਰਾਬਰਤਾ ਵਾਲੇ ਵਿਵਹਾਰ ਲਈ ਕੰਮ ਕਰਦਿਆਂ-ਬਹੁਤ ਸਾਲਾਂ ਤੱਕ- ਨਿਰਾਦਰੀਆਂ, ਅਪਮਾਨਾਂ, ਅਤੇ ਰੋਕਾਂ ਨੂੰ ਸਹਿਣ ਕਰਨਾ। ਉਨ੍ਹਾਂ ਨੇ ਵਰਤਮਾਨ ਦਾ ਬੰਦੋਬਸਤ ਕਰਦਿਆਂ ਅਤੇ ਭਵਿੱਖ ਲਈ ਜਦੋਜਹਿਦ ਕਰਦਿਆਂ

ਬੀਤੇ ਨੂੰ ਕਿਸੇ ਮਾਮੂਲੀ ਢੰਗ ਨਾਲ ਨਹੀਂ ਜਾਣ ਦਿੱਤਾ। ਇਸ ਦੇ ਮੁਕਾਬਲੇ, ਹਿੰਦ-ਕਨੇਡੀਅਨਾਂ ਦੀ ਮੌਜੂਦਾ ਪੀੜ੍ਹੀ ਵਾਲੇ, ਮੁਨਸ਼ਾ ਸਿੰਘ ਦੀ ਪੀੜ੍ਹੀ ਦੀ ਲੰਮੀ ਜਦੋਜਹਿਦ ਦੇ ਲਾਭ ਪਾਤਰ, ਕਨੇਡਾ ਵਿੱਚ ਕਿਤੇ ਵਧੇਰੇ ਮਿਲਾਪੜੇ ਮਹੌਲ ਵਿੱਚ ਵੱਡੇ ਹੋਏ ਹਨ। ਉਨ੍ਹਾਂ ਲਈ ਸੰਗੀਨ ਵਿਤਕਰੇ ਵਾਲੀਆਂ ਪਹਿਲੀਆਂ ਘਟਨਾਵਾਂ ਨੂੰ ਨਜ਼ਰ ਅੰਦਾਜ਼ ਕਰਨਾ ਕੁਦਰਤੀ ਹੋ ਸਕਦਾ ਹੈ। ਇਹ ਕਹਿਣਾ ਕਿ ਉਹ ਕਨੇਡੀਅਨ ਹਨ ਕਿ ਇਹ ਉਨ੍ਹਾਂ ਦਾ ਦੇਸ਼ ਹੈ ਕਿ ਅਤੀਤ ਅਤੀਤ ਹੈ ਅਤੇ ਇਹ ਉੱਥੇ ਹੀ ਰਹਿਣਾ ਚਾਹੀਦਾ ਹੈ। ਚਿੰਤਨ ਕਰਨ 'ਤੇ, ਉਹ ਕਾਮਾਗਾਟਾ ਮਾਰੂ ਬਿਰਤਾਂਤ ਨੂੰ ਆਪਣੀ ਖੁਦ ਦੀ ਸ਼ਕਤੀਸ਼ਾਲੀ, ਨਾਟਕੀ ਅਤੇ ਕਨੇਡਾ ਦੇ ਅਤੀਤ ਬਾਰੇ ਅਰਥ ਭਰਪੂਰ ਚਿੰਨ੍ਹਾਤਮਕ ਕਹਾਣੀ ਦੇ ਤੌਰ 'ਤੇ ਮਾਨਤਾ ਦੇ ਸਕਦੇ ਹਨ ਅਤੇ ਉਹ ਉਨ੍ਹਾਂ ਦੀ ਦ੍ਰਿੜਤਾ ਦੀ ਸ਼ਲਾਘਾ ਕਰ ਸਕਦੇ ਹਨ ਜਿਹਨਾਂ ਨੇ ਤਬਦੀਲੀ ਲਿਆਉਣ ਲਈ ਪਹਿਲ ਕੀਤੀ।

***

## ਸ਼ਹੀਦ ਭਗਤ ਸਿੰਘ ਸ਼ਤਾਬਦੀ ਫਾਊਂਡੇਸ਼ਨ

# ਕੁਝ ਕਾਰਜ-ਕੁਝ ਜ਼ਿੰਮੇਵਾਰੀਆਂ

ਸ਼ਹੀਦ ਭਗਤ ਸਿੰਘ ਸ਼ਤਾਬਦੀ ਫਾਊਂਡੇਸ਼ਨ ਪੰਜਾਬ ਇਕ ਅਜੇਹਾ ਗੈਰ ਵਪਾਰਕ ਅਦਾਰਾ ਹੈ ਜਿਹੜਾ ਵਿਗਿਆਨਕ ਅਤੇ ਇਨਕਲਾਬੀ ਜਮਹੂਰੀ ਚੇਤਨਾ ਦੇ ਵਿਕਾਸ ਲਈ ਪ੍ਰਤਿਬੱਧ ਹੈ। ਇਸ ਅਦਾਰੇ ਵਲੋਂ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਦੇ ਪ੍ਰਚਾਰ/ਪ੍ਰਸਾਰ ਹਿੱਤ ਅਤੇ ਇਨਕਲਾਬੀ ਲਹਿਰ ਦੇ ਇਤਿਹਾਸ ਨੂੰ ਮੁੜ ਪ੍ਰਕਾਸ਼ਿਤ ਕਰਨ, ਦੂਸਰੀਆਂ ਭਾਸ਼ਾਵਾਂ ਵਿਚ ਅਨੁਵਾਦ ਕਰਨ ਤੇ ਕਰਾਉਣ ਅਤੇ ਲੋਕਾਂ ਦੀ ਚੇਤੰਨਤਾ ਨੂੰ ਵਿਕਸਤ ਕਰਨ ਵਾਲਾ ਸਾਹਿਤ ਛਾਪਣ ਦਾ ਟੀਚਾ ਮਿਥਿਆ ਗਿਆ ਹੈ। ਜਿਸ ਨੂੰ ਲੜੀਵਾਰ ਪ੍ਰਕਾਸ਼ਿਤ ਕਰਨ ਦਾ ਅਹਿਦ ਲੈਂਦੇ ਹਾਂ। ਇਸ ਲੜੀ 'ਚ ਅਸੀਂ:

1. ਆਰ.ਐਸ.ਐਸ. ਦਾ ਮੂਲ ਪਹਿਚਾਣੋ (ਸ਼ਮਸੁਲ ਇਸਲਾਮ)
2. ਕਾਮਾਗਾਟਾ ਮਾਰੂ ਦੀ ਇਤਿਹਾਸਕ ਯਾਤਰਾ (ਹਿਊ. ਜੇ. ਐਮ. ਜੌਹਨਸਟਨ)
3. ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਸੰਪੂਰਨ ਲਿਖਤਾਂ
4. ਪਗੜੀ ਸੰਭਾਲ ਜੱਟਾ ਤੋਂ ਅਜਾਦੀ ਤਕ . (ਸਵੈ ਜੀਵਨੀ ਅਤੇ ਤਕਰੀਰਾਂ ਸ. ਅਜੀਤ ਸਿੰਘ)

ਸਰਦਾਰ ਅਜੀਤ ਸਿੰਘ, ਸੂਫੀ ਅੰਬਾ ਪਰਸਾਦ ,ਸਰਦਾਰ ਸਵਰਣ ਸਿੰਘ ਤੇ ਲਾਲ ਚੰਦ ਫੱਲਕ ਦੀਆਂ 1908—09 ਦੀਆਂ ਲਿਖਤਾਂ ਜਿਸ ਨੇ ਅੰਗਰੇਜ ਸਰਕਾਰ ਨੂੰ ਹਿਲਾਇਆ ਤੇ ਇਤਹਾਸਕ ਯਥਾਰਥ ਨੂੰ ਦਰਸਾਉਂਦੀਆਂ ਕਿਤਾਬਾਂ ਜਿਵੇਂ ਕਿ :

5. ਦੇਸ਼ ਪ੍ਰੇਮੀ (ਸ. ਅਜੀਤ ਸਿੰਘ)
6. ਅਮਾਨਤ ਮੇਂ ਖਿਆਨਤ (ਸ. ਅਜੀਤ ਸਿੰਘ ਤੇ ਸੂਫੀ ਅੰਬਾ ਪ੍ਰਸਾਦ)
7. ਬਾਂਦਰ ਬਾਂਟ (ਸਰਦਾਰ ਸਵਰਨ ਸਿੰਘ)
8. ਬਾਗੀ ਮਸੀਹਾ (ਸੂਫੀ ਅੰਬਾ ਪ੍ਰਸਾਦ)
9. ਹਿੰਦੋਸਤਾਨ ਦਾ ਭਵਿਖ (ਸੂਫੀ ਅੰਬਾ ਪ੍ਰਸਾਦ)
10. ਹਿੰਦੋਸਤਾਨ ਦੀ ਕਹਾਣੀ ਕੇਰ ਡਾਈਹੇਰ ਦੀ ਜ਼ੁਬਾਨੀ (ਲਾਲ ਚੰਦ ਫੱਲਕ)
11. ਹਿੰਦੋਸਤਾਨ ਵਿਚ ਅੰਗਰੇਜੀ ਰਾਜ
12. ਗਦਰ (ਸਰਦਾਰ ਸਵਰਨ ਸਿੰਘ)
13. ਰੂਸ ਦੀ ਕਹਾਣੀ ਕਾਰਲ ਜਿਊਬਰਟ ਦੀ ਜ਼ੁਬਾਨੀ ( ਗੁਲਾਮ ਕਾਦਰ ਫਾਸੀਅ ਸਿਆਲਕੋਟੀ ਆਦਿ

ਪੰਜਾਬੀ, ਹਿੰਦੀ ਤੇ ਅੰਗਰੇਜੀ ਵਿਚ ਛਾਪਣ ਦਾ ਕਾਰਜ ਵਿਉਂਤਿਆ ਹੈ। ਜਿਹੜੀਆਂ ਵਧੇਰੇ ਤੋਂ ਵਧੇਰੇ ਲੋਕਾਂ ਤੱਕ ਪਹੁੰਚਾਉਣ ਲਈ ਲਾਗਤ ਮੁੱਲ 'ਤੇ ਹੀ

ਦਿੱਤੀਆਂ ਜਾਣਗੀਆਂ।

ਅਸੀਂ ਉਨ੍ਹਾਂ ਹਿਤੈਸ਼ੀਆਂ ਜਿਹੜੇ ਅਜੇਹੇ ਕਾਰਜ ਵਿਚ ਸਾਨੂੰ ਸਹਿਯੋਗ ਦੇਣ ਦੀ ਖਾਹਿਸ਼ ਰੱਖਦੇ ਹੋਣ, ਨੂੰ ਵੀ ਜੀ ਆਇਆਂ ਕਹਾਂਗੇ ਅਤੇ ਆਸ ਰੱਖਾਂਗੇ ਕਿ ਉਹ ਇਸ ਕਾਰਜ ਵਿਚ ਅਨੁਵਾਦ, ਕਿਤਾਬ ਦੀ ਚੋਣ, ਛਪਾਈ, ਡਿਜ਼ਾਇਨਿੰਗ, ਵੰਡ ਵੰਡਾਈ ਅਤੇ ਆਰਥਿਕ ਸਹਿਯੋਗ ਵਿਚ ਸਾਡਾ ਹੱਥ ਵਟਾਉਣ। ਅਗਾਊਂ ਰਜਿਸਟਰ ਕਰਕੇ ਇਹਨਾਂ ਦੀ ਵਕਤ ਵਕਤ ਤੇ ਸੂਚਨਾ ਪਰਾਪਤ ਵੀ ਕਰ ਸਕਦੇ ਹੋ।

ਹੁੰਗਾਰੇ ਦੀ ਆਸ ਨਾਲ


**ਸ਼ਹੀਦ ਭਗਤ ਸਿੰਘ ਸ਼ਤਾਬਦੀ ਫਾਊਂਡੇਸ਼ਨ**

ਪ੍ਰੋ. ਜਗਮੋਹਨ ਸਿੰਘ/ਨਰਭਿੰਦਰ

ਕੈਂਪ ਆਫਿਸ, ਬੀਬੀ ਅਮਰ ਕੌਰ ਲਾਇਬਰੇਰੀ

2409 ਕ੍ਰਿਸ਼ਨਾ ਨਗਰ, ਲੁਧਿਆਣਾ

ਮੋਬਾ: 98140-01836, 93544-30211

ਈ ਮੇਲ : jagmohan08@gmail.com



Voice of Social Concerns | Pro-People Arts Project Media Group

**Sarokaran Di Awaz**

Newspaper

"To Create self-awareness in our community so that we will elude obscurity, devote to unwavering symbolism, and become sponged into a society that benefits us as a whole."

www.ppapmg.com

ppapmg@gmail.com

416-817-7142

416-902-9372

ਅਸੀਂ ਅਜਿਹੇ ਸਮਿਆਂ ਵਿਚ ਜੀ ਰਹੇ ਹਾਂ ਜਦੋਂ ਕੁਰਬਾਨੀ ਦਰ ਕੁਰਬਾਨੀ ਨੂੰ ਇਸ ਤਰ੍ਹਾਂ ਆਪਣੇ ਸੰਘਰਸ਼ਾਂ ਦਾ ਇਕ ਮਾਰਗ ਦਰਸ਼ਕ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਹਾਲਾਂਕਿ ਮਨੁੱਖ ਤਾਂ ਰੋਜ਼ ਕੁਰਬਾਨੀ ਦੇ ਰਿਹਾ ਹੈ ਜਦੋਂ ਉਸ ਦੇ ਖੂਨ ਦਾ ਕਤਰਾ-ਕਤਰਾ ਵੱਖ-ਵੱਖ ਸਰਮਾਏ ਦੇ ਚਲਣ ਢੰਗਾਂ ਰਾਹੀਂ ਨਚੋੜਿਆ ਜਾ ਰਿਹਾ ਹੈ ਉਸ ਦੇ ਨਿਕਲ ਰਹੇ ਇਸ ਖੂਨ ਉਪਰ ਕਿਸ ਕਿਸਮ ਦਾ ਸਮਾਜ ਕਿਨਾ ਲੋਕਾਂ ਲਈ ਉਸਰਿਆ ਹੋਇਆ ਹੈ ਉਨ੍ਹਾਂ 'ਤੇ ਉਂਗਲ ਉਠਾਉਣਾ ਸ਼ਾਇਦ ਅਸੀਂ ਸਹੀ ਢੰਗ ਨਾਲ ਭੁੱਲਦੇ ਜਾ ਰਹੇ ਹਾਂ ਪ੍ਰੰਤੂ ਸ਼ਹੀਦ ਭਗਤ ਸਿੰਘ ਇਸ ਪ੍ਰਤੀ ਬੜਾ ਗੰਭੀਰ ਅਤੇ ਸੰਜੀਦਾ ਸੀ ਕਿ ਜਦ ਤੱਕ ਲੱਖਾਂ ਲੋਕ ਆਪਣੇ ਇਕਜੁਟ ਕਰਕੇ ਹੱਥ ਖੜ੍ਹੇ ਨਹੀਂ ਕਰਦੇ ਕਿ ਅਸੀਂ ਆਪਣੀ ਕਿਰਤ ਦੇ ਸਿਰ 'ਤੇ ਜੋ ਕੁਝ ਉਸਾਰਿਆ ਹੈ ਉਸ ਦੇ ਮਾਲਕ ਅਸੀਂ ਆਪ ਬਣਨਾ ਹੈ ਇਸ ਉਪਰ ਸਾਡਾ ਕਬਜ਼ਾ ਚਾਹੀਦਾ ਹੈ। ਇਸ ਵਾਸਤੇ ਅਸੀਂ ਸਮੂਹਿਕ ਸੰਘਰਸ਼ਾਂ ਦੀ ਅਤੇ ਵਿਚਾਰਾਂ ਦੀ ਵਕਾਲਤ ਕਰਦੇ ਹਾਂ। ਕਦੀ ਕਦਾਈਂ ਜ਼ਰੂਰ ਕਿਸੇ ਘਟਨਾਕ੍ਰਮ ਵਿਚ ਵਿਅਕਤੀਗਤ ਕੁਰਬਾਨੀਆਂ ਅਹਿਮੀਅਤ ਰੱਖਦੀਆਂ ਹਨ ਪ੍ਰੰਤੂ ਇਹ ਸਮੁੱਚੇ ਸਮਾਜ ਦੀ ਤਬਦੀਲੀ ਨਹੀਂ ਲਿਆ ਸਕਦੀਆਂ। ਜਿੰਨੇ ਵੀ ਸਮਾਜ ਨਵੇਂ ਉਸਰੇ ਹਨ ਜਾਂ ਜਿੰਨੇ ਵੀ ਇਤਿਹਾਸਕ ਤੌਰ 'ਤੇ ਵੱਡੇ ਸੰਘਰਸ਼ ਉਪਜੇ ਹਨ, ਉਨ੍ਹਾਂ ਵਿਚ ਲੱਖਾਂ ਲੋਕਾਂ ਦੀ ਤਾਕਤ ਹੀ ਵੱਡੀ ਤਬਦੀਲੀ ਦਾ ਸੂਚਿਕ ਹੁੰਦੀ ਹੈ। ਇਸ ਦਿਸ਼ਾ ਵੱਲ ਸੋਚਣਾ ਅਜੋਕੇ ਸਮਿਆਂ 'ਚ ਸਭ ਤੋਂ ਵੱਡੀ ਜ਼ਰੂਰਤ ਹੈ।

*SAROKARAN DI AWAZ*

*29 MAPLE VIEW AVE, BRAMPTON,L6R 1M2 ONTARIO, CANADA*

*416-902-9372, 416-817-7142, 403-455-4220*

*E-mail: ppapmg@gmail.com, www.ppapmg.com*




***Published by***

1-2 Desh Bhagat
Yadgar Building, jalandhar
98140-87063

Pro-People Arts Project Media Group
**SAROKARAN DI AWAZ**
29 MAPLE VIEW AVE, BRAMPTON,
L6R 1M2 ONTARIO, CANADA
416-902-9372, 416-817-7142, 403-455-4220
E-mail: ppapmg@gmail.com
www.ppapmg.com

**SHAHID BHAGAT SINGH CENTENARY FOUNDATION**
H.Q.: Khatkar Kalan
(Shahid Bhagat Singh Nagar)
Camp Office : Bibi Amar Kaur Labrary.
2409 Krishna Nagar, Ludhiana
Email : afdr14081@gmail.com, 9814001836

*ISBN : 978-93-82413-01-1*

*Price : ₹300 , $ 15*
*Price : ₹400 , $ 20*